# ਅੱਖੀਂ ਡਿੱਠਾ ਕਿੱਸਾ ਕੀਤਾ

# ਅੱਖੀਂ ਡਿੱਠਾ ਕਿੱਸਾ ਕੀਤਾ

## ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਵਿਚੋਂ

**ਸੰਪਾਦਕ**

**ਸੁਵਰਨ ਸਿੰਘ ਵਿਰਕ**

**ਨਾਮਧਾਰੀ ਦਰਬਾਰ**

**ਸ੍ਰੀ ਭੈਣੀ ਸਾਹਿਬ–141126**

*Akhi Ditha Kissa Kita*

*by*

**Suwarn Singh Virk**

© Namdhair Darbar, Sri Bhani Sahib

2013

| | | |
|---|---|---|
| ਪਹਿਲੀ ਵਾਰ | : | 1000 ਕਾਪੀਆਂ |
| ਕੀਮਤ | : | 225 /- ਰੁਪਏ |
| ਟਾਈਟਲ | : | ਸਵਰਨਜੀਤ ਸਵੀ |
| ਛਾਪਕ | : | ਆਰਕਟੇਵ ਪ੍ਰਿੰਟਰਜ਼, ਲੁਧਿਆਣਾ<br>ਫੋਨ : 0161-2774236, 9876668999 |

ਅੱਖੀਂ ਡਿੱਠਾ ਕਿੱਸਾ ਕੀਤਾ,
ਮੈਂ ਤਾਂ ਸੁਣੀ ਨ ਕੋਈ।
ਸ਼ਉਂਕ ਸ਼ਉਂਕ ਉਠੀ ਹੈ ਮੈਂਡੀ,
ਤਾਂ ਦਿਲ ਉੱਮਕ ਹੋਈ।
ਅਸਾਂ ਮੂਹੋਂ ਅਲਾਇਆ ਓਹੋ,
ਜੋ ਕੁਝ ਨਜ਼ਰ ਪਇਓਈ।
ਆਖ ਦਮੋਦਰ ਅੱਗੇ ਕਿੱਸਾ,
ਜੋਈ ਸੁਣੇ ਸਭ ਕੋਈ॥–7॥

(ਹੀਰ–ਦਮੋਦਰ)

## ਤਤਕਰਾ

ਚੇਤੇ ਦੀ ਚੰਗੇਰ 'ਚੋਂ
ਹਰਪਾਲ ਸਿੰਘ ਸੇਵਕ / 9

ਲੇਖਕ/ਸੰਪਾਦਕ ਵਲੋਂ
ਅੱਖੀਂ ਡਿੱਠਾ ਕਿੱਸਾ ਕੀਤਾ / 22

ਜੇਹਾ ਡਿਠਾ ਮੈਂ ਤੇਹੋ ਕਹਿਆ...
ਜਥੇਦਾਰ ਗੁਰਮੁਖ ਸਿੰਘ ਝੱਬਰ / 40
ਸੰਤ ਕਰਮ ਸਿੰਘ ਪਟਵਾਰੀ ਸਰਸਾ / 198
ਗਿਆਨੀ ਗੁਰਦਿਆਲ ਸਿੰਘ ਸਰਸਾ / 207
ਸੰਤ ਸੁੰਦਰ ਸਿੰਘ ਜੀ ਫਰੀਦ ਸੰਤ ਨਗਰ / 211

ਅੰਤਿਕਾ-I
ਸੰਤ ਗੁਰਮੁਖ ਸਿੰਘ ਝੱਬਰ, ਕਰੀਵਾਲਾ / 219

ਅੰਤਿਕਾ-II
ਜਥੇਦਾਰ ਗੁਰਮੁਖ ਸਿੰਘ ਝੱਬਰ ਨਾਲ ਦੋ ਮੁਲਾਕਾਤਾਂ / 230
ਮੁਲਾਕਾਤ ਦੂਸਰੀ - ਪਿੰਡ ਕਰੀਵਾਲਾ / 240

ਅੰਤਿਕਾ-III
ਪਿਤਾ ਸ੍ਰੀ ਨੂੰ ਯਾਦ ਕਰਦਿਆਂ:
ਜਥੇਦਾਰ ਗੁਰਮੁਖ ਸਿੰਘ ਝੱਬਰ / 247

ਅੰਤਿਕਾ-IV
ਸੰਤ ਉੱਤਮ ਸਿੰਘ ਰਾਇਸਰ / 269

ਅੰਤਿਕਾ-V
ਸਤਿਗੁਰਾਂ ਦੇ ਉਪਕਾਰ 1936 ਈ: / 276

## ਚੇਤੇ ਦੀ ਚੰਗੇਰ ਚੋਂ

'ਅੱਖੀਂ ਡਿੱਠਾ ਕਿੱਸਾ ਕੀਤਾ' ਸੁਵਰਣ ਸਿੰਘ ਵਿਰਕ ਲਿਖਤ ਪੁਸਤਕ ਆਪ ਦੇ ਪਿਤਾ ਜਥੇ. ਗੁਰਮੁਖ ਸਿੰਘ ਝੱਬਰ ਦੇ 'ਚੇਤੇ ਦੀ ਚੰਗੇਰ' ਚੋਂ ਕੁਝ ਸੰਗ੍ਰਹਿ ਹੈ। ਪ੍ਰੋਫੈਸ਼ਨਰ ਇਤਿਹਾਸਕਾਰ ਇਸਨੂੰ 'ਔਰਲ ਹਿਸਟਰੀ' (Oral History) ਭਾਵ 'ਜਬਾਨੀ ਇਤਿਹਾਸ' ਵੀ ਆਖਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿਭਾਗ ਨੇ ਸਾਹਿਤ ਦੀ ਇਸ ਵਿਧਾ ਤੇ ਵਿਸ਼ੇਸ਼ ਕਾਰਜ ਕੀਤੇ ਹਨ। ਸੁਤੰਤਰਤਾ ਸੰਗਰਾਮੀਆਂ ਦੀਆਂ ਇੰਟਰਵਿਊ ਰਿਕਾਰਡ ਕਰਕੇ ਲਿਖਾਰੀਆਂ ਤੋਂ ਸ਼ਬਦ-ਬ-ਸ਼ਬਦ ਲਿਖਵਾ ਕੇ ਜੀਵੰਤ ਇਤਿਹਾਸ ਸੰਭਾਲਿਆ ਹੈ।

ਪੁਸਤਕ ਦਾ ਨਾਮਕਰਨ ਦੀ ਬੜਾ ਢੁਕਵਾਂ ਹੈ- 'ਅੱਖੀਂ ਡਿੱਠਾ ਕਿੱਸਾ ਕੀਤਾ' ਜੋ ਕੁਝ ਜਥੇਦਾਰ ਗੁਰਮੁਖ ਸਿੰਘ ਜੀ ਨੇ ਅੱਖੀਂ ਵੇਖਿਆ ਕੰਨੀਂ ਸੁਣਿਆ, ਉਹੋ ਇੰਨ-ਬਿਨ ਬਿਆਨ ਕਰਦੇ ਗਏ ਅਤੇ ਆਪ ਦੇ ਸਪੁੱਤਰ ਸੁਵਰਣ ਸਿੰਘ ਉਨ੍ਹਾਂ ਸ਼ਬਦਾਂ 'ਚ ਹੀ ਲਿਖਦੇ ਰਹੇ। ਇਹ ਜਨਮ-ਸਾਖੀ ਸ਼ੈਲੀ ਵੀ ਹੈ, ਇਸਨੂੰ 'ਬਾਬਾਣੀਆਂ-ਕਹਾਣੀਆਂ' ਵੀ ਆਖ ਸਕਦੇ ਹਾਂ। ਸੁਵਰਣ ਸਿੰਘ ਵਿਰਕ ਦੇ ਵਿਦਿਆਰਥੀ ਜੀਵਨ ਦੇ ਕੋਰੇ-ਹਿਰਦੇ ਤੇ ਇਨ੍ਹਾਂ ਸਾਖੀਆਂ ਦੀ ਅਮਿੱਟ ਛਾਪ ਹੀ ਹੈ ਕਿ ਆਪ ਕਈ ਜਥੇਬੰਦੀਆਂ ਵਿੱਚ ਵਿਚਰਦੇ ਹੋਏ ਵੀ ਆਪਣੇ ਮੂਲ ਨਾਲ ਜੁੜੇ ਰਹੇ। ਸ਼ਰਧਾ ਤੇ ਪ੍ਰੇਮ-ਰਸ ਭਿੱਜੀ ਇਸ ਗੁਰ-ਗਾਥਾ ਵਿੱਚ ਪੁੱਤਾਂ ਨੂੰ ਸੁਪੁੱਤ ਬਣਾਉਣ ਦੀ ਦੈਵੀ ਸ਼ਕਤੀ ਹੈ। ਆਤਮ-ਰਸ ਦਾ ਸੋਮਾ ਹੈ, ਗੁਰਮਤਿ ਮਾਰਗ ਦੇ ਪਾਂਧੀਆਂ ਲਈ ਦਿਸ਼ਾ ਨਿਰਦੇਸ਼ ਹੈ।

ਇਸ ਪੁਸਤਕ ਵਿੱਚ ਸ. ਸੁਵਰਣ ਸਿੰਘ ਨੇ ਫੁੱਟ ਨੋਟ ਵਗੈਰਾ ਦੇਣ ਤੋਂ ਬਿਨਾਂ ਕੋਈ ਸ਼ਬਦਾਂ ਦੀ ਮਿਲਾਵਟ ਵੀ ਨਹੀਂ ਕੀਤੀ ਕੇਵਲ ਆਪਣੇ ਪਿਤਾ ਦੇ ਬੋਲਾਂ ਨੂੰ ਲਿਖਤ ਰੂਪ ਦੇਣ ਦੀ ਸੇਵਾ ਹੀ ਨਿਭਾਈ ਹੈ। ਜਥੇਦਾਰ ਗੁਰਮੁਖ ਸਿੰਘ ਜੀ ਨੇ ਵੀ ਪਾਰਦਰਸ਼ੀ ਸ਼ੀਸ਼ੇ ਵਾਂਗ ਆਪਣੇ ਆਪ ਨੂੰ ਵਿਖਾਇਆਂ ਤੋਂ ਬਿਨਾਂ ਇਤਿਹਾਸ ਦੇ ਦਰਸ਼ਨ ਕਰਵਾਏ ਹਨ- ਕਿਤੇ ਵੀ ਬੇਲੋੜਾ ਵਿਸਥਾਰ ਨਹੀਂ, ਸਰਲਤਾ ਅਤੇ ਰਵਾਨੀ ਕਮਾਲ ਦੀ ਹੈ। ਯਾਦਾਸ਼ਤ ਦੀ ਦਾਦ ਦੇਣੀ ਬਣਦੀ ਹੈ ਕਿ ਜਥੇਦਾਰ ਝੱਬਰ ਚਾਰ-

ਪੰਜ ਸਾਲ ਦੀ ਬਾਲ-ਉਮਰ ਵਿੱਚ ਵਾਪਰੀਆਂ ਘਟਨਾਵਾਂ ਤੋਂ ਸ਼ੁਰੂ ਕਰਕੇ, ਦਸ-ਗਿਆਰਾਂ ਸਾਲ ਦੀ ਉਮਰ ਵਿੱਚ ਸਤਿਗੁਰੂ ਜੀ ਦੇ ਦੌਰਿਆਂ ਦਾ ਵੇਰਵਾ ਪਿੰਡਾਂ-ਥਾਵਾਂ ਅਤੇ ਵਿਅਕਤੀਆਂ ਦੇ ਨਾਵਾਂ ਦੀ ਜਾਣਕਾਰੀ ਅੱਧੀ ਸਦੀ ਤੋਂ ਵੱਧ ਸਮਾਂ ਗੁਜਰਨ ਤੇ ਵੀ ਇਵੇਂ ਲਿਖਾਉਂਦੇ ਹਨ ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ। ਲੇਖਕ ਅਤੇ ਸੰਪਾਦਕ ਨੇ ਵਿਸ਼ੇਸ਼ ਘਟਨਾਵਾਂ ਅਤੇ ਵਿਅਕਤੀਆਂ ਨਾਲ ਸਬੰਧਿਤ ਦਸਤਾਵੇਜ਼ਾਂ ਅਤੇ ਸੰਧਰਭ ਗ੍ਰੰਥਾਂ ਦੇ ਹਵਾਲੇ ਕਿਤੇ ਬਰੈਕਟਾਂ ਵਿੱਚ ਜਾਂ ਫੁੱਟ ਨੋਟ ਵਿੱਚ ਦੇ ਕੇ ਪ੍ਰਮਾਣਿਕਤਾ ਦੀ ਮੋਹਰ ਲਾ ਦਿੱਤੀ ਹੈ। ਕਰੀਬ ਢਾਈ ਸੌ ਪੰਨਿਆਂ ਦੀ ਦਰਮਿਆਨੇ ਆਕਾਰ ਦੀ ਪੁਸਤਕ ਵਿੱਚ ਮੁੱਢਲੇ ਪੰਨੇ ਮੂਲ ਲੇਖਕ ਦੇ ਬੋਲਾਂ ਨੂੰ ਲਿਖਤ ਰੂਪ ਦੇਣ ਵਾਲੇ ਸੰਪਾਦਕ ਸੁਵਰਣ ਸਿੰਘ ਵਿਰਕ ਵਲੋਂ ਲਿਖੀ ਮੁੱਢਲੀ ਜਾਣਕਾਰੀ ਦੇ ਹਨ। ਆਪ ਨੇ ਛੋਟੀਆਂ ਛੋਟੀਆਂ ਘਟਨਾਵਾਂ ਨੂੰ ਢੁਕਵੇਂ ਸਿਰਲੇਖ ਦੇ ਕੇ ਰੌਚਕ ਅਤੇ ਸਾਹਿਤਿਕ ਰੂਪ ਦੇ ਦਿੱਤਾ ਹੈ। ਸੁਵਰਣ ਸਿੰਘ ਵਲੋਂ ਦਿੱਤੀ ਮੁੱਢਲੀ ਜਾਣਕਾਰੀ ਸੁੰਦਰ ਮਹੱਲ ਦੀ ਦਰਸ਼ਨੀ ਡਿਉੜੀ ਸਮਾਨ ਹੈ ਜੋ ਪਾਠਕ ਨੂੰ ਸਾਰੀ ਪੁਸਤਕ ਪੜ੍ਹਨ ਲਈ ਪ੍ਰੇਰਦੀ ਹੈ। ਮੁੱਢਲੇ ਸ਼ਬਦਾਂ ਵਿੱਚ ਹੀ ਪੁਸਤਕ ਦੇ ਮੁੱਖ ਪਾਤਰ ਜਥੇਦਾਰ ਝੱਬਰ ਜੀ ਬਾਰੇ ਅਤੇ ਕੁਝ ਹੋਰ ਵੀ ਗੁਰੂ ਘਰ ਦੇ ਸੇਵਾਦਾਰਾਂ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਿਕਾਰਡ ਪ੍ਰਵਚਨ ਸ਼ਬਦ-ਬ-ਸ਼ਬਦ ਲਿਖੇ ਹਨ ਜੋ ਇਸ ਪੁਸਤਕ ਲਈ ਪਰਵਾਨਗੀ ਅਤੇ ਪਰਮਾਣਿਕਤਾ ਦੀ ਮੋਹਰ ਹਨ।

ਮੂਲ ਲੇਖਕ ਅਤੇ ਸੰਪਾਦਕ ਦੇ ਵਡੇਰੇ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਟਕਸਾਲੀ ਅਤੇ ਦਰਵੇਸ਼ ਨਾਮਧਾਰੀ ਸਿੱਖ ਸਨ। ਜਥੇਦਾਰ ਗੁਰਮੁਖ ਸਿੰਘ ਦੇ ਦਾਦਾ ਸਾਉਲ ਸਿੰਘ ਸਤਿਗੁਰੂ ਰਾਮ ਸਿੰਘ ਜੀ ਵੇਲੇ ਸਿੱਖ ਸਜ ਗਏ। ਪਿਤਾ ਜੀਊਣ ਸਿੰਘ ਸਤਿਗੁਰੂ ਹਰੀ ਸਿੰਘ ਜੀ ਵੇਲੇ ਬਹੁਤਾ ਸਮਾਂ ਨਾਮਧਾਰੀ ਸਾਧੂਆਂ ਦੇ ਜਥਿਆਂ ਵਿੱਚ ਚੱਕਰਵਰਤੀ ਹੀ ਰਹੇ। ਉਨ੍ਹਾਂ ਦੀ ਰੀਝ ਸੀ ਕਿ ਮੇਰਾ ਪੁੱਤਰ ਗੁਰਮੁਖ ਸਿੰਘ ਪੜ੍ਹਕੇ ਨਾਮਧਾਰੀ ਪੰਥ ਦਾ ਵਿਦਵਾਨ ਪ੍ਰਚਾਰਕ ਬਣੇ, ਪਰ ਉਨ੍ਹਾਂ ਦੀ ਇਹ ਰੀਝ ਤੇ ਪੂਰੀ ਨਾ ਹੋ ਸਕੀ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਵਾਜ਼ਿਸ਼ ਸਦਕਾ ਸ੍ਰ. ਗੁਰਮੁਖ ਸਿੰਘ ਝੱਬਰ ਗੁਰੂ ਘਰ ਦੇ (ਪ੍ਰਬੰਧਕ) ਜਥੇਦਾਰ ਬਣ ਗਏ। ਜਥੇਦਾਰ ਝੱਬਰ ਜੀ ਨੇ ਆਪਣੇ ਪੁੱਤਰ ਸੁਵਰਣ ਸਿੰਘ ਨੂੰ ਪੜ੍ਹਾ-ਲਿਖਾ ਕੇ ਅਤੇ ਨਾਮਧਾਰੀ ਪ੍ਰਚਾਰ ਦੀ ਚੇਟਕ ਲਾ ਕੇ ਆਪਣੇ ਪਿਤਾ ਦੀ ਰੀਝ ਨੂੰ ਪੂਰਿਆ- ਸੁਵਰਣ ਸਿੰਘ ਵਿਰਕ ਨਾਮਧਾਰੀ ਪੰਥ ਦਾ ਇਕ ਸਥਾਪਿਤ ਲੇਖਕ ਬਣ ਚੁੱਕਾ ਹੈ- 'ਪਿਉ ਦਾਦੇ ਜੇਵੇਹਿਆ ਪੋਤਾ ਪਰਵਾਣ' ਹੋਇਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਪ੍ਰਵਚਨਾਂ ਵਿੱਚ ਫੁਰਮਾਉਂਦੇ ਹਨ ਕਿ ਦੁੱਖਾਂ-ਮੁਸੀਬਤਾਂ ਵਿੱਚ ਕੌਮਾਂ ਬਣਦੀਆਂ ਹਨ ਅਤੇ ਸੁੱਖਾਂ ਵਿੱਚ ਗਿਰਾਵਟ

ਵਲ ਜਾਂਦੀਆਂ ਹਨ। ਇਸ ਪੁਸਤਕ ਦਾ ਕਾਲ ਖੰਡ 1906 ਤੋਂ 1923 ਈ. ਤੱਕ, ਨਾਮਧਾਰੀ ਪੰਥ ਵਾਸਤੇ ਉਸੇ ਤਰ੍ਹਾਂ ਦਾ ਸਖਤੀਆਂ ਦਾ ਸਮਾਂ ਸੀ ਜਿਸ ਤਰ੍ਹਾਂ ਅਠਾਰਵੀਂ ਸਦੀ ਵਿੱਚ ਸਿੱਖਾਂ ਤੇ ਮੁਗਲ–ਹਕੂਮਤ ਦਾ ਦਮਨ–ਚੱਕਰ ਸੀ। ਉਸ ਸਖਤੀਆਂ ਦੇ ਦੌਰ ਵਿੱਚ ਸਿੱਖਾਂ ਦਾ ਕਿਰਦਾਰ ਕੇਡਾ ਉੱਚਾ ਸੁੱਚਾ ਸੀ, ਉਹ ਕਿੰਨੇ ਸੰਜਮੀਂ, ਸਿਦਕੀ ਅਤੇ ਬਲੀ ਸਨ, ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ–

'ਪਾਰਤੈ ਪਰਣ ਸਰਣਾਗਤੈਂ ਸਦੀਵ ਦਿਢ,
ਹਰਨ ਅਰਿਨ ਢਿਗ ਮਰਨ ਪਛਾਨੈ ਥੇ।
ਰਾਖਤੇ ਭਰੋਸਾ ਪੂਰਾ ਗੁਰੂ ਕਰਤਾਰ ਪਰ,
ਨਿਜ ਕਰਨੀ ਕੋ ਨੀਕੋ ਨਾ ਹੰਕਾਰ ਠਾਨੇ ਥੇ।
ਨਾਮ ਕੇ ਜਪਯਾ ਦੇਗ ਤੇਗ ਕੇ ਚੱਲਯਾ,
ਹਰਿ ਗਯਾਨ ਦਾਨ ਦੱਯਾ ਸਿੰਘ ਛਾਨੇ ਨਾ ਪੁਰਾਣੇ ਥੇ॥'

ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਉਪਰੰਤ 1872 ਤੋਂ 1923 ਤੱਕ ਦਾ ਸਮਾਂ ਨਾਮਧਾਰੀ ਪੰਥ ਦੇ ਸਿਦਕ ਦੀ ਪ੍ਰੀਖਿਆ ਦਾ ਸਮਾਂ ਸੀ– ਅੰਗਰੇਜ਼ੀ ਸਰਕਾਰ ਦੀਆਂ ਸਖਤੀਆਂ ਸਹਿਣ ਕਰਦਿਆਂ, ਬਚਨ ਦੇ ਬਲੀ, ਨਾਮ–ਬਾਣੀ ਦੇ ਰਸੀਏ, ਤਿਆਗੀ ਅਤੇ ਵੈਰਾਗੀ ਗੁਰਸਿੱਖਾਂ ਨੇ ਕਿਵੇਂ ਭਾਣੇ ਨੂੰ ਮਿੱਠਾ ਕਰਕੇ ਮੰਨਿਆਂ, ਸਿੱਖੀ–ਸਿਦਕ ਦੀ ਮਿਸਾਲ ਬਣੇ, ਇਸ ਪੁਸਤਕ ਵਿੱਚ ਵਾਰ–ਵਾਰ ਪੜ੍ਹਨ ਨੂੰ ਮਿਲਦਾ ਹੈ। 'ਸਮੁੰਦਰ ਸਾਗਰ ਹੋਵੈ ਬਹੁ ਖਾਰਾ, ਗੁਰ ਸਿਖ ਲੰਘ ਗੁਰ ਪਹਿ ਜਾਈ।' ਗੁਰਵਾਕ ਨੂੰ ਸਾਕਾਰ ਕਰਨ ਵਾਲੇ ਗੁਰਸਿੱਖਾਂ ਦੀਆਂ ਸਾਖੀਆਂ ਏਨੀਆਂ ਭਾਵੁਕਤਾ ਨਾਲ ਬਿਆਨੀਆਂ ਹਨ ਕਿ ਪਾਠਕ ਮਰਗੋਈ ਬੰਗਲੇ ਵਿੱਚ ਬੈਠੇ ਸਤਿਗੁਰੂ ਰਾਮ ਸਿੰਘ ਦੀ ਗੋਦ ਦਾ ਅਨੰਦ ਮਾਣਦੇ ਸ. ਮੀਹਾਂ ਸਿੰਘ ਸਿਰਹਾਲੀ ਨੂੰ ਸਾਹਮਣੇ ਰੂਪਮਾਨ ਹੋਇਆ ਮਹਿਸੂਸ ਕਰਦਾ ਹੈ।

ਕੈਸਾ ਸੁੰਦਰ ਵਰਨਣ ਹੈ–

"ਫਿਰ ਉਨ੍ਹਾਂ (ਮੀਹਾਂ ਸਿੰਘ) ਨੇ ਆਪਣੇ ਖੂੰਡੇ ਨਾਲ ਬੰਗਲੇ ਗਿਰਦ ਬਣੀ ਡੂੰਘੀ ਪਾਣੀ ਦੀ ਖਾਈ ਟੱਪੀ ਸੰਤਰੀ ਦੀ ਅੱਖ ਬਚਾ ਕੇ ਫਿਰ ਇਸੇ ਖੂੰਡੇ ਦੀ ਅੜੇਸ ਨਾਲ ਜਿਉਂ ਛਾਲ ਮਾਰੀ, ਬੰਗਲੇ ਦੀ ਛੱਤ ਤੇ ਪੁੱਜ ਗਏ, ਮੁੱਘ ਥਾਣੀਓਂ ਜਿਉਂ ਹੇਠਾਂ ਨੂੰ ਪਲਮੇ ਤਾਂ ਦੀਨ ਦੁਨੀਆਂ ਦੇ ਵਾਲੀ, ਸਤਿਗੁਰੂ ਰਾਮ ਸਿੰਘ ਜੀ ਚੌਂਕੜਾ ਮਾਰ ਕੇ ਭਜਨ ਕਰ ਰਹੇ ਸਨ ਉਨ੍ਹਾਂ ਨੇ ਡਿਗਦੇ ਨੂੰ ਹੀ ਗੋਦ ਵਿੱਚ ਲੈ ਲਿਆ ਜਿਵੇਂ ਚਿੜੀ ਆਪਣੇ ਬੋਟ ਨੂੰ ਸੰਭਾਲ ਲੈਂਦੀ ਹੈ।"

ਪ੍ਰੇਮ ਦੀ ਸਿਖਰ ਹੈ ਵਿਯੋਗ– 'ਵਿਸ਼ੇਸ਼ ਯੋਗ' ਭਾਵ ਇਕ 'ਵਿਸ਼ੇਸ਼–ਜੋੜ'

ਜਿਸਨੂੰ ਕੋਈ ਸ਼ਕਤੀ ਤੋੜ ਨਹੀਂ ਸਕਦੀ। ਵੈਰਾਗੀ ਨੂੰ ਮੋਹ-ਮਾਇਆ ਤਿਆਗਣ ਲਈ ਕੋਈ ਸਾਧਨਾ ਨਹੀਂ ਕਰਨੀ ਪੈਂਦੀ ਸਗੋਂ ਪ੍ਰੇਮ-ਵੈਰਾਗ ਦਾ ਮਜੀਠੀ ਰੰਗ ਫਕੀਰ ਬਣਾ ਦੇਂਦਾ ਹੈ 'ਉਹ ਰਸ ਪੀਆ, ਇਹ ਰਸ ਨਹੀਂ ਭਾਵਾ' ਦੁਨੀਆਂਦਾਰੀ ਫਿੱਕੀ ਜਾਪਦੀ ਹੈ- ਗੁਰਸਿੱਖਾਂ ਦਾ ਪਰਵਾਰ ਇਕ ਵਡੇਰਾ ਪਰਵਾਰ ਪ੍ਰਤੀਤ ਹੁੰਦਾ ਹੈ-

"ਸਤਿਗੁਰਾਂ ਦੇ ਵੇਲਿਆਂ ਦੇ ਸਿਖਾਂ ਵਿੱਚ ਬਹਿ ਕੇ ਰਾਤ ਨੂੰ ਰਾਮ ਵਿਯੋਗ ਦੇ ਸ਼ਬਦ ਪੜ੍ਹਨੇ, ਉਹ ਸਮਾਂ ਕੁਝ ਇਸ ਤਰ੍ਹਾਂ ਦਾ ਸੀ ਕਿ ਸਾਰੇ ਕੂਕੇ ਇਕੋ ਟੱਬਰ ਦੀ ਜੀਅ ਜਾਪਦੇ ਸਨ।"

'ਸਭ ਪ੍ਰਵਾਰ ਚੜ੍ਹਾਇਓ ਬੇੜੇ'- ਗੁਰਵਾਕ ਸਫਲ ਕਰਨ ਵਾਲੇ ਗੁਰਸਿੱਖਾਂ ਦਾ ਜਿਕਰ ਵੀ ਵਾਰ ਵਾਰ ਪੜ੍ਹਨ ਨੂੰ ਮਿਲਦਾ ਹੈ। ਬੁੱਲ੍ਹੇਸ਼ਾਹ ਅੰਗ੍ਰੇਜ਼ਾਂ ਦੀ ਨੌਕਰੀ (ਥਾਣੇਦਾਰੀ) ਛੱਡ ਕੇ ਕੂਕਾ ਬਣਿਆ ਪਿੰਡ ਸਹਿੰਸਰਾ (ਅੰਮ੍ਰਿਤਸਰ) ਦਾ ਸੱਤੇ ਪੁੱਤਰ ਲੈ ਕੇ ਉਮਰ ਭਰ ਗੁਰੂ ਘਰ ਦੀ ਸੇਵਾ ਕੀਤੀ। ਉਨ੍ਹਾਂ ਦੀਆਂ ਖੁਰਾਕਾਂ ਪੜ੍ਹ ਕੇ ਤਾਂ ਅੱਜ ਦੇ ਨੌਜੁਆਨ ਮਨਘੜ੍ਹਤ ਕਹਾਣੀਆਂ ਹੀ ਸਮਝਣਗੇ- ਉਹ ਸਿੰਘ ਬਲੀ ਵੀ ਏਡੇ ਸਨ ਕਿ- "ਸੁੰਦਰ ਸਿੰਘ (ਰਾਮ ਬੇਲੀ) ਗਾਗਰ ਸ਼ਰਦਾਈ ਦੀ ਅਤੇ ਸੇਰ ਪੱਕੇ ਘਿਉ ਦਾ ਕੜਾਹ ਪ੍ਰਸ਼ਾਦ ਛਕ ਲੈਂਦਾ ਸੀ। ਦੋ ਮੱਝਾਂ ਦੇ ਦੁੱਧ ਦਾ ਦਹੀਂ ਪੀ ਜਾਂਦਾ ਸੀ ਅਤੇ ਕੱਲਾ ਹੀ ਗੁਰਦੁਆਰੇ ਸੌ ਬੋਰੀ ਕਣਕ ਦੀ, ਲੱਕ ਤੇ ਚੁੱਕ ਕੇ ਕੋਠੇ ਤੇ ਚੜ੍ਹਾ ਦਿੰਦਾ ਸੀ।"

ਇਸ ਸਮੇਂ ਦੇ ਸਿੱਖਾਂ ਦੇ ਜੀਵਨ ਪੜ੍ਹ ਕੇ ਸਿਰ ਝੁਕਦਾ ਹੈ, ਜਥੇਦਾਰ ਝੱਬਰ ਜੀ, ਸਾਮ੍ਹਣੇ ਬੈਠੇ ਤਰਨ ਸਿੰਘ ਵੀਰਮੀਂ ਅਤੇ ਸੁਵਰਣ ਸਿੰਘ ਨੂੰ ਨੋਟ ਕਰਾ ਰਹੇ ਹਨ- "ਗੁਰੂ ਹਰੀ ਸਿੰਘ ਜੀ ਦੀਆਂ ਬਰਕਤਾਂ ਸਨ ਕਿ ਸਣੇ ਟੱਬਰੀਂ ਗੁਰਦੁਆਰੇ ਭੈਣੀ ਸਾਹਿਬ ਜਾ ਕੇ ਸੇਵਾ ਕੀਤੀ। ਸੇਵਾ ਸਿੰਘ ਘੁੱਕੇਵਾਲੀਏ ਤੇ ਦੂਜੇ ਭੋਮੇ ਵਡਾਲੀਏ ਵੀਰ ਸਿੰਘ ਨੇ। ਬਾਬਾ ਵੀਰ ਸਿੰਘ ਨੇ ਤਿੰਨਾਂ ਖੂਹਾਂ ਦੀ ਜਾਇਦਾਦ ਵੇਚ ਕੇ, ਲੰਗਰ ਵਿੱਚ ਪਾ ਕੇ, ਸੇਵਾ ਕਰਨ ਲਗ ਗਏ। ਇਹ ਗੁਰੂ ਕੇ ਉਗਰਾਹੀਏ ਸਨ। ਗੁਰੂ ਹਰੀ ਸਿੰਘ ਜੀ ਨੇ ਬਾਬੇ ਵੀਰ ਸਿੰਘ ਨੂੰ ਭਾਈ ਗੁਰਦਾਸ ਦਾ ਖਿਤਾਬ ਦਿੱਤਾ ਸੀ। ਬਾਣੀ ਬਹੁਤ ਸੁੰਦਰ ਪੜ੍ਹਦੇ ਅਤੇ ਕੀਰਤਨ ਆਹਲਾ ਦਰਜੇ ਦਾ ਕਰਦੇ ਸਨ। ਆਪਣੇ ਹੱਥੀਂ ਸੇਵਾ ਬਹੁਤ ਜ਼ਿਆਦਾ ਕੀਤੀ।"

ਬੇਸ਼ੱਕ ਇਸ ਗੁਰ-ਗਾਥਾ ਦਾ ਸਮਾਂ 1906 ਤੋਂ 1923 ਈ. ਤੱਕ ਦਾ ਹੈ ਪਰ ਉਸ ਵੇਲੇ ਪੁਰਾਣੇ ਸਿੱਖਾਂ ਤੋਂ ਸੁਣੇ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਬਚਨ ਵੀ ਪਰਤੱਖ ਦਰਸ਼ੀ ਜਿਉਂ ਹੀ ਬਿਆਨ ਕੀਤੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰਿਆਂ ਸਮੇਂ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਪੁਰਾਤਨ ਸਿੰਘਾਂ ਨੂੰ ਨਾਲ ਰੱਖਦੇ, ਘੋੜਿਆਂ ਤੇ

ਜਾਂਦਿਆਂ ਵੀ ਅਤੇ ਸਮਾਂ ਮਿਲਣ ਤੇ ਬੈਠਕੇ ਉਨ੍ਹਾਂ ਤੋਂ ਗੁਰ ਸਾਖੀਆਂ ਸੁਣਦੇ। ਅੱਟਲ ਪ੍ਰਤਾਪੀ ਜੀ ਦੇ ਮੁੱਢਲੇ ਦੌਰਿਆਂ ਸਮੇਂ ਪੁਰਾਤਨ ਸਿੱਖਾਂ ਚੋਂ ਕੁਝ ਕੁ ਨਾਮ ਵਰਨਣ ਕੀਤੇ ਹਨ- ਬਾਬਾ ਵੀਰ ਸਿੰਘ ਚੂੰਨੀ ਮਛਲੀ ਜੋ ਬਾਲ ਜਤੀ ਸਨ, ਬੜੇ ਵਿਦਵਾਨ ਵੀ ਸਨ। ਸਤਿਗੁਰੂ ਰਾਮ ਸਿੰਘ ਜੀ ਵੇਲੇ ਭਜਨ ਪੁੱਛਿਆ ਸੀ (ਪਿੰਡ ਚੂੰਨੀ ਵਿੱਚ ਨਾਮਧਾਰੀ ਧਰਮਸ਼ਾਲਾ ਹੈ ਜਿਥੇ ਇਨ੍ਹਾਂ ਬਾਬਾ ਜੀ ਦੀ ਯਾਦਗਾਰ ਬਣੀ ਹੈ, ਸਾਰੇ ਨਗਰ ਵਿੱਚ ਇਸ ਜਗ੍ਹਾ ਦੀ ਮਾਨਤਾ ਹੈ)- ਦੂਸਰੇ ਸਨ ਬਾਬਾ ਲਾਲ ਸਿੰਘ ਜੀ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਰੰਗੂਨ ਵੀ ਗਏ। ਬਾਬਾ ਬੂਟਾ ਸਿੰਘ ਜੀ ਪਿੰਡ ਲਾਖਣਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਦੇ ਗੁਰੂ ਕੇ ਅਗਰ੍ਹਾਈਏ ਸਨ- ਤਿੰਨ ਸੇਰ ਘਿਉ ਅਤੇ ਸੋਲਾਂ ਸੇਰ ਦੁੱਧ ਪੀ ਕੇ ਪਚਾ ਲੈਂਦੇ ਸਨ। ਹੀਰਾ ਸਿੰਘ ਟਿੱਕਾ ਪਿੰਡ ਮੂੰਡੀਆਂ ਦਾ- ਗੁਰੂ ਕਾ ਚੌਰ ਬਰਦਾਰ। ਬਾਬਾ ਵੀਰ ਸਿੰਘ ਮੁੱਛਲ ਪਿੰਡ ਮੁਠੱਡੇ ਦਾ ਗੁਰੂ ਘਰ ਦੇ ਹੱਟ ਤੇ ਸੇਵਾ ਕਰਦਾ ਸੀ ਜਿਥੇ ਹਰ ਲੋੜਵੰਦ ਨੂੰ ਬਿਨ-ਤੋਲਿਆ ਪਦਾਰਥ ਮੁਫਤ ਮਿਲਦਾ। ਛੇਵੇਂ ਸੁਹੇਲ ਸਿੰਘ ਜੀ ਘੋੜਿਆਂ ਦੇ ਦਰੋਗਾ ਸਨ। ਰਾਗ ਦੀ ਵੀ ਸਮਝ ਸੀ ਅਤੇ ਉੱਤਮ ਦਰਜੇ ਦੇ ਪਾਠੀ ਵੀ ਸਨ। ਇਸ ਤੋਂ ਅੱਗੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਦੇ ਹਜ਼ੂਰ ਦੇ ਨਿਕਟਵਰਤੀਆਂ ਦਾ ਜ਼ਿਕਰ ਹੈ। ਹਜ਼ੂਰੀ ਰਾਗੀ ਜਥੇ, ਪ੍ਰਚਾਰਕ ਅਤੇ ਗੁਰੂ ਘਰ ਦੇ ਨਿਸ਼ਕਾਮ ਸੇਵਕਾਂ ਦੇ ਨਾਮ-ਗਾਮ ਗਵਾਚਣੋਂ ਬਚਾਏ ਹਨ। ਅੱਟਲ ਪ੍ਰਤਾਪੀ ਸਤਿਗੁਰੂ ਜੀ ਦੌਰਿਆਂ ਦਾ ਵਰਨਣ ਬੜਾ ਰੌਚਕ ਅਤੇ ਜਾਣਕਾਰੀ ਭਰਪੂਰ ਹੈ।

ਸ੍ਰੀ ਭੈਣੀ ਸਾਹਿਬੋਂ ਚੜ੍ਹਦੇ ਪਾਸੇ ਸਰਹਿੰਦ ਨਹਿਰ ਕੰਢੇ ਪਿੰਡ ਪੂਨੀਆਂ ਪਾਸ ਨਾਮਧਾਰੀ ਡੇਰਾ ਸਤਿਗੁਰੂ ਹਰੀ ਸਿੰਘ ਜੀ ਵੇਲੇ ਦਾ ਹੈ। ਇਸ ਜਗ੍ਹਾ ਦੀ ਸਥਾਪਤੀ ਵੀ ਕਈ ਉਤਾਰ-ਚੜ੍ਹਾਅ ਸੰਭਾਲੀ ਬੈਠੀ ਹੈ। ਗੁਰੂ ਕੇ ਮਹਾਂ ਬਲੀ ਸਿੱਖਾਂ ਨੇ ਗੁਰਦੋਖੀਆਂ ਨੂੰ ਲੋੜ ਪੈਣ ਤੇ ਸੋਧਿਆ ਵੀ- ਦੋ-ਦੋ, ਚਾਰ-ਚਾਰ ਸਿੰਘਾਂ ਨੇ ਪਿੰਡਾਂ ਦੀਆਂ ਧਾੜਾਂ ਨੂੰ ਅੱਗੇ ਲਾਇਆ ਜਾਮ ਗੁਰੂ ਹੋਇ ਵਲ, ਲਖ ਬਾਹੈਂ ਕਿਆ ਕੀਜੈ-ਗੁਰਵਾਕ ਸਾਕਾਰ ਹੋਇਆ। ਲੱਧੜਾਂ ਦੇ ਸਰਦਾਰ ਆਪਣੇ ਨੌਕਰਾਂ ਅਤੇ ਸ਼ਿਕਾਰੀ ਕੁੱਤਿਆਂ ਨੂੰ ਲੈ ਕੇ ਨਹਿਰ ਤੇ ਸ਼ਿਕਾਰ ਖੇਡਣ ਆ ਕੇ, ਸਿੱਖਾਂ ਨੇ ਪਹਿਲਾਂ ਸਮਝਾਉਣ ਦੀ ਕੋਸ਼ਿਸ਼ ਕੀਤੀ। ਨਾ ਮੁੜੇ ਤਾਂ ਖ਼ੂਬ ਲੜਾਈ ਹੋਈ- ਸਿੰਘਾਂ ਨੇ ਸਰਦਾਰਾਂ ਦਾ ਲਾਮ-ਲਛਕਰ ਭਜਾ ਦਿੱਤਾ ਡਾਂਗ-ਪਸ਼ਾਦ ਨਾਲ ਸੇਵਾ ਕਰਵਾ ਕੇ ਸਰਦਾਰਾਂ ਨੂੰ ਮੰਜੀਆਂ ਤੇ ਪਾ ਕੇ ਲੁਧਿਆਣੇ ਭੇਜਿਆ ਪਰ ਆਪਣੀ ਜੂਹ ਵਿੱਚ ਬੇਦੋਸ਼ੇ ਜਾਨਵਰਾਂ ਨੂੰ ਮਾਰਨ ਨਹੀਂ ਦਿੱਤਾ।

ਨਾਮਧਾਰੀ ਪੰਥ ਦੇ ਮਹਾਂਬਲੀ ਸ੍ਰ. ਭਗਵਾਨ ਸਿੰਘ ਅੜਬੰਗੀ ਦੇ ਕਾਰਨਾਮੇ, ਗੋਂਦੇ ਦਾ ਕਤਲ, ਹੋਰ ਸਾਕਿਆਂ ਵਿੱਚ ਇਸ ਯੋਧੇ ਦੀ ਭੂਮਿਕਾ ਵਰਨਣਯੋਗ ਹੈ।

ਬਾਬਾ ਦਰਬਾਰਾ ਸਿੰਘ ਜੀ ਦਾ ਰੰਗੂਨ ਦਰਸ਼ਨ ਕਰਨ ਜਾਣਾ। "ਸਤਿਗੁਰਾਂ (ਸਤਿਗੁਰੂ ਰਾਮ ਸਿੰਘ ਜੀ) ਦਾ ਬਾਬੇ ਦਰਬਾਰਾ ਸਿੰਘ ਨੂੰ ਨਿਹੋਰਾ ਮਾਰਨ ਦੀ ਦੇਰ ਸੀ ਕਿ ਕੂਕਿਓ, ਤੁਸੀਂ ਵੱਗ ਚੋਂ ਗੁਆਚੀ ਵੱਛੀ ਜਿਨ੍ਹਾਂ ਵੀ ਮੇਰਾ ਪਤਾ ਨਹੀਂ ਕੀਤਾ।" ਡਾਂਰਾਂ ਦੀਆਂ ਡਾਰਾਂ ਕੂਕਿਆਂ ਦੀਆਂ ਰੰਗੂਨ ਅਪੜਨੀਆਂ ਸ਼ੁਰੂ ਹੋ ਗਈਆਂ।"

ਇਹ ਸਮਾਂ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਦੇਸ ਗਿਆਂ ਚਾਰ ਦਹਾਕੇ ਗੁਜਰੇ ਸਨ, ਰੰਗੂਨ ਜਾ ਕੇ ਦਰਸ਼ਨ ਕਰ ਕੇ ਆਏ ਸਿੰਘ ਅਜੇ ਮੌਜੂਦ ਸਨ। ਸਤਿਗੁਰੂ ਹਰੀ ਸਿੰਘ ਜੀ ਰਾਮ-ਵਿਯੋਗ ਦੀ ਸਿਖਰਲੀ ਅਵਸਥਾ ਵਿੱਚ ਰਹੇ ਜਿਨ੍ਹਾਂ ਨੇ ਅਖੀਰ ਵਿੱਚ 'ਬਿਰਹੋਂ ਬੁਰੇ ਰੋਗ ਮਾਹਿ ਨੇਤਰ ਗਵਾਇ ਲੇ।' ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਗੁਰੂ ਰਾਮ ਸਿੰਘ ਦਾ ਵਿਯੋਗ ਸੀ। ਹਰ ਇਕ ਨੂੰ ਗੁਰੂ ਰਾਮ ਸਿੰਘ ਜੀ ਦੀ ਗੱਲ ਪੁਛਦੇ। ਰਸਤੇ ਤੁਰੇ ਜਾਂਦਿਆਂ, ਸਤਿਗੁਰਾਂ ਦੇ ਬਚਨ ਕਰਨੇ ਜਾਂ ਬਾਣੀ ਪੜ੍ਹਨੀ, ਨਾਮ ਜੱਪਣਾ। ਇਸ ਤਰ੍ਹਾਂ ਆਮ ਲੋਕ ਸਤਿਗੁਰਾਂ ਦੇ ਮਨ ਨੂੰ ਮੋਹ ਲੈਣ ਵਾਲੇ ਦਰਸ਼ਨ ਕਰਕੇ, ਨਾਮਧਾਰੀ ਸਿੰਘ ਸਜਦੇ ਜਾਂਦੇ ਸਨ। . . . ਜੋ ਦੁਨੀਆਂ ਦੇ ਲੋਕ ਦਰਸ਼ਨ ਕਰਕੇ, ਸਭ ਨਿਹਾਲ ਹੋ ਜਾਂਦੇ। ਤਿੰਨ ਦਿਨ ਨਨਕਾਣੇ ਸਾਹਿਬ ਮੇਲਾ ਰਿਹਾ, ਕੱਤਕ ਦੀ ਪੂਰਨਮਾਸ਼ੀ ਨੂੰ।"

ਇਸ ਛੋਟੀ ਪੁਸਤਕ ਵਿੱਚ ਬਹੁਤ ਮਹੱਤਵਪੂਰਨ ਘਟਨਾਵਾਂ ਅਤੇ ਕਿੰਨੇ ਹੀ ਵਿਸ਼ੇਸ਼ ਵਿਅਕਤੀ ਸਾਂਭੇ ਗਏ ਹਨ। ਸਰਲਤਾ, ਸੰਖੇਪਤਾ ਅਤੇ ਵੰਨ-ਸੁਵੰਨਤਾ ਇਸ ਲੇਖਣੀ ਦੇ ਵਿਸ਼ੇਸ਼ ਗੁਣ ਹਨ- ਦਾਤੇ, ਭਗਤ ਅਤੇ ਸੂਰਮੇਂ, ਤਿੰਨੇ ਤਰ੍ਹਾਂ ਦੇ ਕਰਮਯੋਗੀ ਗੁਰਸਿੱਖਾਂ ਦੀ ਘਾਲਣਾ ਅਤੇ ਪ੍ਰੇਰਣਾਦਾਇਕ ਜੀਵਨ ਇਸ ਲੇਖਣੀ ਦਾ ਸੂਤਰਧਾਰ ਹੈ। ਮਾਨਸ ਤੋਂ ਦੇਵਤੇ ਕਰ ਦੇਣ ਵਾਲੇ ਸਮਰੱਥ ਸਤਿਗੁਰੂ ਦੀ ਉਪਮਾ ਹੈ।

ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇਂ, ਜਿਨ੍ਹਾਂ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿੱਚ ਵੀ ਜਿਕਰ ਹੈ- ਝੱਬਰ ਜੀ ਦੱਸ ਰਹੇ ਹਨ ਕਿ ਇਨ੍ਹਾਂ ਦਾ ਪਹਿਲਾ ਜੀਵਨ ਨਸ਼ਈ ਅਤੇ ਵਿਸ਼ਈ ਸੀ, ਕੁੱਤੇ ਰੱਖਣੇ, ਸ਼ਿਕਾਰ ਖੇਡਣਾ, ਕੰਜਰੀਆਂ ਨਚਾਉਣੀਆਂ ਪਰ ਜਦੋਂ ਸੰਤ ਨਰੈਣ ਸਿੰਘ ਛੈਣਿਆਂ ਵਾਲਿਆਂ ਧੱਕੇ ਨਾਲ ਫੜ ਕੇ ਭਜਨ ਦੇ ਦਿੱਤਾ- ਮਸਤਾਨੇ ਹੋ ਗਏ। ਪ੍ਰੇਮੀ ਅਤੇ ਵੈਰਾਗੀ ਨੂੰ ਦੁਨੀਆਂਦਾਰੀ ਛੱਡਣੀ ਨਹੀਂ ਪੈਂਦੀ, ਆਪੇ ਹੀ ਛੁੱਟ ਜਾਂਦੀ ਹੈ-

ਜਿਨ੍ਹਾਂ ਪੀਤੇ ਪ੍ਰੇਮ ਪਿਆਲੇ,
ਘਰ ਦੇ ਕੰਮੋਂ ਗਈਆਂ।
ਖਾਣਾ ਪੀਣਾ ਵਿਸਰ ਗਇਆ,
ਖੂਹ ਵਿੱਚ ਪਈਆਂ ਵਹੀਆਂ।

ਜਿਸ ਸਮੇਂ ਦਾ ਇਸ ਪੁਸਤਕ ਵਿੱਚ ਜਿਕਰ ਹੈ ਇਹ ਉਹ ਸਮਾਂ ਸੀ, ਜਦੋਂ ਸਰਦਾਰਾਂ ਨੂੰ ਸਰਦਾਰੀਆਂ ਖੁਆਰੀਆਂ ਜਾਪੀਆਂ। ਤੰਗੀਆਂ-ਤਰੁਸ਼ੀਆਂ ਦੇ ਸਮੇਂ ਵਿੱਚ ਵੀ ਸਿੱਖ ਉੱਚੇ ਸੁੱਚੇ ਅਸੂਲਾਂ ਤੇ ਕਾਇਮ ਰਹੇ। ਕਿੱਡੀ ਕੁਰਬਾਨੀ ਹੈ ਉਨ੍ਹਾਂ ਸਿੱਖਾਂ ਦੀ ਜਿਨ੍ਹਾਂ ਘਰ-ਬਾਹਰ ਤਿਆਗ ਕੇ ਜੀਵਨ ਗੁਰੂ ਹੁਕਮ ਅਨੁਸਾਰ ਪੰਥਕ ਸੇਵਾ ਦੇ ਲੇਖੇ ਲਾ ਦਿੱਤਾ ਅਤੇ ਸੇਵਾ ਵੀ ਏਨੀ ਅਪਣੱਤ ਅਤੇ ਨਿਸ਼ਠਾ ਨਾਲ ਕਿ ਜਿਵੇਂ ਕੋਈ ਆਪਣੇ ਪ੍ਰਵਾਰ ਨੂੰ ਪਾਲਦਾ ਹੈ-

"ਘਰਜਾਖ ਵਾਲੀ ਸੜਕ ਤੇ ਗੁਜਰਾਂਵਾਲੇ ਜਿਹੜਾ ਨਾਮਧਾਰੀ ਗੁਰਦੁਆਰਾ ਸੀ, ਉਹ ਬਾਬੇ ਸੰਤਾ ਸਿੰਘ ਹੁਰਾਂ ਅਤੇ ਵੀਰ ਸਿੰਘ ਹੁਰਾਂ ਹੀ ਅਬਾਦ ਕੀਤਾ ਸੀ।. . . ਬਾਬੇ ਹੋਰਾਂ ਇਸ ਗੁਰਦੁਆਰੇ ਵਿੱਚ ਜਿਹੜੇ ਪੈਸੇ ਭੈਣੀ ਸਾਹਿਬੋਂ ਲਿਆਂਦੇ ਉਨ੍ਹਾਂ ਨਾਲ ਆਏ ਸਿੱਖ ਸਾਧ ਨੂੰ ਪ੍ਰਸ਼ਾਦ ਪਾਣੀ ਛਕਾਉਣਾ। ਫਿਰ ਜਦ ਪੈਸੇ ਮੁੱਕ ਗਏ ਤਾਂ ਸਉਣ ਭਾਦਰੋਂ ਦੇ ਮਹੀਨੇ ਦੋਹਾਂ ਬਾਬਿਆਂ ਨੇ ਮੈਨੂੰ ਨਾਲ ਲੈ ਕੇ ਘਾਹ ਵੱਢਣ ਚਲੇ ਜਾਣਾ। ਅਸਾਂ ਤਿੰਨਾਂ ਘਾਹ ਖੋਤ ਖੋਤ ਕੇ ਪੰਡਾਂ ਬੰਨ੍ਹ ਲੈਣੀਆਂ। ਦੋ ਰੁਪਏ ਪੰਡ ਦੇ ਹਿਸਾਬ ਘਾਹ ਵਿਕ ਜਾਂਦਾ ਸੀ। ਇਨ੍ਹਾਂ ਪੈਸਿਆਂ ਨਾਲ ਲੰਗਰ ਦਾ ਖਰਚਾ ਚਲ ਜਾਂਦਾ ਸੀ। ਫੇਰ ਜਦੋਂ ਫਸਲ ਪੱਕ ਗਈ ਸੰਗਤ ਨੇ ਉਗਰਾਹੀ ਦਾਣਿਆਂ ਦੀ ਕਰ ਕੇ ਇਥੇ ਘੱਲਣੀ ਸ਼ੁਰੂ ਕਰ ਦਿੱਤੀ।" ਪਰ ਇਸ ਸੰਕਟ ਦੇ ਸਮੇਂ ਵੀ- "ਇਕ ਦਿਨ ਸੇਠ ਧਿਆਨ ਸਿੰਘ ਨੇ, ਜੋ ਜੂਆ ਵੀ ਖੇਡਦਾ ਸੀ, ਦਸ ਹਜ਼ਾਰ ਰੁਪਏ ਜੂਏ ਵਿੱਚ ਜਿੱਤੇ ਅਤੇ ਸਾਰੀ ਰਕਮ ਦੀਆਂ ਥੈਲੀਆਂ ਬਾਬਾ ਜੀ ਕੋਲ ਰੱਖ ਕੇ ਕਹਿਣ ਲੱਗਾ, ਲੰਗਰ ਚਲਾਉ ਇਸ ਮਾਇਆ ਨਾਲ। ਬਾਬਾ ਜੀ ਨੇ ਜੁਆਬ ਦਿੱਤਾ, "ਭਾਈ ਜੂਏ ਦਾ ਅਤੇ ਕੁੜੀ ਦਾ ਪੈਸਾ ਲੰਗਰ ਵਿੱਚ ਲਾਉਣ ਦਾ ਸਤਿਗੁਰਾਂ ਦਾ ਹੁਕਮ ਨਹੀਂ। ਆਪਣੀ ਮਾਇਆ ਲੈ ਜਾ ਸਾਨੂੰ ਇਸਦੀ ਲੋੜ ਨਹੀਂ।"

ਇਸ ਤਰ੍ਹਾਂ ਦੇ ਤਿਆਗ ਦੇ ਪ੍ਰੇਰਣਾ-ਸ੍ਰੋਤ ਉਹ ਸਤਿਗੁਰੂ ਹਰੀ ਸਿੰਘ ਸਨ ਜਿਨ੍ਹਾਂ ਅੰਗ੍ਰੇਜ਼ ਸਰਕਾਰ ਵਲੋਂ ਸੈਂਕੜੇ ਏਕੜ ਜ਼ਮੀਨ ਨਹੀਂ ਸੀ ਕਬੂਲੀ- ਕਿਹਾ ਸੀ ਇਹ ਲੰਗਰ ਤੇਰੇ ਮੁਰੱਬਿਆਂ ਨਾਲ ਨਹੀਂ ਚਲਦਾ, ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਚਲਦਾ ਹੈ। ਇਸੇ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਾਨ੍ਹਿਆਂ ਦੇ ਛੱਪਰਾਂ ਵਿੱਚ ਰਹਿਣਾ ਪ੍ਰਵਾਨ ਕੀਤਾ ਪਰ ਸੇਠ ਜੁਗਲ ਕਿਸ਼ੋਰ ਬਿਰਲਾ ਵਲੋਂ ਪੱਕੇ ਮੰਦਰ ਬਨਵਾਉਣ ਦੀ ਪੇਸ਼ਕਸ਼ ਨਹੀਂ ਸੀ ਕਬੂਲੀ।

ਗੁਰੂ ਘਰ ਵਿੱਚ ਕਿਰਤ ਅਤੇ ਸੇਵਾ ਦੀ ਮਹਾਨਤਾ ਵੀ ਨਾਮ-ਬਾਣੀ ਤੋਂ ਘੱਟ ਨਹੀਂ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਵੀ ਸੰਗਤ ਦਾ ਇਸ਼ਨਾਨ ਕਰਵਾਉਂਦੇ, ਕਈ ਵੇਰ ਮਾਲ ਚਾਰਦੇ, ਮਹੰਤ ਕੌਲਾ ਸਿੰਘ ਹੁਰਾਂ ਨਾਲ ਗੱਭਰੂ ਅਵਸਥਾ ਵਿੱਚ ਹਲ ਵੀ ਵਾਹਿਆ ਕਰਦੇ ਸਨ ਲੰਗਰ ਦਾ ਜਲ ਭਰਦੇ ਅਤੇ ਲੱਕੜਾਂ ਵੀ ਪਾੜਦੇ।

ਜਿਵੇਂ ਆਮ ਕਹਾਵਤ ਹੈ– 'ਜਥਾ ਰਾਜਾ ਤਥਾ ਪਰਜਾ' ਉਸ ਸਮੇਂ ਨਾਮਧਾਰੀ ਸਮਾਜ ਵਿੱਚ ਬੜੇ ਪ੍ਰਤਾਪੀ ਸਾਧੂ ਸਨ ਜਿਵੇਂ ਸੰਤ ਕੇਸਰ ਸਿੰਘ ਚਵਿੰਡੇ ਵਾਲੇ, ਸੰਤ ਜਿਊਣ ਸਿੰਘ ਸਰਹਾਲੀ, ਸੰਤ ਕਰਮ ਸਿੰਘ ਹਿੰਮਤਪੁਰੇ ਵਾਲੇ, ਸੰਤ ਆਲਾ ਸਿੰਘ ਜੀ ਵਰਨ ਆਦਿ ਜਿਨ੍ਹਾਂ ਦੇ ਜਥਿਆਂ ਨਾਲ ਸੌ–ਸੌ ਸਿੰਘ ਹੁੰਦੇ ਸਨ, ਇਹ ਸਾਧੂ ਸਨ ਤਪੱਸਵੀ, ਤਿਆਗੀ, ਵੈਰਾਗੀ ਅਤੇ ਕਿਰਤੀ।

"ਸੰਤ ਆਲਾ ਸਿੰਘ ਦੇ ਜਥੇ ਨਾਲ ਪੰਜਾਹ ਸੱਠ ਸਰੀਰ ਹੁੰਦੇ ਸਨ। ਇਹ ਸਾਰੇ ਸਾਥ ਇਕ ਦੂ ਇਕ ਚੜ੍ਹੰਦੇ ਸਨ। ਭਜਨ ਬਾਣੀ ਕਰਦੇ ਸਨ। .. . ਜਿਥੇ ਕੋਈ ਕਿਸੇ ਗਰੀਬ ਸਿੱਖ ਨੂੰ ਤੰਗ ਕਰਦਾ, ਸੰਤ ਆਪਣੇ ਜਥੇ ਸਮੇਤ ਉਥੇ ਪੁੱਜਦੇ। ਜੇ ਸੁਣਦੇ ਕਿ ਕੋਈ ਸਿੱਖ ਇਕੱਲਾ ਹੈ ਤੇ ਬਿਮਾਰ ਪੈ ਗਿਆ ਹੈ ਅਤੇ ਕੰਮ ਤੋਂ ਅਸਮਰੱਥ ਹੈ ਤਾਂ ਸੰਤ ਆਪਣੇ ਜਥੇ ਸਮੇਤ ਉਸ ਸਿੱਖ ਦੀ ਖੇਤੀਬਾੜੀ ਦੇ ਕੰਮ ਵਿੱਚ ਵੀ ਮੱਦਦ ਕਰਦੇ। ਕਿੰਨਿਆਂ ਹੀ ਅਜੇਹਿਆਂ ਸਿੱਖਾਂ ਦੀ ਕਣਕ ਵੱਢ ਕੇ, ਗਾਹ ਕੇ, ਤੂੜੀ–ਦਾਣਾ ਉਸਦੇ ਘਰ ਸੁੱਟਦੇ ਨਾਲੇ ਰੋਜ਼ ਸੁਬ੍ਹਾ–ਸ਼ਾਮ ਦੀਵਾਨ ਲਾਉਂਦੇ। ਨਵੇਂ ਸਿੰਘ ਸਜਦੇ, ਦੀਵਾਨ ਲਾਉਂਦੇ ਅਗਲੇ ਪਿੰਡ ਚਲੇ ਜਾਂਦੇ। ਗੁਰੂ ਅਤੇ ਸਿੱਖਾਂ ਦੇ ਦੁਵੱਲੀ ਪ੍ਰੇਮ, ਤਿਆਗ ਅਤੇ ਪੂਰਨ ਸਮਰਪਣ ਦੀਆਂ ਸਾਖੀਆਂ ਹਨ ਜਿਕਰ ਹੈ– ਆਸਾ ਸਿੰਘ ਦੇ ਘਰ ਦੌਰਾ ਸੀ– ਉਹ ਗਹਿਣੇ ਵੇਚਣ ਚਲਿਆ– ਅੰਤਰਜਾਮੀ (ਸਤਿਗੁਰੂ ਪ੍ਰਤਾਪ ਸਿੰਘ ਜੀ) ਬਚਨ ਕੀਤਾ ਜੋ ਕੁਝ ਘਰ ਹੈ ਉਹ ਹੀ ਬਹੁਤ ਹੈ– ਇਸ ਤਰ੍ਹਾਂ ਨਾ ਕਰੋ। ਰੁੱਖੇ–ਮਿੱਸੇ ਪ੍ਰਸ਼ਾਦੇ ਛੱਕਕੇ ਖੁਸ਼ੀਆਂ ਬਖਸ਼ੀਆਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰਿਆਂ ਦਾ ਵੇਰਵਾ, ਸਰਹੰਦ ਨਹਿਰ ਕੰਢੇ ਪਹਿਲਾਂ ਜੱਪ–ਪ੍ਰਯੋਗ, ਲਾਹੌਰ ਵਿਖੇ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਫੇਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਗੁਰੂਸਰ ਵਿਖੇ ਅਨੰਦ ਕਾਰਜ ਆਦਿ ਘਟਨਾਵਾਂ ਦੇ ਵੇਰਵੇ ਬੜੇ ਰੌਚਕ ਅਤੇ ਵਿਸਤ੍ਰਿਤ ਹਨ। ਗੁਰੂਸਰ ਵਿੱਚ ਇਕ ਮਹਾਨ ਸਵੰਬਰ ਵਰਗੇ ਸਮਾਗਮ ਵਿੱਚ ਕਿਹੜੇ–ਕਿਹੜੇ ਰਾਗੀ, ਜਥੇਦਾਰ, ਪ੍ਰਚਾਰਕ ਅਤੇ ਪ੍ਰਮੁੱਖ ਸਿੰਘ ਗਏ ਸਭ ਦੇ ਨਾਮ ਗਾਮ ਵੇਰਵੇ ਸਹਿਤ ਲਿਖੇ ਹਨ। ਗੁਰੂ ਅਤੇ ਸਿੱਖ ਦਾ ਦੁਵੱਲੀ ਪ੍ਰੇਮ ਕੇਡਾ ਸੂਖਮ ਅਤੇ ਅਪਣੱਤ ਵਾਲਾ ਹੈ ਇਕ ਘਟਨਾ ਦਾ ਜਿਕਰ ਹੈ ਕਿ ਜਿਊਣ ਸਿੰਘ ਝੱਬਰ ਸ੍ਰੀ ਭੈਣੀ ਸਾਹਿਬ ਸੇਵਾ ਕਰਦੇ ਸਨ ਅਟੱਲ ਪ੍ਰਤਾਪੀ ਜੀ ਦੇ ਅਨੰਦ ਕਾਰਜ ਸਮੇਂ ਗੁਰੂਸਰ ਇਹ ਨਾ ਜਾ ਸਕੇ, ਤਾਂ ਕੁਝ ਦਿਨਾਂ ਬਾਅਦ ਸਤਿਗੁਰੂ ਜੀ ਪਾਸ ਸਿੱਖ ਝੁਰਿਆ, "ਜਿਸ ਦਿਨ ਤੋਂ ਗਰੀਬ–ਨਿਵਾਜ਼ ਨੇ ਅਵਤਾਰ ਧਾਰਿਆ ਏ, ਖੇਡਣ ਮੱਲ੍ਹਣ ਲੱਗੇ, ਗੱਭਰੂ ਹੋਏ ਅਤੇ ਅਸੀਂ ਬੜੀ ਰੀਝ ਨਾਲ ਵੇਖਦੇ ਰਹੇ ਕਿ ਛੇਤੀ–ਛੇਤੀ ਜੁਆਨ ਹੋਣ ਤੇ ਉਹ ਭਾਗਾਂ ਵਾਲਾ ਦਿਨ ਆਵੇ ਜਦੋਂ ਅਸੀਂ ਆਪਣੇ ਪਾਤਸ਼ਾਹ ਦਾ ਅਨੰਦ ਕਾਰਜ ਵਾਲਾ ਦਿਨ ਵੇਖ ਸਕੀਏ।" ਸਤਿਗੁਰੂ ਸੱਚੇ

ਪਾਤਸ਼ਾਹ ਨੇ ਸਿੱਖ ਦੀਆਂ ਖੁਸ਼ੀਆਂ ਲੈਣ ਲਈ ਫੁਰਮਾਇਆ, "ਜਿਊਣ ਸਿੰਘਾ! ਇਸ ਗਲੋਂ ਮੈਂ ਤੈਨੂੰ ਨਰਾਜ਼ ਨਹੀਂ ਹੋਣ ਦੇਣਾ।... ਅਸੀਂ ਅਨੰਦ ਤੈਨੂੰ ਹੁਣੇ ਵਿਖਾ ਦੇਂਦੇ ਹਾਂ। ਹਰਨਾਮ ਸਿੰਘ ਨਥਾਣੀਏਂ ਨੂੰ ਹੁਕਮ ਕੀਤਾ ਕਿ ਵੇਦੀ ਗੱਡੋ, ਹਵਨ ਕਰੋ ਅਤੇ ਮੇਰੀ ਸਿੰਘਨੀ ਨੂੰ ਲੈ ਆਉ ਅਤੇ ਦੁਬਾਰਾ ਅਨੰਦ ਕਾਰਜ ਕਰੋ ਜਿਊਣ ਸਿੰਘ 'ਝੱਬਰ, ਸਾਮ੍ਹਣੇ।' ਸਿੱਖ ਏਨੇ 'ਚ ਖੁਸ਼ ਹੋ ਗਿਆ ਤੇ ਬਾਗੋ ਬਾਗ ਹੋਏ ਨੇ ਅਰਜ਼ ਕੀਤੀ, "ਬੱਸ ਬਈ ਬੱਸ ਮੈਂ ਅਨੰਦ ਵੇਖ ਲਿਆ ਹੈ।"

ਫੇਰ ਉਸ ਭਾਗਾਂ ਵਾਲੇ ਦਿਨ ਦਾ ਵੀ ਜਿਕਰ ਹੈ ਜਦੋਂ ਅਟੱਲ ਪ੍ਰਤਾਪੀ ਪਾਤਸ਼ਾਹ ਦੇ ਗ੍ਰਹਿ ਵਿਖੇ ਮਾਤਾ ਭੂਪਿੰਦਰ ਕੌਰ ਦੀ ਗੋਦ ਨੂੰ ਬਾਲ ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ) ਨੇ ਭਾਗ ਲਾਇਆ। ਹੋਲਾ ਮੁਕਸਤਰ ਸੰਮਤ 1977 ਬਿਕ੍ਰਮੀ ਨਵ ਜਨਮੇਂ ਸਾਹਿਬਜ਼ਾਦੇ ਜੋ ਉਦੋਂ ਅਤੇ ਤਿੰਨਾਂ ਚਾਰਾਂ ਮਹੀਨਿਆਂ ਦੇ ਸਨ ਮਾਤਾ ਭੂਪਿੰਦਰ ਕੌਰ ਜੀ ਲੈ ਕੇ ਆਏ ਸਨ। ਸਾਰੇ ਘੋੜਿਆਂ ਵਾਲੇ ਮਾਤਾ ਜੀ ਨੂੰ ਮੱਥਾ ਟੇਕਣ ਅਤੇ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਗਏ। ਬਾਲਾ ਪ੍ਰੀਤਮ ਦੇ ਪਹਿਲੇ ਸੇਵਕ ਮਹੰਤ ਕੇਸਰ ਸਿੰਘ ਜੀ ਅਤੇ ਦੂਸਰੇ ਇਸ ਪੁਸਤਕ ਦੇ ਮੂਲ ਸ੍ਰੋਤ ਜਥੇਦਾਰ ਗੁਰਮੁਖ ਸਿੰਘ ਝੱਬਰ ਸਨ।

ਸੈਂਕੜੇ ਹੀ ਗੁਰੂ ਘਰ ਦੇ ਸੇਵਾਦਾਰਾਂ, ਰਾਗੀਆਂ, ਪ੍ਰਚਾਰਕਾਂ, ਮਹਾਂਪੁਰਸ਼ਾਂ ਅਤੇ ਮਹਾਂਬਲੀ ਸੰਤ ਸਿਪਾਹੀਆਂ ਨੂੰ ਜਥੇਦਾਰ ਗੁਰਮੁਖ ਸਿੰਘ ਦੇ ਚੇਤੇ ਦੀ ਚੰਗੇਰ ਨੇ ਜੀਵੰਤ ਰੱਖਿਆ ਹੈ। ਚਾਰ ਪੰਜ ਦਹਾਕਿਆਂ ਬਾਦ ਵੀ ਸਤਿਗੁਰੂ ਸੱਚੇ ਪਾਤਸ਼ਾਹ ਦੇ ਦੌਰਿਆਂ ਦਾ ਵੇਰਵਾ ਪਿੰਡਾਂ-ਥਾਵਾਂ ਦੇ ਨਾਮ ਇਵੇਂ ਯਾਦ ਹਨ ਜਿਵੇਂ ਕਿਤੇ ਡਾਇਰੀ ਤੇ ਨੋਟ ਕੀਤੇ ਹੋਣ। ਮਾਲਵੇ ਦੇ ਦੌਰੇ ਦੇ ਪਿੰਡਾਂ ਦੇ ਨਾਮ ਪੜ੍ਹਦਿਆਂ ਇਵੇਂ ਮਹਿਸੂਸ ਹੁੰਦਾ ਹੈ ਕਿ ਪਿੰਡਾਂ ਵਿੱਚੋਂ ਲੰਘ ਰਹੇ ਹੋਈਏ- "ਦੁਸਹਿਰੇ ਨੂੰ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਪੁੱਜੇ ਤੇ ਫਿਰ ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਜੁੜ ਗਏ। ਲਾਹੌਰ ਸ਼ੇਖੂਪੁਰੇ ਨੂੰ ਤਾਰਦੇ ਨਨਕਾਣੇ ਸਾਹਿਬ ਚਾਰ ਦਿਨ ਰਹਿ ਕੇ ਮੇਲਾ ਕੀਤਾ। ਫੇਰ ਲਾਹੌਰ ਦੇ ਪਿੰਡਾਂ ਵਿੱਚ ਦੀ ਹੁੰਦੇ ਹੋਏ ਆਪ ਜ਼ਿਲ੍ਹਾ ਫਿਰੋਜ਼ਪੁਰ ਮਾਲਵੇ ਵਿੱਚ ਪੁੱਜ ਗਏ। ਰੋਡੇ, ਖੋਟੇ, ਮਧੇ, ਸੈਦੋਂ, ਭਦੌੜ, ਬਿਲਾਸਪੁਰ, ਤਖਤੂਪੁਰਾ, ਨੰਗਲ, ਨਥਾਣਾ, ਭਗਤਾ ਭਾਈ ਕਾ, ਢਿਲਵਾਂ, ਜੌੜੇ, ਰਾਇਸਰ, ਬਰਨਾਲਾ, ਧਨੌਲਾ, ਪਿਥੋ, ਗੁਮਟੀ, ਕਰਾਈਵਾਲਾ, ਮਲੋਟ, ਗੁਰੂਸਰ, ਅਬੁਲ ਖੁਰਾਣਾ, ਮੁਕਤਸਰ, ਫੂਲੇਵਾਲਾ, ਝਾੜੀਵਾਲਾ, ਕੰਵਣਪੁਰ, ਦਾਉਕੇ ਆਦਿ ਥਾਣੀਂ ਮਾਲਵੇ ਦਾ ਦੌਰਾ ਮੁਕੰਮਲ ਕਰਕੇ ਫਿਰ ਮਾਝੇ ਵਿੱਚ ਦਾਖਲ ਹੋ ਗਏ। ਇਥੋਂ ਫਿਰ ਆਪ ਪੱਤੋ, ਜਮਸ਼ੇਰ, ਨਥੇਹ ਤੋਂ ਰਾਵੀ ਲੰਘਕੇ ਅਠਾਰਾਂ ਚੱਕ ਦੁਗੈਚ, ਉੱਨੀ ਚੱਕ ਦੁਗੈਚ, ਰੱਤਾ ਚੋਆ, ਬੁਰਜ, ਸਿਰਹਾਲੀ (ਬਾਰਵਾਲੀ), ਚੂਹੇਝਾੜ, ਕੱਟਿਆਂਵਾਲੀ, ਪੰਨਵਾਂ, ਮਾਨਾਵਾਲਾ,

ਮੱਖੀ ਆਦਿ ਨਗਰਾਂ ਨੂੰ ਭਾਗ ਲਾਉਂਦੇ ਹੋਏ ਪਿੰਡ ਵਰਨ ਜ਼ਿਲ੍ਹਾ ਸ਼ੇਖ਼ੂਪੁਰਾ ਹੋਲੇ ਮਹੱਲੇ ਦੇ ਪੁਰਬ ਸਮੇਂ ਜਾ ਦਰਸ਼ਨ ਦਿੱਤੇ।"

ਇਸਤੋਂ ਬਿਨਾਂ ਨਾਮਧਾਰੀ ਦਰਬਾਰ ਦੀ ਸਥਾਪਨਾ, ਸੁਹੇਵਾ ਸਾਹਿਬ ਵਿਖੇ 1977 ਬਿਕ੍ਰਮੀ 'ਚ ਹੋਏ ਪਹਿਲੇ ਅਖੰਡ ਪਾਠਾਂ ਦਾ ਜਿਕਰ ਹੈ, ਮਹਾਰਾਜਾ ਹੀਰਾ ਸਿੰਘ ਨਾਭਾਪਤਿ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਗੁਰੂ ਘਰ ਨਾਲ ਮੁੱਢ ਕਦੀਮੀਂ ਸਬੰਧਾਂ ਬਾਰੇ ਵੀ ਇਸ ਲਿਖਤ 'ਚੋਂ ਜਾਣਕਾਰੀ ਮਿਲਦੀ ਹੈ। ਫੇਰ ਮਹਾਰਾਜੇ ਘਰ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਪੁੱਤਰ ਹੋਣਾ ਅਤੇ ਉਸ ਵਲੋਂ ਰੋਲਜ਼ ਰਾਇਸ ਕਾਰ ਅਤੇ ਕ੍ਰੀਬ 1100 ਏਕੜ ਜ਼ਮੀਨ (ਬੀੜ) ਗੁਰੂ ਚਰਨਾਂ ਵਿੱਚ ਭੇਟ ਕਰਨ ਬਾਰੇ ਲਿਖਿਆ ਹੈ ਜਿਥੇ ਹੁਣ ਕ੍ਰੀਬ ਸੌ ਤੋਂ ਵੱਧ ਪਰਵਾਰ ਵੱਸੇ ਹੋਏ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਰਾ ਜੀਵਨ ਹੀ ਸੰਘਰਸ਼ਮਈ ਗੁਜਰਿਆ- ਆਪ ਜੀ ਦਾ ਪ੍ਰਕਾਸ਼ ਵੀ ਬੰਦੀਖਾਨੇ (ਸ੍ਰੀ ਭੈਣੀ ਸਾਹਿਬ) ਵਿੱਚ ਹੀ ਹੋਇਆ, ਡਿਓੜੀ ਅੱਗੇ ਪੁਲਿਸ ਚੌਂਕੀ। ਪੌਣੇ ਕੁ ਸਤਾਰਾਂ ਸਾਲ ਦੀ ਯੁਵਾ ਅਵਸਥਾ ਵਿੱਚ ਆਪ ਜੀ ਗੁਰਗੱਦੀ ਦੀ ਵੱਡੀ ਜ਼ਿੰਮੇਵਾਰੀ ਸੰਭਾਲੀ ਤਾਂ ਸੰਗਤ ਆਪ ਜੀ ਨੂੰ ਸਾਹਿਬਜ਼ਾਦੇ ਜਾਂ ਮਹਾਰਾਜ ਕਹਿ ਕੇ ਸਤਿਕਾਰਦੀ ਸੀ। ਅਜੇ ਇਹ ਪ੍ਰਤਾਪੀ ਸੂਰਜ, ਬਾਲ ਸੂਰਜ ਵਾਂਗ ਸ਼ਾਂਤ ਸੀ ਪਰ ਛੇਤੀ ਹੀ ਸਮੇਂ ਦੇ ਨਾਲ ਹਰੀ ਦੇ ਪ੍ਰਤਾਪ ਨੇ ਤੇਜੱਸਵੀ ਰੂਪ ਧਾਰਿਆ। ਇਸ ਪੁਸਤਕ ਦੇ ਪ੍ਰਸੰਗ ਆਪ ਦੇ ਮਹਾਰਾਜ ਤੋਂ ਸਤਿਗੁਰੂ ਅਤੇ ਫਿਰ ਅਟੱਲ ਪ੍ਰਤਾਪੀ ਵੱਡੇ ਪ੍ਰਤਾਪ ਵਾਲੇ ਸਤਿਗੁਰੂ ਬਨਣ ਦਾ ਸਮਾਂ ਹੈ- ਜਦੋਂ ਭਗਤੀ ਅਤੇ ਸ਼ਕਤੀ ਦੋਵੇਂ ਬਰਾਬਰ ਸਿਖਰ ਤੇ ਸਨ ਇਕ ਪਾਸੇ ਨਾਮ ਸਿਮਰਨ ਦੇ ਜੱਪ ਪ੍ਰਯੋਗ, ਅਖੰਡ ਪਾਠਾਂ ਦੇ ਪ੍ਰਵਾਹ ਅਤੇ ਹੋਲਿਆਂ ਮੇਲਿਆਂ ਦੇ ਵੱਡੇ ਯੋਗ ਹੋ ਰਹੇ ਸਨ। ਦੂਸਰੇ ਪਾਸੇ 'ਦੁਸਟਨ ਦਾਹ ਗ੍ਰੀਬ ਨਿਵਾਜਾ, ਦੇ ਬਿਰਦ-ਪਾਲਕ ਸਤਿਗੁਰੂ ਜੀ ਦੀਆਂ ਲਾਡਲੀਆਂ ਫੌਜਾਂ ਲੋੜ ਪੈਣ ਤੇ ਵਿਗੜਿਆਂ ਬਦਮਾਸ਼ਾਂ ਨੂੰ ਡਾਂਗ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਉਂਦੀਆਂ ਸਨ। ਗੁਰੂ ਕਿਰਪਾ ਸਦਕਾ ਹਰ ਮੈਦਾਨ ਫਤਹਿ ਹੁੰਦਾ ਸੀ।

ਗੁਰੂ-ਜੱਸ ਦੇ ਬੜੇ ਹੀ ਰੌਚਕ ਪ੍ਰਸੰਗ ਚਲਦਿਆਂ, ਇਕ ਦਮ ਪਾਠਕ ਨੂੰ ਝਟਕਾ ਲਗਦਾ ਹੈ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਲਾਇਲਪੁਰ ਵਿਖੇ ਅੰਗ੍ਰੇਜ਼ ਸਰਕਾਰ ਵਿਰੁੱਧ ਜਲੂਸ ਤੋਂ ਬਾਅਦ 1923 ਈ. ਦੇ ਹੋਲੇ ਮਹੱਲੇ ਤੇ ਪਿੰਡ ਢੋਟੀਆਂ ਪੁੱਜਦਾ ਹੈ ਅਤੇ ਪੁਸਤਕ ਦਾ ਸਮਾਤਮ ਸੱਤ ਹੋ ਜਾਂਦਾ ਹੈ। ਇਹ ਗਲ ਸੁਵਰਣ ਸਿੰਘ ਵਿਰਕ ਵੀ ਮਹਿਸੂਸ ਕਰਦਾ ਹੈ ਕਿ ਉਸ ਵੇਲੇ ਅੱਜ ਵਾਂਗ ਇਸਦੀ ਕਦਰ ਤੇ ਸਮਝ ਹੁੰਦੀ ਤਾਂ ਘੱਟੋ ਘੱਟ 1954 ਈ. ਤੱਕ ਦੇ ਪ੍ਰਸੰਗ ਨੋਟ ਕੀਤੇ ਹੁੰਦੇ। ਪਰ ਫੇਰ ਵੀ ਜਿੰਨੇ ਮੋਤੀ ਸਾਂਭੇ ਗਏ ਉਹੀ ਸਾਡੇ ਜੀਵਨ ਦਾ ਸ਼ਿੰਗਾਰ ਬਨਣ। ਇਸ

ਅਨਮੋਲ ਖਜਾਨੇ ਨੂੰ ਅੱਖਰੀ ਰੂਪ ਵਿੱਚ ਸੰਗਤਾਂ ਤੱਕ ਪੁਚਾਉਣ ਲਈ ਪਿਤਾ ਪੁੱਤਰ, ਜਥੇਦਾਰ ਗੁਰਮੁਖ ਸਿੰਘ ਜੀ ਅਤੇ ਸ੍ਰ. ਸੁਵਰਨ ਸਿੰਘ ਧੰਨਵਾਦ ਅਤੇ ਵਧਾਈ ਦੇ ਪਾਤਰ ਹਨ।

ਇਸ ਤੋਂ ਅੱਗੇ ਕ੍ਰੀਬ ਸੱਤਰ ਪੰਨੇ ਕੁਝ ਰਿਕਾਰਡ ਕੀਤੀਆਂ ਮੁਲਾਕਾਤਾਂ ਦਾ ਲਿਖਤੀ ਰੂਪ ਹੈ। ਅੰਤਿਕਾ-। ਵਿੱਚ ਕਵੀ ਪ੍ਰੀਤਮ ਸਿੰਘ ਜੀ ਵਲੋਂ ਜਥੇ. ਗੁਰਮੁਖ ਸਿੰਘ ਜੀ ਦੀ ਇੰਟਰਵਿਊ ਹੈ ਬੇਸ਼ੱਕ ਪ੍ਰਸੰਗਾਂ ਦਾ ਦੁਹਰਾਓ ਹੈ ਪਰ ਕਵੀ ਜੀ ਦੁਆਰਾ ਪੁੱਛਗਿੱਛ ਅਤੇ ਪੇਸ਼ਕਾਰੀ ਨਿਵੇਕਲੀ ਹੈ। ਅੰਤਿਕਾ-II ਵਿੱਚ 12 ਵੈਸਾਖ 2038 ਬਿਕ੍ਰਮੀ ਨੂੰ ਠਾਕੁਰ ਦਲੀਪ ਸਿੰਘ ਦੁਆਰਾ ਕੀਤੀ ਵੀਡੀਓ ਰਿਕਾਰਡਿੰਗ ਦਾ ਲਿਖਤੀ ਰੂਪ ਹੈ। ਇਹ ਦੋ ਮੁਲਾਕਾਤਾਂ ਦਾ ਸੰਗ੍ਰਹਿ ਹੈ। ਇਹ ਤਿੰਨ ਮੁਲਾਕਾਤਾਂ ਦੀ ਆਡੀਓ ਅਤੇ ਵੀਡੀਓ ਰਿਕਾਰਡਿੰਗ ਇਸ ਪੁਸਤਕ ਦੀ ਪ੍ਰਮਾਣਿਕਤਾ ਦੀ ਠੋਸ ਗਵਾਹੀ ਹੈ। ਇਨ੍ਹਾਂ ਮੁਲਾਕਾਤਾਂ ਦੀ ਸ਼ਬਦਾਵਲੀ ਲੇਖਕ ਜਾਂ ਸ੍ਰੋਤਾਂ ਦੇ ਸ਼ਬਦਾਂ ਵਿੱਚ ਨਹੀਂ ਸਗੋਂ ਬਿਆਨ-ਕਰਤਾ ਦੇ ਮੂਲ ਸ਼ਬਦਾਂ ਵਿੱਚ ਹੀ ਹੈ। ਅੰਤਿਕਾ-III ਵਿੱਚ ਮੁੱਖ ਪਾਤਰ ਜਾਂ ਵਕਤਾ ਦਾ ਸੰਖੇਪ ਜੀਵਨ ਚਰਿੱਤਰ, ਪਿਛੋਕੜ ਅਤੇ ਪੁਸਤਕ ਦਾ ਸਾਰਾਂਛ ਹੈ ਜਾਂ ਕਹਿ ਸਕਦੇ ਹਾਂ ਕਿ ਇਹ ਉਨ੍ਹਾਂ 'ਬਾਬਾਣੀਆਂ-ਕਹਾਣੀਆਂ' ਦਾ ਜਿਕਰ ਹੈ ਜੋ 'ਪੁੱਤ-ਸਪੁੱਤ' ਕਰਨ ਦੀ ਸ਼ਕਤੀ ਰੱਖਦੀਆਂ ਹਨ। 'ਪਿਤਾ ਸ੍ਰੀ ਨੂੰ ਯਾਦ ਕਰਦਿਆਂ' ਸ੍ਰ. ਸੁਵਰਨ ਸਿੰਘ ਵਿਰਕ ਦੀ ਸਾਹਿਤਿਕ ਸ਼ੈਲੀ ਸੋਨੇ 'ਚ ਸੁਗੰਧੀ ਸਮਾਨ ਹੈ।

ਕੁਝ ਹੋਰ ਵਿਅਕਤੀਆਂ ਵਿਸ਼ੇਸ਼ ਬਾਰੇ ਸੰਖੇਪ ਜਾਣਕਾਰੀ ਇਸੇ ਪੁਸਤਕ ਦੇ ਸੰਗ ਪਾਠਕਾਂ ਤੱਕ ਪਹੁੰਚ ਰਹੀ ਹੈ। ਪ੍ਰਸੰਗ ਪੱਖੋਂ ਕਾਲ-ਖੰਡ ਅਤੇ ਵਿਸ਼ਾ-ਵਸਤੂ ਪੁਸਤਕ ਨਾਲ ਸਬੰਧਿਤ ਹੀ ਹੈ। ਇਨ੍ਹਾਂ ਵਿੱਚ ਪਹਿਲੀ ਮੁਲਾਕਾਤ ਸੰਤ ਉੱਤਮ ਸਿੰਘ ਰਾਇਸਰ ਵਾਲਿਆਂ ਬਾਰੇ, ਸਤਿਗੁਰੂ ਰਾਮ ਸਿੰਘ ਜੀ ਵੇਲੇ ਸਿੱਖ ਸਜਣ ਦੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਬਚਨ ਹਨ। ਇਹ ਲਿਖਤ ਉਨ੍ਹਾਂ ਦੇ ਪੁੱਤਰ ਵਲੋਂ ਸੰਤ ਉੱਤਮ ਸਿੰਘ ਜੀ ਤੋਂ ਸੁਣ ਕੇ ਲਿਖੀ ਗੁਰ-ਗਾਥਾ ਹੈ। ਇਸ ਭਜਨੀਕ ਸ਼ਰਧਾਲੂ ਅਤੇ ਮਹਾਂਬਲੀ ਗੁਰਸਿੱਖ ਬਾਰੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਰਿਕਾਰਡ ਉਪਦੇਸ਼ਾਂ ਵਿੱਚ ਵੀ ਜਿਕਰ ਹੈ ਜੋ 'ਲਾਲ ਏਹਿ ਰਤਨ' ਵਿੱਚ ਦਰਜ ਹੈ। ਇਸਦੇ ਨਾਲ ਹੀ ਕੁੱਝ ਪੰਨੇ ਪੰਡਿਤ ਮਨਸਾ ਸਿੰਘ ਜੀ ਕੌਮੀ ਦੇ ਹਥ ਲਿਖਤ ਮਿਲੇ ਜਿਨ੍ਹਾਂ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ 1993 ਬਿਕ੍ਰਮੀ (1936 ਈ.) ਦੇ 12 ਚੇਤਰ ਤੋਂ 6 ਅੱਸੂ ਤੱਕ ਦੇ ਦੌਰਿਆਂ ਬਾਰੇ ਤਾਰੀਖਵਾਰ ਸੰਖੇਪ ਜਾਣਕਾਰੀ ਹੈ। ਇਹ ਪੰਨੇ ਵੀ ਇਸ ਪੁਸਤਕ ਸੰਗ ਸੰਗਤਾਂ ਦੇ ਹਾਜ਼ਰ ਸਨ।

ਇਸ ਤੋਂ ਅੱਗੇ ਸੰਨ 1979-80 ਵਿੱਚ ਕਵੀ ਪ੍ਰੀਤਮ ਸਿੰਘ ਜੀ ਦੁਆਰਾ

ਚਾਰ ਪ੍ਰਮੁੱਖ ਵਿਅਕਤੀਆਂ ਦੀਆਂ ਰਿਕਾਰਡ ਕੀਤੀਆਂ ਮੁਲਾਕਾਤਾਂ ਦਾ ਕਵੀ ਜੀ ਦੁਆਰਾ ਲਿਖਿਆ ਸੰਖੇਪ ਵਿਵਰਣ ਹੈ। ਪਹਿਲੇ ਹਨ ਸੰਤ ਕਰਮ ਸਿੰਘ ਜੀ ਪਟਵਾਰੀ 'ਗੁਰ-ਇਤਿਹਾਸ ਜਾਣਕਾਰੀ' ਵੱਡ ਅਕਾਰੀ ਪੁਸਤਕ ਦੇ ਲੇਖਕ। ਆਪ ਸਰਸੇ ਰਹਿੰਦੇ ਸਨ। ਦੇਸ਼ ਦੀ ਵੰਡ ਉਪਰੰਤ ਇਲਾਕਾ ਜੀਵਨ ਨਗਰ ਵਿਖੇ ਨਾਮਧਾਰੀ ਸਿੱਖਾਂ ਦੇ ਵਸੇਬੇ ਅਤੇ ਜ਼ਮੀਨਾਂ ਦੀ ਵੰਡ ਆਦਿ ਵਿੱਚ ਆਪ ਦਾ ਮਹੱਤਵਪੂਰਨ ਯੋਗਦਾਨ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ਵਾਸਪਾਤਰ ਕਾਰ-ਮੁਖਤਿਆਰ ਸਨ- ਸੰਤ ਕਰਮ ਸਿੰਘ ਜੀ ਪਟਵਾਰੀ।

ਇਸੇ ਤਰ੍ਹਾਂ ਸ੍ਰ. ਅਵਤਾਰ ਸਿੰਘ ਝੱਬਰ ਵੀ ਸਤਿਗੁਰੂ ਜੀ ਦਾ ਮੁਖਤਿਆਰੇਆਮ ਸੁਨਿਮਰ, ਸੁਘੜ ਅਤੇ ਨਿਸ਼ਠਾਵਾਨ ਸਿੱਖ ਸੀ। ਇਲਾਕਾ ਜੀਵਨ ਨਗਰ ਦੀ ਸਥਾਪਨਾ ਸਮੇਂ ਤੋਂ ਲੈ ਕੇ ਲੰਮਾ ਸਮਾਂ ਆਪ ਨੇ ਗੁਰੂ ਕੇ ਪ੍ਰਮੁੱਖ ਕਹਿੰਦੇ ਵਜੋਂ ਸੇਵਾ ਨਿਭਾਈ। ਮਾਲ ਮਹਿਕਮੇ ਦੇ ਕਾਰਜਾਂ ਲਈ ਸੰਤ ਕਰਮ ਸਿੰਘ ਪਟਵਾਰੀ ਆਪ ਦੇ ਪ੍ਰਮੁੱਖ ਸਹਿਯੋਗੀ ਹੁੰਦੇ ਸਨ। ਸ੍ਰ. ਅਵਤਾਰ ਸਿੰਘ ਜੀ ਬਾਰੇ ਸੰਖੇਪ ਜਾਣਕਾਰੀ ਕਵੀ ਪ੍ਰੀਤਮ ਸਿੰਘ ਜੀ ਦੇ ਸ਼ਬਦਾਂ ਵਿੱਚ ਮੌਜੂਦ ਹੈ।

ਚੌਥੇ ਹਨ ਸ੍ਰ. ਗੁਰਦਿਆਲ ਸਿੰਘ ਜੀ ਸਤਿਜੁਗ ਦੇ ਸਾਬਕਾ ਸੰਪਾਦਕ ਤੇ ਪ੍ਰਕਾਸ਼ਕ। ਆਪ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਤੇ ਬਾਲ ਸਖਾ ਸਨ। ਗਿਆਨੀ ਗੁਰਦਿਆਲ ਸਿੰਘ ਜੀ ਦੇ ਵਡੇਰੇ ਸਤਿਗੁਰੂ ਰਾਮ ਸਿੰਘ ਜੀ ਵੇਲੇ ਦੇ ਪੁਰਾਤਨ ਸਿੱਖ ਸਨ। ਗਿਆਨੀ ਜੀ ਦੇ ਸ਼ਬਦਾਂ ਵਿੱਚ ਹੀ ਉਨ੍ਹਾਂ ਬਾਰੇ ਕੇਵਲ ਢਾਈ ਕੁ ਪੰਨਿਆਂ ਦੀ ਸੰਖੇਪ ਪਰ ਜਾਣਕਾਰੀ ਭਰਪੂਰ ਲਿਖਤ ਹੈ।

ਗੁਰੂ ਕੇ ਪਿਆਰੇ ਪੰਜਵੇਂ ਸੱਜਣ ਸੰਤ ਸੁੰਦਰ ਸਿੰਘ ਜੀ ਫਰੀਦ ਹਨ। ਸੰਤ ਆਲਾ ਸਿੰਘ ਜੀ ਦੇ ਜਥੇ ਦੇ ਸਾਥੀ, ਅਟੱਲ ਪ੍ਰਤਾਪੀ ਸਤਿਗੁਰੂ ਸੱਚੇ ਪਾਤਸ਼ਾਹ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ, ਸੰਤ ਸੁੰਦਰ ਸਿੰਘ ਜੀ ਦੇ ਉੱਚੇ ਸੁੱਚੇ ਜੀਵਨ ਸਦਕਾ ਹੀ ਸੰਗਤ ਆਪ ਨੂੰ ਫਰੀਦ ਜੀ ਕਹਿਕੇ ਸਤਿਕਾਰਦੀ ਸੀ। ਇਲਾਕਾ ਜੀਵਨ ਨਗਰ ਵੱਸਣ ਉਪਰੰਤ ਆਪ ਅੰਤ ਸਮੇਂ ਤੱਕ ਜ਼ਿਆਦਾ ਸੰਤ ਨਗਰ ਹੀ ਰਹੇ।

ਉਪਰੋਕਤ ਵਿਸ਼ੇਸ਼ ਗੁਰੂ ਨਿਵਾਜੇ ਗੁਰਮੁਖਾਂ ਬਾਰੇ ਕਵੀ ਪ੍ਰੀਤਮ ਸਿੰਘ ਜੀ ਦੀਆਂ ਸੰਖੇਪ ਲਿਖਤਾਂ ਛਪਣੋਂ ਰਹਿ ਹੀ ਜਾਂਦੀਆਂ ਜੇ ਸ੍ਰ. ਸੁਵਰਣ ਸਿੰਘ 'ਅੱਖੀਂ ਡਿੱਠਾ ਕਿੱਸਾ ਕੀਤਾ' ਨੂੰ ਪੁਸਤਕ ਰੂਪ ਦੇਣ ਦੀ ਖੇਚਲ ਨਾ ਕਰਦੇ।

'ਅੱਖੀਂ ਡਿੱਠਾ ਕਿੱਸਾ ਕੀਤਾ' ਵਿੱਚ ਸੱਚੇ ਸਾਹਿਬ ਦੀ ਸਿਫਤਿ-ਸਾਲਾਹ ਹੈ। ਗੌਰਵਮਈ ਇਤਿਹਾਸ ਹੈ। ਮਹਾਂਬਲੀ ਸੰਤ-ਸਿਪਾਹੀਆਂ ਦੇ ਮਹਾਨ ਕਾਰਨਾਮੇ ਹਨ। ਸੱਚੇ ਸਾਹ ਦੇ ਸੇਵਕਾਂ ਦੇ ਉੱਚੇ-ਸੁੱਚੇ ਜੀਵਨ ਬਿਰਤਾਂਤ ਹਨ। ਇਹ ਪੁਸਤਕ

ਗੁਰਸਿੱਖੀ ਮਾਰਗ ਦੇ ਪਾਂਧੀਆਂ ਲਈ ਪ੍ਰੇਰਣਾ ਦਾ ਸ੍ਰੋਤ ਹੈ। 'ਧੰਨੁ ਲੇਖਾਰੀ ਨਾਨਕਾ, ਗੁਰਵਾਕ ਅਨੁਸਾਰ ਇਸ ਦੀ ਉੱਤਮ ਸੇਵਾ ਲਈ ਸ੍ਰ. ਸੁਵਰਣ ਸਿੰਘ ਵਿਰਕ ਧੰਨਤਾ ਯੋਗ ਅਤੇ ਵਧਾਈ ਦੇ ਪਾਤਰ ਹਨ।

**ਹਰਪਾਲ ਸਿੰਘ ਹਜ਼ੂਰੀ ਸੇਵਕ**
ਸ੍ਰੀ ਭੈਣੀ ਸਾਹਿਬ
ਮੋਬਾ. 94176-01321

*ਲੇਖਕ/ਸੰਪਾਦਕ ਵਲੋਂ*

# ਅੱਖੀਂ ਡਿੱਠਾ ਕਿੱਸਾ ਕੀਤਾ

ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਤੇ ਆਧਾਰਿਤ ਪੁਸਤਕ ਹੈ। ਇਹ ਯਾਦਾਂ ਮੈਂ ਅੱਜ ਤੋਂ 55-60 ਸਾਲ ਪਹਿਲਾਂ, ਕਰੀਵਾਲਾ (ਸਿਰਸਾ) ਵਿਖੇ ਬਾਪੂ ਜੀ ਤੋਂ ਸੁਣਕੇ, ਤਕਰੀਬਨ ਉਹਨਾਂ ਦੀ ਹੀ ਪੇਸ਼ਕਾਰੀ ਨੂੰ ਅੱਖਰਾਂ ਦਾ ਜਾਮਾ ਪੁਆ ਦਿੱਤਾ ਹੈ। ਸੋ ਥੋਹੜਾ ਬਹੁਤ ਤਿੱਥ ਸਾਲ ਦਾ ਕੋਈ ਅੰਤਰ ਜਾਂ ਵਾਕਿਆਤ ਦੀ ਕਿਸੇ ਵਿਸ਼ੇਸ਼ ਸੁਧਾਈ ਤੋਂ ਬਿਨਾਂ ਬਾਕੀ ਮੈਂ ਆਪਣੇ ਵਲੋਂ, ਇਸ ਵਿਚ ਕੁਝ ਵੀ ਜੋੜਿਆ ਜਾਂ ਘਟਾਇਆ ਨਹੀਂ। ਉਹ ਪੁਸਤਕ ਸਤਿਗੁਰੂ ਪਰਤਾਪ ਸਿੰਘ ਜੀ, ਜੋ 1906 ਤੋਂ 1959 ਈ. ਤੱਕ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਬਿਰਾਜਮਾਨ ਰਹੇ ਉਹਨਾਂ ਦੇ ਗੁਰਤਾਕਾਲ ਦੇ ਪਹਿਲੇ ਸਤਾਰਾਂ ਸਾਲਾਂ ਨਾਲ ਸੰਬੰਧਿਤ ਹੈ। ਮੈਂ ਜਦੋਂ ਉਚੇਰੀ ਪੜ੍ਹਾਈ ਲਈ ਪਿੰਡ ਤੋਂ ਦੂਰ, ਸਿਰਸਾ, ਚੰਡੀਗੜ੍ਹ ਆਦਿ ਥਾਵਾਂ ਤੇ ਰਹਿੰਦਾ ਰਿਹਾ ਤਾਂ ਫਿਰ ਸੱਤਵੀਂ, ਅੱਠਵੀਂ ਜਮਾਤ ਵਿਚ ਪੜ੍ਹਦਿਆਂ ਜਿਹੜਾ ਰਾਬਤਾ ਬਾਪੂ ਜੀ ਤੋਂ, ਸਕੂਲ ਟਾਈਮ ਬਾਦ ਜਾਂ ਗਰਮੀਆਂ ਦੀਆਂ ਛੁੱਟੀਆਂ ਵਿਚ ਸੁਣਕੇ ਲਿਖਣ ਦਾ ਬਣਿਆ ਸੀ, ਉਹ ਟੁੱਟ ਗਿਆ। ਬਾਪੂ ਜੀ ਦੇ 1983 ਈ. ਵਿਚ ਗੁਜ਼ਰ ਜਾਣ ਤੋਂ ਵੀ ਕੋਈ ਡੇਢ ਦਹਾਕਾ ਬਾਅਦ ਮੈਨੂੰ ਆਪਣੀ ਕੋਤਾਹੀ ਡਾਢ੍ਹਾ ਅਵਾਜ਼ਾਰ ਕਰਦੀ ਰਹੀ। ਹੁਣ ਮੈਂ ਸੋਚਦਾ ਹਾਂ ਕਿ ਜੇ ਉਦੋਂ ਮੈਂ ਘੌਲ ਦਾ ਸ਼ਿਕਾਰ ਨਾ ਹੁੰਦਾ ਤਾਂ ਨਾਮਧਾਰੀ ਜਗਤ ਨਾਲ ਸਬੰਧਿਤ, ਘੱਟੋ ਘੱਟ ਹੋਰ ਇਕ ਚੌਥਾਈ ਸਦੀ ਦਾ ਡੇਰਾ ਸ੍ਰੀ ਭੈਣੀ ਸਾਹਿਬ ਦਾ ਇਤਿਹਾਸ ਜਿਸ ਦੌਰਾਨ ਉਹ ਡੇਰੇ ਦੇ ਮੁੱਖ ਪ੍ਰਬੰਧਕ ਜਿਉਂ ਜ਼ਿਮੇਵਾਰੀ ਨਿਬਾਹੁੰਦੇ ਰਹੇ ਸਨ, ਬਾਪੂ ਜੀ ਤੋਂ ਸੁਣ ਸੁਣਾ ਕੇ ਲਿਖ ਲੈਣਾ ਸੀ। ਪ੍ਰੰਤੂ ਬੀਤੇ ਵਕਤ ਤੇ ਅਫਸੋਸ ਹੀ ਕੀਤਾ ਜਾ ਸਕਦਾ ਹੈ, ਉੱਥੇ ਇਹ ਮੇਰੇ ਬਾਪੂ ਜੀ, ਜਥੇਦਾਰ ਗੁਰਮੁਖ ਸਿੰਘ ਝੱਬਰ ਹੋਰਾਂ ਦੀ ਜੀਵਨੀ ਦਾ ਵੀ ਸੁਨਹਿਰੀ ਕਾਲ ਸੀ, ਜਿਸ ਦੀ ਅਣਹੋਂਦ ਕਈ ਮਹੱਤਵਪੂਰਨ ਘਟਨਾਵਾਂ ਦੀ ਸਮੀਖਿਆ ਕਰਦਿਆਂ ਅਕਸਰ ਰੜਕਦੀ ਰਹਿੰਦੀ ਹੈ। ਜਿਹੜਾ ਲਿਖਿਆ ਮੇਰੇ ਪਾਸ ਪਿਆ ਸੀ ਇਸ ਨੂੰ ਨਾ ਕਾਫੀ ਸਮਝਕੇ ਮੈਂ ਪੁਰਾਣੇ ਕਾਗ਼ਜ਼ਾਂ ਵਿਚ ਹੀ ਲੁਕੋਇਆ ਹੋਇਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸਕੱਤਰ ਰਹੇ, ਸੰਤ ਤਰਸੇਮ ਸਿੰਘ

ਹੋਰਾਂ ਨੇ, ਜਦੋਂ ਮੇਰੇ ਇਸ ਖਰੜੇ ਵਿਚ ਦਿਲਚਸਪੀ ਲੈਣੀ ਆਰੰਭੀ ਤਾਂ ਮੈਂ ਇਸ ਨੂੰ 1996-97 ਈ. ਵਿਚ ਪੁਰਾਣੀਆਂ ਕਾਪੀਆਂ ਤੋਂ ਉਤਾਰ ਕੇ ਇਕ ਖਰੜਾ ਬਣਾ ਲਿਆ। ਜਿਸ ਦੀ ਇਕ ਕਾਪੀ ਫੋਟੋਸਟੇਟ ਸੰਤ ਤਰਸੇਮ ਸਿੰਘ ਮੇਰੇ ਪਾਸੋਂ ਲੈ ਗਏ। ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਨਾਲ ਸਬੰਧਿਤ, ਸੂਬਾ ਸੁਰਿੰਦਰ ਕੌਰ ਖਰਲ ਦੁਆਰਾ ਲਿਖਤ ਪੁਸਤਕ, ਪਰਕਾਸ਼ ਪੁੰਜ (ਭਾਗ ਪਹਿਲਾ) ਵਿਚ ਇਸ ਖਰੜੇ ਦੀ ਅਤੇ ਬਾਪੂ ਜੀ ਦੀਆਂ ਟੇਪ ਰਿਕਾਰਡ ਹੋਈਆਂ ਯਾਦਾਂ ਦੀ ਕਾਫ਼ੀ ਵਰਤੋਂ ਕੀਤੀ ਗਈ ਹੈ।

ਹੱਥਲੀ ਪੁਸਤਕ ਭਾਵੇਂ ਆਪਣੇ ਇਤਿਹਾਸਕ ਵਿਅਕਤੀਆਂ ਜਾਂ ਕਾਲ ਨਾਲ, ਪੂਰਾ ਨਿਆਓਂ ਨਹੀਂ ਕਰ ਸਕਦੀ ਪਰ ਸੂਚਨਾ ਦਾ ਪ੍ਰਾਥਮਿਕ ਸਰੋਤ ਹੋਣ ਨਾਤੇ ਕੂਕਾ ਇਤਿਹਾਸ ਦੇ ਜਿਸ ਕਾਲ ਖੰਡ (1906-1923 ਈ.) ਦਾ ਇਸ ਵਿਚ ਵਰਣਨ ਹੈ, ਇਹ ਇਤਿਹਾਸਕ ਨਜ਼ਰੀਏ ਤੋਂ ਬਹੁਤ ਮਹੱਤਵਪੂਰਨ ਹੈ। ਇਸ ਲਈ ਕਿਸੇ ਪ੍ਰਤੱਖ ਦਰਸ਼ੀ ਦੀ ਇਹਨਾਂ ਘਟਨਾਵਾਂ ਦੇ ਵਾਪਰਨ ਸਮੇਂ ਦੀ ਅਗਵਾਹੀ ਪਹਿਲੇ ਦਰਜੇ ਦੀ ਅਗਵਾਈ ਜਿਹਾ ਰੁਤਬਾ ਰੱਖਦੀ ਹੈ। ਇਹ ਸੋਚ ਕੇ ਮੈਂ ਇਸ ਨੂੰ ਪੁਸਤਕ ਦਾ ਜਾਮਾ ਪਹਿਨਾਉਣ ਦਾ ਉਪਰਾਲਾ ਅਰੰਭਿਆ ਹੈ। ਚੰਗੇ ਭਾਗਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ (ਠਾਕੁਰ) ਸ੍ਰੀ ਦਲੀਪ ਸਿੰਘ ਅਤੇ ਕਵੀ ਪ੍ਰੀਤਮ ਸਿੰਘ ਹੋਰਾਂ ਦੁਆਰਾ ਬਾਪੂ ਜੀ ਪਾਸੋਂ ਰੀਕਾਰਡ ਕੀਤੀਆਂ ਦੋ ਵੀਡੀਓ ਅਤੇ ਇਕ ਆਡੀਓ ਟੇਪ ਦੀਆਂ ਨਕਲਾਂ ਵੀ ਉਪਲੱਬਧ ਹੋ ਗਈਆਂ। ਜੋ ਬਹੁਤ ਕੀਮਤੀ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ। ਇਸ ਲਈ ਇਹਨਾਂ ਨੂੰ ਅੰਤਿਕਾ ਵਿਚ ਸ਼ਾਮਲ ਕਰ ਲਿਆ ਗਿਆ ਹੈ। ਜਗਦੀਸ਼ ਸਿੰਘ ਵਰਿਆਮ ਜੀ ਦਾ ਹੁਕਮ ਮੰਨਕੇ ਮਾਸਿਕ ਵਰਿਆਮ ਜਲੰਧਰ ਦੇ ਮਈ 1988 ਦੇ ਅੰਕ ਵਿਚ, ਬਾਪੂ ਜੀ ਦਾ ਚਿਹਰਾ ਮੋਹਰਾ ਜਿਹੋ ਜਿਹਾ ਮੇਰੀ ਯਾਦਾਂ ਦੀ ਪੱਟੀ 'ਤੇ ਉੱਕਰਿਆ ਸੀ ਮੈਂ ਇਕ ਲੇਖ ਦੇ ਰੂਪ ਵਿਚ ਲਿਖ ਦਿੱਤਾ ਸੀ। ਪਾਠਕਾਂ ਦੀ ਦਿਲਚਸਪੀ ਵਾਸਤੇ, ਇਸਨੂੰ ਵੀ ਅੰਤਿਕਾ ਦੇ ਤੀਜੇ ਭਾਗ ਵਜੋਂ ਸ਼ਾਮਲ ਕੀਤਾ ਜਾ ਰਿਹਾ ਹੈ।

ਜਿਹਾ ਕਿ ਪਾਠਕ ਨੂੰ ਇਸ ਰਚਨਾ ਦੇ ਪਾਠ ਬਾਅਦ ਜਾਣਕਾਰੀ ਮਿਲੇਗੀ ਕਿ ਇਸ ਪੁਸਤਕ ਨੂੰ ਲਿਖਵਾਉਣ ਵਾਲਾ ਸੱਜਣ, ਆਪਣੇ ਸਮੇਂ ਦਾ ਨਾਮਧਾਰੀ ਇਤਿਹਾਸ ਦਾ ਇਕ ਉੱਘਾ ਪਾਤਰ ਹੋ ਗੁਜ਼ਰਿਆ ਹੈ। ਜਿਸ ਦੇ ਦਾਦੇ ਸਾਉਲ ਸਿੰਘ ਜਾਂ ਸਾਵਣ ਸਿੰਘ ਝੱਬਰ ਨੇ, 1867 ਈ. ਦੇ ਲਾਗੇ ਚਾਗੇ, ਜਦੋਂ ਸਤਿਗੁਰੂ ਰਾਮ ਸਿੰਘ ਉਸ ਦੇ ਪਿੰਡ ਵਿਚ ਆਏ ਸਨ, ਨਾਮਧਾਰੀ ਪੰਥ ਵਿਚ ਦਾਖਲਾ ਲਿਆ ਸੀ। ਇਸ ਸਮੇਂ ਪਿੰਡ ਝੱਬਰ ਤਹਿਸੀਲ ਸ਼ੇਖੂਪੁਰਾ, ਜ਼ਿਲ੍ਹਾ ਗੁਜਰਾਂਵਾਲਾ ਦੇ ਜੋ ਹੋਰ ਪ੍ਰਸਿੱਧ ਕੂਕੇ ਸਰਕਾਰੀ ਰਿਕਾਰਡ ਵਿਚ ਦਰਜ ਹਨ, ਉਹਨਾਂ ਵਿਚ ਬਾਰਾਂਮਾਹ ਦੇ

ਲੇਖਕ/ਕਵੀ ਭਾਈ ਚੰਦਾ ਸਿੰਘ ਜੋ ਰਾਮਗੜ੍ਹੀਆ ਪਰਿਵਾਰ ਵਿਚੋਂ ਸਨ ਅਤੇ ਜੱਟ ਸਿੱਖਾਂ ਵਿਚੋਂ ਰੂਪਾ ਸਿੰਘ ਦਾ ਜ਼ਿਕਰ ਮਿਲਦਾ ਹੈ।[1] ਸੂਬਾ ਬ੍ਰਹਮਾ ਸਿੰਘ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਪਰਮੁੱਖ ਸੂਬੇ ਸਨ, ਉਹ ਵੀ ਅਨੇਕ ਵਾਰ ਝੱਬਰ ਅਤੇ ਇਸ ਦੇ ਆਸ ਪਾਸ ਦੇ ਵਿਰਕੈਡ ਦੇ ਹੋਰ ਮਸ਼ਹੂਰ ਪਿੰਡਾਂ, ਸਮਸਾ, ਵਰਨ, ਮਦਾਰ, ਚੂਹੜਕਾਣਾ ਆਦਿ ਵਿਚ ਆਪਣੇ ਪਰਚਾਰ ਦੌਰਿਆਂ ਸਮੇਂ ਅਕਸਰ ਆਉਂਦੇ ਜਾਂਦੇ ਸਨ। ਉਹ 1865 ਤੋਂ 1871 ਈ. ਦੇ ਆਖਰੀ ਮਹੀਨਿਆਂ ਤੱਕ ਇਸ ਖਿੱਤੇ ਦਾ ਭਰਮਣ ਕਰਦੇ ਰਹਿੰਦੇ ਸਨ। ਝੱਬਰ ਪਿੰਡ ਵਿਚ, ਉਹ ਇਕ ਗੰਡਾ ਸਿੰਘ ਨਾਮੇ ਨਾਮਧਾਰੀ ਸਿੱਖ ਪਾਸ ਟਿਕਦੇ ਸਨ।[2] ਕੂਕਾ ਆਗੂਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ, ਇਸ ਇਲਾਕੇ ਵਿਚ ਪਰਚਾਰ ਦੌਰਿਆਂ ਦਾ ਹੀ ਇਕ ਅਸਰ ਸੀ ਕਿ ਆਪਣੇ ਯੁਵਾ ਕਾਲ ਵਿਚ, ਨਨਕਾਣਾ ਸਾਹਿਬ ਵਿਖੇ 1921 ਈ. ਵਿਚ ਵਾਪਰੇ ਸ਼ਹੀਦੀ ਸਾਕੇ ਤੋਂ ਬਾਅਦ, ਗੁਰਦੁਆਰਾ ਜਨਮ ਅਸਥਾਨ ਦੀਆਂ ਕੁੰਜੀਆਂ ਅਕਾਲੀ ਆਗੂ ਦੇ ਤੌਰ ਤੇ ਪ੍ਰਾਪਤ ਕਰਨ ਵਾਲਾ, ਜਥੇਦਾਰ ਕਰਤਾਰ ਸਿੰਘ ਝੱਬਰ ਜੋ ਬਾਬਾ ਸਾਵਲ ਸਿੰਘ ਨਾਲ ਤਿੰਨਾਂ ਕੁ ਪੀਹੜੀਆਂ ਦੀ ਵਿੱਥ ਤੋਂ ਰਲਦਾ ਸੀ, ਵੀ ਕੂਕਾ ਪ੍ਰਭਾਵ ਹੇਠ ਆ ਗਿਆ ਸੀ। ਇਹ ਪ੍ਰਭਾਵ ਬਾਬਾ ਸਾਉਲ ਸਿੰਘ ਦੀਆਂ ਭਾਈਚਾਰਕ ਤੰਦਾਂ ਸਦਕਾ ਵੀ ਵਾਪਰ ਸਕਦਾ ਸੀ। ਇਹ ਤੇ ਫਿਰ ਭਾਈ ਮੂਲ ਸਿੰਘ ਗਰਮੂਲਾ ਨਾਮੀ ਇਕ ਸਿੱਖ ਸੁਧਾਰਕ ਆਗੂ ਨਾਲ ਹੋਏ ਮੇਲ ਨੇ ਕਰਤਾਰ ਸਿੰਘ ਝੱਬਰ ਨੂੰ, ਕੂਕਿਆਂ ਤੋਂ ਸਿੰਘ ਸਭਾਈਆਂ ਦੀ ਲੀਹੇ ਪਾ ਦਿੱਤਾ ਸੀ।[3]

ਬਾਬਾ ਸਾਵਣ ਸਿੰਘ ਦਾ ਦੇਹਾਂਤ 1880 ਈ. ਦੇ ਆਸ ਪਾਸ ਹੋਇਆ। ਉਸ ਦੇ ਦੋ ਪੁੱਤਰ ਅਤੇ ਇਕ ਧੀ ਸੀ ਜੋ ਸ਼ਾਇਦ ਬਾਹੜੀਆਂ ਵਾਲੇ ਵਿਆਹੀ ਸੀ। ਵੱਡਾ ਪੁੱਤਰ ਵਧਾਵਾ ਸਿੰਘ ਅਤੇ ਛੋਟਾ ਜਿਊਣ ਸਿੰਘ ਸੀ। ਵਧਾਵਾ ਸਿੰਘ ਮੇਲੇ ਮੁਸਾਧਿਆਂ ਤੇ ਨਾਮਧਾਰੀ ਸੰਗਤ ਅਤੇ ਸਤਿਗੁਰੂ ਜੀ ਦੇ ਦਰਸ਼ਨ (ਗੁਰੂ ਹਰੀ ਸਿੰਘ ਜੀ ਦੇ ਸਮੇਂ, ਭੈਣੀ ਸਾਹਿਬ ਜਾ ਕੇ ਵੀ) ਕਰ ਆਉਂਦਾ ਸੀ। ਪਰ ਰਹਿੰਦਾ ਪਿੰਡ ਹੀ ਸੀ। ਉਸ ਤੋਂ ਛੋਟਾ ਜਿਊਣ ਸਿੰਘ 12-13 ਸਾਲ ਦੀ ਉਮਰ ਵਿਚ ਨਾਮਧਾਰੀ ਸਾਧੂਆਂ ਦੀ ਸੰਗਤ ਵਿਚ ਘਰੋਂ ਨਿਕਲ ਗਿਆ ਸੀ। ਉਸ ਦਾ ਅਨੁਮਾਨਤ ਜੀਵਨ ਕਾਲ 1847-1917 ਸੀ। ਜਦੋਂ 1881 ਦੇ ਜਨਵਰੀ ਮਹੀਨੇ ਬਾਬਾ ਮੀਹਾਂ ਸਿੰਘ ਸਰਹਾਲੀ, ਮਰਗੋਈ ਟਾਪੂ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਕੇ ਆਇਆ ਤਾਂ ਉਹ ਕੋਈ 6 ਮਹੀਨੇ ਮੀਹਾਂ ਸਿੰਘ ਦੇ ਨਾਲ ਹੀ, ਪੰਜਾਬ ਵਿਚ ਵਿਚਰਦਾ ਰਿਹਾ। ਉਸਦਾ ਅਨੰਦ ਕਾਰਜ ਸੇਖਮ ਖੁਮਾਣ (ਗੁਜਰਾਂਵਾਲਾ-ਸਿਆਲਕੋਟ ਦੀ ਹੱਦ ਤੇ ਕੋਈ ਪਿੰਡ) ਦੀ ਬੀਬੀ ਹਰ ਕੌਰ ਨਾਲ ਉਨ੍ਹੀਵੀਂ ਸਦੀ ਦੇ ਅੰਤਿਮ ਦਹਾਕੇ ਦੇ, ਅੱਧ ਵਿਚਾਰੇ ਜਿਹੇ ਹੋਇਆ। ਫਿਰ ਉਹ ਆਪਣੇ ਹਿੱਸੇ ਦੀ ਤਲ ਹੇਠਲੀ

ਜ਼ਮੀਨ ਅੱਧਾ ਮੁਰੱਬਾ ਵੇਚ ਕੇ, ਗੁਰੂ ਕੇ ਲੰਗਰ ਭੈਣੀ ਸਾਹਿਬ ਵਿਚ ਪਾ ਕੇ, ਉੱਥੇ ਹੀ ਗੁਰੂ ਹਰੀ ਸਿੰਘ ਜੀ ਪਾਸ ਡੇਰੇ ਵਿਚ ਸਿੰਘਣੀ ਸਮੇਤ ਰਹਿਣ ਲੱਗ ਪਿਆ। ਇਸ ਦੇ ਘਰ 20 ਹਾੜ੍ਹ 1957 ਬਿਕਰਮੀ ਨੂੰ ਪਿੰਡ ਬੁੱਢਾ ਥੇਹ ਦੇ ਨੇੜੇ ਉਮਰ ਪੁਰੇ ਕੋਲ ਬੁੱਢਾ ਥੇਹ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਗੁਰਮੁਖ ਸਿੰਘ ਝੱਬਰ ਦਾ ਜਨਮ ਹੋਇਆ। ਗੁਰੂ ਹਰੀ ਸਿੰਘ ਉਸਦਾ ਬਚਪਨ ਵਿਚ ਬਹੁਤ ਖਿਆਲ ਰੱਖਿਆ ਕਰਦੇ ਸਨ। ਆਪਣੇ ਜੋਤੀ ਜੋਤ ਸਮਾਉਣ ਤੋਂ ਥੋਹੜਾ ਪਹਿਲਾਂ ਬੀਬੀ ਹਰ ਕੌਰ ਵੀ 1905-06 ਈ. ਦੀ ਭਿਆਨਕ ਬਿਮਾਰੀ ਦੇ ਸਮੇਂ ਚਲਾਣਾ ਕਰ ਗਈ। ਬਾਲ ਝੱਬਰ ਨੂੰ, ਗੁਰੂ ਘਰ ਦੇ ਅਨਿੰਨ ਸੇਵਕਾਂ ਬਾਬਾ ਵੀਰ ਸਿੰਘ ਭੋਮਾ ਵਡਾਲਾ, ਸੰਤਾ ਸਿੰਘ, ਸੁਰਜਨ ਸਿੰਘ ਘੁੱਕੇਵਾਲੀਏ, ਤਿਹਾਂ ਦੀ ਟੋਲੀ ਨੇ, ਅਗਲੇ 5-7 ਵਰ੍ਹੇ ਆਪਣੇ ਸਾਥ ਵਿਚ ਰੱਖਕੇ ਉੱਚੇ ਮਾਨਵੀ ਜੀਵਨ ਦੀਆਂ ਕਦਰਾਂ ਕੀਮਤਾਂ ਗੁਰਸਿੱਖੀ ਦੀ ਦਾਤ ਅਤੇ ਵਿਹਾਰ ਕੁਸ਼ਲਤਾ ਨਾਲ ਮਾਲਾ ਮਾਲ ਕਰ ਦਿੱਤਾ। ਇਹ ਤਿੰਨੇ ਸਿੰਘ, ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰਾ ਸ੍ਰੀ ਭੈਣੀ ਸਾਹਿਬ ਦੇ ਊਠਾਂ ਦੇ ਮਹੰਤ ਸਨ। ਸਾਰੇ ਹੀ ਪੰਜਾਬ ਵਿਚ ਗੁਰੂ ਕੇ ਲੰਗਰ ਦੀ ਉਗਰਾਹੀ ਲਈ ਭਰਮਣ ਕਰਿਆ ਕਰਦੇ ਸਨ, ਹਾੜ੍ਹੀ ਸਾਉਣੀ ਦੀਆਂ ਫਸਲਾਂ ਸਮੇਂ। ਇਉਂ ਬਾਲਕ ਝੱਬਰ ਆਪ ਦੇ ਨਾਲ ਸੇਵਾ ਵਿਚ ਹੱਥ ਵੀ ਵਟਾਉਂਦਾ ਅਤੇ ਸਾਰੇ ਪੰਜਾਬ ਵਿਚ ਫੈਲੇ, ਨਾਮਧਾਰੀ ਪੰਥ ਦੀਆਂ ਸੰਗਤਾਂ ਤੋਂ, ਭਲੀ ਭਾਂਤ ਪਰਿਚਿਤ ਵੀ ਹੁੰਦਾ ਰਹਿੰਦਾ।

ਸਤਿਗੁਰੂ ਪਰਤਾਪ ਸਿੰਘ ਜੀ ਮਨੁੱਖੀ ਸੁਭਾਉ ਨੂੰ ਸਮਝਣ ਦੇ ਬੜੇ ਮਰਮੱਸ ਸਨ। ਉਹ ਹਰ ਵਿਅਕਤੀ ਨੂੰ, ਉਸ ਦੀ ਰੁਚੀ ਪਛਾਣ ਕੇ ਕੰਮ ਦਿਆ ਕਰਦੇ ਸਨ। ਜਦੋਂ ਝੱਬਰ ਦੇ ਪਿਤਾ, ਸੰਤ ਜਿਊਣ ਸਿੰਘ ਹੋਰਾਂ ਨੇ ਬਾਲਕ ਦੀ ਵਿੱਦਿਆ ਪਰਾਪਤੀ ਵਿਚ ਰੁਚੀ ਨਾ ਲੈਣ ਸਦਕਾ ਪਰੇਸ਼ਾਨੀ ਮੰਨੀ ਤਾਂ ਆਪ ਨੇ ਉਹਨਾਂ ਨੂੰ ਇਹ ਕਹਿ ਕੇ ਚਿੰਤਾ ਮੁਕਤ ਕਰ ਦਿੱਤਾ ਸੀ ਕਿ ਮੈਂ ਜਾਣਦਾ ਹਾਂ ਜਿਹੜੇ ਕੰਮ ਵਿਚ ਗੁਰਮੁਖ ਦੀ ਦਿਲਚਸਪੀ ਹੈ। ਸਤਿਗੁਰੂ ਆਪਣੇ ਘਰ ਦੀ ਜੋ ਸੇਵਾ ਇਸ ਤੋਂ ਲੈਣਗੇ, ਉਹ ਕੋਈ ਛੋਟਾ ਕੰਮ ਨਹੀਂ ਹੋਵੇਗਾ। ਸੋ 12-13 ਸਾਲ ਦੀ ਉਮਰ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਇਹਨਾਂ ਨੂੰ ਆਪਣੀ ਨਜ਼ਰ ਹੇਠ ਕਰ ਲਿਆ ਸੀ ਅਤੇ ਵੱਖ-ਵੱਖ ਸਮੇਂ ਤੋਂ ਵੱਖ-ਵੱਖ ਸੇਵਾਵਾਂ ਇਹਨਾਂ ਨੂੰ ਸਉਂਪੀਆਂ ਗਈਆਂ ਜੋ ਸਫ਼ਲਤਾਪੂਰਵਕ ਨਿਬਾਹ ਕੇ ਖ਼ੁਸ਼ੀਆਂ ਹਾਸਲ ਕੀਤੀਆਂ।

ਪੂਰੇ ਚਾਰ ਦਹਾਕੇ ਗੁਰਮੁਖ ਸਿੰਘ ਝੱਬਰ ਨੇ ਸਤਿਗੁਰੂ ਜੀ ਅਤੇ ਡੇਰੇ ਦੀ ਵੱਖ-ਵੱਖ ਕੰਮਾਂ ਤੇ ਰਹਿ ਕੇ ਸੇਵਾ ਕੀਤੀ। ਤੇਈ ਕੁ ਵਰ੍ਹੇ ਮੱਝਾਂ ਗਾਈਆਂ ਦੀ ਨਿਗਰਾਨੀ, ਊਠਾਂ ਦੀ ਮਹੰਤੀ ਅਤੇ ਘੋੜਿਆਂ ਦੇ ਦਰੋਗੇ ਵਜੋਂ ਸੇਵਾ ਕਰਨ, ਗੁਰੂ ਕੇ ਲੰਗਰ ਲਈ ਉਗਰਾਹੀਏ ਦੀ ਭੂਮਿਕਾ ਨਿਬਾਹੁਣ ਤੋਂ ਬਿਨਾਂ ਪੂਰੇ ਸਤਾਰਾਂ ਸਾਲ

ਡੇਰਾ ਭੈਣੀ ਸਾਹਿਬ ਦੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮੁੱਖ ਪਰਬੰਧਕ ਦੀ ਜ਼ਿੰਮੇਵਾਰੀ ਵੀ ਦੋ ਸ਼ਿਫਟਾਂ ਵਿਚ ਨਿਬਾਹੀ ਪਹਿਲਾਂ 1929 ਈ. ਤੋਂ 1939 ਈ. ਤੱਕ। ਫਿਰ ਦੇਸ਼ ਵੰਡ ਤੱਕ ਜੱਦੀ ਪਿੰਡ ਝੱਬਰ ਵਿਚ 7-8 ਸਾਲ ਘਰ ਜਾ ਕੇ ਕੁਝ ਖੇਤੀਬਾੜੀ ਕਰਵਾਈ। ਮਕਾਨ ਆਦਿਕ ਤਿਆਰ ਕੀਤੇ। ਦੇਸ਼ ਵੰਡ ਤੋਂ ਬਾਅਦ ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਬਰਾਦਰੀ ਨਾਲ ਆਸੇ ਪਾਸੇ ਜਾਣ ਦੀ ਬਜਾਏ, ਸ੍ਰੀ ਭੈਣੀ ਸਾਹਿਬ ਆ ਟਿਕੇ ਅਤੇ ਅਪਰੈਲ 1955 ਈ. ਤੱਕ ਫਿਰ ਡੇਰੇ ਦੇ ਪਰਬੰਧ ਨੂੰ ਵੇਖਿਆ। ਗੁਰਮੁਖ ਸਿੰਘ ਝੱਬਰ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦਾ, ਇਕ ਨਾ ਸਿਰਫ਼ ਲੰਮਾ ਸਮਾਂ ਇਹ ਸੇਵਾ ਨਿਬਾਹੁਣ ਵਾਲਾ, ਸਗੋਂ ਵਿਲੱਖਣ ਪਰਬੰਧਕ ਵੀ ਹੋ ਗੁਜ਼ਰਿਆ। ਮੈਂ ਛੋਟਿਆਂ ਹੁੰਦਿਆਂ ਉਹਨਾਂ ਨੂੰ, ਹੈਰਾਨੀ ਨਾਲ ਪੁੱਛਿਆ ਕਰਦਾ ਸਾਂ, "ਬਾਪੂ ਜੀ ਤੁਸੀਂ ਕਦੇ ਦੀਵਾਨ ਤਾਂ ਲਾਇਆ ਨਹੀਂ ਪਰ ਤੁਹਾਨੂੰ ਜਥੇਦਾਰ ਕਿਉਂ ਕਹਿੰਦੇ ਹਨ ?"

ਤਾਂ ਆਪ ਦਾ ਜੁਆਬ ਹੁੰਦਾ ਸੀ ਕਿ ਮੈਨੂੰ ਬਿਨਾਂ ਦੀਵਾਨ ਲਾਉਣ ਤੋਂ ਹੀ ਇਕ ਜਥੇਦਾਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਬਖਸ਼ ਦਿੱਤੀ ਸੀ। ਇਹ ਰੁਤਬਾ ਪਰਬੰਧਕੀ ਜਥੇਦਾਰ ਵਾਲਾ ਸੀ। ਸ੍ਰੀ ਭੈਣੀ ਸਾਹਿਬ ਡੇਰੇ ਵਿਚ, ਇਸ ਤੋਂ ਪਹਿਲਾਂ ਸੇਵਾ ਕਰਨ ਵਾਲੇ ਮੁਖੀ ਨੂੰ, ਜਥੇਦਾਰ ਨਹੀਂ ਕਿਹਾ ਜਾਂਦਾ ਸੀ। ਇਸ ਜਥੇਦਾਰ ਦੇ ਜ਼ਿੰਮੇ ਡੇਰੇ ਨਾਲ ਸਬੰਧਿਤ, ਸਾਰੇ ਸਰਕਾਰੇ ਦਰਬਾਰੇ ਅਤੇ ਰਾਜਸੀ ਕੰਮ ਵੀ ਹੁੰਦੇ ਸਨ। ਇਉਂ ਡੇਰਾ ਪਰਬੰਧਕ ਲਈ, ਜਥੇਦਾਰ ਦਾ ਇਹ ਔਹਦਾ, ਸਤਿਗੁਰੂ ਜੀ ਵਲੋਂ ਬਾਪੂ ਜੀ ਲਈ ਹੀ ਸਿਰਜਿਆ ਗਿਆ ਸੀ ਅਤੇ ਉਹਨਾਂ ਤੋਂ ਬਾਅਦ ਸ਼ਾਇਦ ਹੀ ਕਿਸੇ ਹੋਰ ਪਰਬੰਧਕ ਨੂੰ ਇਸ ਲਕਬ ਨਾਲ ਸੰਬੋਧਿਤ ਕੀਤਾ ਗਿਆ ਹੋਵੇ। ਨਾਮਧਾਰੀ ਸੰਤ ਖਾਲਸਾ ਦਾ ਤਾਰੀਖਦਾਨ, ਭਾਈ ਹਰਨਾਮ ਸਿੰਘ ਬਗੁਲੀ ਵਾਲਾ, ਸਤਿਗੁਰੂ ਪਰਤਾਪ ਸਿੰਘ ਜੀ ਦੇ ਅਭੂਤਪੂਰਵ ਗੁਣਾਂ ਦਾ ਬਖਾਨ ਕਰਦੇ ਹੋਏ, ਇਹ ਜਥੇਦਾਰ ਥਾਪਣ ਵਾਲੀ ਘਟਨਾ ਵੱਲ ਵੀ ਇਸ਼ਾਰਾ ਕਰ ਗਏ ਹਨ:

"ਗੱਦੀ ਬੈਠ ਮਹਾਰਾਜ ਪ੍ਰਤਾਪ ਸਿੰਘ ਜੀ, ਵਾਧੇ ਕੌਮ ਦੇ ਲੀਏ ਪ੍ਰਚਾਰ ਕਰਦੇ
ਹੁਨਰ ਇਲਮ ਵਿਦਯਾ ਬਾਝੋਂ ਪੰਥ ਕੋਈ, ਨਹੀਂ ਉਨਤੀ ਵਿਚ ਸੰਸਾਰ ਕਰਦੇ
ਸੁਲ੍ਹਾ ਕੁਲ ਮਹਾਰਾਜ ਪ੍ਰਤਾਪ ਸਿੰਘ ਜੀ, ਕੌਮਾਂ ਸਾਰੀਆਂ ਨਾਲ ਪਿਆਰ ਕਰਦੇ
ਕੌਮਾਂ ਸਾਰੀਆਂ ਨਾਲ ਰਸੂਖ ਕਰਕੇ, ਨਾਮਧਾਰੀਆ ਕਾਇਮ ਦਰਬਾਰ ਕਰਦੇ
ਕਰਨੇ ਲੀਏ ਮਸ਼ਹੂਰ ਇਸ ਕੌਮ ਨੂੰ ਹੀ, ਜਾਰੀ ਆਪਣਾ ਇਕ ਅਖਬਾਰ ਕਰਦੇ
ਇਲਮ ਵਾਸਤੇ ਖੋਹਲ ਸਕੂਲ ਦਿਤੇ, ਨਾਮਧਾਰੀਆਂ ਨੂੰ ਹੁਨਰਦਾਰ ਕਰਦੇ
ਮਹਾਰਾਜ ਏਹ ਤੇਜ ਅਕਬਾਲ ਵਾਲੇ, ਰਾਜ ਯੋਗ ਦੋਨੋਂ ਸਵੀਕਾਰ ਕਰਦੇ
ਕੰਮ ਰਾਜਸੀ ਕਰੇ ਕੰਟ੍ਰੋਲ ਜਿਹੜਾ, ਕੈਮ ਇਕ ਚੰਗਾ ਜਥੇਦਾਰ ਕਰਦੇ

ਕੌਂਸਲ ਅਤੇ ਕਮੇਟੀ ਬਣਾਈ ਆਪਣੀ, ਕੰਮ ਕਾਜ ਨੂੰ ਸੋਚ ਵਿਚਾਰ ਕਰਦੇ
ਪੱਕੇ ਬ੍ਰਹਮ ਗਿਆਨੀ ਜੋਤ ਸਤਿਗੁਰਾਂ ਦੀ, ਸੱਚੇ ਧਰਮ ਦੇ ਕੁੱਝ ਵਿਹਾਰ ਕਰਦੇ
ਬਹੁਤਾ ਲਿਖਾਂ ਕੀ ਹੋਰ ਹਰਨਾਮ ਸਿੰਘਾ, ਕੌਮ ਉਨਤੀ ਹਰ ਪਰਕਾਰ ਕਰਦੇ।"[4]

ਜਿਸ ਤਰ੍ਹਾਂ ਬਗਲੀ ਵਾਲਾ ਜੀ ਨੇ ਲਿਖਿਆ ਹੈ, ਸਤਿਗੁਰੂ ਪਰਤਾਪ ਸਿੰਘ ਜੀ ਦਾ ਵਕਤ ਨਾਮਧਾਰੀ ਪੰਥ ਦੇ ਵਾਸਤੇ ਬਹੁਤ ਸਾਰੀਆਂ ਨਵੀਆਂ ਸੰਭਾਵਨਾਵਾਂ ਲੈ ਕੇ ਆਇਆ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਨਾਮਧਾਰੀ ਪੰਥ ਦਾ ਪਰਚਾਰ ਪਰਸਾਰ ਤਾਂ ਬਹੁਤ ਹੀ ਵਿਸ਼ਾਲ ਪੱਧਰ ਤੇ ਹੋਇਆ ਸੀ। ਨਾਮਧਾਰੀ ਸਿੰਘਾਂ ਦੀ ਵਧਦੀ ਜਥੇਬੰਦਕ ਸ਼ਕਤੀ ਅਤੇ ਹਮਲਾ ਕਰਨ ਦੀ ਤਾਕਤ ਵਿਚ ਹੋ ਰਹੇ ਚੌਤਰਫਾ ਵਾਧੇ ਤੋਂ, ਸਰਕਾਰ ਬਰਤਾਨੀਆਂ ਇਸ ਕਦਰ ਘਬਰਾਈ ਕਿ ਪੂਰੇ 51 ਵਰ੍ਹੇ ਦਮਨ ਚੱਕਰ ਚੱਲਦਾ ਰਿਹਾ। ਮਈ 1923 ਈ. ਵਿਚ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗਿਓਂ, 19 ਜਨਵਰੀ 1872 ਦੀ ਬੈਠੀ ਪੁਲਿਸ ਚੌਂਕੀ ਉਠਾਈ ਗਈ ਸੀ। ਗੁਰੂ ਹਰੀ ਸਿੰਘ ਜੀ ਦੇ 34 ਸਾਲ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਗੁਰਤਾ ਦੇ ਪਹਿਲੇ 17 ਸਾਲ ਇਸ ਲਈ ਤੰਗੀਆਂ ਤੁਰਸ਼ੀਆਂ ਵਿਚ ਵਿਚਰਨ ਵਾਲਾ ਸਮਾਂ ਸੀ। ਜਦੋਂ ਨਾਮਧਾਰੀ ਹੋਣ ਦੀ ਕੀਮਤ, ਪੈਰ ਪੈਰ ਤੇ ਤਾਰਨੀ ਪੈਂਦੀ ਸੀ। ਆਪਣੇ ਕੀ ਤੇ ਬੇਗਾਨੇ ਕੀ, ਸਾਰੇ ਹੀ ਓਪਰਿਆਂ ਵਾਲਾ ਸਲੂਕ ਕਰਦੇ ਸਨ। ਝੱਬਰ ਜੀ ਦੁਆਰਾ ਲਿਖਵਾਏ ਇਸ ਪੁਸਤਕ ਦੀ ਮਹੱਤਤਾ ਇਸ ਲਈ ਵੀ ਵਧ ਜਾਂਦੀ ਹੈ ਕਿ ਇਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਹਨਾਂ ਸਤਾਰਾਂ ਵਰ੍ਹਿਆਂ ਦੇ ਸਮਾਚਾਰ ਹਨ, ਜਦੋਂ ਨਾਮਧਾਰੀ ਸਿੰਘ ਅਤੇ ਡੇਰਾ ਭੈਣੀ ਸਾਹਿਬ ਵਲੋਂ ਜ਼ੇਰ ਨਿਗਰਾਨੀ ਰੱਖਿਆ ਜਾਂਦਾ ਸੀ ਅਤੇ ਹਰ ਆਉਣ ਜਾਣ ਵਾਲੇ ਦੀ ਪੁਣ ਛਾਣ ਹੁੰਦੀ ਸੀ। ਇਸ ਲਈ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਥਕ ਜ਼ਰੂਰਤ ਨੂੰ ਧਿਆਨ ਵਿਚ ਰੱਖਦਿਆਂ ਡੇਰੇ ਭੈਣੀ ਸਾਹਿਬ ਦੇ ਪਰਬੰਧ ਵਿਚ ਸਿਫਤੀ ਤਬਦੀਲੀ ਲਿਆਉਣੀ ਜ਼ਰੂਰੀ ਸਮਝ ਲਈ। ਉਹ ਜਾਣਦੇ ਸਨ ਕਿ ਮਾਤਾ ਜੀਵਣ ਕੌਰ ਜੀ 'ਗੁੜ ਦਿਤਿਆਂ ਮਰੇ ਤਾਂ ਮਹੁਰਾ ਕਿਉਂ ਦਈਏ' ਦੀ ਨੀਤੀ ਤੇ ਚੱਲਦੇ ਸਨ ਜਦੋਂ ਕਿ ਹੁਣ ਵਕਤ ਇਹੋ ਜਿਹਾ ਸੀ– 'ਲਾਤੋਂ ਕੇ ਭੂਤ ਬਾਤੋਂ ਸੇ ਕਬ ਮਾਨਤੇ ਹੈਂ।' ਇਸ ਲਈ ਜਥੇਦਾਰ ਗੁਰਮੁਖ ਸਿੰਘ ਝੱਬਰ ਨਾਂ ਦੇ ਇਸ ਟਕਸਾਲੀ ਨਾਮਧਾਰੀ ਪਰਿਵਾਰ ਨਾਲ ਸਬੰਧਿਤ ਯੁਵਕ ਨੂੰ, ਪਹਿਲੋਂ ਆਪਣੀ ਬਾਜ਼ ਅੱਖ ਹੇਠ ਰੱਖ ਕੇ, ਉਸ ਦੀ ਉਡਾਣ ਭਰਨ ਦੀ ਸਮਰੱਥਾ ਨੂੰ ਵਿਕਸਿਤ ਕੀਤਾ ਅਤੇ ਫਿਰ ਉਸ ਦੀ ਡੋਰ, ਇਤਨੀ ਖੁੱਲ੍ਹੀ ਛੱਡ ਦਿੱਤੀ ਕਿ ਉਹ ਮਨ ਪਸੰਦ ਉਚਾਈਆਂ ਨੂੰ ਮਾਪ ਸਕੇ। ਜਿਹੜੇ ਲੋਕ ਡੇਰਾ ਭੈਣੀ ਸਾਹਿਬ ਨੂੰ ਸ਼ਾਮਲਾਟ ਜ਼ਮੀਨ ਸਮਝ ਕੇ, ਜਿੱਥੇ ਮਰਜ਼ੀ ਜਿਹੋ ਜਿਹੀ ਕਾਰਵਾਈ ਕਰੀ ਜਾਂਦੇ ਸਨ, ਉਹਨਾਂ ਨੂੰ ਹੁਣ, ਡੇਰੇ ਦੀਆਂ ਕੰਧਾਂ ਦੇ ਪਰਛਾਵਿਆਂ ਵਿਚੋਂ ਵੀ ਮਾਰਾ

ਬਕਾਰਾ ਕਰਨ ਵਾਲੇ ਸਿੰਘਾਂ ਦੇ ਝੁੰਡ ਨਜ਼ਰ ਆਉਂਦੇ ਸਨ ਜਿਹਨਾਂ ਦੇ ਲੰਮੇ ਹੱਥਾਂ ਤੋਂ ਬਚਕੇ ਉਹ ਕਿਤੇ ਪਨਾਹ ਨਹੀਂ ਲੈ ਸਕਦੇ ਸਨ। ਇਹ ਸਮਾਂ ਕੌਮੀ ਮੁਕਤੀ ਅੰਦੋਲਨ ਦੇ ਉਭਾਰ ਦਾ ਸਮਾਂ ਵੀ ਸੀ। ਲੋਕ ਲਹਿਰਾਂ ਫਰੰਗੀ ਸਰਕਾਰ ਦਾ ਬਿਸਤਰਾ ਗੋਲ ਕਰਨ ਵਲ ਵਧ ਰਹੀਆਂ ਸਨ। ਇਸੇ ਸਮੇਂ ਡੇਰਾ ਸ੍ਰੀ ਭੈਣੀ ਸਾਹਿਬ, ਹਰ ਰੰਗ ਦੇ ਲੋਕ ਸੰਗਰਾਮੀਆਂ ਦੀ ਸੁਰੱਖਿਅਤ ਠਾਹਰ ਵੀ ਬਣ ਚੁੱਕਾ ਸੀ। ਇਹ ਜਥੇਦਾਰ ਝੱਬਰ ਹੀ ਸੀ ਜਿਸ ਦੀ ਸੂਝ ਬੂਝ ਨੇ ਪ੍ਰਸਿੱਧ ਬੱਬਰ ਅਕਾਲੀ ਲੋਕ ਨਾਇਕ ਭਾਈ ਰਤਨ ਸਿੰਘ ਰੱਕੜਾਂ ਨੂੰ ਪੰਜਾਬ ਪੁਲਿਸ ਦੇ, ਉੱਚ ਪੱਧਰ ਦੇ ਘੇਰੇ ਵਿਚੋਂ, ਸੁਰੱਖਿਅਤ ਲੰਘਾ ਦਿੱਤਾ ਸੀ, ਮਈ 1932 ਵਿਚ। ਬੇਸ਼ੱਕ ਤਿੰਨ ਕੁ ਮਹੀਨੇ ਬਾਅਦ, ਉਹ ਸੂਰਮਾ, ਜਿਉਂਦਾ ਵੈਰੀਆਂ ਦੇ ਹੱਥ ਨਾ ਆਉਣ ਦਾ ਪ੍ਰਣ, ਆਪਣੀ ਰਾਇਫਲ ਵਿਚ ਬਚੀ ਅੰਤਿਮ ਗੋਲੀ ਦਾ, ਖ਼ੁਦ ਨਿਸ਼ਾਨਾ ਬਣ ਕੇ ਨਿਭਾ ਗਿਆ ਸੀ, ਜਦੋਂ ਪੰਜਾਬ ਪੁਲਿਸ ਦੇ ਘੇਰੇ ਵਿਚੋਂ ਬਚ ਕੇ ਲੰਘਣਾ ਸੰਭਵ ਨਾ ਰਿਹਾ। ਲੋਕ ਗੀਤ ਨੇ ਉਸ ਦੀ ਕੀਰਤੀ ਨੂੰ ਆਪਣੀ ਬੁੱਕਲ ਵਿਚ ਸਮੋ ਲਿਆ ਸੀ:

"ਥਾਣੇਦਾਰ ਇਉਂ ਡਿੱਗਿਆ/ ਜਿਵੇਂ ਹਲ ਤੇ ਡਿੱਗੀ ਪੰਜਾਲੀ
ਰਤਨ ਸਿੰਘ ਰੱਕੜਾਂ ਦਾ/ ਜੀਹਤੇ ਚੱਲ ਗਏ ਮੁਕੱਦਮੇ ਚਾਲੀ।"

ਕੂਕਾ ਅੰਦੋਲਨ ਬਾਰੇ ਰਾਜਨੀਤਿਕ ਨਜ਼ਰੀਏ ਤੋਂ ਕਿਰਤੀ ਅੰਮ੍ਰਿਤਸਰ ਦੇ 1928 ਦੇ ਦੋ ਅੰਕਾਂ ਵਿਚ ਪਹਿਲੀ ਵੇਰ ਚਰਚਾ ਕਰਨ ਵਾਲੇ ਬਾਅਦ ਵਿਚ ਬਣੇ ਸ਼ਹੀਦੇ-ਆਜ਼ਮ ਸ੍. ਭਗਤ ਸਿੰਘ ਦੇ ਪਿਤਾ ਸ੍. ਕਿਸ਼ਨ ਸਿੰਘ, ਅਨੇਕ ਵੇਰ, ਇਸੇ ਡੇਰੇ ਵਿਚ ਜਥੇਦਾਰ ਝੱਬਰ ਦੀ ਸੇਵਾ ਮਾਣ ਚੁੱਕੇ ਸਨ। ਇਕ ਵੇਰ ਸ੍. ਕਿਸ਼ਨ ਸਿੰਘ ਹੋਰਾਂ ਨੇ ਬਾਪੂ ਜੀ ਨੂੰ ਦੱਸਿਆ ਸੀ ਕਿ ਪੰਜਾਬ ਪੁਲਿਸ ਦੀ ਸੀ.ਆਈ.ਡੀ. ਪਰਛਾਂਵੇਂ ਵਾਂਗ ਉਹਨਾਂ ਦਾ ਪਿੱਛਾ ਕਰਦੀ ਰਹਿੰਦੀ ਹੈ। ਇਸੇ ਲਈ ਪੱਕੀ ਸੜਕ ਤੋਂ, ਬੱਸ ਅੱਡੇ ਤੋਂ ਉਤਰਨ ਬਾਅਦ (ਉਦੋਂ ਸ਼ਾਇਦ ਹੀਰਾਂ ਜਾਂ ਲਾਟੋਂ ਦਾ ਅੱਡਾ ਹੁੰਦਾ ਸੀ ਅਤੇ ਰਾਹ ਵੀ ਟਿੱਬਿਆਂ ਦਾ) ਉਹ ਆਪਣਾ ਬਿਸਤਰਬੰਦ ਸੀ.ਆਈ.ਡੀ. ਵਾਲੇ ਕਰਮਚਾਰੀ ਦੇ ਸਿਰ 'ਤੇ ਰੱਖ ਦਿਆ ਕਰਦੇ ਸਨ। ਗ਼ਦਰ ਪਾਰਟੀ ਵਿਚ ਕਾਲੇ ਪਾਣੀ ਦੀ ਕੈਦ ਕੱਟਣ ਵਾਲੇ, ਪਰਸਿੱਧ ਇਨਕਲਾਬੀ ਬਾਬਾ ਗੁਰਮੁਖ ਸਿੰਘ ਲਲਤੋਂ ਤਾਂ ਕਮਿਊਨਿਸਟ ਪਾਰਟੀ ਗ਼ੈਰ ਕਾਨੂੰਨੀ ਘੋਸ਼ਿਤ ਹੋਣ ਬਾਦ, ਆਜ਼ਾਦੀ ਦੇ ਪਹਿਲੇ ਸਾਲਾਂ ਵਿਚ ਹੀ, ਨਹਿਰ ਵਾਲੇ ਡੇਰੇ ਤੇ ਕਈ ਕਈ ਮਹੀਨੇ ਟਿਕੇ ਰਹਿੰਦੇ ਸਨ। ਉਹਨਾਂ ਦੁਆਰਾ ਲਿਖਿਤ ਲੇਖ ਵੀ ਬਾਪੂ ਜੀ ਦੱਸਦੇ ਸਨ ਕਿ ਉਹ ਅਖਬਾਰਾਂ ਵਿਚ ਛਪਣ ਲਈ, ਬਾਬਾ ਜੀ ਦੇ ਦੱਸੇ ਟਿਕਾਣਿਆਂ ਤੇ ਪੁਚਾ ਦਿਆ ਕਰਦੇ ਸਨ।

ਝੱਬਰ ਜੀ ਤੋਂ ਪਹਿਲਾਂ ਮਹਾਰਾਜ ਨਿਹਾਲ ਸਿੰਘ ਜੀ, ਸੰਤ ਮਸਤਾਨ ਸਿੰਘ ਕਿਆਮਪੁਰੀਆ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਆਦਿ ਡੇਰਾ ਪ੍ਰਬੰਧਕ

ਰਹੇ ਸਨ। ਪਰ ਲੰਮਾ ਸਮਾਂ ਕੋਈ ਵੀ ਟਿਕ ਨਹੀਂ ਸੀ ਰਿਹਾ ਪਰਬੰਧ ਦੇ ਮਸਲੇ ਵਿਚ ਕਿਉਂਕਿ ਮੁਖਤਿਆਰ ਅਤੇ ਹੋਰਨਾਂ ਕਾਰੋਬਾਰੀਆਂ ਦੇ ਵਿਚਾਲੇ ਵੀ ਵਿਵਾਦ ਉਪਜਦੇ ਰਹਿੰਦੇ ਸਨ। ਸੋ ਸਤਿਗੁਰੂ ਪਰਤਾਪ ਸਿੰਘ ਜੀ ਨੇ ਮਾਤਾ ਜਿਊਣ ਕੌਰ ਜੀ ਨਾਲ ਸਲਾਹ ਮਸ਼ਵਰਾ ਕਰਕੇ ਡੇਰਾ ਪਰਬੰਧਕ ਦੀ ਮੁੱਖ ਜ਼ਿੰਮੇਵਾਰੀ ਆਪ ਨੂੰ ਸੌਂਪੀ। ਸੰਤ ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿਚ :

*"ਸਤਿਗੁਰੂ ਜੀ ਜਿਵੇਂ ਹੋਰ ਪੰਥਕ ਸੁਧਾਰ ਅਰੰਭੇ ਸੀ ਤਿਵੇਂ ਹੀ ਹੁਣ ਗੁਰਮੁਖ ਸਿੰਘ ਵਿਰਕ ਝੱਬਰ (ਪਿੰਡ) ਦਾ, ਜਿਸ ਦਾ ਪਿਤਾ.... ਜਿਉਣ ਸਿੰਘ ਝੱਬਰ ਭੈਣੀ ਸਾਹਿਬ ਹੀ ਰਹਿੰਦਾ (ਰਿਹਾ) ਸੀ। ਉਸ ਨੂੰ ਪ੍ਰਤੀਤ ਪਾਤਰ ਤੇ ਸੁਹਣਾ ਸੂਰਮਾ ਜਵਾਨ ਜਾਣ ਭੈਣੀ ਸਾਹਿਬ ਦਾ ਮੁਖਤਾਰ ਬਣਾਇਆ।"* [5]

ਵਹਿਮੀ ਜੀ ਦੀ ਲਿਖਤ ਮੁਤਾਬਿਕ 1927 ਈ. ਵਿਚ ਉਹ ਮੁਖਤਿਆਰ ਬਣੇ। ਪ੍ਰੀਤਮ ਸਿੰਘ ਪੰਛੀ 'ਟੁਕੜਿਆਂ ਵਿਚ ਵੰਡਿਆ ਆਦਮੀ' ਆਪਣੇ ਜੀਵਨ ਮੂਲਕ ਵਿਰਤਾਂਤ ਵਿਚ ਵੀ, ਵਿਦਿਆਲਾ ਖੁੱਲ੍ਹਣ ਦੇ ਪਹਿਲੇ ਸਾਲਾਮ ਵਿਚ ਹੀ, ਉਹ ਇਸ ਜ਼ਿੰਮੇਵਾਰੀ ਤੇ ਆਏ ਲਿਖਦੇ ਹਨ। ਕੁਝ ਵੀ ਹੋਵੇ 1930 ਈ. ਤੱਕ ਉਹਨਾਂ ਨੂੰ ਡੇਰਾ ਭੈਣੀ ਸਾਹਿਬ ਦੀ ਪਰਬੰਧਕੀ ਜ਼ਿੰਮੇਵਾਰੀ ਮਿਲ ਚੁੱਕੀ ਸੀ। ਉਹਨਾਂ ਦੇ ਇਸ ਕਾਰਜ ਕਾਲ ਦੌਰਾਨ ਹੀ ਰਾਈਆਂ ਦੇ ਪਰਸਿੱਧ ਮੁਕੱਦਮੇ ਦੇ ਕਾਰਨ ਛਿੜੇ ਵਿਵਾਦ ਦਾ ਨਿਪਟਾਰਾ ਹੋਇਆ ਸੀ। ਰਾਈਆਂ ਦੇ ਉਦਾਸੀ ਡੇਰੇ ਦੇ ਮਹੰਤ ਗੋਪਾਲ ਦਾਸ ਨੂੰ, ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨੀਂ ਪਵਾ ਕੇ, ਉਸ ਦੁਆਰਾ ਡੇਰੇ ਦੀਆਂ ਕੁੰਜੀਆਂ ਮੱਥਾ ਟੇਕਣੀਆਂ, ਫਿਰ ਸਤਿਗੁਰੂ ਜੀ ਦੁਆਰਾ ਹੋਰ ਮਾਲ ਪਦਾਰਥ ਸਮੇਤ, ਕੁੰਜੀਆਂ ਮੋੜ ਕੇ ਮਹੰਤ ਜੀ ਨੂੰ ਸਤਿਕਾਰ ਸਹਿਤ ਵਿਦੈਗੀ ਦੇਣੀ, ਇਸ ਸਾਰੀ ਕਾਰਵਾਈ ਵਿਚ ਝੱਬਰ ਜੀ ਦੀ ਭੂਮਿਕਾ ਪਰਤੱਖ ਸੀ ਜਿਸ ਦਾ ਜ਼ਿਕਰ ਅੰਤਿਕਾ ਵਾਲੀਆਂ ਉਹਨਾਂ ਦੀਆਂ ਰਿਕਾਰਡ ਹੋਈਆਂ ਮੁਲਾਕਾਤਾਂ ਵਿਚ ਵੀ ਆ ਚੁੱਕਾ ਹੈ। ਵਧੇਰੇ ਵਿਸਥਾਰ ਲਈ ਲੇਖਕ (ਸੁਵਰਨ ਸਿੰਘ ਵਿਰਕ) ਦੁਆਰਾ ਗੁਰਪੁਰਵਾਸੀ ਹਜ਼ੂਰੀ ਸੇਵਕ ਸ੍ਰ. ਗੁਰਦੇਵ ਸਿੰਘ ਮਾਂਗਟ ਹੋਰਾਂ ਦੀ ਪਰਕਾਸ਼ਿਤ ਡਾਇਰੀ ਦੀ ਭੂਮਿਕਾ ਵੇਖੀ ਜਾ ਸਕਦੀ ਹੈ।

ਅਕਾਲ ਬੁੰਗਾ ਜੋ ਨਾਮਧਾਰੀ ਸੰਸਾਰ ਵਿਚ, ਸਤਿਗੁਰੂ ਰਾਮ ਸਿੰਘ ਜੀ ਦਾ ਤਪ-ਅਸਥਾਨ ਅਤੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਸਮੇਂ, ਸ੍ਰੀ ਭੈਣੀ ਸਾਹਿਬ ਤੋਂ ਅੰਤਿਮ ਚੜ੍ਹਾਈ ਲਈ ਤੁਰਨ ਵਾਸਤੇ, ਭਾਈ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਦੇ ਸ਼ਹੀਦੀ ਜਥੇ ਦਾ ਨਿਵਾਸ ਸਥਾਨ ਸੀ, ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਦੇ ਆਲੇ ਦੁਆਲੇ ਦੇ ਖੇਤਾਂ ਵਿਚ ਪਿੰਡ ਭੈਣੀ ਸਾਹਿਬ ਦੇ ਕਿਸਾਨ ਤਮਾਕੂ ਦੀ ਕਾਸ਼ਤ ਕਰਦੇ ਸਨ। ਗੁਰਮਤਿ ਵਿਚ ਵੈਸੇ ਤਾਂ ਕਿਸੇ ਵੀ ਨਸ਼ੇ ਨੂੰ ਮਾਨਤਾ ਨਹੀਂ

ਮਿਲਦੀ ਪਰ ਤਮਾਕੂ ਨੂੰ ਤਾਂ 'ਜਗਤ ਜੂਠ' ਕਹਿ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਨਿੰਦਿਆ ਹੈ। ਇਸ ਦਾ ਸੇਵਨ ਵਿਵਰਜਤ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵੀ ਰੁੜਕੇ ਦੇ ਬ੍ਰਾਹਮਣਾਂ ਦੁਆਰਾ ਹੁੱਕੇ ਦੇ ਪਾਣੀ ਵਿਚ ਧੋਤੀ ਥਾਲੀ ਵਿਚ, ਪਤਾਸੇ ਪੁਆ ਕੇ ਭੇਟ ਕਰਨ ਲਈ ਜਾਂਦੇ, ਸਾਹਿਬੇ ਜ਼ੈਲਦਾਰ ਨੂੰ ਸਤਿਗੁਰੂ ਜੀ ਨੇ ਸੌ ਜੁੱਤੀ ਦੀ ਸਜ਼ਾ ਸੁਣਾਈ ਸੀ ਜੋ ਭਾਈ ਧੌਂਕਲ ਸਿੰਘ (ਕਿਲਾ ਰਾਇਪੁਰ) ਅਤੇ ਭਾਈ ਚੜ੍ਹਤ ਸਿੰਘ (ਮਹਿਮਾ ਸਿੰਘ ਵਾਲਾ) ਨੇ ਪੂਰੀ ਕੀਤੀ ਸੀ। ਅਨੰਦਪੁਰ ਸਾਹਿਬ ਹੋਲੇ ਮੁਹੱਲੇ ਤੇ ਜਾ ਸ੍ਰੀ ਅੰਮ੍ਰਿਤਸਰ ਦੀਵਾਲੀ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਜਿਸ ਮਾਰਗ ਤੋਂ ਲੰਘਣਾ ਹੁੰਦਾ ਸੀ, ਪਰਸ਼ਾਸਨ ਨੂੰ ਹਦਾਇਤ ਹੁੰਦੀ ਸੀ ਕਿ ਉੱਥੋਂ ਹੁੱਕੇ ਚੁਕਵਾਏ ਜਾਣ। ਅਨੰਦਪੁਰ ਸਾਹਿਬ ਹੋਲੇ ਤੇ ਪਹਿਲਾਂ ਹੁਕਮ ਦੇ ਬਾਵਜੂਦ ਇਕ ਜੋਗੀ ਸ਼ਰਾਬ ਪੀ ਕੇ ਆ ਗਿਆ। ਸੂਬਾ ਗਿਆਨੀ ਸਿੰਘ ਦੇ ਘੋੜੇ ਦੀ ਪਛਾੜੀ ਨਾਲ ਉਸਨੂੰ ਮੁਸ਼ਕਾਂ ਬੰਨ੍ਹ ਕੇ ਧੂਹਿਆ ਗਿਆ। ਖੰਨੇ ਸ਼ਹਿਰ ਵਿਚ ਜਦੋਂ ਹਟਵਾਣੀਆਂ ਨੇ ਸਤਿਗੁਰੂ ਰਾਮ ਸਿੰਘ ਦੇ ਆਗਮਨ ਤੇ ਹੁੱਕੇ ਨਾ ਚੁੱਕੇ, ਸਿੰਘਾਂ ਨੇ ਉਹ ਹੁੱਕੇ ਭੰਨ ਦਿੱਤੇ। ਇਸੇ ਕਾਰਨ ਭਾਈ ਧਿਆਨ ਸਿੰਘ ਕਾਦਰਾਬਦੀ ਵੀ ਲਿਖਦੇ ਹਨ:

"ਹੁੱਕੇ ਵਾਲਾ ਇਨੋ ਕਾ ਜਾਨੀ ਦੁਸ਼ਮਨ ਗੋਇ।
ਮਾਸ ਸ਼ਰਾਬੀ ਸੰਗ ਭੀ ਛੁਵਤ ਨ ਕਬਹੂੰ ਕੋਇ।"[6]

ਇਸ ਲਈ ਜਦੋਂ ਸਾਰੀਆਂ ਹੀ ਬੇਨਤੀਆਂ ਠੁਕਰਾ ਕੇ ਉਹ ਤਮਾਕੂ ਬੀਜਣੋਂ ਨਾ ਹਟੇ ਤਾਂ ਝੱਬਰ ਸਾਹਿਬ ਨੇ ਸਿੰਘਾਂ ਦਾ ਜਥਾ ਲੈ ਕੇ ਖੜ੍ਹੇ ਤਮਾਕੂ ਦੀ ਫਸਲ ਵਿਚ, ਗਾਤਰੇ ਸ੍ਰੀ ਸਾਹਿਬ ਪਾ ਕੇ ਪੈਲੀ ਵਾਲਿਆਂ ਨੂੰ ਸੁਨੇਹਾ ਭੇਜਕੇ, ਹਲ ਵਾਹ ਦਿੱਤਾ। ਇਸ ਤਮਾਕੂ ਦੇ ਗੁੱਲ ਜਦੋਂ ਖਿੜਦੇ ਸਨ ਤਾਂ ਮੁਸ਼ਕ ਲੰਗਰ ਛਕਦੇ ਸਿੰਘਾਂ ਨੂੰ ਪਰੇਸ਼ਾਨ ਕਰਦੀ ਸੀ। ਉਂਞ ਵੀ ਅਕਾਲ ਬੁੰਗੇ, ਸੰਗਤ ਰੋਜ਼ ਮੱਥਾ ਟੇਕਣ ਲਈ ਵੀ ਇਹਨਾਂ ਤਮਾਕੂ ਦੇ ਖੇਤਾਂ ਵਿਚੋਂ ਲੰਘਦੀ ਸੀ।

ਸੰਤ ਤਰਨ ਸਿੰਘ 'ਵਹਿਮੀ' ਨੇ ਜੱਸ ਜੀਵਨ ਵਿਚ ਇਸ ਘਟਨਾ ਨੂੰ ਵਿਸਥਾਰ ਸਹਿਤ ਕਾਨੀਬੱਧ ਕੀਤਾ ਹੈ ਅਤੇ ਸ਼ਾਮ ਦੇ ਦੀਵਾਨ ਸਮੇਂ, ਸਤਿਗੁਰੂ ਪਰਤਾਪ ਸਿੰਘ ਜੀ ਦੁਆਰਾ ਝੱਬਰ ਜੀ ਨੂੰ ਬੇਅੰਤ ਖ਼ੁਸ਼ੀਆਂ ਬਖਸ਼ਣ ਦਾ ਵੀ ਜ਼ਿਕਰ ਕੀਤਾ ਹੈ ਅਤੇ ਇਸ ਘਟਨਾ ਨੂੰ ਇਤਿਹਾਸਕ ਘਟਨਾ ਦਾ ਰੁਤਬਾ ਦਿੱਤਾ ਹੈ।[7] ਇਸ ਨਾਲ ਡੇਰੇ ਦੀ ਮਰਿਆਦਾ ਬਹਾਲ ਹੋ ਗਈ। ਸਤਿਗੁਰੂ ਜੀ ਨੇ ਤਮਾਕੂ ਕਾਸ਼ਤਕਾਰਾਂ ਨੂੰ, ਫਸਲ ਦਾ ਪੂਰਾ ਮੁਆਵਜ਼ਾ ਦੇ ਕੇ, ਅੱਗੇ ਤੋਂ ਹੋਰ ਫਸਲਾਂ ਬੀਜਣ ਅਤੇ ਮਿਲਜੁਲ ਕੇ ਰਹਿਣ ਦੀ ਪ੍ਰੇਰਨਾ ਕੀਤੀ। ਬਾਪੂ ਜੀ ਦੱਸਿਆ ਕਰਦੇ ਸਨ ਕਿ ਇਕ ਲੰਬੜਦਾਰ ਭੈਣੀ ਸਾਹਿਬ ਦੀ ਇਕ ਗਲੀ ਵਿਚ, ਜਿੱਥੋਂ ਸਾਡੇ ਗੱਡੇ ਲੰਘਦੇ ਸਨ,

ਹੁੱਕਾ ਰਾਹ ਵਿਚ ਰੱਖ ਕੇ ਪੀਣ ਦਾ ਆਦੀ ਸੀ। ਉਸਨੂੰ ਬੇਨਤੀ ਕੀਤੀ ਕਿ ਜਦੋਂ ਸਾਡਾ ਗੱਡਾ ਵਾਪਸ ਮੁੜੇ, ਹੁੱਕਾ ਹਟਾ ਲਵੀਂ। ਨਾ ਹਟਾਇਆ ਤਾਂ ਗੱਡੇ ਤੋਂ ਹੀ ਵਗਾਹਤੀ ਕਹੀ ਮਾਰ ਕੇ ਹੁੱਕਾ ਵੱਢ ਦਿੱਤਾ। ਫਿਰ ਉਹ ਵੀ ਸਮਝ ਗਿਆ। ਕਿਉਂ ਜੁ ਲੋਕ ਸਮਝਦੇ ਸੀ ਕਿ ਉਹੋ ਡੇਰਾ ਹੈ ਜਿਸਦੇ ਬੂਹੇ ਅੱਗੇ ਪੁਲਸੀਏ ਹੁੱਕੇ ਗੁੜਗੁੜਾਇਆ ਕਰਦੇ ਸਨ। ਪਰ ਹੁਣ ਸਤਿਗੁਰੂ ਪਰਤਾਪ ਸਿੰਘ ਜੀ ਦੇ ਤਪ ਤੇਜ ਕਾਰਨ ਨਾ ਉਹ ਪੁਲਿਸ ਚੌਂਕੀ ਰਹੀ ਤੇ ਨਾ ਹੀ ਪਿੰਡ ਦੇ ਆਕੜਖਾਨ ਜਿਹਨਾਂ ਬਾਰੇ, ਗੁਰੂ ਹਰੀ ਸਿੰਘ ਜੀ ਬਾਹੋਵਾਲ ਜੀ ਦੇ ਸ਼ਬਦਾਂ ਵਿਚ ਕਿਹਾ ਕਰਦੇ ਸਨ 'ਏਨਾ ਕੀਆਂ ਗਰਦਨਾਂ ਮੈਂ ਕੀਲੇ ਠੁਕੇ ਹੋਏ ਹੈਨ ਸੋ ਭੰਨਣੇ ਹਨ। ਹੰਕਾਰ ਕੇ ਕੀਲੇ ਭੰਨ ਕੇ ਛੱਡਾਂਗੇ। ਸਾਡੀ ਗਰਦਨ 32 ਸਾਲ ਥੀਂ ਨੀਮੀ ਹੋਈ ਹੋਈ ਹੈ, ਏਨਾ ਕੀ ਨੀਵੀਂ ਕਰਾਂਗੇ।'[8] ਸੋ ਇਹ ਹੰਕਾਰ ਦੇ ਕਿੱਲੇ ਭੰਨਣ ਵਾਲੀ, ਗੁਰੂ ਘਰ ਦੀ ਵੱਡੀ ਸੇਵਾ, ਜਥੇਦਾਰ ਝੱਬਰ ਨੇ ਨਿਬਾਹੀ ਸੀ। ਆਪਣੇ ਕੁਝ ਇਹੋ ਜਿਹੇ ਗੁਣਾਂ ਕਾਰਨ ਹੀ ਬਹੁਤ ਸਾਰੀਆਂ ਦੰਦ ਕਥਾਵਾਂ ਵੀ ਨਾਮਧਾਰੀ ਜਗਤ ਵਿਚ ਉਹਨਾਂ ਬਾਰੇ ਪਰਚਲਿਤ ਹੋ ਗਈਆਂ ਹਨ।

ਇਕ ਇਹੋ ਜਿਹੀ ਹੀ ਦੰਦ ਕਥਾ ਹੈ ਕਿ ਝੱਬਰ ਜੀ ਬਾਲਕ ਬੇਅੰਤ ਜੀ (ਵਰਤਮਾਨ ਸਤਿਗੁਰੂ ਜਗਜੀਤ ਸਿੰਘ) ਨੂੰ ਕਈ ਵੇਰ ਕਿਸੇ ਬਾਲ ਸੁਲਭ ਕਾਰਵਾਈ ਤੋਂ ਖੂਹ ਵਿਚ ਲਮਕਾ ਦਿਆ ਕਰਦੇ ਸਨ। ਪਿੰਡ ਕਰੀਵਾਲੇ ਬੈਠਿਆਂ, ਮੈਂ ਇਕ ਦਿਨ ਇਸ ਬਾਰੇ ਆਪ ਨੂੰ ਪੁੱਛਿਆ। ਆਪ ਦਾ ਪ੍ਰਤੀਕਰਮ ਸੀ, "ਮੈਨੂੰ ਕਮਲਾ ਸਮਝਦਾ ਹੈਂ ਜਾਂ ਸਿਆਣਾ?" ਮੈਂ ਕਿਹਾ, "ਤੁਹਾਡੀ ਸਿਆਣਪ ਦੇ ਪਰਮਾਣ ਤਾਂ ਬਹੁਤ ਦਫਾ ਸਤਿਗੁਰੂ ਪਰਤਾਪ ਸਿੰਘ ਜੀ ਹੀ ਦੇ ਚੁੱਕੇ ਹਨ। ਜਿਹਾ ਕਿ ਉਹ ਕਿਹਾ ਕਰਦੇ ਸਨ ਕਿ ਹੋਰਨਾਂ ਦੀਆਂ ਦੋ ਅੱਖਾਂ ਹਨ ਪਰ ਝੱਬਰ ਦੀਆਂ ਤਿੰਨ ਹਨ। ਇਹ ਆਪਣੀ ਤੀਜੀ ਅੱਖ ਜੋ ਪਿੱਛੇ ਹੈ, ਉਸ ਨਾਲ ਅੱਖਾਂ ਤੋਂ ਪਰ੍ਹੇ ਜੋ ਹੋ ਰਿਹਾ ਹੈ, ਉਹ ਵੀ ਵੇਖ ਸਕਦਾ ਹੈ। ਭਾਵ ਅਜੇਹਾ ਵਿਅਕਤੀ ਜੋ ਕੁਸ਼ਾਗਰ ਬੁੱਧ ਹੁੰਦਾ ਹੈ। ਤਾਂ ਕਹਿਣ ਲੱਗੇ, "ਜੇ ਮੈਂ ਸਿਆਣਾ ਹਾਂ ਤਾਂ ਫਿਰ ਦੱਸ। ਬੱਚਾ ਤਾਂ ਕਿਸੇ ਦਾ ਵੀ ਖੂਹ ਵਿਚ ਨਹੀਂ ਲਮਕਾਇਆ ਜਾ ਸਕਦਾ ਫਿਰ ਮੈਂ ਆਪਣੇ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਹੀ ਲਮਕਾਉਣਾ ਸੀ?" ਇਹ ਬਚਨ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਆਪ ਦੇ ਇਕ ਪਰਕਾਸ਼ ਪੁਰਬ ਸਮੇਂ ਭੈਣੀ ਸਾਹਿਬ ਸੁਣਾਇਆ ਸੀ। ਸਤਿਗੁਰੂ ਜੀ ਵਲੋਂ ਵੀ ਇਸ ਨੂੰ ਪਰਵਾਨਗੀ ਮਿਲੀ ਸੀ। ਝੱਬਰ ਜੀ ਦੇ ਜੀਵਨ ਕਾਲ ਦੀਆਂ ਦੋ ਵਿਸ਼ੇਸ਼ ਪਰਾਪਤੀਆਂ 14 ਸਾਲ ਤੱਕ ਬੇਅੰਤ ਜੀ ਦੀ ਚਹੁੰ ਵਰ੍ਹਿਆਂ ਦੀ ਉਮਰ ਤੋਂ ਲੈ ਕੇ ਸੇਵਾ ਅਤੇ ਕੋਈ ਵੀਹ ਸਾਲ ਡੇਰਾ ਭੈਣੀ ਸਾਹਿਬ ਦੀ ਪਰਬੰਧਕੀ ਸੇਵਾ ਹੈ। ਉਹਨਾਂ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੋਰ ਵਰੋਸਾਏ

ਸੇਵਕਾਂ ਦੀ ਸੇਵਾ ਬਾਰੇ ਹੀ ਜੀਵਨ ਨਗਰ ਦੇ, ਹੁਣ ਤੱਕ ਦੇ ਹੋਏ, ਆਖਰੀ ਹੋਲੇ ਮੁਹੱਲੇ ਤੇ 5 ਮਾਰਚ 1999 ਦੇ ਭੋਗ ਵਾਲੇ ਦਿਨ, ਸਤਿਗੁਰੂ ਜੀ ਦੇ ਸੰਗਤ ਦੇ ਨਾਮ ਆਪਣੇ ਪਰਵਚਨ ਵਿਚ ਇਸ ਤਰ੍ਹਾਂ ਫੁਰਮਾ ਕੇ, ਝੱਬਰ ਹੋਰਾਂ ਦੀ ਸੇਵਾ ਨੂੰ ਆਪਣੀ ਪਰਵਾਨਗੀ ਬਖਸ਼ੀ ਸੀ :

"ਏਥੇ ਬਹੁਤ ਬਹੁਤ ਸੇਵਾਦਾਰ ਹੋ ਚੁੱਕੇ ਨੇ। ਸਤਿਗੁਰੂ ਰਾਮ ਸਿੰਘ ਸਚੇ ਪਾਤਸ਼ਾਹ ਸਤਿਗੁਰੂ ਹਰੀ ਸਿੰਘ ਵੇਲੇ, ਸਤਿਗੁਰੂ ਪਰਤਾਪ ਸਿੰਘ ਸੱਚੇ ਪਾਤਸ਼ਾਹ ਵੇਲੇ, ਗੁਰਮੁਖ ਸਿੰਘ ਜਥੇਦਾਰ (ਉਹਨਾਂ ਦੇ ਪਿਤਾ ਦਾ ਨਾਂ ਜੀਵਨ ਸਿੰਘ ਸੀ- ਉਹ ਵੀ ਬੜੇ ਸਾਧੂ ਸਨ) ਝੱਬਰ ਪਿੰਡ ਦੇ ਉਹਨਾਂ ਨੇ ਸਤਿਗੁਰਾਂ ਦੇ ਹੁਕਮ 'ਚ ਰਹਿ ਕੇ ਬਹੁਤ ਸੇਵਾ ਕੀਤੀ। ਇਹ ਤਾਂ ਸਤਿਗੁਰਾਂ ਦੀ ਰਜ਼ਾ ਏ।

ਜਿਸ ਨੋ ਸਾਹਿਬ ਵਡਾ ਕਰੇ ਸੋਈ ਵਡ ਜਾਣੀ॥

ਇਕ ਪਾਸੇ ਤੇ ਗੁਰੂ ਪਰਿਵਾਰ ਭਰਾ ਭੈਣ ਤੇ ਇਕ ਪਾਸੇ ਗੁਰੂ ਕਾ ਹੁਕਮ ਹੈ- ਜਿਹੜਾ ਹੁਕਮ ਮੰਨੇਗਾ ਉਹੀ ਬਚੇਗਾ- ਭਾਵੇਂ ਉਹ ਰਿਸ਼ਤੇਦਾਰ ਹੋਵੇ ਤੇ ਭਾਵੇਂ ਉਹ ਸਿੱਖ-ਸੇਵਕ ਹੋਏ। ਇਤਿਹਾਸ ਵਿਚ ਲਿਖਿਐ ਕਿ ਇਕ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਦਸੌਂਧਾ ਸਿੰਘ ਨਾਂ ਦਾ ਆਦਮੀ ਆ ਕੇ ਬੜਾ ਦਖਲ ਦਿੰਦਾ ਸੀ ਤੇ ਬੜਾ ਖਰਾਬ ਕਰਦਾ ਸੀ। ਉਸਨੂੰ ਗੁਰਮੁਖ ਸਿੰਘ ਜਥੇਦਾਰ ਨੇ ਆਖਿਆ ਪਈ ਤੂੰ ਏਥੇ ਨਾ ਆਇਆ ਕਰ। ਓਹ ਅੱਗੋਂ ਆਂਹਦੈ- ਤੂੰ ਕੌਣ ਹੈਂ ਮੈਨੂੰ ਏਨੀ ਗੱਲ ਆਖਣ ਵਾਲਾ। ਜਥੇਦਾਰ ਨੇ ਉਹਦੇ ਦੋ ਤਿੰਨ ਜੜ ਦਿੱਤੀਆਂ। ਉਹ ਅੱਗੋਂ ਆਂਹਦੈ- ਤੇਰੇ ਨਾਲ ਇਕ ਐ ਮੇਰੇ ਨਾਲ ਦੋ ਨੇ। ਏਨਾ ਕਹਿ ਕੇ ਉਹ ਚਲਾ ਗਿਆ। ਜਥੇਦਾਰ ਨੇ ਸਤਿਗੁਰਾਂ ਨੂੰ ਦੱਸਿਆ ਕਿ ਦਸੌਂਧੀ ਨੇ ਐਸ ਤਰ੍ਹਾਂ ਗੱਲ ਕੀਤੀ। ਸਤਿਗੁਰਾਂ ਨੇ ਮਾਤਾ ਜੀਵਨ ਕੌਰ ਨੂੰ ਪੁੱਛਿਆ- ਇਹਦੇ ਪਿੱਛੇ ਤਾਂ ਮੈਂ ਹਾਂ, ਉਹਦੇ ਨਾਲ ਦੋ ਕੌਣ ਨੇ ? ਮਾਤਾ ਜੀ ਨੇ ਕਿਹਾ- ਮਹਾਰਾਜ ਨਿਹਾਲ ਸਿੰਘ ਨੇ ਉਹਦੇ ਪਿੱਛੇ। ਤੇ ਦੂਸਰੇ ? ਦੂਸਰੇ ਉਹ ਮੈਨੂੰ ਹੀ ਆਂਹਦਾ ਹੋਣੈ। ਤੁਸੀਂ ਇਹ ਦੱਸੋ ਪਈ ਇਹ ਗੁਰੂ ਪਰਿਵਾਰ ਠੀਕ ਐ ਜਾਂ ਗੁਰੂ ਦਾ ਸੇਵਕ ਠੀਕ ਹੈ। ਤੁਸੀਂ ਆਪ ਫੈਸਲਾ ਕਰਨੈ ਏਸ ਗੱਲ ਦਾ। ਜਿਹੜੀ ਸਤਿਗੁਰਾਂ ਦੀ ਆਗਿਆ ਮੰਨਣੀ ਹੈ, ਉਹ ਸਭ ਤੋਂ ਔਖੀ ਹੈ।

ਸਾਰੇ ਪਿੰਡ ਨੇ ਇਕੱਠਿਆਂ ਹੋ ਕੇ ਗੱਲ ਆਖੀ ਪਈ ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ ਹਟਾਓ ਏਥੋਂ। ਸਤਿਗੁਰਾਂ ਆਖਿਆ ਜਿੰਨਾ ਚਿਰ ਇਹ ਮੇਰੇ ਆਖੇ ਲੱਗਦੈ, ਜਿੰਨਾ ਚਿਰ ਏਥੇ ਮੇਰੇ ਬਚਨ ਵਿਚ ਹੈ, ਮੈਂ ਨਹੀਂ ਹਟਾਵਾਂਗਾ ਇਹਨੂੰ। ਜਿਹਨਾਂ ਦਾ ਜੀਅ ਕਰਦਾ ਹੈ ਕਿ ਅਸੀਂ ਆਪਣੀ ਮਨ ਮਰਜ਼ੀ ਕਰੀਏ ਜਾਂ ਸਤਿਗੁਰਾਂ ਨੂੰ ਤੰਗ ਕਰੀਏ, ਉਹ ਲੋਕ ਆਪਣੇ ਰਾਹ ਵਿਚ ਰੋੜੇ ਨੂੰ ਹਟਾਉਣਾ ਚਾਹੁੰਦੇ ਨੇ।

ਚੌਂਕੀਦਾਰ ਜਾਂ ਕੁੱਤਾ ਘਰ 'ਚ ਰਾਖੀ ਕਰਦੈ। ਚੋਰ ਡਾਕੂ ਉਸਨੂੰ ਆ ਕੇ

ਪਹਿਲੋਂ ਗੋਲੀ ਮਾਰੇਗਾ। ਆਖੇਗਾ– ਬਹੁਤ ਭੈੜਾ ਹੈ ਇਹ। ਅਗਲੇ ਨੂੰ ਚੰਗਾ ਨਹੀਂ ਲੱਗਦਾ ਉਹ। ਬਾਣੀ ਵਿਚ ਤੁਕਾਂ ਲਿਖੀਆਂ ਨੇ :

ਜਿਓ ਜਿਓ ਰਾਮ ਕਹੈ ਜਨ ਊਚੇ
ਨਰ ਨਿੰਦਕ ਡੰਕੁ ਲਗਾਏ॥
ਧ੍ਰਿਗੁ ਧ੍ਰਿਗੁ ਨਰਨਿੰਦਕ ਜਿਨ ਜਨ ਨਹੀਂ ਭਾਏ
ਹਰਿ ਕੇ ਸਖਾ ਸਖਾਇ॥

ਜਿਸਨੂੰ ਹਰੀ ਦੇ ਸਥਾ ਸਖਾਈ ਚੰਗੇ ਨਹੀਂ ਲਗਦੇ ਉਹ ਕਿੰਨੇ ਫਿੱਟੇ ਮੂੰਹ ਹੁੰਦੇ ਨੇ– ਇਹ ਹੁਣ ਤੁਸੀਂ ਵੇਖ ਲਓ। ਇਹ ਲਿਖਿਐ ਬਾਣੀ 'ਚ ਸਤਿਗੁਰਾਂ ਨੇ।

ਇਹ ਕੁਝ ਆਦਿ ਕਾਲ ਤੋਂ ਚਲਿਆ ਆਉਂਦੈ ਉਸਨੂੰ ਕੋਈ ਰੋਕ ਨਹੀਂ ਸਕਦਾ। ਜੋ ਸਤਿਗੁਰਾਂ ਦੀ ਰਜ਼ਾ ਏ ਜਿਵੇਂ ਉਵੇਂ ਹੀ ਹੁੰਦਾ ਹੈ। ਗੁਰਮੁਖ ਸਿੰਘ ਜਥੇਦਾਰ ਨੇ ਬਹੁਤ ਸੇਵਾ ਕੀਤੀ ਪਰ ਸਾਡੇ ਪਰਿਵਾਰ ਦੇ ਜੀਆਂ ਨੇ ਉਸਨੂੰ ਬੁਰਾ ਆਖਣਾ ਸ਼ੁਰੂ ਕਰ ਦਿੱਤੈ ਹੁਣ। ਬੱਚਿਆਂ ਨੇ ਵੀ ਬਈ ਗੁਰਮੁਖ ਸਿੰਘ ਐਸ ਤਰ੍ਹਾਂ ਸੀ, ਐਸ ਤਰ੍ਹਾਂ ਸੀ ਤੇ ਉਹਨਾਂ ਨੂੰ ਵਡਿਆਉਂਦੇ ਨੇ ਕਈ ਬੰਦੇ।

ਮੈਂ ਅਰਜ਼ ਕਰਾਂਗਾ ਕਿ ਏਨ੍ਹਾਂ ਗੱਲਾਂ ਤੋਂ ਤਗੜੇ ਹੋ ਕੇ, ਹਿੰਮਤ ਕਰਕੇ ਬਚੋ ਤਾਂ ਕਿ ਸਤਿਗੁਰਾਂ ਦੇ ਹੁਕਮਾਂ ਵਿਚ ਰਹਿ ਕੇ ਆਪਣੀ ਜੀਵਨ ਯਾਤਰਾ ਸਫ਼ਲ ਕਰੀਏ। ਉਹ ਆਪਣੀਆਂ ਕੈਸਟਾਂ ਵੰਡਦੇ ਨੇ ਗੁਰਮੁਖ ਸਿੰਘ ਦੇ ਖ਼ਿਲਾਫ਼– ਬੜੇ ਢੰਗ ਨਾਲ, ਤਰੀਕੇ ਨਾਲ ਤਾਂ ਕਿ ਕਿਸੇ ਨੂੰ ਪਤਾ ਨਾ ਲੱਗੇ ਤੇ ਗੱਲ ਵੀ ਮੇਰੀ ਪਹੁੰਚ ਜਾਏ।

ਏਸੇ ਤਰ੍ਹਾਂ ਹੀ ਭਾਈ ਵਜ਼ੀਰ ਸਿੰਘ ਨੇ ਕਿੰਨੀ ਸੇਵਾ ਕੀਤੀ ਐ। ਉਸ ਦੇ ਖ਼ਿਲਾਫ਼ ਵੀ ਬੋਲਿਆ ਗਿਐ। ਇਹ ਦੱਸੋ ਭਾਈ ਵਜ਼ੀਰ ਸਿੰਘ ਠੀਕ ਸੀ ਜਾਂ ਜਿਹੜੇ ਬੋਲਣ ਵਾਲੇ ਨੇ ਉਹ ਠੀਕ ਨੇ।... ਏਸੇ ਤਰ੍ਹਾਂ ਸ੍ਰ. ਭਗਤ ਸਿੰਘ ਨੇ ਸੇਵਾ ਕੀਤੀ ਤੇ ਏਨੀ ਸੇਵਾ ਕੀਤੀ ਉਸਨੇ ਜਿਹੜੀ ਕਰਨੀ ਬਹੁਤ ਔਖੀ ਹੈ। ਉਹ ਸਤਿਗੁਰਾਂ ਦੇ ਘੋੜਿਆਂ ਦੀ ਸਵਾਰੀ ਕਰਦਾ ਸੀ, ਘੋੜਿਆਂ ਨੂੰ ਦੌੜਨ ਦੀ ਟ੍ਰੇਨਿੰਗ ਦੇਂਦਾ ਸੀ, ਜਾਚ ਸਿਖਾਉਂਦਾ ਸੀ। ਉਹਦੇ ਮਨ ਵਿਚ ਭਾਵਨਾ ਇਹ ਸੀ ਕਿ ਜੇ ਮੈਂ ਸਤਿਗੁਰਾਂ ਦੇ ਘੋੜੇ ਤੋਂ ਡਿੱਗ ਕੇ ਮਰ ਜਾਵਾਂ ਤਾਂ ਮੇਰੇ ਵਰਗਾ ਬੰਦਾ ਦੁਨੀਆ ਤੇ ਕੋਈ ਨਹੀਂ ਹੋ ਸਕਦਾ। ਪਰ ਸਤਿਗੁਰੂ ਵੀ ਬੜੇ ਧੰਨ ਨੇ।

ਇਕ ਵਾਰੀ ਇਕ ਘੋੜੀ ਤੇ ਉਹ ਚੜ੍ਹਿਆ। ਘੋੜੀ ਦੌੜੀ ਤੇ ਅੱਗੇ ਬੇਰੀ ਦਾ ਦਰਖਤ ਸੀ। ਉਸ ਵਿਚ ਸਿਰ ਵੱਜਿਆ ਉਸਦਾ ਤੇ ਉਤੋਂ ਸਿਰ ਤੋਂ ਸਾਰਾ ਮਾਸ ਪਿਛਾਂਹ ਨੂੰ ਨਿਕਲ ਗਿਆ। ਵਾਲ ਵਿਚੋਂ ਬਾਹਰ ਨੂੰ ਆਏ। ਧੰਨ ਸਤਿਗੁਰੂ ਤੇ ਧੰਨ ਸਤਿਗੁਰੂ ਦੇ ਸਿੱਖ ਨੇ।

ਮੇਰੇ ਸਾਹਮਣੇ ਦੀ ਗੱਲ ਏ– ਸ੍ਰੀ ਭੈਣੀ ਸਾਹਿਬ ਕੋਠੀ ਵਿਚ ਚੜ੍ਹਦੇ ਪਾਸੇ ਜਿੱਥੇ ਪਹਿਲਾਂ ਅਮਰੂਦਾਂ ਦੇ ਦਰਖ਼ਤ ਹੁੰਦੇ ਸਨ, ਉਥੇ ਉਸਨੂੰ ਲੰਮਾ ਪਾ ਕੇ ਸੱਚੇ ਪਾਤਸ਼ਾਹ ਉਸ ਦੇ ਸਿਰ ਦਾ ਇਕ ਇਕ ਵਾਲ (ਕਿਉਂਕਿ ਜਿਹਨਾਂ ਨੂੰ ਕਦਰ ਏ ਕੇਸਾਂ ਦੀ) ਇਕ ਇਕ ਵਾਲ ਕੱਢ ਕੇ ਬਾਹਰ, ਉਸਦੀ ਖੋਪਰੀ ਐਸ ਤਰ੍ਹਾਂ ਕਰ ਕੇ ਸਿਉਂ ਦਿੱਤੀ। ਉਸਨੇ ਸੀ ਨਹੀਂ ਕੀਤੀ, ਹਾਇ ਨਹੀਂ ਕੀਤੀ। ਕੋਈ ਉਸਨੂੰ ਠੰਢਾ (ਸੁੰਨ) ਕਰਨ ਵਾਲੀ ਦਵਾਈ ਨਹੀਂ ਲਾਈ। ਕੋਈ ਉਸਨੂੰ ਅਮਲ ਵਾਲੀ ਚੀਜ਼ ਨਹੀਂ ਦਿੱਤੀ ਕਿ ਉਸਨੂੰ ਪੀੜ ਦਾ ਪਤਾ ਨਾ ਲੱਗੇ। ਪਰ ਉਹ ਸਤਿਗੁਰਾਂ ਦੇ ਸਿੱਖ ਜਿਹੜੇ ਸੇਵਾ ਏਸ ਤਰ੍ਹਾਂ ਕਰਦੇ ਨੇ।

ਫੇਰ, ਉਸਨੇ ਛੇ–ਛੇ ਮਹੀਨੇ ਭੁੱਖਾ ਰਹਿਣਾ ਕਿ ਮੇਰਾ ਵਜਨ ਨਾ ਵਧ ਜਾਵੇ ਤੇ ਕੋਸ਼ਿਸ਼ ਇਹੀ ਕਰਨੀ ਕਿ ਘੋੜਾ ਮੇਰਾ ਜਿੱਤੇ ਜਾ ਕੇ। ਛੇ–ਛੇ ਮਹੀਨੇ ਇਵੇਂ ਭੁੱਖਾ ਇਸ ਤਰ੍ਹਾਂ ਰਹਿਣਾ ਕਿ ਕਦੇ ਸੰਤਰੇ ਦੀ ਫਾੜੀ ਖਾ ਲੈਣੀ, ਮੂੰਗਫਲੀ ਦਾ ਦਾਣਾ ਮੂੰਹ 'ਚ ਪਾ ਲੈਣਾ, ਕਦੇ ਸੌਂਫ ਪੀ ਲਈ ਤੇ ਮੁੜਕਾ ਲੈ ਲੈ ਕੇ ਆਪਣਾ ਵਜ਼ਨ ਘਟਾਉਣਾ, ਰੇਸ ਪਿੱਛੋਂ ਪੁੱਛਣਾ ਕਿ ਘੋੜਾ ਜਿੱਤਿਐ ਕਿ ਨਹੀਂ। ਹੋਸ਼ ਨਹੀਂ ਸੀ ਹੁੰਦੀ ਉਸਨੂੰ। ਇਸ ਤਰ੍ਹਾਂ ਦੀ ਸੇਵਾ ਕੀਤੀ ਸ੍ਰ. ਭਗਤ ਸਿੰਘ ਨੇ।

ਸੋ, ਮੈਂ ਤੁਹਾਨੂੰ ਅਰਜ਼ ਕਰਨੀ ਚਾਹੁੰਦਾਂ। ਸੇਵਾਦਾਰ ਤਾਂ ਬੜੇ ਨੇ ਜਿਹੜੇ ਮੇਰੇ ਧਿਆਨ ਵਿਚ ਦੋ ਆਏ ਨੇ ਮੈਂ ਤੁਹਾਨੂੰ ਦੱਸ ਦਿੱਤੇ ਨੇ। ਗੁਰਮੁਖ ਸਿੰਘ ਜਥੇਦਾਰ ਤੇ ਭਗਤ ਸਿੰਘ ਮੈਨੂੰ ਵੀ ਸਾਂਭਦੇ ਰਹੇ ਨੇ ਨਿੱਕਿਆਂ ਹੁੰਦਿਆਂ ਨੂੰ। ਮੈਂ ਗੁਰਮੁਖ ਸਿੰਘ ਦੀਆਂ ਘੂਰਾਂ ਵੀ ਖਾਧੀਆਂ ਨੇ। ਮੈਂ ਸਮਝਦਾਂ ਕਿ ਜਿਹੜੀਆਂ ਸਤਿਗੁਰਾਂ ਦੇ ਹੁਕਮ ਨਾਲ ਘੂਰਾਂ ਹੋਈਆਂ ਨੇ ਉਹ ਬਹੁਤ ਵਧੀਆ ਨੇ। ਉਹੀ ਜਿਹੀ ਚੀਜ਼ ਮੈਨੂੰ ਲੱਭ ਨਹੀਂ ਸਕਦੀ। ਏਸੇ ਤਰ੍ਹਾਂ ਹੀ ਸ੍ਰ. ਭਗਤ ਸਿੰਘ ਵੀ ਮੈਨੂੰ ਦੁੱਧ ਪਿਆਉਣ ਲੱਗਾ ਤੇ ਮੈਂ ਨਾ ਪੀਆਂ ਦੁੱਧ! ਗਿਲਾਬ ਫੜ ਕੇ, ਦੁੱਧ ਪੀ ਕੇ ਆਂਹਦੈ– ਏਸ ਤਰ੍ਹਾਂ ਪੀਵੀਦੈ ਦੁੱਧ। ਏਸ ਤਰ੍ਹਾਂ ਨਾਲ ਸੇਵਾ ਕਰਦੇ ਰਹੇ। ਫਿਰ ਇਕ ਵੇਰਾਂ ਸ੍ਰ. ਭਗਤ ਸਿੰਘ ਮੈਨੂੰ ਫੜਨ ਲੱਗਾ ਭੱਜ ਕੇ ਤੇ ਮੈਂ ਦੌੜਿਆ ਅੱਗੇ ਤੇ ਸਤਿਗੁਰਾਂ ਨੇ ਆਖਿਆ ਕਿ ਇਸ ਤਰ੍ਹਾਂ ਨਹੀਂ। ਮੈਂ ਛੋਟਾ ਜਿਹਾ ਸਾਂ। ਜਿੱਥੇ ਜਿੱਥੇ ਇਹਦੇ ਪੈਰ ਟਿਕਦੇ ਨੇ, ਉਥੇ ਪੈਰ ਟਿਕਾ ਕੇ ਫੜ ਇਸਨੂੰ, ਫੇਰ ਤੈਨੂੰ ਸਮਝਾਂਗੇ। ਇਸ ਤਰ੍ਹਾਂ ਕ੍ਰਿਪਾ ਕੀਤੀ ਸਤਿਗੁਰਾਂ ਨੇ ਉਨ੍ਹਾਂ ਤੇ। ਬਹੁਤ ਖੁਸ਼ੀਆਂ ਦਿੱਤੀਆਂ। ਮੈਂ ਤੁਹਾਨੂੰ ਇਕੋ ਹੀ ਗੱਲ ਦੱਸਦਾਂ ਕਿ ਸਾਡੇ ਦੋਹਾਂ ਨਾਲੋਂ, ਉਹਨਾਂ ਦੋਹਾਂ ਦੇ ਉਤੇ ਸਤਿਗੁਰਾਂ ਦੀ ਬਹੁਤ ਖ਼ੁਸ਼ੀ ਸੀ। ਹੁਣ, ਜੇ ਅਸੀਂ ਸਮਝੀਏ ਅਸੀਂ ਸਤਿਗੁਰਾਂ ਦੇ ਪੁੱਤਰ ਹਾਂ, ਉਹਨਾਂ ਤੇ ਕਿਉਂ ਖੁਸ਼ੀ ਐ (ਸਤਿਗੁਰਾਂ ਦੀ) ਤਾਂ ਸਾਡਾ ਸਾਰਾ ਓਥੇ ਹੀ ਕੰਮ ਖ਼ਰਾਬ ਹੋ ਜਾਂਦੈ। ਸਾਡਾ ਪੈਰ ਤਿਲਕ ਜਾਂਦੈ ਉਥੇ ਹੀ।

– ਆਪਸ ਕਉ ਕਰ ਕਛੁ ਨ ਜਣਾਵੈ॥
ਹਰਿ ਹਰਿ ਨਾਮੁ ਰਿਦੈ ਸਦਿ ਧਿਆਵੈ॥

ਏਥੇ ਜਦੋਂ ਅਸੀਂ ਸੰਗਤ ਵਿਚ ਆਉਂਦੇ ਹਾਂ, ਅਸੀਂ ਇਹੋ ਜਾਚ ਸਿੱਖਣ ਵਾਸਤੇ ਆਉਂਦੇ ਹਾਂ ਕਿ ਸਿੱਖੀ ਸਾਡੀ ਇਸ ਤਰ੍ਹਾਂ ਰਹਿ ਸਕਦੀ ਏ, ਸਤਿਗੁਰੂ ਵਾਲਾ ਪਾਸਾ ਜਿਵੇਂ ਰਹਿ ਸਕਦੈ। ਇਕ ਪਾਸੇ ਸਾਰੀ ਦੁਨੀਆ ਏ ਤੇ ਇਕ ਪਾਸੇ ਸਤਿਗੁਰੂ ਹੈ। ਜਿੰਨਾਂ ਚਿਰ ਆਪਾਂ ਰਿਸ਼ਤੇਦਾਰੀ 'ਚ ਫਸਾਂਗੇ, ਮਾਤ ਖਾਵਾਂਗੇ।[੧]

ਇਹ ਗੱਲ ਸ੍ਰ. ਉਮਰਾਵ ਸਿੰਘ ਕੱਕੜ ਹੋਰਾਂ ਨੇ ਇਕ ਤੋਂ ਵਧ ਵੇਰ ਸੁਣਾਈ ਸੀ ਕਿ ਵੰਡ ਤੋਂ ਪਹਿਲਾਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਦੌਰਾ ਪਿੰਡ ਵਰਨ (ਸ਼ੇਖ਼ੂਪੁਰਾ) ਵਿਚ ਸੀ। ਸ਼ਾਮ ਨੂੰ ਸਤਿਗੁਰੂ ਜੀ ਬਾਹਰ ਟਹਿਲਣ ਨਿਕਲੇ, ਇਕ ਸਿੰਘ ਨੇ ਜੋ ਨਾਲ ਜਾ ਰਿਹਾ ਸੀ, ਅਰਜ਼ ਕੀਤੀ, "ਜੀ ਫਲਾਣੇ ਸਿੰਘ ਨੇ, ਗੁਰਦੁਆਰੇ ਭੈਣੀ ਸਾਹਿਬ ਦੀ ਬਹੁਤ ਸੇਵਾ ਕੀਤੀ ਹੈ।" ਸਤਿਗੁਰੂ ਜੀ ਚੁੱਪ ਰਹੇ। ਜਦੋਂ ਦੂਜੀ ਤੀਜੀ ਵੇਰ ਉਸਨੇ ਫਿਰ ਇਹੋ ਗੱਲ ਦੁਹਰਾਈ ਤਾਂ ਸਤਿਗੁਰੂ ਜੀ ਚੱਲਦੇ ਚੱਲਦੇ ਰੁਕ ਕੇ, ਉਸ ਸਿੰਘ ਨੂੰ ਮੁਖ਼ਾਤਿਬ ਹੋਏ, "ਗੁਰਦੁਆਰੇ ਦੀ ਸੇਵਾ ਬਹੁਤ ਗੁਰੂ ਪਿਆਰਿਆਂ ਨੇ ਕੀਤੀ ਹੈ। ਪਰ ਜੋ ਸੇਵਾ ਜਥੇਦਾਰ ਗੁਰਮੁਖ ਸਿੰਘ ਝੱਬਰ ਨੇ ਕੀਤੀ ਹੈ ਉਸਦੀ ਮਿਸਾਲ ਉਹ ਆਪ ਹੀ ਹੈ।" ਉਹ ਸਿੰਘ ਚੁੱਪ ਕਰ ਗਿਆ। ਹਜ਼ੂਰੀ ਸੇਵਕ ਹਰਪਾਲ ਸਿੰਘ ਰਿਛਪਾਲ ਸਿੰਘ, ਹੋਰਾਂ ਦੇ ਪਿਤਾ ਸੰਤ ਕਸ਼ਮੀਰ ਸਿੰਘ ਜੀ ਨੇ ਬਚਨ ਸੁਣਾਇਆ ਕਿ ਜੀਵਨ ਨਗਰ ਵਿਚ ਸਤਿਗੁਰੂ ਪਰਤਾਪ ਸਿੰਘ ਵਿਚਰ ਰਹੇ ਸਨ ਜਦੋਂ ਕਿਸੇ ਸਿੱਖ ਨੇ, ਝੱਬਰ ਹੋਰਾਂ ਬਾਰੇ ਸ਼ਿਕਾਇਤੀ ਸੁਰ ਵਿਚ ਕੁਝ ਕਿਹਾ। ਸਤਿਗੁਰੂ ਜੀ ਦਾ ਜੁਆਬ ਸੀ, "ਗੁਰਮੁਖ ਸਿੰਘ ਸਾਡੇ ਪੰਥ ਦੀ ਆਨ ਨਾਲ ਸਬੰਧਿਤ ਕੋਈ ਸਭ ਤੋਂ ਵੱਡੀ ਕੁਰਹਿਤ ਕਰਕੇ ਵੀ ਆ ਜਾਏ, ਉਹ ਮੈਨੂੰ ਤਾਂ ਵੀ ਪਰਵਾਨ ਹੋਵੇਗਾ।" ਇਹ ਸੀ ਉਹ ਵੱਡੀ ਪਰਾਪਤੀ ਜੋ ਆਪਣੇ ਗੁਰੂ ਘਰ ਦੀ ਚਾਲ੍ਹੀ ਸਾਲ ਨਿਸ਼ਕਾਮ ਅਤੇ ਪੂਰਨ ਨਿਸ਼ਠਾ ਨਾਲ ਮਨੋਂ, ਤਨੋਂ, ਧਨੋਂ, ਖੁਭ ਕੇ ਕੀਤੀ ਸੇਵਾ ਦਾ ਫਲ, ਜੋ ਸਤਿਗੁਰੂ ਪਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਹੋਰਾਂ ਦੀ ਪਰਵਾਨਗੀ ਦੇ ਰੂਪ ਵਿਚ, ਉਹਨਾਂ ਨੂੰ ਪਰਾਪਤ ਹੋਇਆ।

ਉਹਨਾਂ ਦੀਆਂ ਪਰਬੰਧਕੀ ਯੋਗਤਾਵਾਂ ਦਾ ਉਪਯੋਗ, ਡੇਰਾ ਭੈਣੀ ਸਾਹਿਬ ਨੂੰ ਰਿਣ ਮੁਕਤ ਕਰਕੇ ਆਰਥਿਕ ਤੌਰ ਤੇ ਆਤਮ ਨਿਰਭਰ ਕਰਨ ਵਿਚ ਹੋਇਆ। ਉਹਨਾਂ ਦੇ ਕਾਰਜ ਕਾਲ ਸਮੇਂ 1932 ਈ. ਤੋਂ 1936 ਈ. ਤੱਕ, ਲਗਾਤਾਰ ਪੰਜ ਹੋਲੇ ਮਹੱਲੇ, ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਹੋਏ। ਅੱਸੂ ਦਾ ਮੇਲਾ ਤਾਂ ਹਰ ਵਰ੍ਹੇ ਹੋਣ ਵਾਲਾ ਪੱਕਾ ਮੇਲਾ ਹੈ ਹੀ ਸੀ। ਇਸ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ (1934) ਅਨੇਕਾਂ ਅਖੰਡ ਪਾਠਾਂ ਅਤੇ ਚੰਡੀ ਦੀ ਵਾਰ ਦੇ

ਹਵਨ ਯੱਗ ਵੀ ਹੁੰਦੇ ਰਹੇ ਸਨ। ਇਹਨਾਂ ਸਾਰੇ ਪ੍ਰੋਗਰਾਮਾਂ ਦੇ ਸਫ਼ਲਤਾਪੂਰਵਕ ਸੰਪੂਰਨਤਾ ਵਿਚ ਵੀ ਆਪ ਦੀ ਪਰਬੰਧ ਕੁਸ਼ਲਤਾ ਉਜਾਗਰ ਹੁੰਦੀ ਸੀ। ਸਾਰੇ ਪ੍ਰੋਗਰਾਮ ਨੂੰ ਇਸ ਤਰ੍ਹਾਂ ਵਿਉਂਤਬੰਦ ਕਰਕੇ ਥਾਉਂ ਥਾਈਂ ਸੇਵਾਦਾਰਾਂ ਦੀਆਂ ਜ਼ਿੰਮੇਵਾਰੀਆਂ ਨਿਸ਼ਚਿਤ ਕਰ ਦਿੱਤੀਆਂ ਜਾਂਦੀਆਂ ਸਨ ਜਿਸ ਕਰਕੇ ਕੋਈ ਵੀ ਪਰਬੰਧਕੀ ਮਸਲਾ ਸਤਿਗੁਰੂ ਜੀ ਤੱਕ ਪਹੁੰਚਣ ਦੇਣ ਦੀ ਬਜਾਏ ਆਪ ਹੀ ਉਸਨੂੰ ਨਜਿੱਠ ਦਿੰਦੇ ਸਨ ਅਤੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਦੇ ਇਸ ਲਈ ਵੀ ਪਾਤਰ ਬਣਦੇ ਕਿ ਉਹਨਾਂ ਦੇ ਭਜਨ ਬਾਣੀ ਕੀਰਤਨ ਆਦਿ ਦੇ ਸਮੇਂ ਵਿਚ ਇਸ ਤਰ੍ਹਾਂ ਦਾ ਕੋਈ ਖਲਲ ਨਹੀਂ ਸੀ ਪੈਂਦਾ। ਪਹਿਲੇ ਹਵਨ ਯੱਗ ਦੀ ਸਮਾਪਤੀ ਸਮੇਂ ਜਦੋਂ ਸਤਿਗੁਰੂ ਜੀ ਨਾਲ ਸੰਗਤ ਦਾ ਸਮੂਹਿਕ ਚਿੱਤਰ ਉੱਤਰਨਾ ਸੀ ਤਾਂ ਆਪ ਜੀ ਨੇ ਇਹ ਕਹਿ ਕੇ ਮਾਣ ਬਖਸ਼ਿਆ, "ਗੁਰਮੁਖ ਨਹੀਂ ਦਿਸਦਾ। ਉਸਨੂੰ ਲੱਭ ਲਿਆਉ। ਫੋਟੋ ਮੈਂ ਉਹਦੇ ਆਇਆਂ ਲੁਹਾਉਣੀ ਹੈ।" ਆਪਣੇ ਚੇਤੇ ਦੀ ਪਟਾਰੀ ਵਿਚੋਂ ਇਸ ਤਰ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਪਰ ਮਹੱਤਵਪੂਰਨ ਕਈ ਘਟਨਾਵਾਂ ਉਹ ਮੈਨੂੰ ਸੁਣਾਇਆ ਕਰਦੇ ਸਨ।

ਪੁਰਾਣੇ ਸਿੰਘਾਂ ਅਤੇ ਸਤਿਗੁਰਾਂ ਦੇ ਬਚਨ ਬਿਲਾਸ ਕਰਦਿਆਂ ਆਪਣੇ ਸੰਗੀਆਂ ਹਾਣੀਆਂ ਜਾਂ ਛੋਟੇਰੀ ਉਮਰ ਦੇ ਸਿੰਘਾਂ ਵਿਚ ਬੈਠੇ ਵੀ ਉਹ ਬੜੇ ਖ਼ੁਸ਼ ਹੁੰਦੇ ਸਨ। ਉਹ ਕਹਿੰਦੇ ਹੁੰਦੇ ਸਨ, "ਉਹ ਕਾਹਦਾ ਕੂਕਾ ਹੈ, ਜਿਹਦੇ ਮੂੰਹੋਂ ਅੱਠਾਂ ਪਹਿਰਾਂ ਵਿਚ ਵੀ ਇਕ ਵੇਰ ਧੰਨ ਗੁਰੂ ਰਾਮ ਸਿੰਘ ਨਹੀਂ ਨਿਕਲਦਾ।" ਉਹਨਾਂ ਨੂੰ ਇਸ ਗੱਲ ਦਾ ਮਾਣ ਸੀ ਕਿ ਉਹਨਾਂ ਨੇ ਸਾਰੀ ਉਮਰ ਆਪਣੇ ਸਤਿਗੁਰੂ ਤੋਂ ਬਿਨਾਂ, ਹੋਰ ਕਿਸੇ ਦੇ ਦਰ ਤੇ ਆਪਣਾ ਸੀਸ ਨਹੀਂ ਝੁਕਾਇਆ ਸੀ।

ਸੰਤ ਤਰਨ ਸਿੰਘ ਵਹਿਮੀ ਰਚਿਤ ਜੱਸ ਜੀਵਨ ਦੇ ਸਾਰੇ ਹੀ ਭਾਗਾਂ ਵਿਚ ਉਹਨਾਂ ਬਾਰੇ ਗਾਹੇ ਬਗਾਹੇ ਸਮਾਚਾਰ ਅੰਕਿਤ ਹਨ। ਪੁਸਤਕ ਦੇ ਆਕਾਰ ਨੂੰ ਸੀਮਤ ਰੱਖਣ ਲਈ ਉਹ ਸਾਰੇ ਹਵਾਲੇ ਇਥੇ ਨਹੀਂ ਦਿੱਤੇ ਜਾ ਸਕਦੇ। ਵਿਦਵਾਨ ਸੱਜਣ ਖੋਜ ਸਕਦੇ ਹਨ। ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ ਜੇ ਵੀਹਵੀਂ ਸਦੀ ਵਿਚ ਡੇਰੇ ਭੈਣੀ ਸਾਹਿਬ ਦਾ ਇਕ ਮਹੱਤਵਪੂਰਨ ਉਸਰੱਈਆ ਕਿਹਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਏਗੀ। ਇਸ ਸਮੇਂ ਜੇਰੇ ਦੇ ਤਹਿਤ ਹੀ ਨਾਮਧਾਰੀ ਵਿਦਿਆਲਾ, ਸਤਿਗੁਰੂ ਰਾਮ ਹਰੀ ਪ੍ਰੈਸ, ਜਿੱਥੋਂ ਹਫ਼ਤਾਵਾਰ ਸਤਿਜੁਗ ਛਪਦਾ ਸੀ ਅਤੇ ਹੋਰ ਦਸਤਕਾਰੀਆਂ ਵੀ ਸ਼ੁਰੂ ਹੋਈਆਂ ਸਨ। ਸਤਿਜੁਗ ਦੇ ਜਿਸ 1936 ਈ. ਵਾਲੇ ਬਸੰਤ ਅੰਕ ਨੂੰ ਜ਼ਬਤ ਕਰ ਲਿਆ ਗਿਆ ਸੀ, ਉਹ ਆਪ ਨੇ ਪਰੈਸ ਐਕਟ ਤਹਿਤ ਸਰਕਾਰ ਨੂੰ ਭੇਜਣ ਤੋਂ ਪਹਿਲਾਂ ਹੀ ਸੰਗਤ ਨੂੰ ਡਾਕ ਵਿਚ ਪੁਆ ਦਿੱਤਾ ਸੀ। ਬਾਕੀ ਬਚੇ ਅੰਕ ਲੋਹੇ ਦੀ ਵੱਡੀ ਪੇਟੀ ਵਿਚ ਪਾ ਕੇ ਟਿੱਬਿਆਂ ਵਿਚ ਨੱਪ ਦਿੱਤੇ ਗਏ।

ਠੰਢ ਠੰਢੋਰਾ ਹੋਣ ਬਾਅਦ ਉੱਥੋਂ ਕੱਢ ਕੇ ਸੁਰੱਖਿਅਤ ਥਾਵਾਂ ਤੇ ਪੁਚਾ ਦਿੱਤੇ ਸਨ।

ਪਿਛਲੇ 27 ਵਰ੍ਹੇ ਉਮਰ ਦੇ ਕਰੀਵਾਲੇ ਬਿਤਾਏ। ਇਸ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਉਹਨਾਂ ਨੂੰ ਉਚੇਚੇ ਦਰਸ਼ਨ ਦੇਣ ਕਰੀਵਾਲੇ ਸਾਡੇ ਘਰ ਵੀ ਚਰਨ ਪਾਉਂਦੇ ਅਤੇ 1981 ਜਾਂ 82 ਵਿਚ ਆਪ ਨੂੰ ਅੱਸੂ ਦੇ ਮੇਲੇ ਸਮੇਂ ਦਸ ਦਿਨ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਾਉਣ ਵੀ ਲੈ ਗਏ। ਪਿੰਡ ਵਿਚ ਉਹਨਾਂ ਦੀ ਉਪ ਜੀਵਿਕਾ ਖੇਤੀਬਾੜੀ ਤੇ ਨਿਰਭਰ ਸੀ। ਜੋ ਕੋਈ ਵੀ ਆਪ ਪਾਸ ਆਉਂਦਾ ਉਸ ਨੂੰ ਹਮੇਸ਼ਾ ਸ਼ੁਭ ਸਿੱਖਿਆ ਦਿੰਦੇ। ਉਹ ਪਸ਼ੂਆਂ ਦੇ ਔਹਰਾਂ ਦੇ ਵੀ ਜਾਣਕਾਰ ਸਨ। ਉਹਨਾਂ ਦੀਆਂ ਸੁਝਾਈਆਂ ਦਵਾਵਾਂ ਕਾਰਗਰ ਹੁੰਦੀਆਂ। ਕਦੇ ਕਦਾਈਂ ਕਿਤੇ ਹੁੰਦੀ ਪੰਚਾਇਤ ਵਿਚ, ਜਿਸ ਗ਼ਰੀਬ ਸਿੱਖ ਦਾ ਪੱਖ ਕੋਈ ਨਾ ਸੁਣਦਾ ਉਹਦੀ ਪੈਰਵੀ ਲਈ ਆਪ ਉਚੇਚੇ ਤੌਰ ਤੇ ਉੱਥੇ ਪੁੱਜਦੇ।

ਆਪ ਦਾ ਪਹਿਲਾ ਅਨੰਦ ਕਾਰਜ, ਸੰਤ ਗੰਡਾ ਸਿੰਘ ਖਿਆਲੇ ਵਾਲਿਆਂ ਦੀ ਵੱਡੀ ਸਪੁੱਤਰੀ ਬੀਬੀ ਹਰਬੰਸ ਕੌਰ ਨਾਲ ਪਿੰਡ ਖਿਆਲਾ-ਢੋਟੀਆਂ (ਲਾਇਲਪੁਰ) ਵਿਚ 12 ਅੱਸੂ, 1984 ਬਿਕਰਮੀ (ਸਿਤੰਬਰ 1927) ਨੂੰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ ਸੀ। ਸੰਤਾਂ ਦੇ ਘਰ 10-11-12 ਅੱਸੂ ਤਿੰਨ ਦਿਨ ਮੇਲਾ ਹੋਇਆ ਜਿੱਥੇ ਸੰਤ ਲਾਲ ਸਿੰਘ ਭੂਰੇਗਿਲੀਏ, ਸੰਤ ਟਹਿਲ ਸਿੰਘ ਸੱਦੋਵਾਲੀਏ, ਸੰਤ ਨਿਧਾਨ ਸਿੰਘ ਆਲਮ ਅਤੇ ਮਹੰਤ ਲੱਧਾ ਸਿੰਘ ਖਿਆਲੇ ਵਾਲੇ ਪੰਥ ਦੇ ਪਰਚਾਰ ਜਥੇਦਾਰ ਤਿੰਨੇ ਦਿਨ ਦੀਵਾਨ, ਕਥਾ, ਕੀਰਤਨ ਕਰਦੇ ਰਹੇ ਸਨ। ਇਸ ਬੀਬੀ ਦੇ ਦੋ ਸਾਲਾਂ ਬਾਅਦ ਹੀ ਨਿਸਸੰਤਾਨ ਗੁਜ਼ਰ ਜਾਣ ਕਾਰਨ ਫਿਰ ਦੂਜਾ ਅਨੰਦ ਕਾਰਜ ਵੀ 1930 ਈ. ਵਿਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪ ਸੰਗਤ ਸਮੇਤ, ਮਿੰਟਗੁਮਰੀ ਜ਼ਿਲ੍ਹੇ ਦੀ ਨੀਲੀਬਾਰ ਵਿਚ, ਚੱਕ ਨੰਬਰ 367 ਗੱਗੋਦੇ ਨੇ, ਜਿਥੇ ਮੇਰੇ ਨਾਨਾ ਸੰਤ ਆਤਮਾ ਸਿੰਘ ਬੁਰਜਾਂ ਵਾਲੇ ਨਿਵਾਸ ਰੱਖਦੇ ਸਨ, ਆਪ ਜਾ ਕੇ ਕਰਵਾਇਆ ਸੀ। ਉਹਨਾਂ ਦੇ ਸਰੀਰ ਤਿਆਗਣ ਬਾਅਦ ਹਦਾਇਤ ਸੀ ਕਿ ਮੇਰਾ ਸਰੀਰ ਰੱਖ ਕੇ ਕਿਸੇ ਨੂੰ ਉਡੀਕਿਓ ਨਾ ਸੋ ਅਸਾਂ ਉਹਨਾਂ ਦੇ ਗੁਜ਼ਰਨ ਦੇ ਘੰਟਾ ਡੇਢ ਘੰਟਾ ਬਾਅਦ ਹੀ ਸਸਕਾਰ ਦੀ ਤਿਆਰੀ ਕਰ ਲਈ ਸੀ। ਉਹ ਲੋਕ ਲਾਜ ਅਤੇ ਅਖੌਤੀ ਰਸਮਾਂ ਰਿਵਾਜ਼ਾਂ ਦੇ ਚੁੰਗਲ ਵਿਚ ਸਾਰੀ ਉਮਰ ਨਹੀਂ ਫਸੇ। ਅਣਕਮਾਈ ਦੌਲਤ ਨੂੰ ਉਹ ਸੂਫ਼ੀ ਸੰਤਾਂ ਜਿਉਂ ਗ਼ੁਨਾਹ ਸਮਝਦੇ ਸਨ, ਪਰਵਾਨ ਕਰਨਾ। ਨੇਕੀ, ਸਚਾਈ, ਸਾਦਗੀ, ਮਿਹਨਤ, ਉੱਦਮ ਅਤੇ ਚੜ੍ਹਦੀ ਕਲਾ ਨੂੰ ਉਹਨਾਂ ਆਪਣੇ ਸੁਭਾਉ ਦਾ ਉਮਰ ਭਰ ਹਿੱਸਾ ਬਣਾਈ ਰੱਖਿਆ।

ਨਾਮਧਾਰੀ ਜਗਤ ਵਿਚ ਉਹਨਾਂ ਬਾਰੇ ਬਹੁਤ ਸਾਰੀਆਂ ਦੰਤ ਕਥਾਵਾਂ ਪ੍ਰਚਲਿਤ ਹੋਣਾ, ਇਕ ਐਸੇ ਨਾਇਕ ਦੀ ਸਿਰਜਣਾ ਵੱਲ ਇਸ਼ਾਰਾ ਕਰਦਾ ਹੈ, ਜੋ

ਆਪਣੇ ਜਿਊਂਦੇ ਜੀਅ ਮਿੱਥ ਬਣ ਜਾਂਦਾ ਹੈ। ਉਹਨਾਂ ਦੀਆਂ ਯਾਦਾਂ ਤੇ ਆਧਾਰਿਤ ਇਹ ਪੁਸਤਕ ਸੰਪਾਦਿਤ ਕਰਕੇ ਮੈਂ ਆਪਣੇ ਪਿੱਤਰੀ ਰਿਣ ਤੋਂ ਉਤੀਰਣ ਹੋਣ ਦਾ ਇਕ ਅਦਨਾ ਜੇਹਾ ਯਤਨ ਕੀਤਾ ਹੈ। ਬਾਕੀ ਇਸ ਦੀ ਇਤਿਹਾਸਕ, ਰਾਜਨੀਤਿਕ, ਸਮਾਜਿਕ, ਸਭਿਆਚਾਰਕ ਅਤੇ ਸਾਹਿਤਕ ਮਹੱਤਤਾ ਬਾਰੇ ਫੈਸਲਾ ਕਰਨਾ ਵਿਦਵਾਨ ਸੱਜਣਾਂ ਦਾ ਕੰਮ ਹੈ। ਮੈਂ ਆਪਣੇ ਸਾਹਿਤਕ, ਸਮਾਜਿਕ ਅਤੇ ਕਿਸੇ ਹੱਦ ਤੱਕ ਰਾਜਨੀਤਿਕ ਜੀਵਨ ਦਾ ਵੀ ਇਕ ਵੱਡਾ ਪਰੇਰਨਾ ਸਰੋਤ ਪਿਤਾ ਸ੍ਰੀ ਨੂੰ ਹੀ ਮੰਨਦਾ ਹਾਂ। ਸਤਿਗੁਰੂ ਜਗਜੀਤ ਸਿੰਘ ਜੀ ਫੁਰਮਾਇਆ ਕਰਦੇ ਹਨ ਕਿ ਜਥੇਦਾਰ ਗੁਰਮੁਖ ਸਿੰਘ ਝੱਬਰ ਹੋਰਾਂ ਦੀ ਇਹ ਰੀਝ ਸੀ ਕਿ ਉਹਨਾਂ ਦਾ ਪੁੱਤਰ ਨਾਮਧਾਰੀ ਵਿਦਵਾਨਾਂ, ਲੇਖਕਾਂ ਅਤੇ ਬੁਲਾਰਿਆਂ ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਪੈਰ ਚਿੰਨ੍ਹਾਂ ਤੇ ਚੱਲਣ ਵਾਲਾ ਹੋਵੇ। ਸੋ ਬਾਪੂ ਜੀ ਦੀ ਇਸ ਰੀਝ ਦੀ ਪੂਰਤੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ ਵੀ ਸ਼ਾਮਲ ਹੈ।

ਇਸ ਖਰੜੇ ਨੂੰ ਟਾਈਪ ਕਰਵਾਉਣ, ਪਰੂਫ ਵੇਖਣ ਸ੍ਰੀ ਭੈਣੀ ਸਾਹਿਬ ਦੇ ਰਿਕਾਰਡ ਵਿਚੋਂ ਬਾਪੂ ਜੀ ਦੀਆਂ ਰਿਕਾਰਡਿੰਗ ਦੀਆਂ ਨਕਲਾਂ ਹਾਸਲ ਕਰਨ ਲਈ ਅਤੇ ਇਸ ਨੂੰ ਛਾਪੇ ਦੇ ਜਾਮੇ ਤੱਕ ਪਹੁੰਚਾਉਣ ਵਿਚ ਲੇਖਕ/ਸੰਪਾਦਕ, ਵਿਦਵਾਨ ਸੱਜਣ ਸੰਤ ਹਰਪਾਲ ਸਿੰਘ ਸੇਵਕ ਹੋਰਾਂ ਦਾ ਧੰਨਵਾਦੀ ਹੈ। ਸ੍ਰੀ ਉਦੈ ਸਿੰਘ ਅਤੇ ਸੰਤ ਜਗਤਾਰ ਸਿੰਘ ਪਨਿਹਾਰੀ ਵੀ ਲੇਖਕ ਦੇ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ ਜੋ ਨਾਮਧਾਰੀ ਪੰਥ ਦੇ ਪਰਚਾਰ ਪਰਸਾਰ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵੇਲੇ ਦੇ ਪੁਰਾਤਨ ਨਾਮਧਾਰੀ ਪ੍ਰਵਾਰ 'ਚੋਂ ਸ੍ਰੀ ਭੈਣੀ ਸਾਹਿਬ ਨਿਵਾਸੀ ਸ. ਗੁਰਦਿਆਲ ਸਿੰਘ ਰਾਇ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ ਜੋ ਹਮੇਸ਼ਾ ਮੈਨੂੰ ਆਪਣੇ ਗ੍ਰਹਿ ਵਿਖੇ ਠਾਹਰ ਪਰਦਾਨ ਕਰਦੇ ਹਨ। ਇਸ ਦੀ ਵਧੀਆ ਛਪਾਈ ਅਤੇ ਸੁੰਦਰ ਦਿੱਖ ਲਈ ਉੱਘੇ ਕਵੀ ਅਤੇ ਪੁਸਤਕ ਪ੍ਰਕਾਸ਼ਨ ਵਿਚ ਨਿਵੇਕਲੀਆਂ ਬੁਲੰਦੀਆਂ ਛੋਹਣ ਵਾਲੇ ਸੱਜਣ ਸਵਰਨਜੀਤ ਸਵੀ ਜ਼ਿੰਮੇਵਾਰ ਹਨ।

ਮਿਤੀ 22-8-2012

**ਸੁਵਰਨ ਸਿੰਘ ਵਿਰਕ**
ਪਿੰਡ ਤੇ ਡਾਕ. ਕਰੀਵਾਲਾ
ਜ਼ਿਲ੍ਹਾ ਸਿਰਸਾ- 125075
(ਹਰਿਆਣਾ)

## ਫੁੱਟ ਨੋਟ

1. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਸੰ. ਭਾਈ ਨਾਹਰ ਸਿੰਘ, ਭਾਈ ਕਿਰਪਾਲ ਸਿੰਘ) 1989, ਐਟਲਾਂਟਿਕ ਪਬਲਿਸ਼ਰਜ਼, ਨਵੀਂ ਦਿੱਲੀ, ਸਫਾ 46
2. ਉਹੀ, ਸਫਾ 465
3. ਸਾਂਦਲਬਾਰ ਦਾ ਇਤਿਹਾਸ- ਵਿਰਕ ਅਤੇ ਹੋਰ (ਮੂਲ ਲੇਖਕ ਭਾਈ ਜੀਵਨ ਸਿੰਘ ਚੱਕ ਜੈਕ ਨੰ. 11, ਸ਼ੇਖੂਪੁਰਾ) ਲੇਖਕ ਤੇ ਸੰਪਾਦਕ : ਗਿਆਨੀ ਗੁਰਇਕਬਾਲ ਸਿੰਘ ਕੈਪਟਨ ਅਤੇ ਭਗਵੰਤ ਸਿੰਘ ਆਜ਼ਾਦ) ਸਿਆਣਾ ਸੱਯਦਾਂ ਨਜ਼ਕੀ ਪੇਹੋਵਾ (ਕੁਰੂਕਸ਼ੇਤਰ), ਸਫਾ 518
4. ਸੰਤ ਖਾਲਸਾ ਅਰਥਾਤ ਤਵਾਰੀਖ ਨਾਮਧਾਰੀ, ਕਰਤਾ ਤੇ ਪ੍ਰਕਾਸ਼ਕ : ਹਰਨਾਮ ਸਿੰਘ ਸ੍ਰੈਚ, ਪਿੰਡ ਬਗੁਲੀ ਕਲਾਂ (ਲੁਧਿਆਣਾ) 1935, ਸਫਾ 52
5. ਜੱਸ ਜੀਵਨ (ਭਾਗ ਦੂਜਾ), ਸੰਤ ਤਰਨ ਸਿੰਘ ਵਹਿਮੀ- ਰਾਮਪੁਰ (ਬੁੱਢੀ ਮਾੜੀ) ਜ਼ਿਲ੍ਹਾ ਸਿਰਸਾ, 1974 ਈ., ਸਫਾ 168
6. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ- ਭਾਈ ਧਿਆਨ ਸਿੰਘ ਕਾਦਰਾਬਾਦੀ (ਸੰ. ਡਾ. ਅਮਰ ਭਾਰਤੀ) ਤੀਜੀ ਛਾਪ, 1998 ਈ., ਸ੍ਰੀ ਭੈਣੀ ਸਾਹਿਬ, ਸਫਾ 115
7. ਜੱਸ ਜੀਵਨ (ਭਾਗ ਦੂਜਾ) ਸਫਾ 172-74
8. ਸਤਿਗੁਰੂ ਬਿਲਾਸ (ਭਾਗ ਦੂਜਾ) ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) 2005 ਈ., ਸ੍ਰੀ ਭੈਣੀ ਸਾਹਿਬ, ਸਫਾ 365
9. ਸਤਿਜੁਗ (ਸਪਤਾਹਿਕ), ਨਾਮਧਾਰੀ ਧਰਮਸ਼ਾਲਾ, ਰਮੇਸ਼ ਨਗਰ, ਨਵੀਂ ਦਿੱਲੀ (1-7 ਅਪ੍ਰੈਲ 1999), ਸਫਾ 3

# ਜਥੇਦਾਰ ਗੁਰਮੁਖ ਸਿੰਘ ਝੱਬਰ

**ਪਿੰਡ ਝੱਬਰ :**

ਸਾਡਾ ਪਿੰਡ ਝੱਬਰ ਪਹਿਲੋਂ ਗੁਜਰਾਂਵਾਲੇ ਜ਼ਿਲ੍ਹੇ ਵਿਚ ਸੀ ਅਤੇ ਫਿਰ ਸਾਡੀ ਸੰਭਾਲ ਵਿਚ ਹੀ ਸ਼ੇਖੂਪੁਰਾ ਜ਼ਿਲ੍ਹਾ ਬਣਾ ਦਿਤਾ ਗਿਆ ਸੀ। ਦੇਸ਼ ਦੀ ਵੰਡ ਹੋਣ ਤੋਂ ਬਾਅਦ ਇਹ ਇਲਾਕਾ ਹੁਣ ਪਾਕਿਸਤਾਨ ਵਿਚ ਆ ਗਿਆ ਹੈ। ਏਥੇ ਸਭ 100-150 ਵਿਰਕਾਂ ਦੇ ਹੀ ਪਿੰਡ ਸਨ ਜੋ ਵਿਰਕੈਤ ਕਰਕੇ ਜਾਣੇ ਜਾਂਦੇ ਸਨ ਅਤੇ ਇਹਨੂੰ ਦੁੱਲੇ ਦੀ ਬਾਰ ਜਾਂ ਫਿਰ ਉਹਦੇ ਪਿਓ ਜਾਂ ਦਾਦੇ ਦੇ ਨਾਂ ’ਤੇ ਸਾਂਦਲ ਬਾਰ ਵੀ ਆਖਦੇ ਸਨ

**ਪਿਛੋਕੜ :**

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਲਿਜੁਗ ਵਿਚ ਸਤਿਜੁਗ ਵਰਤਾਉਣ ਲਈ ਪ੍ਰਗਟ ਹੋਏ ਤਾਂ ਸਾਡੇ ਇਲਾਕੇ ਨੂੰ ਵੀ ਉਹਨਾਂ ਦੀ ਚਰਨ ਛੁਹ ਪ੍ਰਾਪਤ ਕਰਨ ਦਾ ਸੁਭਾਗ ਹਾਸਲ ਹੋਇਆ। ਵਿਰਕਾਂ ਦੇ ਅਨੇਕਾਂ ਪਿੰਡਾਂ ਵਿਚ ਚੌਅੱਖਰਾ ਭਜਨ ਪੁਛ ਕੇ, ਚੋਰੀ ਯਾਰੀ, ਮਾਸ-ਸ਼ਰਾਬ ਛੱਡ ਕੇ ਸਿੰਘ ਸਜਣ ਵਾਲਿਆਂ ਦੀਆਂ ਡਾਰਾਂ ਲੱਗ ਗਈਆਂ। ਸਤਿਗੁਰਾਂ ਦੇ ਪ੍ਰਦੇਸ ਗਮਨ ਬਾਅਦ ਉਹਨਾਂ ਦੇ ਵਿਯੋਗ ਵਿਚ ਬਾਰਾਂ ਮਾਂਹ ਲਿਖਣ ਵਾਲਾ, ਸੂਰਮਾ ਸਿੰਘ ਨਾਮਧਾਰੀ ਸਾਹਿਤ ਦਾ ਪਹਿਲਾ ਕਵੀ, ਭਾਈ ਚੰਦਾ ਸਿੰਘ ਸਾਡੇ ਪਿੰਡ ਦੇ ਹੀ ਰਾਮਗੜ੍ਹੀਆ ਪਰਿਵਾਰ ਵਿਚੋਂ ਸੀ। ਮੇਰਾ ਪੜਦਾਦਾ ਧਰਮ ਸਿੰਘ ਘੋੜਿਆਂ ਦਾ ਸੌਦਾਗਰ ਸੀ। ਵੱਡੇ ਦੱਸਦੇ ਸਨ ਕਿ ਸਾਡੇ ਪਿੰਡ ਵਿਚਲੇ ਘਰ ਦੇ ਜ਼ਿਆਦਾ ਕਮਰੇ ਘਾਹ ਸੁਕਾ ਕੇ ਉਸ ਨਾਲ ਭਰੇ ਰਹਿੰਦੇ। ਬਾਬਾ ਧਰਮ ਸਿੰਘ ਕਾਬਲ ਵਲੋਂ ਘੋੜੇ ਖ਼ਰੀਦ ਕੇ ਲਿਆਉਂਦਾ। ਕੁਝ ਮਹੀਨੇ ਪਿੰਡ ਰੱਖ ਕੇ ਉਹਨਾਂ ਦੀ ਸੇਵਾ ਕਰਦਾ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਲਾਹੌਰ ਜਾ ਕੇ ਉਹ ਘੋੜੇ ਵੇਚ ਆਉਂਦਾ।

**ਸਾਉਲ ਸਿੰਘ ਝੱਬਰ:**

ਜਦੋਂ ਬਾਰ ਵਿਚ ਸਿੰਘ ਸਜਣੇ ਸ਼ੁਰੂ ਹੋਏ ਤਾ ਮੇਰਾ ਦਾਦਾ ਸਾਉਲ ਸਿੰਘ (ਜਮ੍ਹਾਂਬੰਦੀ ਵਿਚ ਸਾਵਣ ਸਿੰਘ ਲਿਖਿਆ ਹੈ) ਵੀ ਸਤਿਗੁਰੂ ਰਾਮ ਸਿੰਘ ਜੀ ਵੇਲੇ ਕੂਕਾ ਬਣ ਗਿਆ। ਪਹਿਲੇ ਜੀਵਨ ਵਿਚ ਉਹ ਸਾਡੇ ਗੁਆਂਢੀ ਪਿੰਡ ਜੰਡਿਆਲਾ ਸ਼ੇਰ ਖ਼ਾਂ ਦੇ ਸ਼ਾਇਰ, ਵਾਰਿਸ ਸ਼ਾਹ ਦੁਆਰਾ ਲਿਖੀ ‘ਹੀਰ’ ਏਨੀ ਸੁਰੀਲੀ ਆਵਾਜ਼ ਵਿਚ ਪੜ੍ਹ ਕੇ ਸੁਣਾਇਆ ਕਰਦਾ ਸੀ। ਇਕ ਵੇਰ ਉਹ ਕਿਸੇ ਪਿੰਡ ਵਿਚ ਹੀਰ ਪੜ੍ਹ ਰਿਹਾ ਸੀ ਅਤੇ ਤਿਰਕਾਲ਼ਾਂ ਪੈ ਗਈਆਂ। ਭੀੜ ਵਿਚੋਂ ਲੋਕਾਂ ਨੇ ਕਿਹਾ, “ਸਰਦਾਰਾ, ਕੀ ਗੱਲ ਰਾਤ ਆਪ ਵੀ ਭੁੱਖਾ ਮਰੂੰ ਏਂ ਤੇ ਸਾਨੂੰ ਵੀ ਮਾਰੂੰ ਏਂ। ਜ਼ਨਾਨੀਆਂ ਤੇ

ਸਾਰੀਆਂ ਬਨੇਰੇ ਮੱਲੀ ਬੈਠੀਆਂ ਨੇ। ਹੁਣ ਬੱਸ ਕਰੋ ਤਾਂ ਕਿ ਟੁੱਕਰ ਪਾਣੀ ਦਾ ਆਹਰ ਹੋ ਸਕੇ। ਬਾਕੀ ਕੱਲ੍ਹ ਸਹੀ।"

## ਸੰਤ ਜਿਊਣ ਸਿੰਘ ਝੱਬਰ:

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਸਮੇਂ ਮੇਰੇ ਪਿਤਾ ਸੰਤ ਜੀਊਣ ਸਿੰਘ ਝੱਬਰ ਦੀ ਉਮਰ ਕੋਈ ਤੇਰ੍ਹਾਂ ਕੁ ਵਰ੍ਹਿਆਂ ਦੀ ਸੀ। ਇਸੇ ਅਵਸਥਾ ਵਿਚ ਹੀ ਉਹ ਸਾਧ ਸੰਗਤ ਨਾਲ ਰਲ ਕੇ ਘਰੋਂ ਨਿਕਲ ਆਏ। ਮੇਰਾ ਤਾਇਆ ਵਧਾਵਾ ਸਿੰਘ ਵੀ ਨਾਮਧਾਰੀ ਸਜ ਚੁੱਕਾ ਸੀ। ਪਰ ਉਹ ਮੇਲੇ ਮਸਾਧਿਆਂ ਤੇ ਜਾਂਦੇ, ਲੰਗਰ ਦੀ ਸੇਵਾ ਕਰਦੇ ਅਤੇ ਬਾਦ ਵਿਚ ਪਿੰਡ ਆ ਕੇ ਟਿਕ ਰਹਿੰਦੇ ਅਤੇ ਆਪਣੀ ਕਿਰਸਾਨੀ ਦਾ ਥੋਹੜਾ ਬਹੁਤਾ ਕਾਰ ਵਿਹਾਰ ਵੇਖਦੇ। ਮੇਰੇ ਪਿਤਾ ਜੀ ਤਾਂ ਬਾਲ ਵੈਰਾਗੀ ਹੋ ਗਏ। ਕਿਉਂਕਿ ਉਹ ਸਮਾਂ ਕੂਕਿਆਂ ਵਾਸਤੇ, ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੀ ਮੱਠੀ ਮੱਠੀ ਅੱਗ ਵਿਚ ਤਪਣ ਦਾ ਸਮਾਂ ਸੀ। ਜਿਥੇ ਵੀ ਦੋ ਕੂਕੇ ਜੁੜਦੇ ਉਹਨਾਂ ਦੇ ਹੋਠਾਂ 'ਤੇ ਸਤਿਗੁਰਾਂ ਦੇ ਬਚਨ, ਗਲ਼ ਭਰੇ ਹੋਏ ਅਤੇ ਨੇਤਰਾਂ ਵਿਚ ਜਲ ਹੁੰਦਾ। ਮੇਰੇ ਪਿਤਾ ਜੀ ਨੇ ਘਰੋਂ ਆ ਕੇ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਨਾਮਧਾਰੀ ਸੰਗਤਾਂ ਦਾ ਦਰਸ਼ਨ ਮੇਲਾ ਕੀਤਾ। ਇੱਥੋਂ ਫਿਰ ਉਹ ਸੰਤ ਹਰਨਾਮ ਸਿੰਘ ਜੀ ਨਥਾਣੀਏ, ਸਾਗਰ ਪਾਰ ਜਾ ਕੇ, ਸਤਿਗੁਰਾਂ ਦੇ ਦਰਸ਼ਨ ਕਰਕੇ ਆਉਣ ਵਾਲੇ ਦੇ ਨਾਲ ਰਲ ਕੇ, ਮਾਲਵੇ ਦੇਸ ਵਿਚ ਆ ਗਏ। ਉਹਨਾਂ ਦੇ ਨਾਲ ਸਾਰੇ ਮਾਲਵੇ ਦੀ ਸੰਗਤ ਦੇ ਦਰਸ਼ਨ ਕੀਤੇ ਅਤੇ ਫਿਰ ਚੋਰੀ ਛਿਪੇ, ਜਿਵੇਂ ਉਸ ਸਮੇਂ ਸਖ਼ਤੀ ਸੀ, ਪੁਲੀਸ ਦੀ ਚੌਂਕੀ ਬੂਹੇ 'ਤੇ ਸੀ, ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕੀਤੇ ਅਤੇ ਕਿਸੇ ਰਾਤ ਬਰਾਤੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ। ਕਾਫ਼ੀ ਸਮਾਂ ਫਿਰ ਸਿੰਘਾਂ ਨਾਲ ਵੱਖ-ਵੱਖ ਇਲਾਕਿਆਂ ਵਿਚ ਘੁੰਮਦੇ ਰਹੇ ਅਤੇ ਜਦੋਂ ਭਰ ਜੁਆਨੀ ਦੀ ਉਮਰ ਸੀ, ਪੰਝੀ ਛੱਬੀ ਵਰ੍ਹਿਆਂ ਦੀ, ਉਦੋਂ ਕੁ ਜਹੇ ਡੇਰੇ ਸ੍ਰੀ ਭੈਣੀ ਸਾਹਿਬ ਹੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਟਿਕਾਣਾ ਕਰ ਲਿਆ। ਬਹੁਤ ਚਿਰ ਬਿਹੰਗਮ ਹੀ ਰਹੇ। ਭਜਨ ਬਾਣੀ ਕਰਦੇ ਅਤੇ ਕਰਾਂਦੇ ਰਹੇ। ਜਾਂ ਗੁਰੂ ਹਰੀ ਸਿੰਘ ਜੀ ਦੇ ਦੌਰੇ ਆਰੰਭ ਹੋਏ ਤੇ ਨਾਲ ਆਪ ਵੀ ਜਾਣ ਲਗ ਪਏ। ਜਦੋਂ ਸਖ਼ਤੀ ਦਾ ਦੌਰ ਸਰਕਾਰ ਵਲੋਂ ਕੁਝ ਘਟਿਆ, ਪਹਿਲਾਂ ਦੌਰੇ ਕਰਨੇ ਤਾਂ ਕੀ ਐਨੀ ਸਖ਼ਤੀ ਸੀ ਕਿ ਕਿਸੇ ਵੀ ਸਿੰਘ ਨੂੰ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਨਹੀਂ ਕਰਨ ਦਿਤੇ ਜਾਂਦੇ ਸਨ। ਫਿਰ ਅੱਠਾਂ ਪਹਿਰਾਂ ਵਿਚ ਪੰਜ ਸਿੰਘਾਂ ਨੂੰ ਦਰਸ਼ਨਾਂ ਲਈ ਡੇਰੇ ਵਿਚ ਜਾਣ ਦੀ ਆਗਿਆ ਮਿਲ ਗਈ। ਭੈਣੀ ਸਾਹਿਬ ਦੇ ਲਾਗੇ ਚਾਗੇ ਢੱਕੀਆਂ, ਟਿੱਬਿਆਂ ਤੇ ਜੰਗਲਾਂ ਵਿਚ ਦਰਸ਼ਨ-ਅਭਿਲਾਸ਼ੀਆਂ ਦੀਆਂ ਭੀੜਾਂ ਜੁੜੀਆਂ ਰਹਿੰਦੀਆਂ। ਪਿਤਾ ਜੀ ਦੀ ਸੁੱਚ ਸੋਧ ਦੀ ਮਰਿਆਦਾ ਬੜੀ ਕਰੜੀ ਸੀ। ਕੀਰਤਨ

ਵੀ ਆਪ ਕਰਦੇ ਸਨ। ਜਥਿਆਂ ਨਾਲ ਢੋਲਕੀ ਬੜੀ ਸੁਹਣੀ ਵਜਾਉਂਦੇ ਸਨ। ਭੈਣੀ ਸਾਹਿਬ ਰੋਜ਼ਾਨਾ ਰਾਤ ਨੂੰ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਜੋਟੀਆਂ ਦੇ ਸ਼ਬਦ ਪੜ੍ਹਦੇ। ਇਸ ਤਰ੍ਹਾਂ ਗੁਰੂ ਜੀ ਦੇ ਨਿਕਟਵਰਤੀ ਸਿੰਘਾਂ ਵਿਚ ਹੌਲੀ ਹੌਲੀ ਆਪ ਵੀ ਸ਼ਾਮਲ ਹੋ ਗਏ। ਜਦੋਂ ਕਦੇ ਦਿਨੇ ਵੀ ਗੁਰੂ ਜੀ ਨੂੰ ਮੌਜ ਆਉਣੀ ਉਹਨਾਂ ਕਹਿਣਾ 'ਸੱਦੋ ਬਈ ਜਿਊਣ ਸਿੰਘ ਝੱਬਰ ਨੂੰ, ਸ਼ਬਦ ਸੁਣਾਂਗੇ।"

ਮੀਹਾਂ ਸਿੰਘ ਸਿਰਹਾਲੀ ਦੇ ਦਰਸ਼ਨਃ

ਸਤਿਗੁਰੂ ਰਾਮ ਸਿੰਘ ਸਿੰਘ ਜੀ ਸੱਚੇ ਪਾਤਸ਼ਾਹ ਦੇ ਬਚਨ ਸੁਣਨ ਦੇ ਆਪ ਬੜੇ ਆਸ਼ਕ ਸਨ। ਜਿੱਥੇ ਜਿੱਥੇ ਵੀ ਸਤਿਗੁਰਾਂ ਦੇ ਪ੍ਰਦੇਸ ਜਾ ਕੇ, ਦਰਸ਼ਨ ਕਰਕੇ, ਸਿੰਘ ਆਉਂਦੇ ਆਪ ਉਹਨਾਂ ਦੇ ਨਗਰਾਂ ਵਿਚ ਜਾ ਕੇ, ਸਤਿਗੁਰਾਂ ਦੇ ਬਚਨ ਸੁਣ ਕੇ ਆਉਂਦੇ। ਭਾਈ ਮੀਹਾਂ ਸਿੰਘ ਸਰਹਾਲੀ ਜਦੋਂ ਮਰਗੋਈ ਵਾਲੇ ਬੰਗਲੇ ਵਿਚ, ਅੰਦਰ ਜਾ ਕੇ ਰਾਤ ਰਹਿ ਕੇ (ਸਤਿਗੁਰੂ ਜੀ ਅਤੇ ਨਾਨੂੰ ਸਿੰਘ ਪਾਸ) ਵਾਪਸ ਪੰਜਾਬ ਆਇਆ ਤਾਂ ਪਿਤਾ ਜੀ ਨੇ ਉਚੇਚੇ ਜਾ ਕੇ ਕਈ ਦਿਨ ਮੀਹਾਂ ਸਿੰਘ ਦੀ ਸੰਗਤ ਵਿਚ ਬਿਤਾਏ ਅਤੇ ਸਭ ਵਾਰਤਾ ਸੁਣੀ। ਉਹ ਦੱਸਿਆ ਕਰਦੇ ਸਨ ਕਿ ਸਰਹਾਲੀ ਦੇ ਸਰਦਾਰ ਸ਼ਾਮ ਸਿੰਘ ਦਾ ਸਾਰਿਆਂ ਤੋਂ ਛੋਟਾ ਪੁੱਤਰ ਮੀਹਾਂ ਸਿੰਘ ਜਦੋਂ ਉਸ ਟਾਪੂ 'ਤੇ ਪੁੱਜਿਆ ਭੇਸ ਬਦਲ ਕੇ ਤਾਂ ਗੋਰਿਆਂ ਨੇ ਪੁੱਛਿਆ ਕਿ ਕਿਵੇਂ ਆਇਆ ਹੈਂ? ਬਾਬੇ ਹੋਰਾਂ ਦਾ ਜੁਆਬ ਸੀ ਕਿ ਸੇਰ ਆਟਾ ਕਮਾਉਣ ਵਾਸਤੇ ਆਇਆ ਹਾਂ। ਮੀਹਾਂ ਸਿੰਘ ਦਾ ਸ਼ੁਮਾਰ ਉਸ ਵੇਲੇ ਦੇ ਪੰਜਾਬ ਦੇ ਅਤਿ ਖ਼ੂਬਸੂਰਤ ਨੌਜਵਾਨਾਂ ਵਿਚ ਹੁੰਦਾ ਸੀ। ਸਰਦਾਰੀ ਘਰ ਸੀ। ਕੰਮ ਕਦੇ ਕੀਤਾ ਨਹੀਂ ਸੀ ਹੱਥੀਂ। ਅਫ਼ਸਰ ਨੇ ਆਪਣੇ ਹੱਥਾਂ ਵਿਚ ਮੀਹਾਂ ਸਿੰਘ ਦਾ ਹੱਥ ਲੈ ਕੇ ਨਿਹਾਰਿਆ, ਪਰਖਿਆ ਅਤੇ ਮੁੜ ਆਖਿਆ, 'ਸਰਦਾਰਾ, ਤੇਰੇ ਇਹ ਹੱਥ ਦੱਸਦੇ ਨੇ ਕਿ ਤੂੰ ਹੱਥੀਂ ਕੰਮ ਕਰਨ ਵਾਲਾ ਬੰਦਾ ਨਹੀਂ। ਤੇਰਾ ਇਥੇ ਆਉਣ ਦਾ ਮਕਸਦ ਕੋਈ ਹੋਰ ਜਾਪਦਾ ਹੈ।" ਮੀਹਾਂ ਸਿੰਘ ਹੋਰਾਂ ਜੁਆਬ ਦਿਤਾ ਕਿ ਸਾਹਿਬ, ਇਹ ਪੇਟ ਜੋ ਲੱਗਾ ਹੈ, ਇਹ ਬੰਦੇ ਤੋਂ ਸਭ ਕੁਝ ਕਰਵਾ ਲੈਂਦਾ ਹੈ। ਸਿੰਘ ਦੀ ਹਾਜ਼ਰ ਜੁਆਬੀ ਤੇ ਗੋਰਾ ਕੁਝ ਹੋਰ ਨਾ ਬੋਲ ਸਕਿਆ।

ਫਿਰ ਉਹਨਾਂ ਨੇ ਆਪਣੇ ਖੂੰਡੇ ਨਾਲ ਪਹਿਲਾਂ ਬੰਗਲੇ ਗਿਰਦ ਬਣੀ ਡੂੰਘੀ ਪਾਣੀ ਦੀ ਖਾਈ ਟੱਪੀ, ਸੰਤਰੀ ਦੀ ਅੱਖ ਬਚਾ ਕੇ ਅਤੇ ਮੁੜ ਇਸੇ ਖੂੰਡੇ ਦੀ ਅੜੇਸ ਨਾਲ ਜਿਉਂ ਛਾਲ ਮਾਰੀ, ਉਹ ਬੰਗਲੇ ਦੀ ਛੱਤ 'ਤੇ ਪੁੱਜ ਗਏ। ਮੁੱਘ ਥਾਣੀਓਂ ਜਿਉਂ ਹੀ ਹੇਠਾਂ ਨੂੰ ਪਲਮੇ ਤਾਂ ਹੇਠਾਂ ਦੀਨ ਦੁਨੀਆਂ ਦੇ ਵਾਲੀ, ਸਤਿਗੁਰੂ ਰਾਮ ਸਿੰਘ ਜੀ ਚੌਕੜਾ ਮਾਰ ਕੇ ਭਜਨ ਕਰ ਰਹੇ ਸਨ। ਉਹਨਾਂ ਨੇ ਡਿੱਗਦੇ ਨੂੰ ਹੀ ਗੋਦ ਵਿਚ ਲੈ ਲਿਆ ਜਿਵੇਂ ਚਿੜੀ ਆਪਣੇ ਬੋਟ ਨੂੰ ਸੰਭਾਲ ਲੈਂਦੀ ਹੈ। ਨਾਨੂੰ ਸਿੰਘ

ਬੋਲ ਉਠਿਆ, "ਭੈਣੀ ਸਾਹਿਬੋਂ ਅਲਾਹਬਾਦ, ਫਿਰ ਰੰਗੂਨ ਤੇ ਹੁਣ ਰੰਗੂਨ ਤੋਂ ਵੀ ਮਰਗੋਈ ਟਾਪੂ ਸਾਨੂੰ ਪੁਚਾ ਦਿਤਾ ਜੇ! ਹੁਣ ਸਾਨੂੰ ਇਥੇ ਵੀ ਨਹੀਂ ਟਿਕਣ ਦਿੰਦੇ, ਅੱਗੇ ਕਿਧਰ ਕੱਢੋਗੇ।" ਜਿਵੇਂ ਜਿਵੇਂ ਸਿੰਘ ਸਤਿਗੁਰਾਂ ਦੇ ਦਰਸ਼ਨਾਂ ਨੂੰ ਆਉਂਦੇ ਉਹਨਾਂ 'ਤੇ ਕਰੜਾਈ ਵਧਦੀ ਜਾਂਦੀ ਸੀ। ਚੀਨੀ ਵਾਲੇ ਪਾਤਸ਼ਾਹ ਨੇ ਨਾਨੂੰ ਸਿੰਘ ਹੋਰਾਂ ਨੂੰ ਟੋਕਦਿਆਂ ਆਖਿਆ, "ਖ਼ਬਰਦਾਰ, ਨਾਨੂੰ ਸਿੰਘ! ਤੈਨੂੰ ਪਤਾ ਨਹੀਂ ਸਿੰਘ ਕਿੰਨੀਆਂ ਮੁਸੀਬਤਾਂ ਝਾਗ ਕੇ ਇਥੇ ਪਹੁੰਚਿਆ ਹੈ।" ਓਦੋਂ ਹੀ ਵੱਡੇ ਅਫ਼ਸਰਾਂ ਨੂੰ ਪਤਾ ਲੱਗ ਗਿਆ ਤੇ ਉਹ ਮੀਹਾਂ ਸਿੰਘ ਹੋਰਾਂ ਨੂੰ ਲੈਣ ਆ ਗਏ। ਹੁਣ ਸ੍ਰੀ ਸਤਿਗੁਰੂ ਜੀ ਨੇ ਸਾਫ਼ ਸ਼ਬਦਾਂ ਵਿਚ ਉਹਨਾਂ ਨੂੰ ਕਿਹਾ ਕਿ ਅੱਜ ਦੀ ਰਾਤ ਮੀਹਾਂ ਸਿੰਘ ਨੂੰ ਸ੍ਰਿਸ਼ਟੀ ਦੀ ਕੋਈ ਵੀ ਤਾਕਤ ਮੈਥੋਂ ਨਿਖੇੜ ਨਹੀਂ ਸਕਦੀ। ਹਾਂ ਜੇ ਤੁਸਾਂ ਨਗ ਪੂਰਾ ਕਰਨਾ ਹੈ ਤਾਂ ਭਾਵੇਂ ਨਾਨੂੰ ਸਿੰਘ ਨੂੰ ਆਪਣੇ ਨਾਲ ਲੈ ਜਾਓ। ਬੰਗਲੇ ਦੇ ਅੰਦਰ ਜਾ ਕੇ ਦਰਸ਼ਨ ਕਰਨੇ, ਰਾਤ ਕੱਟਣੀ ਅਤੇ ਖੁੱਲ੍ਹੇ ਬਚਨ ਬਿਲਾਸ ਸੱਚੇ ਪਾਤਸ਼ਾਹ ਨਾਲ ਕਰਨ ਦਾ ਭਾਗ, ਜਲਾਵਤਨੀ ਦੇ ਸਮੇਂ ਵਿਚ ਸਾਰੇ ਕੂਕਿਆਂ ਵਿਚੋਂ ਸਿਰਫ਼ ਭਾਈ ਮੀਹਾਂ ਸਿੰਘ ਦੇ ਹਿੱਸੇ ਹੀ ਆਇਆ ਹੈ। ਮੀਹਾਂ ਸਿੰਘ ਨੂੰ ਸਤਿਗੁਰੂ ਜੀ ਨੇ ਕਿਹਾ ਕਿ ਨਾਨੂੰ ਸਿੰਘ ਨੇ ਮੇਰੀ ਚੀਚੀ ਤੋੜ ਦਿਤੀ ਹੈ ਡਾਂਗ ਮਾਰਕੇ। ਨਾਨੂੰ ਸਿੰਘ ਨੇ ਕੁੜਤਾ ਚੁੱਕ ਕੇ ਆਪਣਾ ਪਿੰਡਾ ਵਖਾਇਆ ਜਿਸ 'ਤੇ ਲਾਸਾਂ ਪਈਆਂ ਸਨ। ਕਹਿੰਦਾ, "ਮੈਂ ਕੀ ਕਰਦਾ, ਮੈਨੂੰ ਡਾਂਗ ਫੜਾ ਕੇ ਕਹਿੰਦੇ ਸਨ, ਆ ਮੇਰੇ ਨਾਲ ਲੜ। ਮੇਰੇ ਚੁੱਪ ਰਹਿਣ ਤੇ ਮੈਨੂੰ ਸਾਜਣ ਲਗ ਪਏ। ਹਿਰਖ ਕੇ ਮੈਂ ਵੀ ਡਾਂਗ ਫੜ ਕੇ ਅੱਗੋਂ ਮਾਰੀ ਹੈ, ਜੋ ਚੀਚੀ ਟੁੱਟੀ ਹੈ।" ਮੀਹਾਂ ਸਿੰਘ ਨਾਲ ਰੱਜ ਕੇ ਬਚਨ ਬਲਾਸ ਹੋਏ। ਉਸ ਪੁਛਿਆ, "ਜੀ ਹੁਣ ਮੈਂ ਇਹਨਾਂ ਤੋਂ ਕਿਵੇਂ ਜਿੰਦ ਛੁਡਾਉਣੀ ਹੈ?" ਤਾਂ ਸਤਿਗੁਰਾਂ ਕਿਹਾ ਕਿ ਮੁੱਕਰੀਂ ਨਾ, ਸੱਚੋ ਸੱਚ ਸਭ ਕੁਝ ਦੱਸ ਦੇਵੀਂ। ਵਾਪਸੀ 'ਤੇ ਉਹ ਹੀ ਅਫ਼ਸਰ ਮਿਲ ਪਿਆ, ਜਿਸ ਦੇ ਸੁਝਾ ਪਕੜ ਕੇ ਪੇਸ਼ ਕੀਤਾ ਗਿਆ। ਉਸ ਆਖਿਆ ਤੂੰ ਤਾਂ ਸੇਰ ਆਟੇ ਦੀ ਗੱਲ ਕਰਦਾ ਸੈਂ। ਇਹ ਕੀ ਕੀਤਾ ਈ, ਖ਼ਤਰਨਾਕ ਕੈਦੀ, ਸਰਕਾਰ ਬਰਤਾਨੀਆਂ ਦੇ ਦੁਸ਼ਮਣ, ਰਾਜਾ ਰਾਮ ਸਿੰਘ ਪਾਸ ਜਾ ਪਹੁੰਚਿਆ ਏਂ। ਜਿਹਨੂੰ ਮਿਲਣ ਵਾਲੇ ਨੂੰ, ਜਿਹਦੇ ਨਾਲ ਇਸ਼ਾਰਿਆਂ ਨਾਲ ਗੱਲਾਂ ਕਰਨ ਵਾਲੇ ਨੂੰ ਅਤੇ ਬਾਹਰੋਂ ਬੰਗਲੇ ਵਿਚ ਕੋਈ ਚੀਜ਼ ਸੁੱਟਣ ਵਾਲੇ ਨੂੰ ਜਾਂ ਅੰਦਰੋਂ ਬਾਹਰ ਆਈ ਸ਼ੈ ਚੁੱਕਣ ਵਾਲੇ ਨੂੰ ਵੀ ਕੈਦ ਕਰ ਦੇਣ ਦਾ ਹੁਕਮ ਹੈ। ਮੀਹਾਂ ਸਿੰਘ ਹੋਰਾਂ ਕਿਹਾ, "ਮੇਰਾ ਸੇਰ ਆਟਾ, ਆਪਣੇ ਸਤਿਗੁਰੂ ਜੀ ਦਾ ਦਰਸ਼ਨ ਦੀਦਾਰ ਹੀ ਸੀ। ਉਹ ਹੋ ਗਿਆ ਹੈ। ਹੁਣ ਤੁਸੀਂ ਆਪਣੀ ਕਾਰਵਾਈ ਕਰ ਲਓ।" ਉਸ ਅਫ਼ਸਰ ਨੇ ਪਤਾ ਨਹੀਂ ਕੀ ਸੋਚ ਕੇ ਬਾਬੇ (ਬਾਬਾ ਆਦਰ ਸੂਚਕ ਸ਼ਬਦ ਹੈ। ਉਂਝ ਮਰਗੋਈ ਜਾਣ ਵਾਲੇ ਮੀਹਾਂ ਸਿੰਘ ਦੀ ਉਮਰ 27 ਵਰ੍ਹੇ ਸੀ। ਉਸ ਦੀ ਕਰਨੀ

ਉਮਰ ਦੀਆਂ ਹੱਦਾਂ ਟੱਪ ਗਈ ਸੀ। ਇਸ ਲਈ ਪੁਰਾਤਨ ਨਾਮਧਾਰੀ ਮੀਹਾਂ ਸਿੰਘ ਹੋਰਾਂ ਨੂੰ ਬਾਬਾ ਹੀ ਕਹਿੰਦੇ ਸਨ।) ਹੋਰਾਂ ਨੂੰ ਵਾਪਸੀ ਜਹਾਜ਼ ਚੜ੍ਹਾ ਕੇ ਰੰਗੂਨ, ਕਲਕੱਤੇ ਅਤੇ ਫਿਰ ਪੰਜਾਬ ਭੇਜ ਦਿਤਾ। ਪੰਜਾਬ ਵਿਚ ਹੁਣ ਇਉਂ ਹੋ ਗਿਆ ਕਿ ਮੀਹਾਂ ਸਿੰਘ ਹੋਰੀਂ ਸਤਿਗੁਰਾਂ ਨਾਲ ਰਾਤ ਕੱਟ ਕੇ ਆਏ ਹਨ, ਗੁਰੂ ਪਿਆਰਿਆਂ ਦੀਆਂ ਵਹੀਰਾਂ ਦੀਆਂ ਵਹੀਰਾਂ ਬਚਨ ਸੁਣਨ ਵਾਸਤੇ, ਮੀਹਾਂ ਸਿੰਘ ਹੋਰਾਂ ਦੇ ਅੱਗੇ ਪਿਛੇ ਫਿਰ ਰਹੀਆਂ ਸਨ। ਹੁਣ ਪੰਜਾਬ ਦੇ ਲਾਟ ਨੇ ਦਿੱਲੀ ਵਾਲਿਆਂ ਨੂੰ ਲਿਖਿਆ ਕਿ ਇਕ ਰਾਮ ਸਿੰਘ ਨੂੰ ਤਾਂ ਤੁਸੀਂ ਫੜ ਕੇ ਲੈ ਗਏ ਹੋ। ਇਕ ਰਾਮ ਸਿੰਘ ਹੋਰ ਆ ਗਿਆ ਹੈ। ਇਸ ਤੇ ਬਾਬਾ ਮੀਹਾਂ ਸਿੰਘ ਹੋਰਾਂ ਨੂੰ ਨਜ਼ਰਬੰਦ ਕਰਕੇ ਫਿਰ ਰੰਗੂਨ ਭੇਜਿਆ ਗਿਆ। ਉਥੇ ਦੁਬਾਰਾ ਉਹਨਾਂ ਤੇ ਮੁਕੱਦਮਾ ਚੱਲਿਆ। ਦੋ ਵਰ੍ਹੇ ਕੈਦ ਹੋਈ। ਪੱਥਰ ਕੁੱਟਣ ਦੀ ਸਜ਼ਾ ਦਿਤੀ ਗਈ।* ਇਕ ਦਿਨ ਪੱਥਰ ਕੁੱਟ ਰਹੇ ਸਨ ਕਿ ਜੇਲ੍ਹ ਦੇ ਦਰੋਗੇ ਤੋਂ ਕੇਸਾਂ ਵਾਸਤੇ ਕੰਘੇ ਦੀ ਮੰਗ ਕੀਤੀ। ਉਸ ਕਿਹਾ, 'ਕੇਸ ਕਟਾ ਦਿਓ।' ਹੱਥਲਾ ਪੱਥਰ ਲੈ ਕੇ ਉਹਦੇ 'ਤੇ ਚਲਾਇਆ ਮਸਾਂ ਬਚਿਆ। ਜੇਹਲ ਵਿਚ ਅਲਾਰਮ ਹੋ ਗਿਆ। ਵੱਡਾ ਅਫ਼ਸਰ ਆਇਆ। ਉਸ ਸਾਰੀ ਗੱਲ ਸੁਣ ਕੇ ਦਰੋਗੇ ਨੂੰ ਡਾਂਟਿਆ ਕਿ ਤੂੰ ਕੇਸ ਕੱਟਣ ਦੀ ਗੱਲ ਕਿਉਂ ਕੀਤੀ। ਅੱਗੇ ਤੋਂ ਕੰਘੇ ਤੋਂ ਇਲਾਵਾ ਅੱਠੀਂ ਦਿਨੀਂ ਕੇਸੀਂ ਇਸ਼ਨਾਨ ਲਈ ਦਹੀਂ ਅਤੇ ਸਰ੍ਹੋਂ ਦਾ ਤੇਲ ਵੀ ਆਪ ਨੂੰ ਮਿਲਣ ਲੱਗ ਪਿਆ। ਇਸ ਮੀਹਾਂ ਸਿੰਘ ਦੇ ਸਹੁਰੇ ਮੋਗੇ ਦੇ ਕੋਲ ਸਨ। ਉਹ ਬੀਬੀ ਸ਼ਕਲ ਵੱਲੋਂ ਜ਼ਿਆਦਾ ਪੱਕੇ ਰੰਗ ਦੀ ਸੀ ਅਤੇ ਨੈਣ ਨਕਸ਼ ਵੀ ਫੱਬਵੇਂ ਨਹੀਂ ਸਨ। ਸੋ ਮੀਹਾਂ ਸਿੰਘ ਹੋਰਾਂ ਦਾ ਪਰਿਵਾਰਕ ਜੀਵਨ ਸ਼ਾਂਤ ਨਹੀਂ ਸੀ। ਪ੍ਰੰਤੂ ਆਪਣੇ ਪਿਤਾ ਬਾਬਾ ਸ਼ਾਮ ਸਿੰਘ ਅਤੇ ਸਤਿਗੁਰੂ ਜੀ ਦੇ ਡਰ ਤੋਂ ਉਹ ਉਸ ਮਾਈ ਨੂੰ ਛੱਡ ਵੀ ਨਹੀਂ ਸੀ ਸਕਦਾ। ਉਸਦੀ ਇਸ ਮਾਨਸਿਕ ਹਾਲਤ ਨੂੰ ਸ਼ਾਂਤ ਕਰਨ ਲਈ ਹੀ ਇਕ ਵੇਰ ਸਤਿਗੁਰਾਂ ਮੀਹਾਂ ਸਿੰਘ ਨੂੰ ਕਿਹਾ ਸੀ ਕਿ ਔਖਾ ਨਾ ਹੋ, ਜਦੋਂ ਅਸੀਂ ਪੰਜਾਬ ਆਵਾਂਗੇ, ਫਿਰ ਤੇਰਾ ਅਨੰਦ ਕਰਾਂਗੇ। ਮੀਹਾਂ ਸਿੰਘ ਨੇ ਲੰਬੀ ਉਮਰ ਨਹੀਂ ਭੋਗੀ। ਉਹ ਚਾਲ਼ੀਆਂ ਵਰ੍ਹਿਆਂ ਤੋਂ ਘੱਟ ਉਮਰ ਦਾ ਹੀ ਸੀ ਜਦੋਂ ਉਹ ਚਲਾਣਾ ਕਰ ਗਿਆ। ਪਿਤਾ ਜੀ ਦੱਸਿਆ ਕਰਦੇ ਸਨ ਕਿ ਮੀਹਾਂ ਸਿੰਘ ਹੋਰੀਂ ਤੇਰੇ ਜਨਮ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ ਸਨ ਕੁਝ ਵਰ੍ਹੇ ਪਹਿਲਾਂ।

### ਸਾਰੇ ਕੂਕੇ ਇਕੋ ਟੱਬਰ ਦੇ ਜੀਅ:

ਗੁਰੂ ਹਰੀ ਸਿੰਘ ਜੀ ਦੇ ਦੌਰੇ ਤੋਂ ਬਾਅਦ ਜਿੱਥੇ ਕੋਈ ਸਿੰਘ ਅਰਜ਼ ਕਰਦਾ, ਉਥੇ ਪਿਤਾ ਜੀ ਸੰਗਤ ਦਾ ਦਰਸ਼ਨ ਮੇਲਾ ਕਰਦੇ। ਸਤਿਗੁਰਾਂ ਦੇ ਵੇਲਿਆਂ ਦੇ ਸਿਖਾਂ ਵਿਚ ਬਹਿ ਕੇ ਰਾਤ ਨੂੰ ਰਾਮ ਵਿਯੋਗ ਦੇ ਸ਼ਬਦ ਪੜ੍ਹਨੇ। ਮਾਝਾ, ਮਾਲਵਾ,

---

* ਇਹ ਵੇਰਵਾ ਸਰਕਾਰੀ ਰਿਕਾਰਡ ਵਿਚ ਨਹੀਂ ਮਿਲਦਾ

ਲਾਹੌਰ, ਮੈਨ ਦੁਆਬ, ਦੁਆਬਾ, ਲਾਇਲਪੁਰ, ਰਿਆੜਕੀ ਆਦਿ ਦਾ ਕੋਈ ਐਸਾ ਇਲਾਕਾ ਨਹੀਂ ਸੀ ਜਿਥੋਂ ਦੇ ਕੂਕੇ ਆਪ ਨੂੰ ਨਹੀਂ ਸਨ ਜਾਣਦੇ। ਉਹ ਸਮਾਂ ਕੁਝ ਇਸ ਤਰ੍ਹਾਂ ਦਾ ਸੀ ਕਿ ਸਾਰੇ ਕੂਕੇ ਇੱਕੋ ਹੀ ਟੱਬਰ ਦੇ ਵੱਖੋ-ਵੱਖਰੇ ਜੀਅ ਜਾਪਦੇ ਸਨ। ਜ਼ਿਲ੍ਹਾ ਅੰਮ੍ਰਿਤਸਰ ਵਿਚ ਕੂਕਿਆਂ ਦੇ ਪ੍ਰਸਿੱਧ ਪਿੰਡ ਖਤਰਾਵਾਂ ਦੇ ਦੇਵਾ ਸਿੰਘ ਅਤੇ ਖੁਸ਼ਹਾਲ ਸਿੰਘ ਪਾਸ ਜ਼ਿਆਦਾ ਸਮਾਂ ਠਹਿਰਿਆ ਕਰਦੇ ਸਨ। ਇਸ ਤਰ੍ਹਾਂ ਹੀ ਇਕ ਵੇਰ ਜਦੋਂ ਫਿਰਦੇ ਫਿਰਾਉਂਦੇ ਆਪਣੇ ਪਿੰਡ ਝੱਬਰਾਂ ਵਿਚ ਗਏ ਤਾਂ ਇਹਨਾਂ ਦੇ ਜਾਣ ਬਾਅਦ ਹੀ ਸਾਡੇ ਦਾਦਾ ਸਾਉਲ ਸਿੰਘ ਜੀ ਪੂਰੇ ਹਏ। ਉੱਥੇ ਉਹਨਾਂ ਦਾ ਭੋਗ ਪਾਇਆ ਦੋਹਾਂ ਭਰਾਵਾਂ ਨੇ ਅਤੇ ਫਿਰ ਕੁਝ ਚਿਰ ਉੱਥੇ ਹੀ ਠਹਿਰੇ।

ਨਾਨਕੇ:

ਪੈਂਤੀ ਛੱਤੀ ਸਾਲ ਦੀ ਉਮਰ ਵਿਚ ਸਾਡੇ ਪਿਤਾ ਜੀ ਦਾ ਅਨੰਦ ਸੇਖਮ ਘੁਮਾਣ (ਗੁਜਰਾਂਵਾਲਾ ਜ਼ਿਲ੍ਹਾ) ਦੇ ਸੇਖਮ ਜੱਟਾਂ ਦੀ ਲੜਕੀ ਹਰ ਕੌਰ ਨਾਲ ਹੋ ਗਿਆ। ਸਹੁਰਾ ਪਰਿਵਾਰ ਨਾਮਧਾਰੀ ਨਹੀਂ ਸੀ। ਮੇਰਾ ਨਾਨਾ ਹੁੱਕਾ ਪੀਂਦਾ ਸੀ। ਮੈਂ ਜਦੋਂ ਪੰਜਾਂ-ਛੇਆਂ ਸਾਲਾਂ ਦਾ ਸਾਂ, ਤਾਂ ਉਸ ਮੈਨੂੰ ਕਿਹਾ ਕਿ ਤੂੰ ਮੇਰੇ ਕੋਲ ਕਿਉਂ ਨਹੀਂ ਆਉਂਦਾ। ਮੈਂ ਜੁਆਬ ਦਿਤਾ ਕਿ ਬਾਪੂ! ਤੂੰ ਹੁੱਕਾ ਜੂ ਪੀਂਦਾ ਏ। ਇਸ ਤੋਂ ਬਾਅਦ ਉਹਨਾਂ ਨੇ ਖੂਹ ਦੇ ਚੰਨੇ ਨਾਲ ਮਾਰ ਕੇ ਆਪਣਾ ਹੁੱਕਾ ਭੰਨ ਦਿਤਾ ਸੀ ਅਤੇ ਮੁੜ ਨਹੀਂ ਸੀ ਤਮਾਕੂ ਵਰਤਿਆ। ਅਨੰਦ ਤੋਂ ਬਾਦ ਪਿਤਾ ਜੀ ਕੁਝ ਸਮਾਂ ਤਾਂ ਪਿੰਡ ਹੀ ਟਿਕੇ, ਵੱਡੇ ਭਾਈ ਵਧਾਵਾ ਸਿੰਘ ਹੋਰਾਂ ਨਾਲ, ਪ੍ਰੰਤੂ ਬਾਹਰ ਦੀਆਂ ਉਡਾਰੀਆਂ ਬਿਹੰਗਮਪੁਣੇ ਦੀਆਂ, ਪਹਿਲੀ ਉਮਰ ਵਿਚ ਜੋ ਮਾਣ ਚੁੱਕੇ ਸਨ, ਉਹਨਾਂ ਦਾ ਘਰ ਕਿਵੇਂ ਜੀਅ ਲੱਗੇ? ਸਿੱਖਾਂ-ਸਾਧਾਂ ਦੀ ਯਾਦ ਵੀ ਸਤਾਵੇ। ਸਾਡੀ ਮਾਤਾ ਨੂੰ ਲੈ ਕੇ ਫਿਰ ਬਾਹਰ ਨਿਕਲ ਗਏ। ਇਕ ਦੌਰੇ ਵਿਚ ਹੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਹੋ ਗਏ ਅਤੇ ਉਹਨਾਂ ਦਾ ਹੁਕਮ ਮੰਨ ਕੇ ਫਿਰ ਸ੍ਰੀ ਭੈਣੀ ਸਾਹਿਬ ਪਰਿਵਾਰ ਸਮੇਤ ਜਾ ਡੇਰੇ ਲਾਏ। ਪਹਿਲਾਂ ਤਾਂ ਬਿਹੰਗਮ ਰਹੇ ਸਨ, ਕੰਮ ਨੂੰ ਕਦੇ ਹੱਥ ਨਹੀਂ ਸੀ ਲਾਇਆ। ਹੁਣ ਥੋੜ੍ਹਾ ਬਹੁਤ ਵਿਹਾਰ ਕਰਨਾ ਪੈਂਦਾ।

ਗੁਰੂ ਹਰੀ ਸਿੰਘ ਜੀ ਪਾਸ ਸ਼ਿਕਾਇਤ:

ਗੁਰੂ ਹਰੀ ਸਿੰਘ ਜੀ ਕੋਲ ਸ਼ਕਾਇਤ ਹੋਈ ਕਿ ਜਿਊਣ ਸਿੰਘ ਕੰਮ ਥੋੜ੍ਹਾ ਕਰਦਾ ਹੈ। ਕਿਉਂਕਿ ਪਹਿਲੀ ਉਮਰ ਤੋਂ ਹੀ ਵਿਹਾਰ ਨਹੀਂ ਸੀ ਕੀਤਾ। ਸਤਿਗੁਰੂ ਜੀ ਨੇ ਸੱਦ ਕੇ ਆਖਿਆ, "ਜੀਊਣ ਸਿੰਘ! ਤੂੰ ਮੇਰਾ ਹੁਕਮ ਮੰਨ ਕੇ ਬਾਹਰ ਨਹਿਰ 'ਤੇ ਘਾਹ ਵੱਢਣ ਤਾਂ ਚਲਾ ਜਾਂਦਾ ਰਿਹਾ ਹੈਂ। ਪ੍ਰੰਤੂ ਪਤਾ ਲੱਗਾ ਹੈ ਕਿ ਤੈਥੋਂ ਨਹੀਂ ਵੱਢਿਆ ਜਾਂਦਾ। ਸੋ ਹੁਣ ਤੂੰ ਇਥੇ ਹੀ ਬਹਿਕੇ ਭਜਨ ਕਰਿਆ ਕਰ।" ਇਸ ਤੋਂ

ਬਾਦ ਵਿਹਾਰ ਕਾਰ ਵਾਲਿਆਂ ਨਾਲਦਿਆਂ ਸਰੀਰਾਂ ਨੇ ਕਿਹਾ ਕਿ ਤੂੰ ਸਾਨੂੰ ਜਲ ਹੀ ਛਕਾ ਛੱਡਿਆ ਕਰ। ਹੋਰ ਕੰਮ ਤਾਂ ਤੇਰੇ ਮਾਫ਼ ਹੋ ਗਏ ਹਨ। ਆਪ ਨੇ ਉਥੇ ਸ਼ਬਦ ਪੜ੍ਹਦੇ ਰਹਿਣਾ ਅਤੇ ਜਲ ਦਾ ਗੜਵਾ ਖ਼ੂਹ ਚੋਂ ਕੱਢ ਕੇ ਸਿੰਘਾਂ ਨੂੰ ਛਕਾ ਛੱਡਣਾ। ਕੁਝ ਸਮੇਂ ਬਾਦ ਜਲ ਦੀ ਸੇਵਾ ਤੋਂ ਹਟਾ ਕੇ ਫਿਰ ਮੱਝਾਂ ਗਾਵਾਂ ਸਾਂਭਣ ਤੇ ਲਾ ਦਿਤਾ ਗਿਆ। ਮੁਖ਼ਤਿਆਰ ਦਾ ਸੁਭਾਅ ਕਰੜਾ ਸੀ। ਇਹਨਾਂ ਦਾ ਸੁਭਾਅ ਵੀ ਕਰੜਾ ਸੀ। ਗੁਰੂ ਹਰੀ ਸਿੰਘ ਜੀ, ਘਟ ਘਟ ਕੀ ਜਾਨਣ ਵਾਲੇ ਅੰਤਰਜਾਮੀ ਨੇ, ਜੈ ਸਿੰਘ ਬਿੱਲਾ, (ਗੜ੍ਹੀ ਪਿੰਡ ਵਾਲੇ) ਨੂੰ ਆਖਿਆ, "ਬਈ, ਜਿਊਣ ਸਿੰਘ 'ਤੇ ਨਿਗ੍ਹਾ ਰੱਖਣੀ। ਇਸ ਤੋਂ ਬਾਹਲਾ ਕੰਮ ਨਹੀਂ ਲੈਣਾ।" ਉਸ ਨੇ ਕਿਹਾ, "ਜਿਊਣ ਸਿੰਘਾ ! ਮੈਂ ਪੰਡਾਂ ਚੁੱਕਾਂਗਾ। ਪੱਠੇ ਲਿਆਵਾਂਗਾ। ਤੂੰ ਸਿਰਫ਼ ਪਸ਼ੂਆਂ ਨੂੰ ਦਾਣਾ ਰਲਾ ਦਿਆ ਕਰ। ਮੈਨੂੰ ਗੁਰੂ ਜੀ ਵੱਲੋਂ ਇਹ ਹੁਕਮ ਹੈ। ਈਰਖਾਵਾਦੀਆਂ ਫਿਰ ਵੇਖਿਆ ਜੋ ਇਹ ਜਿੱਥੇ ਵੀ ਜਾਂਦਾ ਹੈ, ਉਥੇ ਹੀ ਮੌਜਾਂ ਲੈਂਦਾ ਹੈ। ਇਹਨੂੰ ਕੋਈ ਸਖਤ ਕੰਮ ਨਹੀਂ ਮਿਲਦਾ।

### ਵਾਪਸੀ ਪਿੰਡ ਨੂੰ:

ਇਕ ਦਿਨ ਬਿਸ਼ਨ ਸਿੰਘ ਰਪਟੀਏ ਨੇ ਸਾਡੀ ਮਾਤਾ (ਹਰ ਕੌਰ) ਨੂੰ ਪੀਹਣ ਕਰਨ ਵਾਸਤੇ ਆਖਿਆ। ਉਸ ਆਖਿਆ, "ਭਾਈ ਦੋ ਬੋਰੀਆਂ ਪੀਹਣ ਕਰਕੇ ਆਈ ਹਾਂ। ਇਸ਼ਨਾਨ ਪਾਣੀ ਕਰਕੇ, ਪ੍ਰਸ਼ਾਦਾ ਛਕ ਕੇ ਫੇਰ ਹੋਰ ਛੱਟ ਦਿਆਂਗੀ। ਇਸ ਤੇ ਬਿਸ਼ਨ ਸਿੰਘ ਨੇ ਕੁਝ ਵੱਧ ਘੱਟ ਬੋਲ ਦਿਤਾ ਜਿਸ ਦਾ ਕਰਾਰਾ ਜੁਆਬ ਮਾਤਾ ਜੀ ਨੇ ਵੀ ਦਿਤਾ। ਉਹ ਵੀ ਸੁਭਾਅ ਦੇ ਬੜੇ ਜ਼ਬਰਦਸਤ ਸਨ। ਸ਼ਾਮ ਨੂੰ ਝੰਡਾ ਸਿੰਘ, ਵੀਰ ਸਿੰਘ, ਇੰਦਰ ਸਿੰਘ, ਬਾਬਾ ਸੰਤਾ ਸਿੰਘ ਆਦਿਕ ਮਾਝੇ ਦੇ ਸਿੰਘਾਂ ਨੂੰ, ਜਦੋਂ ਰਪਟੀਏ ਨਾਲ ਹੋਈ ਤੂੰ ਤੂੰ ਮੈਂ ਮੈਂ ਦਾ ਪਤਾ ਲੱਗਾ ਤਾਂ ਇਹਨਾਂ ਬਿਸ਼ਨ ਸਿੰਘ ਰਪਟੀਏ ਨੂੰ ਸਾਜਿਆ ਚੰਗੀ ਤਰ੍ਹਾਂ। ਇਸ ਰੌਲੇ ਦੇ ਕਾਰਨ ਮਾਤਾ ਜਿਊਣ ਕੌਰ ਜੀ ਨੇ, ਗੱਲ ਵਧਣ ਤੋਂ ਰੋਕਣ ਲਈ ਪਿਤਾ ਜੀ ਨੂੰ ਸੱਦ ਕੇ ਕਿਹਾ, "ਜਿਊਣ ਸਿੰਘਾ! ਐਤਕੀਂ ਤੇਰਾ ਭਾਈ ਜਦੋਂ ਸਾਨੂੰ ਮਿਲਿਆ ਸੀ ਤਾਂ ਉਹ ਕਹਿੰਦਾ ਸੀ ਕਿ ਫ਼ਸਲ ਬੜੀ ਹੋਈ ਏ। ਛੋਲਿਆਂ ਤੇ ਸਰ੍ਹੋਂ ਦਾ ਸਮਾਂ ਚੰਗਾ ਲੱਗਾ ਹੈ, ਇਸ ਲਈ ਜਿਊਣ ਸਿੰਘ ਇਕ ਵੇਰਾਂ ਘਰ ਆਵੇ।" ਪਿਤਾ ਜੀ ਨੇ ਮਨ ਵਿਚ ਸੋਚਿਆ ਕਿ ਹਲ਼ਾਂ ਹੇਠਲੀ ਪੈਲੀ ਵਿਚੋਂ ਮੈਂ ਤਾਂ ਆਪਣੇ ਹਿੱਸੇ ਦੀ ਅੱਧਾ ਮੁਰੱਬਾ ਭੋਇੰ, ਪਹਿਲੋਂ ਹੀ ਵੇਚ ਕੇ ਗੁਰੂ ਕੇ ਲੰਗਰ ਵਿਚ ਪਾ ਚੁੱਕਾ ਹਾਂ। (ਸਭ ਭਾਂਡੇ ਟੀਂਡੇ ਮੰਜੇ ਬਿਸਤਰੇ ਵੀ ਉਹਨਾਂ ਡੇਰੇ ਸ੍ਰੀ ਭੈਣੀ ਸਾਹਿਬ ਪੁਚਾ ਦਿਤੇ ਸਨ, ਕਹਿੰਦੇ ਆਪਣੇ ਵੱਡੇ ਭਾਈ ਵਧਾਵਾ ਸਿੰਘ ਨੂੰ ਵੀ ਰਹੇ ਕਿ ਤੂੰ ਵੀ ਜ਼ਮੀਨ ਆਪਣੇ ਹਿੱਸੇ ਦੀ ਵੇਚ। ਗੁਰੂ ਕਾ ਲੰਗਰ ਨਹੀਂ ਰੁਕਣਾ ਚਾਹੀਦਾ। ਪਰ ਉਹਨਾਂ ਨੇ ਜੁਆਬ ਦਿਤਾ ਕਿ ਜੇ

ਕੱਲ੍ਹ ਨੂੰ ਕੋਈ ਜੀਅ ਆ ਗਿਆ ਤਾਂ... ਬੰਜਰ ਜ਼ਮੀਨ ਜਾਂ ਕੱਲਰ ਵੀ ਕਾਫ਼ੀ ਪਈ ਸੀ। ਉਹਨਾਂ ਨੇ ਆਪਣੇ ਵਾਲਾ ਅੱਧਾ ਮੁਰੱਬਾ ਬਾਬਾ ਜੈਮਲ ਸਿੰਘ ਝੱਬਰ (ਸ. ਰਜਵੰਤ ਸਿੰਘ, ਅਵਤਾਰ ਸਿੰਘ ਝੱਬਰ ਦਾ ਪਿਤਾ) ਨੂੰ ਵੇਚਿਆ ਸੀ। ਉਸ ਬਥੇਰੀ ਨਾਂਹ ਨੁੱਕਰ ਕੀਤੀ ਪਰ ਕਹਿਣ ਲੱਗੇ, "ਤੈਨੂੰ ਗੁਰੂ ਕਾ ਸਿੰਘ ਜਾਣ ਕੇ ਪੈਲੀ ਦੇ ਰਿਹਾ ਹਾਂ। ਤੂੰ ਨਾ ਖਰੀਦੇਂਗਾ ਤਾਂ ਹੋਰ ਕੋਈ ਨਾ ਕੋਈ ਲੈ ਹੀ ਲਵੇਗਾ) ਸੋ ਇਹ ਭਰਾ ਦੇ ਸੁਨੇਹੇ ਵਾਲੀ ਗੱਲ ਕੁਝ ਜਚੀ ਤਾਂ ਨਾ, ਪ੍ਰੰਤੂ ਫਿਰ ਡੇਰੇ ਦੀ ਪ੍ਰਬੰਧ ਵਿਵਸਥਾ ਦੀ ਜ਼ਿੰਮੇਵਾਰੀ ਵਾਲਿਆਂ ਦੀਆਂ ਮੁਸ਼ਕਿਲਾਂ ਨੂੰ ਸਮਝਦੇ ਹੋਏ, ਕਛਹਿਰਾ ਪਰਨਾ ਚੁਕਿਆ ਤੇ ਦਸ ਹਾੜ੍ਹ ੧੯੫੭ ਬਿਕ੍ਰਮੀ ਦੇ ਦਿਨ, ਸਿਖਰ ਦੁਪਹਿਰੇ ਸ੍ਰੀ ਭੈਣੀ ਸਾਹਿਬੋਂ ਚੱਲ ਪਏ ਅਤੇ ਗੁਰੂ ਨਗਰੀ ਅੰਮ੍ਰਿਤਸਰ ਜੀ ਵਿਖੇ ਪੁੱਜ ਗਏ।

**ਉਮਰ ਪੁਰੇ ਪੁੱਜਣਾ ਅਤੇ ਮੇਰਾ ਜਨਮ:**

ਏਥੇ ਆ ਕੇ ਸਾਡਾ ਪਿਤਾ ਦੁਚਿੱਤਾ ਹੋ ਗਿਆ ਕਿ ਪਿੰਡ ਵੀ ਮੈਂ ਨਹੀਂ ਜਾਣ ਜੋਗਾ, ਕਿਉਂਕਿ ਵਾਹੀ ਯੋਗ ਜ਼ਮੀਨ ਤਾਂ ਆਪਣੀ ਹਿੱਸੇ ਦੀ ਵੇਚ ਕੇ ਹਰ ਕੇ ਲੇਖੇ ਲਾ ਬੈਠਾ ਹਾਂ। ਪਿੰਡ ਦਾ ਸ਼ਰੀਕਾ ਬਰਾਦਰੀ ਪਤਾ ਨਹੀਂ ਕਿਵੇਂ ਪੇਸ਼ ਆਵੇਗਾ। ਮੇਰਾ ਜਨਮ ਵੀ ਝਬਦੇ ਹੀ ਹੋਣ ਵਾਲਾ ਸੀ। ਹੁਣ ਉਹ ਸੋਚ ਰਹੇ ਸਨ ਕਿ ਕਿਧਰ ਚੱਲੀਏ। ਪ੍ਰੰਤੂ ਪ੍ਰਮੇਸ਼ਰ ਨੇ ਜਿਹੜਾ ਜੀਅ ਘੱਲਣਾ ਹੁੰਦਾ ਹੈ ਉਹਦਾ ਵਸੀਲਾ ਵੀ ਬਣਾ ਦਿੰਦਾ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਕੂਕਿਆਂ ਦੇ ਪ੍ਰਸਿੱਧ ਪਿੰਡ ਭੋਮੇ ਵਡਾਲੇ ਦੇ ਕੋਲ ਇਕ ਬੁੱਢਾ ਥੇਹ ਵੱਜਦਾ ਹੈ, ਉਹਦੇ ਲਾਗੇ ਇਕ ਹੋਰ ਪਿੰਡ ਹੈ ਉਮਰ ਪੁਰਾ। ਗੁਰਮੁਖ ਸਿੰਘ ਨਾਂ ਦਾ ਇਕ ਨਾਮਧਾਰੀ ਸਿੰਘ ਸੀ, ਜੋ ਇਸ ਪਿੰਡ ਵਿਚ ਰਹਿੰਦਾ ਸੀ। ਉਹ ਕਿਸੇ ਵਿਹਾਰ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਵਿਚ ਆਏ ਹੋਏ ਸਨ। ਮੇਰੇ ਪਿਤਾ ਦੇ ਮੁਰਝਾਏ ਚਿਹਰੇ ਵੱਲ ਵੇਖ ਕੇ ਕਹਿਣ ਲੱਗਾ, "ਜਿਊਣ ਸਿੰਘ! ਤੂੰ ਕਦੇ ਨਹੀਂ ਸੈਂ ਮੁਰਝਾਇਆ, ਕੀ ਕਾਰਨ ਹੈ?" ਪਿਤਾ ਜੀ ਨੇ ਸਾਰੇ ਹਾਲਾਤ ਉਸ ਨੂੰ ਦੱਸੇ। ਉਸ ਕਿਹਾ, "ਹਰ ਕੌਰ ਮੇਰੀ ਧੀ ਅਤੇ ਤੂੰ ਮੇਰਾ ਜੁਆਈ।" ਤਾਂਗਾ ਕਿਰਾਏ ਤੇ ਕਰ ਲਿਆ ਅਤੇ ਦੋਹਾਂ ਨੂੰ ਤਾਂਗੇ ਤੇ ਚੜ੍ਹਾ ਕੇ ਆਪਣੇ ਪਿੰਡ ਉਮਰ ਪੁਰੇ ਜੋ ਇੱਥੋਂ ਪੰਦਰਾਂ ਕੁ ਮੀਲ 'ਤੇ ਸੀ, ਲੈ ਗਿਆ। ਆਪਣੇ ਘਰ ਲਿਜਾ ਕੇ ਸਾਰਾ ਘਰ ਬੂਹਾ ਸੰਭਾਲ ਦਿਤਾ ਅਤੇ ਕਿਹਾ, ਧੀਏ! ਤੇਰੇ ਘਰ ਪ੍ਰਮੇਸ਼ਰ ਬੜਾ ਭਾਗ ਵਾਲਾ ਜੀਅ ਘੱਲੇਗਾ। ਉਹ ਬੜੇ ਅਚਰਜ ਸਾਧੂ ਸਨ। ਇਸੇ ਹੀ ਜਗ੍ਹਾ ਫਿਰ ੨੦ ਹਾੜ ੧੯੫੭ ਬਿਕ੍ਰਮੀ (ਜੁਲਾਈ 1900 ਈ:) ਨੂੰ ਮੇਰਾ ਜਨਮ ਹੋਇਆ।

**ਮੁੱਢਲਾ ਬਚਪਨ ਮਾਝੇ ਵਿਚ ਅਤੇ ਪਿੰਡ ਝੱਬਰਾਂ ਵਿਚ:**

ਉਹਨਾਂ ਸੰਤਾਂ ਦੇ ਨਾਂ 'ਤੇ ਹੀ ਪਿਤਾ ਜੀ ਨੇ ਮੇਰਾ ਨਾਂ ਵੀ ਗੁਰਮੁਖ ਸਿੰਘ ਹੀ ਰੱਖ ਦਿੱਤਾ। ਦੋ ਸਾਲ ਮੈਂ ਉਸ ਨਗਰ ਵਿਚ ਹੀ ਪਲਿਆ ਹਾਂ। ਦੋ ਸਾਲ ਬਾਦ

ਉਹ ਬਜ਼ੁਰਗ ਚੜ੍ਹ ਗਏ। ਖ਼ਤਰਾਈਏ ਸਿੰਘ ਮਹੰਤ ਦੇਵਾ ਸਿੰਘ ਤੇ ਖ਼ੁਸ਼ਹਾਲ ਸਿੰਘ ਹੋਰੀਂ ਉਥੋਂ ਸਾਨੂੰ ਲੈ ਕੇ ਆ ਗਏ ਕਿ ਹੁਣ ਉਮਰਪੁਰੇ ਜਿੰਨਾ ਹੀ ਸਮਾਂ ਘੱਟੋ ਘੱਟ ਸਾਡੇ ਪਾਸ ਟਿਕੋ। ਦੋ ਵਰ੍ਹੇ ਹੀ ਫਿਰ ਖਤਰਾਵੀਂ ਉਹਨਾਂ ਸਿੰਘਾਂ ਪਾਸ ਬਤੀਤ ਹੋਏ। ਫਿਰ ਤਾਇਆ ਵਧਾਵਾ ਸਿੰਘ ਆ ਗਿਆ ਅਤੇ ਪਿਤਾ ਜੀ ਨੂੰ ਆਖ ਵੇਖ ਕੇ ਸਾਨੂੰ ਝੱਬਰੀਂ ਲੈ ਗਿਆ, ਇਹ ਕਹਿ ਕੇ ਕਿ ਜ਼ਮੀਨ ਅਜੇ ਬਥੇਰੀ ਹੈ। ਹੌਲੇ ਹੌਲੇ ਬੰਜਰ ਵੀ ਅਬਾਦ ਹੋ ਜਾਏਗੀ। ਨਹਿਰ ਵੀ ਓਦੋਂ ਤੱਕ ਆ ਗਈ ਸੀ। ਝੱਬਰਾਂ ਤੋਂ ਕਦੇ ਕਦੇ ਨਾਨਕਿਆਂ ਦੇ ਪਿੰਡ ਵੀ ਚਲੇ ਜਾਣਾ। ਉਥੇ ਸਾਡੀ ਮਾਸੀ ਸੀ ਜੋ ਭੋਏ ਵਾਲੀ (ਜ਼ਿਲ੍ਹਾ ਅੰਮ੍ਰਿਤਸਰ ਵਿਚ) ਵਿਆਹੀ ਹੋਈ ਸੀ। ਜੈ ਸਿੰਘ, ਮੈਥੋਂ ਛੋਟਾ ਮੇਰਾ ਭਾਈ, ਨੌਂ ਕੁ ਮਹੀਨਿਆਂ ਦਾ ਹੋ ਕੇ ਏਥੇ ਸੇਖਮ ਘੁਮਾਣ ਪਿੰਡ ਵਿਚ ਮਾਸੀ ਕੋਲ ਹੀ ਪੂਰਾ ਹੋ ਗਿਆ। ਉਸ ਤੋਂ ਬਿਨਾਂ ਹੋਰ ਕੋਈ ਭਾਈ ਭੈਣ ਨਹੀਂ ਹੋਏ। ਉਸ ਸਮੇਂ ਦੇ ਰਿਵਾਜ ਮੁਤਾਬਿਕ ਉਸ ਛੋਟੇ ਬਾਲ ਨੂੰ ਨਾਨਕੇ ਪਿੰਡ ਹੀ ਦਬਾ ਦਿਤਾ ਗਿਆ। ਜਦੋਂ ਪਿਤਾ ਜੀ ਲੈਣ ਆਏ ਤਾਂ ਮੈਨੂੰ ਉਹਨਾਂ ਪੁੱਛਿਆ ਕਿ ਜੈ ਸਿੰਘ ਨੂੰ ਕਿੱਥੇ ਦੱਬਿਆ ਨੇ। ਮੇਰੇ ਨਿਸ਼ਾਨਦੇਹੀ ਕਰਨ ਤੇ ਉਹਨਾਂ ਨੇ ਪੁੱਟ ਕੇ, ਦੇਹ ਜਿਸ ਤਰ੍ਹਾਂ ਦੀ ਵੀ ਸੀ, ਉਹਦਾ ਇਸ਼ਨਾਨ ਆਦਿ ਕਰਵਾ ਕੇ ਫਿਰ ਪੂਰਨ ਗੁਰ ਮਰਯਾਦਾ ਨਾਲ ਹੱਥੀਂ ਸਸਕਾਰ ਕੀਤਾ ਅਤੇ ਪਾਠ ਦਾ ਭੋਗ ਪਾਇਆ। ਜਦੋਂ ਗੁਰੂ ਹਰੀ ਸਿੰਘ ਜੀ ਦਾ ਦੌਰਾ ਸਾਡੇ ਇਲਾਕੇ ਵਿਚ ਆਉਣਾ ਤਾਂ ਪਿਤਾ ਜੀ ਨੇ ਸਾਨੂੰ ਵੀ ਦਰਸ਼ਨ ਕਰਵਾਉਣ ਵਾਸਤੇ ਨਾਲ ਲੈ ਜਾਣਾ।

**ਚੇਲੇਕੀ :**

ਥੋੜ੍ਹਾ ਹੀ ਸਮਾਂ ਝੱਬਰਾਂ ਵਿਚ ਕੱਟਿਆ ਹੋਏਗਾ ਕਿ ਫਿਰ ਚੇਲੇਕੇ ਅਤੇ ਖਤਰਾਵਾਂ ਦੇ ਸਿੰਘ ਆ ਗਏ ਅਤੇ ਕਹਿਣ ਲੱਗੇ ਕਿ ਜਿਊਣ ਸਿੰਘਾ! ਹੁਣ ਤੈਨੂੰ ਅਸੀਂ ਇਥੇ ਝੱਬਰਾਂ ਵਿਚ ਨਹੀਂ ਰਹਿਣ ਦੇਣਾ। ਇਲਾਕੇ ਦੀ ਸਾਰੀ ਸੰਗਤ ਬੜੀ ਖਿਚ ਕਰਦੀ ਸੀ। ਉਹਨਾਂ ਦਾ ਬਚਨ ਮੰਨ ਕੇ ਆਪ ਚੇਲੇਕੀ (ਅੰਮ੍ਰਿਤਸਰ) ਚਲੇ ਗਏ। ਉਥੇ ਦੋ ਸਾਲ ਧਰਮਸਾਲਾ ਵਿਚ ਹੀ ਰਹੇ ਅਤੇ ਨਾਲੇ ਆਸ ਪਾਸ ਦਿਆਂ ਨਗਰਾਂ ਵਿਚ ਹਰਿ ਜੱਸ ਕਰਦੇ ਰਹਿਣਾ।

**ਫਿਰ ਭੈਣੀ ਸਾਹਿਬ ਪੁੱਜਣਾ:**

ਚੇਲੇਕੀ ਹੀ ਰਹਿ ਰਹੇ ਸਾਂ ਕਿ ਗੁਰੂ ਹਰੀ ਸਿੰਘ ਜੀ ਨੇ ਇਥੇ ਦਰਸ਼ਨ ਦਿਤੇ ਅਤੇ ਹੁਕਮ ਕੀਤਾ ਕਿ ਤੂੰ ਕਾਕੇ ਨੂੰ ਲੈ ਕੇ ਹੁਣ ਭੈਣੀ ਸਾਹਿਬ ਪਹੁੰਚ ਜਾ। ਏਥੇ ਚੇਲੇਕੀਂ ਹੀ 20 ਜਾਂ 21 ਚੇਤਰ ਨੂੰ ਤਾਊਨ ਦੀ ਬੀਮਾਰੀ ਨਾਲ ਮੇਰੀ ਮਾਤਾ ਪੂਰੀ ਹੋ ਜਾਂਦੀ ਹੈ। ਮੈਂ ਓਦੋਂ ਛਿਆਂ ਸਾਲਾਂ ਤੋਂ ਛੋਟਾ ਹੀ ਸਾਂ। ਮਾਤਾ ਜੀ ਦਾ ਭੋਗ ਜਿਸ ਵੇਲੇ ਪਾਇਆ ਤਾਂ ਏਥੇ ਗੁਰੂ ਕੇ ਊਠਾਂ ਦੇ ਉਗਰਾਹੀਏ, ਬਾਬਾ ਸੰਤਾ ਸਿੰਘ

ਘੁੱਕੇਵਾਲੀ ਵਾਲੇ ਆਏ ਹੋਏ ਸਨ। ਇਹ ਤਿੰਨ ਬਾਬੇ ਵੀਰ ਸਿੰਘ, ਸੁਰਜਨ ਸਿੰਘ (ਦੋਵੇਂ ਭੋਮਾ ਵਡਾਲਾ) ਅਤੇ ਸੰਤਾ ਸਿੰਘ ਘੁੱਕੇ ਵਾਲੀਆ ਸਾਡੇ ਪਿਤਾ ਜੀ ਦੇ ਜਿਗਰੀ ਸੱਜਣ ਸਨ। ਬਾਬੇ ਸੰਤਾ ਸਿੰਘ ਹੋਰਾਂ ਪਿਤਾ ਜੀ ਨੂੰ ਕਿਹਾ ਕਿ ਇਹ ਛੋਟਾ, ਮਾਂ ਬਾਹਰਾ, ਬੱਚਾ ਤੈਥੋਂ ਸਾਂਭਿਆ ਨਹੀਂ ਜਾਣਾ। ਤੂੰ ਤੇ ਰਹੁ ਜਿੱਥੇ ਤੇਰੀ ਮਰਜ਼ੀ ਹੈ ਅਤੇ ਬੱਚੇ ਨੂੰ ਅਸੀਂ ਆਪਣੇ ਨਾਲ ਲੈ ਜਾਂਦੇ ਹਾਂ। ਬਾਬੇ ਹੋਰੀਂ ਮੈਨੂੰ ਲੈ ਕੇ ਪੜਾਉ-ਪੜਾਈ ਸ੍ਰੀ ਭੈਣੀ ਸਾਹਿਬ ਪੁੱਜ ਗਏ। ਸ਼ਾਮ ਦੇ ਦੀਵਾਨ ਵਿਚ ਗੁਰੂ ਹਰੀ ਸਿੰਘ ਜੀ ਨੂੰ ਮੱਥਾ ਟੇਕਿਆ। ਹਜ਼ੂਰੀ ਸਿੰਘ ਪਤਾਸਿਆਂ ਦਾ ਪ੍ਰਸ਼ਾਦ ਵਰਤਾ ਰਿਹਾ ਸੀ। ਮੈਨੂੰ ਉਹ ਕਵ੍ਹੇ ਕਿ ਝੋਲੀ ਕਰ। ਮੈਂ ਸੰਗਾਂ। ਗੁਰੂ ਜੀ ਤਾੜ ਗਏ ਕਿ ਹੇਠਾਂ ਤਾਂ ਕਛੈਹਰਾ ਹੀ ਨਹੀਂ। ਓਦੋਂ ਹੀ ਡੇਰੇ ਦੀ ਮੁਖਤਿਆਰ ਮਾਈ ਨੂੰ ਕਹਿਣ ਲੱਗੇ "ਗੁਰਦੇਈਏ! ਬਿਹੰਗਮਾਂ ਦੇ ਬੱਚਿਆਂ ਦਾ ਖ਼ਿਆਲ ਕੌਣ ਕਰੇਗਾ? ਸਵੇਰ ਦੇ ਦੀਵਾਨ ਤੱਕ ਛੋਟੇ ਝੱਬਰ ਨੂੰ ਕਛੈਹਰਿਆਂ ਦੀ ਜੋੜੀ ਸੁਆ ਕੇ ਪੁਆ ਦੇਵੀਂ।"

### ਗੁਰਗੱਦੀ ਤੇ ਸਤਿਗੁਰੂ ਪਰਤਾਪ ਸਿੰਘ:

ਹੁਣ ਇਸੇ ਵਰ੍ਹੇ ਹੀ ਗੁਰੂ ਹਰੀ ਸਿੰਘ ਜੀ ਜੋਤੀ ਜੋਤਿ ਸਮਾ ਜਾਂਦੇ ਹਨ ਅਤੇ ਪੰਥ ਦੀ ਵਾਂਗ ਡੋਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੰਭਾਲ ਦਿਤੀ ਜਾਂਦੀ ਹੈ। ਮੈਂ ਹੁਣ ਤਕਰੀਬਨ ਦੋ ਵਰ੍ਹੇ ਮਹਾਰਾਜ ਗੁਰਦਿਆਲ ਸਿੰਘ ਹੋਰਾਂ ਨਾਲ ਖੇਡਦਾ ਰਿਹਾ ਕਿਉਂਕਿ ਉਹ ਮੇਰੇ ਤੋਂ ਦੋ ਢਾਈ ਕੁ ਸਾਲ ਹੀ ਵੱਡੇ ਸਨ। ਮੈਨੂੰ ਆਸ ਪਾਸ ਦੇ ਲੋਕਾਂ ਨੇ ਕਹਿਣਾ ਕਿ ਇਹਦਾ ਪਿਓ ਵੀ ਵਿਹਲੜ ਸੀ। ਇਹ ਵੀ ਵਿਹਲੜ ਰਹੇਗਾ। ਇਸ ਕਿਹੜਾ ਕੰਮ ਕਰਨਾ ਹੈ। ਇਸ ਤਰ੍ਹਾਂ ਦੀਆਂ ਬੋਲੀਆਂ ਮਾਰਦੇ ਰਹਿਣਾ। ਮੈਨੂੰ ਇਹ ਬੜਾ ਇਸ਼ਕ ਲੱਗਾ ਕਿ ਮੈਂ ਵੀ ਛੇਤੀ ਛੇਤੀ ਵੱਡਾ ਹੋਵਾਂ ਅਤੇ ਇਹਨਾਂ ਨੂੰ ਕੰਮ ਕਰਕੇ ਵਿਖਾਵਾਂ। ਹੁਣ ਕੁਝ ਸਮਾਂ ਮੈਂ ਡੇਰੇ ਦੇ ਕੱਟੇ ਵੱਛੇ ਸਾਂਭੇ। ਏਥੋਂ ਹਟਾ ਕੇ ਫਿਰ ਮੈਨੂੰ ਬੱਕਰੀਆਂ ਚਾਰਨ ਤੇ ਲਾ ਦਿਤਾ ਗਿਆ।

### ਦਮਦਮਾ ਸਾਹਿਬ:

ਓਦੋਂ ਕੁ ਜਹੇ ਫਿਰ ਪਿਤਾ ਜੀ ਨੂੰ ਮੇਰਾ ਮੋਹ ਜਾਗਿਆ ਤੇ ਉਹ ਮੈਨੂੰ ਡੇਰੇ ਭੈਣੀ ਸਾਹਿਬ ਤੋਂ ਲੈ ਕੇ ਮਾਲਵੇ ਨੂੰ ਚੱਲ ਪਏ। ਉਹਨਾਂ ਦੀ ਮਨਸ਼ਾ ਮੈਨੂੰ ਪੜ੍ਹਾਉਣ ਦੀ ਸੀ। ਉਹ ਮੈਨੂੰ ਦਮਦਮੇ ਸਾਹਿਬ (ਤਲਵੰਡੀ ਸਾਬੋ) ਛੱਡਣਾ ਚਾਹੁੰਦੇ ਸਨ। ਸੋ ਅਸੀਂ ਸਾਧ ਸੰਗਤ ਦੇ, ਵੱਖ ਵੱਖ ਨਗਰਾਂ ਵਿਚ ਦਰਸ਼ਨ ਮੇਲੇ ਕਰਦੇ ਹੋਏ, ਮੰਜ਼ਲੋ-ਮੰਜ਼ਲੀ ਦਮਦਮੇ ਸਾਹਿਬ ਪੁਜ ਗਏ। ਇਥੇ ਕੱਟੂ ਵਾਲਿਆਂ ਦੇ ਬੁੰਗੇ ਜਾ ਡੇਰਾ ਲਾਇਆ। ਡੇਰੇ ਦੇ ਮਹੰਤ ਦਾ ਨਾਂ ਚੰਦਾ ਸਿੰਘ ਸੀ। ਰਾਤ ਨੂੰ ਕਥਾ ਸੁਣਨ ਤੋਂ ਬਾਅਦ ਪਿਤਾ ਜੀ ਨੇ ਅਰਜ਼ ਕੀਤੀ ਕਿ ਮੈਂ ਜੀ, ਏਥੇ ਲੜਕਾ ਪੜ੍ਹਣ ਲਈ ਛੱਡਣਾ ਹੈ। ਇਸਨੂੰ ਵਿਦਿਆ ਦਾ ਦਾਨ ਦਿਓ। ਉਹਨਾਂ ਆਖਿਆ ਕਿ ਚੰਗਾ ਭਈ, ਸਵੇਰੇ

ਤੇਰੇ ਲੜਕੇ ਨੂੰ ਫੌਜਾਂ ਦੇ ਨਾਲ ਦਾਖ਼ਲ ਕਰ ਲਵਾਂਗੇ। ਸਵੇਰੇ ਉਠੇ। ਇਸ਼ਨਾਨ ਪਾਣੀ ਕੀਤਾ। ਮੈਂ ਲੰਗਰ ਵਿਚ ਚਲਾ ਗਿਆ, ਉਥੇ ਅੱਗ ਬਲਦੀ ਸੀ, ਸੇਕਣ ਵਾਸਤੇ। ਸਿਆਲ ਦੇ ਦਿਨ ਸਨ। ਉਥੇ ਇਕ ਨਿਹੰਗ ਸਿੰਘ ਸੀ। ਮੇਰੀ ਸਿੱਧੀ ਪੱਗ ਵੇਖ ਕੇ ਕਹਿਣ ਲੱਗਾ, "ਆ ਗਿਆ ਏਂ ਤਰਖਾਣ ਦਿਆ ਸਿੱਖਾ!' ਮੈਂ ਉਹਦੀ ਦਾੜ੍ਹੀ ਨੂੰ ਚੰਬੜ ਗਿਆ। ਉਸ ਮੈਨੂੰ ਪੰਜ ਚਾਰ ਲਾ ਦਿਤੀਆਂ। ਓਨੇ ਚਿਰ ਨੂੰ ਇਸ਼ਨਾਨ ਪਾਣੀ ਕਰਕੇ ਉਥੇ ਸੋਹਣ ਸਿੰਘ (ਸੁੰਦਰ ਸਿੰਘ ਬੰਬੂ ਚੇਲੇਕੇ ਦਾ ਭਰਾ) ਅੱਪੜ ਗਿਆ। ਉਸ ਮੈਨੂੰ ਛੁਡਾ ਕੇ ਪੰਜ ਸੱਤ ਨਿਹੰਗ ਸਿੰਘ ਨੂੰ ਲਾ ਦਿਤੀਆਂ। ਸਾਰੇ ਇਕੱਠੇ ਹੋ ਗਏ। ਸੰਤਾਂ ਨੂੰ ਸਾਰੀ ਗੱਲ ਦਾ ਪਤਾ ਲੱਗਾ। ਉਹਨਾਂ ਕਿਹਾ, 'ਜਿਸ ਮੇਰੇ ਪਾਸ ਪੜਨਾ ਹੈ ਉਹ ਕਿਸੇ ਦੇ ਇਸ਼ਟ ਦੀ ਜਾਤ ਨਾ ਨੌਲ਼ਦਾ ਫਿਰੇ। ਮਨੋਂ ਈਰਖਾ ਕੱਢ ਕੇ ਪੜ੍ਹੇ। ਪ੍ਰੰਤੂ ਮੈਂ ਆਪਣੇ ਪਿਤਾ ਜੀ ਨੂੰ ਕਿਹਾ ਕਿ ਮੇਰੀ ਤਾਂ ਇਥੇ ਲੜਾਈ ਹੋ ਪਈ ਹੈ। ਮੈਂ ਹੁਣ ਇੱਥੇ ਕੋਈ ਨਹੀਂ ਪੜ੍ਹਨਾ।

### ਮਾਈਸਰ ਖ਼ਾਨੇ:

ਉਹ ਮੈਨੂੰ ਲੈ ਕੇ ਮਾਈਸਰ ਖ਼ਾਨੇ ਚਲੇ ਗਏ। ਏਥੇ ਵੀ ਨਾਮਧਾਰੀ ਸਿੰਘਾਂ ਦਾ ਡੇਰਾ ਸੀ। ਅਸੀਂ ਦਸ ਕੁ ਦਿਨ ਰਹੇ। ਪਿਤਾ ਹੋਰਾਂ ਹੇਠਾਂ ਸਾਧਾਂ ਨਾਲ ਬਚਨ ਬਲਾਸ ਕਰਨੇ ਅਤੇ ਮੈਂ ਕੋਠੇ ਤੇ ਸਣ ਕੱਢ ਕੇ ਊਠਾਂ ਦੀਆਂ ਮੁਹਾਰਾਂ ਵੱਟਦਾ ਰਿਹਾ। (ਕਿਉਂਕਿ ਡੇਰੇ ਭੈਣੀ ਸਾਹਿਬ ਵਿਚ ਬੱਕਰੀਆ ਤੋਂ ਬਾਅਦ ਮੈਨੂੰ ਊਠ ਸਾਂਭਣ ਤੇ ਵੀ ਲਾ ਦਿਤਾ ਗਿਆ ਸੀ।) ਜਦੋਂ ਉਥੋਂ ਤੁਰਨ ਲੱਗੇ ਤਾਂ ਮੁਹਾਰਾਂ ਦੀ ਪੋਟਲੀ ਵੇਖ ਕੇ ਪਿਤਾ ਜੀ ਪੁੱਛਣ ਲਗੇ ਕਿ ਇਹ ਕੀ ਹੈ ਤੇਰੇ ਕੋਲ। ਮੈਂ ਆਖਿਆ, "ਗੁਰੂ ਕੇ ਊਠਾਂ ਦੀਆਂ ਮੁਹਾਰਾਂ ਵੱਟੀਆਂ ਨੇ।" ਤਾਂ ਉਹ ਕਹਿਣ ਲੱਗੇ ਕਿ ਇਹ ਨਹੀਂ ਪੜ੍ਹਦਾ। ਚਲੋ ਆਪਾਂ ਹੁਣ ਪਿਛਾਂਹ ਹੀ ਪਰਤ ਚੱਲੀਏ।

### ਦਾਤੇਵਾਲ ਭਾਈ ਮਤਾਬ ਸਿੰਘ ਦੇ ਡੇਰੇ:

ਮਾਈਸਰ ਖ਼ਾਨੇ ਤੋਂ ਮੁੜਦਿਆਂ ਇਕ ਵੇਰ ਫਿਰ ਪਿਤਾ ਜੀ ਨੇ ਕਿਹਾ ਕਿ ਇਕ ਹੋਰ ਟਿਕਾਣਾ ਹੈ। ਚਲੋ ਉਥੇ ਚੱਲਦੇ ਹਾਂ। ਸ਼ਾਇਦ ਤੂੰ ਉਥੇ ਰਹਿ ਕੇ ਹੀ ਕੁਝ ਪੜ੍ਹ ਜਾਵੇਂ। ਪਿਤਾ ਜੀ ਮੈਨੂੰ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਦਾਤੇਵਾਲ ਦੇ ਗੁਰਦੁਆਰੇ ਵਿਚ ਰਹਿੰਦੇ ਭਾਈ ਮਤਾਬ ਸਿੰਘ ਹੋਰਾਂ ਪਾਸ ਛੱਡ ਆਏ ਕਿ ਇਹਨੂੰ ਕੁਝ ਪੜ੍ਹਾ ਦਿਓ। ਭਾਈ ਜੀ ਨੇ ਵੀ ਭਰੋਸਾ ਦੁਆਇਆ ਕਿ ਮੈਂ ਇਹਨੂੰ ਜ਼ਰੂਰ ਪੜ੍ਹਾਵਾਂਗਾ। ਕੁਝ ਦਿਨ ਏਥੇ ਹੋ ਗਏ ਤਾਂ ਇਕ ਦਿਨ ਮੈਂ ਸੰਤ ਗ਼ੁਲਾਬ ਸਿੰਘ ਜੀ ਠੇਠਰ ਨਾਲ ਪਿੰਡ ਕਿਲੇ, ਸੰਤ ਹਰਨਾਮ ਸਿੰਘ ਜੀ ਦਾ ਦਰਸ਼ਨ ਕਰਨ ਚਲਾ ਗਿਆ। ਅਗਲੇ ਦਿਨ ਜਦੋਂ ਮੈਂ ਵਾਪਸ ਆਇਆ ਤਾਂ ਬਿਨਾਂ ਪੁੱਛੇ ਜਾਣ ਕਾਰਨ, ਭਾਈ ਹੋਰਾਂ ਤੂਤ ਦੀਆਂ ਸੋਟੀਆਂ ਨਾਲ ਮੇਰੀ ਚੰਗੀ ਸੇਵਾ ਕੀਤੀ। ਰਾਤ ਨੂੰ ਮੈਂ ਜਦੋਂ ਵੇਖਿਆ ਕਿ ਭਾਈ ਹੋਰੀਂ ਸੁੱਤੇ ਪਏ ਹਨ ਅਤੇ

ਘੁਰਾੜੇ ਮਾਰ ਰਹੇ ਹਨ ਤਾਂ ਮੈਂ ਆਪਣਾ ਆਸਣ, ਨਿਕੀ ਜਿਹੀ ਗੜਵੀ, ਡੋਰੀ, ਕਛਹਿਰਾ ਪਰਨਾ ਸੰਭਾਲ ਕੇ ਸੁੱਤੇ ਪਏ ਭਾਈ ਜੀ ਨੂੰ ਮੱਥਾ ਟੇਕ ਕੇ ਉਥੋਂ ਚਾਲੇ ਪਾ ਦਿਤੇ। ਰਾਤ ਅੱਗੇ ਇਕ ਥਾਂ ਵੇਲਣਾ ਵਗਦਾ ਸੀ। ਉਥੇ ਗੁੜ ਛਕਿਆ ਤੇ ਰਾਤ ਉਹਨਾਂ ਜੱਟਾਂ ਪਾਸ ਕੱਟ ਕੇ ਪਹੁ ਫੁੱਟਦੀ ਨੂੰ ਉਥੋਂ ਤੁਰ ਪਿਆ।

### ਰਾਵੀ ਤੋਂ ਪਾਰ ਮਾਝੇ ਵਿਚ:

ਅੱਗੇ ਦਰਿਆ ਰਾਵੀ ਆ ਗਿਆ। ਪਾਣੀ ਥੋਹੜਾ ਹੀ ਸੀ। ਪਰ ਤਰਨਾ ਵੀ ਮੈਨੂੰ ਆਉਂਦਾ ਸੀ। ਮੈਂ ਇਕ ਬੰਨਿਉਂ ਠਿੱਲ ਪਿਆ। ਅੱਗੇ ਸੰਤ ਸੁੰਦਰ ਸਿੰਘ 'ਮੰਜੀ ਤੋੜ' ਆਉਂਦੇ ਪਏ ਸਨ। ਮੈਂ ਉਹਨਾਂ ਨੂੰ ਆਖਿਆ, "ਭਾਈ ਮਤਾਬ ਸਿੰਘ ਨੂੰ ਆਖ ਦੇਣਾ ਉਹ ਹੁਣ ਤੇਰੇ ਹੱਥ ਨਹੀਂ ਆਉਂਦਾ। ਜੇ ਭਾਈ ਏਧਰ ਆ ਗਿਆ ਤਾਂ ਮੈਂ ਆਪਣੇ ਯਾਰਾਂ ਬੇਲੀਆਂ ਤੋਂ ਉਹਦੇ ਪਾਸੇ ਵੀ ਸਿਕਵਾਵਾਂਗਾ।" ਏਥੋਂ ਮੈਂ ਭੋਏ ਵਾਲੀ ਆਪਣੀ ਮਾਸੀ ਕੋਲ ਚਲਾ ਗਿਆ। ਉਥੋਂ ਇਕ ਦੋ ਦਿਨਾਂ ਬਾਦ ਮੈਂ ਸੰਤੂ ਨੰਗਲ ਆਪਣੇ ਇਕ ਬੇਲੀ ਕੋਲ ਚਲਾ ਗਿਆ। ਉਥੇ ਮੇਰੀ ਜੁੱਤੀ ਪਈ ਵੇਖ ਮੇਰੇ ਪਿਤਾ (ਜੋ ਉਥੇ ਆ ਗਏ ਸਨ) ਨੇ ਸਿਆਣ ਕੇ ਪੁੱਛਿਆ ਕਿ ਗੁਰਮੁਖ ਸਿੰਘ ਏਥੇ ਆਗਿਆ ਹੈ ? ਘਰ ਵਾਲਿਆਂ ਕਿਹਾ ਕਿ ਅੰਦਰ ਸੁੱਤਾ ਹੈ। ਪਿਤਾ ਜੀ, "ਸ਼ਾਮ ਨੂੰ ਆਵਾਂਗਾ।" ਕਹਿ ਕੇ ਮੁੜ ਗਏ ਕਿ ਸੁੱਤਾ ਹੈ, ਹੁਣ ਨਹੀਂ ਜਗਾਉਂਦੇ। ਜਦੋਂ ਮੈਂ ਉਠਿਆ ਤਾਂ ਮੈਨੂੰ ਪਤਾ ਲੱਗਾ ਕਿ ਬਾਪੂ ਆਇਆ ਸੀ, ਤਾਂ ਮੈਨੂੰ ਖੁੜਕ ਗਈ ਕਿ ਹੁਣ ਕਿਸੇ ਹੋਰ ਭਾਈ ਦੇ ਵੱਸ ਪਾਉਣਗੇ, ਤਾਂ ਮੈਂ ਆਪਣਾ ਸਾਮਾਨ ਚੁਕ ਕੇ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਪੁੱਜ ਗਿਆ।

### ਗੁਰਿੰਡਨਾਮਾ ਤੇ ਭਾਈ ਮਹਿਤਾਬ ਸਿੰਘ:

ਉਥੇ ਕੁਝ ਸਮਾਂ ਫਿਰ ਮੈਂ ਭਾਈ ਮਹਿਤਾਬ ਸਿੰਘ 'ਪਕੌੜਿਆਂ ਵਾਲੇ' ਦੀ ਦੁਕਾਨ ਤੇ ਵੀ ਬਤੀਤ ਕੀਤਾ। ਭਾਈ ਜੀ ਦਿਨੇ ਜ਼ਿਆਦਾ ਸਮਾਂ ਬਾਹਰ ਰਹਿੰਦੇ। ਉਹ ਉਦੋਂ 'ਗੁਰਿੰਡਨਾਮਾ' ਛਪਵਾ ਰਹੇ ਸਨ। ਮੈਨੂੰ ਉਹਨਾਂ ਨੇ ਪੁੜੀਆਂ ਬੰਨ੍ਹ ਕੇ ਦੇ ਜਾਣੀਆਂ ਕਿ ਪੈਸਾ, ਟਕਾ, ਆਨੇ, ਦੁਆਨੀ ਦੇ ਐਨੇ ਪਕੌੜੇ ਦੇਣੇ ਹਨ। ਮੈਂ ਉਸ ਤਰ੍ਹਾਂ ਹੀ ਦੁਕਾਨ ਤੋਂ ਪਕੌੜਿਆਂ ਦਾ ਪੁੜਾ, ਹੇਠਾਂ ਖਲੋਤੇ ਗਾਹਕ ਵੱਲ ਸੁੱਟ ਦਿੰਦਾ ਅਤੇ ਪੈਸੇ ਗੱਲੇ ਵਿਚ ਪਾ ਛੱਡਦਾ। ਇਹ ਗੁਰਿੰਡਨਾਮਾ ਹਿੰਦੂ ਜਾਂ ਸਿੱਖ ਪ੍ਰੈਸਾਂ ਵਾਲੇ ਤਾਂ ਅੰਗ੍ਰੇਜ਼ ਤੋਂ ਡਰਦਿਆਂ ਛਾਪਦੇ ਨਹੀਂ ਸਨ। ਇਕ ਮੁਸਲਮਾਨ ਪ੍ਰੈਸ ਵਾਲਾ ਜੋ ਅੰਮ੍ਰਿਤਸਰ ਵਿਚ ਹੀ ਸੀ, ਉਹ ਮੰਨ ਗਿਆ ਸੀ। ਪਰ ਉਹਦੇ ਨਾਰਾਜ਼ ਹੋਣ ਤੋਂ ਬਚਣ ਲਈ ਦੋ ਤੁਕਾਂ ਦੀ ਭਾਈ ਜੀ ਨੇ ਥਾਂ ਖ਼ਾਲੀ ਛੁਡਾ ਲਈ ਸੀ ਤੇ ਉਹ ਬਾਦ ਵਿਚ ਹੱਥ ਨਾਲ ਲਿਖੀਆਂ ਸਨ। ਤੁਕਾਂ ਸਨ:

"ਵੋਹ ਫੁਨ ਕਾਟੇ ਵੋਹ ਫੁਨ ਲਾਈ।

ਤੁਰਕਨ ਤੇਜ ਛੀਨ ਹੋ ਜਾਈ।”

(ਗੁਰਿੰਡ ਨਾਮੇ ਵਿਚ ਅਸਲੀ ਤੁਕਾਂ ਇਉਂ ਹਨ: “ਵੋਹ ਕਾਟੈ ਵੋਹ ਪੁਨ ਲੱਗ ਜਾਵੇ। ਤੇਜ ਜੋਤ ਐਸੇ ਬਲ ਪਾਵੈ।੨੨। ਤੇਜ ਤੁਰਕ ਤੇ ਐਸੇ ਜਾਈ। ਜੈਸੇ ਘਾਸ ਕੋ ਅਗਨ ਲਗਾਈ।”੨੦)

ਭਾਈ ਮਹਿਤਾਬ ਸਿੰਘ ਵਿਚ ਕੂਕਿਆਂ ਵਾਲੀ ਬੜੀ ਤਕੜੀ ਸਪਿਰਟ ਭਰੀ ਸੀ।

ਏਨੇ ਨੂੰ ਊਠਾਂ ਵਾਲੇ ਬਾਬੇ ਸੰਤਾ ਸਿੰਘ, ਸੁਰਜਨ ਸਿੰਘ, ਵੀਰ ਸਿੰਘ ਹੋਰੀਂ ਆ ਗਏ। ਇਹ ਮੈਨੂੰ ਮੁਕਤਸਰ ਦੀ ਮਾਘੀ ਦੇ ਮੇਲੇ ’ਤੇ ਲੈ ਗਏ। ਇੱਥੇ ਸਤਿਗੁਰੂ ਜੀ ਦੇ ਦਰਸ਼ਨ ਦੀਦਾਰੇ ਕੀਤੇ।

### ਹੋਲਾ ਲਾਹੌਰ ੧੯੬੭ ਬਿਕ੍ਰਮੀ:

ਮਾਘੀ ਤੋਂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਮੈਨੂੰ ਆਪਣੇ ਨਾਲ ਲਾਹੌਰ ਦੇ ਹੋਲੇ ਵਿਚ ਲੈ ਗਏ। ਇਹ ਹੋਲਾ ੧੯੬੭ ਬਿਕ੍ਰਮੀ (1911 ਈ:) ਨੂੰ ਹੋਇਆ ਸੀ। ਇੱਥੇ ਹੀ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੇਰੀ ਪੜ੍ਹਣ ਵਾਲੀ ਗੱਲ ਦਾ ਪਤਾ ਲੱਗਾ ਤਾਂ ਪਿਤਾ ਜੀ ਨੂੰ ਕਹਿਣ ਲੱਗੇ ਕਿ ਸੰਤ ਜਿਊਣ ਸਿੰਘ ਜੀ ਤੁਸੀਂ ਇਹਦੀ ਪੜ੍ਹਾਈ ਦੀ ਚਿੰਤਾ ਬਿਲਕੁਲ ਨਾ ਕਰੋ। ਜਿਹੜੀ ਪੜ੍ਹਾਈ ਇਹਨੇ ਪੜ੍ਹਣੀ ਹੈ, ਮੈਨੂੰ ਉਹਦਾ ਪਤਾ ਲੱਗ ਗਿਆ ਹੈ ਅਤੇ ਇਹ ਬਾਕੀ ਪੜ੍ਹਾਈਆਂ ਵਾਲਿਆਂ ਨਾਲੋਂ ਪਿਛੇ ਨਹੀਂ ਰਹੇਗਾ। ਪਿਤਾ ਜੀ ਨੇ ਫਿਰ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਜਾਂ ਤਾਂ ਇਹ ਆਪ ਦੀ ਹਜ਼ੂਰੀ ਵਿਚ ਰਹੇ ਜਾਂ ਡੇਰੇ ਭੈਣੀ ਸਾਹਿਬ। ਐਵੇਂ ਨਾ ਕਿਤੇ ਤੁਰਿਆ ਫਿਰੇ। ਜੇ ਤੁਹਾਨੂੰ ਐਵੇਂ ਫਿਰਦੇ ਦਾ ਪਤਾ ਲੱਗੇ ਤਾਂ ਫਿਰ ਇਹਨੂੰ ਇਹਦੇ ਪਿੰਡ ਝੱਬਰੀਂ ਭੇਜ ਦੇਣਾ। ਸਤਿਗੁਰੂ ਜੀ ਨੇ ਹਰ ਤਰ੍ਹਾਂ ਦੀ ਬੇਫ਼ਿਕਰੀ ਕਰਾ ਕੇ ਪਿਤਾ ਜੀ ਨਾਲੋਂ ਮੈਨੂੰ ਆਪਣੇ ਨਾਲ ਕਰ ਲਿਆ। ਹੋਲੇ ਦੇ ਭੋਗ ਤੋਂ ਬਾਅਦ ਦੌਰਾ, ਮੰਜ਼ਲੋਂ ਮੰਜ਼ਲੀ ਸ੍ਰੀ ਭੈਣੀ ਸਾਹਿਬ ਪੁਜ ਗਿਆ।

### ਭੈਣੀ ਸਾਹਿਬ ਤੋਂ ਅੰਮ੍ਰਿਤਸਰ:

ਭੈਣੀ ਸਾਹਿਬੋਂ ਫਿਰ ਇਕ ਵੇਰ ਮੇਰਾ ਪਿਤਾ ਮੈਨੂੰ ਅੰਮ੍ਰਿਤਸਰ ਨਿਰਮਲਿਆਂ ਦੇ ਸੰਤ ਮਿਸ਼ਰਾ ਸਿੰਘ ਜੀ ਦੇ ਡੇਰੇ ਛੱਡ ਆਇਆ ਪੜ੍ਹਨ ਵਾਸਤੇ। ਅੰਮ੍ਰਿਤਸਰ ਵਿਚ ਇਕ ਦਿਨ ਗੁਰੂ ਕੇ ਬਾਗ਼ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤੇ ਨੇ ਦੀਵਾਨ ਲਾਇਆ ਸੀ। ਦੀਵਾਨ ਵਿਚ ਹੀ ਉਹਨਾਂ ਕਿਹਾ ਕਿ ਸਾਡਾ ਕੂਕਿਆਂ ਦਾ ਦਸਾਂ ਸਾਲਾਂ ਦਾ ਮੁੰਡਾ ਗਿਆਨੀ ਪਾਸ ਨੂੰ ਵੀ ਉੱਤਰ ਦੇ ਸਕਦਾ ਹੈ। ਇਸ ਗੱਲ ਤੋਂ ਖਿਝ ਕੇ ਮੇਰੇ ਨਾਲ ਕਿਸੇ ਅਨਮਤੀ ਨੇ ਬਹਿਸ ਮੁਬਾਹਿਸਾ ਕੀਤਾ ਜਿਸ ਵਿੱਚੋਂ ਸਤਿਗੁਰੂ ਜੀ ਦੀ ਕਿਰਪਾ ਨਾਲ ਮੈਨੂੰ ਜਿੱਤ ਪ੍ਰਾਪਤ ਹੋਈ।

## ਟਹਿਲ ਸਿੰਘ ਮਸਤਾਨਾ ਬੌਰੀਆਂ ਵਾਲਾ:

ਅੰਮ੍ਰਿਤਸਰ ਸ਼ਹਿਰ ਦੀ ਗੱਲ ਹੈ, 20 ਪੋਹ ਸੰਬਤ ਬਿਕ੍ਰਮੀ 1966 ਦੀ। ਇਸ ਮਸਤਾਨੇ ਟਹਿਲ ਸਿੰਘ ਦੀ, ਜਿਹਨੂੰ ਬੌਰੀਆਂ ਵਾਲਾ ਵੀ (ਸਿਰ 'ਤੇ ਛੋਟੀਆਂ ਛੋਟੀਆਂ ਬੌਰੀਆਂ ਹੋਣ ਕਾਰਨ) ਕਹਿੰਦੇ ਸਨ। ਇਸ ਮਸਤਾਨੇ ਟਹਿਲ ਸਿੰਘ ਦੀ ਬਰਕਤ ਮੈਂ ਵੇਖੀ ਹੈ ਕਿ ਚੁੰਗੀ ਵਾਲੇ, ਮਸੂਲ ਮੰਗਣ, ਊਠਾਂ ਅਤੇ ਦਾਨਿਆਂ ਦਾ, ਕਿ ਦੇਕੇ ਲੰਘੋ। ਇਸ ਮਸਤਾਨੇ ਨੇ ਆਖਿਆ ਕਿ ਗੁਰਦੁਆਰੇ ਭੈਣੀ ਸਾਹਿਬ ਦੇ ਦਾਨਿਆਂ ਦਾ ਕੌਣ ਜੰਮਿਆ ਏ ਮਸੂਲ ਲੈਣ ਵਾਲਾ। ਅੰਗ੍ਰੇਜ਼ ਦੀ ਕਲਮ ਥੱਲੇ ਅਸੀਂ ਕਦੇ ਆਏ ਹੀ ਨਹੀਂ। ਇਤਨੀ ਗੱਲ ਸੁਣਦਿਆਂ ਹੀ ਸਰਕਾਰ ਅੰਗ੍ਰੇਜ਼ੀ ਦੇ ਚਾਰ ਝੋਲੀ ਚੁੱਕ, ਉਠ ਕੇ ਮਸਤਾਨੇ ਟਹਿਲ ਸਿੰਘ ਦੇ ਗਲ਼ ਪੈ ਗਏ। ਬੜਾ ਜੰਗ ਮੱਚਿਆ। ਕਦੇ ਟਹਿਲ ਸਿੰਘ ਥੱਲੇ ਅਤੇ ਉਹ ਉਤੇ, ਕਦੇ ਉਹ ਥੱਲੇ ਤੇ ਟਹਿਲ ਸਿੰਘ ਉਤੇ। ਮਸਤਾਨਾ ਚਹੁੰਆਂ ਦੇ ਵਿਚੋਂ ਇਸ ਤਰ੍ਹਾਂ ਲੰਘ ਜਾਵੇ ਜਿਵੇਂ ਬਿਜਲੀ ਦੀ ਤਾਰ ਫਿਰ ਜਾਂਦੀ ਹੈ। ਬਾਬੇ ਸੁਰਜਨ ਸਿੰਘ ਹੋਰੀਂ ਭੋਮੇ ਵਡਾਲੀਏ ਹੈਗੇ ਤਾਂ ਬਿਰਧ ਹੀ ਸਨ, ਪਰ ਛੇਤੀ ਨਾਲ ਘੋੜੇ ਤੋਂ ਉਤਰ ਕੇ ਉਹਨਾਂ ਸੱਜਣਾਂ ਨੂੰ ਫੜਕੇ ਆਖਣ ਲੱਗੇ, "ਭਲੇ ਮਾਣਸੋ! ਇਹ ਤਾਂ ਮਸਤਾਨਾ ਹੈ। ਕਿਉਂ ਇਹਦੇ ਹੱਥੀਂ ਪੈਂਦੇ ਹੋ?" ਬਾਬੇ ਦੀ ਗੱਲ ਉਹਨਾਂ ਨਾ ਮੰਨੀਂ ਅਤੇ ਨਾ ਹੀ ਹਟਣ। ਉਤਨੇ ਚਿਰ ਨੂੰ ਸੋਹਣ ਸਿੰਘ ਹੋਰੀਂ, ਬੰਬੂ ਦੇ ਭਰਾ ਵੀ ਆ ਪਏ। ਉਹਨਾਂ ਦੇ ਆਉਂਦਿਆਂ ਹੀ ਮਸਤਾਨਾ ਤਕੜਾ ਹੋ ਗਿਆ। ਝੋਲੀ ਚੁੱਕ ਖ਼ੂਬ ਕੁੱਟੇ। ਫਿਰ ਉਹ ਮਸੂਲ ਛੱਡ ਕੇ ਪੁਲੀਸ ਚੌਂਕੀ ਵੱਲ ਭਜ ਗਏ। ਥਾਣੇਦਾਰ ਲੈ ਆਏ। ਉਸ ਆ ਕੇ ਵੇਖਿਆ ਕਿ ਮਸਤਾਨੇ ਤੇ ਸੋਹਣ ਸਿੰਘ ਨੂੰ ਵੀ ਤੇ ਉਹਨਾਂ ਨੂੰ ਵੀ ਖ਼ੂਬ ਸੱਟਾਂ ਵੱਜੀਆਂ ਸਨ। ਥਾਣੇਦਾਰ ਨੇ ਪੁੱਛਿਆ ਕਿ ਤੁਸੀਂ ਕਿਉਂ ਲੜੇ ਹੋ। ਬਾਬੇ ਸੁਰਜਨ ਸਿੰਘ ਹੋਰਾਂ ਬਿਆਨ ਦਿਤਾ ਕਿ ਅਸੀਂ ਚੌਲ ਮਸ਼ੀਨ ਤੋਂ ਛੜਾਏ ਸਨ ਅਤੇ ਗੁਰਦੁਆਰਾ ਭੈਣੀ ਸਾਹਿਬ ਨੂੰ ਬਿਲਟੀ ਕਰਵਾਉਣੀ ਸੀ। ਚੁੰਗੀ ਵਾਲਿਆਂ ਦੇ ਸਾਹਮਣੇ ਹੀ ਅਸੀਂ ਸਟੇਸ਼ਨ ਨੂੰ ਲੰਘ ਕੇ ਗਏ ਸਾਂ। ਮਾਲ ਬਿਲਟੀ ਨਾ ਹੋਣ ਕਰਕੇ ਅਸੀਂ ਸਣੇ ਮਾਲ ਵਾਪਸ ਆ ਗਏ। ਜਦੋਂ ਅਸੀਂ ਲੰਘਣ ਲੱਗੇ ਤਾਂ ਇਹ ਚਾਰੇ ਮਸਤਾਨੇ ਦੇ ਗਲ਼ ਪੈ ਗਏ। ਜਦੋਂ ਮੈ ਵੀ ਕਿਹਾ ਕਿ ਇਸ ਮਸਤ ਲੋਕ ਦੀਆਂ ਜਟਾਵਾਂ ਕਿਉਂ ਪੁੱਟਦੇ ਹੋ, ਜਾਣ ਦਿਓ ਤਾਂ ਮੇਰੇ ਆਖੇ ਵੀ ਨਹੀਂ ਹਟੇ। ਫਿਰ ਸੋਹਣ ਸਿੰਘ ਨੂੰ ਮਸਤਾਨੇ ਦੀ ਮਦਦ ਕਰਨੀ ਪਈ। ਇਹ ਦੋ ਤੇ ਉਹ ਚਾਰ। ਫਿਰ ਝਗੜਾ ਹੁੰਦਾ ਰਿਹਾ। ਥਾਣੇਦਾਰ ਨੇ ਕਿਹਾ ਕਿ ਕੋਈ ਸ਼ਹਿਰ ਦਾ ਆਦਮੀ ਤੁਹਾਡੀ ਜ਼ਿੰਮੇਵਾਰੀ ਦੇਵੇ ਤਾਂ ਛੱਡਾਂਗਾ। ਬਾਬਾ ਜੀ ਨੇ ਮੈਨੂੰ ਹੁਕਮ ਕੀਤਾ ਕਿ ਮਹੰਤ ਹਜ਼ਾਰਾ ਸਿੰਘ ਹੋਰਾਂ ਨੂੰ ਨਾਮਧਾਰੀ ਧਰਮਸ਼ਾਲਾ ਵਿਚੋਂ ਛੇਤੀ ਲਿਆਉ। ਮੈਂ ਦੌੜ ਕੇ ਮਹੰਤ ਜੀ ਨੂੰ ਜਾ ਦੱਸਿਆ। ਮਹੰਤ

ਹੋਰੀਂ ਉਸੇ ਵੇਲੇ ਜਿਹੜੇ ਸ਼ਹਿਰ ਦੀ ਕਮੇਟੀ ਦੇ ਇਹਨਾਂ ਕੰਮਾਂ ਦੇ ਆਗੂ ਸਨ, ਉਹਨਾਂ ਨੂੰ ਨਾਲ ਲੈ ਕੇ ਪਹੁੰਚ ਗਏ। ਮਹੰਤ ਹੋਰਾਂ ਨੇ ਥਾਣੇਦਾਰ ਨੂੰ ਬਿਲਟੀ ਵਾਲੀ ਸਾਰੀ ਗੱਲ ਦੱਸ ਕੇ ਸਮਝਾਇਆ ਕਿ ਇਹ ਚਾਰੇ ਤਾਂ ਪੈਸੇ ਖਾਣ ਦੇ ਮਾਰੇ ਇਹਨਾਂ ਦੇ ਗਲ ਪਏ ਹਨ। ਥਾਣੇਦਾਰ ਨੇ ਸੱਚ ਵੇਖ ਕੇ ਇਹਨਾਂ ਸਿੰਘਾਂ ਨੂੰ ਤਾਂ ਡੇਰੇ ਚਲੇ ਜਾਣ ਲਈ ਕਿਹਾ ਅਤੇ ਉਹਨਾਂ ਚਹੁੰਆਂ ਨੂੰ ਮਸਤਾਨੇ ਤੋਂ ਮਾਫ਼ੀ ਮੰਗਵਾਈ।

**ਮਹੰਤ ਹਜ਼ਾਰਾ ਸਿੰਘ ਅੰਮ੍ਰਿਤਸਰ:**

ਇਹ ਵੇਖ ਕੇ ਮਹੰਤ ਹਜ਼ਾਰਾ ਸਿੰਘ ਹੋਰਾਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੋਂ ਇਜਾਜ਼ਤ ਲੈ ਲਈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮਾਲ ਕਿਤੋਂ ਵੀ ਲੰਘ ਜਾਏ ਕੋਈ ਮਸੂਲ ਨਾ ਲਵੇ। ਇਹ ਮਹੰਤ ਜੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਲੰਗਰ ਦੀ ਬੜੀ ਸੇਵਾ ਕਰਦੇ ਸਨ। ਇਹਨਾਂ ਤੇ ਗੁਰੂ ਹਰੀ ਸਿੰਘ ਜੀ ਦੀ ਅਪਾਰ ਕਿਰਪਾ ਸੀ। ਮਹੰਤ ਜੀ ਦੇ ਦੋ ਟੱਬਰ ਸਨ। ਇਕ ਦਾ ਨਾਂ ਹਰ ਕੌਰ ਅਤੇ ਦੂਜੀ ਦਾ ਭਗਵਾਨ ਕੌਰ ਸੀ। ਇਹਨਾਂ ਦੋਵਾਂ ਦੀ ਵੀ ਇਹ ਅਜੀਬ ਕਹਾਣੀ ਸੀ ਕਿ ਥਾਂ ਮੁੱਲ ਲੈ ਕੇ ਮਕਾਨ ਬਨਾਉਣਾ। ਉਸ ਮਕਾਨ ਨੂੰ ਵੇਚ ਕੇ ਉਸ ਵਿਚੋਂ ਮੁਨਾਫ਼ਾ ਕੱਢ ਕੇ ਅੰਨ ਪਾਣੀ ਛਕਣਾ ਅਤੇ ਉਸ ਪੈਸੇ ਨੂੰ ਕੂਕਿਆਂ ਦੇ ਗੁਰਦੁਆਰੇ ਅੰਮ੍ਰਿਤਸਰ ਬਿਹੰਗਮਾਂ ਦੀ ਸੇਵਾ ਵਿਚ ਲਾਉਣਾ। ਕਿਸੇ ਨੂੰ ਦੁੱਧ, ਕਿਸੇ ਨੂੰ ਦਹੀਂ ਲੈ ਦੇਣਾ। ਬੱਚਿਆਂ ਨੂੰ ਵੀ ਦੁੱਧ ਦਹੀਂ ਲੈ ਕੇ ਛਕਾਉਣਾ। ਅੱਠੀਂ ਪਹਿਰੀਂ ਇਹ ਦੋਵੇਂ ਮਾਤਾਵਾਂ ਗੁਰਦੁਆਰੇ ਜਾ ਕੇ ਪੜਤਾਲ ਕਰਦੀਆਂ ਸਨ ਕਿ ਕਿਸੇ ਸਿੰਘ ਨੂੰ ਕਿਸੇ ਚੀਜ਼ ਦੀ ਲੋੜ ਤਾਂ ਨਹੀਂ। ਮਹੰਤ ਹੋਰੀਂ ਤੇ ਇਹ ਦੋਵੇਂ ਜ਼ਿਲ੍ਹਾ ਲੁਧਿਆਣਾ ਦੀਆਂ ਸਨ।

**ਬਾਬਾ ਸੁਰਜਨ ਸਿੰਘ ਭੋਮਾ ਵਡਾਲਾ:**

ਬਾਬਾ ਸੁਰਜਨ ਸਿੰਘ ਭੋਮਾ ਵਡਾਲਾ, ਗੁਰੂ ਹਰੀ ਸਿੰਘ ਜੀ ਤੋਂ ਲੈ ਕੇ ਸਤਿਗੁਰੂ ਪ੍ਰਤਾਪ ਸਿੰਘ ਤੱਕ, ਊਠਾਂ ਦੇ ਮਹੰਤ ਰਹੇ ਸਨ। ਜਨਮ ਜੱਟਾਂ ਦੇ ਘਰ ਦਾ ਸੀ। ਇਹਨਾਂ ਦੀ ਅੜਦਲ ਵਿਚ ਮਸਤਾਨਾ ਟਹਿਲ ਸਿੰਘ ਤੇ ਸੋਹਣ ਸਿੰਘ ਦੇ ਨਾਲ ਮੈਂ ਵੀ ਕੁਝ ਸਮਾਂ ਬਤੀਤ ਕੀਤਾ। ਮੇਰੀ ਜ਼ਿੰਦਗੀ ਨੂੰ ਸੇਧ ਦੇਣ ਵਿਚ ਉਪਰੋਕਤ ਬਾਬਾ ਜੀ ਦੀ ਸ਼ਾਨਦਾਰ ਭੂਮਿਕਾ ਸੀ। ਮੈਨੂੰ ਸਾਰੀ ਉਮਰ ਫਜ਼ੂਲ ਖ਼ਰਚੀ ਤੋਂ ਨਫ਼ਰਤ ਰਹੀ ਹੈ। ਕਾਰਨ, ਛੋਟੇ ਹੁੰਦਿਆਂ ਕਿਸੇ ਸ਼ਹਿਰ ਵਿਚੋਂ ਲੰਘਦਿਆਂ ਜੇ ਬਾਬਾ ਜੀ ਨੂੰ ਕਹਿਣਾ ਕਿ ਬਾਬਾ ਜੀ ਪੋਨਾ ਗੰਨਾ ਖ਼ਰੀਦੀਏ, ਤਾਂ ਉਹਨਾਂ ਆਖਣਾ ਮਾਝੇ ਵਿਚ ਚੱਲ ਕੇ ਆਪਣਾ ਮਿਸਰੀ ਵਰਗਾ ਕਾਠਾ ਕਮਾਦ ਚੂਪਾਂਗੇ। ਕਿਉਂ ਗੁਰੂ ਕੇ ਲੰਗਰ ਦੇ ਪੈਸੇ ਅਜਾਈਂ ਖ਼ਰਚੀਏ।

**ਸਹਿੰਸਰਾ ਦਾ ਬੁੱਲ੍ਹੇ ਸ਼ਾਹ ਅਤੇ ਉਸਦਾ ਪਰਿਵਾਰ:**

ਮੇਰਾ ਹਮ-ਜਮਾਤੀ ਸੋਹਣ ਸਿੰਘ ਜਿਸ ਬੁੱਲ੍ਹੇ ਸ਼ਾਹ ਦਾ ਪੁੱਤਰ ਸੀ, ਉਹ

ਅੰਗ੍ਰੇਜ਼ਾਂ ਦੀ ਨੌਕਰੀ (ਥਾਣੇਦਾਰੀ) ਛੱਡ ਕੇ ਕੂਕਾ ਬਣਿਆ ਸੀ। ਇਹਨਾਂ ਦਾ ਪਿੰਡ ਵੀ ਸਹਿੰਸਰਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ ਸੀ। ਇਸਦੇ ਸੱਤ ਪੁੱਤਰ ਸਨ ਤੇ ਸਣੇ ਪਰਿਵਾਰ ਗੁਰਦੁਆਰੇ ਭੈਣੀ ਸਾਹਿਬ ਜਾ ਕੇ ਸਾਰੀ ਉਮਰ ਸੇਵਾ ਕੀਤੀ ਸੀ। ਲੜਕਿਆਂ ਦੇ ਨਾਂ ਇਹ ਸਨ - ਸੁੰਦਰ ਸਿੰਘ (ਰਾਮ ਬੇਲੀ ਵੀ ਅਤੇ ਬੰਬੂ ਵੀ ਆਖਦੇ) ਗਾਗਰ ਸ਼ਰਦਾਈ ਦੀ ਅਤੇ ਸੇਰ ਪੱਕੇ ਘਿਓ ਦਾ ਕੜਾਹ ਪ੍ਰਸ਼ਾਦ ਛਕ ਲੈਂਦਾ ਸੀ। ਦੋ ਮੱਝਾਂ ਦੇ ਦੁੱਧ ਦਾ ਬਣਿਆ ਦਹੀਂ ਪੀ ਕੇ ਕਹਿੰਦਾ ਸੀ ਕਿ ਅਜੇ ਮੇਰਾ ਰੇਸ਼ਾ ਹੀ ਹਟਿਆ ਹੈ। 'ਕੱਲਾ ਹੀ ਗੁਰਦੁਆਰੇ ਸੌ ਬੋਰੀ ਕਣਕ ਦੀ, ਲੱਕ ਤੇ ਚੁੱਕ ਕੇ ਕੋਠੇ 'ਤੇ ਚੜ੍ਹਾ ਦਿੰਦਾ ਸੀ। ਦੂਜਾ ਗੰਡਾ ਸਿੰਘ ਵੀ ਬੜਾ ਜੁਆਨ ਤੇ ਜ਼ੋਰਾਵਰ ਸੀ। ਤੀਜਾ ਮੋਹਨ ਸਿੰਘ ਦੇਗ ਛਕਦਾ ਸੀ, ਰਾਈਆ ਵਾਲੇ ਦਸਾਂ ਬੰਦਿਆਂ ਨੇ ਕੁੱਟ ਕੁੱਟ ਕੇ ਮਸਾਂ ਇਸ ਦੀ ਲੱਤ ਭੰਨੀ ਸੀ। ਚੌਥਾ ਸੋਹਣ ਸਿੰਘ ਤੇ ਪੰਜਵਾਂ ਝੰਡਾ ਸਿੰਘ। ਇਹ ਦੋਵੇਂ ਵੀ ਡਾਂਗ ਬਹਾਦਰ ਸਨ। ਦਸ ਦਸ ਜਣੇ ਇਹਨਾਂ ਦੀ ਡਾਂਗ ਅੱਗੇ ਨਹੀਂ ਖਲੋਂਦੇ ਸਨ। ਛੇਵਾਂ ਚੰਦਾ ਸਿੰਘ ਸੀ। ਡੇਰੇ ਦੇ ਪਸ਼ੂਆਂ ਲਈ ਘਾਹ ਦੀ ਸੇਵਾ ਕਰਦਾ ਸੀ। ਨਹਿਰ ਵਾਲੇ ਡੇਰੇ ਤੇ ਘਾਹ ਵੱਢ ਰਿਹਾ ਸੀ ਤਿੰਨ ਵੇਰ ਬਿਜਲੀ ਕੜਕੀ। ਸਿੰਘ ਨੇ ਬੋਲਾ ਕੀਤਾ ਆ ਜਾ! ਹੁਣ ਖ਼ਾਲੀ ਕਿਉਂ ਜਾਨੀ ਏਂ। ਚੌਥੀ ਵੇਰ ਬਿਜਲੀ ਪਈ ਅਸਮਾਨੀ ਤੇ ਸਾੜ ਕੇ ਸੁਆਹ ਕਰ ਗਈ। ਸਭ ਤੋਂ ਛੋਟਾ ਸਤਵਾਂ ਹਰਨਾਮ ਸਿੰਘ, ਜਿਸਨੇ ਅੱਧੀ ਉਮਰ ਡੇਰੇ ਤੇ ਅੱਧੀ ਘਰ ਆ ਕੇ ਬਤੀਤ ਕੀਤੀ।

### ਸਤਿਗੁਰੂ ਹਰੀ ਸਿੰਘ ਜੀ ਦੀਆਂ ਬਰਕਤਾਂ:

ਗੁਰੂ ਹਰੀ ਸਿੰਘ ਜੀ ਦੀਆਂ ਬਰਕਤਾਂ ਇਹ ਸਨ ਕਿ ਸਣੇ ਟੱਬਰੀਂ ਗੁਰਦੁਆਰੇ ਭੈਣੀ ਸਾਹਿਬ ਜਾ ਕੇ ਸੇਵਾ ਕੀਤੀ। ਸੰਤਾ ਸਿੰਘ ਘੁੱਕੇ ਵਾਲੀਏ ਨੇ ਤੇ ਦੂਜੇ ਭੋਮੇ ਵਡਾਲੀਏ ਵੀਰ ਸਿੰਘ ਨੇ। ਇਹ ਗੁਰੂ ਕੇ ਉਗਰਾਹੀਏ ਸਨ। ਇਹਨਾਂ ਦੋਹਾਂ ਦਾ ਆਪਸ ਵਿਚ ਅਤੁੱਟ ਪਿਆਰ ਸੀ। ਬਾਬਾ ਵੀਰ ਸਿੰਘ ਜੀ ਤਿੰਨਾਂ ਖੂਹਾਂ ਦੀ ਜਾਇਦਾਦ ਵੇਚ ਕੇ, ਲੰਗਰ ਵਿਚ ਪਾ ਕੇ, ਸੇਵਾ ਕਰਨ ਗਏ ਸਨ ਘਰੋਂ ਕੋਈ ਭੁੱਖੇ ਨੰਗੇ ਨਹੀਂ ਸਨ। ਇਹਨਾਂ ਦਾ ਪਿਆਰ ਵੇਖ ਕੇ ਸਤਿਗੁਰੂ ਜੀ ਇਹਨਾਂ ਦੋਹਾਂ ਨੂੰ ਇਕੱਠੇ ਹੀ ਭੇਜਦੇ ਜਿੱਥੇ ਭੇਜਣਾ ਹੁੰਦਾ। ਗੁਰੂ ਹਰੀ ਸਿੰਘ ਜੀ ਨੇ ਬਾਬੇ ਵੀਰ ਸਿੰਘ ਨੂੰ ਭਾਈ ਗੁਰਦਾਸ ਦਾ ਖ਼ਿਤਾਬ ਦਿੱਤਾ ਸੀ। ਬਾਣੀ ਬਹੁਤ ਸੁੰਦਰ ਪੜ੍ਹਦੇ ਅਤੇ ਕੀਰਤਨ ਆਹਲਾ ਦਰਜੇ ਦਾ ਕਰਦੇ ਸਨ। ਆਪਣੇ ਹੱਥੀਂ ਸੇਵਾ ਬਹੁਤ ਜ਼ਿਆਦਾ ਕੀਤੀ ਸੀ। ਊਠ ਸਾਂਭਣ, ਗਾਈਂ ਮੱਝੀਂ ਸਾਂਭਣ, ਕਮਾਦ ਵੱਢਣ, ਪੀੜਣ ਆਦਿ ਹਰੇਕ ਕੰਮ ਦੇ ਧਨੀ ਸਨ। ਵਿਹਾਰ ਬਹੁਤ ਸੁਥਰਾ ਕਰਦੇ ਸਨ। ਜਿਸ ਕੰਮ ਦਾ ਵੀ ਹੁਕਮ ਹੁੰਦਾ ਖਿੜੇ ਮੱਥੇ ਕਰਦੇ। ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਮੰਨਣ ਲਈ ਸਦਾ ਤਿਆਰ ਰਹਿੰਦੇ। ਆਪ ਸੁਖ ਨਿਧਾਨ ਦੀ ਦੇਗ ਦੇ ਵੀ ਧਨੀ ਸਨ। ਰਿਧੀਆਂ ਸਿਧੀਆਂ ਵੀ ਦੋਹਾਂ

ਬਾਬਿਆਂ ਵਿਚ ਬਹੁਤ ਸਨ।

**ਬਾਬਾ ਵੀਰ ਸਿੰਘ ਭੋਮਾ ਵਡਾਲਾ ਤੇ ਰਾਖ (ਅਰਾਕ) ਵਾਲਾ ਸੰਪੂਰਨ ਸਿੰਘ:**

ਪਿੰਡ ਰਾਖ ਦਾ ਸਰਦਾਰ ਸੰਪੂਰਨ ਸਿੰਘ ਸੀ। ਇਹ ਕਹਿੰਦਾ ਹੁੰਦਾ ਸੀ ਮੈਨੂੰ ਸੁੱਖੇ ਦਾ ਕਦੀ ਅਮਲ ਨਹੀਂ ਆਇਆ। ਬਾਬੇ ਵੀਰ ਸਿੰਘ ਹੋਰਾਂ ਕਿਹਾ, "ਤੁਸੀਂ ਸੁੱਖਾ ਪੀਣ ਗਿੱਝੇ ਹੋ। ਦੇਗ ਪੀਣ ਨਹੀਂ। ਦੇਗ ਨਾਮ ਜਪਿਆਂ ਅਤੇ ਬਾਣੀ ਪੜ੍ਹਿਆਂ ਬਣਦੀ ਹੈ। ਇਹ ਉਹ ਦੇਗ ਹੈ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਸਿੰਘ ਨੂੰ ਬਖ਼ਸ਼ੀ ਸੀ ਜਿਸ ਹਾਥੀ ਦਾ, ਤਵੇ ਜੜਿਆ ਮੱਥਾ ਵਿੰਨ੍ਹਿਆ ਸੀ। ਇਹ ਉਹ ਦੇਗ ਹੈ ਜਿਹੜੀ ਗੁਰੂ ਰਾਮ ਸਿੰਘ ਜੀ ਨੇ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਨੂੰ ਛਕਾਈ ਜਿਹੜੇ ਫਿਰ ਬਿਨਾਂ ਹਥਿਆਰਾਂ ਤੋਂ ਕੋਟਲੇ ਦੀਆਂ ਫੌਜਾਂ ਨਾਲ ਲੜੇ, ਬਾਹੀਂ ਵੱਢੀਆਂ ਹੋਈਆਂ ਤੱਤੇ ਤੇਲ ਵਿਚ ਤਲੀਆਂ ਤੇ ਮੌਤ ਨੂੰ ਮਜ਼ਾਖਾਂ ਕਰਦੇ ਹੋਏ ਤੋਪਾਂ ਸਾਹਵੇਂ ਉਡੇ ਸੀ। ਅਸੀਂ ਇਹ ਦੇਗ ਬਨਾਉਣ ਦੀ ਵਿਧੀ ਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਨਾਲ ਪ੍ਰਾਪਤ ਕੀਤੀ ਹੈ। ਉਹਦੀ ਕਿਰਪਾ ਨਾਲ ਜਿਹਨੂੰ ਛਕਾ ਦਈਏ ਉਹ ਲੋਟ ਪੋਟ ਹੋ ਜਾਏਗਾ। ਭਾਈ ਸੰਪੂਰਨ ਸਿੰਘ! ਇਹ ਦੇਗ ਸੁਵਰਨ ਦੇ ਭਾਂਡੇ ਵਿਚ ਠਹਿਰਦੀ ਹੈ। ਕਾਮੀ ਕਰੋਧੀ ਜੀਵ ਇਸਨੂੰ ਨਹੀਂ ਪਚਾ ਸਕਦਾ। ਤੂੰ ਤਾਂ ਕਹਿੰਦਾ ਏਂ ਮੈਨੂੰ ਅਮਲ ਨਹੀਂ ਆਉਂਦਾ ਤੂੰ ਭਾਈ ਏਥੋਂ ਉਠਣਾ ਨਹੀਂ।" ਸਰਦਾਰ ਕਹਿਣ ਲੱਗਾ, "ਸਵੇਰੇ ਫਿਰ ਮੈਨੂੰ ਛਕਾਓ ਜੀ।" ਅਗਲੇ ਦਿਨ ਨਿਤ ਕ੍ਰਮ ਤੋਂ ਵਿਹਲੇ ਹੋ ਬਾਬੇ ਵੀਰ ਸਿੰਘ ਤੇ ਸੰਤਾ ਸਿੰਘ ਨੇ ਦੇਗ ਨੂੰ ਰਗੜਾ ਲਾ ਦਿਤਾ ਅਤੇ ਦਸਮ ਪਾਤਸ਼ਾਹ ਦੀ ਬਾਣੀ ਪੜ੍ਹਨ ਲੱਗ ਗਏ। ਹੋਰ ਜਿਹੜੇ ਸਰੀਰ ਸੀ ਊਠਾਂ ਵਾਲੇ ਉਹਨਾਂ ਨੂੰ ਕਿਹਾ ਭਜਨ ਕਰੋ। ਸੂਰਜ ਦੇ ਚੜ੍ਹਾਅ ਨਾਲ ਦੇਗ ਨੂੰ ਛਾਣਾ ਲਾ ਕੇ ਅਰਦਾਸ ਕੀਤੀ। ਹੋਰਨਾਂ ਨੂੰ ਵਰਤਾ ਕੇ ਤਿੰਨਾਂ ਬਾਟਿਆਂ ਵਿਚ ਇਕੋ ਜਿਹੀ ਪਾ ਦਿਤੀ। ਸਰਦਾਰ ਨੂੰ ਕਿਹਾ, "ਇਕ ਚੁੱਕ ਲੈ, ਜਿਹੜਾ ਚੁੱਕਣਾ ਈ।" ਸਰਦਾਰ ਬਾਟਾ ਛਕਦਿਆਂ ਸਾਰ ਘੋੜੀ ਤੇ ਚੜ੍ਹ ਕੇ ਰਾਖ ਨੂੰ ਤੁਰ ਪਿਆ। ਰਾਮ ਸਰ ਤੋਂ ਸੌ ਕੁ ਕਦਮਾਂ ਦੀ ਵਿੱਥ 'ਤੇ ਹੀ ਸਰਦਾਰ ਅੱਪੜਿਆ ਤਾਂ ਦੜ ਕਰਦਾ ਘੋੜੀ ਤੋਂ ਥੱਲੇ ਜਾ ਡਿੱਗਾ। ਸੁੱਧ ਬੁੱਧ ਭੁਲ ਗਈ। ਨਾਈ ਨਾਲ ਸੀ। ਭੱਜ ਕੇ ਮਾਤਾ ਜੀਵਣ ਕੌਰ ਜੀ ਨੂੰ ਕਹਿਣ ਲੱਗਾ ਕਿ ਸਰਦਾਰ ਘੋੜੀ ਤੋਂ ਡਿੱਗ ਕੇ ਮਰ ਚੱਲਿਆ ਹੈ। ਦੇਗ ਛਕੀ ਸੂ ਬਾਬੇ ਸੰਤਾ ਸਿੰਘ ਵੀਰ ਸਿੰਘ ਤੋਂ। ਮਾਈ ਜੀ ਨੇ ਹੁਕਮ ਕੀਤਾ, "ਮਰਦਾ ਨਹੀਂ ਬਚ ਜਾਏਗਾ।" ਚਾਰ ਸਿੰਘ ਭੇਜ ਕੇ ਮੰਜੇ ਤੇ ਪੁਆ ਕੇ ਸਰਦਾਰ ਨੂੰ ਡੇਰੇ ਲੈ ਆਂਦਾ। ਅੱਠੀਂ ਪਹਿਰੀਂ ਸਰਦਾਰ ਹੋਰੀਂ ਉਠੇ ਤੇ ਹੋਸ਼ ਵਿਚ ਆਏ। ਜਾ ਕੇ ਬਾਬੇ ਹੋਰਾਂ ਨੂੰ ਨਮਸਕਾਰ ਕਰਕੇ ਆਖਣ ਲੱਗਾ, "ਬਖ਼ਸ਼ ਲਓ। ਜ਼ਰੂਰ ਹੀ ਇਹ ਦੇਗ ਹੈ ਮੈਂ ਤੇ ਅੱਗੇ ਸੁੱਖਾ ਹੀ ਪੀਂਦਾ ਸਾਂ। ਬਾਬੇ ਹੋਰਾਂ ਸ਼ਬਦ ਉਚਾਰਿਆ:

"ਅਫ਼ੀਮ ਭੰਗ ਸ਼ਰਾਬ ਪੋਸਤ ਉਤਰ ਜਾਣ ਪ੍ਰਭਾਤ।

ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।"

**ਜਿਗਰਾ ਸਿੰਘ:**

ਬਾਬੇ ਸੰਤਾ ਸਿੰਘ ਦਾ ਨਾਂ ਗੁਰੂ ਹਰੀ ਸਿੰਘ ਜੀ ਨੇ ਜਿਗਰਾ ਸਿੰਘ ਰੱਖਿਆ ਸੀ। ਇਹ ਨਾਂ ਤਾਂ ਰੱਖਿਆ ਸੀ, ਹਰਚੰਦ (ਸ਼ੇਖ਼ੂਪੁਰਾ) ਦਾ ਪ੍ਰਤਾਪ ਸਿੰਘ ਬਾਬੇ ਦੀ ਜ਼ਨਾਨੀ ਵਰਗਲਾ ਕੇ ਲੈ ਗਿਆ। ਗੁਰੂ ਹਰੀ ਸਿੰਘ ਜੀ ਨੇ ਆਖਿਆ, "ਹਰਚੰਦੀਏ ਨੇ ਚਾਲੀ ਘੋੜੇ ਇਥੇ ਡੇਰੇ ਵਿਚ ਮੱਥਾ ਟੇਕੇ ਸਨ। ਚੰਮ ਦਿੰਦਾ ਰਿਹਾ ਹੈ ਅਤੇ ਚੰਮ ਲੈ ਗਿਆ ਹੈ। ਲੇਖਾ ਸਾਫ਼ ਕਰ ਗਿਆ ਹੈ। ਤੂੰ ਭਾਈ ਜਿਗਰਾ ਕਰ। ਤੇਰਾ ਨਾਂ ਅੱਜ ਤੋਂ ਜਿਗਰਾ ਸਿੰਘ ਹੋਇਆ।" ਜਿੱਥੇ ਕੋਈ ਅੜਿਆ ਕੰਮ ਹੁੰਦਾ ਉਥੇ ਗੁਰੂ ਜੀ ਬਾਬੇ ਸੰਤਾ ਸਿੰਘ ਵੀਰ ਸਿੰਘ ਹੋਰਾਂ ਦੀ ਜੋੜੀ ਨੂੰ ਭੇਜਦੇ।

ਘਰਜਾਖ ਵਾਲੀ ਸੜਕ ਤੇ ਗੁਜਰਾਂਵਾਲੇ ਜਿਹੜਾ ਨਾਮਧਾਰੀਆਂ ਦਾ ਗੁਰਦੁਆਰਾ ਸੀ, ਉਹ ਬਾਬੇ ਸੰਤਾ ਸਿੰਘ ਵੀਰ ਸਿੰਘ ਹੋਰਾਂ ਹੀ ਆਬਾਦ ਕੀਤਾ ਸੀ। ਗੁਜਰਾਂ ਵਾਲੇ ਵਿਚ ਧਿਆਨ ਸਿੰਘ ਨਾਂ ਦਾ ਇਕ ਸੇਠ ਹੋਇਆ ਹੈ ਜਿਹਨੇ ਗੁਰਦੁਆਰੇ ਲਈ ਜਗ੍ਹਾ ਦਿਤੀ। ਬਾਬੇ ਹੋਰਾਂ ਇਸ ਗੁਰਦੁਆਰੇ ਵਿਚ ਭੈਣੀ ਸਾਹਿਬੋਂ ਜਿਹੜੇ ਪੈਸੇ ਲਿਆਂਦੇ ਸਨ, ਉਹਨਾਂ ਨਾਲ ਜਲ ਪਾਣੀ ਆਏ ਗਏ ਸਿਖ ਸਾਧ ਨੂੰ ਛਕਾਉਣਾ। ਫਿਰ ਜਦ ਉਹ ਪੈਸੇ ਮੁਕ ਗਏ ਤਾਂ ਸਾਉਣ ਭਾਦਰੋਂ ਦੇ ਮਹੀਨੇ, ਘਾਹ ਦੀ ਰੱਖ ਠੇਕੇ ਤੇ ਲੈ ਲਈ। ਉਸ ਜ਼ਮਾਨੇ ਸੇਠ ਲੋਕਾਂ ਪਾਸ ਕਾਰਾਂ ਨਹੀਂ, ਬੱਘੀਆਂ ਹੁੰਦੀਆਂ ਸਨ। ਦੋਹਾਂ ਬਾਬਿਆਂ ਨੇ ਮੈਨੂੰ ਨਾਲ ਲੈ ਕੇ ਘਾਹ ਵੱਢਣ ਚਲੇ ਜਾਣਾ। ਅਸਾਂ ਤਿੰਨਾਂ ਘਾਹ ਖੋਤ ਖੋਤ ਕੇ ਪੰਡਾਂ ਬੰਨ੍ਹ ਲੈਣੀਆਂ। ਦੋ ਰੁਪੈ ਪੰਡ ਦੇ ਹਿਸਾਬ ਉਹ ਘਾਹ ਵਿਕ ਜਾਂਦਾ ਸੀ। ਇਹਨਾਂ ਪੈਸਿਆਂ ਨਾਲ ਲੰਗਰ ਦਾ ਖ਼ਰਚਾ ਚੱਲ ਜਾਂਦਾ ਸੀ। ਤਰੀਕਾਂ ਤੇ ਆਉਣ ਵਾਲੇ ਜਾਂ ਕਿਸੇ ਹੋਰਸ ਕੰਮ ਗੁਜਰਾਂ ਵਾਲੇ ਆਉਣ ਵਾਲੇ ਨਾਮਧਾਰੀ ਸਿੰਘ ਉਥੋਂ ਪ੍ਰਸ਼ਾਦਾ ਪਾਣੀ ਛਕਦੇ। ਜਦੋਂ ਫ਼ਸਲ ਪੱਕ ਗਈ ਇਲਾਕੇ ਦੀ ਸੰਗਤ ਨੇ ਉਗਰਾਹੀ ਦਾਣਿਆਂ ਦੀ ਕਰਕੇ ਇਥੇ ਘੱਲਣੀ ਸ਼ੁਰੂ ਕਰ ਦਿਤੀ। ਇਸ ਤਰ੍ਹਾਂ ਗੁਰਦੁਆਰੇ ਦਾ ਕੰਮ ਰਿੜ੍ਹ ਪਿਆ ਸੀ।

**ਜੂਏ ਦਾ ਪੈਸਾ ਲੰਗਰ ਵਿਚ ਨਹੀਂ ਪਾਉਣਾ:**

ਇਕ ਦਿਨ ਸੇਠ ਧਿਆਨ ਸਿੰਘ ਨੇ ਜੋ ਜੂਆ ਵੀ ਖੇਡਦਾ ਸੀ, ਦਸ ਹਜ਼ਾਰ ਰੁਪੈ ਜੂਏ ਵਿਚ ਜਿਤੇ ਅਤੇ ਇਸ ਸਾਰੀ ਰਕਮ ਦੀਆਂ ਥੈਲੀਆਂ ਬਾਬਾ ਜੀ ਕੋਲ ਰੱਖ ਕੇ ਕਹਿਣ ਲੱਗਾ, ਲੰਗਰ ਚਲਾਉ ਇਸ ਮਾਇਆ ਨਾਲ। ਬਾਬਾ ਜੀ ਨੇ ਜੁਆਬ ਦਿਤਾ, "ਭਾਈ ਜੂਏ ਦਾ ਅਤੇ ਕੁੜੀ ਦਾ ਪੈਸਾ ਲੰਗਰ ਵਿਚ ਲਾਉਣ ਦਾ ਸਤਿਗੁਰਾਂ ਦਾ ਹੁਕਮ ਨਹੀਂ। ਆਪਣੀ ਮਾਇਆ ਲੈ ਜਾ, ਸਾਨੂੰ ਇਸ ਦੀ ਲੋੜ ਨਹੀਂ। ਇਸ ਤਰ੍ਹਾਂ ਦੇ ਮਾਇਆ ਦੇ ਤਿਆਗੀ ਸਨ ਉਹ ਗੁਰੂ ਹਰੀ ਸਿੰਘ ਦੇ ਦੂਲੇ ਸਾਧ।

**ਵਾਰਤਾ ਸੰਤ ਲਾਲ ਸਿੰਘ ਜੀ ਭੂਰੇ ਗਿੱਲ:**

ਭੂਰੇ ਗਿੱਲ (ਅੰਮ੍ਰਿਤਸਰ) ਦੇ ਸੰਤ ਲਾਲ ਸਿੰਘ ਜੀ ਹੁੰਦੇ ਸਨ ਜਿਹੜੇ ਕੂਕਾ ਪੰਥ ਦੇ ਮੰਨੇ-ਪ੍ਰਮੰਨੇ ਸੰਤ ਸਨ। ਦੀਵਾਨਾਂ ਵਿਚ ਖਲੋ ਕੇ ਇਹ ਸੰਤ ਬਹੁਤ ਰਸਭਿੰਨਾ ਕੀਰਤਨ ਕਰਦੇ ਸਨ। ਆਪ ਤੇ ਰੂਪ ਵੀ ਬਹੁਤ ਸੀ। ਜਿਸ ਦਿਨ ਤੋਂ ਭਜਨ ਪੁਛਿਆ ਜੋ ਘਰ ਦੀ ਮਾਇਆ ਸੀ, ਸਭ ਅਖੰਡ ਪਾਠਾਂ ਤੇ ਲਾ ਦਿਤੀ। ਸੰਤਾਂ ਨੇ ਆਪਣੀ ਵਾਰਤਾ ਜੋ ਮੈਨੂੰ ਸੁਣਾਈ ਸੀ, ਖ਼ੁਦ ਇਉਂ ਹੈ:

ਇਹ ਸ਼ਿਕਾਰੀ ਕੁੱਤੇ ਰੱਖਦੇ ਹੁੰਦੇ ਸਨ। ਇਕ ਦਿਨ ਕੁੱਤੇ ਲੈ ਕੇ ਸ਼ਿਕਾਰ ਨੂੰ ਚੱਲੇ। *ਸੰਤਾਂ ਛੈਣਿਆਂ ਵਾਲਿਆਂ ਆਖਿਆ, "ਲਾਲ ਸਿੰਘਾ! ਭਜਨ ਲੈ ਲੈ।" ਲਾਲ ਸਿੰਘ ਨੇ ਜੁਆਬ ਦਿਤਾ, "ਮੈਂ ਨਹੀਂ ਭਜਨ ਲੈਂਦਾ। ਮੈਂ ਕੰਜਰੀਆਂ ਸੱਦ ਕੇ ਨਚਾਉਂਦਾ ਹਾਂ। ਮਾਸ ਖਾਂਦਾ ਹਾਂ। ਸ਼ਰਾਬ ਪੀਂਦਾ ਹਾਂ। ਮੈਂ ਨਹੀਂ ਭਜਨ ਪੁੱਛਦਾ। ਲੈ ਮੈਂ ਕੁੱਤੇ ਲੈ ਕੇ ਸ਼ਿਕਾਰ ਖੇਡਣ ਚਲਿਆ ਹਾਂ, ਤੇਰਾ ਜ਼ੋਰ ਚਲਦਾ ਹੈ ਤਾਂ ਹਟਾ ਲੈ ਮੈਨੂੰ।" ਸੰਤਾਂ ਛੈਣਿਆਂ ਵਾਲਿਆਂ ਆਖਿਆ, "ਲਾਲ ਸਿੰਘ, ਸੁਣ,

"ਕਬੀਰ ਸਤਿਗੁਰ ਸੂਰਮੇ, ਬਾਹਿਆ ਬਾਣ ਜੁ ਏਕੁ।
ਲਾਗਤ ਹੀ ਭੁਇ ਗਿਰ ਪਰਿਆ, ਪਰਾ ਕਰੇਜੇ ਛੇਕੁ।"(੧੩੭੪)

ਇਤਨਾ ਬਚਨ ਕਹਿ ਕੇ ਸੰਤਾਂ ਨੇ ਵਗਾਹਤਾ ਭਜਨ ਮਾਰਿਆ ਚੁੱਅਖਰਾ ਤੇ ਆਖਿਆ, "ਲੈ, ਜਾਹ, ਭਜਨ ਤੇਰੇ ਕੰਨ ਥਾਣੀਂ ਲੰਘ ਕੇ ਗਿੱਟਿਆਂ ਵਿਚ ਵੱਜਾ ਹੈ, ਪੁੱਠਾ ਹੋ ਕੇ ਜਾ ਪਏਂਗਾ। ਜਿਸ ਵਕਤ ਕੰਨ ਵਿਚ ਭਜਨ ਦੀ ਆਵਾਜ਼ ਪਈ, ਤਾਂ ਸੰਤ ਲਾਲ ਸਿੰਘ ਜੀ ਪੁੱਠੇ ਹੋ ਕੇ ਜਾ ਪਏ। ਨਾ ਸੁੱਧ ਰਹੀ ਨਾ ਬੁੱਧ ਰਹੀ। ਮੂੰਹੋਂ ਆਪਣੇ ਆਪ ਚਾਰ ਅੱਖਰ ਦਾ ਜਾਪ ਨਿਕਲੀ ਜਾਵੇ। ਚਾਰ ਪਹਿਰ ਉੱਥੇ ਹੀ ਪਏ ਰਹੇ। ਚਹੁੰ ਪਹਿਰਾਂ ਪਿਛੋਂ ਉਠ ਕੇ ਸੰਤਾਂ ਦੇ ਚਰਨੀਂ ਆ ਪਏ। ਕੁੱਤੇ ਛੱਡ ਦਿੱਤੇ। ਬੱਕਰੇ ਜਿਹੜੇ ਮਾਰਨ ਨੂੰ ਬੱਧੇ ਸਨ, ਖੋਹਲ ਦਿਤੇ। ਸ਼ਰਾਬ ਦੀਆਂ ਮੱਟੀਆਂ ਜੋ ਪਾਈਆਂ ਸਨ, ਭੰਨ ਸੁੱਟੀਆਂ। ਨਾਮ ਜਪਣਾ ਸ਼ੁਰੂ ਕਰ ਦਿਤਾ। ਗਲ਼ ਵਿਚ ਕਫਨੀ ਪਾ ਲਈ। ਜਿਤਨੀ ਮਾਇਆ ਪਾਪ ਕਰਮਾਂ ਦੁਆਰਾ ਜੋੜੀ ਸੀ ਸਭ ਅਖੰਡ ਪਾਠਾਂ ਤੇ ਲਾ ਦਿਤੀ। ਇਸ ਤੋਂ ਬਾਅਦ ਘਰੋਂ ਨਿਕਲ ਤੁਰੇ ਸਾਧਾਂ ਨਾਲ। ਰੋਜ਼ ਦੀਵਾਨਾਂ ਵਿਚ ਕੀਰਤਨ ਕਰਨ ਲੱਗ ਪਏ। ਸਤਾਰਾਂ ਸਾਲ ਤੱਕ ਜੇ ਲੀੜਾ ਪਾਟ ਗਿਆ ਹੈ ਤਾਂ ਬਾਹਰੋਂ ਤੋਪਾ ਨਹੀਂ ਲੁਆਉਣਾ, ਘਰੋਂ ਆ ਕੇ ਬਸਤਰ ਸੁਆ ਲੈਣਾ। ਫੇਰ ਸਾਧ ਸੰਗਤ ਨੇ ਅਰਜ਼ ਕੀਤੀ, "ਸੰਤ ਜੀ, ਮਾਇਆ ਤਾਂ ਤੁਸਾਂ ਘਰ ਦੀ ਹੁਣ ਸਾਰੀ ਲੁਟਾ ਦਿਤੀ ਹੈ। ਜੇ ਕੋਈ ਲੀੜਾ ਕੱਪੜਾ ਦੇਵੇ ਤਾਂ ਲੈ ਲਿਆ ਕਰੋ।" ਇਹ ਸੰਤ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਨਾਲ ਜੜ੍ਹ ਤੇ

---

*ਜਿਨ੍ਹਾਂ ਦਾ ਨਾਮ ਨਰੈਣ ਸਿੰਘ ਸੀ

ਚੇਤਨ ਮਾਇਆ ਨੂੰ ਜਿੱਤ ਚੁੱਕੇ ਸਨ। ਇਹਨਾ ਦੇ ਨਾਲ ਇਕ ਵੇਰ ਪੰਜ ਸੌ ਸਿੱਖ ਬੀਬੀਆਂ ਮਾਈਆਂ ਸਮੇਤ, ਪੈਦਲ ਤੁਰ ਕੇ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਗਏ। ਰਾਹ ਵਿਚ ਪੜਾਓ ਪੜਾਈ, ਪਿੰਡਾਂ ਵਿਚ ਗੁਰਬਾਣੀ ਦਾ ਕੀਰਤਨ ਕਰਦੇ ਗਏ। ਭੈਣੀ ਸਾਹਿਬ ਜਿਸ ਵੇਲੇ ਪਹੁੰਚੇ ਤਾਂ ਡੇਰੇ ਤੇ ਪੁਲੀਸ ਦੀ ਚੌਂਕੀ ਬੈਠੀ ਹੋਈ ਸੀ। ਅੱਠਾਂ ਪਹਿਰਾਂ ਵਿਚ ਸਿਰਫ਼ ਦਸ ਸਿੰਘ ਹੀ ਡੇਰੇ ਦੇ ਅੰਦਰ ਜਾ ਸਕਦੇ ਸਨ। ਉਹ ਬਾਹਰ ਆਉਂਦੇ ਤਾਂ ਨਵੇਂ ਦਸ ਫੇਰ ਅਗਲੇ ਦਿਨ ਅੰਦਰ ਜਾਂਦੇ ਸਨ। ਪੁਲੀਸ ਦੀ ਬਹੁਤ ਕਰੜਾਈ ਸੀ। ਡੇਰੇ ਦੇ ਲਾਗੇ ਸਿੰਘਾਂ ਨੂੰ ਆਉਣ ਨਹੀਂ ਸਨ ਦਿੰਦੇ। ਜਦੋਂ ਪੁਲੀਸ ਨੇ ਡੇਰੇ ਵਿਚ ਨਾ ਜਾਣ ਦਿਤਾ ਤਾਂ ਭੈਣੀ ਸਾਹਿਬ ਤੋਂ ਨੇੜੇ ਹੀ ਤੱਖਰ ਪਿੰਡ ਵਿਚ, ਸੰਤਾਂ ਨੇ ਜਥੇ ਸਣੇ ਜਾ ਡੇਰਾ ਲਾਇਆ। ਸੰਤਾਂ ਦੱਸਿਆ ਕਿ ਜਦੋਂ ਰਾਤ ਪਈ ਤਾਂ ਸਾਨੂੰ ਨੀਂਦ ਨਾ ਆਵੇ। ਅਸਾਂ ਉਠ ਕੇ ਢੋਲਕੀਆਂ ਛੈਣੇ ਵਜਾ ਕੇ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਜਦੋਂ ਢੋਲਕੀ ਦੀ ਆਵਾਜ਼ ਚੌਂਕੀ ਭੈਣੀ ਸਾਹਿਬ ਦੇ ਹੌਲਦਾਰ ਨੇ ਸੁਣੀ ਤਾਂ

ਉਸ ਨੇ ਸਿਪਾਹੀ ਨਾਲ ਲਏ ਅਤੇ ਸਾਨੂੰ ਸਭ ਨੂੰ ਘੇਰ ਕੇ, ਭੈਣੀ ਸਾਹਿਬ ਪਸ਼ੂਆਂ ਵਾਲੇ ਤਬੇਲੇ ਵਿਚ ਲਿਆ ਕੇ ਡੱਕ ਦਿਤਾ। ਸਿੰਘਾਂ ਦੀ ਹਾਲਤ, 'ਅੰਨਾ ਕੀ ਭਾਲੇ ਦੋ ਅੱਖਾਂ ਵਾਲੀ' ਹੋ ਗਈ। ਗੁਰੂ ਹਰੀ ਸਿੰਘ ਜੀ ਨੂੰ ਖ਼ਬਰ ਹੋਈ। ਉਹਨਾਂ ਮਾਈ ਜਿਊਣ ਕੌਰ ਅਤੇ ਮਾਤਾ ਫਤੇਹ ਕੌਰ ਜੀ ਨੂੰ ਉਠਾ ਕੇ, ਹੋਰ ਸਿੱਖਾਂ ਨੂੰ ਨਾਲ ਲਾ ਕੇ, ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਅਤੇ ਅੱਧੀ ਰਾਤ ਭੁੱਖੇ ਸਿੰਘਾਂ ਨੂੰ ਨਾਲੇ ਪ੍ਰਸ਼ਾਦ ਛਕਾਇਆ ਤੇ ਨਾਲੇ ਦਰਸ਼ਨਾਂ ਦੇ ਖੁੱਲ੍ਹੇ ਗੱਫੇ ਵਰਤਾਏ। ਬਾਦ ਵਿਚ ਤੱਖਰਾਂ ਦੇ ਲੰਬੜਦਾਰ ਦੀ ਲੰਬੜਦਾਰੀ ਵੀ ਕੱਟੀ ਅਤੇ ਉਹਨੂੰ ਕੈਦ ਵੀ ਕੀਤਾ ਸਰਕਾਰ ਨੇ, ਬਈ ਤੂੰ ਕੂਕਿਆਂ ਦੀ ਇਤਲਾਹ ਕਿਉਂ ਨਾ ਦਿਤੀ ਅਤੇ ਪਿੰਡ ਵਿਚ ਉਹਨਾਂ ਦਾ ਡੇਰਾ ਕਿਉਂ ਲੱਗਣ ਦਿਤਾ।

**ਸਾਖੀ ਬਾਬਾ ਵੀਰ ਸਿੰਘ ਅਤੇ ਬਾਬਾ ਸੰਤਾ ਸਿੰਘ:**

ਬਾਬਾ ਸੰਤਾ ਸਿੰਘ ਘੁੱਕੇਵਾਲੀਏ ਭੈਣੀ ਸਾਹਿਬ ਕੋਠੀ ਵਾਲੇ ਬਾਗ਼ ਵਿਚ ਸੇਵਾ ਕਰਦੇ ਹੁੰਦੇ ਸਨ। ਇਕ ਦਿਨ ਗਰੀਬ ਨਿਵਾਜ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਹੁਤ ਜ਼ਿਆਦਾ ਬੁਖ਼ਾਰ ਚੜ੍ਹਿਆ ਹੋਇਆ ਸੀ। ਬਾਬੇ ਹੋਰਾਂ ਨੂੰ ਗੋਡੀ ਕਰਦਿਆਂ ਬਾਗ਼ ਵਿਚ ਪਤਾ ਲੱਗਾ। ਉਸੇ ਤਰ੍ਹਾਂ ਘੱਟੇ ਮਿੱਟੀ ਦੇ ਲਿੱਬੜੇ ਹੋਏ ਗੁਰਦੁਆਰੇ ਆ ਗਏ। ਮਾਤਾ ਜੀਊਣ ਕੌਰ ਜੀ ਤੋਂ ਸਤਿਗੁਰਾਂ ਬਾਰੇ ਪੁੱਛਿਆ। ਉਹਨਾਂ ਦੱਸਿਆ ਕਿ ਘੁੱਲੀ ਦੇ ਚੁਬਾਰੇ ਵਿਚ ਹਨ। ਬਾਬਾ ਜੀ ਉਤੇ ਚਲੇ ਗਏ। ਜਾ ਕੇ ਦਰਸ਼ਨ ਕੀਤਾ ਅਤੇ ਸਾਹਿਬਾਂ ਦੇ ਦੋਵੇਂ ਚਰਨ ਫੜਕੇ, ਆਪਣੀ ਛਾਤੀ ਨਾਲ ਲਾ ਲਏ। ਜਿਸ ਵੇਲੇ ਬਾਬੇ ਸੰਤਾ ਸਿੰਘ ਹੋਰਾਂ ਚਰਨ ਛਾਤੀ ਨਾਲ ਲਾਏ ਉਸੇ ਵੇਲੇ ਬੁਖਾਰ ਉਤਰ ਗਿਆ

ਅਤੇ ਦੋ ਜਹਾਨ ਦੇ ਵਾਲੀ ਸਤਿਗੁਰੂ ਜੀ ਉਠ ਕੇ ਬੈਠ ਗਏ। ਇਹ ਬਚਨ ਬਾਬਾ ਜੀ ਦੀ ਜ਼ਾਹਰੀ ਅਜ਼ਮਤ ਦਾ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਰਸਨਾ ਤੋਂ ਮੈਨੂੰ ਸੁਣਾਇਆ ਸੀ। ਹੇਠਲਾ ਬਚਨ ਬਾਬੇ ਵੀਰ ਸਿੰਘ ਹੋਰਾਂ ਬਾਰੇ, ਮੈਨੂੰ ਮਾਤਾ ਜਿਊਣ ਕੌਰ ਜੀ ਤੋਂ ਸੁਣਨ ਦਾ ਸੁਭਾਗ ਹਾਸਲ ਹੋਇਆ।

ਗੁਰੂ ਹਰੀ ਸਿੰਘ ਜੀ ਤਬੇਲੇ ਵਿਚ ਗਏ। ਕਿਸੇ ਗੱਲ ਤੋਂ ਬਾਬੇ ਵੀਰ ਸਿੰਘ ਜੀ ਨੂੰ ਆਖਣ ਲੱਗੇ, "ਜਾਹ ਦਲਿੱਦਰੀਆ! ਬੱਸ ਬਾਬੇ ਹੋਰਾਂ ਨੂੰ ਦਲਿੱਦਰ ਪੈ ਗਿਆ। ਲੰਮੇ ਪੈ ਗਏ। ਅੱਠ ਪਹਿਰ ਲੰਮੇ ਪਏ ਰਹੇ। ਨਾ ਜਲ ਨਾ ਪ੍ਰਸ਼ਾਦ, ਕੁਝ ਵੀ ਨਾ ਛਕਿਆ। ਗੁਰੂ ਹਰੀ ਸਿੰਘ ਜੀ ਨੂੰ ਮਾਤਾ ਜੀ ਨੇ ਪੁੱਛਿਆ, "ਵੀਰ ਸਿੰਘ ਨੂੰ ਕੀ ਆਖਿਆ ਸਾ ਜੇ। ਸਤਿਗੁਰਾਂ ਆਖਿਆ, 'ਦਲਿਦਰੀ' ਕਿਹਾ ਸੀ। ਮਾਤਾ ਜੀ ਨੇ ਬੇਨਤੀ ਕੀਤੀ, "ਹੁਣ ਕ੍ਰਿਪਾ ਕਰੋ ਤੇ ਉਹਦਾ ਦਲਿੱਦਰ ਦੂਰ ਕਰੋ। ਅੱਠ ਪਹਿਰ ਹੋ ਗਏ ਹਨ, ਭੁੱਖਾ ਭਾਣਾ ਪਿਆ ਹੈ। ਖਾਣ ਪਾਣ ਇਸ਼ਨਾਨ ਵਿਸਾਰ ਬੈਠਾ ਹੈ। ਗੁਰੂ ਹਰੀ ਸਿੰਘ ਜੀ ਗਏ ਅਤੇ ਪਿੰਡੇ 'ਤੇ ਹੱਥ ਫੇਰ ਕੇ ਬਚਨ ਕੀਤਾ, "ਉੱਠ, ਤੂੰ ਤਾਂ ਮੇਰਾ ਬੱਗਾ ਸ਼ੇਰ ਏਂ।" ਬਾਬੇ ਹੋਰੀਂ ਫਟਾ ਫੱਟ ਉਠੇ। ਨਮਸ਼ਕਾਰ ਚਰਨਾਂ 'ਤੇ ਕੀਤੀ। ਇਸ਼ਨਾਨ ਕਰਕੇ, ਪ੍ਰਸ਼ਾਦ ਪਾਣੀ ਛਕ ਕੇ, ਪਹਿਲਾਂ ਜਿਉਂ ਹੀ ਵਿਹਾਰ ਕਾਰ ਵਿਚ ਜੁੱਟ ਗਏ। ਇਹ ਜ਼ਾਹਰੀ ਕਲਾ ਗੁਰੂ ਹਰੀ ਸਿੰਘ ਜੀ ਨੇ ਵਿਖਾਈ ਸੀ। ਧੰਨ ਗੁਰੂ ਹਰੀ ਸਿੰਘ, ਜਿਹਨਾਂ ਸਿੱਖੀ ਹਰੀ ਰੱਖੀ।

### ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਰਹਿਣ ਵਾਲੇ ਸਤਿਗੁਰ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਜੀ ਵੇਲੇ ਦੇ ਸਿੱਖ:

ਸੰਮਤ 1966 ਬਿਕ੍ਰਮੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਅੰਮ੍ਰਿਤਸਰ ਤੋਂ ਦੌਰਾ ਤੁਰ ਪਿਆ। ਨਾਲ ਗੁਰੂ ਕੇ ਊਠ ਸਨ ਅਤੇ ਤਿੰਨੇ ਹੀ ਊਠਾਂ ਦੇ ਮਹੰਤ, ਬਾਬਾ ਵੀਰ ਸਿੰਘ, ਬਾਬਾ ਸੰਤਾ ਸਿੰਘ ਅਤੇ ਬਾਬਾ ਸੁਰਜਨ ਸਿੰਘ। ਹੁਕਮ ਹੋਇਆ ਤਿੰਨਾਂ ਨੂੰ ਹੀ ਦੌਰੇ ਨਾਲ ਚੱਲਣ ਦਾ। ਸੇਵਾ ਕਰਨ ਦਾ ਇਹਨਾਂ ਨੂੰ ਬੜਾ ਚਾਅ ਸੀ ਅੱਗੇ ਹੀ। ਬਾਬੇ ਸੁਰਜਨ ਸਿੰਘ ਨੂੰ ਤਾਂ ਗੂਟ ਘੋੜਾ ਚੜ੍ਹਨ ਵਾਸਤੇ ਸਤਿਗੁਰਾਂ ਦਿਤਾ। ਬਾਬੇ ਸੰਤਾ ਸਿੰਘ ਨੂੰ ਖੁਸਰਾ ਘੋੜਾ ਅਤੇ ਬਾਬੇ ਵੀਰ ਸਿੰਘ ਨੂੰ ਲੱਕੀ ਘੋੜੀ ਦੇ ਦਿਤੀ। ਬਾਬੇ ਸੁਰਜਨ ਸਿੰਘ ਹੋਰਾਂ ਨੂੰ ਸਤਿਗੁਰਾਂ ਨੇ ਊਠਾਂ ਵਿਚ ਰਹਿਣ ਦਾ ਹੁਕਮ ਦਿਤਾ। ਬਾਬੇ ਸੰਤਾ ਸਿੰਘ ਅਤੇ ਵੀਰ ਸਿੰਘ ਨੂੰ ਫੁਰਮਾਇਆ ਕਿ ਦੌਰਾ ਤੁਰਨ ਵੇਲੇ ਤੁਸੀਂ ਆਪਣੇ ਘੋੜਿਆਂ ਤੇ ਸਵਾਰ ਹੋ ਕੇ ਸਾਡੇ ਨਾਲ ਰਿਹਾ ਕਰੋ। ਰੋਜ਼ ਦੌਰਾ ਤੁਰਨਾ ਅਤੇ ਰੋਜ਼ ਹੀ ਸਤਿਗੁਰੂ ਜੀ ਨੇ ਸਵੇਰੇ ਘੋੜਿਆਂ 'ਤੇ ਮਹੱਲਾ ਖੇਡਣਾ। ਜਿਹੜੇ ਪੁਰਾਤਨ ਸਿੰਘ ਉਸ ਵਕਤ ਦੇ ਦੌਰੇ ਵਿਚ ਹੁੰਦੇ ਸਨ, ਜਿੰਨਿਆਂ ਕੁ ਦੇ ਨਾਂ ਮੈਨੂੰ ਯਾਦ ਰਹਿ ਗਏ ਹਨ। ਇਸ ਪ੍ਰਕਾਰ ਹਨ:

**ਬਾਬਾ ਵੀਰ ਸਿੰਘ ਜੀ ਚੁੰਨ੍ਹੀ ਮੱਛਲੀ ਵਾਲੇ :**

ਇਹ ਜੋ ਬਾਲ ਜਤੀ ਸਨ। ਬੜੇ ਵਿਦਵਾਨ ਸਨ। ਗੁਰੂ ਰਾਮ ਸਿੰਘ ਜੀ ਦੇ ਵੇਲੇ ਭਜਨ ਪੁਛਿਆ ਸੀ ਅਤੇ ਗੁਰੂ ਹਰੀ ਸਿੰਘ ਜੀ ਨਾਲ ਵੀ ਦੌਰਿਆਂ ਵਿਚ ਰਹਿੰਦੇ ਸਨ। ਬਾਕੀ ਜੀਵਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ ਬਤੀਤ ਕੀਤਾ। ਇਹ ਵੀਰ ਸਿੰਘ ਉਹ ਸੀ ਜਿਹਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਆਖਿਆ ਸੀ ਕਿ ਬਾਬਾ ਜੱਸਾ ਸਿੰਘ (ਸਤਿਗੁਰੂ ਜੀ ਦਾ ਪਿਤਾ) ਚੜ੍ਹਾਈ ਕਰ ਗਿਆ ਹੈ ਅਤੇ ਸਾਡਾ ਉਹਨਾਂ ਨਾਲ ਸਸਕਾਰ ਸਮੇਂ ਹਾਜ਼ਰ ਹੋਣ ਦਾ ਬਚਨ ਸੀ। ਸੋ ਆਓ ਭੈਣੀ ਸਾਹਿਬ ਚੱਲੀਏ, ਬਾਬੇ ਦਾ ਸਸਕਾਰ ਕਰੀਏ। ਬਾਬਾ ਵੀਰ ਸਿੰਘ ਉਸੇ ਪਲ ਪੈਦਲ ਹੀ ਪਿੰਡੋਂ ਚੱਲ ਪਏ ਅਤੇ ਤੀਹ ਕੋਹ ਦਾ ਸਫ਼ਰ ਮੁਕਾਕੇ ਭੈਣੀ ਸਾਹਿਬ ਪੁੱਜ ਗਏ। ਇਹਨਾਂ ਦੇ ਜਾਂਦਿਆਂ ਨੂੰ ਸਸਕਾਰ ਹੋ ਗਿਆ ਸੀ। ਗੁਰੂ ਹਰੀ ਸਿੰਘ ਜੀ ਨੂੰ ਸਤਿਗੁਰਾਂ ਦੇ ਸੁਨੇਹੇ ਬਾਬਤ ਦੱਸਿਆ ਕਿ ਉਹਨਾਂ ਕਿਹਾ ਸੀ ਕਿ ਅਸੀਂ ਸਸਕਾਰ ਕਰਨ ਬਾਰੇ ਜਾ ਰਹੇ ਹਾਂ ਤੂੰ ਵੀ ਆ ਜਾਈਂ। ਮੈਂ ਤਾਂ ਆਇਆ ਹਾਂ। ਗੁਰੂ ਹਰੀ ਸਿੰਘ ਜੀ ਨੇ ਫੁਰਮਾਇਆ ਕਿ ਉਹ ਆਪਣਾ ਬਚਨ ਪੂਰਾ ਕਰ ਗਏ ਹਨ।

ਦੂਸਰਾ ਪੁਰਾਤਨ ਸਿੰਘ ਸੀ ਲਤਾਲੇ ਦਾ ***ਬਾਬਾ ਲਾਲ ਸਿੰਘ**। ਇਹ ਉਹ ਬਾਬਾ ਲਾਲ ਸਿੰਘ ਸੀ, ਜਿਹੜਾ ਸਤਿਗੁਰੂ ਰਾਮ ਸਿੰਘ ਜੀ ਦੇ ਸ਼੍ਰੋਮਣੀ ਸੂਬੇ ਜਵਾਹਰ ਸਿੰਘ ਜੀ ਦਾ ਲਾਂਗਰੀ ਹੁੰਦਾ ਸੀ। ਇਹ ਬਾਬਾ ਲਾਲ ਸਿੰਘ ਜੀ ਰੰਗੂਨ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਵੀ ਕਰਕੇ ਆਏ ਸਨ। ਜਾਂਦੀ ਵੇਰ ਤੇ ਆਉਂਦੀ ਵੇਰ ਜਹਾਜ ਵਿਚ ਅੰਨ ਨਹੀਂ ਸੀ ਗ੍ਰਹਿਣ ਕੀਤਾ। ਸਮੁੰਦਰ ਦਾ ਜਲ ਛਕਦੇ ਸੀ ਉਹ ਪਚਦਾ ਨਹੀਂ ਸੀ। ਸਤਾਹਰਗੀਂ ਦਿਨੀਂ ਕਲਕੱਤੇ ਆ ਕੇ ਪ੍ਰਸ਼ਾਦਾ ਛਕਿਆ ਸੀ।

ਤੀਜੇ ਰਹਿੰਦੇ ਸਨ ਸਤਿਗੁਰਾਂ ਨਾਲ **ਬਾਬਾ ਬੂਟਾ ਸਿੰਘ ਜੀ** ਲਾਖਣਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਦੇ। ਇਹ ਵੀ ਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਿਖ ਸਨ। ਲੰਗਰ ਗੁਰੂ ਕੇ ਦੀ ਉਗਰਾਹੀ ਕਰਦੇ ਸਨ। ਉਗਰਾਹੀ ਦਾ ਚਾਰ ਚਾਰ ਹਜ਼ਾਰ ਤੱਕ ਰੁਪਈਆ ਵਾਂਸਣੀ ਵਿਚ ਪਾ ਕੇ ਲੱਕ ਨਾਲ ਬੰਨ ਕੇ ਜਦੋਂ ਕਿਤੇ ਬੇੜੀ ਤੋਂ ਲੰਘਦੇ ਸਨ ਤਾਂ ਕਹਿੰਦੇ ਸਨ ਕਿ ਲੰਗਰ ਦੇ ਪੈਸਿਆਂ ਵਿਚੋਂ ਦੋ ਆਨੇ ਵੀ ਮਸੂਲ ਨਹੀਂ ਦੇਣਾ। ਮਾੜੇ ਸਿੱਖ ਦੇ ਘਰੋਂ ਅਣਚੋਪੜੀਆਂ ਛੋਲਿਆਂ ਦੀਆਂ ਰੋਟੀਆਂ ਵੀ ਖਿੜੇ ਮੱਥੇ ਛਕ ਜਾਂਦੇ ਸਨ ਤੇ ਜੇ ਕੋਈ ਬਖ਼ਤਾਵਰ ਸੁਲ੍ਹਾ ਮਾਰ ਬਹੇ ਕਿ ਬਾਬੇ ਹੋਰਾਂ ਨੂੰ ਰਜਾਉਣਾ ਹੈ ਤਾਂ ਇੱਕੋ ਥਾਂ ਬੈਠੇ ਹੀ ਤਿੰਨ ਸੇਰ ਘਿਓ ਪੀ ਕੇ ਪਚਾ ਲੈਂਦੇ ਸਨ ਅਤੇ ਦੂਜੇ ਦਿਨ ਸੋਲਾਂ ਸੇਰ ਦੁੱਧ ਵੀ ਪੀ ਜਾਂਦੇ ਸਨ। ਇਕ ਦਿਨ ਬਾਬਾ ਜੀ ਜਦੋਂ

---

*ਇਹ ਗੁਰਦਿਆਲ ਸਿੰਘ ਦੇ ਪੁੱਤਰ ਸਨ

ਕਿ ਬਹੁਤ ਬਿਰਧ ਸਨ 40 ਚੱਕ ਦੀ ਗੱਲ ਹੈ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 16 ਸੇਰ ਦੀ ਬਾਟੀ ਦੁੱਧ ਦੀ ਭਰ ਦਿਤੀ ਅਤੇ ਬਾਬਾ ਜੀ ਸਾਡੇ ਵਿੰਹਦਿਆਂ ਹੀ ਬਾਟੀ ਗੋਡਿਆਂ 'ਤੇ ਰੱਖ ਕੇ ਸਾਰਾ ਦੁੱਧ ਛਕ ਗਏ ਸਨ।

ਚੌਥਾ ਸੀ **ਹੀਰਾ ਸਿੰਘ ਟਿੱਕਾ*** ਪਿੰਡ ਮੂੰਡੀਆਂ ਦਾ। ਇਹ ਪਹਿਲਾਂ ਗੁਰੂ ਹਰੀ ਸਿੰਘ ਜੀ ਦਾ ਚੌਰ ਬਰਦਾਰ ਵੀ ਰਿਹਾ ਸੀ ਅਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਵੀ ਚਵਰ ਝੁਲਾਉਂਦਾ ਰਿਹਾ ਸੀ।

ਪੰਜਵਾਂ ਸਿੰਘ ਸੀ **ਬਾਬਾ ਵੀਰ ਸਿੰਘ ਮੁੱਛਲ**। ਇਹ ਕੂਕਿਆਂ ਦੇ ਗੜ੍ਹ ਮੁਠੱਡੇ ਪਿੰਡ ਦਾ ਸੀ। ਗੁਰੂ ਹਰੀ ਸਿੰਘ ਜੀ ਦੇ ਵੇਲੇ ਦਾ ਸਿੱਖ ਸੀ। ਹੱਟੀ ਦਾ ਕਾਰ ਵਿਹਾਰ ਵੀ ਕਰਦਾ ਸੀ ਜਦੋਂ ਡੇਰੇ ਵਿਚ ਰਹਿੰਦਾ ਸੀ।

ਛੇਵੇਂ **ਸੁਹੇਲ ਸਿੰਘ** ਹੋਰੀਂ ਸਨ। ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਸਮੇਂ, ਘੋੜਿਆਂ ਦੇ ਦਰੋਗੇ ਸਨ। ਇਹ ਪਾਠੀ ਵੀ ਅੱਵਲ ਦਰਜੇ ਦੇ ਸਨ। ਸਤਿਗੁਰਾਂ ਦੇ ਨਾਲ ਘੋੜੇ ਤੇ ਸਵਾਰ ਹੋ ਕੇ ਚਲਦੇ ਸਨ। ਇਹ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗੇ ਦੇ ਸਨ। ਇਹਨਾਂ ਨੂੰ ਰਾਗ ਦੀ ਵੀ ਚੰਗੀ ਸਮਝ ਸੀ। ਘੋੜਿਆਂ ਦੇ ਆਹਲਾ ਦਰਜੇ ਦੇ ਸਲੋਤਰੀ ਵੀ ਸਨ। ਇਕ ਘੰਟੇ ਵਿਚ ਪੰਜਾਹ ਪੱਤਰੇ ਦਰਬਾਰ ਸਾਹਿਬ ਦੇ ਸੁਣਾ ਕੇ, ਸ਼ੁੱਧ ਪਾਠ ਕਰਿਆ ਕਰਦੇ ਸਨ।

ਉਪਰੋਕਤ ਸਾਰੇ ਸਰੀਰ ਨਿਤਨੇਮੀ, ਕੀਰਤਨੀਏ, ਭਜਨ ਬਾਣੀ ਦੇ ਰਸੀਏ ਸਨ। ਸੇਵਾ ਵੀ ਗੁਰਦੁਆਰਾ ਭੈਣੀ ਸਾਹਿਬ ਦੀ ਵਿਤੋਂ ਵੱਧ ਕਰਨ ਵਾਲੇ ਸਨ।

ਹੁਣ ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਦੇ ਜਿਹੜੇ ਓਦੋਂ ਜੁਆਨੀ ਅਵਸਥਾ ਵਿਚ ਸਨ ਅਤੇ ਹਜ਼ੂਰ ਦਾ ਸਾਥ ਮਾਣਦੇ ਸਨ, ਉਹਨਾਂ ਸਿੰਘਾਂ ਦਾ ਜ਼ਿਕਰ ਕਰਦਾ ਹਾਂ।

1. ਹਰਨਾਮ ਸਿੰਘ ਨਥਾਣੀਆ, 2. ਹਰਨਾਮ ਸਿੰਘ ਪੱਖੋ, 3. ਕਿਸ਼ਨ ਸਿੰਘ ਕੱਟੀ ਭੂਰੇ ਗਿੱਲ, 4. ਦੇਵਾ ਸਿੰਘ ਬ੍ਰਾਹਮਣ ਸ੍ਰੀ ਭੈਣੀ ਸਾਹਿਬ, 5. ਮਾਘਾ ਸਿੰਘ ਅਲੌੜ, 6. ਭਾਈ ਵਜ਼ੀਰ ਸਿੰਘ ਚੱਕ, 7. ਮਸਤਾਨ ਸਿੰਘ ਕਿਆਮਪੁਰ।

ਉਪਰੋਕਤ ਸਿੰਘ ਨਵੇਂ ਪੁਰਾਣੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਜਥੇ ਵਿਚ ਗਿਣੇ ਜਾਂਦੇ ਸਨ। ਇਹਨਾਂ ਤੋਂ ਬਿਨਾਂ ਊਠਾਂ ਘੋੜਿਆਂ ਨੂੰ ਸਾਂਭਣ ਵਾਲੇ ਸਿੰਘ, ਰਾਗੀ ਸਿੰਘ, ਜਥੇਦਾਰ ਅਤੇ ਪ੍ਰਚਾਰਕ, ਲਾਂਗਰੀ ਸਿੰਘ ਆਦਿ ਸਾਰੇ ਗਿਣਕੇ ਸੌ ਸਿੰਘਾਂ ਦਾ ਜਥਾ ਦੌਰੇ ਵਿਚ ਸ਼ਾਮਲ ਹੁੰਦਾ ਸੀ। ਜਿਸ ਤਰ੍ਹਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਯੁਵਾ ਅਵਸਥਾ ਵਿਚ ਆਪਣੀ ਫੌਜ ਭਰਤੀ ਕੀਤੀ। ਕੁਝ ਸਿੰਘ ਗੁਰੂ ਤੇਗ ਬਹਾਦਰ ਜੀ ਅਤੇ ਪਹਿਲੇ ਸਤਿਗੁਰਾਂ ਵੇਲੇ ਦੇ ਲਏ

*ਇਹ ਬਚਿੱਤਰ ਸਿੰਘ ਦਾ ਪੁੱਤਰ ਸੀ।

ਅਤੇ ਕੁਝ ਨਵਿਆਂ ਨੂੰ ਆਪ ਤਿਆਰ-ਬਰ-ਤਿਆਰ ਕੀਤਾ। ਪਹਾੜੀ ਰਾਜੇ ਸਿੰਘਾਂ ਦੀ ਫੌਜ ਬਣਦੀ ਦੇਖ ਘਬਰਾਉਣ ਲੱਗੇ। ਔਰੰਗਜ਼ੇਬ ਦੀ ਓਟ ਲੈ ਕੇ ਗੁਰੂ ਕੀਆਂ ਫੌਜਾਂ ਨਾਲ ਥੋੜ੍ਹੀ ਥੋੜ੍ਹੀ ਛੇੜਖ਼ਾਨੀ ਕਰਨ ਲਗੇ ਅਤੇ ਜੰਗ ਦਾ ਸਮਿਆਨਾ ਹੋਣ ਲਗ ਪਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਕਲਗੀਧਰ ਪਾਤਸ਼ਾਹ ਨੇ ਤੇਗ ਦੇ ਜ਼ੋਰ ਭੰਨ ਕੇ ਸਭ ਨੂੰ ਨਿਵਾਇਆ। ਉਹ ਹਾਲ ਹੀ ਤਕਰੀਬਨ ਪੰਥ ਦੀ ਵਾਂਗਡੋਰ ਸਾਂਭਣ ਵੇਲੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ਸਾਡੇ ਨਾਮਧਾਰੀ ਪੰਥ ਦਾ ਸੀ। ਪਹਿਲੇ ਨੰਬਰ ਦੀ ਦੁਸ਼ਮਣ ਓਦੋਂ ਸਾਡੀ ਅੰਗ੍ਰੇਜ਼ ਹਕੂਮਤ ਸੀ। ਪੰਜਾਬ ਦੀਆਂ ਸਾਰੀਆਂ ਰਿਆਸਤਾਂ ਦੇ ਰਾਜੇ ਮਹਾਰਾਜੇ ਵੀ ਇਕ ਅੱਧੇ ਨੂੰ ਛੱਡ ਕੇ ਸਾਡੇ ਕੱਟੜ ਵੈਰੀ ਸਨ। ਪੰਜਾਬ ਦਾ ਜੋ ਰਈਸ, ਜੈਲਦਾਰ, ਸਫ਼ੈਦਪੋਸ਼, ਰਾਇ ਬਹਾਦਰ, ਸਰਦਾਰ ਬਹਾਦਰ, ਸਰਕਾਰ ਅੰਗ੍ਰੇਜ਼ੀ ਦਾ ਚਾਟੜਾ, ਝੋਲੀ ਚੁੱਕ, ਉਹ ਸਭ ਵੀ ਸਾਡੇ ਮਗਰ ਹਲਕਾਏ ਕੁੱਤਿਆਂ ਵਾਂਗੂ ਪਏ ਫਿਰਦੇ ਸਨ। ਚੀਫ਼ ਖ਼ਾਲਸਾ ਦੀਵਾਨ ਅਤੇ ਸਿੰਘ ਸਭਾ ਵਾਲੇ ਵੀ ਅੰਗ੍ਰੇਜ਼ ਨੂੰ ਖ਼ੁਸ਼ ਕਰਨ ਲਈ ਸਾਡੇ ਵਿਰੁੱਧ ਤਰ੍ਹਾਂ ਤਰ੍ਹਾਂ ਦੀਆਂ ਊਜਾਂ ਲਾ ਕੇ ਭੰਡੀ ਪ੍ਰਚਾਰ ਕਰਦੇ ਰਹਿੰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਜਥੇ ਸਮੇਤ ਮਾਲਾ ਅਤੇ ਬਾਣੀ ਦੇ ਜ਼ੋਰ ਨਾਲ, ਕੁੱਲ ਨੂੰ ਸਤਿਗੁਰੂ ਰਾਮ ਸਿੰਘ ਦੇ ਰੰਗ ਵਿਚ ਰੰਗ ਕੇ, ਸਭ ਅੜਿਆਂ ਫੜਿਆਂ ਨੂੰ ਦਰਸ਼ਨ ਦੇ ਕੇ, ਕੁੱਲ ਸ੍ਰਿਸ਼ਟੀ ਨਿਵਾ ਲਈ। ਕਿਉਂਕਿ ਇਹ ਉਹ ਕਰੜਾ ਸਮਾਂ ਸੀ ਜਦੋਂ ਕੂਕਿਆਂ ਤੋਂ ਬਿਨਾਂ ਤਕਰੀਬਨ ਬਾਕੀ ਸਾਰੇ ਲੋਕ ਪੰਜਾਬ ਵਿਚ ਅੰਗ੍ਰੇਜ਼ ਦੇ ਝੰਡੇ ਥੱਲੇ ਆ ਚੁੱਕੇ ਸਨ। ਸਰਕਾਰ ਦੇ ਖ਼ਿਲਾਫ਼ ਗੱਲ ਕਰਨੀ ਸਿਰ ਤਲੀ 'ਤੇ ਧਰਕੇ ਨੱਚਣ ਵਾਲੀ ਗੱਲ ਸੀ। ਜਦੋਂ ਸਭ ਦੀਆਂ ਜੀਭਾਂ ਤਾਲੂ ਨਾਲ ਲੱਗੀਆਂ ਹੋਈਆਂ ਸਨ, ਕੂਕਾ ਉਦੋਂ ਵੀ ਚੀਨੀ ਵਾਲੇ ਪਾਤਸ਼ਾਹ ਨੂੰ ਪ੍ਰਦੇਸ ਲਿਜਾਣ ਅਤੇ ਸਿੰਘਾਂ ਨੂੰ ਤੋਪਾਂ ਫ਼ਾਂਸੀਆਂ ਨਾਲ ਸ਼ਹੀਦ ਕਰਨ ਵਾਲੇ ਆਪਣੇ ਦੁਸ਼ਮਣ, ਗੋਰੇ ਹਾਕਮ ਵਿਰੁਧ ਗੈਬੀ ਗੋਲੇ ਛੱਡਦਾ ਰਿਹਾ। ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਪ੍ਰਯਾਗ ਰਾਜ ਅਲਾਹਬਾਦ ਦੇ ਕਿਲੇ ਵਿਚ ਕੈਦ ਸਨ ਅਤੇ ਅੰਗ੍ਰੇਜ਼ਾਂ ਨੇ ਪੰਜਾਬ ਦੇ ਸਭ ਵੱਡੇ ਲੋਕਾਂ, ਰਾਜਿਆਂ ਮਹਾਰਾਜਿਆਂ, ਸੰਤਾਂ ਮਹਾਤਮਾਂ ਨੂੰ ਪੁੱਛਿਆ ਸੀ ਕਿ ਜੇ ਕੂਕਿਆਂ ਦਾ ਗੁਰੂ ਰਾਮ ਸਿੰਘ ਵਾਪਸ ਆ ਜਾਵੇ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ। ਸਾਰੇ ਪੰਜਾਬ ਵਿਚੋਂ ਸਿਰਫ਼ ਤਿੰਨ ਆਦਮੀਆਂ ਨੇ ਕਿਹਾ ਸੀ ਕਿ ਗੁਰੂ ਰਾਮ ਸਿੰਘ ਸਾਡੇ ਵਰਗਾ ਫ਼ਕੀਰ ਹੈ, ਉਸ ਨੂੰ ਵਾਪਸ ਲੈ ਆਉਣਾ ਚਾਹੀਦਾ ਹੈ। ਫ਼ਕੀਰਾਂ ਤੋਂ ਸਰਕਾਰਾਂ ਨੂੰ ਕਾਹਦਾ ਡਰ ਹੈ। ਉਹ ਸਨ ਅਖਾੜਾ ਬ੍ਰਹਮ ਬੂਟੇ ਵਾਲੇ ਸੰਤ ਅਤੇ *ਸੇਖਵਾਂ ਵਾਲੇ ਸੰਤ। ਤੀਜੇ ਸਨ ਧਿਆਨਪੁਰ (ਗੁਰਦਾਸਪੁਰ) ਡੇਰੇ ਦੇ ਬੈਰਾਗੀ ਸੰਤ। ਹੋਰ ਸਭਨਾਂ

---

*ਸੰਤ ਨਰਾਇਣ ਸਿੰਘ ਨਿਰਮਲੇ

ਨੇ ਆਖਿਆ ਕਿ ਜੇ ਵਾਪਸ ਆ ਗਿਆ ਤਾਂ ਬਲਵਾ ਕਰਾ ਦਏਗਾ। ਤੁਹਾਡੇ ਰਾਜ ਦੀ ਜੜ੍ਹ ਪੁੱਟ ਦੇਵੇਗਾ। ਇਸ ਤਰ੍ਹਾਂ ਓਦੋਂ ਕੂਕਿਆਂ ਤੋਂ ਬਗ਼ੈਰ ਸਭ ਭੇਖ ਅੰਗ੍ਰੇਜ਼ ਸਰਕਾਰ ਦੀ ਕਲਮ ਥੱਲੇ ਸਨ। ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕ੍ਰਿਪਾ ਕੀਤੀ ਆਪਣੇ ਦੌਰੇ ਸ਼ੁਰੂ ਕਰਕੇ, ਕੁੱਲ ਭੇਖ ਤੇ ਰਾਜੇ ਮਹਾਰਾਜੇ ਵੀ ਅੰਗ੍ਰੇਜ਼ ਦੀ ਕਲਮ ਥੱਲਿਓਂ ਕੱਢ ਦਿਤੇ। ਨਾਂ ਵੀ ਪ੍ਰਤਾਪ ਸਿੰਘ ਸੀ ਅਤੇ ਹੈਗਾ ਵੀ ਵੱਡੇ ਪ੍ਰਤਾਪ ਵਾਲਾ ਸੀ, ਹੁਣ ਸਾਡੇ ਵਿੰਹਦਿਆਂ ਵਿੰਹਦਿਆਂ ਹੀ ਸਾਰੀ ਦੁਨੀਆਂ 'ਤੇ ਉਹਦਾ ਪ੍ਰਤਾਪ ਛਾ ਗਿਆ ਸੀ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਤੁਰਕ ਰਾਜ ਦੀ ਜੜ੍ਹ ਪੁੱਟੀ ਇਸੇ ਤਰ੍ਹਾਂ ਗੁਰੂ ਪ੍ਰਤਾਪ ਸਿੰਘ ਨੇ ਅੰਗ੍ਰੇਜ਼ ਹਕੂਮਤ ਦੀ ਜੜ੍ਹ ਪੁੱਟ ਦਿੱਤੀ। ਉਹਦੇ ਗ਼ਲਬੇ ਵਿਚੋਂ ਦੇਸ਼ ਦੇ ਲੋਕਾਂ ਨੂੰ ਬਾਹਰ ਕੱਢਿਆ। ਮਲੇਰ ਕੋਟਲੇ ਦੇ ਸਾਕੇ ਵੇਲੇ ਜਿਵੇਂ ਬਾਬੇ ਜਵਾਹਰ ਸਿੰਘ ਹੋਰਾਂ ਮਸਤਾਨਿਆਂ ਨੂੰ ਕਿਹਾ ਸੀ ਕਿ ਅਜੇ ਪਨੀਰੀ ਛੋਟੀ ਹੈ ਅਤੇ ਗੁਰੂ ਰਾਮ ਸਿੰਘ ਜੀ ਸ਼ਹੀਦ ਹੋਣ ਵਾਲੇ ਸਿੰਘਾਂ ਨੂੰ ਆਖਿਆ ਸੀ "ਜਿਹੜਾ ਕੰਮ ਤੁਸੀਂ ਤਲਵਾਰ ਨਾਲ ਕਰਨਾ ਚਾਹੁੰਦੇ ਹੋ। ਕਾਹਲੇ ਨਾ ਪਵੋ। ਮੈਂ ਉਹ ਮਾਲਾ ਨਾਲ ਕਰ ਦਿਆਂਗਾ।" ਚੀਨੀ ਵਾਲੇ ਪਾਤਸ਼ਾਹ ਦਾ ਇਹ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੂਰਾ ਕੀਤਾ। ਕਾਂਗ੍ਰਸ ਨੂੰ ਬਲ ਬਖ਼ਸ਼ਿਆ। ਹੋਰਨਾਂ ਦੇਸ਼ ਭਗਤਾਂ ਦੀ ਯਥਾ ਸ਼ਕਤਿ ਸਹਾਇਤਾ ਕੀਤੀ। ਮਾਲਾ ਦੇ ਨਾਲ ਅੰਗ੍ਰੇਜ਼ ਨੂੰ ਹਿੰਦੁਸਤਾਨ ਵਿਚੋਂ ਚੁੱਕ ਕੇ ਬਾਹਰ ਮਾਰਿਆ।

### ਸਾਖੀ ਬਚਨ ਮੰਨਣ ਵਾਲੇ ਬਾਬਾ ਵੀਰ ਸਿੰਘ ਜੀ ਭੋਮਾ ਵਡਾਲਾ:

ਬਾਬੇ ਵੀਰ ਸਿੰਘ ਹੋਰਾਂ ਦੇ ਚਿੱਤ ਵਿਚ ਇਹ ਚਾਅ ਹੁੰਦਾ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਸੇ ਕੰਮ ਲਈ ਮੈਨੂੰ ਹੁਕਮ ਦੇਣ ਤਾਂ ਮੈਂ ਉਹ ਕਰਕੇ ਗੁਰੂ ਕੀਆਂ ਖ਼ੁਸ਼ੀਆਂ ਲੁੱਟਾਂ। ਇਕ ਦੌਰੇ ਸਮੇਂ ਸਤਿਗੁਰੂ ਜੀ ਨੇ ਦੋ ਤਿੰਨ ਸਰੀਰਾਂ ਨੂੰ ਹੁਕਮ ਦਿਤਾ ਕਿ ਕਿਸੇ ਪਾਸੇ ਕੋਈ ਵਿਹਾਰ ਹੈ। ਛੇਤੀ ਕਰਕੇ ਆਓ। ਉਹ ਸਰੀਰ ਅਜੇ ਸਲਾਹਾਂ ਵਿਚ ਹੀ ਪਏ ਸਨ। ਫਿਰ ਪਾਤਸ਼ਾਹ ਨੇ ਬਾਬੇ ਹੋਰਾਂ ਵੱਲ ਨਿਗ੍ਹਾ ਦਾ ਇਸ਼ਾਰਾ ਹੀ ਕੀਤਾ। ਦੂਜੇ ਸਿੱਖ ਸੋਚਦੇ ਹੀ ਰਹਿ ਗਏ ਅਤੇ ਬਾਬਾ ਜੀ ਨੇ ਮੈਨੂੰ ਜੋ ਓਦੋਂ ਦਸਾਂ ਕੁ ਵਰ੍ਹਿਆਂ ਦਾ ਸਾਂ, ਆਪਣੀ ਘੋੜੀ ਦੇ ਪਿੱਛੋਂ ਉਤਾਰ ਦਿਤਾ। ਬੱਸ ਬਾਬੇ ਹੋਰਾਂ ਦੀ ਘੋੜੀ ਹਵਾ ਵਾਂਗ ਤੇਜ਼ ਉਡ ਗਈ। 15–20 ਮਿੰਟਾਂ ਵਿਚ ਹੀ ਬਾਬਾ ਜੀ ਉਹ ਵਿਹਾਰ ਕਰਕੇ ਫਿਰ ਗੁਰੂ ਜੀ ਨੂੰ ਆ ਮਿਲੇ। ਓਦੋਂ ਦੌਰਾ ਕੱਕੜ (ਅੰਮ੍ਰਿਤਸਰ) ਪਿੰਡ ਤੋਂ ਤੁਰਿਆ ਸੀ ਅਤੇ ਲਹੌਰ ਨੂੰ ਜਾ ਰਿਹਾ ਸੀ।

ਸਤਿਗੁਰੂ ਜੀ ਨੇ ਬਚਨ ਕੀਤਾ ਬਾਬੇ ਹੋਰੀਂ ਇਉਂ ਬਚਨ ਸਮਝ ਜਾਂਦੇ ਹਨ ਜਿਵੇਂ ਗੁਰੂ ਨਾਨਕ ਜੀ ਦਾ ਬਚਨ ਭਾਈ ਲਹਿਣਾ (ਬਾਅਦ ਵਿਚ ਗੁਰੂ ਅੰਗਦ ਦੇਵ) ਸਮਝਦਾ ਸੀ। ਬੇਮੁਖ ਸਿੱਖਾਂ ਬਾਰੇ ਬਾਣੀ ਵਿਚ ਲਿਖਿਆ ਹੈ ਕਿ ਜਦੋਂ

ਸਤਿਗੁਰੂ ਕੋਈ ਬਚਨ ਮੰਨਣ ਲਈ ਆਖਣ, ਉਹ ਪਿਛਾਂਹ ਹੋ ਕੇ ਸੰਗਤ ਵਿਚ ਲੁਕ ਜਾਂਦੇ ਹਨ। ਸਨਮੁੱਖ ਸਿੱਖ ਉਹ ਹਨ ਜਿਹੜੇ ਲਗਾਤਾਰ, ਜਿਵੇਂ ਚਕਵੀ ਚੰਨ ਨੂੰ ਵਿਹੰਦੀ ਏ, ਇਸ ਤਰ੍ਹਾਂ ਗੁਰੂ ਜੀ ਦੇ ਮੁੱਖੜੇ ਨੂੰ ਨਿਹਾਰਦੇ ਰਹਿੰਦੇ ਹਨ ਕਿ ਕਦੋਂ ਪਵਿੱਤਰ ਰਸਨਾ ਤੋਂ ਕੋਈ ਹੁਕਮ ਹੋਵੇ ਤੇ ਅਸੀਂ ਮੰਨੀਏ। ਇਹ ਬਾਬਾ ਵੀਰ ਸਿੰਘ ਜੀ ਐਸੇ ਸਨਮੁਖ ਸਿੱਖਾਂ ਦੀ ਸ਼੍ਰੇਣੀ ਵਿਚ ਆਉਂਦੇ ਸਨ। ਚਾਰ ਗੁਣ ਬਾਬਾ ਜੀ ਵਿਚ ਸਨ। ਸੇਵਾ ਕਰਨੀ, ਭਜਨ ਕਰਨਾ, ਬਾਣੀ ਪੜ੍ਹਣੀ ਅਤੇ ਸਤਿਗੁਰੂ ਦਾ ਹੁਕਮ ਮੰਨਣਾ। ਹੁਣ ਤਾਂ ਸੱਚੇ ਪਾਤਸ਼ਾਹ ਗੱਦੀ ’ਤੇ ਬਿਰਾਜਮਾਨ ਸਨ, ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਰਜ਼ਾ ਚਹੁੰਆਂ ਵਰ੍ਹਿਆਂ ਦੀ ਸੀ, ਇਸ ਛੋਟੀ ਉਮਰ ਵਿਚ ਵੀ ਆਪ ਗੁਰੂ ਹਰੀ ਸਿੰਘ ਜੀ ਦੇ ਦੌਰਿਆਂ ਨਾਲ ਜਾਂਦੇ ਹੁੰਦੇ ਸਨ, ਓਦੋਂ ਤੋਂ ਹੀ ਬਾਬੇ ਹੋਰਾਂ ਦਾ ਇਸ ਬਾਲ ਭਗਵਾਨ ਦੀ ਮੂਰਤੀ ਨਾਲ ਡਾਢਾ ਸਨੇਹ ਸੀ। ਬਾਬਾ ਜੀ ਨੇ ਮੈਨੂੰ ਦੱਸਿਆ ਸੀ ਕਿ ਜਿਵੇਂ ਕਾਕਾ ਤੂੰ ਸਾਡੇ ਵਿਚਕਾਰ ਸੌਂਦਾ ਹੈ ਇਸ ਤਰ੍ਹਾਂ ਹੀ ਬਾਲ ਉਮਰੇ ਸਤਿਗੁਰੂ ਪਰਤਾਪ ਸਿੰਘ ਬਿਰਾਜਦੇ ਸਨ ਤੇ ਸਵੇਰੇ ਅਸੀਂ ਉਹਨਾਂ ਦਾ ਇਸ਼ਨਾਨ ਕਰਵਾ ਕੇ ਤਿੰਨ ਵਜੇ ਆਸਾ ਦੀ ਵਾਰ ਵਿਚ ਲੈ ਜਾਂਦੇ ਸਾਂ। ਸਤਿਗੁਰੂ ਜੀ ਇਸ਼ਨਾਨ ਦੇ ਐਡੇ ਪਿਆਰੇ ਸਨ ਕਿ ਸਾਨੂੰ ਹੁਕਮ ਸੀ ਕਿ ਸਵੇਰੇ ਮੈਨੂੰ ਉਠਾ ਕੇ ਮੇਰੇ ਤੇ ਪਾਣੀ ਦਾ ਗੜਵਾ ਪਾਉਣ ਦੀ ਢਿੱਲ ਨਾ ਕਰਿਆ ਕਰੋ। ਸਾਰੀ ਆਯੂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰੋਜ਼ਾਨਾ ਸੂਰਜ ਦੀ ਟਿਕੀ ਨਾਲ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਅਤੇ ਇਸ਼ਨਾਨ ਦਾ ਪ੍ਰਣ ਨਹੀਂ ਛੱਡਿਆ। ਸਰੀਰ ਦੇ ਨਾਲ ਇਸ਼ਨਾਨ ਨੂੰ ਨਿਭਾਅ ਗਏ।

ਬਾਰਬਟਨ ਨਾਲ ਭੇਂਟਃ

ਕੱਕੜਾਂ ਤੋਂ ਚੱਲ ਕੇ ਪੜਾਅ ਲਾਹੌਰ ਸ਼ਹਿਰ ਵਿਖੇ ਕੀਤਾ। ਲਾਹੌਰ ਤੋਂ ਬਾਹੜੀਆਂ ਵਾਲੇ ਦੀ ਸੰਗਤ ਨੂੰ ਨਿਹਾਲ ਕੀਤਾ ਅਤੇ ਇੱਥੋਂ ਤੁਰ ਕੇ ਬਾਰਬਟਨ ਸ਼ੇਖੂਪੁਰੇ ਦੇ ਜ਼ਿਲ੍ਹੇ ਵਿਚ ਪਹੁੰਚੇ। ਇਹ ਅੰਗ੍ਰੇਜ਼ ਪੁਲੀਸ ਕਪਤਾਨ ਬਾਰਬਟਨ ਨਾਂ ਦਾ ਸੀ, ਬਹੁਤ ਚਿਰ ਲੁਧਿਆਣੇ ਜ਼ਿਲ੍ਹੇ ਦਾ ਵੱਡਾ ਪੁਲੀਸ ਅਫ਼ਸਰ ਰਿਹਾ ਸੀ। ਕੂਕਿਆਂ ਤੇ ਇਸ ਬਹੁਤ ਜ਼ੁਲਮ ਤੇ ਹੱਦੋਂ ਵੱਧ ਸਖ਼ਤੀਆਂ ਕੀਤੀਆਂ ਸਨ। ਇਥੇ ਇਸਨੂੰ ਸਰਕਾਰ ਨੇ ਖ਼ੁਸ਼ ਹੋ ਕੇ ਮੁਰੱਬੇ ਦਿਤੇ ਸਨ ਅਤੇ ਇਹਨਾਂ ਆਪਣੇ ਨਾਂ ’ਤੇ ਹੀ ਪਿੰਡ ਵਸਾਇਆ ਸੀ। ਇਹ ਗੱਡੀ ਦਾ ਸਟੇਸ਼ਨ ਵੀ ਸੀ, ਉਸ ਪਿੰਡ ਵਿਚ ਦੁਰਗਾਪੁਰ ਜ਼ਿਲ੍ਹਾ ਜਲੰਧਰ ਦੇ ਨਾਮਧਾਰੀ ਸਿੰਘ ਰਹਿੰਦੇ ਸਨ। ਏਥੇ ਹੀ ਹਾਤਿਆਂ ਵਿਚ ਮਗਰੋਂ ਜਥੇਦਾਰ ਵਰਿਆਮ ਸਿੰਘ ਅਤੇ ਹੋਰ ਉਹਨਾਂ ਦੀ ਸੈਣੀ ਬਰਾਦਰੀ ਦੇ ਬਹੁਤ ਸਿੰਘ ਰਹਿੰਦੇ ਸਨ। ਜਦੋਂ ਦੀ ਮੈਂ ਗੱਲ ਕਰ ਰਿਹਾ ਹਾਂ, ਉਦੋਂ ਤਾਂ ਵਰਿਆਮ ਸਿੰਘ ਅਜੇ ਛੋਟਾ ਬੱਚਾ ਹੋਇਗਾ, ਮਸਾਂ ਸੱਤਾਂ ਅੱਠਾਂ ਸਾਲਾਂ ਦਾ। ਜਦੋਂ ਸਵੇਰੇ ਹਾਤਿਆਂ ਤੋਂ

ਤਿਆਰੀ ਕੀਤੀ ਬਾਬਰਟਨ ਨੂੰ ਮਿਲਣ ਲਈ ਉਹਦੇ ਕੋਲ ਜਾਣ ਲਈ, ਜੋ ਹੁਣ ਰੀਟਾਇਰ ਹੋ ਚੁੱਕਾ ਸੀ ਅਤੇ ਇੱਥੇ ਬੁੱਢੇਪਾ ਕੱਟ ਰਿਹਾ ਸੀ, ਤਾਂ ਸਤਿਗੁਰੂ ਜੀ ਨੇ ਇਥੋਂ ਇਕ ਸਿੰਘ ਨੂੰ ਪਹਿਲਾਂ ਹੀ ਬਾਰਬਟਨ ਵਲ ਅਗੇਤਾ ਭੇਜ ਦਿਤਾ ਕਿ ਸਾਡੇ ਅਤੇ ਸਿੰਘਾਂ ਦੇ ਆਉਣ ਦੀ ਉਹਨੂੰ ਇਤਲਾਹ ਦੇ ਦਿਓ। ਜੇ ਕੋਈ ਆਖੇ ਕਿ ਉਹ ਤਾਂ ਦੁਸ਼ਮਣ ਸੀ ਐਡਾ ਵੱਡਾ ਨਾਮਧਾਰੀਆਂ ਦਾ, ਉਸ ਨੂੰ ਮਿਲਣ ਜਾਣ ਦੀ ਭਲਾ ਸਤਿਗੁਰੂ ਜੀ ਨੂੰ ਕੀ ਲੋੜ ਸੀ। ਮਹਾਂਪੁਰਖ ਜਿਹੜੇ ਹੁੰਦੇ ਹਨ ਉਹ ਬੜੇ ਸਿਆਣੇ ਹੁੰਦੇ ਹਨ। ਸ਼ੱਤਰੂ ਮੀਤ ਦੀਆਂ ਗਿਣਤੀਆਂ ਮਿਣਤੀਆਂ ਤੋਂ ਵੀ ਉਤਾਂਹ ਉਠੇ ਹੁੰਦੇ ਹਨ। ਜਿਵੇਂ ਸ੍ਰੀ ਰਾਮ ਚੰਦਰ ਜੀ ਨੇ ਆਪਣੇ ਭਾਈ ਲਛਮਣ ਨੂੰ ਕਿਹਾ ਸੀ ਕਿ ਰਾਵਣ ਦਾ ਅੰਤ ਸਮਾਂ ਨੇੜੇ ਹੈ, ਜਾਓ ਉਸ ਤੋਂ ਕੋਈ ਸਿੱਖਿਆ ਲੈ ਆਓ। ਉਸ ਆਖਿਆ ਕਿ ਮੈਂ ਇਕ ਤਾਂ ਕਾਲ ਨੂੰ ਆਪਣੇ ਪਾਵੇ ਨਾਲ ਬੰਨ੍ਹ ਛੱਡਿਆ ਸੀ। ਇਹ ਸੋਚਦਾ ਰਿਹਾ ਕਿ ਇਹਨੂੰ ਅੱਜ ਮਾਰਦਾ ਹਾਂ। ਕੱਲ੍ਹ ਮਾਰਦਾ ਹਾਂ। ਓੜਕ ਇਸੇ ਕਾਲ ਨੇ ਮੈਨੂੰ ਮਾਰ ਲਿਆ ਹੈ। ਦੂਸਰੀ ਮੇਰੀ ਸਵਰਗ ਨੂੰ ਪੌੜੀਆਂ ਲਾਉਣ ਦੀ ਰੀਝ ਸੀ। ਉਹ ਵੀ ਵਿਚੇ ਰਹਿ ਗਈ ਹੈ। ਇਸ ਲਈ ਹੇ ਲਛਮਣ! ਜਿਹੜਾ ਕੰਮ ਕਰਨਾ ਹੋਵੇ, ਉਸ ਵਿਚ ਢਿਲ ਨਹੀਂ ਕਰਨੀ ਚਾਹੀਦੀ।" ਇਸ ਤਰ੍ਹਾਂ ਹੀ ਕਿਸੇ ਕਾਰਨ ਵੱਸ ਸਤਿਗੁਰੂ ਜੀ ਵੀ ਬਾਰਬਟਨ ਕੋਲ ਅੱਪੜ ਗਏ। ਸੰਗਤ ਦੇ ਸਮੇਤ। ਬਾਰਬਟਨ ਵੀ ਨਮਸਕਾਰ ਕਰਕੇ ਸਤਿਗੁਰਾਂ ਦੇ ਕੋਲ ਆ ਬੈਠਾ। ਭੈਣੀ ਸਾਹਿਬ ਗੁਰਦੁਆਰੇ ਦੀ ਸੁੱਖ ਅਨੰਦ ਪੁੱਛੀ। ਜਿੰਨੇ ਸਿੰਘ ਰਹਿੰਦੇ ਸਨ, ਸਭ ਦਾ ਨਾਮ ਲੈ ਲੈ ਕੇ। ਸਤਿਗੁਰਾਂ ਵੀ ਬਾਰਬਟਨ ਨਾਲ ਬਹੁਤ ਬਚਨ ਬਿਲਾਸ ਕੀਤੇ। ਫਿਰ ਬਾਰਬਟਨ ਨੇ ਕਿਹਾ ਕਿ ਤੁਹਾਡਾ ਕੂਕਿਆਂ ਦਾ ਸਲੂਕ ਬੜਾ ਏ। ਤੁਹਾਡੀਆਂ ਤਿੰਨਾਂ ਚਹੁੰਆਂ ਗੱਲਾਂ ਦਾ ਸਾਨੂੰ ਪਤਾ ਨਹੀਂ ਲਗਦਾ ਰਿਹਾ। ਇਕ ਤਾਂ ਤੁਹਾਡੀ ਅਸੀਂ ਡਾਕ ਨਹੀਂ ਫੜ ਸਕੇ। ਦੂਸਰਾ ਸਾਨੂੰ ਤੁਹਾਡੇ ਅਖੰਡ ਪਾਠ ਕਰਨ ਦਾ ਪਤਾ ਨਹੀਂ ਲਗਿਆ ਭੈਣੀ ਸਾਹਿਬ ਵਿਚ ਕਿ ਕਿਥੇ ਕਰਦੇ ਸਉ। ਤੀਜਾ ਜਿੰਨੇ ਵੀ ਨਾਮਧਾਰੀ ਸਿੱਖ ਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨ ਰੰਗੂਨ ਜਾਂ ਮਰਗੋਈ ਗਏ, ਉਹਨਾਂ ਵਿਚੋਂ ਕੋਈ ਫੜਿਆ ਨਹੀਂ ਗਿਆ, ਇਕ ਸਿਰਫ਼ ਮੀਹਾਂ ਸਿੰਘ ਸਰਹਾਲੀ ਵਾਲੇ ਤੋਂ ਬਿਨਾਂ। ਉਹ ਵੀ ਤਾਂ ਫੜਿਆ ਗਿਆ ਉਹ ਜੰਗਲਾ ਟੱਪ ਕੇ ਅੰਦਰ ਸਤਿਗੁਰਾਂ ਦੇ ਬੰਗਲੇ ਵਿਚ ਚਲਿਆ ਗਿਆ ਸੀ। ਜੇ ਜੰਗਲਾ ਨਾ ਟੱਪਦਾ ਤਾਂ ਉਹ ਵੀ ਨਹੀਂ ਫੜਿਆ ਜਾਣਾ ਸੀ। ਚੌਥਾ ਸਤਿਗੁਰਾਂ ਦੇ ਹੁਕਮਨਾਮੇ ਵੀ ਬਹੁਤ ਘੱਟ ਸਾਡੇ ਹੱਥ ਆਏ ਸਨ, ਜੋ ਉਹਨਾਂ ਉਧਰੋਂ ਭੇਜੇ ਸਨ। ਬਾਰਬਟਨ ਨੇ ਕਿਹਾ ਕਿ ਜਿਹੜੇ ਹੁਕਮਨਾਮੇ ਮੈਂ ਨਰਾਇਣ ਸਿੰਘ ਰੋਡਿਆਂ ਵਾਲੇ ਤੋਂ ਖੋਹੇ ਸਨ, ਹੁਸ਼ਿਆਰੀ ਤਾਂ ਉਸ ਬੜੀ ਕੀਤੀ ਸੀ ਪਰ ਮੇਰੀ ਨਿਗਾਹ ਪੈ ਗਈ ਜਿਸ ਕਰਕੇ ਮੈਂ ਝਾੜੀ ਵਿਚੋਂ ਜਾ ਕੱਢੇ। ਸਤਿਗੁਰੂ ਜੀ ਤਾਂ ਗਏ

ਹੀ ਇਹਨਾਂ ਹੁਕਮਨਾਮਿਆਂ ਵਾਸਤੇ ਬਾਰਬਟਨ ਪਾਸ ਸਨ। ਸਤਿਗੁਰੂ ਜੀ ਨੇ ਉਸਨੂੰ ਕਿਹਾ ਕਿ ਸਾਨੂੰ ਵੀ ਉਹਨਾਂ ਦਾ ਦਰਸ਼ਨ ਕਰਾ ਦਿਓ। ਅਸੀਂ ਪੜ੍ਹ ਕੇ ਸੰਗਤ ਨੂੰ ਸੁਣਾ ਦਿਆਂਗੇ। ਪਰ ਅਜੇ ਅੰਗ੍ਰੇਜ਼ ਹਕੂਮਤ ਸਤਿਗੁਰਾਂ ਵੱਡਿਆਂ ਦੇ ਨਾਂ ਤੋਂ ਹੀ ਕੰਬਦੀ ਸੀ। ਇਹ ਜ਼ਮਾਨਾ ਗਦਰ ਪਾਰਟੀ ਬਣਨ ਤੋਂ ਥੋੜ੍ਹਾ ਚਿਰ ਪਹਿਲਾਂ ਦਾ ਸੀ। ਬਾਰਬਟਨ ਸਤਿਗੁਰਾਂ ਦੀ ਹੁਕਮਨਾਮਿਆਂ ਦੇ ਦਰਸ਼ਨ ਕਰਨ ਵਾਲੀ ਗੱਲ ਨੂੰ ਬੜੀ ਹੁਸ਼ਿਆਰੀ ਨਾਲ ਟਾਲ ਗਿਆ। ਹੱਸ ਕੇ ਆਖਣ ਲੱਗਾ ਕਿ ਮੈਂ ਇਹਨਾਂ ਹੁਕਮਨਾਮਿਆਂ ਦਾ ਰੋਜ਼ ਨਿੱਤਨੇਮ ਨਾਲ ਪਾਠ ਕਰਦਾ ਹਾਂ। ਮੈਂ ਕਿਸੇ ਵਾਸਤੇ ਨਹੀਂ ਰੱਖੇ। ਫਿਰ ਉਸ ਗੁਰੂ ਜੀ ਨੂੰ ਕਿਹਾ ਕਿ ਦੋ ਆਦਮੀ ਤੁਹਾਡੇ ਡੇਰੇ ਵਿਚੋਂ ਸਾਨੂੰ ਤੁਹਾਡਾ ਭੇਤ ਦਿੰਦੇ ਸਨ। ਇਕ ਈਸ਼ਰ ਸਿੰਘ ਰਵਿਦਾਸੀਆ। ਲੱਤੋਂ ਲੰਙਾ ਸੀ। ਭੈਣੀ ਸਾਹਿਬ ਖੂਹੀ ਇਸ ਲਾਈ ਸੀ। ਰਵਿਦਾਸੀਆਂ ਦੇ ਡੇਰੇ ਰਹਿੰਦਾ ਸੀ। ਇਹ ਪਿੰਡ ਦੁਰਗਾਪੁਰ (ਜਲੰਧਰ) ਦਾ ਸੀ। ਦੂਜੀ ਲੋਹ ਝੋਕਣ ਵਾਲੀ ਮਾਈ ਕਰਮ ਕੌਰ। ਇਹਨਾਂ ਦੋਹਾਂ ਨੂੰ ਸੱਤ ਸੱਤ ਰੁਪੈ ਮਹੀਨਾ ਮੁਖਬਰੀ ਬਦਲੇ ਸਰਕਾਰੋਂ ਮਿਲਦੇ ਸਨ। ਪਰ ਜਦੋਂ ਇਹਨਾਂ ਦੋਹਾਂ ਕੋਲ ਕੋਈ ਖ਼ਬਰ ਪਹੁੰਚਦੀ ਸੀ। ਤੁਸੀਂ ਉਦੋਂ ਹੀ ਆਪਣਾ ਪੂਰਾ ਪ੍ਰਬੰਧ ਕਰ ਲੈਂਦੇ ਸਉ ਅਤੇ ਕਦੇ ਵੀ ਫੜੇ ਨਹੀਂ ਸਉ ਜਾਂਦੇ। ਦੋ ਘੰਟੇ ਇਥੇ ਸਾਰਾ ਦੌਰਾ ਬਾਰਬਟਨ ਪਾਸ ਰੁਕਿਆ ਰਿਹਾ।

**ਨਨਕਾਣਾ ਸਾਹਿਬ ਦੇ ਦਰਸ਼ਨ:**

ਸਤਿਗੁਰੂ ਜੀ ਹੁਣ ਘੋੜੇ 'ਤੇ ਸਵਾਰ ਹੋ ਕੇ ਪਹਿਲੇ ਗੁਰੂ ਜੀ ਦੀ ਜਨਮ ਭੂਮੀ, ਨਨਕਾਣਾ ਸਾਹਿਬ ਨੂੰ ਤੁਰ ਪਏ। ਬਾਣੀ ਵਿਚ ਲਿਖਿਆ ਏ, **"ਰਾਮ ਬਿਓਗੀ ਨਾ ਜੀਏ, ਜੀਏ ਤਾਂ ਬਉਰਾ ਹੋਇ।"** ਗੁਰੂ ਪ੍ਰਤਾਪ ਸਿੰਘ ਜੀ ਨੂੰ ਗੁਰੂ ਰਾਮ ਸਿੰਘ ਦਾ ਵਿਯੋਗ ਸੀ। ਹਰ ਇਕ ਨੂੰ ਗੁਰੂ ਰਾਮ ਸਿੰਘ ਜੀ ਦੀ ਗੱਲ ਪੁੱਛਦੇ ਸਨ। ਰਸਤੇ ਤੁਰੇ ਜਾਂਦਿਆਂ ਜਾਂ ਤਾਂ ਸਤਿਗੁਰਾਂ ਦੇ ਬਚਨ ਕਰਨੇ ਜਾਂ ਬਾਣੀ ਪੜ੍ਹਨੀ, ਨਾਮ ਜਪਣਾ। ਇਸ ਤਰ੍ਹਾਂ ਹੀ ਆਮ ਲੋਕ, ਸਤਿਗੁਰੂ ਜੀ ਦੇ ਮਨਾਂ ਨੂੰ ਮੋਹ ਲੈਣ ਵਾਲੇ ਦਰਸ਼ਨ ਕਰਕੇ, ਨਾਮਧਾਰੀ ਸਿੰਘ ਸਜਦੇ ਜਾਂਦੇ ਸਨ। ਨਨਕਾਣੇ ਸਾਹਿਬ ਪੁੱਜ ਗਏ ਸਤਿਗੁਰੂ। ਜੋ ਦੁਨੀਆਂ ਦੇ ਲੋਕ ਦਰਸ਼ਨ ਕਰਦੇ, ਸਭ ਨਿਹਾਲ ਹੋ ਜਾਂਦੇ। ਤਿੰਨ ਦਿਨ ਨਨਕਾਣੇ ਸਾਹਿਬ ਮੇਲਾ ਰਿਹਾ, ਕੱਤਕ ਦੀ ਪੂਰਨਮਾਸ਼ੀ ਨੂੰ। ਸਵੇਰੇ ਆਸਾ ਦੀ ਵਾਰ ਲੱਗਦੀ। ਕਾਲੂ ਕੇ ਰਾਗੀ ਅਤੇ ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ ਵਾਰ ਲਾਉਂਦੇ। ਦੁਪਹਿਰੇ ਢੋਲਕੀ ਛੈਣਿਆਂ ਨਾਲ ਕੀਰਤਨ ਹੁੰਦਾ। ਸੰਤ ਬੰਤਾ ਸਿੰਘ ਜੀ ਬੂੜੇ ਡੱਲੀਏ ਅਤੇ ਸੰਤ ਆਲਾ ਸਿੰਘ ਜੀ ਵਰਨ ਦੇ ਜਥੇ ਕੀਰਤਨ ਕਰਦੇ। ਪ੍ਰਚਾਰ ਕਰਦੇ ਇਕ ਰਸ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਫਤੂਹੀ ਚੱਕੀਏ। ਜਿਹਨਾਂ ਨੂੰ ਕਦੇ ਕਦੇ ਪ੍ਰੇਮ ਵਿਚ ਆ ਕੇ ਸੰਗਤ 'ਮੰਗਲ ਸਿੰਘ ਭੂਤਨਾ' ਦਾ ਖ਼ਿਤਾਬ ਵੀ ਦੇ

ਦਿੰਦੀ। ਲਉਢੇ ਵੇਲੇ ਦੀਵਾਨ ਦੀ ਚੌਕੀ ਸੰਤ ਹਰਨਾਮ ਸਿੰਘ ਜੀ ਰਾਗੀ ਚਵਿੰਡੇ ਵਾਲੇ ਭਰਦੇ। ਰਾਤ ਦਾ ਦੀਵਾਨ, ਚੌਕੀਓਂ ਮਗਰੋਂ ਸੰਤ ਟਹਿਲ ਸਿੰਘ ਜੀ ਸੱਦੋਵਾਲ ਤੇ ਸੰਤ ਭਗਤ ਸਿੰਘ ਜੀ ਦਾਤੇਵਾਲ ਸਾਰੀ ਰਾਤ ਲਾਉਂਦੇ। ਦੁਨੀਆਂ ਦੇ ਕੁੱਲ ਭੇਖ ਜਿਹੜੇ ਵੀ ਇਹ ਪ੍ਰਚਾਰ, ਕਥਾ ਕੀਰਤਨ, ਦੀਵਾਨ ਸੁਣਦੇ ਧੰਨ ਧੰਨ ਕਰਦੇ ਜਾਂਦੇ। ਬੜਾ ਰਸ ਬੱਝਦਾ। ਫਿਰ ਦੌਰਾ ਤੁਰ ਪਿਆ। ਇਹ ਪ੍ਰਸੰਗ 1967 ਬਿਕ੍ਰਮੀ (1910 ਈ.) ਦਾ ਹੈ।

ਮਾਘੀ ਮੁਕਤਸਰ ਤੇ ਦੌਰਾ ਮਾਲਵਾ:

ਇਸ ਜਗ੍ਹਾ ਤੋਂ ਸਤਿਗੁਰਾਂ ਨੇ ਊਠਾਂ ਵਾਲਿਆਂ ਬਾਬਿਆਂ ਵੀਰ ਸਿੰਘ, ਸੰਤਾ ਸਿੰਘ ਤੇ ਸੁਰਜਨ ਸਿੰਘ ਹੋਰਾਂ ਨੂੰ ਵੱਖ-ਵੱਖ ਇਲਾਕਿਆਂ ਦੀ ਉਗਰਾਹੀ ਕਰਨ ਵਾਸਤੇ ਤੋਰ ਦਿਤਾ, ਲੰਗਰ ਸ੍ਰੀ ਭੈਣੀ ਸਾਹਿਬ ਲਈ। ਗੁਰੂ ਜੀ ਨੱਕੇ ਦੇ ਇਲਾਕੇ ਵਿਚੋਂ ਹੋ ਕੇ, ਮਾਂਗਾ ਲਾਹੌਰ ਦੇ ਇਲਾਕੇ ਵਿਚ ਦੌਰਾ ਲੈ ਗਏ। ਮੈਂ ਬਾਬਾ ਵੀਰ ਸਿੰਘ ਜੀ ਦੇ ਨਾਲ ਉਗਰਾਹੀ ਨੂੰ ਚਲਾ ਗਿਆ, ਅਤੇ ਸਤਿਗੁਰੂ ਜੀ ਮਾਘੀ ਦੇ ਮੇਲੇ ਤੇ ਪੜਾਓ ਪੜਾਈ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਮੁਕਤਸਰ ਪੁਜ ਗਏ। ਸਾਰੇ ਉਗਰਾਹਿਆਂ ਦੇ ਸਮੇਤ ਅਸੀਂ ਵੀ ਮਾਘੀ ਤੇ ਮੁਕਤਸਰ ਪੁੱਜੇ ਅਤੇ ਗੁਰੂ ਜੀ ਦੇ ਦਰਸ਼ਨ ਮੇਲੇ ਜਾ ਕੀਤੇ। ਮਾਘੀ ਤੋਂ ਬਾਅਦ ਮਾਲਵੇ ਦਾ ਦੌਰਾ ਸ਼ੁਰੂ ਹੋ ਗਿਆ। ਇਸ ਤਰ੍ਹਾ ਸੰਗਤਾਂ ਨੂੰ ਤਾਰਦੇ ਫਿਰੇ। ਸ਼ਬਦ ਕੀਰਤਨ ਹੋਣਾ। ਰੋਜ਼ ਅਨੇਕਾਂ ਲੋਕਾਂ ਮਾਸ ਸ਼ਰਾਬ ਛੱਡ ਕੇ ਭਜਨ ਪੁੱਛਣਾ। ਬੀਰ ਰਸ ਭਜਨ ਬਾਣੀ ਦੇ ਪ੍ਰਤਾਪ ਨਾਲ ਸਿੰਘਾਂ ਵਿਚ ਭਰਿਆ ਰਹਿਣਾ। ਇਕ ਦਿਨ ਦੌਰੇ ਦੇ ਦੌਰਾਨ ਜਦੋਂ ਕਾਹਨ ਸਿੰਘ ਵਾਲਾ ਪਿੰਡ ਵਿਚ ਊਠ ਚਾਰ ਰਹੇ ਸਾਂ, ਊਧਮ ਸਿੰਘ ਜੋ ਉਮਰ ਵਿਚ ਮੈਥੋਂ ਪੰਜ ਵਰ੍ਹੇ ਵੱਡਾ ਸੀ, ਮੇਰੇ ਨਾਲ ਲੜ ਪਿਆ। ਊਧਮ ਸਿੰਘ ਨੇ ਜਿਹੜੇ ਊਠ ਮੈਂ ਚਾਰਦਾ ਸਾਂ, ਉਹ ਅੱਗੜ ਪਿੱਛੜ ਬੰਨ੍ਹ ਕੇ ਮੇਰੀਆਂ ਬਾਹਵਾਂ ਪਿੱਛੇ ਬੰਨ੍ਹ ਕੇ, ਇਕ ਊਠ ਨਾਲ ਮੈਨੂੰ ਨੂੜ ਦਿੱਤਾ ਤੇ ਕਹਿਣ ਲੱਗਾ ਊਧਮ ਸਿੰਘ, ਊਠ ਪਿੰਡ ਲੈ ਜਾ ਅਤੇ ਜਿਹੜਾ ਤੇਰਾ ਹਮਾਇਤੀ ਹੈ ਉਹਨੂੰ ਸੱਦ ਲਿਆ। ਮੈਂ ਰੋਂਦਾ ਰੋਂਦਾ ਊਠ ਖਿੱਚੀ ਪਿੰਡ ਨੂੰ ਆ ਗਿਆ। ਖੂਹ ਤੇ ਸਤਿਗੁਰੂ ਜੀ ਇਸ਼ਨਾਨ ਕਰ ਰਹੇ ਸਨ। ਸਤਿਗੁਰਾਂ ਜਦੋਂ ਮੇਰੀ ਰੋਂਦੇ ਦੀ ਆਵਾਜ਼ ਸੁਣੀ ਤਾਂ ਤੜੱਕ ਗਿੱਲੇ ਕਛਹਿਰੇ ਪਰਨੇ ਨਾਲ ਹੀ ਭੱਜੇ ਆਏ। ਵੇਖ ਕੇ ਮੈਨੂੰ ਹੁਕਮ ਕੀਤਾ ਕਿ ਕਿਸ ਬੰਨ੍ਹੀਆਂ ਨੇ ਤੇਰੀਆਂ ਬਾਹਾਂ, ਮੈਂ ਉਹਨੂੰ ਹੁਣੇ ਪੁੱਛਦਾ ਹਾਂ। ਮੈਂ ਕਿਹਾ "ਜੀ ਊਧਮ ਸਿੰਘ ਨੇ ਬੰਨ੍ਹੀਆਂ ਨੇ।" ਸਤਿਗੁਰਾਂ ਨੇ ਮੇਰੀਆਂ ਬਾਹਾਂ ਖੋਲ੍ਹ ਦਿਤੀਆਂ ਅਤੇ ਮੈਨੂੰ ਹੁਕਮ ਕੀਤਾ ਕਿ ਊਠ ਲੈ ਜਾ ਪਿੰਡ ਨੂੰ। ਰਾਤ ਨੂੰ ਆਪ ਨੇ ਊਠਾਂ ਵਾਲਿਆਂ ਨੂੰ ਸੱਦ ਕੇ ਕਿਹਾ, "ਕਿਉਂ ਇਸ ਬੱਚੇ ਦੀਆਂ ਬਾਹਾਂ ਬੰਨ੍ਹੀਆਂ ਸਾ ਜੇ।" ਇਹਦਾ ਕੋਈ ਨਹੀਂ ਸਮਝਿਆ ਤੁਸਾਂ। ਇਹ ਬੱਚਾ ਮੇਰਾ ਏ, ਜੇ ਅਗਾਂਹ ਤੋਂ ਇਹਨੂੰ ਕਿਸੇ ਕੁਝ ਕਿਹਾ, ਫਿਰ ਮੈਂ ਪੁੱਛਾਂਗਾ।" ਊਧਮ

ਸਿੰਘ ਨੇ ਕਿਹਾ ਕਿ ਇਹ ਮੋੜੇ ਨਹੀਂ ਲਾਉਂਦਾ। ਗੁਰੂ ਜੀ ਹੁਕਮ ਕੀਤਾ ਠੇਠਰਕਿਆਂ ਵਾਲਾ ਦਲੀਪ ਸਿੰਘ ਊਠ ਚਾਰਿਆ ਕਰੂ। ਇਹ ਵਿਹਲਾ ਰਿਹਾ ਕਰੂ। ਇਹ ਦਲੀਪ ਸਿੰਘ ਹਕੀਮ ਜੀਵਨ ਨਗਰ ਦੇ ਪਾਸ ਸੰਤਾਂ ਵਾਲੀ ਕਾਫ਼ੀ ਸਮਾਂ ਰਹੇ ਹਨ। ਇਸ ਤਰ੍ਹਾਂ ਮੰਜ਼ਲੋ ਮੰਜ਼ਲੀ ਸਤਿਗੁਰੂ ਜੀ ਲਾਹੌਰ ਹੋਲੇ 'ਤੇ ਪੁੱਜ ਗਏ। ਹੋਲਾ ਵੇਖਿਆ। ਹੋਲਾ ਬਹੁਤ ਭਰਪੂਰ ਹੋਇਆ। ਇਹ ਹੋਲਾ ਬਿਕ੍ਰਮੀ ਸੰਬਤ 1967 ਨੂੰ ਹੋਇਆ ਸੀ। ਇਸ ਹੋਲੇ ਦੀ ਅਜੀਬ ਕਥਾ ਹੈ।

ਸੰਤ ਜਿਊਣ ਸਿੰਘ ਜੀ ਸਰਹਾਲੀ ਵਾਲਿਆਂ ਦੇ ਚਿੱਤ ਵਿਚ ਚਾਅ ਆਇਆ ਕਿ ਆਪਣੇ ਮਾਂ ਪਿਓ ਦੀ ਗੋਦ ਵਿਚ ਬਹਿਣਾ ਚਾਹੀਦਾ ਹੈ, ਜਿਵੇਂ ਧਰੂ ਬੈਠਾ ਸੀ। ਹੋਲੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਪੈ ਰਿਹਾ ਸੀ। ਸੰਤਾਂ ਨੇ ਆਪਣੇ ਆਸਣ ਤੋਂ ਉਠ ਕੇ ਦੀਵਾਨ ਵਿਚ ਫੇਰੀ ਦਿਤੀ। ਸਰੀਰ ਤਾਂ ਬਿਰਧ ਹੀ ਸੀ ਪਰ ਮਾਰ ਕੇ ਛਾਲ ਦਰਬਾਰ ਸਾਹਿਬ ਤੇ ਜਾ ਬੈਠੇ। ਚਾਰ ਚੁਫੇਰਿਓਂ ਆਵਾਜ਼ ਹੋ ਗਈ, ਫੜ ਲਓ, ਮਾਰ ਦਿਓ ਏਸ ਕੀ ਕੀਤਾ। ਖਿੱਚ ਕੇ ਲੈ ਗਏ ਸੰਤਾਂ ਨੂੰ ਜਾ ਕੇ ਅੰਦਰ ਦੇ ਦਿਤਾ। ਸਤਿਗੁਰੂ ਜੀ ਨੇ ਸ਼ਰੱਈ ਸਿੱਖਾਂ ਦੀਆਂ ਤੱਤੀਆਂ ਤੱਤੀਆਂ ਸੁਣਕੇ ਅਤੇ ਦੂਸਰੇ ਸਿੱਖ ਭੇਖਾਂ ਦੀਆਂ ਪਵਿੱਤਰ ਗੁਰਬਾਣੀ ਪ੍ਰਤੀ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ - ਸੰਤ ਜਿਊਣ ਸਿੰਘ ਜੀ ਨੂੰ ਨਾਮਧਾਰੀ ਪੰਥ ਵਿਚੋਂ ਕੱਢਣ ਦਾ ਐਲਾਨ ਕਰਵਾ ਦਿਤਾ। ਮੁਹਾਵੇ ਵਾਲੇ ਸੰਤ ਕੇਸਰ ਸਿੰਘ ਹੋਰੀਂ ਉਹਨਾਂ ਦੇ ਜੋਟੀਦਾਰ ਸਨ। ਉਹਨਾਂ ਨੇ ਜਾ ਕੇ ਕੋਠੇ ਦਾ ਬੂਹਾ ਖੋਹਲਿਆ ਅਤੇ ਸੰਤ ਜਿਊਣ ਸਿੰਘ ਹੋਰਾਂ ਨੂੰ ਨਾਲ ਲੈ ਕੇ ਆਪਣੇ ਨਗਰਾਂ ਵੱਲ ਚਲੇ ਗਏ। ਸਤਿਗੁਰੂ ਜੀ ਇਥੋਂ ਦੌਰਾ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਪੁਜ ਗਏ।

ਅੰਮ੍ਰਿਤਸਰ ਵੈਸਾਖੀ ਦਾ ਮੇਲਾ ਵੇਖਣ ਵਾਸਤੇ ਸੰਤ ਜਿਊਣ ਸਿੰਘ ਤੇ ਸੰਤ ਕੇਸਰ ਸਿੰਘ ਹੋਰੀਂ ਗਏ। ਸਿੰਘ ਸਭੀਆਂ, ਪੁਜਾਰੀਆਂ ਤੇ ਨਿਹੰਗ ਸਿੰਘਾਂ ਨੇ ਰਲ ਕੇ ਪੁੱਛਿਆ, "ਜਿਊਣ ਸਿੰਘਾ! ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਿਅਦਬੀ ਕਿਉਂ ਕੀਤੀ?" ਉਸ ਕਿਹਾ ਕਿ ਜੇ ਮੈਂ ਬਿਅਦਬੀ ਕੀਤੀ ਸੀ ਤਾਂ ਤੁਸੀਂ ਮੇਰਾ ਸਿਰ ਵੱਢ ਲੈਣਾ ਸੀ। ਕਿਉਂ ਜੋ ਉਹ ਮੇਰਾ ਪਿਉ ਸੀ, ਮੈਂ ਆਪਣੇ ਪਿਉ ਦੀ ਗੋਦ ਵਿਚ ਹੀ ਬੈਠਾ ਸਾਂ।" ਜਾਂ ਤੁਸੀਂ ਕਹਿ ਦਿਓ, "ਉਹ ਪਿਉ ਨਹੀਂ," ਸੰਤਾਂ ਨੇ ਆਖਿਆ, "ਧਰੂ ਭਗਤ ਵੀ ਆਪਣੇ ਪਿਉ ਦੀ ਗੋਦ ਵਿਚ ਬੈਠਾ ਸੀ। ਮਤਰੇਈਆਂ ਨੇ ਬਾਹੋਂ ਫੜ ਕੇ ਉਠਾ ਦਿਤਾ ਸੀ। ਇਸੇ ਤਰ੍ਹਾਂ ਮੈਨੂੰ ਸ਼ਰੱਈਆਂ ਨੇ ਉਠਾ ਦਿਤਾ ਸੀ। ਬਾਣੀ ਆਖਦੀ ਏ:

"ਜੇ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰ ਤਲੀ ਗਲੀ ਮੋਰੀ ਆਉ

ਸਿਰ ਦੀਜੈ ਕਾਨ ਨਾ ਕੀਜੈ
ਇਤ ਮਾਰਗ ਪੈਰ ਧਰੀਜੈ।।
ਆਪਾਂ ਆਪਣੇ ਸਿਰ ਦਾ ਲਿਹਾਜ ਨਹੀਂ ਕੀਤਾ।
"ਜੇ ਸਿਰ ਦਿਤਿਆਂ ਸਹੁ ਮਿਲੈ ਤਉ ਭੀ ਸਸਤਾ ਜਾਣ।"

"ਜੇ ਮੇਰੀ ਧੂਅ ਘਸੀਟ ਕੀਤੀ, ਮੈਨੂੰ ਕੋਠੇ ਵਿਚ ਬੰਦ ਕਰ ਦਿਤਾ, ਜਾਂ ਮੈਨੂੰ ਪੰਥ ਵਿਚੋਂ ਕੱਢ ਦਿੱਤਾ ਗਿਆ ਹੈ ਤਾਂ ਮੇਰਾ ਕੁਝ ਵਿਗੜ ਤਾਂ ਨਹੀਂ ਗਿਆ। ਉਹ ਸਿਰ ਦਿਤਿਆਂ ਮਿਲਦਾ ਹੈ, ਮੈਨੂੰ ਚਾਰ ਧੱਕਿਆਂ ਨਾਲ ਹੀ ਮਿਲ ਗਿਆ।" ਗੱਲ ਆਈ ਗਈ ਹੋ ਗਈ।

ਸੰਤ ਲਾਲ ਸਿੰਘ ਭੂਰੇ ਗਿੱਲ ਵਾਲਿਆਂ ਪੁੱਛਿਆ, "ਸਤਿਗੁਰੂ ਰਾਮ ਸਿੰਘ ਜੀ ਗੱਦੀ ਕਿਹਨੂੰ ਦੇ ਗਏ ਸਨ ਓ ਜਿਊਣ ਸਿੰਘਾ!

"ਸਤਿਗੁਰੂ ਹਰੀ ਸਿੰਘ ਨੂੰ।" ਸੰਤਾਂ ਉਤਰ ਦਿਤਾ।

"ਗੁਰੂ ਹਰੀ ਸਿੰਘ ਜੀ ਦੀ ਗੱਦੀ 'ਤੇ ਹੁਣ ਕੌਣ ਬਰਾਜਮਾਨ ਏਂ?

"ਗੁਰੂ ਪ੍ਰਤਾਪ ਸਿੰਘ ਜੀ।" ਸੰਤਾਂ ਆਖਿਆ।

ਸੰਤ ਲਾਲ ਸਿੰਘ ਹੋਰਾਂ ਬਚਨ ਹੋਰ ਅੱਗੇ ਤੋਰਦਿਆਂ ਕਿਹਾ, "ਜਦੋਂ ਸਤਿਗੁਰੂ ਰਾਮ ਸਿੰਘ ਜੀ ਕਾਹਨੇ ਵਾਲੇ ਜਮੀਅਤ ਸਿੰਘ ਪਾਸ ਗਏ ਸਨ ਤਾਂ ਜਮੀਅਤ ਸਿੰਘ ਹੋਰਾਂ ਭਜਨ ਲੈਣ ਦੀ ਬੇਨਤੀ ਕੀਤੀ ਸੀ। ਸਤਿਗੁਰਾਂ ਨੇ ਕਿਹਾ ਸੀ ਕਿ ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਵਾਲੀ ਸਿੱਖੀ ਦੇ ਢਾਈ ਸਿੱਖ ਲੱਭੇ ਹਨ ਸਾਰੇ ਪੰਜਾਬ ਵਿਚੋਂ। ਤੁਸੀਂ ਉਹਨਾਂ ਵਿਚੋਂ ਇਕ ਹੋ ਅਤੇ ਆਪ ਭਜਨ ਦਾ ਹੀ ਰੂਪ ਹੋ। ਬਾਬੇ ਜਮੀਅਤ ਸਿੰਘ ਹੋਰਾਂ ਨੇ ਦੋਬਾਰਾ ਬੇਨਤੀ ਕੀਤੀ ਸੀ ਕਿ ਤੁਸੀਂ ਮੌਕੇ ਦੇ ਅਫ਼ਸਰ ਹੋ ਅਤੇ ਮੌਕੇ ਦੇ ਅਫ਼ਸਰ ਤੋਂ ਵੀ ਮੁਹਰ ਛਾਪ ਲੁਆਉਣੀ ਪੈਂਦੀ ਹੈ। ਟਾਲੋ ਨਾ ਕਿਰਪਾ ਕਰੋ। ਫਿਰ ਉਹਨਾਂ ਨੂੰ ਭਜਨ ਦੀ ਦਾਤ ਬਖ਼ਸ਼ੀ ਗਈ ਸੀ। ਢਾਈ ਸਿੱਖ ਇਉਂ ਸਨ, ਜਮੀਅਤ ਸਿੰਘ ਕਾਹਨੇ ਵਾਲਾ ਤੇ ਲਹਿਣਾ ਸਿੰਘ ਘਰਜਾਖੀਆ ਦੋਏ ਪੂਰੇ ਅਤੇ ਅੱਧੇ ਬਾਬਾ ਜਮੀਅਤ ਸਿੰਘ ਗਿੱਲਾਂ ਵਾਲੇ। ਜਿਹੜੇ ਲਹਿਣਾ ਸਿੰਘ ਅਤੇ ਜਮੀਅਤ ਸਿੰਘ ਹੋਰੀਂ ਸਨ ਇਹ ਕਛਹਿਰੇ ਦੀ ਮਰਯਾਦਾ ਦੇ ਪਾਬੰਦ ਨਹੀਂ ਸਨ। ਮੁਹਾਵੇ ਵਾਲਾ ਕੇਸਰ ਸਿੰਘ ਵੀ ਕਛਹਿਰੇ ਤੋਂ ਕਈ ਵੇਰ ਆਜ਼ਾਦ ਹੋ ਜਾਂਦਾ ਸੀ। ਜਮੀਅਤ ਸਿੰਘ ਗਿੱਲਾਂ ਵਾਲਾ ਵਿਆਜ ਲੈ ਲੈਂਦਾ ਸੀ ਜਿਸ ਕਰਕੇ ਅੱਧਾ ਸਿਖ ਰਹਿ ਗਿਆ ਸੀ। ਸੰਤਾਂ ਲਾਲ ਸਿੰਘ ਹੋਰਾਂ ਨੇ ਜਿਊਣ ਸਿੰਘ ਜੀ ਨੂੰ ਆਖਿਆ।

"ਜੇ ਉਹ (ਸਤਿਗੁਰੂ ਪ੍ਰਤਾਪ ਸਿੰਘ) ਗੁਰੂ ਹਰੀ ਸਿੰਘ ਦੀ ਗੱਦੀ ਤੇ ਹਨ ਤਾਂ ਮੌਕੇ ਦੇ ਅਫ਼ਸਰ ਹਨ। ਜਿਵੇਂ ਤੁਹਾਡੀ ਸ਼ਰਧਾ ਜ਼ਿਆਦਾ ਸਤਿਗੁਰੂ ਰਾਮ ਸਿੰਘ ਜੀ ਦੇ ਸਰੂਪ 'ਤੇ ਹੈ ਤਿਵੇਂ ਮੇਰੀ ਸ਼ਰਧਾ ਜ਼ਿਆਦਾ ਗੁਰੂ ਹਰੀ ਸਿੰਘ ਜੀ 'ਤੇ ਸੀ। ਪਰ

ਮੌਕੇ ਦੇ ਅਫ਼ਸਰ ਅੱਗੇ ਵੀ ਨਿਊਣਾ ਚਾਹੀਦਾ ਹੈ। ਸੋ ਉਹਨਾਂ ਜਿਹੜਾ ਹੁਕਮ ਜਿਊਣ ਸਿੰਘ ਜੀ ਤੁਹਾਨੂੰ ਪੰਥ ਵਿਚੋਂ ਕੱਢਣ ਵਾਲਾ ਕੀਤਾ ਹੈ ਆਪਾਂ ਚੱਲ ਕੇ ਉਹਨਾਂ ਤੋਂ ਆਪਣੀ ਕੀਤੀ ਦੀ ਭੁੱਲ ਮੰਨ ਲਈਏ।"

ਸੰਤ ਜਿਊਣ ਸਿੰਘ ਜੀ ਕੋਈ ਅੱਜ ਦੇ ਸਿੱਖਾਂ ਵਰਗੇ ਨਹੀਂ ਸਨ ਜਿਹੜੇ ਕਹਿੰਦੇ ਕਿ ਅਸਾਂ ਤਾਂ ਕਦੇ ਭੁੱਲ ਕੀਤੀ ਹੀ ਨਹੀਂ, ਸਗੋਂ ਗੁਰੂ ਜੀ ਭੁੱਲ ਜਾਂਦੇ ਹਨ। ਸੰਤਾਂ ਨੂੰ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਿਆ ਹੀ ਨਿਊਣ ਦੀ ਦਿਤੀ ਸੀ। ਫਰੀਦ ਜੀ ਕਹਿੰਦੇ ਹਨ:

"ਜੋ ਤੈ ਮਾਰਨ ਮੁਕੀਆਂ ਤਿਨਾਂ ਨਾ ਮਾਰੀ ਘੁੰਮਿ॥
ਆਪਨੜੈ ਘਰ ਜਾਈਐ ਪੈਰ ਤਿਨਾੜੇ ਚੁੰਮਿ।"

ਬਚਨ ਸੁਣਦਿਆਂ ਸਾਰ ਹੀ ਸੰਤ ਜਿਊਣ ਸਿੰਘ ਜੀ ਉੱਠ ਕੇ ਤੁਰ ਪਏ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲ। ਮੱਥਾ ਟੇਕਣ ਤੋਂ ਬਾਅਦ ਬੇਨਤੀ ਕੀਤੀ ਕਿ ਬਖ਼ਸ਼ ਲਵੋ ਜੀ, ਮੈਂ ਭੁੱਲ ਗਿਆ ਸਾਂ। ਸਤਿਗੁਰੂ ਜੀ ਨੇ ਬਚਨ ਕੀਤਾ, "ਸੰਤ ਜੀ, ਗੁਰਬਾਣੀ ਸਤਿਕਾਰ ਨੂੰ ਮੁੱਖ ਰੱਖਦਿਆਂ ਮੈਂ ਇਸ ਤੋਂ ਇਲਾਵਾ ਹੋਰ ਕੁਝ ਕਰ ਹੀ ਨਹੀਂ ਸਕਦਾ ਸਾਂ, ਉਂਝ ਤੁਹਾਡੇ ਜਿਹੇ ਸਿੱਖ ਜਿਹਨਾਂ ਦਾ ਹਿਰਦਾ ਸਤਿਗੁਰੂ ਰਾਮ ਸਿੰਘ ਦਾ ਨਿਵਾਸ ਸਥਾਨ ਹੋਵੇ, ਬਾਰੇ ਕੋਈ ਕਠੋਰ ਕਾਰਵਾਈ ਕਸ਼ਟ ਤਾਂ ਮੈਨੂੰ ਵੀ ਪੁਚਾਉਂਦੀ ਹੈ।" ਸੰਤ ਮੰਡਲੀ ਸਾਰੀ ਹੀ ਮਸਤਾਨੀ ਬਿਰਤੀ ਵਿਚ ਹੋ ਕੇ ਆਪੋ ਆਪਣੇ ਡੇਰੇ 'ਤੇ ਪੁੱਜ ਗਈ। ਉਹ ਬਚਨ ਸਿੱਧ ਹੋ ਗਿਆ ਜੋ ਸਤਿਗੁਰ ਪ੍ਰਤਾਪ ਸਿੰਘ ਜੀ ਨੇ 45 ਚੱਕ ਸਰਗੋਧੇ ਦੇ ਹੋਲੇ ਸਮੇਂ ਪਿਛਲੇ ਵਰ੍ਹੇ ਹੀ ਫੁਰਮਾਇਆ ਸੀ ਕਿ ਹੁਣ ਅੱਗੇ ਕੋਈ ਨਹੀਂ ਅੜੇਗਾ। ਸੰਤ ਜਿਊਣ ਸਿੰਘ ਜੀ ਪੰਥ ਵਿਚ ਆ ਗਏ। ਸੰਤ ਜਿਊਣ ਸਿੰਘ ਜੀ ਨੂੰ ਐਡਾ ਵੱਡਾ ਖ਼ਿਤਾਬ ਗੁਰੂ ਜੀ ਨੇ ਇਸ ਲਈ ਦਿਤਾ ਸੀ ਕਿਉਂ ਜੁ ਇਕ ਵੇਰ ਨਹਿਰ ਦੇ ਕੰਢੇ ਤੁਰੇ ਜਾਂਦਿਆਂ, ਸੰਤ ਜਿਊਣ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਦਾ ਨਾਂ ਲੈ ਕੇ ਆਹ ਭਰੀ ਸੀ, "ਹਾਇ ਰਾਮਿਆ, ਹੁਣ ਤੇ ਆ ਮਿਲ।" ਸਤਿਗੁਰੂ ਜੀ ਰੰਗੂਨ ਜੇਲ੍ਹ ਵਿਚ ਇਸ਼ਨਾਨ ਕਰਕੇ ਪਹੁੰਚਾ ਬਦਲ ਰਹੇ ਸਨ ਕਛਹਿਰੇ ਦਾ। ਉਸੇ ਰੂਪ ਵਿਚ ਹੀ ਇਕ ਪਹੁੰਚਾ ਹੱਥ ਵਿਚ ਤੇ ਇਕ ਲੱਤ ਵਿਚ ਪ੍ਰਤੱਖ ਦਰਸ਼ਨ ਸੰਤ ਜਿਊਣ ਸਿੰਘ ਜੀ ਨੂੰ ਹੋਏ। ਐਡੀ ਮਹਾਨ ਹਸਤੀ ਸੀ ਸੰਤਾਂ ਦੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਤਾਪ ਦਿਨੋ ਦਿਨ ਦੂਣ ਸਵਾਇਆ ਵਧਣ ਲਗ ਪਿਆ। ਜਿਹਨਾਂ ਕੂਕਿਆਂ ਦੇ ਮਨਾਂ ਵਿਚ ਆਪ ਬਾਰੇ ਕੋਈ ਮਾੜੀ ਮੋਟੀ ਸ਼ੰਕਾ ਸੀ, ਸਭ ਦੂਰ ਹੋ ਗਈ। ਸਭ ਨੇ ਮੰਨ ਲਿਆ ਕਿ ਸਤਿਗੁਰੂ ਰਾਮ ਸਿੰਘ ਦੀ ਜੋਤ ਹੀ ਗੁਰੂ ਹਰੀ ਸਿੰਘ ਜੀ ਦੀ ਮਾਰਫ਼ਤ ਸਤਿਗੁਰੂ ਪ੍ਰਤਾਪ ਸਿੰਘ ਵਿਚ ਪੁਜ ਗਈ ਹੈ।

ਲਾਹੌਰ ਦਾ ਹੋਲਾ ਕਰਨ ਉਪਰੰਤ ਸਤਿਗੁਰੂ ਜੀ ਵਾਪਸੀ ਦੌਰੇ ਨਾਲ ਸ੍ਰੀ ਭੈਣੀ ਸਾਹਿਬ ਪੁਜ ਗਏ। ਹੋਲੇ ਤੋਂ ਬਾਅਦ ਸਤਿਗੁਰੂ ਜੀ ਛੇ ਮਹੀਨੇ ਦੌਰਾ ਨਹੀਂ ਸਨ ਕਰਦੇ। ਸ੍ਰੀ ਭੈਣੀ ਸਾਹਿਬ ਸਰਹਿੰਦ ਵਾਲੀ ਨਹਿਰ, ਜਿਹਨੂੰ ਰੋਪੜ ਵਾਲੀ ਨਹਿਰ ਵੀ ਅਸੀਂ ਆਖਦੇ ਸਾਂ, ਉੱਤੇ ਡੇਰਾ ਰੱਖਦੇ ਸਨ। ਉਥੇ ਅਖਾੜਾ ਬਣਾਇਆ ਹੋਇਆ ਸੀ ਜਿਥੇ ਆਪ ਘੁਲਦੇ ਸਨ ਅਤੇ ਜ਼ੋਰ ਕਰਿਆ ਕਰਦੇ ਸਨ। ਚੱਕ ਵਾਲਾ ਗੁਰਬਖ਼ਸ਼ ਸਿੰਘ ਤੇ ਚੱਕ ਦੇ ਹੀ ਭਾਈ ਵਜ਼ੀਰ ਸਿੰਘ ਅਖਾੜੇ ਵਿਚ ਹਮੇਸ਼ਾ ਨਾਲ ਰਹਿੰਦੇ ਸਨ। ਮਾਘਾ ਸਿੰਘ ਅਲੌੜ ਵਾਲਾ ਵੀ ਆਪ ਨਾਲ ਜ਼ੋਰ ਕਰਦਾ ਹੁੰਦਾ ਸੀ। ਇਹ ਘੁਲਦਾ ਅਤੇ ਭੱਜਦਾ ਬਹੁਤ ਸੀ। ਰਾਖ ਵਾਲੇ ਸਰਦਾਰ ਸੰਪੂਰਨ ਸਿੰਘ ਦਾ ਪੁੱਤਰ ਜੰਗ ਸਿੰਘ ਅਤੇ ਸ. ਕੇਹਰ ਸਿੰਘ ਰਾਖ ਵਾਲੇ ਵੀ ਕਦੇ ਕਦੇ ਘੁਲਦੇ ਸਨ, ਪਾਤਸ਼ਾਹ ਜੀ ਦੇ ਨਾਲ।

ਨਹਿਰ ਵਾਲਾ ਡੇਰਾ:

ਨਹਿਰ ਵਾਲਾ ਡੇਰਾ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਆਬਾਦ ਹੋਇਆ ਸੀ। ਸਤਿਗੁਰੂ ਹਰੀ ਸਿੰਘ ਜੀ ਘੋੜੇ ਤੇ ਗਊਆਂ ਛੇ ਮਹੀਨੇ ਗਰਮੀਆਂ ਦੇ ਨਹਿਰ ’ਤੇ ਹੀ ਘੱਲ ਦਿੰਦੇ ਸਨ। ਇਸ ਡੇਰੇ ਦਾ ਮਹੰਤ ਸੀ ਪਹਿਲਾ ਬਾਬਾ ਸੁੰਦਰ ਸਿੰਘ। ਇਹਨਾਂ ਦਾ ਪਿੰਡ ਮਾਲਵੇ ਵਿਚ ਬੁਰਜ ਸੀ। ਇਹ ਸੁੰਦਰ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਜਾਣ ਵੇਲੇ ਦਾ ਬਚਨ ਸਾਨੂੰ ਇਉਂ ਸੁਣਾਇਆ ਕਰਦੇ ਸਨ:

“ਜਦੋਂ ਅੰਦਰੋਂ ਤੜਕੇ ਉਠ ਕੇ ਸਤਿਗੁਰੂ ਜੀ ਮਸਤਾਨਿਆਂ ਨੂੰ ਕੋਈ ਹੁਕਮ ਦੇਣ ਗਏ ਹਨ ਤਾਂ ਬਚਨ ਕੀਤਾ ਕਿ ਮੇਰੇ ਮਗਰ ਕੋਈ ਨਾ ਆਵੇ। ਅਸਾਂ ਸੋਚਿਆ ਪਈ ਬਚਨ ਵੀ ਮੰਨਣਾ ਏ ਤੇ ਚਿਤ ਕਰੇ ਕਿ ਐਸ ਵੇਲੇ ਪਾਤਸ਼ਾਹ ਜੀ ਦੇ ਮਸਤਾਨਿਆਂ ਨਾਲ ਜਿਹੜੇ ਬਚਨ ਬਿਲਾਸ ਹੋਣੇ ਨੇ, ਉਹ ਵੀ ਸੁਣੀਏ। ਇਸ ਲਈ ਅਸੀਂ ਸਤਿਗੁਰੂ ਜੀ ਦੇ ਬਰਾਬਰ ਬਰਾਬਰ ਭੱਜ ਕੇ ਜਦੋਂ ਉਹ ਬੈਠੇ, ਇਕ ਪਾਸੇ ਜਾ ਬੈਠੇ। ਸਤਿਗੁਰੂ ਜੀ ਬਚਨ ਕੀਤਾ,“ਜਿਹੜੇ ਲੌਢੇ ਵੇਲੇ ਦੇ ਦੀਵਾਨ ਵਿਚ ਤੁਸੀਂ ਬੋਲਾ ਕੀਤਾ ਸੀ ਕਿ ਸੀਸ ਲੱਗਣੇ ਹੈਨ, ਧਰਮ ਹੇਤ, ਅਸੀਂ ਸਮਝਦੇ ਹਾਂ ਕਿ ਅਜੇ ਪਨੀਰੀ ਛੋਟੀ ਹੈ। ਜਿਹੜਾ ਕੰਮ ਤੁਸਾਂ ਤਲਵਾਰ ਨਾਲ ਕਰਨਾ ਹੈ ਅਸੀਂ ਥੋੜ੍ਹੇ ਸਮੇਂ ਵਿਚ ਮਾਲਾ ਨਾਲ ਹੀ ਕਰ ਦੇਣਾ ਸੀ। ਲੇਕਿਨ ਜੇ ਤੁਹਾਨੂੰ ਜਿਵੇਂ ਕਹਿੰਦੇ ਹੋ ਕਿ ਗੁਰੂ ਤੇਗ ਬਹਾਦਰ ਸਾਹਿਬ ਹੁਕਮ ਕਰਦੇ ਹਨ ਤਾਂ ਫਿਰ ਤੁਹਾਨੂੰ ਖ਼ੁਸ਼ੀਆਂ।” ਉਸ ਸਮੇਂ ਸਤਿਗੁਰੂ ਜੀ ਵੈਰਾਗੀ ਸਨ। ਜਲ ਨੇਤਰਾਂ ਵਿਚੋਂ ਜਾ ਰਿਹਾ ਸੀ ਤੇ ਲਾਡਲੀਆਂ ਫੌਜਾਂ ਨੂੰ ਹੱਥੀਂ ਪ੍ਰਸ਼ਾਦ ਛਕਾ ਕੇ ਵਿਦਿਆ ਕੀਤਾ।”

ਸਤਿਗੁਰੂ ਜੀ ਦੇ ਪ੍ਰਦੇਸ ਜਾਣ ਤੋਂ ਅੱਠ ਵਰ੍ਹੇ ਮਗਰੋਂ ਗੁਰੂ ਹਰੀ ਸਿੰਘ ਜੀ ਨੇ ਬਾਬੇ ਸੁੰਦਰ ਸਿੰਘ ਹੋਰਾਂ ਨੂੰ ਨਹਿਰ ’ਤੇ ਭੇਜ ਕੇ ਉਸ ਡੇਰੇ ਦਾ ਮਹੰਤ ਥਾਪ

ਦਿਤਾ ਸੀ। ਇਹਨਾਂ ਦੀ ਅਰਦਲ ਵਿਚ ਇਕ ਤਾਂ ਮੈਨ ਦੁਆਬ ਦੇ ਇਲਾਕੇ ਦਾ ਇਕ ਸਿੰਘ ਰਹਿੰਦਾ ਸੀ। ਉਸਦਾ ਨਾਮ ਬਿਸ਼ਨ ਸਿੰਘ ਸੀ ਤੇ ਆਂਹਦੇ ਸਾਰੇ ਉਸਨੂੰ 'ਜੌਨਾ' ਸਨ। ਬੜਾ ਸੂਰਮਾ ਸਿੰਘ ਸੀ। ਦੂਸਰਾ ਸੀ ਬਾਗੜ ਦੇ ਇਲਾਕੇ ਦਾ ਲੇਖਾ ਸਿੰਘ। 1956 ਬਿਕ੍ਰਮੀ ਦੇ ਭਿਆਨਕ ਕਾਲ ਸਮੇਂ ਇਹ ਏਧਰ ਆਇਆ ਸੀ ਅਤੇ ਸਿੰਘ ਸਜਿਆ ਸੀ। ਇਹਨੇ ਬਹੁਤ ਸਮਾਂ ਮਾਲ ਚਾਰਿਆ ਸੀ ਗੁਰੂ ਕਾ। ਤੀਜਾ ਭੂਪ ਸਿੰਘ ਸੀ। ਚੌਥਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਕਰਾਲੇ ਦਾ ਪ੍ਰਤਾਪ ਸਿੰਘ ਸੀ। ਇਹ ਸਿੰਘ ਚਾਰੇ ਤਾਂ ਮਾਲ ਚਾਰਦੇ ਸਨ। ਇਹਨਾਂ ਦਾ ਲਾਂਗਰੀ ਸੀ ਘਣੀਏ ਕਿਆਂ ਦਾ ਬਾਬਾ ਨਿਹਾਲ ਸਿੰਘ। ਇਕ ਦਿਨ ਲੰਗਰ ਦੀ ਸੇਵਾ ਤੋਂ ਵਿਹਲੇ ਹੋ ਕੇ ਨਿਹਾਲ ਸਿੰਘ ਹੋਰੀਂ ਜੰਗਲ ਮੈਦਾਨ ਲਈ ਬਾਹਰ ਨਿਕਲੇ। ਪੂਨੀਆਂ ਪਿੰਡ ਦੇ (ਜੋ ਨੇੜੇ ਹੀ ਸੀ) ਦੋ ਭਰਾ ਸਨ। ਉਹ ਘੁਲਦੇ ਹੁੰਦੇ ਸਨ। ਇਕ ਦਾ ਨਾਂ ਮਸਤਾਨਾ ਸੀ। ਕਹਿਣ ਲੱਗੇ ਬਾਬੇ ਹੋਰਾਂ ਨੂੰ, "ਆ ਨਿਹਾਲ ਸਿੰਹਾਂ ਸਾਡੇ ਨਾਲ ਘੁਲ ਲੈ।" ਬਾਬੇ ਹੋਰਾਂ ਜੁਆਬ ਦਿਤਾ ਕਿ ਦੋਵੇਂ ਆ ਜਾਉ। ਇਕ ਇਕ ਨਾਲ ਮੈਂ ਕਿੱਥੇ ਖਹਿੰਦਾ ਫਿਰਾਂਗਾ। ਦੋਹਾਂ ਦੀ 'ਕੱਠੀ ਹੀ ਨਿਸ਼ਾ ਕਰਵਾ ਦਿਆਂਗਾ ਗੁਰੂ ਦੀ ਕ੍ਰਿਪਾ ਨਾਲ। ਬਾਬੇ ਹੋਰਾਂ ਕਦੇ ਇਕ ਨੂੰ ਥੱਲੇ ਲੈ ਲੈਣਾ ਕਦੇ ਦੂਜੇ ਨੂੰ ਥੱਲੇ। ਖੂਬ ਘਰਕਾਏ ਅਤੇ ਰਗੜ ਰਗੜ ਕੇ ਦੋਹਾਂ ਦੀ ਬੱਸ ਕਰਵਾ ਦਿਤੀ। ਹੱਥ ਜੋੜ ਕੇ ਛੁੱਟੇ ਦੋਵੇਂ। ਐਨੇ ਜ਼ੋਰਾਵਰ ਸਨ। ਉਸ ਦਿਨ ਤੋਂ ਬਾਅਦ ਬਾਬੇ ਨਿਹਾਲ ਸਿੰਘ ਹੋਰਾਂ ਨੂੰ ਕਿਸੇ ਨੇ ਮਖ਼ੌਲ ਨਹੀਂ ਕੀਤਾ। ਕਿਉਂ ਜੁ ਭਲਵਾਨ ਭਰਾ ਸਮਝਦੇ ਸਨ ਕਿ ਇਹ ਰੋਟੀਆਂ ਥੱਪਣ ਵਾਲਾ ਕੂਕਾ ਬੁੱਢੜਾ ਸਾਡਾ ਮੁਕਾਬਲਾ ਕਿਵੇਂ ਕਰ ਸਕੇਗਾ। ਬੜਿਆਂ ਬੜਿਆਂ ਦੇ ਭੁਲੇਖੇ ਸਤਿਗੁਰ ਨੇ ਦੂਰ ਕਰ ਦਿਤੇ।

### ਡੇਰਾ ਨਹਿਰ ਤੇ ਨਾਮਧਾਰੀਆਂ ਅਤੇ ਓਡਾਂ ਦੀ ਲੜਾਈ:

ਇਹ ਵਾਕਿਆ 1962 ਬਿਕ੍ਰਮੀ ਦਾ ਹੈ। ਇਕ ਦਿਨ ਨਹਿਰ 'ਤੇ ਨਾਮਧਾਰੀ ਸਿੱਖਾਂ ਤੇ ਓਡਾਂ ਦੀ ਲੜਾਈ ਹੋ ਗਈ। ਇਹ ਓਡ ਮੁਸਲਮਾਨ ਸਨ ਅਤੇ ਭੇਡਾਂ ਬੱਕਰੀਆਂ ਲੈ ਕੇ ਘੁੰਮਦੇ ਫਿਰਦੇ ਸਨ। ਇਹ ਨਹਿਰ 'ਤੇ ਘਾਹ ਉਜਾੜਦੇ ਸਨ। ਓਡਾਂ ਦੀ ਗਿਣਤੀ ਸੱਠ ਸੀ ਅਤੇ ਸਿੰਘ ਡੇਰੇ ਵਾਲੇ ਵੀਹ ਸਨ। ਸਿੰਘਾਂ ਦੇ ਨਾਵਾਂ ਦਾ ਵੇਰਵਾ ਇਸ ਤਰ੍ਹਾਂ ਸੀ:

1. ਨਿਹਾਲ ਸਿੰਘ ਲਾਂਗਰੀ ਘਣੀਏਂ ਕੇ
2. ਮੱਲ ਸਿੰਘ ਠੇਠਰਕਿਆਂ ਦਾ
3. ਝੰਡਾ ਸਿੰਘ ਬੁੱਲ੍ਹੇ ਸ਼ਾਹ ਦਾ ਪੁੱਤਰ ਸਹਿੰਸਰਾ
4. ਸੋਹਣ ਸਿੰਘ, ਝੰਡਾ ਸਿੰਘ ਦਾ ਭਰਾ ਸਹਿੰਸਰਾ
5. ਇੰਦਰ ਸਿੰਘ ਘੁੱਕੇ ਵਾਲੀਆ

6. ਵੀਰ ਸਿੰਘ ਭੋਮਾ ਵਡਾਲਾ
7. ਮੋਹਣ ਸਿੰਘ, ਬੁੱਲ੍ਹੇ ਸ਼ਾਹ ਦਾ ਪੁੱਤਰ ਸਹਿੰਸਰਾ
8. ਬਿਸ਼ਨ ਸਿੰਘ ਜੌਂਨਾ
9. ਨੱਥਾ ਸਿੰਘ ਮਜ਼੍ਹਬੀ ਸਿੱਖ ਪਿੰਡ ਸਿਰਹਾਲੀ (ਅੰਮ੍ਰਿਤਸਰ)
10. ਨੱਥਾ ਸਿੰਘ ਦਾ ਪੁੱਤਰ ਸਮੁੰਦ ਸਿੰਘ ਸਿਰਹਾਲੀ
11. ਮਹੰਤ ਕੌਲਾ ਸਿੰਘ ਮੌਲੀ ਦਰਾਜ
12. ਈਸ਼ਰ ਸਿੰਘ
13. ਸਾਧੂ ਸਿੰਘ, ਰਵਿਦਾਸੀਆ ਸਿੰਘ
14. ਮਾਘਾ ਸਿੰਘ ਸੁਖਈ
15. ਕੂਹਣੀਮਾਰ ਹੀਰਾ ਸਿੰਘ ਪਿੰਡ ਖੁੱਡੀਆਂ
16. ਚੰਦਾ ਸਿੰਘ ਵਲਟੋਹੀਆ
17. ਲਹਿਣਾ ਸਿੰਘ ਖਰਾਸੀਆ, ਖਰਾਸ ਤੇ ਆਟਾ ਪੀਂਹਦਾ ਸੀ
18. ਬਿਸ਼ਨ ਸਿੰਘ ਘੱਕੂ ਬਾਜੇ ਪਿੰਡ ਦਾ
19. ਜੈ ਸਿੰਘ ਗੜ੍ਹੀ ਪਿੰਡ ਜ਼ਿਲ੍ਹਾ ਜਲੰਧਰ
20. ਚੇਤ ਸਿੰਘ ਪਿੰਡ ਆਸਲਾਂ (ਜਲੰਧਰ) ਦਾ ਸੁਖਈ ਸਿੰਘ

ਇਉਂ ਇਹ ਸਾਰੇ ਵੀਹ ਸਿੰਘ ਸਨ। ਸਿੰਘ ਵੀ ਆਪਣੇ ਆਪ ਨੂੰ ਅਖਵਾਉਂਦੇ ਸਨ ਕਿ ਅਸੀਂ ਬੜੇ ਸੂਰਮੇ ਹਾਂ ਤੇ ਓਡ ਵੀ ਕਹਿੰਦੇ ਸਨ ਕਿ ਸਾਡੇ ਟੋਲੇ ਮੂਹਰੇ ਦੋ ਦੋ ਤਿੰਨ ਤਿੰਨ ਪਿੰਡ ਨਹੀਂ ਖਲੋਂਦੇ। ਇਹ ਦਾਲ ਪੀਣੇ ਕੂਕੇ ਸਾਡਾ ਕੀ ਕਰ ਲੈਣਗੇ। ਫਿਟੇਵੇਂ ਵਿਚ ਆ ਕੇ ਸਾਡਾ ਰਖਿਆ ਹੋਇਆ ਘਾਹ ਉਜਾੜ ਰਹੇ ਸਨ। ਹੁਣ ਨਹਿਰ ਤੇ ਦੋਹਾਂ ਧਿਰਾਂ ਦੀ ਲੜਾਈ ਲੱਗੀ ਏ ਹੋਣ। ਆਹਮੋ ਸਾਹਮਣੇ ਜੁੱਟ ਪਏ। ਲੱਗੀ ਡਾਂਗ ਤੇ ਡਾਂਗ ਖੜਕਣ। ਕਿਉਂ ਜੁ ਲੜਾਈ ਉਦੋਂ ਡਾਂਗ ਦੀ ਹੀ ਹੁੰਦੀ ਸੀ।

ਅੱਧਾ ਘੰਟਾ ਡਾਂਗ ਚੱਲੀ। ਖ਼ੂਬ ਓਡਾਂ ਨੂੰ ਵੱਜੀਆਂ। ਤਿੰਨ-ਤਿੰਨ ਓਡ 'ਕੱਠੇ ਹੋ ਕੇ ਇਕ ਇਕ ਸਿੰਘ ਨੂੰ ਪਏ। ਸਿੰਘਾਂ ਨੇ ਆਉਂਦਿਆਂ ਹੀ ਸੰਭਾਲ ਲਏ। ਮਾਰ ਮਾਰ ਡਾਂਗਾਂ ਓਡਾਂ ਦੇ ਹੱਡ ਗੋਡੇ ਭੰਨ ਦਿੱਤੇ। ਲਾ ਲਏ ਅੱਗੇ। ਇੰਦਰ ਸਿੰਘ ਨੇ ਕਿਹਾ, ਨਿਹਾਲ ਸਿੰਘ ਦੀ ਸੰਭਾਲ ਕਰੋ, ਦਿਸਦਾ ਨਹੀਂ ਵਿਚ। ਇਹ ਇਕ ਪਾਸੇ ਸੀ ਇਹਨੂੰ 'ਕੱਲੇ ਨੂੰ ਦਸ ਓਡ ਆ ਪਏ। ਇੰਦਰ ਸਿੰਘ ਨੇ ਕਿਹਾ, "ਨਿਹਾਲ ਸਿੰਘ ਤਕੜਾ ਹੋ ਅਸੀਂ ਆ ਗਏ।" ਦੂਜੇ ਓਡਾਂ ਨੂੰ ਭਜਾ ਆਏ ਸਨ। ਨਿਹਾਲ ਸਿੰਘ ਹੋਰਾਂ ਜੁਆਬ ਦਿੱਤਾ, "ਤੁਸੀਂ ਜਿਹੜੇ ਇਕ ਦੋ ਬਿਰਧ ਸਰੀਰ ਨੇ, ਉਹਨਾਂ ਦੀ ਸੰਭਾਲ ਕਰੋ। ਇਨ੍ਹਾਂ ਦਸਾਂ ਜੋਗਾ ਮੈਂ 'ਕੱਲਾ ਹੀ ਬਥੇਰਾ ਹਾਂ।" ਉਹ ਦਸ ਓਡ ਵੀ

ਸਿੰਘਾਂ ਦੀ ਚੜ੍ਹਤ ਵੇਖ ਕੇ ਭੱਜ ਗਏ। ਓਡਾਂ ਨੂੰ ਸਣੇ ਭੇਡਾਂ ਬੱਕਰੀਆਂ ਘੇਰ ਕੇ ਮਾਛੂਵਾੜੇ ਦੇ ਥਾਣੇ ਵਿਚ ਜਾ ਦਿਤਾ। ਉਸ ਦਿਨ ਤੋਂ ਮਗਰੋਂ ਕੋਈ ਵੀ ਓਡ ਜਾਂ ਹੋਰ ਕੋਈ ਆ ਕੇ ਸਾਡੀ ਰੱਖ ਵਾਲਾ ਘਾਹ ਨਹੀਂ ਸੀ ਉਜਾੜਦਾ। ਸਭ ਨੂੰ ਨਾਮਧਾਰੀਆਂ ਦਾ ਭੈਅ ਹੋ ਗਿਆ।

### ਸਾਖੀ ਭੀਮ ਸੈਨ ਜਿੰਨੇ ਬਲ ਵਾਲੇ ਮੱਲ ਸਿੰਘ ਠੇਠਰਕੇ ਦੀ:

ਇਹ ਵੀਹ ਸਿੰਘ ਘਾਹ ਦੀ ਸੇਵਾ ਵੀ ਕਰਦੇ ਸਨ ਅਤੇ ਨਹਿਰ ਦੀ ਰਾਖੀ ਰੱਖਦੇ ਸਨ। ਨਹਿਰ ਦੇ ਰਾਖੇ ਅਰਬੇਲ ਸਿੰਘ ਪਿੰਡ ਬਿਲਗਾ ਨੇ ਖ਼ਬਰ ਕੀਤੀ ਕਿ ਮੈਥੋਂ ਧੱਕੇ ਨਾਲ ਗੜ੍ਹੀ ਪਿੰਡ ਦੀਆਂ ਵੀਹ ਕੁੜੀਆ ਦਾ ਟੋਲਾ ਘਾਹ ਵੱਢ ਕੇ ਲੈ ਜਾਂਦਾ ਹੈ। ਰੋਹਲਿਆਂ ਦੇ ਤਿੰਨ ਗੁੱਜਰ ਧੱਕੇ ਨਾਲ ਬੱਕਰੀਆਂ ਚਾਰ ਲਿਜਾਂਦੇ ਹਨ। ਬੂਰਾ ਝੋਟਾ ਧੱਕੇ ਨਾਲ ਘਾਹ ਚਰ ਜਾਂਦਾ ਹੈ ਮੈਥੋਂ, ਹਟਾਇਆ ਨਹੀਂ ਹਟਦਾ। ਪੂਨੀਆਂ ਦਾ ਮੁੰਡਾ ਜਿਥੇ ਘਾਹ ਵਧੀਆ ਹੁੰਦਾ ਹੈ, ਉਥੇ ਧੱਕੇ ਨਾਲ ਮੱਝਾਂ ਚਾਰ ਲੈ ਜਾਂਦਾ ਹੈ। ਮੈਂ ਬੁੱਢਾ ਹਾਂ, ਉਹ ਗੱਭਰੂ ਹੈ। ਹਟਾਇਆਂ ਹਟਦਾ ਨਹੀਂ। ਗੁਰੂ ਹਰੀ ਸਿੰਘ ਜੀ ਰਾਖੇ ਦੀ ਅਰਜ਼ ਸੁਣ ਕੇ ਸੋਚਿਆ ਕਿ ਇਹ ਸੇਵਾ ਕਿਹਨੂੰ ਬਖ਼ਸ਼ੀਏ, ਡੇਰੇ ਦੀ ਤਕਲੀਫ਼ ਦੂਰ ਕਰਨ ਵਾਸਤੇ। ਸੋਚਦਿਆਂ ਸਾਰ ਹੀ ਠੇਠਰਕਿਆਂ ਦੇ ਮੱਲ ਸਿੰਘ ਵੱਲ ਮਿਹਰ ਦੀ ਨਜ਼ਰ ਕੀਤੀ। ਸਿੰਘ ਉਠ ਕੇ ਹਾਜ਼ਰ ਹੋ ਗਿਆ। "ਹੁਕਮ ਪਾਤਸ਼ਾਹ" ਸਿੰਘ ਨੇ ਆਖਿਆ। ਗੁਰੂ ਜੀ ਨੇ ਕਿਹਾ, "ਅਰਬੇਲ ਸਿੰਘ ਨੇ ਜਿਹੜੀ ਕਹਾਣੀ ਸੁਣਾਈ ਹੈ, ਸੁਣ ਲਈ ਊ ਸਾਰੀ?" ਕਹਿੰਦਾ "ਹਾਂ ਸੱਚੇ ਪਾਤਸ਼ਾਹ! ਸੁਣ ਲਈ ਹੈ।" ਸਤਿਗੁਰੂ ਜੀ ਨੇ ਥਾਪੀ ਦੇ ਕੇ ਫੁਰਮਾਇਆ, "ਜਾਹ ਭੀਮ ਸੈਨ ਜਿੰਨਾ ਬਲ ਤੈਨੂੰ ਦਿਤਾ। ਹੁਣ ਇਹ ਸਾਰੇ ਕੰਮ ਤੂੰ ਕਰ।" ਸਿੰਘ ਸਤਿਗੁਰਾਂ ਦੀਆਂ ਖ਼ੁਸ਼ੀਆਂ ਲੈ ਕੇ ਤੁਰ ਪਿਆ ਤੇ ਜਾ ਡੇਰਾ ਲਾਇਆ ਨਹਿਰ 'ਤੇ। ਸਵੇਰੇ ਉਠ ਕੇ ਇਸ਼ਨਾਨ ਕੀਤਾ, ਭਜਨ ਕੀਤਾ, ਬਾਣੀ ਪੜ੍ਹੀ, ਅਰਦਾਸ ਕੀਤੀ, ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਧਿਆਨ ਧਰ ਕੇ। ਛਕ ਕੇ ਜਲ ਪਾਣੀ,ਢੰਡਿਆਂ ਵਾਲੇ ਮੀਲ ਵਿਚ ਜਾ ਫੇਰਾ ਮਾਰਿਆ। ਅੱਗੇ ਬੂਰਾ ਝੋਟਾ ਵੀ ਮੌਜ ਆਪਣੀ ਵਿਚ ਘਾਹ ਚਰ ਰਿਹਾ ਸੀ। ਸਿੰਘ ਨੇ ਵੀ ਮਾਰੀ ਨਿਗਾਹ ਕਿ ਹੁਣ ਮਾਲੀ ਚੁਗਦਾ ਹੈ ਅਤੇ ਜੁੱਪਣਾ ਹੈ ਇਹਦੇ ਨਾਲ। ਸਿੰਘ ਨੇ ਸਲੋਤਰ ਤਾਂ ਅੰਬ ਦੇ ਮੁੱਢ ਕੋਲ ਰੱਖ ਦਿਤਾ ਅਤੇ ਨਹਿਰ ਵਿਚ ਪੱਥਰ ਸੀ ਮਣ ਪੱਕੇ ਦਾ, ਉਹ ਫੜ ਲਿਆ। ਫਿਰ ਬੁਲਾਇਆ ਝੋਟੇ ਨੂੰ ਕਿ ਆ ਜਾ ਮਿੱਤਰਾ...। ਝੋਟੇ ਨੇ ਪੂਛ ਫੇਰ ਕੇ ਤੇ ਮੂੰਹ 'ਤਾਂਹ ਚੁੱਕ ਕੇ ਫੇਰੀ ਲਈ ਤੇ ਸਿੰਘ ਨੂੰ ਆ ਪਿਆ। ਸਿੰਘ ਦਾ ਨਾਂ ਵੀ ਮੱਲ ਸਿੰਘ ਸੀ ਤੇ ਦਾਅ ਵੀ ਮੱਲਾਂ ਵਾਲਾ, ਝੋਟੇ ਨੂੰ ਲਾ ਲਿਆ। ਸੰਭਾਲ ਕੇ ਪੱਥਰ ਝੋਟੇ ਦੀ ਗਿੱਚੀ ਵਿਚ ਮਾਰਿਆ। ਇੰਜ ਖੜਕਾ ਹੋਇਆ ਜਿਵੇਂ ਤੋਪ ਚਲਦੀ ਏ ਤੇ ਝੋਟਾ ਪੁੱਠਾ ਹੋ ਕੇ ਜਾ ਪਿਆ। ਸਿੰਘ ਨੇ ਵੀ

ਸਲੋਤਰ ਚੁੱਕ ਲਿਆ ਤੇ ਝੋਟੇ ਨੇ ਵੀ ਸੁਰਤ ਕੀਤੀ ਅਤੇ ਨਹਿਰ ਵਿਚ ਛਾਲ ਮਾਰ ਦਿਤੀ। ਸਿੰਘ ਨੇ ਵੀ ਝੋਟੇ ਦੇ ਮਗਰੇ ਹੀ ਛਾਲ ਮਾਰੀ। ਫੜ ਪੂਛੋਂ ਲਿਆ। ਜਿਉਂ ਧਰ ਕੇ ਦਬੱਲਿਆ ਦਸ ਮੀਲ ਨਹਿਰ ਦੇ ਵਿਚੇ ਵਿਚ ਹੀ ਸਿੰਘ ਲਈ ਗਿਆ। ਗੁੜਥੜੀ ਦੇ ਪੁਲੋਂ ਸਿੰਘ ਬਾਹਰ ਨਿਕਲ ਆਇਆ ਝੋਟਾ ਵਿਚੇ ਹੀ ਚਲਾ ਗਿਆ। ਪਤਾ ਨਹੀਂ ਕਿਧਰ ਗਿਆ। ਮੁੜਕੇ ਨਹਿਰ 'ਤੇ ਨਹੀਂ ਕਿਸੇ ਡਿੱਠਾ। ਸਿੰਘ ਨਹਿਰੇ ਨਹਿਰ ਤੁਰ ਕੇ ਆਪਣੇ ਡੇਰੇ 'ਤੇ ਆ ਗਿਆ। ਪ੍ਰਸ਼ਾਦ ਪਾਣੀ ਛਕ ਕੇ ਆਰਾਮ ਕੀਤਾ। ਬਿਰਾਜੇ ਅਤੇ ਫਿਰ ਅਗਲਾ ਦਿਨ ਓਵੇਂ ਹੀ ਸ਼ੁਰੂ ਹੋ ਗਿਆ।

ਜਲ ਪਾਣੀ ਛਕ ਕੇ ਸਲੋਤਰ ਫੜ ਲਿਆ ਤੇ ਕਿਸ਼ਤੀ ਤੇ ਚੜ੍ਹ ਕੇ ਸਿੰਘ ਨਹਿਰ ਤੋਂ ਪਾਰ ਚਲਾ ਗਿਆ ਤੇ ਟੁਰਦਾ ਗਿਆ। ਮਨ ਵਿਚ ਗੁਰੂ ਹਰੀ ਸਿੰਘ ਦੇ ਚਰਨਾਂ ਵਿਚ ਅਰਦਾਸ ਕਰੇ ਕਿ ਇਕ ਮੋਰਚਾ ਤੇਰੀ ਕ੍ਰਿਪਾ ਨਾਲ ਫਤੇਹ ਹੋ ਗਿਆ ਹੈ। ਅੱਜ ਵਾਲਾ ਉਸ ਤੋਂ ਵੀ ਤਕੜਾ ਹੈ। ਤੇਰੀ ਮਿਹਰ ਨਾਲ ਸਭੇ ਕਾਰਜ ਰਾਸ ਹੋ ਜਾਣ।

ਜਦੋਂ ਸਿੰਘ ਗੜ੍ਹੀ ਵਾਲੇ ਮੀਲ ਵਿਚ ਅੱਪੜ ਗਿਆ ਤਾਂ ਅੱਗੇ ਵੀਹਾਂ ਕੁੜੀਆਂ ਦਾ ਟੋਲਾ ਵੀ ਘਾਹ ਵੱਢ ਰਿਹਾ ਸੀ। ਸਿੰਘ ਨੇ ਮਾਰੀ ਝਾਤੀ। ਕੁੜੀਆਂ ਨੇ ਵੀ ਵੇਖਿਆ ਜੋ ਰਾਖਾ ਆ ਗਿਆ ਹੈ। ਅਗਲੇ ਰਾਖੇ ਦੀਆਂ ਗਿੱਝੀਆਂ ਹੋਈਆਂ ਸਨ, ਉਹ ਦੀਆਂ ਬਾਹਾਂ ਪਿੱਛੇ ਬੰਨ੍ਹ ਕੇ ਕਛਹਿਰੇ ਵਿਚ ਵੱਟੇ ਪਾ ਦਿੰਦੀਆਂ ਸਨ। ਭੱਜ ਕੇ ਸਾਰੀਆਂ ਮੱਲ ਸਿੰਘ ਨਾਲ ਵੀ ਉਹੋ ਕੁਝ ਕਰਨ ਲਈ ਅੱਗੇ ਵਧੀਆਂ। ਜਿਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਓਟ ਲੈ ਕੇ ਭਾਈ ਬਿਧੀ ਚੰਦ ਬਲਦੇ ਭੱਠ ਵਿਚ ਵੜ ਗਿਆ ਸੀ। ਇਵੇਂ ਹੀ ਮੱਲ ਸਿੰਘ ਗੁਰੂ ਹਰੀ ਸਿੰਘ ਜੀ ਦੀ ਓਟ ਲੈ ਕੇ ਨਹਿਰ ਦੇ ਕੰਢੇ ਤੇ ਖਲੋ ਗਿਆ। ਜਦੋਂ ਉਹਨਾਂ ਸਾਰੀਆਂ ਕੱਠੀਆਂ ਹੋ ਕੇ ਮੱਲ ਸਿੰਘ ਨੂੰ ਨਹਿਰ ਵਿਚ ਧੱਕਾ ਮਾਰਿਆ, ਸਿੰਘ ਅੱਗੇ ਹੀ ਦਾਅ ਤੇ ਖਲੋਤਾ ਸੀ। ਜਿਸ ਵੇਲੇ ਸਿੰਘ ਨੇ ਮਾਰੀ ਝਪਟ ਚਾਰ ਗੁੱਤਾਂ ਇਕ ਹੱਥ ਵਿਚ ਤੇ ਚਾਰ ਇਕ ਵਿਚ ਅੱਠਾਂ ਕੁੜੀਆਂ ਨੂੰ ਲੈ ਕੇ ਨਹਿਰ ਵਿਚ ਜਾ ਪਿਆ। ਦੇ ਕੇ ਮਾੜੇ ਜਿਹੇ ਗੋਤੇ ਬੇਹੋਸ਼ ਕਰਕੇ ਬਾਹਰ ਕੱਢ ਦਿਤੀਆਂ। ਉਹਨਾਂ ਅੱਠਾਂ ਦੀਆਂ ਗੁੱਤਾਂ ਬੰਨ੍ਹ ਕੇ, ਦੂਜੀਆਂ ਕੁੜੀਆਂ ਦੇ ਮਗਰ ਹੋ ਗਿਆ। ਸਾਰੀਆਂ ਦੀਆਂ ਗੁੱਤਾਂ ਬੰਨ੍ਹ ਕੇ ਅੱਗੇ ਲਾ ਲਈਆਂ। ਗੜ੍ਹੀ ਪਿੰਡ ਦੇ ਵਿਚ ਲੈ ਗਿਆ। ਉਥੋਂ ਦੇ ਲੰਬੜਦਾਰ ਅਤੇ ਪੰਚਾਇਤੀਆਂ ਨੂੰ ਇਕੱਠੇ ਕਰ ਕੇ ਕਿਹਾ ਕਿ ਅੱਜ ਤਾਂ ਮੈਂ ਕੁੜੀਆਂ ਲਿਆ ਦਿਤੀਆਂ ਨੇ ਤੁਹਾਡੇ ਪਿੰਡ। ਫਿਰ ਜਿਹੜੀ ਉਥੇ ਘਾਹ ਵੱਢਣ ਆਈ ਥਾਣਿਉਂ ਉਰੇ ਨਹੀਂ ਛੱਡਦਾ। ਕਿਉਂਕਿ ਜੇ ਗੁਰੂ ਹਰੀ ਸਿੰਘ ਜੀ ਦਾ ਡਰ ਨਾ ਹੁੰਦਾ ਫਿਰ ਕੁੜੀਆ ਪਿਛਾਂਹ ਕਾਹਨੂੰ ਆਉਂਦੀਆਂ। ਅੱਪੜ ਜਾਂਦੀਆਂ ਮਾਝੇ ਦੇਸ ਨੂੰ। ਸਿੰਘ ਬੰਦਿਆਂ ਵਿਚ ਇੰਜ ਖਲੋਤਾ ਮਾਨੋ ਸ਼ੇਰ ਖਲੋਤਾ ਹੋਵੇ। ਸਭ ਡਰਦੇ ਨੇ ਕੋਈ ਨੇੜੇ

ਨਹੀਂ ਆਉਂਦਾ। ਸਭ ਨੇ ਨੀਵੀਂ ਪਾ ਕੇ ਅਰਜ਼ ਕੀਤੀ ਕਿ ਅੱਜ ਤੋਂ ਬਾਅਦ ਤੁਹਾਡਾ ਘਾਹ ਨਹੀਂ ਵੱਢਿਆ ਜਾਏਗਾ। ਲੋਕ ਜੱਸ ਕਰਦੇ ਹਨ, ਗੁਰੂ ਹਰੀ ਸਿੰਘ ਦਾ ਕਿ ਧੰਨ ਹੈ ਉਹ ਗੁਰੂ ਜਿਸ ਦੇ ਐਡੇ ਐਡੇ ਸੂਰਮੇ ਸਿਖ ਹਨ ਤੇ ਮੱਲ ਸਿੰਘ ਵੀ ਚਿੱਤ ਵਿਚ ਅਰਜ਼ ਕਰਦਾ ਹੈ ਕਿ ਤੇਰੀ ਕਿਰਪਾ ਨਾਲ ਬਿਗਾਨੇ ਪਿੰਡ ਵਿਚ ਵੀ ਕੋਈ ਅੱਗੇ ਬੋਲਦਾ ਨਹੀਂ। ਦੋ ਕਾਰਜ ਰਾਸ ਹੋਏ। ਸਿੰਘ ਵਾਪਸ ਡੇਰੇ ਤੇ ਆ ਕੇ ਰੋਜ਼ ਦੇ ਵਿਹਾਰਾਂ ਕਾਰਾਂ ਵਿਚ ਰੁੱਝ ਗਿਆ।

ਤੀਜੇ ਦਿਨ ਸਾਰੀ ਪਿਛਲੀ ਮਰਯਾਦਾ ਕਰਕੇ ਸਿੰਘ ਤੁਰ ਪਿਆ ਪੂਨੀਆਂ ਪਿੰਡ ਦੀ ਜੂਹ ਵੱਲੇ। ਅੱਗੇ ਜਾ ਕੇ ਵੇਖਦਾ ਹੈ ਕਿ ਮੱਝਾਂ, ਘਾਹ ਜਿਹੜਾ ਡੇਰੇ ਵਾਲਿਆਂ ਦਾ ਰੱਖਿਆ ਹੋਇਆ ਸੀ, ਉਸ ਵਿਚ ਚੁਗ ਰਹੀਆਂ ਹਨ ਅਤੇ ਗੱਭਰੂ ਕੋਲ ਬੈਠਾ ਹੈ ਡਾਂਗ ਫੜ ਕੇ। ਸਿੰਘ ਨੇ ਕਿਹਾ, "ਓਏ ਘਾਹ ਵਿਚ ਮੱਝਾਂ ਕਿਉਂ ਛੱਡੀਆਂ ਈ।" ਉਹ ਕਹਿੰਦਾ, "ਜ਼ਮੀਨ ਸਾਡੀ, ਨਹਿਰ ਸਾਡੀ ਜ਼ਮੀਨ ਵਿਚ ਪੱਟੀ। ਤੂੰ ਘਾਹ ਦਾ ਕੀ ਲੱਗਦਾ ਏਂ?" ਸਿੰਘ ਨੇ ਕਿਹਾ ਕਿ ਗੁਰੂ ਦੇ ਖ਼ਜ਼ਾਨੇ ਵਿਚੋਂ ਮਾਇਆ ਦੇ ਕੇ ਨਹਿਰ ਦੀਆਂ ਬੁਰਜੀਆਂ ਲਈਆਂ ਨੇ ਘਾਹ ਵਾਲੀਆਂ। ਘਾਹ ਸਤਿਗੁਰਾਂ ਦੇ ਬਲਦਾਂ, ਮੱਝਾਂ, ਗਾਈਆਂ ਤੇ ਘੋੜਿਆਂ ਲਈ ਹੈ। ਤੂੰ ਘਾਹ ਦਾ ਕੀ ਲੱਗਨਾ ਏਂ। ਉਸ ਕਿਹਾ ਕਿ ਤੇਰੇ ਵਰਗੇ ਕਈ ਕੂਕੇ ਇਥੇ ਆਏ ਅਤੇ ਕਈ ਆਉਣਗੇ। ਸਿੰਘ ਨੂੰ ਆਇਆ ਜੋਸ਼ ਤੇ ਫੜ ਕੇ ਬਾਹੋਂ ਮਾਰੀ ਖਿੱਚ ਕੇ ਚੁਪੇੜ। ਇਕ ਹੋਰ ਮਾਰੀ ਤੇ ਤਾਂ ਛੱਡਿਆ ਜਾਂ ਉਲਟ ਕੇ ਜਾ ਪਿਆ। ਭੱਜ ਕੇ ਆਪਣੇ ਪਿੰਡ ਵਿਚ ਜਾ ਵੜਿਆ। ਤਾਪ ਚੜ੍ਹ ਗਿਆ। ਜਾਂਦਿਆਂ ਹੀ ਮੰਜੀ 'ਤੇ ਪੈ ਗਿਆ, ਪਿਓ ਨੇ ਆ ਕੇ ਪੁੱਛਿਆ, "ਕੀ ਹੋਇਆ ਈ।" ਉਸ ਆਖਿਆ ਨਹਿਰ 'ਤੇ ਮੱਝਾਂ ਛੱਡੀਆਂ ਸਨ। ਇਕ ਕੂਕੇ ਨੇ ਮਾਰਿਆ ਹੈ। ਸਿਰਫ਼ ਦੋ ਚੁਪੇੜਾਂ ਹੀ ਉਸ ਮਾਰੀਆਂ ਹਨ। ਪਰ ਮੈਨੂੰ ਪੰਜ ਭੱਠ ਤਾਪ ਚੜ੍ਹ ਗਿਆ ਹੈ।" ਮੁੰਡੇ ਦੇ ਪਿਉ ਨੂੰ ਬੜਾ ਗੁੱਸਾ ਚੜ੍ਹਿਆ। ਡਾਂਗ ਫੜ ਕੇ ਕਹਿੰਦਾ ਕਿ ਬੰਦੇ ਜੋੜ ਕੇ ਉਸ ਕੂਕੇ ਨੂੰ ਮਾਰਦੇ ਹਾਂ। ਮੁੰਡੇ ਨੇ ਪਿਓ ਨੂੰ ਕਿਹਾ, "ਬਾਪੂ ਉਹ ਤੇਰੇ ਮਾਰਨ ਦਾ ਨਹੀਂ। ਉਹਨੂੰ ਤਾਂ ਸਾਰਾ ਪਿੰਡ ਨਹੀਂ ਮਾਰ ਸਕਦਾ। ਤੂੰ ਜਾ ਕੇ ਉਹਦੇ ਨਾਲ ਸੁਲ੍ਹਾ ਕਰ ਲੈ। ਭਰਾ ਬਣਾ ਲੈ ਅਤੇ ਆਪਣੇ ਘਰ ਲੈ ਆ ਕਿਉਂ ਜੁ ਆਪਣੇ ਡੰਗਰ ਤਾਂ ਕਦੇ ਭੱਜੇ ਨੱਠੇ ਜੇ ਓਧਰ ਚਲੇ ਗਏ ਤਾਂ ਉਸ ਨਹੀਂ ਛੱਡਣਾ ਮੈਨੂੰ। ਅੱਗੇ ਵਾਲੀਆ ਲੁੱਟਾਂ ਗਈਆਂ। ਨਹੀਂ ਤਾਂ ਮੱਝਾਂ ਨੂੰ ਸੰਗਲ ਪਾ ਕੇ ਬੰਨ੍ਹ ਛੱਡੋ। ਬਾਹਰ ਨਾ ਛੱਡਿਆ ਕਰੀਏ।" ਅਗਲੇ ਦਿਨ ਦੋ ਚਾਰ ਪਿੰਡ ਦੇ ਬੰਦੇ ਲੈ ਕੇ ਮੁੰਡੇ ਦੇ ਪਿਓ ਨੇ ਮੱਲ ਸਿੰਘ ਤੋਂ ਮੁਆਫ਼ੀ ਮੰਗੀ ਕਿ ਤੁਹਾਡਾ ਉਜਾੜਾ ਅੱਜ ਤੋਂ ਕੋਈ ਨਹੀਂ ਕਰਦਾ। ਜੇ ਕੋਈ ਭੱਜਿਆ ਨੱਠਿਆ ਡੰਗਰ ਪਸ਼ੂ ਆ ਜਾਵੇ ਤਾਂ ਮਾਫ਼ੀ ਦੇਣੀ। ਸਿੰਘ ਨੇ ਫਿਰ ਗੁਰੂ ਹਰੀ ਸਿੰਘ ਦਾ

ਧਿਆਨ ਧਰਿਆ ਕਿ ਧੰਨ ਹੈਂ ਤੂੰ ਜਿਸ ਦੀ ਕ੍ਰਿਪਾ ਨਾਲ, ਲਾਗਲੇ ਪਿੰਡ ਆ ਆ ਕੇ ਮਾਫ਼ੀਆਂ ਮੰਗਦੇ ਹਨ।

ਚੌਥੇ ਦਿਨ ਫਿਰ ਨਿਤਾ ਕਰਮ ਕਰਕੇ ਸਿੰਘ ਬੇੜੀ ਜਾ ਲੰਘਿਆ। ਜਿਧਰ ਪਾਣੀ ਜਾਂਦਾ ਸੀ ਉਧਰ ਸਿੰਘ ਤੁਰਿਆ ਗਿਆ। ਰੋਹਲਿਆਂ ਦੇ ਗੁੱਜਰਾਂ ਨੂੰ ਵੀ ਪਤਾ ਲੱਗ ਚੁੱਕਾ ਸੀ ਕਿ ਸਿੰਘ ਆ ਗਿਆ ਹੈ। ਅੱਗੇ ਤਿੰਨਾਂ ਚਹੁੰਆਂ ਨੂੰ ਹੱਥ ਫੇਰ ਚੁੱਕਾ ਹੈ ਅਤੇ ਹੁਣ ਸਾਡੀ ਵਾਰੀ ਹੈ। ਉਹਨਾਂ ਗੁੱਜਰਾਂ ਨੇ ਬੱਕਰੀਆਂ ਪਿੱਛੇ ਡੱਕ ਕੇ, ਭੇਸ ਬਦਲ ਕੇ, ਗੱਲਾਂ ਕਰਦਿਆਂ ਕਰਦਿਆਂ ਮੱਲ ਸਿੰਘ ਦੇ ਲੱਕ ਨੂੰ ਜੱਫਾ ਪਾ ਲਿਆ। ਦੋਵੇਂ ਮੱਲ ਸਿੰਘ ਨੂੰ ਡਾਂਗਾਂ ਮਾਰਨ ਲੱਗ ਪਏ। ਜਿਸ ਜੱਫਾ ਪਾਇਆ ਸੀ, ਉਹਦਾ ਤਾਂ ਮੱਲ ਸਿੰਘ ਨੇ ਖੱਬੇ ਹੱਥ ਨਾਲ ਗੁੱਟ ਫੜ ਲਿਆ ਕਿ ਭੱਜ ਨਾ ਜਾਏ। ਇਕ ਹੱਥ ਜੱਫੇ ਵਿਚੋਂ ਕੱਢ ਕੇ ਆਪਣੀ ਸੋਟੀ ਫੜ ਕੇ ਮੂਹਰਲੇ ਨੂੰ ਮਾਰੀ ਜ਼ੋਰ ਨਾਲ। ਉਹਦੀ ਬਾਂਹ ਟੁੱਟ ਗਈ। ਉਹ ਇਕੋ ਡਾਂਗ ਖਾ ਕੇ ਭੱਜ ਗਿਆ। ਦੂਸਰੇ ਨੂੰ ਸਿਰ ਵਿਚ ਮਾਰੀ ਉਹ ਪੁੱਠਾ ਹੋ ਕੇ ਜਾ ਪਿਆ। ਜਿਸਨੂੰ ਗੁੱਟੋਂ ਫੜਿਆ ਸੀ ਉਹਦਾ ਗੁੱਟ ਮਰੋੜ ਕੇ ਉਹਨੂੰ ਖਿੱਚ ਕੇ ਅੱਗੇ ਰੱਖ ਲਿਆ। ਪਾ ਕੇ ਲੰਮਾ, ਦਸ ਡਾਂਗਾਂ ਮਾਰੀਆਂ। ਦਸਾਂ ਦਿਨਾਂ ਪਿਛੋਂ ਘਰ ਜਾ ਕੇ ਪਾਰ ਬੋਲ ਗਿਆ। ਮੱਲ ਸਿੰਘ ਡੇਰੇ ਨੂੰ ਆ ਗਿਆ। ਰਾਹ ਵਿਚ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਦਾ ਧਿਆਨ ਰੱਖ ਕੇ ਕਹਿੰਦਾ ਆਉਂਦਾ ਹੈ ਕਿ ਹੇ ਗੁਰੂ ਹਰੀ ਸਿੰਘ ਜੀ! ਆਪ ਦੀ ਕ੍ਰਿਪਾ ਨਾਲ ਚਾਰੇ ਮੋਰਚੇ ਹੀ ਜਿੱਤੇ ਗਏ ਹਨ। ਮੈਂ ਨਾਚੀਜ਼ ਕੀ ਚੀਜ਼ ਹਾਂ। ਰਾਤ ਨਹਿਰ ਵਾਲੇ ਡੇਰੇ 'ਤੇ ਰਿਹਾ। ਸਵੇਰੇ ਉਠ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਭੈਣੀ ਸਾਹਿਬ ਨੂੰ ਰਵਾਨਾ ਹੋਇਆ। ਸੰਗਤ ਦੀ ਹਾਜ਼ਰੀ ਵਿਚ ਗੁਰੂ ਹਰੀ ਸਿੰਘ ਜੀ ਨੂੰ ਸਾਰਾ ਬਿਰਤਾਂਤ ਸੁਣਾ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਸੰਗਤ ਮੱਲ ਸਿੰਘ ਦੀ ਵਾਰਤਾ ਸੁਣ ਕੇ ਬਹੁਤ ਪ੍ਰਸੰਨ ਹੋਈ ਅਤੇ ਸਾਰੀ ਸੰਗਤ ਵਿਚੋਂ ਧੰਨ ਗੁਰੂ ਹਰੀ ਸਿੰਘ, ਧੰਨ ਗੁਰੂ ਹਰੀ ਸਿੰਘ ਦੇ ਅਵਾਜੇ ਆ ਰਹੇ ਸਨ ਜਿਸ ਦੀ ਕ੍ਰਿਪਾ ਨਾਲ ਇਕੱਲਾ ਸਿੰਘ ਐਨੇ ਕੰਮ ਕਰ ਆਇਆ ਸੀ।

ਅਗਲੇ ਸਾਲ ਅਰਵੇਲ ਸਿੰਘ ਨੂੰ ਨਹਿਰ ਤੇ ਫਿਰ ਰਾਖਾ ਘਾਹ ਦਾ ਬਣਾ ਕੇ ਭੇਜਿਆ। ਇਕ ਸਿੰਘ ਗੁਰਮੁਖ ਸਿੰਘ ਭੇਜਿਆ ਉਸ ਦੇ ਨਾਲ। ਕਾਰੀਗਰ ਸੀ ਅੰਮ੍ਰਿਤਸਰ ਦਾ। ਇਹ ਦੋਵੇਂ ਕਿਸ਼ਤੀ ਟੱਪ ਕੇ ਪਾਰ ਢੰਡਿਆਂ ਵਾਲੇ ਪਾਸੇ ਰਾਖੀ ਕਰਦੇ ਸੀ। ਜਦੋਂ ਇਹਨਾਂ ਜਾ ਕੇ ਨਹਿਰ ਤੋਂ ਆਪਣੀ ਜੂਹ ਵਿਚੋਂ ਪਿੰਡ ਵਾਲਿਆਂ ਦਾ ਮਾਲ ਮੋੜਿਆ ਤਾਂ ਢੰਡਿਆਂ ਦੇ ਵੀਹ ਪੰਝੀ ਬੰਦਿਆਂ ਇਕੱਠੇ ਹੋ ਕੇ ਆਖਿਆ ਪਈ ਕੂਕਿਆਂ ਨੇ ਅਕਾ ਮਾਰਿਆ ਹੈ, ਇਹ ਸਾਨੂੰ ਹੁਣ ਏਥੇ ਪਸ਼ੂ ਨਹੀਂ ਚਾਰਨ ਦੇਣਗੇ। ਅੱਜ ਸਬੱਬੀਂ ਦੋ ਕੁ ਮਾੜੂਏ ਜਹੇ ਕੂਕੇ ਇਕੱਲੇ ਹੀ ਹਨ। ਇਹਨਾਂ ਦੀਆਂ

ਲੱਤਾਂ ਬਾਹਾਂ ਭੰਨ ਦੇਈਏ। ਫਿਰ ਸ਼ਾਇਦ ਏਥੋਂ ਆਪਣਾ ਡੇਰਾ ਚੁੱਕ ਕੇ ਹੋਰਥੇ ਕਿਤੇ ਤੁਰ ਜਾਣਗੇ। ਇਹ ਬੰਦੇ ਪਿੰਡ ਦੇ ਡਾਂਗਾਂ ਲੈ ਕੇ ਆ ਪਏ ਦੋਹਾਂ ਸਾਧਾਂ ਨੂੰ। ਇਹ ਦੋਵੇਂ ਸਿੱਖ ਵਿਚਾਰੇ ਅੱਗੇ ਲੱਗ ਕੇ ਭੱਜੇ ਫਿਰਨ। ਡੇਰੇ ਵਾਲੇ ਪਾਸੇ ਮੱਲ ਸਿੰਘ ਠੇਠਰ ਅਤੇ ਕੂਹਣੀਮਾਰ ਹੀਰਾ ਸਿੰਘ ਘਾਹ ਵੱਢ ਰਹੇ ਸਨ। ਜਦੋਂ ਇਹਨਾਂ ਰੌਲਾ ਸੁਣਿਆ ਤਾਂ ਇਹ ਦੋਵੇਂ ਉਠ ਕੇ ਭੱਜ ਪਏ। ਜਦੋਂ ਇਹ ਕੱਪੜੇ ਲਾਹ ਕੇ ਨਹਿਰ ਲੰਘਣ ਲੱਗੇ ਤਰ ਕੇ ਤਾਂ ਕਿਸ਼ਤੀ ਵਾਲੇ ਕਾਕੂ ਨੇ ਕਿਹਾ ਤੁਸੀਂ ਨਹਿਰ ਵਿਚ ਦੀ ਨਾ ਲੰਘੋ। ਉਹ ਬੰਦੇ ਜ਼ਿਆਦਾ ਹਨ ਢੰਡਿਆਂ ਵਾਲੇ, ਉਹਨਾਂ ਤੁਹਾਨੂੰ ਪਾਰ ਨਹੀਂ ਲੱਗਣ ਦੇਣਾ। ਉਸ ਦਵਾਦਵ ਬੇੜੀ ਨਹਿਰ ਵਿਚ ਪਾ ਕੇ ਦੋਹਾਂ ਸਿੰਘਾਂ ਨੂੰ ਉਤੇ ਚੜ੍ਹਾ ਲਿਆ ਅਤੇ ਬੇੜੀ ਪਾਰ ਤੋਰ ਦਿਤੀ। ਇਹਨਾਂ ਦੇ ਅੱਪੜਦਿਆਂ ਨੂੰ ਵੀਹ ਪੰਝੀ ਬੰਦੇ ਹੋਰ ਡਾਂਗਾਂ ਵਾਲੇ ਪਿੰਡੋਂ ਆ ਗਏ ਸਨ। ਪਾਰ ਲੰਘਦਿਆਂ ਸਾਰ ਹੀ ਡਾਂਗ ਚੱਲਣ ਲੱਗ ਪਈ। ਇਹਨਾਂ ਚਹੁੰਆਂ ਨੇ ਫਿਰ ਮਾਰ ਮਾਰ ਡਾਂਗਾਂ ਚਾਲ਼ੀ ਪੰਤਾਲੀ ਬੰਦੇ ਸਨ ਜਿਹੜੇ, ਭਜਾ ਦਿਤੇ। ਕਾਕੂ ਕਿਸ਼ਤੀ ਵਾਲੇ ਨੇ ਫਿਰ ਭੈਣੀ ਸਾਹਿਬ ਜਾ ਕੇ ਗੁਰੂ ਹਰੀ ਸਿੰਘ ਜੀ ਨੂੰ ਦੱਸਿਆ ਕਿ ਜਦੋਂ ਇਹ ਦੋ ਸਿੰਘ ਉਹਨਾਂ ਨਾਲ ਲੜਨ ਚੱਲੇ ਤਾਂ ਮੈਂ ਸੋਚਿਆ ਕਿ ਅੱਜ ਮਾਰ ਖਾ ਕੇ ਆਉਣਗੇ। ਇਹ ਦੋਵੇਂ ਸਾਰੇ ਪਿੰਡ ਦਾ ਮੁਕਾਬਲਾ ਕੀਕੂੰ ਕਰਨਗੇ। ਪਰ ਜਦੋਂ ਇਹ ਬੇੜੀ ’ਚ ਬਹਿ ਕੇ ਪਾਰ ਜਾ ਰਹੇ ਸਨ ਤਾਂ ਮੈਨੂੰ ਨਜ਼ਰ ਆਈ ਕਿ ਸਾਰੀ ਬੇੜੀ ਸਿੱਧੀਆਂ ਪੱਗਾਂ ਵਾਲੇ ਸ਼ਹੀਦ ਸਿੰਘਾਂ ਨਾਲ ਭਰੀ ਸੀ। ਇਹ ਦੋ ਹੀ ਨਹੀਂ ਸਨ। ਪਿੰਡ ਵਾਲਿਆਂ ਵੀ ਆਖਿਆ ਕਿ ਅਸੀਂ ਜਿਧਰ ਨਜ਼ਰ ਕਰੀਏ ਸਾਨੂੰ ਕੂਕੇ ਹੀ ਕੂਕੇ ਨਜ਼ਰ ਆਉਂਦੇ ਸਨ। ਅਸੀਂ ਤਾਂ ਹੀ ਭੱਜੇ ਸਾਂ ਕਿ ਇੱਥੇ ਤਾਂ ਬੇਸ਼ੁਮਾਰ ਕੂਕੇ ਸਾਨੂੰ ਆ ਪਏ ਹਨ।

“ਜੇ ਕੀੜੀ ਸਾਹਿਬ ਬਲ ਧਰੇ ਤਾਂ ਫੀਲ ਉਸ ਕਾ ਖਾਜ।”

ਮੱਲ ਸਿੰਘ ਨੂੰ ਥੋਹੜਾ ਜਿਹਾ ਸੂਖਮ ਹੰਕਾਰ ਹੋ ਗਿਆ ਸੀ ਕਿ ਮੈਂ ਬੜਾ ਗੱਭਰੂ ਤੇ ਜਵਾਨ ਹਾਂ। ਕੂਹਣੀਮਾਰ ਬਿਲਕੁਲ ਪਤਲਾ ਜਿਹਾ ਤੇ ਬਹੁਤ ਹੌਲਾ ਸੀ ਮੱਲ ਸਿੰਘ ਤੋਂ। ਜਿਸ ਵੇਲੇ ਢੰਡਿਆਂ ਵਾਲੀ ਲੜਾਈ ਵਿਚ ਇਸ ਵੀ ਮੱਲ ਸਿੰਘ ਦੇ ਬਰਾਬਰ ਵਧ ਵਧ ਕੇ ਡਾਂਗਾਂ ਮਾਰੀਆਂ ਅਤੇ ਜਦੋਂ ਇਹ ਪਤਾ ਲੱਗਾ ਕਿ ਸਾਡੀ ਮੱਦਦ ਤੇ ਸ਼ਹੀਦ ਸਿੰਘ ਹੁੰਦੇ ਹਨ ਤਾਂ ਮੱਲ ਸਿੰਘ ਦਾ ਹੰਕਾਰ ਨਵਿਰਤ ਹੋ ਗਿਆ ਅਤੇ ਧਿਆਨ ਹੋ ਗਿਆ ਕਿ ਇਹ ਸਭ ਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਹੈ। ਸਭ ਨਗਰਾਂ ਵਿਚ ਗੁਰੂ ਹਰੀ ਸਿੰਘ ਜੀ ਦਾ ਜੱਸ ਛਾ ਗਿਆ। ਧੰਨ ਗੁਰੂ ਹਰੀ ਸਿੰਘ ਜਿਹਨਾਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਬਾਅਦ ਨਾਮ ਬਾਣੀ ਦੇ ਪ੍ਰਭਾਵ ਨਾਲ ਸਿਖੀ ਨੂੰ ਹਰੀ ਰੱਖਿਆ ਅਤੇ ਅੰਗ੍ਰੇਜ਼ ਸਰਕਾਰ ਦੀਆਂ ਸਖ਼ਤੀਆਂ, ਵਧੀਕੀਆਂ ਤੇ ਧੱਕੇ ਨਾਲ ਟੁੱਟ ਰਹੀ ਸਿੱਖੀ ਨੂੰ ਫੇਰ ਗੰਢ ਲਾ ਦਿਤੀ।

**ਲੱਧੜਾਂ ਵਾਲੇ ਸਰਦਾਰਾਂ ਨਾਲ ਲੜਾਈ:**

ਇਹ ਲੜਾਈ ਲੱਧੜਾਂ ਵਾਲੇ ਸਰਦਾਰਾਂ ਨਾਲ ਭਾਦਰੋਂ ਦੇ ਮਹੀਨੇ ਨਹਿਰ ’ਤੇ 1968 ਬਿਕ੍ਰਮੀ ਵਿਚ ਹੋਈ ਸੀ। ਕਿਉਂਕਿ ਇਹ ਸਰਦਾਰ ਜਿਹੜੀ ਡੇਰੇ ਦੀ ਨਹਿਰ ਤੇ ਜੂਹ ਸੀ, ਉਥੋਂ ਸ਼ਿਕਾਰ ਖੇਡਣੋਂ ਨਹੀਂ ਸਨ ਹਟਦੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਦੋਂ ਪਹਿਲੀ ਵੇਰ ਨਹਿਰ ਤੇ ਡੇਰਾ ਲਾਇਆ ਸੀ। ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤਾ ਅਤੇ ਸੰਤ ਭਗਤ ਸਿੰਘ ਦਾਤੇਵਾਲਿਆਂ ਦਾ ਵੀ ਤੀਹ ਸਿੰਘਾਂ ਦਾ ਜਥਾ ਨਹਿਰ ’ਤੇ ਸੀ। ਰੋਜ਼ ਸਵੇਰੇ ਆਸਾ ਦੀ ਵਾਰ, ਦੁਪਹਿਰੇ ਕਥਾ ਕੀਰਤਨ ਅਤੇ ਸ਼ਾਮ ਦਾ ਦੀਵਾਨ ਇਹ ਲਾਉਂਦੇ ਸਨ।

ਇਕ ਦਿਨ ਦੁਪਹਿਰੇ ਲੱਧੜਾਂ ਵਾਲੇ ਦੋ ਸਰਦਾਰ ਨਾਲ ਸਹਿੰਸੀ, ਬਾਜੀਗਰ, ਬੌਰੀਏ ਤੇ ਮੁਸਲਮਾਨ ਲੈ ਕੇ ਨਹਿਰ ਤੇ ਸ਼ਿਕਾਰ ਖੇਡਣ ਆ ਗਏ। ਸੰਤ ਮੰਗਲ ਸਿੰਘ ਤੇ ਭਗਤ ਸਿੰਘ ਹੋਰਾਂ ਅਗਾਂਹ ਹੋ ਕੇ ਕਿਹਾ ਕਿ ਸਰਦਾਰ ਜੀ ਤੁਸੀਂ ਕੁੱਤੇ ਲੈ ਕੇ ਵਾਪਸ ਚਲੇ ਜਾਓ ਅਤੇ ਇਥੇ ਸ਼ਿਕਾਰ ਨਾ ਖੇਡੋ। ਉਹਨਾਂ ਕਿਹਾ ਕਿ ਸ਼ੇਰਾਂ ਦਾ ਕੰਮ ਮਾਸ ਖਾਣਾ ਹੈ, ਤੁਸੀਂ ਮੂੰਗੀ ਦੀ ਦਾਲ ਖਾਣ ਵਾਲੇ ਸਾਨੂੰ ਕੀ ਕਹੋਗੇ। ਸੰਤਾਂ ਨੇ ਕਿਹਾ:

“ਜੋ ਸਰਣਿ ਅਵੈ ਤਿਸੁ ਕੰਠਿ ਲਾਵੈ ਇਹ ਬਿਰਦੁ ਸੁਆਮੀ ਸੰਦਾ॥”(544)

ਇਹ ਜਾਨਵਰ ਸਾਡੀ ਸ਼ਰਨ ਆਏ ਹਨ ਅਤੇ ਅਸੀਂ ਇਹਨਾਂ ਨੂੰ ਮਰਨ ਨਹੀਂ ਦੇਣਾ। ਫਿਰ ਸੰਤਾਂ ਮੰਗਲ ਸਿੰਘ ਹੋਰਾਂ ਕਿਹਾ ਕਿ ਤੁਸੀਂ ਆਪਣੇ ਆਪ ਨੂੰ ਸ਼ੇਰ ਕਹਿੰਦੇ ਹੋ। ਸ਼ੇਰ ਦੀ ਤਾਂ ਪੂਛ ਹੁੰਦੀ ਹੈ, ਤੁਹਾਡੀ ਪੂਛ ਕਿੱਥੇ ਹੈ? ਤੁਸੀਂ ਸ਼ੇਰ ਜਿਵੇਂ ਕੁੱਤੇ ਵਾਂਗੂੰ ਤੁਰਦਾ ਹੈ, ਉਸ ਤਰ੍ਹਾਂ ਕਿਉਂ ਨਹੀਂ ਤੁਰਦੇ? ਸਿੱਧੇ ਹੋ ਕੇ ਕਿਉਂ ਤੁਰਦੇ ਹੋ। ਤੁਸੀਂ ਭਾਂਡੇ ਨਾਲ ਪਾਣੀ ਪੀਂਦੇ ਹੋ, ਸ਼ੇਰ ਵਾਂਗੂੰ ਜ਼ੁਬਾਨ ਨਾਲ ਕਿਉਂ ਨਹੀਂ ਲੱਕਦੇ? ਸ਼ੇਰ ਬਾਰੇ ਕਿਹਾ ਜਾਂਦਾ ਹੈ ਕਿ ਇੱਕੋ ਵੇਰ ਜ਼ਿੰਦਗੀ ਵਿਚ ਸ਼ੇਰਨੀ ਪਾਸ ਜਾਂਦਾ ਹੈ। ਤੁਸੀਂ ਰਾਤ ਦਿਨ ਕਾਮ ਕ੍ਰੀੜਾ ਵਿਚ ਰੁੱਝੇ ਰਹਿੰਦੇ ਹੋ। ਤੁਸੀਂ ਸ਼ੇਰ ਕਿਸ ਤਰਾਂ ਬਣ ਸਕਦੇ ਹੋ? ਤੁਹਾਨੂੰ ਮਨੁੱਖਾ ਦੇਹ ਪ੍ਰਮੇਸ਼ਰ ਦੀ ਕ੍ਰਿਪਾ ਨਾਲ ਮਿਲੀ ਹੈ। ਤੁਸੀਂ ਮਾੜੀਆਂ ਆਦਤਾਂ ਛੱਡ ਕੇ ਭਜਨ ਬਾਣੀ ਵਾਲੇ ਪਾਸੇ ਲੱਗ ਕੇ ਆਪਣਾ ਜੀਵਨ ਸਫ਼ਲ ਕਰੋ। ਵੇਲਾ ਜੇ ਅਜੇ। ਹਟ ਜਾਓ ਏਸ ਪਾਸਿਓਂ ਅਤੇ ਸ਼ਿਕਾਰ ਅਸੀਂ ਤੁਹਾਨੂੰ ਏਥੇ ਨਹੀਂ ਜੇ ਖੇਡਣ ਦੇਣਾ।” ਸਰਦਾਰ ਨੇ ਠੋਕ ਕੇ ਜੁਆਬ ਦਿਤਾ ਕਿ ਮੈਂ ਨਹੀਂ ਹਟਦਾ ਅਤੇ ਕੁੱਤੇ ਲੈ ਕੇ ਝੱਲ ਵਿਚ ਵੜ ਗਿਆ। ਦੋਹਾਂ ਸੰਤਾਂ ਨੇ ਮੌਕੇ ਤੇ ਹਾਜ਼ਰ ਸਿੰਘਾਂ ਨੂੰ ਆਖਿਆ ਕਿ ਹੁਣ ਜਿਵੇਂ ਤੁਹਾਡੀ ਖ਼ੁਸ਼ੀ ਹੋਵੇ ਕਰ ਲਵੋ।

ਸਿੰਘ ਸਰਦਾਰਾਂ ਨਾਲ ਲੜਨ ਲਈ ਨਿਤਰ ਪਏ। ਇਸ ਲੜਾਈ ਦਾ

ਕੂਕਿਆਂ ਦਾ ਆਗੂ ਬਿਸ਼ਨ ਸਿੰਘ 'ਜੌਨਾਂ' ਸੀ। ਉਸ ਦੇ ਨਾਲ ਵਜ਼ੀਰ ਸਿੰਘ 'ਡੂੰਮਣਾ' ਸੀ। ਸਿੰਘਾਂ ਦਾ ਜਥਾ ਇਕੱਠਾ ਹੋ ਕੇ ਜਾ ਪਿਆ। ਦੋਹਾਂ ਸਰਦਾਰਾਂ ਵੀ ਆਪਣਾ ਸਾਰਾ ਲਾਮ ਲਸ਼ਕਰ ਲੜਾਈ ਲਈ ਵੰਗਾਰ ਲਿਆ। ਆਪ ਵੀ ਦੋਵੇਂ ਭਰਾ ਸਰਦਾਰ ਅਗਾਂਹ ਹੋ ਕੇ ਸੋਟੇ ਮਾਰਨ ਲੱਗ ਪਏ। ਬਿਸ਼ਨ ਸਿੰਘ ਤੇ ਵਜ਼ੀਰ ਸਿੰਘ ਹੋਰਾਂ ਦੋਹਾਂ ਸਰਦਾਰਾਂ ਨੂੰ ਕਿਹਾ ਕਿ ਤੁਸੀਂ ਦੋਵੇਂ ਸਾਡੇ ਨਾਲ ਜੁਟੋ। ਸਾਡੀ ਅਤੇ ਤੁਹਾਡੀ ਲੜਾਈ ਹੋਏਗੀ। ਖ਼ੂਬ ਲੜਾਈ ਹੋਈ, ਦੋ ਹੀ ਇਹ ਤੇ ਦੋ ਹੀ ਉਹ। ਦੂਸਰੇ ਸਿੰਘਾਂ ਨੇ ਮਾਰ ਮਾਰ ਡਾਂਗਾਂ ਸਹਿੰਸੀ, ਬਾਜੀਗਰ ਆਦਿ ਸਭ ਭਜਾ ਦਿਤੇ। ਇਹਨਾਂ ਦੋਹਾਂ ਸਿੰਘਾਂ ਨੇ ਸਰਦਾਰ ਢਾਹ ਲਏ। ਪਾ ਕੇ ਮੰਜੀਆਂ 'ਤੇ ਲੁਧਿਆਣੇ ਭੇਜ ਦਿਤੇ ਨਾਲ ਹੀ ਉਹਨਾਂ ਦੀਆਂ ਬੰਦੂਕਾਂ ਵੀ ਭੇਜ ਦਿਤੀਆਂ। ਮੁਕੱਦਮਾ ਚੱਲ ਕੇ ਫ਼ੈਸਲਾ ਹੋ ਗਿਆ ਕਿ ਸਤਿਗੁਰਾਂ ਦੁਆਰਾ ਬੋਲੀ 'ਤੇ ਲਏ ਮੀਲਾਂ ਦੇ ਆਸ-ਪਾਸ ਛੇ ਮੀਲਾਂ ਵਿੱਚ ਕੋਈ ਵੀ ਸ਼ਿਕਾਰ ਨਹੀਂ ਖੇਡੇਗਾ। ਜੋ ਖੇਡੇਗਾ ਉਸਨੂੰ ਦੋ ਸਾਲ ਕੈਦ ਦੀ ਸਜ਼ਾ ਹੋਵੇਗੀ। ਹੁਣ ਪੈਰੋ ਪੈਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਤਾਪ ਵਧਣ ਲੱਗ ਪਿਆ। ਮੈਨੂੰ ਹੁਕਮ ਲਾ ਗਏ ਕਿ ਤੂੰ ਭੈਣੀ ਸਾਹਿਬ ਰਿਹਾ ਕਰ ਅਤੇ ਆਹ ਦੋ ਮੱਝਾਂ ਚਾਰਿਆ ਕਰ। ਇਸ ਦੌਰੇ ਦਾ ਹਾਲ ਮੈਂ ਨਹੀਂ ਵੇਖਿਆ। ਫਿਰ ਅਨੰਦਪੁਰ ਸਾਹਿਬ ਦਾ ਪਹਿਲਾ ਹੋਲਾ ਕਰ ਕੇ (ਸੰਬਤ 1968 ਬਿਕ੍ਰਮੀ) ਸਤਿਗਰੂ ਜੀ ਜਦੋਂ ਰੋਪੜ ਪੁੱਜੇ ਤਾਂ ਲੰਗਰ ਉਥੇ ਕਰਕੇ, ਸੰਗਤਾਂ ਨੂੰ ਕਾਉਂਟੇ (ਪਾਣੀ ਵਿਚ ਚੱਲਣ ਵਾਲੀ ਕੋਈ ਸਵਾਰੀ) ਵਿਚ ਬਿਠਾ ਦਿਤਾ। ਜਵੰਦ ਸਿੰਘ ਜ਼ਿੰਦਾ ਸ਼ਹੀਦ ਖਿਆਲੇ ਵਾਲੇ ਅਤੇ ਭਗਵਾਨ ਸਿੰਘ ਅੜਬੰਗੀ ਜਿਹਨੂੰ 'ਅੜਬੰਗ ਸਿੰਘ' ਹੀ ਆਖਦੇ ਸਨ, ਵੀ ਕਾਊਂਟੇ ਵਿਚ ਸੰਗਤਾਂ ਦੇ ਨਾਲ ਹੀ ਸਨ। ਨਹਿਰ ਵਾਲੇ ਡੇਰੇ 'ਤੇ ਸੰਗਤਾਂ ਕਾਊਂਟੇ ਵਿਚੋਂ ਆ ਉਤਰੀਆਂ।

**ਵਾਰਤਾ ਅੜਬੰਗੀ ਦੀ:**

ਏਸੇ ਵਿਸਾਖ ਵਿਚ 1969 ਬਿਕ੍ਰਮੀ ਨੂੰ ਅੜਬੰਗ ਸਿੰਘ ਹੋਰਾਂ ਸਰੀਰ ਤਿਆਗਿਆ ਸ੍ਰੀ ਭੈਣੀ ਸਾਹਿਬ ਵਿਖੇ ਹੀ। ਅਕਾਲ ਬੂੰਗੇ ਵਾਲੇ ਪਾਸੇ ਜੋ ਖਰਾਸ ਲੱਗਾ ਹੁੰਦਾ ਸੀ, ਗੁਰੂ ਕੇ ਲੰਗਰ ਲਈ ਆਟਾ ਪੀਹਣ ਲਈ, ਉਸ ਖਰਾਸ ਵਾਲੇ ਕੋਠੇ ਵਿਚ ਹੀ ਅੜਬੰਗ ਸਿੰਘ ਹੋਰਾਂ ਦਾ ਡੇਰਾ ਹੁੰਦਾ ਸੀ। ਮੇਰੇ ਪਿਤਾ ਜਿਊਣ ਸਿੰਘ ਝੱਬਰ ਨਾਲ ਉਹਨਾਂ ਦਾ ਕਾਫ਼ੀ ਸਨੇਹ ਸੀ ਜਿਸ ਕਰਕੇ ਮੇਰੇ ਨਾਲ ਵੀ ਬਹੁਤ ਮੋਹ ਕਰਿਆ ਕਰਦੇ ਸਨ। ਉਹਨਾਂ ਦੀ ਵਾਰਤਾ ਜੋ ਅਕਸਰ ਉਹ ਸਾਨੂੰ ਆਪ ਸੁਣਾਇਆ ਕਰਦੇ ਸਨ, ਇਸ ਤਰਾਂ ਹੈ:

ਉਹਨਾਂ ਦਾ ਜਨਮ ਨਗਰ ਮਰਹਾਣਾ ਜ਼ਿਲ੍ਹਾ ਅੰਮ੍ਰਿਤਸਰ ਸੀ। ਇਹ ਪਿੰਡ ਹਰੀਕਿਆਂ ਦੇ ਪੱਤਣ ਦੇ ਲਾਗੇ ਹੀ ਹੈ ਅੰਮ੍ਰਿਤਸਰ ਨੂੰ ਜਾਣ ਵਾਲੀ ਸੜਕ 'ਤੇ।

ਇਹ ਸੰਧੂਆਂ ਦੇ ਉਹਨਾਂ ਬਾਈ ਪਿੰਡਾਂ ਵਿਚੋਂ ਇਕ ਹੈ ਜੋ ਸਿਰਹਾਲੀ ਵਿਚੋਂ ਹੀ ਨਿਕਲੇ ਹਨ। ਆਪ ਦਾ ਨਾਂ ਮਾਤਾ ਪਿਤਾ ਨੇ ਭਗਵਾਨ ਸਿੰਘ ਰੱਖਿਆ ਸੀ। ਸੰਧੂ ਜੱਟਾਂ ਦੇ ਘਰ ਦਾ ਜਨਮ ਸੀ। ਜਦੋਂ ਜਹੇ ਸਤਿਗੁਰੂ ਰਾਮ ਸਿੰਘ ਜੀ ਸਿਰਹਾਲੀ ਗਿਰਦੇ ਆਏ ਤਾਂ ਆਪ ਵੀ ਨਾਮ ਦੀ ਦਾਤ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਪੂਰਨ ਸਿੰਘ ਸਜ ਗਏ। ਸੁਭਾ ਕੁਝ ਕਰੜਾ ਸੀ ਜਿਸ ਕਰਕੇ ਗੁਰੂ ਰਾਮ ਸਿੰਘ ਜੀ ਨੇ ਹੀ ਆਪ ਨੂੰ ਅੜਬੰਗ ਸਿੰਘ ਦਾ ਖ਼ਿਤਾਬ ਬਖ਼ਸ਼ਿਆ ਸੀ। ਮਗਰੋਂ ਜਦੋਂ ਉਦਾਸੀ ਸਾਧੂਆਂ ਦੇ ਭੇਖ ਵਿਚ, ਪੁਲੀਸ ਦੀਆਂ ਨਜ਼ਰਾਂ ਤੋਂ ਬਚਣ ਲਈ, ਵਿਚਰਦੇ ਰਹੇ ਤਾਂ ਉਹ ਆਪਣਾ ਨਾਂ 'ਅੜਬੰਗੀ ਦਾਸ' ਕਰਕੇ ਦੱਸਿਆ ਕਰਦੇ ਸਨ। ਉਹਨਾਂ ਦੇ ਦਿਲ ਵਿਚ ਅੱਠੇ ਪਹਿਰ ਪੰਥਕ ਪਿਆਰ ਦਾ ਜਜ਼ਬਾ ਠਾਠਾਂ ਮਾਰਦਾ ਰਹਿੰਦਾ ਸੀ। ਇਹ ਉਹਨਾਂ ਅਵੈੜੇ ਜੱਟਾਂ ਵਿਚੋਂ ਸਨ, ਜਿਹਨਾਂ ਨੂੰ ਗੁਰੂ ਰਾਮ ਸਿੰਘ ਜੀ ਦੇ ਚਰਨਾਂ ਦੀ ਛੋਹ ਨਾਲ ਨਵਾਂ ਜੀਵਨ ਪ੍ਰਾਪਤ ਹੋਇਆ ਸੀ। ਜਿਹੜੇ ਮਨੁੱਖ ਤੋਂ ਦੇਵਤੇ ਬਣ ਜਾਂਦੇ ਹਨ। ਜਿਵੇਂ ਵਾਰਿਸ ਸ਼ਾਹ ਲਿਖਦਾ ਹੈ:

"ਵਾਰਿਸ ਸ਼ਾਹ ਮੀਆਂ ਸੁਨਿਆਰ ਵਾਂਗੂੰ,
ਜੱਟ ਫੇਰ ਮੁੜ ਭੰਨ ਕੇ ਗਾਲਿਆ ਸੂ।"

ਭਜਨ ਲੈਣ ਤੋਂ ਬਾਅਦ, ਘਰ ਨਹੀਂ ਪਰਤੇ। ਸਦਾ ਆਪਣੇ ਪੰਥ ਦੇ ਵਾਧੇ ਵਾਸਤੇ ਤਿਆਰ-ਬਰ-ਤਿਆਰ ਵਿਚਰਦੇ ਸਨ। ਆਪ ਦੇ ਜੀਵਨ ਦਾ ਪਹਿਲਾ ਵੱਡਾ ਕਾਰਨਾਮਾ ਅੰਮ੍ਰਿਤਸਰ ਦੇ ਬੁੱਚੜ ਬੱਧ ਵਿਚ (1871 ਈ:) ਹਿੱਸਾ ਲੈਣਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਤੇ ਹਾਕਮ ਸਿੰਘ ਮੌੜੇ, ਬੀਹਲਾ ਸਿੰਘ ਨਾਰਲੀ, ਫਤ੍ਹੇ ਸਿੰਘ ਭਾਟੜਾ ਅਤੇ ਲਹਿਣਾ ਸਿੰਘ, (ਦੋਏ ਅੰਮ੍ਰਿਤਸਰ ਸ਼ਹਿਰ ਦੇ ਵਾਸੀ) ਇਹ ਤਾਂ ਪੇਸ਼ ਹੋ ਕੇ ਬੇਦੋਸ਼ਿਆਂ ਨੂੰ, ਜਿਹਨਾਂ ਨੂੰ ਸਰਕਾਰ ਫਾਂਸੀ ਦੇਣ ਹੀ ਲੱਗੀ ਸੀ ਛੁਡਾ ਕੇ, ਆਪ ਸ਼ਹੀਦੀ ਬਾਟੇ ਛਕ ਗਏ। ਫਾਂਸੀਆਂ ਤੇ ਝੂਲ ਗਏ। ਭਗਵਾਨ ਸਿੰਘ ਹੋਰਾਂ ਨੂੰ ਆਪਣੇ ਪੰਥ ਤੇ ਆਉਣ ਵਾਲੀਆਂ ਮੁਸੀਬਤਾਂ ਦਾ ਜਿਵੇਂ ਪਹਿਲੋਂ ਕੁਝ ਕੁਝ ਪਤਾ ਲੱਗ ਗਿਆ ਸੀ। ਉਹ ਚਾਹੁੰਦਾ ਸੀ ਕਿ ਕੁਝ ਵਰ੍ਹੇ ਹੋਰ ਜਿਊਂਦੇ ਰਹਿ ਕੇ ਪੰਥ ਦੇ ਦੁਸ਼ਮਣਾਂ, ਅੰਗ੍ਰੇਜ਼ ਪੁਲੀਸ ਦੇ ਮੁਖ਼ਬਰਾਂ ਅਤੇ ਹੋਰ ਜ਼ਾਲਮ ਲੋਕਾਂ ਨੂੰ ਸਜ਼ਾ ਦੇਂਦਾ ਰਹਾਂ। ਉਹ ਸੰਤ ਸਿਪਾਹੀ ਸੀ। ਸਰਕਾਰੀ ਕਾਗਜ਼ਾਂ ਵਿਚ, ਅੰਮ੍ਰਿਤਸਰ ਦੇ ਬੁੱਚੜਾਂ ਵਾਲੇ ਕਤਲ ਕੇਸ ਵਿਚ ਝੰਡਾ ਸਿੰਘ ਠੱਟੇ ਦਾ, ਮਿਹਰ ਸਿੰਘ ਲੋਪੋਕੇ, ਤੇ ਭਗਵਾਨ ਸਿੰਘ ਮਰਹਾਣਾ ਸਾਰੀ ਉਮਰ ਹੀ ਮਫ਼ਰੂਰ ਰਹੇ।* ਮਿਹਰ ਸਿੰਘ ਲੋਪੋਕੇ ਦੇ ਦਰਸ਼ਨ ਵੀ ਭੈਣੀ ਸਾਹਿਬ ਵਿਖੇ ਕੀਤੇ ਸਨ। ਉਹ ਵੀ ਭੈਣੀ

---

*ਪੁਰਾਣੇ ਕੂਕੇ ਸਰਕਾਰੀ ਰੀਕਾਰਡ ਤੱਕ ਰਸਾਈ ਨਾ ਹੋਣ ਕਾਰਨ, 11 ਅਗਸਤ 1873 ਨੂੰ ਇਸੇ ਸਾਕੇ ਵਿਚ ਫਾਹੇ ਲੱਗਣ ਵਾਲੇ ਝੰਡਾ ਸਿੰਘ ਨੂੰ ਮਫ਼ਰੂਰ ਹੀ ਸਮਝਦੇ ਸਨ।

ਸਾਹਿਬ ਹੀ ਚੜ੍ਹੇ ਸਨ। ਉਹ ਦੱਸਿਆ ਕਰਦੇ ਸਨ ਕਿ ਉਹ ਸਿਆਲ ਵਿਚ ਆਮੂ* ਦਰਿਆ ਵਿਚ ਜਦੋਂ ਬਰਫ਼ ਜੰਮ ਜਾਂਦੀ ਸੀ, ਉਸ ਉਤੇ ਤੁਰ ਕੇ ਪਾਰ ਲੰਘ ਜਾਂਦੇ ਸਨ ਤੇ ਦੂਜੇ ਦੇਸ ਰੂਸ ਵਿਚ ਪੁਜ ਜਾਂਦੇ ਸਨ। ਤੋਪ ਦਾ ਗੋਲਾ ਮਾਰ ਕੇ ਵੇਖਦੇ ਸਨ ਜੇ ਬਰਫ਼ ਨਾ ਟੁੱਟੇ ਤਾਂ ਉਤੋਂ ਲੋਕ ਲੰਘਣੇ ਸ਼ੁਰੂ ਹੋ ਜਾਂਦੇ ਸਨ। ਮਿਹਰ ਸਿੰਘ ਹੋਰਾਂ ਦਾ ਸਾਥੀ ਝੰਡਾ ਸਿੰਘ ਠੱਟੇ ਵਾਲਾ ਇਸੇ ਆਮੂ ਦਰਿਆ ਵਿਚੋਂ ਲੰਘਦਾ ਹੀ ਕਿਤੇ ਬਰਫ਼ 'ਚ ਪਾਣੀ ਦਾ ਮੋਰਾ ਸੀ, ਉਸ ਵਿਚੋਂ ਹੇਠਾਂ ਤਿਲਕ ਗਿਆ ਤੇ ਸ਼ਹੀਦ ਹੋ ਗਿਆ ਸੀ।**

ਅੰਮ੍ਰਿਤਸਰ ਤੋਂ ਇਲਾਵਾ ਮਲੇਰ ਕੋਟਲਾ ਆਦਿ ਦੇ ਬੁੱਚੜਾਂ 'ਤੇ ਹਮਲੇ ਸਮੇਂ ਭਗਵਾਨ ਸਿੰਘ ਸ਼ਾਮਲ ਰਹਿੰਦਾ ਸੀ ਪਰ ਬਾਅਦ ਵਿਚ ਕਾਬੂ ਨਹੀਂ ਸੀ ਆਉਂਦਾ। ਅਖ਼ੀਰਲੇ ਸਮੇਂ ਤਕ ਉਹਦਾ ਬਾਣਾ ਭਗਵੇ ਜਿਹੇ ਕਪੜੇ ਦੀ ਗਾਤੀ ਮਾਰ ਛੱਡਣੀ ਅਤੇ ਸਿਰ ਤੇ ਵੱਡੀ ਭਗਵੀ ਦਸਤਾਰ। ਇਕ ਹੱਥ ਵਿਚ ਖੂੰਡਾ ਕੰਨਾਂ ਤੀਕ ਅਤੇ ਦੂਜੇ ਹੱਥ ਵਿਚ ਸਾਧੂਆਂ ਵਾਲੀ ਚਿੱਪੀ।

ਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਸਮੇਂ ਜਦੋਂ ਹੀ ਬਾਰਬਟਨ ਦੀ ਮੇਮ ਤੋਂ ਬਾਬੇ ਦਰਬਾਰਾ ਸਿੰਘ ਹੋਰਾਂ ਨੂੰ ਪਤਾ ਲੱਗਾ ਪਈ ਸਤਿਗੁਰ ਰੰਗੂਨ ਹਨ, ਸਿੰਘ ਓਧਰ ਜਾਣੇ ਸ਼ੁਰੂ ਹੋ ਗਏ। ਦਰਸ਼ਨ ਕਰਦੇ ਅਤੇ ਹੁਕਮਨਾਮੇ ਲੈ ਕੇ ਮੁੜਦੇ। ਸਰਕਾਰ ਦੀ ਸਖ਼ਤੀ ਬਹੁਤ ਸੀ। ਲਿਖ ਕੇ ਲਾਇਆ ਸੀ ਜੇ ਕੋਈ ਇਹਦੇ (ਸਤਿਗੁਰਾਂ) ਨਾਲ ਗੱਲਬਾਤ ਕਰੇਗਾ। ਇਹਨੂੰ ਮਿਲੇਗਾ, ਕੋਈ ਸ਼ੈ ਇਹਦੇ ਵੱਲ ਸੁੱਟੇਗਾ ਜਾਂ ਇਹਦੇ ਵਲੋਂ ਆਈ ਫੜੇਗਾ ਉਹਨੂੰ ਕੈਦ ਕੀਤਾ ਜਾਏਗਾ। ਸਤਿਗੁਰਾਂ ਦਾ ਦਰਬਾਰਾ ਸਿੰਘ ਹੋਰਾਂ ਨੂੰ ਇਹ ਨਿਹੋਰਾ ਮਾਰਨ ਦੀ ਹੀ ਦੇਰ ਸੀ ਕਿ "ਕੂਕਿਓ, ਤੁਸੀਂ ਵੱਗ 'ਚੋਂ ਗੁਆਚੀ ਵੱਛੀ ਜਿੰਨਾ ਵੀ ਮੇਰਾ ਪਤਾ ਨਹੀਂ ਕੀਤਾ।" ਡਾਰਾਂ ਦੀਆਂ ਡਾਰਾਂ ਕੂਕਿਆਂ ਦੀਆਂ ਰੰਗੂਨ ਅੱਪੜਣੀਆਂ ਸ਼ੁਰੂ ਹੋ ਗਈਆਂ। ਲਾਈਨਾਂ ਲੱਗ ਗਈਆਂ। ਮਾਝੇ ਦੇ ਕੂਕੇ, ਮਾਲਵੇ ਦੇ ਕੂਕੇ, ਦੁਆਬੇ ਦੇ ਕੂਕੇ, ਮੈਨ ਦੁਆਬ ਦੇ ਕੂਕੇ, ਪੁਆਧ ਦੇ ਕੂਕੇ, ਨੱਕੇ ਦੇ ਕੂਕੇ, ਦੜਪ ਦੇ ਕੂਕੇ ਅਤੇ ਬਾਰ ਦੇ ਕੂਕੇ ਸਭ ਵਹੀਰਾਂ ਬੰਨ੍ਹ ਕੇ ਤੁਰ ਪਏ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨਾਂ ਨੂੰ। ਭਗਵਾਨ ਸਿੰਘ ਵੀ ਕਲਕੱਤੇ ਤਕ ਰੇਲ ਅਤੇ ਅੱਗੇ ਸਮੁੰਦਰੀ ਜਹਾਜ਼ ਦੁਆਰਾ ਰਸਤੇ ਦੀਆਂ ਤੰਗੀਆਂ ਤੁਰਸ਼ੀਆਂ ਝੱਲਦਾ ਰੰਗੂਨ ਪੁੱਜਾ ਅਤੇ ਲੱਕੜਾਂ ਚੁਗਣ ਦੇ ਬਹਾਨੇ ਉਸ ਬੰਗਲੇ ਦੇ

---

*ਰੂਸ ਅਤੇ ਅਫ਼ਗਾਨਿਸਤਾਨ ਦੀ ਹੱਦ 'ਤੇ ਵਹਿਣ ਵਾਲਾ ਇਕ ਦਰਿਆ।

** ਇਸ ਤੋਂ ਪਤਾ ਲੱਗਦਾ ਹੈ ਕਿ ਝੰਡਾ ਸਿੰਘ ਦਾ ਪਕੜਿਆ ਜਾਣਾ ਅਤੇ ਫਾਂਸੀ ਲਾਉਣਾ ਸਰਕਾਰ ਨੇ ਕਿੰਨਾ ਗੁਪਤ ਰੱਖਿਆ ਜੋ ਉਸ ਦੇ ਨਿਕਟ ਸਾਥੀਆਂ ਅਤੇ ਭੈਣੀ ਸਾਹਿਬ ਤੱਕ ਇਸ ਘਟਨਾ ਦੀ ਸੂਹ ਨਹੀਂ ਪੁੱਜੀ।

ਗਿਰਦ ਘੁੰਮਦਾ ਰਿਹਾ ਜਿੱਥੇ ਪਾਤਸ਼ਾਹ ਕੈਦ ਸਨ।

ਏਧਰੋਂ ਆਪਣੀ ਚਿੱਠੀ ਢੀਮ ਨਾਲ ਬੰਨ੍ਹ ਕੇ ਅੰਦਰ ਸੁੱਟੀ। ਉਧਰੋਂ ਵੀ ਇਸ਼ਾਰਾ ਹੋਇਆ, ਦਰਸ਼ਨਾਂ ਤੋਂ ਬਾਅਦ, ਕਿ ਤੁਰ ਫਿਰ ਕੇ ਦੁਬਾਰਾ ਭਲਕੇ ਆ ਜਾਇਓ। ਜੁਆਬ ਤਿਆਰ ਰਹੇਗਾ। ਅਗਲੇ ਭਲਕ ਹੁਕਮਨਾਮਾ ਲੈ ਕੇ ਵਾਪਸ ਮੁੜੇ। ਹੋਰਨਾਂ ਸਿੱਖਾਂ ਦੇ ਨਾਂਅ ਹੁਕਮਨਾਮਿਆਂ ਵਿਚ ਵੀ ਭਗਵਾਨ ਸਿੰਘ ਹੋਰਾਂ ਬਾਰੇ ਸਤਿਗੁਰਾਂ ਦਾ ਜ਼ਿਕਰ ਕੀਤਾ ਮਿਲਦਾ ਹੈ। ਇਕ ਹੁਕਮਨਾਮੇ ਵਿਚ ਮਾਈ ਅਤਰੀ ਮਾਈਸਰ ਖ਼ਾਨੇ ਵਾਲੀ (ਜਿਸਦੀ ਕਥਾ ਅੱਗੇ ਆਏਗੀ) ਨੂੰ ਗੁਰੂ ਰਾਮ ਸਿੰਘ ਜੀ ਨੇ ਕਿਹਾ ਸੀ ਕਿ ਘੋੜਿਆਂ 'ਤੇ ਚੜ੍ਹ ਕੇ ਦੌਰੇ ਆਦਿ ਨਾ ਕਰੇ ਅਤੇ ਅੜਬੰਗ ਸਿੰਘ ਵਰਗਾ ਕੋਈ ਸਰੀਰ ਵੇਖ ਕੇ ਉਸ ਨਾਲ ਅਨੰਦ ਕਾਰਜ ਕਰਵਾ ਲਵੇ। ਸਤਿਗੁਰੂ ਰਾਮ ਸਿੰਘ ਜੀ ਸਰਹਾਲੀ ਵਾਲੇ ਮੀਂਹਾਂ ਸਿੰਘ ਤੇ ਭਗਵਾਨ ਸਿੰਘ ਅੜਬੰਗੀ ਤੇ ਉਹ ਕ੍ਰਿਪਾ ਦ੍ਰਿਸ਼ਟੀ ਰੱਖਦੇ ਸਨ ਜਿਹੋ ਜਿਹੀ ਗੁਰੂ ਹਰਗੋਬਿੰਦ ਸਾਹਿਬ ਭਾਈ ਬਿਧੀ ਚੰਦ ਤੇ ਰੱਖਦੇ ਸਨ। ਇਹ ਉਸ ਤਰ੍ਹਾਂ ਹੀ ਗੁਰੂ ਕ੍ਰਿਪਾ ਨਾਲ ਆਪਣੀ ਮਾਰ ਤੱਕ ਫੁਰਤੀ ਨਾਲ ਪੁੱਜ ਜਾਂਦੇ ਸਨ ਅਤੇ ਅਕਾਸ਼ ਪਤਾਲ ਫੋਲ ਲਿਆਉਂਦੇ ਸਨ।

ਅੜਬੰਗ ਸਿੰਘ ਬਾਰੇ ਮਸ਼ਹੂਰ ਸੀ ਕਿ ਉਹਨੇ ਬੁੱਚੜਾਂ ਦੇ ਕਤਲ ਆਦਿ ਸਾਰੇ ਗਿਣੇ ਜਾਣ ਤਾਂ ਕੋਈ ਅਠਾਰਾਂ ਕੁ ਦੁਸ਼ਟਾਂ ਨੂੰ ਸੋਧਿਆ ਸੀ। ਮਾਈਸਰ ਖ਼ਾਨੇ ਦਾ ਇਕ ਲੰਬੜਦਾਰ ਕੂਕਿਆਂ ਨੂੰ ਬੜਾ ਤੰਗ ਕਰਦਾ ਸੀ ਅਤੇ ਹਮੇਸ਼ਾ ਹੀ ਝੂਠੀਆਂ ਸੱਚੀਆਂ ਰਿਪੋਰਟਾਂ ਥਾਣੇ ਪਹੁੰਚਾਉਂਦਾ ਰਹਿੰਦਾ ਸੀ। ਲਾਲਚੀ ਸੁਭਾਅ ਦਾ ਸੀ। ਇਲਾਕੇ ਦੇ ਸਿੰਘਾਂ ਤੋਂ ਸ਼ਿਕਾਇਤ ਮਿਲਣ ਤੇ ਅੜਬੰਗ ਸਿੰਘ ਖ਼ਾਨੇ ਪੁੱਜ ਗਿਆ। ਹੁਣ ਉਹਨੇ ਜੱਟ ਦਾ ਭੇਸ ਧਾਰਿਆ ਸੀ ਚਾਦਰਾ ਕੁੜਤਾ, ਸ਼ਮਲੇ ਵਾਲੀ ਪੱਗ। ਲੰਬੜਦਾਰ ਦੇ ਕੋਲ ਜਾ ਕੇ ਰੋਣ ਲਗ ਪਿਆ। ਉਸ ਪੁੱਛਿਆ ਕਿ ਕੀ ਹੋਇਆ ਈ। ਆਂਹਦਾ ਕਿ ਮੇਰੇ ਦੋ ਸੰਢੇ ਬਦਮਾਸ਼ ਤੇਰੇ ਪਿੰਡ ਦੀ ਜੂਹ ਵਿਚੋਂ ਖੋਹ ਕੇ ਲੈ ਗਏ ਹਨ। ਮੈਂ ਗ਼ਰੀਬ ਮਾਰਿਆ ਗਿਆ ਹਾਂ। ਲੰਬੜਦਾਰ ਨੇ ਵੀਹ ਰੁਪੈ ਲੈਣ ਦੀ ਗੱਲ ਕਰਕੇ ਸੰਢੇ ਮੁੜਾਉਣ ਦਾ ਇਕਰਾਰ ਕਰ ਲਿਆ ਅਤੇ ਭਗਵਾਨ ਸਿੰਘ ਨਾਲ ਪਿੰਡੋਂ ਬਾਹਰ ਸੋਟਾ ਫੜ ਕੇ ਇਕੱਲਾ ਹੀ ਤੁਰ ਪਿਆ। ਵਾਹਵਾ ਦੂਰ ਇਕ ਢਾਬ ਸੀ ਉਹ ਪੁੱਛਦਾ ਕਿ ਕਿੱਥੇ ਜਾਂਦੇ ਹਨ। ਅੜਬੰਗੀ ਨੇ ਕਿਹਾ ਕਿ ਔਹ ਵੇਖ। ਉਹ ਨੀਝ ਨਾਲ ਵੇਖਣ ਲੱਗ ਪਿਆ। ਸਿੰਘ ਨੇ ਪਰਨਾ ਉਹਦੇ ਗਲ ਵਿਚ ਪਾ ਦਿਤਾ। ਆਨੇ ਬਾਹਰ ਆ ਗਏ। ਛੱਪੜ ਦੇ ਕੰਢੇ ਕਿਸੇ ਨੇ ਇੱਟਾਂ ਕੱਚੀਆਂ ਚਿਣੀਆਂ ਸਨ। ਹੇਠਾਂ ਲੰਮਾਂ ਪਾ ਕੇ ਉੱਤੇ ਇੱਟਾਂ ਦਾ ਚੱਠਾ ਲਾ ਦਿੱਤਾ। ਤਿੰਨ ਚਾਰ ਮਹੀਨਿਆਂ ਬਾਦ ਜਦੋਂ ਇੱਟਾਂ ਵਾਲੇ ਨੇ ਇੱਟਾਂ ਚੁੱਕੀਆਂ ਵਸਾਖ ਜੇਠ ਵਿਚ ਤਾਂ ਹੇਠੋਂ ਲੰਬੜਦਾਰ ਦਾ ਪਿੰਜਰ ਲੱਭਿਆ ਸੀ। ਪ੍ਰੰਤੂ ਭਗਵਾਨ ਸਿੰਘ ਦਾ ਸਭ ਤੋਂ ਮਸ਼ਹੂਰ ਕਾਰਨਾਮਾ ਗੇਂਦੇ ਦਾ ਕਤਲ ਸੀ। ਗੇਂਦਾ ਭੈਣੀ ਸਾਹਿਬ ਪੁਲੀਸ ਚੌਂਕੀ ਦਾ

ਹਵਾਲਦਾਰ ਸੀ। (ਇਹ ਹਵਾਲਦਾਰ ਨਹੀਂ ਸਿਪਾਹੀ ਸੀ) ਸਤਿਗੁਰਾਂ ਦੇ ਪ੍ਰਦੇਸ ਜਾਣ ਬਾਅਦ ਡੇਰੇ ਭੈਣੀ ਸਾਹਿਬ ਦੇ ਬੂਹੇ ਅੱਗੇ ਪੁਲੀਸ ਦੀ ਚੌਂਕੀ ਪਾ ਦਿਤੀ ਗਈ ਸੀ। ਪਹਿਲੇ ਕੁਝ ਸਾਲ ਤਾਂ ਕਿਸੇ ਨਾਮਧਾਰੀ ਸਿੰਘ ਨੂੰ ਏਥੇ ਆਉਣ ਦੀ ਆਗਿਆ ਨਹੀਂ ਸੀ। ਫਿਰ ਸਮਾਂ ਪਾ ਕੇ ਪੰਜ ਜਾਂ ਦਸ ਤੱਕ ਸਿੰਘਾਂ ਨੂੰ ਅੰਦਰ ਜਾ ਕੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਦੀ ਖੁੱਲ੍ਹ ਮਿਲ ਗਈ ਸੀ। ਸਿੰਘ ਦੂਰੋਂ ਦੂਰੋਂ ਆਉਂਦੇ। ਕਈ ਕਈ ਦਿਨ ਵਾਰੀ ਉਡੀਕਦੇ ਰਹਿੰਦੇ। ਗੁਰੂ ਹਰੀ ਸਿੰਘ ਜੀ, ਮਾਤਾ ਜਿਊਣ ਕੌਰ ਜੀ, ਪੁਲੀਸ ਦੀਆਂ ਨਜ਼ਰਾਂ ਤੋਂ ਬਚਾ ਕੇ ਜਲ ਪਾਣੀ, ਪ੍ਰਸ਼ਾਦੇ ਉਹਨਾਂ ਛਿਪੇ ਸਿੰਘਾਂ ਨੂੰ ਛਕਾਉਂਦੇ। ਇਹ ਜਿਹੜਾ ਗੇਂਦਾ ਹੌਲਦਾਰ ਸੀ, ਬੜਾ ਸਖ਼ਤ ਸੀ ਸੁਭਾਅ ਦਾ। ਦਰਸ਼ਨਾਂ ਲਈ ਆਏ ਸਿੰਘਾਂ ਨੂੰ ਵੀ ਤੰਗ ਕਰਦਾ ਅਤੇ ਡੇਰੇ ਵਿਚੋਂ ਜੇ ਕੋਈ ਵਸਤ ਛਕਣ ਛਕਾਣ ਵਾਲੀ ਉਹਨਾਂ ਤਕ ਜਾਂਦੀ ਉਹ ਵੀ ਖੋਹ ਲੈਂਦਾ। ਇਕ ਦਿਨ ਤਾਂ ਹੱਦ ਹੋ ਗਈ ਜਿਸ ਦਿਨ ਉਹਨੇ ਬਾਹਰ ਸਿੰਘਾਂ ਵਾਸਤੇ ਜਾ ਰਹੀ ਸ਼ਰਦਾਈ ਦਾ ਗੜਵਾ, ਮਾਤਾ ਜਿਊਣ ਕੌਰ ਜੀ ਦੇ ਹੱਥੋਂ ਖੋਹ ਕੇ ਡੋਹਲ ਦਿਤਾ। ਖਾਂਦਾ ਵੀ ਸੀ ਤੇ ਹੀਂਜਰਦਾ ਵੀ ਸੀ। ਸਬੱਬੀ ਅੜਬੰਗੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨੂੰ ਆਇਆ। ਮਲ੍ਹੇਆਣੇ ਦੇ ਨੇੜੇ ਗੁਰੂ ਜੀ ਦੇ ਦਰਸ਼ਨ ਉਹਨੂੰ ਹੋ ਗਏ। ਤੁਰਨ ਲੱਗਿਆ ਅਰਜ਼ ਕੀਤੀ, "ਪਾਤਸ਼ਾਹ ਜੀ, ਕੋਈ ਸੇਵਾ ਹੋਵੇ ਤਾਂ ਹੁਕਮ ਕਰੋ।" ਗੁਰੂ ਹਰੀ ਸਿੰਘ ਜੀ ਨੇ ਆਖਿਆ, "ਭਗਵਾਨ ਸਿੰਘ ਹੋਰ ਤਾਂ ਕੋਈ ਤਕਲੀਫ਼ ਨਹੀਂ। ਇਕ ਗੇਂਦਾ ਗੰਦਾ ਹੈ ਉਹ ਬੜਾ ਤੰਗ ਕਰਦਾ ਹੈ, ਦਰਸ਼ਨ ਵਾਸਤੇ ਆਈਆਂ ਸੰਗਤਾਂ ਨੂੰ।" ਅੜਬੰਗੀ ਨੇ ਕਿਹਾ ਕਿ ਤੁਹਾਡੀ ਕ੍ਰਿਪਾ ਨਾਲ ਸੰਗਤ ਦਾ ਇਹ ਕਸ਼ਟ ਛੇਤੀ ਕੱਟਿਆ ਜਾਇਗਾ ਅਤੇ ਵਾਪਸ ਤੁਰ ਚੱਲਿਆ। ਐਨ ਉਸੇ ਵੇਲੇ ਕਿਸੇ ਨੇ ਗੇਂਦੇ ਨੂੰ ਵੀ ਜਾ ਦੱਸਿਆ ਕਿ ਜਿਹੜੇ ਸਾਧ ਅੜਬੰਗੀ ਨੂੰ ਤੂੰ ਫੜਨਾ ਚਾਹੁੰਦਾ ਹੈਂ, ਉਹ ਅੱਜ ਆਇਆ ਈ ਤੇ ਹੁਣੇ ਹੁਣੇ ਗੁਰੂ ਹਰੀ ਸਿੰਘ ਨੂੰ ਮਿਲ ਕੇ ਮੁੜਿਆ ਈ। ਗੇਂਦਾ ਤਰੱਕੀ ਦੇ ਲਾਲਚ ਵਿਚ ਸੀ। ਜੁਆਨੀ ਦੇ ਘੁਮੰਡ ਵਿਚ ਸੀ। ਹਕੂਮਤ ਦਾ ਵੀ ਨਸ਼ਾ ਸੀ। 'ਕੱਲਾ ਹੀ ਆਪਣੀ ਡਾਂਗ ਚੁੱਕ ਕੇ ਭੱਜ ਤੁਰਿਆ। ਅੜਬੰਗੀ ਨੇ ਵੀ ਵੇਖ ਲਿਆ ਕਿ ਅੱਜ ਇਹਦਾ ਕਾਲ ਇਹਨੂੰ ਖਿੱਚੀ ਲਿਆਉਂਦਾ ਹੈ ਮੇਰੇ ਵੱਲ। ਉਹ ਵੀ ਛੁਹਲੇ ਪੈਰੀਂ ਹੋ ਗਿਆ। ਬਾਬਾ ਜੀ ਦੱਸਦੇ ਸਨ ਕਿ ਉਸ ਦਿਨ ਸਾਡਾ ਇਰਾਦਾ ਗੇਂਦੇ ਨੂੰ ਮਾਰਨ ਦਾ ਨਹੀਂ ਸੀ। ਕਿਉਂਕਿ ਦਿਨ ਦਾ ਵੇਲਾ ਸੀ ਕੋਈ ਗਿਆਰਾਂ ਕੁ ਵਜੇ ਦਾ। ਗੁਰੂ ਹਰੀ ਸਿੰਘ ਹੋਰੀਂ ਹੁਣੇ ਹੀ ਬਾਹਰੋਂ ਡੇਰੇ ਨੂੰ ਜਾ ਰਹੇ ਸਨ। ਮੈਂ ਟਾਲਾ ਕਰਦਾ ਸਾਂ ਪਈ ਕਿਤੇ ਸਰਕਾਰ ਇਹ ਕਤਲ ਉਹਨਾਂ 'ਤੇ ਨਾ ਪਾ ਦੇਵੇ। ਇਸ ਲਈ ਮੈਂ ਅੱਜ ਮੌਕਾ ਨਹੀਂ ਸੀ ਬਣਨ ਦੇਣਾ ਚਾਹੁੰਦਾ। ਫਿਰ ਕਿਤੇ ਅੱਗਾ ਪਿੱਛਾ ਕਰਕੇ ਹੋਰਥੇ ਉਹਨੂੰ ਸੋਧਣਾ ਚਾਹੁੰਦਾ ਸਾਂ। ਪਰ ਭਾਵੀ ਪ੍ਰਬਲ ਸੀ। ਹੋਣੀ ਉਹਨੂੰ ਖਿੱਚੀ ਲਈ ਆਉਂਦੀ ਸੀ। ਮੈਂ ਦੋ ਪਸ਼ਮੀਨੇ ਦੀਆਂ ਚਾਦਰਾਂ, ਜਿਹਨਾਂ ਦੇ ਪੱਲੇ ਪੰਸੇਰੀ

ਲੱਡੂਆਂ ਦੀ ਵੀ ਬੱਧੀ ਸੀ ਅਤੇ ਵੀਹ ਰੁਪੈ ਵੀ ਸਨ, ਉਹ ਸੁੱਟੀਆਂ ਕਿ ਲਾਲਚ ਵਿਚ ਆ ਕੇ ਮੁੜ ਜਾਏ। ਪਰ ਉਹਨੂੰ ਤੇ ਵੱਡਾ ਲੋਭ ਸੀ ਥਾਣੇਦਾਰ ਬਣਨ ਦਾ। ਉਸ ਦੂਰੋਂ ਮੈਨੂੰ ਲਲਕਾਰ ਕੇ ਆਖਿਆ, "ਸਾਧਾ ਗਾਂ ਖਾਏ ਜੇ ਅਗਾਂਹ ਜਾਏ।" ਹੁਣ ਜੂਹ ਦੂਜੇ ਪਿੰਡ (ਕੋਟ ਗੰਗੂ ਰਾਇ) ਦੀ ਆ ਚੁੱਕੀ ਸੀ। ਮੈਂ ਵੀ ਦਲੇਰ ਹੋ ਗਿਆ ਸਾਂ ਕਿ ਮੌਕਾ ਹੁਣ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਦਾ ਹੀ ਬਣੇਗਾ। ਸੋ ਮੈਂ ਮੋੜ ਕੇ ਜੁਆਬ ਦਿਤਾ, "ਹਲਾ ਬਈ ਤਕੜਾ ਹੋ, ਤੇ ਸੂਰ ਖਾਏਂ ਜੇ ਤੂੰ ਹੁਣ ਪਿਛਾਂਹ ਮੁੜੇਂ।"

ਆਹਮੋ ਸਾਹਮਣੇ, ਅੱਪੜ ਗਏ। ਉਸ ਮੈਨੂੰ ਆਖਿਆ ਬੁੱਢਿਆ ਵਾਰ ਕਰ ਲੈ ਪਹਿਲਾਂ, ਆਖੀਂ ਨਾ ਬਈ ਮੌਕਾ ਨਹੀਂ ਮਿਲਿਆ। ਮੈਂ ਆਖਿਆ, "ਵੇਖ ਪਈ ਜੁਆਨਾ, ਤੂੰ ਮੇਰੇ ਪਿੱਛੇ ਖੁਰੀ ਕਰਕੇ ਆਇਆ ਹੈਂ। ਹੱਕ ਤੇਰਾ ਬਣਦਾ ਹੈ ਪਹਿਲੇ ਵਾਰ ਦਾ।" ਉਹ ਸਿੱਧਾ ਹੋਇਆ ਤੇ ਉਸ ਦੁਹੱਥੜੀ ਡਾਂਗ ਮੇਰੇ ਵੱਲ ਚਲਾਈ। ਮੈਂ ਰੋਕੀ ਤੇ ਸਹੀ ਪਰ ਫਿਰ ਵੀ ਪੁੜਪੁੜੀ ਕੋਲ ਵੱਜ ਗਈ। ਮੈਂ ਸਿਰ ਛੰਡਿਆ ਤਾਂ ਲਹੂ ਦੀ ਤਤੀਰੀ ਜਾ ਪਈ ਰੇਤੇ ਤੇ। ਮੈਂ ਪੈਂਤੜਾਂ ਬਦਲ ਕੇ ਲਲਕਾਰਿਆ ਗੇਂਦੇ ਨੂੰ, ਪਈ ਰੋਕ ਜੇ ਰੁਕਦਾ ਈ, ਸਿੰਘ ਦਾ ਵਾਰ ਆਇਆ ਈ। ਪਹਿਲੇ ਖੂੰਡੇ ਨਾਲ ਹੀ ਗੇੜਾ ਖਾ ਕੇ ਜਾ ਪਿਆ। ਇਕ ਹੋਰ ਜੜਿਆ। ਐਨ ਨਿੱਸਲ ਹੋ ਕੇ ਪੈ ਗਿਆ। ਕੱਢ ਕੇ ਬੋਝੇ 'ਚੋਂ ਕਾਚੂ (ਚਾਕੂ) ਸ਼ਾਹਰਗ ਵੱਢ ਦਿਤੀ ਤੇ ਸਾਧ ਅੱਲਾ ਬੇਲੀ ਹੋ ਗਿਆ, ਗੇਂਦੇ ਨੂੰ ਤਰੱਕੀਆਂ ਦੇ ਗਿਆ ਅਤੇ ਮਗਰਲਿਆਂ ਨੂੰ ਕੰਨ ਕਰ ਗਿਆ ਕਿ ਜੇ ਕਿਸੇ ਫੇਰ ਡੇਰੇ ਭੈਣੀ ਸਾਹਿਬ ਵਾਲਿਆਂ ਨਾਲ ਕਿਸੇ ਤਰ੍ਹਾਂ ਦੀ ਵਧੀਕੀ ਕੀਤੀ ਤਾਂ ਉਹ ਵੀ ਗੇਂਦੇ ਵਾਲਾ ਹਸ਼ਰ ਚੇਤੇ ਕਰ ਲਵੇ।" ਬਾਬੇ ਹੋਰਾਂ ਦੱਸਿਆ ਸੀ ਕਿ ਇਹ ਕਤਲ ਗੁਸਾਈਂ ਆਣੇ ਦੇ ਕੋਲ ਹੋਇਆ ਸੀ ਅਤੇ ਉਹ ਫਿਰ ਏਥੋਂ ਲੱਲਾਂ ਦੇ ਕੂਕਿਆਂ ਕੋਲ ਜਾ ਕੇ, ਆਪਣੇ ਜ਼ਖ਼ਮ 'ਤੇ ਪਟੀ ਬੰਨ੍ਹ ਕੇ, ਲੀੜੇ ਕੱਪੜੇ ਬਦਲ ਕੇ, ਰਾਤ ਰਾਤ ਹੀ ਨਹਿਰ ਸਰਹਿੰਦ ਦੀ ਪਟੜੀ ਪੈ ਕੇ ਜਿਉਂ ਚੱਲੇ, ਲੋਅ ਲਗਦੀ ਨੂੰ ਢਿੱਲਵਾਂ (ਜ਼ਿਲ੍ਹਾ ਬਠਿੰਡਾ) ਮੌੜਾਂ ਦੇ ਲਾਗੇ ਜਾ ਅੱਪੜੇ। ਗੇਂਦੇ ਦੇ ਕਤਲ ਬਾਅਦ ਮਫ਼ਰੂਰੀ ਦਾ ਜ਼ਿਆਦਾ ਸਮਾਂ ਏਧਰ ਮਾਲਵੇ ਦੇ ਪਿੰਡਾਂ ਵਿਚ ਹੀ ਬਿਤਾਉਂਦੇ ਉਦਾਸੀ ਸਾਧ ਬਣਕੇ। ਬੱਪੀਆਣੇ (ਮਾਨਸਾ) ਵਿਚ ਵੀ ਅਕਸਰ ਰਹਿੰਦੇ ਸਨ। ਉਂਞ ਉਹ ਕਿਹੜੀ ਥਾਂ ਐਸੀ ਸੀ ਜਿੱਥੇ ਨਾ ਪਹੁੰਚ ਸਕਦੇ ਹੋਣ ਤੇ ਕੰਮ ਕੋਈ ਵੀ ਉਹਨਾਂ ਲਈ ਔਖਾ ਨਹੀਂ ਸੀ।*

ਓਧਰ ਜਦੋਂ ਚੌਂਕੀ ਦੇ ਹੋਰ ਸਿਪਾਹੀ ਵੀ ਗੇਂਦੇ ਮਗਰ ਭੱਜੇ ਸਨ ਤਾਂ ਉਹਨਾਂ ਦੇ ਅੱਪੜਦਿਆਂ ਤੱਕ ਗੇਂਦੇ ਦਾ ਕੰਮ ਹੋ ਗਿਆ ਸੀ। ਬਾਬੇ ਹੋਰਾਂ ਦੇ ਇਕ ਦਬਕਾੜੇ ਨਾਲ ਉਹ ਪਿਛਾਂਹ ਨੱਸ ਗਏ। ਆਉਂਦਿਆਂ ਹੀ ਉਹਨਾਂ ਗੁਰੂ ਹਰੀ ਸਿੰਘ ਸਮੇਤ ਡੇਰੇ ਵਿਚਲੇ ਸਾਰੇ ਸਿੰਘਾਂ ਨੂੰ ਤਬੇਲੇ ਵਿਚ ਦੇ ਕੇ ਬਾਹਰੋਂ ਜਿੰਦਰਾ ਮਾਰ

*ਗੇਂਦੇ ਦਾ ਕਤਲ ਜਨਵਰੀ 1883 ਵਿਚ ਹੋਇਆ।

ਦਿਤਾ। ਪੁਲਸ ਕਪਤਾਨ, ਡੀ.ਸੀ. ਦੋਵੇਂ ਲੁਧਿਆਣੇ ਜ਼ਿਲ੍ਹੇ ਦੇ ਵੱਡੇ ਅੰਗ੍ਰੇਜ਼ ਅਫ਼ਸਰ ਭੈਣੀ ਸਾਹਿਬ ਪਹੁੰਚ ਗਏ ਖ਼ਬਰ ਹੋਣ ਤੇ ਸ਼ਾਮ ਤੱਕ। ਅਫ਼ਸਰਾਂ ਨੇ ਮੱਥੇ 'ਤੇ ਹੱਥ ਮਾਰਿਆ ਸਿਪਾਹੀਆਂ ਦੀ ਕਾਰਵਾਈ ਵੇਖ ਕੇ। ਕਹਿੰਦੇ ਜੇ ਇਹ ਅੰਦਰ ਨਾ ਡੱਕੇ ਹੁੰਦੇ ਤਾਂ ਗੁਰੂ ਹਰੀ ਸਿੰਘ ਨੂੰ ਮੁਕੱਦਮੇ ਵਿਚ ਵਲਿਆ ਜਾ ਸਕਦਾ ਸੀ। ਫਿਰ ਗੁਰੂ ਹਰੀ ਸਿੰਘ ਨੂੰ ਪੁੱਛਿਆ, "ਬਾਬਾ ਸਾਹਿਬ ਹਮਾਰਾ ਆਦਮੀ ਮਾਰ ਦਿਤਾ।" ਉਹਨਾਂ ਕਿਹਾ, "ਇਹ ਕਹਿੰਦੇ ਸੀ ਪਈ ਕੋਈ ਸਾਧ ਮਾਰ ਗਿਆ ਹੈ। ਸਾਨੂੰ ਅੰਦਰ ਨਾ ਡੱਕਦੇ ਤਾਂ ਅਸੀਂ ਘੋੜੀਆਂ ਮਗਰ ਲਾ ਕੇ ਉਸ ਸਾਧ ਦਾ ਪਿੱਛਾ ਕਰਦੇ।" ਅਫ਼ਸਰਾਂ ਨੇ ਗੁਰੂ ਜੀ ਤੇ ਸਿੰਘਾਂ ਨੂੰ ਤਬੇਲਿਉਂ ਬਾਹਰ ਕੱਢਿਆ ਅਤੇ ਭਗਵਾਨ ਸਿੰਘ ਦੇ ਖ਼ਿਲਾਫ਼ ਮੁਕਦਮਾ ਦਰਜ ਕਰਕੇ ਉਹਦੀ ਭਾਲ ਸ਼ੁਰੂ ਕਰ ਦਿਤੀ। ਕਾਫ਼ੀ ਚਿਰ ਬਾਦ ਇਕ ਵੇਰ ਫਿਰ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਸੀ, ਅੜਬੰਗੀ। ਲੁਧਿਆਣੇ ਦਾਣੇ ਭੁਨਾ ਕੇ ਭੱਠੀ ਤੋਂ ਝੋਲੀ ਵਿਚ ਪੁਆ ਰਿਹਾ ਸੀ ਜਦੋਂ ਸੀ.ਆਈ.ਡੀ. ਵਾਲੇ ਜਿਹੜੇ ਪਿੱਛੇ ਲੱਗੇ ਸਨ, ਉਹਨਾਂ ਜੱਫਾ ਮਾਰ ਲਿਆ। ਫੜਿਆ ਗਿਆ। ਮੁਕੱਦਮਾ ਚੱਲਿਆ। ਉਹ ਕਹਿਣ ਕਿ ਤੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਮਰਹਾਣੇ ਪਿੰਡ ਦਾ ਭਗਵਾਨ ਸਿੰਘ ਕੂਕਾ ਹੈਂ ਅਤੇ ਗੇਂਦਾ ਤੂੰ ਕਤਲ ਕੀਤਾ ਹੈ। ਅੜਬੰਗੀ ਆਖੇ, "ਪਈ, ਮੈਂ ਤਾਂ ਉਦਾਸੀ ਸਾਧ ਹਾਂ। ਛੋਟਾ ਹੁੰਦੇ ਨੂੰ ਮਾਂ ਪਿਓ ਸਾਧਾਂ ਦੇ ਡੇਰੇ ਚੜ੍ਹਾ ਗਿਆ ਸੀ। ਮੈਨੂੰ ਨਹੀਂ ਪਤਾ ਕਿਹੜਾ ਮੇਰਾ ਪਿੰਡ ਹੈ ਤੇ ਕਿਹੜਾ ਮਾਂ ਪਿਓ। ਮੈਂ ਭਲਾ ਗੇਂਦਾ ਕਿਉਂ ਮਾਰਨਾ ਸੀ।" ਬੱਪੀਆਣੇ ਪਿੰਡ ਦੀ ਪੰਚਾਇਤ ਵੀ ਲੁਧਿਆਣੇ ਆ ਕੇ ਭੁਗਤ ਗਈ ਕਿ ਇਹ ਤਾਂ ਸਾਡੇ ਡੇਰੇ ਦੇ ਸੰਤ ਹਨ। ਇਹਨਾਂ ਦਾ ਕੂਕਿਆਂ ਨਾਲ ਕੋਈ ਤਾਅੱਲਕ ਨਹੀਂ। ਫਿਰ ਮਰਹਾਣੇ ਪੁਲੀਸ ਗਈ। ਮਾਂ ਨੂੰ ਆਖਿਆ ਤੇਰੇ ਪੁੱਤਰ ਨੂੰ ਫਾਂਸੀ ਹੋਣੀ ਹੈ। ਅਖ਼ੀਰਲੇ ਮੇਲੇ ਕਰ ਲੈ। ਉਹ ਵਿਚਾਰੀ ਤੁਰ ਪਈ ਰੋਂਦੀ ਕੁਰਲਾਉਂਦੀ। ਜਦੋਂ ਬਾਬੇ ਹੋਰਾਂ ਵੇਖਿਆ ਪਈ ਨਵੀਂ ਚਾਲ ਚੱਲੀ ਨੇ, ਮਾਂ ਨੂੰ ਲਿਆਉਣ ਵਾਲੀ। ਦੂਰੋਂ ਹੀ ਬੋਲ ਉੱਠੇ, "ਵੇਖੀਂ ਬੁੱਢੜੀਏ "ਮੇਰਾ ਪੁੱਤ ਮੇਰਾ ਪੁੱਤ" ਕਰਕੇ ਬਿਗਾਨੀ ਮਾਂ ਦਾ ਪੁੱਤਰ ਫਾਹੇ ਨਾ ਲੁਆ ਦਈਂ।" ਮਾਤਾ ਵੀ ਤਾੜ ਗਈ। ਨੇੜੇ ਆਈ। ਚੰਗੀ ਤਰ੍ਹਾਂ ਵੇਖ ਚਾਖ ਕੇ ਆਂਹਦੀ, "ਮੇਰੀ ਏਨੀ ਕਿਸਮਤ ਕਿੱਥੇ ਪੁੱਤਰ ਦਾ ਮੂੰਹ ਵੇਖਣ ਵਾਲੀ। ਇਹ ਤੇ ਕੋਈ ਸਾਧ ਏ ਮੇਰਾ ਪੁੱਤਰ ਨਹੀਂ। ਜਿਹੜੇ ਕੂਕਿਆਂ ਨਾਲ ਰਲੇ ਨੇ ਉਹ ਕਦੋਂ ਘਰ ਮੁੜਕੇ ਆਏ ਨੇ।" ਮਾਈ ਚਿਹਰੇ 'ਤੇ ਅਫ਼ਸੋਸ ਅਤੇ ਹਿਰਦੇ ਵਿਚ ਖ਼ੁਸ਼ੀ ਲੈ ਕੇ ਘਰ ਪਰਤ ਗਈ। ਮੌਕੇ ਦਾ ਅਗਵਾਹ ਪੀਰਾਂ ਦਿੱਤਾ, ਪੰਜੇਟਿਆਂ ਦਾ ਚੁਮਿਆਰ ਸੀ। ਉਹਨੀਂ ਦਿਨੀਂ ਚੌਦਾਂ ਸੌ ਰੁਪੈ ਗੁਰੂ ਹਰੀ ਸਿੰਘ ਜੀ ਨੇ ਉਹਨੂੰ ਦਿਤੇ। ਉਸ ਅੰਨ੍ਹੇ ਹੋਣ ਦਾ ਸਵਾਂਗ ਧਾਰ ਲਿਆ ਕਿ ਜੀ ਮੈਨੂੰ ਤਾਂ ਦਿਸਦਾ ਨਹੀਂ। ਜੱਜ ਕੋਲ ਹੁਣ ਕੋਈ ਚਾਰਾ ਨਹੀਂ ਸੀ। ਉਹ ਸਾਬਤ ਨਹੀਂ

ਸੀ ਕਰ ਸਕਿਆ ਕਿ ਇਹੋ ਭਗਵਾਨ ਸਿੰਘ ਹੈ। ਉਸ ਸਾਧ ਦੀ ਬਿਰਤੀ ਦੀ ਪਰਖ ਕਰਨ ਲਈ ਇਕ ਦਿਨ ਝੂਠ ਹੀ ਹੁਕਮ ਸੁਣਾ ਦਿਤਾ ਕਿ ਇਕ ਹਫ਼ਤੇ ਨੂੰ ਤੈਨੂੰ ਫਾਹੇ ਲਾ ਦਿਆਂਗੇ। ਓਦਣ ਵੀ ਭਾਰ ਤੋਲ ਲਿਆ। ਜਦੋਂ ਸਤਵਾਂ ਦਿਨ ਆਇਆ ਪੰਜ ਸੇਰ ਭਾਰ ਵਧ ਗਿਆ। ਅਖ਼ੀਰ ਆਖ਼ਰੀ ਹਥਿਆਰ ਵਰਤ ਕੇ ਕਹਿੰਦਾ "ਭਗਵਾਨ ਸਿੰਘ ਬਰੀ।" ਸਾਧ ਆਪਣੀ ਥਾ 'ਤੇ ਖਲੋਤਾ ਰਿਹਾ। ਆਂਹਦਾ ਜਿਹੜਾ ਭਗਵਾਨ ਸਿੰਘ ਹੋਏਗਾ ਤੁਰ ਜਾਏਗਾ ਅਸੀਂ ਤੇ ਉਦਾਸੀ ਸਾਧ ਹਾਂ। ਉਹਨਾਂ ਆਖਿਆ ਬਾਬਾ ਜਾਹ ਤੂੰ, ਜਿਹੜੀ ਵੀ ਬਲਾ ਏਂ ਜਾਹ ਤੂੰ, ਤੈਨੂੰ ਬਰੀ ਕੀਤਾ।

ਇਕ ਵੇਰ ਫਿਰ ਜਦੋਂ ਅਤਰੀ ਮਾਈਸਰ ਖ਼ਾਨੇ ਵਾਲੀ ਤੇ ਉਹਦੇ ਡੇਰੇ ਦੇ ਹੋਰ ਬੰਦੇ ਕਤਲ ਹੋ ਗਏ ਸਨ। ਅਤਰੀ ਅਤੇ ਉਹਦੇ ਹੋਰ ਨਾਲਦਿਆਂ ਦੇ ਕਤਲ 1904 ਵਿਚ ਬਾਬਾ ਜਵੰਦ ਸਿੰਘ ਖਿਆਲਾ, ਵਧਾਵਾ ਸਿੰਘ ਝੀਤੇ, ਕਿਸ਼ਨ ਸਿੰਘ ਵਰਨ ਤੇ ਲਾਲ ਸਿੰਘ ਬੱਲੂਆਣਾ ਨੇ ਕੀਤੇ ਸਨ। ਸ਼ੱਕ ਵਿਚ ਰਿਆਸਤ ਪਟਿਆਲਾ ਦੀ ਪੁਲੀਸ ਨੇ ਫਿਰ ਬਾਬੇ ਹੋਰਾਂ ਨੂੰ ਫੜ ਲਿਆ। ਉਹਨਾਂ ਨੂੰ ਇਹ ਤੇ ਪਤਾ ਸੀ ਪਈ ਇਹ ਕਾਰਾ ਕਿਹਨਾਂ ਸਿੰਘਾਂ ਦਾ ਹੈ। ਪਰ ਉਹ ਆਪਣੇ ਮੱਥੇ ਤੇ ਮੁਖ਼ਬਰੀ ਦਾ ਕਲੰਕ ਨਹੀਂ ਸਨ ਲੁਆਉਣਾ ਚਾਹੁੰਦੇ। ਬੜੇ ਤਸੀਹੇ ਦਿਤੇ। ਇਕ ਦਿਨ ਆਪ ਦੇ ਨਲਾਂ ਨਾਲ ਚੋਖਾ ਭਾਰ ਬੰਨ੍ਹ ਦਿਤਾ ਗਿਆ। ਕਰੀਬ 84 ਬਹਾਰਾਂ ਹੰਢਾ ਚੁਕਿਆ ਸਰੀਰ ਹੁਣ ਬਿਰਧ ਸੀ। ਉਹਨਾਂ ਪੁਲੀਸ ਵਾਲਿਆਂ ਨੂੰ ਆਖਿਆ, ਪਈ ਇਕ ਢੰਗ ਹੈ ਜੇ ਤੁਸਾਂ ਕਾਤਲ ਫੜਨੇ ਹੋਣ। ਮਾਝੇ ਵਿਚ ਜਿੱਥੇ ਕਿਤੇ ਨਾਮਧਾਰੀਆਂ ਦਾ ਮੇਲਾ ਹੋਵੇ, ਮੇਰੇ ਵਲੋਂ ਇਕ ਇਸ਼ਤਿਹਾਰ ਉਥੇ ਲੁਆ ਦਿਓ। ਉਸ ਵਿਚ ਲਿਖਣਾਂ ਕਿ ਸਾਧ ਸੰਗਤ ਜੀ ਮੈਂ ਹੁਣ ਬਿਰਧ ਹੋ ਚੁੱਕਾ ਹਾਂ। ਸਰੀਰ ਤਸੀਹੇ ਹੋਰ ਨਹੀਂ ਝੱਲ ਸਕਦਾ। ਜਿਹਨਾਂ ਸਿੰਘਾਂ ਨੇ ਅਤਰੀ ਵਾਲਾ ਕਾਰਾ ਕੀਤਾ ਹੈ ਜਾਂ ਤਾਂ ਉਹ ਆਪ ਪੇਸ਼ ਹੋ ਜਾਣ, ਨਹੀਂ ਤਾਂ ਫਿਰ ਮੈਂ ਖ਼ੁਦ ਇਹ ਕਤਲ ਆਪਣੇ ਜ਼ੁੰਮੇ ਲੈ ਕੇ ਸ਼ਹੀਦੀ ਬਾਟਾ ਛਕ ਜਾਵਾਂਗਾ। ਇਸ਼ਤਿਹਾਰ ਲੱਗਦਿਆਂ ਹੀ ਸਬੰਧਿਤ ਸਿੰਘ ਪੇਸ਼ ਹੋ ਗਏ ਅਤੇ ਬਾਬੇ ਹੋਰਾਂ ਨੂੰ ਛੱਡ ਦਿਤਾ ਗਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਕਰਨ ਤੇ ਇਕ ਵੇਰ ਉਹਨਾਂ ਨੇ ਗਤਕਾ ਖੇਡਿਆ ਸੀ। ਸਰੀਰ ਬਹੁਤ ਬਿਰਧ ਸੀ। ਪਰ ਐਸੀ ਫੁਰਤੀ ਨਾਲ ਪੈਂਤੜਾ ਬਦਲਦੇ ਸਨ ਕਿ ਅਸੀਂ ਸਭ ਮੁੰਡੇ ਖੁੰਡੇ ਜੋ ਵੇਖ ਰਹੇ ਸਾਂ ਦੰਗ ਰਹਿ ਗਏ ਸਾਂ। ਅੜਬੰਗ ਸਿੰਘ ਵਰਗੇ ਸੂਰਮੇ ਜਿਹਨਾਂ ਪੰਥਾਂ ਵਿਚ ਹੁੰਦੇ ਹਨ, ਉਹਨਾਂ ਦੀ 'ਵਾ ਵੱਲ ਵੀ ਕੌਣ ਵੇਖ ਸਕਦਾ ਏ?

**ਹੋਲਾ ਮਾਂਗੇ ਦਾ:**

ਵਿਸਾਖੀ ਤੋਂ ਕੱਤਕ ਤੱਕ ਫਿਰ ਸਤਿਗੁਰੂ ਜੀ ਕਦੇ ਸ੍ਰੀ ਭੈਣੀ ਸਾਹਿਬ

ਡੇਰੇ ਅਤੇ ਕਦੇ ਰੋਪੜ ਵਾਲੀ ਨਹਿਰ ਦੇ ਡੇਰੇ 'ਤੇ ਚਲੇ ਜਾਂਦੇ। ਸਰਹਿੰਦ ਨਹਿਰ ਨੂੰ ਹੀ ਏਧਰ ਰੋਪੜ ਵਾਲੀ ਨਹਿਰ ਆਖਦੇ ਹਨ। ਦਿਵਾਲੀ ਦੇ ਲਾਗੇ ਹਰ ਸਾਲ ਦੌਰਾ ਅੰਮ੍ਰਿਤਸਰ ਵੱਲ ਤੁਰ ਪੈਂਦਾ ਸੀ। ਇਸ ਵਰ੍ਹੇ 1969 ਬਿਕ੍ਰਮੀ ਦਾ ਹੋਲਾ ਮਹੱਲਾ ਮਾਂਗਾ ਜ਼ਿਲਾ ਲਾਹੌਰ ਵਿਚ ਹੋਇਆ ਸੀ। ਇਹ ਹੋਲਾ ਮਾਂਗੇ ਦੇ ਸੰਤ ਸੰਮਾ ਸਿੰਘ ਹੋਰਾਂ ਬੜੇ ਜ਼ੋਰ ਨਾਲ ਲਿਆ ਸੀ। ਲੋਕ ਹੈਰਾਨ ਸਨ ਕਿ ਇਹ ਪਾਟੀ ਕੱਛ ਵਾਲਾ ਸਿੱਖ ਹੋਲਾ ਮੰਗਦਾ ਏ। ਪਰ ਜਿਥੇ ਰਿਧੀਆਂ ਸਿਧੀਆਂ ਸੰਗਤ ਦੀ ਸੇਵਾ ਵਿਚ ਖਲੋਤੀਆਂ ਰਹਿੰਦੀਆਂ ਹੋਣ ਉਥੇ ਭੰਡਾਰ ਭਰੇ ਹੁੰਦੇ ਹਨ। ਇਸ ਹੋਲੇ ਨੇ ਸਾਬਤ ਕੀਤਾ ਕਿ ਗੁਰੂ ਕੇ ਸਿੱਖਾਂ ਵਿਚ ਕਿੰਨੀ ਤਾਕਤ ਹੈ। ਬਾਕੀ ਸੰਤਾਂ ਦਾ ਭਾਈਚਾਰਾ ਸਾਰਾ ਪਿੰਡ ਵੀ ਤਕਰੀਬਨ ਉਨ੍ਹਾਂ ਦੇ ਮਗਰ ਸੀ। ਹੋਲਾ ਸ਼ਾਨ ਨਾਲ ਸਮਾਪਤ ਹੋਇਆ। ਕਿਸੇ ਗੱਲ ਦੀ ਤੋੜ ਨਾ ਆਈ। ਇਸ ਹੋਲੇ ਤੇ ਮਾਈ ਜਿਊਣ ਕੌਰ ਜੀ ਵੀ ਗਏ ਸਨ। ਹੋਲੇ ਦੀ ਸਮਾਪਤੀ 'ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਾਬਾ ਵੀਰ ਸਿੰਘ ਭੋਮੇ ਵਡਾਲੀਏ ,ਅਰੂੜ ਸਿੰਘ ਜਰਗਰ (ਰਿਆਸਤ ਪਟਿਆਲਾ) ਅਤੇ ਮੈਨੂੰ ਹੁਕਮ ਕੀਤਾ ਕਿ ਤੁਸੀਂ ਵਲਟੋਹੇ ਵਲੋਂ ਜਾਓ ਅਤੇ ਉਥੋਂ ਗਾਂ ਤੇ ਇਕ ਮੱਝ ਲੈ ਕੇ, ਜੋ ਕਿਸੇ ਸਿੰਘ ਨੇ ਮੱਥਾ ਟੇਕੀਆਂ ਸਨ, ਭੈਣੀ ਸਾਹਿਬ ਪੁੱਜ ਜਾਣਾ। ਸਤਿਗੁਰੂ ਜੀ ਅੰਮ੍ਰਿਤਸਰ ਵਿਸਾਖੀ ਦਾ ਮੇਲਾ ਕਰਕੇ ਸ੍ਰੀ ਭੈਣੀ ਸਾਹਿਬ ਆ ਗਏ। ਛਿਮਾਹੀ ਫਿਰ ਭੈਣੀ ਸਾਹਿਬ ਕੱਟੀ। ਇਸ ਸਮੇਂ ਦੌਰਾਨ ਅੰਬਾਂ ਦੇ ਮੌਸਮ ਵਿਚ ਕਦੇ ਕਦੇ ਮੈਣ ਦੁਆਬੇ ਵਲੋਂ ਹੋ ਆਉਂਦੇ ਸਨ।

**ਪਹਿਲਾ ਚਾਲ੍ਹੀਆ ਨਹਿਰ 'ਤੇ:**

1970 ਬਿਕ੍ਰਮੀ ਨੂੰ ਭਾਦਰੋਂ ਦੇ ਮਹੀਨੇ ਸਤਿਗੁਰੂ ਜੀ ਨੇ ਨਹਿਰ 'ਤੇ ਪਹਿਲਾ ਚਾਲ੍ਹੀਆ ਕੱਟਿਆ। ਇਸ ਚਾਲ੍ਹੀਏ ਵਿਚ ਆਪ ਅੱਠੀਂ ਪਹਿਰੀਂ ਚੌਲ ਛਕਦੇ ਸਨ। ਅਲਪ ਅਹਾਰੀ ਰਹਿੰਦੇ। ਦੁੱਧ ਗੋਕਾ ਜਾਂ ਬੱਕਰੀਆਂ ਦਾ ਛਕਦੇ। ਤੜਕੇ ਇਕ ਵਜੇ ਉਠਦੇ। ਨਹਿਰ ਵਿਚੋਂ ਇਸ਼ਨਾਨ ਸੋਧ ਕੇ ਆਪਣਾ ਭਜਨ ਬਾਣੀ ਕਰਦੇ ਅਤੇ ਸੂਰਜ ਦੀ ਟਿਕੀ ਨਾਲ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਪਾ ਕੇ ਅਰਦਾਸਾ ਕਰਨ ਬਾਅਦ ਜਲ ਪਾਣੀ ਛਕਦੇ ਅਤੇ ਫਿਰ ਆਰਾਮ ਕਰਦੇ ਕੁਝ ਸਮਾਂ। ਫਿਰ ਅਖਾੜੇ ਵਿਚ ਜੋਰ ਕਰਕੇ ਦੁਬਾਰਾ ਇਸ਼ਨਾਨ ਸੋਧ ਕੇ ਪ੍ਰਸ਼ਾਦ ਪਾਣੀ ਛਕਕੇ, ਬਿਰਾਜਦੇ। ਫਿਰ ਬਾਅਦ ਦੁਪਹਿਰ ਕਥਾ ਵਾਰਤਾ ਅਤੇ ਦੀਵਾਨ ਸੁਣਨਾ। ਰਾਤ ਨੂੰ ਢੋਲਕੀ ਛੈਣਿਆਂ ਨਾਲ ਹੱਲੇ ਦੇ ਦੀਵਾਨ ਦੀ ਕਿਆ ਛਬ ਬਣਦੀ ਸੀ! ਇਸ ਤਰ੍ਹਾਂ ਚਾਲੀ ਦਿਨ ਬਤੀਤ ਹੋ ਗਏ। ਜਿਸ ਦਿਨ ਭੋਗ ਪਾਉਣਾ ਸੀ ਓਦਣ ਹਰਨਾਮ ਸਿੰਘ ਨਥਾਣੀਏ ਨੂੰ ਸੱਦ ਕੇ ਹੁਕਮ ਦਿਤਾ ਕਿ ਖੀਰ, ਕੜਾਹ ਪ੍ਰਸ਼ਾਦ ਅਤੇ ਸੁਖ ਨਿਧਾਨ, ਸ਼ਰਦਾਈਆਂ ਦੀਆਂ ਦੇਗਾਂ ਤਿਆਰ ਹੋ ਜਾਣ। ਕੁੱਲ ਬੁੱਢੇ ਬਾਲੇ ਤੇ

ਹੋਰ ਸੰਗਤ ਸ੍ਰੀ ਭੈਣੀ ਸਾਹਿਬ ਡੇਰਿਓਂ ਵੀ ਸੱਦੀ ਗਈ। ਪਹਿਲਾਂ ਸ਼ਹੀਦੀ ਦੇਗ ਵਰਤੀ ਅਤੇ ਫਿਰ ਦੂਸਰਾ ਪ੍ਰਸ਼ਾਦ ਵਰਤਾਇਆ ਗਿਆ। ਪਹਿਲਾਂ ਸਤਿਗੁਰੂ ਜੀ ਨੇ ਆਪ ਜਿਹੜੇ ਵੱਡੇ ਦੇਗੀ ਸਨ, ਦਸਮੇਸ਼ ਪਾਤਸ਼ਾਹ ਦੇ ਹਜ਼ੂਰੀ ਸਿੱਖ ਬਚਿੱਤਰ ਸਿੰਘ ਦੇ ਮੁਕਾਬਲੇ ਦੇ ਮਸਤ ਹਾਥੀ ਦੇ ਮੱਥੇ ’ਤੇ ਬੱਝੇ ਲੋਹੇ ਦੇ ਸੱਤ ਤਵੇ ਵਿੰਨ੍ਹਣ ਵਾਲੇ, ਉਹਨਾਂ ਨੂੰ ਸੱਦ ਕੇ ਆਪ ਦੇਗ ਛਕਾਈ। ਉਹਨਾਂ ਦਾ ਗੰਧ੍ਰਬ ਹੋਣ ਦਾ ਭਰਮ ਨਵਿਰਤ ਕੀਤਾ। ਉਹ ਸਿੰਘ ਸਨ - 1. ਚੇਤ ਸਿੰਘ ਆਸਲਾਂ ਵਾਲਾ, 2. ਆਲਾ ਸਿੰਘ ਦਾਲਮ ਗੁਰਦਾਸਪੁਰ ਵੱਲ ਦੇ ਸਨ, 3. ਬਾਬਾ ਸੰਤਾ ਸਿੰਘ ਘੁੱਕੇਵਾਲੀਆ, 4. ਬਾਬਾ ਵੀਰ ਸਿੰਘ ਭੋਮੇ ਵਡਾਲੀਆ, 5. ਬਾਬਾ ਚੰਦਾ ਸਿੰਘ ਵਲਟੋਹੀਆ, 6. ਲਹਿਣਾ ਸਿੰਘ ਖਰਾਸੀਆ, 7. ਸਾਧੂ ਸਿੰਘ ਰਵਿਦਾਸੀਆ, 8. ਬਾਬਾ ਨੱਥਾ ਸਿੰਘ ਮਜ਼ਬੀ ਸਿੰਘ ਇਤਿਆਦਿਕ ਅਤੇ ਹੋਰ ਸੰਗਤ। ਦੇਗਾਂ ਛਕਣ ਉਪਰੰਤ ਸਿੰਘ ਮੈਦਾਨੇ ਗਏ। ਗੜਵੇ ਮਾਂਜੇ ਅਤੇ ਨਹਿਰ ਦੇ ਕੰਢੇ ਤੇ ਬਹਿ ਕੇ ਚੁਲੇ ਕੀਤੇ ਪੰਜ ਇਸ਼ਨਾਨੇ ਅਤੇ ਇਸ਼ਨਾਨ ਵੀ ਸੋਧੇ ਕਈਆਂ। ਪਰ ਰਹਿ ਗਏ ਸਾਰੇ ਨਹਿਰ ਦੇ ਕੰਢੇ ’ਤੇ ਹੀ। ਉਠ ਕੇ ਡੇਰੇ ਆਉਣ ਦੀ ਹਿੰਮਤ ਹੀ ਨਾ ਰਹੀ। ਪ੍ਰਸ਼ਾਦ ਛਕਣ ਵਾਸਤੇ ਹੁਣ ਕੋਈ ਵੀ ਨਾ ਜਦੋਂ ਅੱਪੜਿਆ ਤਾਂ ਸਤਿਗੁਰੂ ਜੀ ਨੇ ਸਿੰਘ ਭੇਜ ਕੇ ਸੁਖਈ ਸਿੰਘਾਂ ਨੂੰ ਉਠਾਇਆ। ਸਭ ਦੇ ਇਸ਼ਨਾਨ ਕਰਵਾਏ ਸਿੰਘਾਂ ਨੇ ਲਿਆ ਕੇ ਅਤੇ ਫਿਰ ਪ੍ਰਸ਼ਾਦ ਪਾਣੀ ਛਕਾਇਆ ਗਿਆ। ਚਾਰ ਚੁਫੇਰੇ ਧੰਨ ਸਤਿਗੁਰੂ ਪ੍ਰਤਾਪ ਸਿੰਘ, ਧੰਨ ਸਤਿਗੁਰੂ ਪ੍ਰਤਾਪ ਸਿੰਘ ਦੀ ਕੰਨਾਂ ਨੂੰ ਸੁਖ ਦੇਣ ਵਾਲੀ ਆਵਾਜ਼ ਗੂੰਜਣ ਲੱਗ ਪਈ। ਭੋਗ ਚਾਲ੍ਹੀਏ ਦਾ ਇਉਂ ਪਿਆ ਅਤੇ ਸੰਗਤਾਂ ਥਾਉਂ ਥਾਈਂ ਆਪੋ ਆਪਣਿਆਂ ਡੇਰਿਆਂ ਤੇ ਆ ਗਈਆਂ। ਦੁਸਹਿਰੇ ਤੋਂ ਸਤਿਗੁਰਾਂ ਨੇ ਫਿਰ ਦੌਰਾ ਤੋਰ ਦਿਤਾ।

**ਖੋਟਿਆਂ ਦਾ ਹੋਲਾ**

ਇੱਥੋਂ ਹੀ ਜੋ ਸਾਖੀ ਪਹਿਲਾਂ ਵੀ ਮੈਂ ਦੱਸ ਚੁੱਕਾ ਹਾਂ, ਮੇਰੇ ਪਿਤਾ ਜੀ ਸੰਤ ਜਿਊਣ ਸਿੰਘ ਝੱਬਰ, ਮੈਨੂੰ ਦਮਦਮੇ ਸਾਹਿਬ ਪੜ੍ਹਨੇ ਪਾਉਣਾ ਚਾਹੁੰਦੇ ਸਨ, ਸੋ ਉਹ ਮੈਨੂੰ ਆਪਣੇ ਨਾਲ ਲੈ ਕੇ ਮਾਲਵੇ ਦੇ ਦੌਰੇ ’ਤੇ ਨਿਕਲ ਗਏ। ਮਾਲਵੇ ਦੇ ਤਕਰੀਬਨ ਹਰ ਨਗਰ ਵਿਚ ਉਹਨਾਂ ਦੀ ਮਿਲਤ ਗਿਲਤ ਵਾਲੇ ਕੂਕੇ ਸਿੰਘ ਸਨ ਅਤੇ ਇਉਂ ਪੜਾਓ ਪੜਾਈ ਅਸੀਂ ਹਿੰਮਤਪੁਰੇ ਪੁੱਜ ਗਏ। ਸੰਤ ਕਰਮ ਸਿੰਘ ਜੀ ਨੇ ਓਦੋਂ ਅਜੇ ਆਪਣਾ ਜਥਾ ਨਹੀਂ ਸੀ ਬਣਾਇਆ। ਪਿੰਡ ਹੀ ਵਿਹਾਰ ਕਾਰ ਕਰਦੇ ਸਨ ਅਤੇ ਜੇ ਕਿਤੇ ਦੀਵਾਨ ਲਾਉਣ ਜਾਣਾ ਹੁੰਦਾ ਤਾਂ ਇਕ ਸਿੰਘ ਨਾਲ ਲੈ ਕੇ ਦੀਵਾਨ ਲਾ ਆਉਂਦੇ ਅਤੇ ਫਿਰ ਵਾਪਸ ਆਪਣੇ ਡੇਰੇ ਤੇ। ਸੰਤਾਂ ਸਾਨੂੰ ਕਈ ਦਿਨ ਹਿੰਮਤਪੁਰੇ ਤੋਂ ਨਾ ਆਉਣ ਦਿਤਾ। ਇਥੋਂ ਫਿਰ ਦਮਦਮੇ ਸਾਹਿਬ ਪੁੱਜੇ ਅਤੇ

ਵਿਦਿਆ ਪੜ੍ਹਣ ਦੀ ਥਾਂ ਲੜਾਈ ਝਗੜਾ ਮੁਲ ਲੈ ਕੇ ਵਾਪਸ ਮੁੜੇ। ਮੈਂ ਮਨ ਵਿਚ ਬੜਾ ਖ਼ੁਸ਼ ਕਿ ਹੁਣ ਤਾਂ ਬਾਪੂ ਮੈਨੂੰ ਭੈਣੀ ਸਾਹਿਬੋਂ ਜਾਣੋਂ ਨਹੀਂ ਰੋਕ ਸਕੇਗਾ ਪੜ੍ਹਾਈ ਦੇ ਬਹਾਨੇ ਕਦੇ ਕਿਤੇ ਭੇਜ ਦਿੰਦਾ ਸੀ ਕਦੇ ਕਿਤੇ। ਪਰ ਮੈਂ ਰੱਸੇ ਤੁੜਾ ਕੇ ਫਿਰ ਸਤਿਗੁਰਾਂ ਦੀ ਸੇਵਾ ਵਿਚ ਜਾ ਹਾਜ਼ਰ ਹੁੰਦਾ ਸਾਂ। ਜਿੱਥੇ ਜਾ ਕੇ ਮੈਨੂੰ ਚੈਨ ਆਉਂਦਾ ਸੀ। ਮੇਰੇ ਪਿਤਾ ਨੇ ਕਿਹਾ ਦਮਦਮਾ ਸਾਹਿਬ ਤਾਂ ਗੁਰੂ ਕੀ ਕਾਂਸ਼ੀ ਹੈ। ਇੱਥੇ ਤਾਂ ਬੈਲ ਵੀ, ਸੁਣਿਆ ਹੈ, ਸਤਿਗੁਰਾਂ ਦਾ ਬਚਨ ਹੈ, ਪੜ੍ਹ ਜਾਣਗੇ, ਪਰ ਗੁਰਮੁਖਾ, ਤੂੰ ਏਥੇ ਵੀ ਨਹੀਂ ਪੜ੍ਹ ਸਕਿਆ। 1970 ਬਿਕ੍ਰਮੀ ਦਾ ਹੋਲਾ ਮਾਲਵੇ ਦੇ ਮਸ਼ਹੂਰ ਨਗਰ ਖੋਟੇ ਵਿਖੇ ਹੋਇਆ ਸੀ। ਜਿਸ ਪਿੰਡ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਨੰਦ ਮਰਿਆਦਾ ਦਾ ਮੁੱਢ ਬੰਨ੍ਹਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦਰਸ਼ਨ ਕਰਕੇ ਮਨ ਬੜਾ ਅਨੰਦਿਤ ਹੋਇਆ। ਚਿਤ ਇਹੋ ਕਰੇ ਕਿ ਇਹ ਸਦਾ ਆਪਣੇ ਅੰਗ ਸੰਗ ਹੀ ਰੱਖਣ। ਉਹ ਵੀ ਜਾਣੀ ਜਾਣ ਸਨ। ਮੇਰੇ ਪਿਤਾ ਨੂੰ ਕਹਿਣ ਲੱਗੇ, "ਜਿਊਣ ਸਿੰਹਾਂ, ਪੜ੍ਹਾ ਲਿਆਇਆ ਹੈਂ ਗੁਰਮੁਖ (ਸਿੰਘ) ਨੂੰ।" ਉਸ ਆਖਿਆ, "ਸੱਚੇ ਪਾਤਸ਼ਾਹ ਤੇਰੀਆਂ ਤੂੰ ਹੀ ਜਾਣੇ।" ਸਤਿਗੁਰੂ ਜੀ ਫਰਮਾਇਆ, "ਜਿਊਣ ਸਿੰਹਾਂ ਕੋਈ ਚਿੰਤਾ ਨਾ ਕਰ ਅਨਪੜ੍ਹ ਰਹਿਣ ਦੀ। ਮੈਨੂੰ ਪਤਾ ਹੈ ਜੋ ਇਸ ਕਰਨਾ ਹੈ। ਪੜ੍ਹਿਆਂ ਲਿਖਿਆਂ ਨੇ ਇਹਦੇ ਅੱਗੇ ਪਿੱਛੇ ਫਿਰਨਾ ਹੈ। ਇਹ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਸੇਵਾ ਹੀ ਕਰੇਗਾ। ਇਹੋ ਇਹਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਮਕਸਦ ਹੋਏਗਾ।"

### ਰੋਕਣਾ ਪਿੰਡ ਜਾਣ ਤੋਂ:

ਖੋਟਿਆਂ ਦੇ ਹੋਲੇ ਦੇ ਭੋਗ ਤੋਂ ਬਾਅਦ ਸੰਤ ਆਲਾ ਸਿੰਘ ਜੀ ਵਰਨ ਨੇ ਮੈਨੂੰ ਆਖਿਆ ਕਿ ਚੱਲ ਤੈਨੂੰ ਆਪਣੇ ਦੇਸ ਤੋਰ ਫੇਰ ਲਿਆਈਏ। ਸਾਡਾ ਪਿੰਡ ਝੱਬਰ ਅਤੇ ਵਰਨ ਗੁਆਂਢੀ ਪਿੰਡ ਸਨ ਜਿਹਨਾਂ ਦੀ ਜੂਹ ਰਲਦੀ ਸੀ। ਸੰਤ ਵੀ ਮੇਰੇ ਨਾਲ ਬੜਾ ਪ੍ਰੇਮ ਕਰਦੇ ਸਨ ਅਤੇ ਸਾਰੀ ਉਮਰ ਮੈਨੂੰ ਛੋਟਾ ਬੱਚਾ ਜਾਣਕੇ ਹੀ ਮੇਰਾ ਧਿਆਨ ਰੱਖਦੇ ਰਹੇ ਸਨ। ਸੋ ਮੈਂ ਸੰਤਾਂ ਨਾਲ ਟੁਰ ਪਿਆ ਦੁੱਲੇ ਦੀ ਬਾਰ ਵੱਲ। ਓਧਰ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤ ਸਮੇਤ ਘੋੜਿਆਂ 'ਤੇ ਸਵਾਰ ਹੋ ਕੇ ਟੁਰਨ ਲੱਗੇ ਤਾਂ ਚਾਰ ਚੁਫੇਰੇ ਨਿਗ੍ਹਾ ਮਾਰ ਕੇ ਕਹਿਣ ਲੱਗੇ, 'ਗੁਰਮੁਖ ਨਹੀਂ ਦਿਸਦਾ (ਹਜ਼ੂਰ ਸਾਰੀ ਉਮਰ ਮੈਨੂੰ ਲਾਡਲਾ ਬੱਚਾ ਜਾਣਕੇ ਮੇਰੇ ਅੱਧੇ ਨਾਂ ਨਾਲ ਹੀ ਬੁਲਾਉਂਦੇ ਸਨ। ਸਿੰਘ ਸ਼ਬਦ ਮੇਰੇ ਨਾਂ ਨਾਲ ਨਹੀਂ ਵਰਤਦੇ ਸਨ) ਇਕ ਸਿੰਘ ਨੇ ਕਿਹਾ ਜੀ ਉਹਨੂੰ ਤਾਂ ਸੰਤਾ ਆਲਾ ਸਿੰਘ ਹੋਰੀਂ ਲੈ ਗਏ ਹਨ ਆਪਣੇ ਨਾਲ, ਪਿੰਡ ਖੜਨ ਵਾਸਤੇ। ਸਤਿਗੁਰੂ ਜੀ ਨੇ ਉਸੇ ਵੇਲੇ ਘੋੜੇ ਨੂੰ ਅੱਡੀ ਲਾਈ ਅਤੇ ਅੱਧ ਕੁ ਮੀਲ ਦੇ ਫਾਸਲੇ ਤੋਂ ਮੈਨੂੰ ਲੈ ਕੇ ਘੋੜੇ ਦੇ ਮਗਰ ਬਹਾ ਕੇ ਦੌਰੇ ਨਾਲ ਆ ਰਲੇ। ਮੈਨੂੰ

ਮਾਈ ਜਿਊਣ ਕੌਰ ਜੀ ਦੇ ਹਵਾਲੇ ਕਰ ਦਿਤਾ ਅਤੇ ਇਸ ਤਰ੍ਹਾਂ ਮੈਂ ਮਾਈ ਜੀ ਦੇ ਨਾਲ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਪੁਜ ਗਿਆ। ਸਤਿਗੁਰੂ ਜੀ ਇਥੋਂ ਨਗਰੋ ਨਗਰੀ ਦਮਦਮਾ ਸਾਹਿਬ ਦੀ ਵੈਸਾਖੀ ਤੇ ਪੁਜ ਗਏ।

**ਦਮਦਮਾ ਸਾਹਿਬ ਦੀ ਵੈਸਾਖੀ, 1971 ਬਿਕ੍ਰਮੀ**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਟੁਰ ਜਾਣ ਬਾਅਦ ਪਟਿਆਲੇ ਵਾਲੇ ਰਾਜੇ ਮਹਿੰਦਰ ਸਿੰਘ ਨੂੰ ਬੜੀ ਹੈਂਕੜ ਸੀ ਕਿ ਮੈਂ ਕੂਕਾ ਲਹਿਰ ਅੰਗ੍ਰੇਜ਼ਾਂ ਨਾਲ ਰਲ ਕੇ ਦਬਾ ਦਿਤੀ ਹੈ। ਉਹ ਸਮਝਦਾ ਸੀ ਕਿ ਹੁਣ ਕੋਈ ਕੂਕਾ ਉਹਦੇ ਸਾਹਮਣੇ ਨਹੀਂ ਹੁੰਦਾ। ਜਿੱਥੇ ਵੀ ਨਾਮਧਾਰੀ ਸਿਖ ਭਜਨ, ਪਾਠ, ਹਵਨ ਬਾਣੀ ਆਦਿ ਲਈ ਇਕੱਠੇ ਹੁੰਦੇ ਉਥੋਂ ਹੀ ਫੜਕੇ ਜਿਹਲ ਵਿਚ ਸੁੱਟ ਦਿੰਦਾ ਸੀ। ਗੁਰੂ ਹਰੀ ਸਿੰਘ ਜੀ ਨੂੰ ਦਸਾਂ ਕੁ ਸਾਲਾਂ ਬਾਅਦ 20 ਤੋਂ ਲੈ ਕੇ 40 ਦਿਨਾਂ ਤੱਕ ਦੀ ਦੌਰਾ ਕਰਨ ਦੀ ਇਜ਼ਾਜ਼ਤ ਹੀ ਅੰਗ੍ਰੇਜ਼ ਸਰਕਾਰ ਦਿੰਦੀ ਸੀ ਸਾਰੇ ਵਰ੍ਹੇ ਵਿਚ। ਇਹ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਪ੍ਰਤਾਪ ਵਾਲੇ ਪ੍ਰਗਟ ਹੋਏ ਸਨ ਜਿਹਨਾਂ ਤੇ ਕੋਈ ਰੋਕ ਨਹੀਂ ਸੀ ਭਾਵੇਂ ਕਿੰਨਾ ਚਿਰ ਦੌਰਾ ਕਰਦੇ ਰਹਿਣ। ਹੁਣ ਉਸੇ ਪਟਿਆਲੀਏ ਦੀ ਉਲਾਦ ਦੇ ਰਾਜ ਵਿਚ, ਦਮਦਮੇ ਸਾਹਿਬ ਸਤਿਗੁਰੂ ਜੀ ਉਸਦੀ ਹੈਂਕੜ ਭੰਨਣ ਲੱਗੇ ਹਨ। ਸਿੰਘਾਂ ਨੂੰ ਆਖਿਆ, "ਦੀਵਾਨ ਲਾ ਦਿਓ।" ਦੀਵਾਨ ਲੱਗਾ। ਖੜਕੇ ਢੋਲਕੀ ਛੈਣੇ ਤੇ ਵੱਜੀਆਂ ਇੰਦਰ ਮੋਹਣੀਆਂ! ਸਿੰਘ ਮਸਤਾਨੇ ਹੋਣ ਲੱਗ ਪਏ, ਨਾਮ ਬਾਣੀ ਦੇ ਰਸ ਵਿਚ ਭਿਜਕੇ। ਜਿਹੜੇ ਬਨਾਉਟੀ ਨਿਹੰਗ ਬਣੇ ਹੋਏ ਸਨ, ਸਰਕਾਰ ਦੇ ਝੋਲੀ ਚੁੱਕ, ਉਹ ਰੌਲਾ ਪਾਉਣ ਲੱਗ ਪਏ, ਅਖੇ, "ਕੂਕੇ ਕੇਸਾਂ ਦੀ ਬਿਅਦਬੀ ਕਰਦੇ ਹਨ।" ਕਹਿੰਦੇ, "ਨੰਗੇ ਸਿਰ ਅਸਾਂ ਨਹੀਂ ਸੂਤਰ ਕੱਢਣ ਦੇਣਾ।" ਸੰਤਾਂ ਕਰਮ ਸਿੰਘ ਹਿੰਮਤਪੁਰੇ ਵਾਲਿਆਂ ਕਿਹਾ ਕਿ ਦੀਵਾਨ ਲੱਗਾ ਹੈ ਅਤੇ ਭਾਈ ਨਿਹੰਗ ਸਿੰਘੋ ਦੀਵਾਨ ਦੀ ਬੇਰਸੀ ਨਾ ਕਰੋ। ਫਿਰ ਸੰਤਾਂ ਬਾਣੀ ਦੇ ਹਵਾਲੇ ਦਿਤੇ:

"ਕੇਸਾ ਕਾ ਕਰ ਚਵਰੁ ਢੁਲਾਵਾ
ਚਰਣ ਧੂੜਿ ਮੁਖ ਲਾਈ।" (੭੪੯)

ਉਹਨਾਂ ਨੂੰ ਸਮਝਾਉਣਾ ਚਾਹਿਆ ਕਿ ਮਸਤਾਨੇ ਮਨ ਮੱਤ ਨਹੀਂ ਕਰਦੇ ਹਨ। ਬਾਣੀ ਦੀ ਚੋਟ ਵੈਰਾਗੇ ਮਨ ਨੂੰ ਨੱਚਣ ਲਾ ਦਿੰਦੀ ਹੈ। ਪਰ ਉਨ੍ਹਾਂ ਨਿਹੰਗ ਸਿੰਘਾਂ ਇਕੋ ਹੀ ਰਟ ਫੜੀ ਰੱਖੀ ਕਿ ਅਸੀਂ ਏਥੇ ਮਸਤਾਨਾ ਕੋਈ ਨਹੀਂ ਹੋਣ ਦੇਣਾ, ਜਿਹੜਾ ਹੋਏਗਾ ਉਸਨੂੰ ਸੋਧਾ ਲਾਵਾਂਗੇ। ਇੰਨੇ ਵਿਚ ਇਕ ਨਿਹੰਗ ਤਲਵਾਰ ਕੱਢ ਕੇ ਇਕ ਮਸਤਾਨੇ ਸਿੰਘ ਨੂੰ ਜਾ ਪਿਆ। ਸੰਤ ਕਰਮ ਸਿੰਘ ਜੀ ਨੇ ਉਸ ਨਿਹੰਗ ਦੀ ਧੌਣ ਵਿਚ ਅਜਿਹਾ ਪੁੱਠਾ ਟਕੂਆ ਜੜਿਆ ਕਿ ਉਹ ਭੁਆਂਟਣੀ ਖਾ ਕੇ ਮੂਧੇ ਮੂੰਹ ਹੋ ਕੇ ਜਾ ਪਿਆ। ਹੋਰ ਨਿਹੰਗ ਸਿੰਘ ਆ ਪਏ। ਇਧਰੋਂ ਕੂਕੇ ਸਿੰਘ ਵੀ ਜਾ ਪਏ।

ਸਿੰਘਾਂ ਨੇ ਨਿਹੰਗਾਂ ਦੀ ਚੰਗੀ ਗਿਦੜ ਕੁੱਟ ਕੀਤੀ। ਪੰਜ ਨਿਹੰਗ ਸਿੰਘਾਂ ਨੂੰ ਕਾਫ਼ੀ ਸੱਟਾਂ ਵੱਜੀਆਂ। ਦੂਜੇ ਭੱਜ ਗਏ। ਏਨੇ ਨੂੰ ਰੀਪੋਰਟ ਮਿਲਣ ਤੇ ਪੁਲੀਸ ਵੀ ਆ ਗਈ। ਪੁਲੀਸ ਨੂੰ ਕਿਸੇ ਜਾ ਕਿਹਾ ਸੀ ਕਿ ਕੂਕਿਆਂ ਨੇ ਨਿਹੰਗ ਤੇ ਪੁਜਾਰੀ ਕਤਲ ਕਰ ਦਿਤੇ ਹਨ। ਦੀਵਾਨ ਦੀ ਸਮਾਪਤੀ ਹੋ ਗਈ। ਸਿਖ ਸਾਰੇ ਸਤਿਗੁਰਾਂ ਕੋਲ ਅੰਦਰ ਗੁਰਦੁਆਰੇ ਦੇ ਚਲੇ ਗਏ ਸਨ। ਸਤਿਗੁਰਾਂ ਨੇ ਧੀਰਜ ਦਿਤੀ ਸਭ ਨੂੰ ਕਿ ਮਾਲਾ ਫੇਰੋ ਤੇ ਬਹਿ ਜਾਓ, ਤੁਹਾਡਾ ਵਾਲ ਵਿੰਗਾ ਨਹੀਂ ਹੁੰਦਾ। ਜੋ ਟਕੂਆ ਸਲੋਤਰ ਆਦਿ ਸਿੰਘਾਂ ਪਾਸ ਸੀ ਗੁਰੂ ਜੀ ਨੇ ਕਿਹਾ ਕਿ ਮੇਰੇ ਮੰਜੇ ਹੇਠਾਂ ਸੁੱਟ ਦਿਓ। ਪੁਲੀਸ ਜੋ ਮੌਕੇ ਤੇ ਮੌਜੂਦ ਸੀ ਸਾਰੀ ਹੀ ਉਥੇ ਪੁੱਜ ਗਈ ਸੀ। ਗੁਰਦੁਆਰੇ ਨੂੰ ਘੇਰਾ ਪਾ ਲਿਆ। ਅਫ਼ਸਰਾਂ ਉਹਨਾਂ ਦਿਆਂ ਨੇ ਸਤਿਗੁਰਾਂ ਪਾਸ ਆਪਣਾ ਇਕ ਸਾਦੀ ਵਰਦੀ ਵਿਚ ਬੰਦਾ ਭੇਜਿਆ ਕਿ ਅਸੀਂ ਦਰਸ਼ਨ ਕਰਨੇ ਹਨ। ਸਤਿਗੁਰੂ ਜੀ ਨੇ ਆਉਣ ਦਾ ਹੁਕਮ ਦੇ ਦਿਤਾ। ਜਿਸ ਵਕਤ ਪੁਲੀਸ ਨੇ ਸਤਿਗੁਰਾਂ ਦਾ ਅਤੇ ਸੰਗਤ ਦਾ ਦਰਸ਼ਨ ਕੀਤਾ ਸਭ ਮੋਮ ਵਾਗੂੰ ਨਰਮ ਹੋ ਗਏ। ਸਤਿਗੁਰੂ ਜੀ ਨੇ ਆਦਰ ਮਾਣ ਕੀਤਾ। ਸਭ ਮੱਥਾ ਟੇਕ ਕੇ ਬਹਿ ਗਏ। ਸਤਿਗੁਰੂ ਜੀ ਨੇ ਪੁੱਛਿਆ, "ਆਓ ਭਾਈ, ਕਿਸ ਤਰ੍ਹਾਂ ਆਏ ਹੋ?" ਉਹਨਾਂ ਆਖਿਆ ਜੀ ਲੜਾਈ ਹੋਈ ਦੀ ਇਤਲਾਹ ਮਿਲੀ ਹੈ ਤਾਂ ਆਏ ਹਾਂ।" ਸਤਿਗੁਰੂ ਜੀ ਨੇ ਸੰਤ ਕਰਮ ਸਿੰਘ ਹਿੰਮਤਪੁਰਾ ਨੂੰ ਸੱਦ ਕੇ ਬਚਨ ਕੀਤਾ ਕਿ ਜਿਸ ਤਰ੍ਹਾਂ ਲੜਾਈ ਹੋਈ ਹੈ, ਜੋ ਘਟਨਾ ਘਟੀ ਹੈ, ਸਭ ਸੱਚੋ ਸੱਚ ਦੱਸ ਦਿਉ। ਸੰਤਾਂ ਨੇ ਆਪਣੇ ਬਿਆਨ ਵਿਚ ਜੋ ਵਾਰਤਾ ਵਾਪਰੀ ਸੀ, ਸਭ ਸੁਣਾ ਦਿਤੀ। ਅਫ਼ਸਰਾਂ ਨੇ ਆਪੋ ਵਿਚ ਸਲਾਹ ਕਰਕੇ ਸਤਿਗੁਰੂ ਜੀ ਨੂੰ ਕਿਹਾ ਕਿ ਦੋ ਸਿੰਘ ਤੁਸੀਂ ਦੇ ਦਿਓ। ਪੰਜੇ ਨਿਹੰਗ ਸਿੰਘ ਜਿਹਨਾਂ ਨੂੰ ਸੱਟਾਂ ਵੱਜੀਆਂ ਸਨ, ਉਹ ਵੀ ਪੁਲੀਸ ਨੇ ਹਿਰਾਸਤ ਵਿਚ ਲੈ ਲਏ। ਇਸ ਤਰ੍ਹਾਂ ਸੱਤ ਜਣੇ ਪੁਲੀਸ ਨੇ ਹਵਾਲਾਤ ਵਿਚ ਦੇ ਦਿਤੇ ਦੋਹਾਂ ਪਾਸਿਉਂ। ਜਾਣ ਲੱਗੇ ਅਫ਼ਸਰ ਸਤਿਗੁਰੂ ਜੀ ਨੂੰ ਕਹਿ ਗਏ ਕਿ ਤੁਸੀਂ ਆਪਣਾ ਨਾਮ ਬਾਣੀ ਦਾ ਪ੍ਰੋਗਰਾਮ ਜਾਰੀ ਰੱਖੋ। ਸਤਿਗੁਰੂ ਜੀ ਨੇ ਸੰਤ ਭਗਤ ਸਿੰਘ ਦਾਤੇਵਾਲੀਏ, ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤਾ ਫਤੂਹੀਚੱਕੀਏ, ਅਤੇ ਸੰਤ ਟਹਿਲ ਸਿੰਘ ਜੀ ਸੱਦੋ ਵਾਲੀਏ ਨੂੰ ਕਿਹਾ ਕਿ ਢੋਲਕੀ ਛੈਣਿਆਂ ਨਾਲ ਦੀਵਾਨ ਸਜਾਓ। ਹੁਣ ਲੱਗੀ ਕੂਕਿਆਂ ਦੀ ਢੋਲਕੀ ਖੜਕਣ। ਤਿਹਾਂ ਸੰਤਾਂ ਨੇ ਆਦਿ ਅਤੇ ਦਸਮ ਦੀ ਬਾਣੀ ਦੀ ਭਰਪੂਰ ਵਰਖਾ ਕੀਤੀ। ਸੁਣਨ ਵਾਲੇ ਨਿਹਾਲ ਹੋਏ। ਕੁੱਲ ਭੇਖ ਸਾਡੇ ਦੀਵਾਨ ਵਿਚ ਆਉਂਦੇ ਅਤੇ ਸੁਣ ਕੇ ਖ਼ੁਸ਼ ਹੁੰਦੇ। ਲੌਢੇ ਵੇਲੇ ਦਾ ਦੀਵਾਨ ਸ਼ੁਰੂ ਹੋਇਆ ਰਾਗੀਆਂ ਦਾ। ਭਾਈ ਕਾਲੂ, ਭਾਈ ਮੱਤੂ, ਭਾਈ ਸੋਹਣਾ, ਭਾਈ ਸੰਦਲ, ਜੈ ਸਿੰਘ ਮੌਲੀ ਅਤੇ ਸੰਤ ਲਾਲ ਸਿੰਘ ਭੂਰੇ ਗਿੱਲੀਏ ਨੇ ਚੌਕੀਆਂ ਭਰੀਆਂ। ਵਿਚਕਾਰ ਆਪਣੇ ਸਿੰਘਾਸਨ

ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਸ਼ੋਭਿਤ ਹਨ, ਆਸੇ ਪਾਸੇ ਸੂਰਮੇ ਨਾਮਧਾਰੀ ਸਿੰਘ। ਬੀਰ ਰਸ ਵਿਚ ਭਰਪੂਰ ਸਾਰੀ ਸੰਗਤ। ਜਿਹੜਾ ਕੋਈ ਮੰਗ ਮੰਗਦਾ ਹੈ ਉਹ ਪੂਰੀ ਕਰਦੇ ਹਨ। ਸਤਿਗੁਰੂ ਜੀ ਹੁਕਮ ਕੀਤਾ ਕਿ ਜਿਹੜੇ ਸਿੰਘ ਫੜੇ ਹਨ, ਉਹਨਾਂ ਦਾ ਪ੍ਰਸ਼ਾਦ ਪਾਣੀ ਭੇਜਿਆ ਹੈ ਕਿ ਨਹੀਂ। ਸਿੰਘਾਂ ਦੇ ਨਾਂਹ ਕਹਿਣ ਤੇ ਆਪ ਨੇ ਫੁਰਮਾਇਆ ਕਿ ਪ੍ਰਸ਼ਾਦ ਵੀ ਭੇਜੋ ਅਤੇ ਦੇਗ ਵੀ ਰਗੜ ਕੇ ਪਹਿਲਾਂ, ਕਿਉਂਕਿ ਲਾਲ ਸਿੰਘ ਦੇਗ ਛਕਦਾ ਸੀ। ਬਾਬੇ ਧੰਨੇ ਨੂੰ ਹੁਕਮ ਹੋ ਗਿਆ ਦੇਗ ਲੈ ਜਾ। ਹੁਕਮ ਹੋਇਆ ਬਾਬੇ ਧੰਨੇ ਨੂੰ, "ਬਾਰਾਂ ਸੇਰ ਪੱਕੇ ਦਾ ਗੜਵਾ ਭਰ ਕੇ ਖੜੀਂ, ਦੂਜਿਆਂ ਨਿਹੰਗ ਸਿੰਘਾਂ ਨੂੰ ਵੀ ਦੇਗ ਛਕਾਉਣੀ ਹੈ।" ਬਾਬੇ ਧੰਨੇ ਹੋਰੀਂ ਜਿਸ ਵੇਲੇ ਜਾ ਕੇ ਲਾਲ ਸਿੰਘ ਹੋਰਾਂ ਨੂੰ ਜਲ ਪਾਣੀ ਛਕਾਉਣ ਲੱਗੇ ਤਾਂ ਲਾਲ ਸਿੰਘ ਹੋਰਾਂ ਕਿਹਾ ਕਿ ਪਹਿਲਾਂ ਨਿਹੰਗ ਸਿੰਘਾਂ ਨੂੰ ਛਕਾਈਏ। ਉਹਨਾਂ ਨੂੰ ਅਰਜ਼ ਕੀਤੀ ਕਿ ਦੇਗਾਂ ਛਕੋ। ਪਹਿਲਾਂ ਤਾਂ ਥੋਹੜਾ ਵਿੱਟਰੇ ਪਰ ਫਿਰ ਮੰਨ ਗਏ। ਫਿਰ ਪ੍ਰਸ਼ਾਦਾ ਵੀ ਸੱਤਾਂ ਦਾ ਹੀ ਭੇਜਿਆ। ਅਗਲੇ ਦਿਨ ਮੇਲੇ ਦਾ ਭੋਗ ਪੈ ਗਿਆ। ਫਿਰ ਸੱਤਾਂ ਨੂੰ ਕੜਾਹ ਪ੍ਰਸ਼ਾਦ ਭੇਜਿਆ। ਉਹਨਾਂ ਪੰਜਾਂ ਨੂੰ ਗਿਆਨ ਹੋਇਆ ਕਿ ਸਾਡਾ ਤਾਂ ਜਥੇਦਾਰ ਕੋਈ ਨਹੀਂ ਆਇਆ। ਇਹਨਾਂ ਦੂੰਹਾਂ ਦਾ ਮਾਲਕ ਇਹਨਾਂ ਦੇ ਮਗਰ ਹੈ, ਜਿਸ ਪੂਰੀ ਪੁੱਛ ਰੱਖੀ ਹੈ। ਤੋਟ ਨਹੀਂ ਆਉਣ ਦਿਤੀ, ਹੁਣ ਸਤਿਗੁਰੂ ਜੀ ਨੇ ਇਕ ਸਿੰਘ ਅਫ਼ਸਰਾਂ ਕੋਲ ਭੇਜਿਆ ਕਿ ਸਾਡੇ ਸਿੰਘਾਂ ਨੂੰ ਛੱਡ ਦਿਉ। ਅਸੀਂ ਵਾਪਸ ਭੈਣੀ ਸਾਹਿਬ ਨੂੰ ਦੌਰਾ ਤੋਰਨਾ ਹੈ। ਨਿਹੰਗ ਸਿੰਘਾਂ ਨੂੰ ਅਫ਼ਸਰਾਂ ਨੇ ਪੁੱਛਿਆ ਕਿ ਤੁਹਾਡੀ ਸਲਾਹ ਮੁਕੱਦਮਾ ਭੁਗਤਣ ਦੀ ਹੈ ਜਾਂ ਸੁਲ੍ਹਾ ਕਰਨ ਦੀ। ਉਹਨਾਂ ਸੋਚਿਆ ਕਿ ਇਥੇ ਤਾਂ ਕਿਸੇ ਵਾਤ ਨਹੀਂ ਪੁੱਛੀ ਸਾਡੀ, ਅੱਗੇ ਮੁਕੱਦਮੇ ਵਿਚ ਕੀ ਪਤਾ ਕੀ ਬਣਨਾ ਹੈ ਸੋ ਉਹ ਵੀ ਸੁਲ੍ਹਾ ਲਈ ਰਾਜ਼ੀ ਹੋ ਗਏ। ਅਫ਼ਸਰਾਂ ਨੇ ਸੱਤੇ ਹੀ ਛੱਡ ਦਿਤੇ। ਸਤਿਗੁਰੂ ਜੀ ਨੇ ਪਟਿਆਲਾ, ਨਾਭਾ, ਫ਼ਰੀਦਕੋਟ, ਜੀਂਦ ਆਦਿ ਦੀ ਸੰਗਤ ਨੂੰ ਧੀਰਜ ਦਿੱਤੀ ਕਿ ਅੱਜ ਤੋਂ ਤੁਹਾਡੇ ਤੇ ਕੋਈ ਸਖ਼ਤੀ ਨਹੀਂ ਕਰੇਗਾ। ਜਿੱਥੇ ਕਿਸੇ ਦਾ ਚਿੱਤ ਕਰੇ ਹੁਣ ਮੇਲਾ, ਪਾਠ, ਹਵਨ, ਵਰਨੀ ਆਦਿ ਕਰਾਉ। ਸੰਗਤ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੱਸ ਗਾਉਂਦੀ ਹੋਈ ਆਪੋ ਆਪਣੇ ਨਗਰਾਂ ਨੂੰ ਪਰਤ ਗਈ। ਜਿਸ ਤਰ੍ਹਾਂ ਕ੍ਰਿਸ਼ਨ ਭਗਵਾਨ ਦੇ ਪੈਦਾ ਹੋਣ ਤੇ ਕੰਸ ਨੂੰ ਡਰ ਪੈ ਗਿਆ ਸੀ ਇਵੇਂ ਜਦੋਂ ਮਹਾਰਾਜੇ ਪਟਿਆਲੇ ਨੂੰ ਵੈਸਾਖੀ ਦੀ ਸਾਰੀ ਗੱਲ ਉਸਦੇ ਅਹਿਲਕਾਰਾਂ ਦੱਸੀ ਤਾਂ ਉਹ ਵੀ ਨਾਮਧਾਰੀ ਪੰਥ ਨਾਲ ਜੋ ਵਧੀਕੀਆਂ ਉਹਨੇ ਤੇ ਉਹਦੇ ਪਰਿਵਾਰ ਨੇ ਕੀਤੀਆਂ ਸਨ, ਹੁਣ ਉਹਨਾਂ ਤੋਂ ਭੈਭੀਤ ਹੋ ਗਿਆ ਸੀ। ਰਿਆਸਤਾਂ ਦੀ ਨਾਮਧਾਰੀ ਸੰਗਤ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ, ਰਾਜਿਆਂ ਦੀਆਂ ਸਖ਼ਤੀਆਂ ਦੇ ਦੌਰ ਵਿਚੋਂ ਹੁਣ ਬਾਹਰ ਨਿਕਲ ਆਈ ਸੀ।

"ਤੇਰਾ ਦਰਸ਼ਨ ਮੇਲਾ"

ਡੇਰੇ ਭੈਣੀ ਸਾਹਿਬ ਦਰਸ਼ਨ ਦੇ ਕੇ ਸਤਿਗੁਰੂ ਜੀ ਨਹਿਰ 'ਤੇ ਚਲੇ ਗਏ ਅਤੇ ਉਥੇ ਫਿਰ ਪਹਿਲਾਂ ਦੀ ਤਰ੍ਹਾਂ ਵਿਹਾਰ ਸ਼ੁਰੂ ਕਰ ਦਿਤਾ। ਰੋਜ਼ ਅਖਾੜੇ ਵਿਚ ਜ਼ੋਰ ਕਰਨਾ, ਨਥਾਣੀਏ ਹਰਨਾਮ ਸਿੰਘ ਨਾਲ ਗਤਕਾ ਖੇਡਣਾ। ਇਸ ਹਰਨਾਮ ਸਿੰਘ ਨਾਲ ਸਤਿਗੁਰੂ ਜੀ ਦਾ ਐਨਾ ਨੇੜ ਸੀ ਕਿ ਇਕ ਦਿਨ ਨਥਾਣੀਆਂ ਕਿਤੇ ਨਾ ਦਿਸਿਆ। ਵੇਖਿਆ ਤਾਂ ਤਬੇਲੇ ਵਿਚ ਇਕ ਖੁਰਲੀ ਵਿਚ ਲੰਮਾ ਪਿਆ ਸੀ। ਸਤਿਗੁਰੂ ਜੀ ਵੀ ਇਹਦੇ ਨਾਲ ਜਾ ਕੇ ਖੁਰਲੀ ਵਿਚ ਹੀ ਬਿਰਾਜ ਗਏ ਸਨ। ਫਿਰ ਉਹ ਦਿਨ ਵੀ ਅਸਾਂ ਵੇਖੇ ਜਦੋਂ ਨਥਾਣੀਏ ਨੇ ਸਿੰਘ ਲੱਭਦੇ ਫਿਰਨਾ ਕਿ ਕੋਈ ਸਿੰਘ ਮੈਨੂੰ ਬਖ਼ਸ਼ਾਉਣ ਦੀ ਸਤਿਗੁਰਾਂ ਪਾਸ ਅਰਜ਼ ਕਰੇ। ਸਮੇਂ ਸਮੇਂ ਦੀਆਂ ਖੇਡਾਂ ਹਨ। ਸਮਾਂ ਸਭ ਤੇ ਪ੍ਰਬਲ ਹੈ। ਸਤਿਗੁਰੂ ਜੀ ਰੋਜ਼ ਆਪਣਾ ਨਿੱਤਨੇਮ ਪੂਰਾ ਕਰਕੇ, ਚਾਲ੍ਹੀਆ ਸਦਾ ਜਿਉਂ ਕੱਟਿਆ।

ਭਾਦਰੋਂ ਦੇ ਵਿਚ ਤੱਖਰਾਂ ਦਾ ਮੇਲਾ ਲੱਗਦਾ ਹੁੰਦਾ ਸੀ। ਇਕ ਉਦਾਸੀ ਸਾਧ ਇਹ ਮੇਲਾ ਕਰਾਉਂਦਾ ਸੀ। ਭਲਵਾਨਾਂ ਦੇ ਘੋਲ ਵੀ ਹੁੰਦੇ ਸਨ। ਨਹਿਰ ਤੋਂ ਵੀ ਸਭ ਸਰੀਰ ਮੇਲਾ ਵੇਖਣ ਚਲੇ ਗਏ। ਮੈਂ ਮਾਲ ਚਾਰਦਾ ਸਾਂ, ਸੋ ਮੈਂ ਨਾ ਜਾ ਸਕਿਆ। ਇਕੱਲਾ ਸਰੀਰ ਡੇਰੇ ਦਾ ਉਸ ਦਿਨ ਸ਼ਾਇਦ ਮੈਂ ਹੀ ਉਥੇ ਰਹਿ ਗਿਆ ਹੋਵਾਂਗਾ, ਇਕ ਅੱਧ ਹਜ਼ੂਰੀ ਸਿੰਘ ਤੋਂ ਬਿਨਾਂ। ਏਨੇ ਨੂੰ ਮੈਂ ਕੀ ਵੇਖਦਾ ਹਾਂ ਕਿ ਸਤਿਗੁਰੂ ਜੀ ਖੂੰਡਾ ਫੜੀ ਮੇਰੇ ਪਾਸ ਆ ਗਏ ਅਤੇ ਮੈਨੂੰ ਕਹਿਣ ਲੱਗੇ ਕਿ ਮਾਲ ਹੁਣ ਮੈਂ ਚਾਰਾਂਗਾ। ਸਾਰੇ ਚਲੇ ਗਏ ਹਨ ਮੇਲਾ ਵੇਖਣ ਅਤੇ ਤੂੰ ਵੀ ਜਾਹ ਤੱਖਰਾਂ ਦਾ ਮੇਲਾ ਵੇਖ ਆ।" ਮੈਂ ਅਰਜ਼ ਕੀਤੀ ਕਿ ਇਥੇ ਜਿੱਥੇ ਤੁਹਾਡਾ ਦਰਸ਼ਨ ਹੋ ਰਿਹਾ ਹੈ, ਇਸ ਤੋਂ ਵੱਡਾ ਹੋਰ ਕਿਹੜਾ ਮੇਲਾ ਹੋ ਸਕਦਾ ਹੈ। ਫੁਰਮਾਇਆ ਕਿ ਅਸੀਂ ਸੋਚਿਆ ਸੀ ਕਿ ਗੁਰਮੁਖ ਇਹ ਨਾ ਆਖੇ ਪਈ ਮੇਰਾ ਏਥੇ ਕੋਈ ਨਹੀਂ। ਮੈਂ ਤਾਂ ਆਇਆ ਸਾਂ ਨਾਲੇ ਤੂੰ ਅਜੇ ਬੱਚਾ ਹੈਂ। ਬੱਚਿਆਂ ਨੂੰ ਮੇਲੇ ਦਾ ਚਾਅ ਹੁੰਦਾ ਹੈ। ਫਿਰ ਸ਼ਾਮ ਹੋਣ ਤਕ ਗੁਰੂ ਜੀ ਮੇਰੇ ਨਾਲ ਹੀ ਮਾਲ ਚਾਰਦੇ ਰਹੇ। ਸ਼ਾਮੀਂ ਹਨੇਰਾ ਪੈਣ ਤੇ ਹੀ ਅਸੀਂ ਮਾਲ ਲੈ ਕੇ ਡੇਰੇ ਤੇ ਅੱਪੜੇ ਸਾਂ।

ਸਤਿਗੁਰੂ ਜੀ ਓਦੋਂ ਨਿਰਾ ਮਾਲ ਹੀ ਨਹੀਂ ਸਨ ਚਾਰਦੇ, ਮਹੰਤ ਕੌਲਾ ਸਿੰਘ ਹੋਰਾਂ ਨਾਲ ਜਾ ਕੇ ਗੱਭਰੂ ਅਵਸਥਾ ਵਿਚ ਹਲ਼ ਵੀ ਵਾਹਿਆ ਕਰਦੇ ਸਨ। ਗੁਰਦੁਆਰੇ ਭੈਣੀ ਸਾਹਿਬ ਲੰਗਰ ਦਾ ਜਲ ਵੀ ਭਰਦੇ ਸਨ। ਸਿੰਘਾਂ ਨਾਲ ਰਲ ਕੇ ਲੱਕੜਾਂ ਵੀ ਪਾੜਦੇ ਸਨ।

**ਬੱਕਰੀਆਂ ਚਾਰਨ ਲਾਇਆ:**

ਇਕ ਦਿਨ ਨਹਿਰ 'ਤੇ ਛੇੜੂਆਂ ਦੀ ਗਲਤੀ ਨਾਲ ਰਾਖਵਾਂ ਘਾਹ ਉਹਨਾਂ

ਕੋਲੋਂ ਮਾਲ ਛੱਡ ਕੇ ਉਜਾੜਿਆ ਗਿਆ। ਛੇੜੂ ਸਨ: 1. ਜੰਗ ਸਿੰਘ ਬਿਲਗਾ, 2. ਕਿਸ਼ਨ ਸਿੰਘ, 3. ਸ਼ਰਮ ਸਿੰਘ ਕੰਨੂ ਅਤੇ ਚੌਥਾ ਮੈਂ (ਗੁਰਮੁਖ ਸਿੰਘ ਝੱਬਰ)। ਜਦੋਂ ਘਾਹ ਉਜਾੜਨ ਬਾਰੇ ਸਤਿਗੁਰੂ ਜੀ ਨੂੰ ਪਤਾ ਲੱਗਾ ਉਹਨਾਂ ਦੋ-ਦੋ ਤਿੰਨ ਤਿੰਨ ਚੁਪੇੜਾਂ ਛੇੜੂਆਂ ਨੂੰ ਮਾਰੀਆਂ। ਮੈਂ ਮਾਲ ਮੋੜਨ ਗਿਆ ਸਾਂ ਇਸ ਲਈ ਮੇਰਾ ਬਚਾਅ ਹੋ ਗਿਆ। ਇਕ ਦਿਨ ਫਿਰ ਮੇਰੇ ਪਾਸੋਂ ਇਕ ਗਲਤੀ ਹੋ ਗਈ। ਬਾਬੇ ਵੀਰ ਸਿੰਘ ਚੁੰਨ੍ਹੀ ਵਾਲਿਆਂ ਮੈਨੂੰ ਕਿਸੇ ਗੱਲੋਂ ਹਟਾਇਆ। ਮੈਂ ਉਹਨਾਂ ਨੂੰ ਦੋ ਤਿੰਨ ਗਾਹਲਾਂ ਕੱਢ ਦਿਤੀਆਂ। ਸਤਿਗੁਰੂ ਜੀ ਨੂੰ ਖ਼ਬਰ ਹੋਈ। ਫੁਰਮਾਇਆ, "ਹੈ ਤਾਂ ਤੂੰ ਸਜ਼ਾ ਦੇ ਲਾਇਕ। ਆਪਣੇ ਤੋਂ ਵੱਡਿਆਂ ਨੂੰ ਗਾਲ੍ਹਾਂ ਨਹੀਂ ਕੱਢੀਦੀਆਂ। ਪਰ ਤੈਨੂੰ ਮਾਰਦੇ ਨਹੀਂ। ਪਰ ਮੈਂ ਹੁਣ ਤੈਨੂੰ ਇਹਨਾਂ ਬੇਲੀਆਂ ਵਿਚ ਨਹੀਂ ਰਹਿਣ ਦੇਣਾ। ਤੂੰ ਹੁਣ ਭੈਣੀ ਸਾਹਿਬ ਜਾ ਕੇ ਬੱਕਰੀਆਂ ਚਾਰਿਆ ਕਰ। ਮੈਂ ਹੁਣ ਬੱਕਰੀਆਂ ਚਾਰਨ ਲੱਗ ਪਿਆ ਸਾਂ ਅਤੇ ਸਤਿਗੁਰੂ ਜੀ ਵੀ ਆਪਣਾ ਨਿਤਨੇਮ ਕਰਕੇ ਗੁਰਦੁਆਰੇ ਆ ਗਏ। ਅੱਗੋਂ ਅੱਸੂ ਦੇ ਮਹੀਨੇ ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਅਨੰਦ ਦੀਆਂ ਖ਼ੁਸ਼ੀਆਂ ਡੇਰੇ ਭੈਣੀ ਸਾਹਿਬ ਆ ਗਈਆਂ।

**ਅਨੰਦ ਕਾਰਜ ਮਹਾਰਾਜ ਨਿਹਾਲ ਸਿੰਘ ਜੀ ਬਿਕ੍ਰਮੀ 1971, ਅੱਸੂ**

ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਅਤੇ ਤਾਰੀਖ਼ ਮਿਥੀ ਗਈ। ਕੁੱਲ ਜ਼ਿਲ੍ਹਿਆਂ, ਰਿਆਸਤਾਂ ਵਿਚੋਂ ਸੰਗਤਾਂ ਹੁਮ ਹੁਮਾ ਕੇ ਆ ਗਈਆਂ ਸਤਿਗੁਰੂ ਜੀ ਦਾ ਦਰਸ਼ਨ ਕਰਨ। ਮਾਤਾ ਜੀ ਦੋਹਾਂ ਨੂੰ ਵਧਾਈਆਂ ਮਿਲਣ ਲੱਗ ਪਈਆਂ। ਲੰਮੀ ਮੁੱਦਤ ਬਾਦ ਗੁਰੂ ਘਰ ਵਿਚ ਖ਼ੁਸ਼ੀ ਦਾ ਮੌਕਾ ਆਇਆ ਸੀ। ਉਂਞ ਤੇ ਏਥੇ 'ਸਦਾ ਦੀਵਾਲੀ ਸਾਧ ਦੀ ਅੱਠੇ ਪਹਿਰ ਬਸੰਤ' ਵਾਲੀ ਹਾਲਤ ਰਹਿੰਦੀ ਹੈ। ਮਹਾਰਾਜ ਨਿਹਾਲ ਸਿੰਘ ਜੀ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੌਰੇ ਨਾਲ ਘੱਟ ਜਾਂਦੇ ਸਨ। ਇਹ ਮੇਲੇ ਮੁਸਾਬ੍ਹਿਆਂ 'ਤੇ ਹੀ ਜਾਂਦੇ ਸਨ ਅਤੇ ਜ਼ਿਆਦਾ ਸਮਾਂ ਡੇਰੇ ਦਾ ਕਾਰ ਵਿਹਾਰ ਹੀ ਕਰਵਾਉਂਦੇ ਸਨ। ਮਹਾਰਾਜ ਗੁਰਦਿਆਲ ਸਿੰਘ ਜੀ ਮਾਸਟਰ ਗੁਰਬਖਸ਼ ਸਿੰਘ ਜੀ ਨੂੰ ਘਰ ਸੱਦ ਕੇ ਉਹਨਾਂ ਤੋਂ ਅੰਗ੍ਰੇਜ਼ੀ ਪੜ੍ਹਦੇ ਸਨ।

ਹੁਣ ਜੰਞ ਦੀ ਚੜ੍ਹਾਈ ਦੀ ਸ਼ਾਮ ਨੂੰ ਲੌਢੇ ਵੇਲੇ ਤਿਆਰੀ ਕੀਤੀ ਗਈ। ਦੋ ਬੱਘੀਆਂ ਡੇਰੇ ਦੀਆਂ ਸਨ। ਉਹਨਾਂ ਨੂੰ ਦੋਵੇਂ ਕੁੱਲੀਆਂ ਘੋੜੀਆਂ ਜੋੜ ਕੇ ਤਿਆਰ ਕੀਤਾ। ਦੋ ਬੱਘੀਆਂ ਲੱਧੜਾਂ ਵਾਲੇ ਸਰਦਾਰਾਂ ਦੀਆਂ ਮੰਗਵਾਈਆਂ ਗਈਆਂ। ਕੁਝ ਤਾਂਗੇ ਕਿਰਾਏ 'ਤੇ ਲੈ ਆਂਦੇ ਗਏ। ਚਾਰੇ ਗੱਡੇ ਘਰ ਦੇ ਤਿਆਰ ਹੋ ਗਏ। ਸਭ ਸਾਮਾਨ ਤਿਆਰ ਹੋ ਗਿਆ। ਸਭ ਸੰਗਤਾਂ ਡੇਰਿਉਂ ਬਾਹਰ ਨਿਕਲ ਕੇ ਅਰਦਾਸ ਕਰਨ ਲੱਗੀਆਂ।

ਇਸੇ ਸਮੇਂ ਮੈਂ ਬਾਹਰੋਂ ਆਪਣੀਆਂ ਬੱਕਰੀਆਂ ਚਾਰ ਕੇ ਡੇਰੇ ਨੂੰ ਵਾਪਸ

ਆ ਰਿਹਾ ਸਾਂ। ਸਤਿਗੁਰੂ ਜੀ ਨੇ ਹੁਕਮ ਕੀਤਾ, "ਗੁਰਮੁਖਾ! ਵਿਆਹ ਵੇਖਣ ਚੱਲੀਏ।" ਮੈਂ ਅਰਜ਼ ਕੀਤੀ, "ਜੀ ਬੱਕਰੀਆਂ ਕੀਹਨੂੰ ਸੰਭਾਲਾਂ?" ਸਤਿਗੁਰੂ ਜੀ ਨੇ ਉਦੋਂ ਹੀ ਗੁੱਜਰਾਂ ਨੂੰ ਸੱਦਿਆ, ਪਿੰਡ ਵਿਚ ਹੀ ਰਹਿੰਦੇ ਸਨ ਅਤੇ ਬੱਕਰੀਆਂ ਉਹਨਾਂ ਨੂੰ ਵੇਚ ਦਿੱਤੀਆਂ। ਮੈਨੂੰ ਸਤਿਗੁਰੂ ਜੀ ਆਪਣੇ ਨਾਲ ਹੀ ਲੈ ਗਏ ਅਤੇ ਸਾਰੀ ਸੰਗਤ ਵੀ ਲੁਧਿਆਣੇ ਪੁੱਜ ਗਈ। ਰਸਤੇ ਵਿਚ ਮਹੰਤ ਕੌਲਾ ਸਿੰਘ ਹੋਰਾਂ ਦੇ ਗੱਡੇ ਦੇ ਬਲਦ ਗੱਡੇ ਨੂੰ ਕੁੱਲ ਬੱਘੀਆਂ, ਤਾਂਗਿਆਂ ਦੇ ਅੱਗੇ ਕੱਢ ਕੇ ਲੈ ਗਏ। ਪਸ਼ੂਆਂ ਨੂੰ ਵੀ ਪਤਾ ਸੀ ਡੇਰੇ ਦਿਆਂ ਨੂੰ ਕਿ ਅੱਜ ਉਹਨਾਂ ਦੇ ਪਰਿਵਾਰ ਵਿਚ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਸਿਰਫ਼ ਸਤਿਗੁਰਾਂ ਦੀ ਬੱਘੀ ਹੀ ਮਹੰਤ ਹੋਰਾਂ ਦੇ ਗੱਡੇ ਤੋਂ ਅੱਗੇ ਰਹੀ। ਮਹੰਤ ਜੀ ਬਲਦਾਂ ਨਾਲ ਬੜਾ ਪਿਆਰ ਕਰਦੇ ਸਨ। ਉਹਨਾਂ ਬਲਦਾਂ ਦੇ ਨਾਂ ਵੀ (ਜੋ ਪਿੰਡਾਂ ਦੇ ਨਾਵਾਂ 'ਤੇ ਸਨ,ਜਿੱਥੋਂ ਉਹ ਆਏ ਸਨ) ਮੈਂ ਲਿਖਾ ਦਿੰਦਾ ਹਾਂ। ਵੱਡਾ ਬਲਦ ਲੂਲੋਂ ਵਾਲਾ, ਸਾਵਾ ਮੁਠੱਡਿਆਂ ਵਾਲਾ, ਝੂੰਗਾ ਮੋਟੀ ਪੂਛ ਵਾਲਾ ਚੱਕ ਵਾਲਾ। ਲਾਟੋਂ ਤੋਂ 13 ਮੀਲ ਲੁਧਿਆਣਾ ਹੈ। ਇਹ 13 ਮੀਲ ਘੋੜਿਆਂ ਦੇ ਨਾਲ ਹੀ ਉਹ ਬਲਦ ਗਏ।

ਉੱਥੋਂ ਰਾਤ ਦੀ 12 ਵਜੇ ਵਾਲੀ ਗੱਡੀ ਚੜ੍ਹ ਕੇ ਅਗਲੇ ਦਿਨ ਦੋ ਵਜੇ ਬਾਅਦ ਦੁਪਹਿਰ ਲਾਹੌਰ ਪੁੱਜ ਗਏ। ਅੱਗੇ ਧਿਆਨ ਸਿੰਘ ਪੱਥਰ ਘਾੜੇ ਨੇ ਸਭ ਇੰਤਜ਼ਾਮ ਕੀਤਾ ਸੀ, ਜਿਹਨਾਂ ਦੇ ਘਰ ਮਹਾਰਾਜ ਨਿਹਾਲ ਸਿੰਘ ਹੋਰੀਂ ਢੁੱਕੇ ਸਨ। ਗੱਡੀ ਤੋਂ ਉਤਰ ਕੇ ਜਲ ਪਾਣੀ ਛਕ ਕੇ, ਬਸਤਰ ਬਦਲ ਕੇ, ਸੰਗਤਾ ਗੁਰੂ ਜੀ ਅਤੇ ਉਹਨਾਂ ਦੇ ਦੋਹਾਂ ਭਰਾਵਾਂ ਸਮੇਤ ਸੁਭਾਇਮਾਨ ਹੋ ਰਹੀਆਂ ਸਨ। ਤਿੰਨਾਂ ਭਰਾਵਾਂ ਦੇ ਚਰਨੀਂ ਪੋਠੋਹਾਰੀ ਜੋੜੇ, ਚੋਗੇ ਪਸ਼ਮੀਨੇ ਦੇ ਕੱਢਵੇਂ, ਸੀਸ ਤੇ ਰੇਸ਼ਮੀ ਦਸਤਾਰੇ, ਗਲਾਂ ਵਿਚ ਉੱਨ ਦੀਆਂ ਮਾਲਾਵਾਂ, ਤਿੰਨੇ ਭਰਾ ਇਉਂ ਪ੍ਰਤੀਤ ਹੁੰਦੇ ਜਿਵੇਂ ਬ੍ਰਹਮਾ, ਬਿਸ਼ਨੂੰ ਤੇ ਮਹੇਸ਼ ਦੇਵਤਿਆਂ ਦੇ ਦਰਬਾਰ ਵਿਚ ਸੋਭਾ ਪਾ ਰਹੇ ਹਨ।

ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਜਿਹੜੇ ਸਰੀਰ ਜਾਂਵੀ ਸਨ, ਉਹਨਾਂ ਦੇ ਨਾਂ ਇਹ ਹਨ:

1. ਗੋਧਾ ਸਿੰਘ ਪਿੰਡ ਅਬਲੂ। ਸਤਿਗੁਰੂ ਜੀ ਦਾ ਮਾਮਾ ਲੱਗਦਾ ਸੀ। ਰਿਸ਼ਤੇਦਾਰੀ ਵਿਚੋਂ ਮਾਈ ਜੀ ਦਾ ਭਰਾ ਸੀ। ਵਜ਼ਨ 6 ਮਣ ਪੱਕਾ ਸੀ।

2. ਮਹੰਤ ਗੁਰਦਿਤ ਸਿੰਘ ਜਿਸ ਪ੍ਰਦੇਸ ਜਾਣ ਸਮੇਂ ਗੁਰੂ ਰਾਮ ਸਿੰਘ ਜੀ ਨੂੰ ਗੱਡੇ ਵਿਚ ਬਹਾਕੇ ਖੜਿਆ ਸੀ ਡੇਰੇ ਭੈਣੀ ਸਾਹਿਬ ਤੋਂ ਲੁਧਿਆਣੇ ਤੱਕ।

3. ਹੀਰਾ ਸਿੰਘ ਟਿੱਕਾ ਮੂੰਡੀਆ

4. ਮਹੰਤ ਸੇਵਾ ਸਿੰਘ ਸਧਾਰੀ ਮਾਜਰਾ (ਅੰਬਾਲਾ)

5. ਹਰਨਾਮ ਸਿੰਘ ਗੁਣਗੁਣੀਆ

6. ਹਰਨਾਮ ਸਿੰਘ ਨਥਾਣੀਆ

7. ਮਿਹਰ ਸਿੰਘ ਲੋਪੋਕੇ, ਅੰਮ੍ਰਿਤਸਰ ਵਾਲੇ ਸ਼ਹੀਦਾਂ ਸਿੰਘਾਂ ਦਾ ਸਾਥੀ ਸੀ, ਭਗੌੜਾ ਹੋ ਕੇ ਸਰਕਾਰ ਦਾ, ਬਾਕੀ ਉਮਰ ਡੇਰੇ ਕੱਟੀ।

8. ਭਾਈ ਵਸਾਖਾ ਸਿੰਘ, ਲੁਹਾਰਾ ਕੰਮ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਸੀ ਜਿਸ ਸੌ ਸਿੰਘ ਦੇ ਦਰਸ਼ਨ ਕਰਨੇ ਹੋਣ, ਉਹ 'ਕੱਲੇ ਵਿਸਾਖਾ ਸਿੰਘ ਦੇ ਹੀ ਕਰ ਲਵੇ।

9. ਹੀਰਾ ਸਿੰਘ, ਕਾਰੀਗਰ ਸਿੰਘ ਸੀ

10. ਵਸਾਵਾ ਸਿੰਘ ਘੁਮਿਆਰ ਸਿੰਘ ਸੀ

11. ਆਲਾ ਸਿੰਘ ਦਾਲਮ

12. ਚੇਤ ਸਿੰਘ ਆਸਲਾਂ (ਅੰਮ੍ਰਿਤਸਰ)

13. ਸੁਹੇਲ ਸਿੰਘ ਬਿਲਗਾ

14. ਬਾਬਾ ਵੀਰ ਸਿੰਘ ਭੋਮੇ ਵਡਾਲੀਆ

15. ਬਾਬਾ ਸੰਤਾ ਸਿੰਘ ਘੁੱਕੇਵਾਲੀਆ

16. ਬਾਬਾ ਬੂਟਾ ਸਿੰਘ ਲਾਖਣਾ

17. ਬਾਬਾ ਥੰਮਣ ਸਿੰਘ, ਲੰਗਰ ਦਾ ਜਲ ਭਰਦੇ ਸਨ ਅਤੇ ਵਾੜਿਆਂ ਦੀ ਵਾੜ ਕਰਿਆ ਕਰਦੇ ਸਨ।

18. ਰਾਮਪੁਰੀਆ ਵੀਰ ਸਿੰਘ ਜਹਾਨ। ਇਹ ਇਕੱਲਾ ਹੀ 40 ਗਊਆਂ ਸਾਂਭਦਾ ਸੀ। ਕੁਝ ਸਮਾਂ ਬਾਦ ਵਿਚ ਰਾਈਆਂ ਵਾਲੇ ਮੁਕੱਦਮੇ ਵਿਚ ਡੇਰੇ ਵਲੋਂ ਮੁਖਤਿਆਰ ਵੀ ਰਿਹਾ ਸੀ। ਸਤਿਗੁਰ ਪਰਤਾਪ ਸਿੰਘ, ਸਤਿਗੁਰ ਜਗਜੀਤ ਸਿੰਘ ਦੇ ਨਿੱਜੀ ਸਕੱਤਰ ਸੰਤ ਗੁਰਦੇਵ ਸਿੰਘ ਮਾਂਗਟ ਦਾ ਤਾਇਆ।

19. ਰਾਘੋ ਸਿੰਘ ਲਾਂਗਰੀ

20. ਕੰਧਾਰਾ ਸਿੰਘ ਲਾਂਗਰੀ

21. ਜਿਊਣ ਸਿੰਘ ਝੱਬਰ – ਮੇਰਾ ਪਿਤਾ

ਇਹ ਇੱਕੀ ਸਿੰਘ ਸਤਿਗੁਰੂ ਜੀ ਦੀ ਅਰਦਲ ਵਿਚ ਹੀ ਭੈਣੀ ਸਾਹਿਬੋਂ ਇਸ ਅਨੰਦ ਵਿਚ ਸ਼ਾਮਲ ਹੋਣ ਆਏ ਸਨ।

ਹੁਣ ਮੈਂ ਉਸ ਸਮੇਂ ਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਜਥੇ ਵਿਚ ਸ਼ਾਮਲ ਸਿੰਘਾਂ ਦੇ ਨਾਂ ਦੱਸਦਾ ਹਾਂ:

1. ਭਾਈ ਵਜ਼ੀਰ ਸਿੰਘ

2. ਲਾਲ ਸਿੰਘ ਬੱਲੂਆਣੀਆ

3. ਮਾਘਾ ਸਿੰਘ ਅਲੌੜੀਆ

4. ਹਰਨਾਮ ਸਿੰਘ ਪੱਖੋ

5. ਹਰਨਾਮ ਸਿੰਘ ਦੇਊ ਨਥਾਣੀਆ, ਜਿਸ ਨਾਲ ਹਜ਼ੂਰ ਦੀ ਗੂਹੜੀ ਪ੍ਰੀਤ ਹੁੰਦੀ ਸੀ।

6. ਕਿਸ਼ਨ ਸਿੰਘ ਕੱਟੀ ਭੂਰੇ ਗਿੱਲ

ਜਿਹੜੀਆਂ ਸੰਗਤਾਂ ਆਪਣੇ ਨਗਰਾਂ ਵਿਚੋਂ ਆ ਕੇ ਇਸ ਅਨੰਦ ਕਾਰਜ ਵਿਚ ਸ਼ਾਮਲ ਹੋਈਆਂ। ਉਹਨਾਂ ਦੇ ਨਾਉਂ ਇਹ ਹਨ:

1. ਸੱਦੋ ਵਾਲੀਆ ਸਾਉਣ ਸਿੰਘ ਸਫੈਦਪੋਸ਼

2. ਸਾਉਣ ਸਿੰਘ ਜ਼ੈਲਦਾਰ ਰੱਤਾ ਚੋਆ

3. ਸ. ਕਿਰਪਾਲ ਸਿੰਘ ਨੁਸ਼ਹਿਰੀਆ

4. ਸੰਤ ਜਵੰਦ ਸਿੰਘ 'ਜਿੰਦਾ ਸ਼ਹੀਦ' ਖਿਆਲਾ (ਅੰਮ੍ਰਿਤਸਰ)

5. ਸ. ਦਿਆਲ ਸਿੰਘ ਥਰਾਜੀਆ, ਸਤਿਗੁਰੂ ਜੀ ਦੇ ਮਾਮੇ ਦਾ ਪੁੱਤਰ

6. ਸੂਬਾ ਲਾਲ ਸਿੰਘ ਢਿੱਲਵਾਂ ਵਾਲਾ

7. ਸੂਬਾ ਬਿਸ਼ਨ ਸਿੰਘ ਭਦੌੜ

8. ਇੰਦਰ ਸਿੰਘ ਪਿੰਡ ਰੋਡੇ, ਜਿਹੜੇ ਭੋਗ ਪਾਉਣ ਦੇ ਧਨੀ ਸਨ।

9. ਸੰਤ ਕਰਮ ਸਿੰਘ ਜੀ ਹਿੰਮਤਪੁਰਾ

10. ਮੁਕਤਸਰ ਦੇ ਇਲਾਕੇ ਦਾ ਮਹੰਤ ਭੈਰੋਂ ਸਿੰਘ

ਇਹ ਮਗਰਲੇ ਪੰਜੇ ਮਾਲਵੇ ਦੀ ਸੰਗਤ ਲੈ ਕੇ ਜੰਞ ਵਿਚ ਸ਼ਾਮਲ ਹੋਏ।

11. ਰਿਆਸਤ ਮਲੇਰਕੋਟਲਾ ਵਿਚੋਂ ਸੂਬਾ ਗੁਰਬਖਸ਼ ਸਿੰਘ ਚੱਕ ਵਾਲੇ ਸਮੇਤ ਸੰਗਤ

12. ਦੁਆਬੇ ਦੀ ਸੰਗਤ ਲੈ ਕੇ ਆਏ, ਪੰਡਿਤ ਬਸੰਤ ਸਿੰਘ ਜੀ ਪਧਾਣਾ (ਜਲੰਧਰ) ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਦਿਆ ਗੁਰੂ ਵੀ ਸਨ।

13. ਅੰਮ੍ਰਿਤਸਰ ਦੇ ਇਲਾਕੇ ਦੀ ਸੰਗਤ ਲੈ ਕੇ ਆਏ ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ

14. ਸੰਤ ਭਗਤ ਸਿੰਘ ਦਾਤੇਵਾਲ

15. ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਇਹ ਦੋਵੇਂ ਪੰਥ ਦੇ ਗੰਧ੍ਰਬ ਜਥੇਦਾਰ, ਸਿਆਲਕੋਟ ਅਤੇ ਗੁਰਦਾਸਪੁਰ ਦੀ ਸੰਗਤ ਲੈ ਕੇ ਪੁੱਜੇ।

16. ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ

17. ਸੰਤ ਸੁੰਦਰ ਸਿੰਘ ਪੂੰਗਾਂ ਵਾਲੇ ਜਿਹੜੇ ਕੰਨ ਵਿਚ ਭਜਨ ਦੱਸਦਿਆਂ ਹੀ ਮਸਤ ਕਰ ਦਿੰਦੇ ਸਨ, ਵੀ ਉਤਲੇ ਦੋਹਾਂ ਜ਼ਿਲ੍ਹਿਆਂ ਦੀ ਸੰਗਤ ਲੈ ਕੇ ਆਏ ਸਨ।

18. ਗੁਜਰਾਂਵਾਲੇ ਦੀ ਸੰਗਤ ਲਿਆਏ ਘੁੱਕਲ ਵਾਲੇ ਸੰਤ ਹਾਕਮ ਸਿੰਘ ਜੀ

19. ਵਿਰਕ ਤੱਪੇ ਵਿਚੋਂ ਸ਼ੇਖੂਪੁਰੇ ਦੀ ਸੰਗਤ ਦਾ ਮੋਹਰੀ ਸੀ ਸੰਤ ਆਲਾ ਸਿੰਘ ਵਰਨ

20. ਲਾਇਲਪੁਰ ਦੀ ਸੰਗਤ ਢੋਟੀਆਂ ਵਾਲੇ ਸਿੰਘ ਲਿਆਏ ਸਨ।

ਢੋਟੀਆਂ ਵਾਲੇ ਉਹ ਸਿੰਘ ਸਨ ਜਿਹੜੇ ਮੁਕੰਮਲ ਤੌਰ ਤੇ ਸ਼ਾਕਾਹਾਰੀ ਸਨ ਅਤੇ ਰੱਸਾ ਖਿੱਚਣ ਵਿਚ ਸਾਰੀ ਸ੍ਰਿਸ਼ਟੀ 'ਚ ਕੋਈ ਜਿਨ੍ਹਾਂ ਦੇ ਅੱਗੇ ਨਹੀਂ ਸੀ ਅੜਿਆ। ਦਿਲੀ ਦਰਬਾਰ ਵਿਚ ਇਹਨਾਂ ਯੂਰਪ ਜਿੱਤਣ ਵਾਲੀ ਟੀਮ ਨੂੰ ਹਰਾ ਦਿਤਾ ਸੀ। ਇਸ ਤੋਂ ਇਲਾਵਾ ਸੰਤ ਨੱਥਾ ਸਿੰਘ ਪਤੰਗ ਜੀ ਵੀ ਇਸ ਜ਼ਿਲੇ ਦੀ ਸੰਗਤ ਲੈ ਕੇ ਆਏ ਸਨ।

21. ਸੰਤ ਫਤਹਿ ਸਿੰਘ ਮਾਂਗਾ ਜ਼ਿਲ੍ਹਾ ਲਾਹੌਰ ਦੀਆਂ ਸੰਗਤਾਂ ਲੈ ਕੇ ਆਏ।

22. ਤਪੇ ਦੇ ਇਲਾਕੇ ਵਿਚੋਂ ਬਾਬਾ ਮੋਹਰ ਸਿੰਘ ਸੰਗਤ ਦਾ ਆਗੂ ਸੀ।

ਹੁਣ ਮੈਂ ਹੋਰਨਾਂ ਪੱਖਾਂ, ਜਿਹਨਾਂ ਦੀ ਪ੍ਰਬੰਧ ਵਿਚ ਲੋੜ ਸੀ, ਦਾ ਵੀ ਵਰਣਨ ਕਰਦਾ ਹਾਂ।

**ਜਥਾ ਲਾਂਗਰੀਆਂ ਦੇ ਜਥੇਦਾਰ**

1. ਸੰਤ ਭਾਨ ਸਿੰਘ ਕੁੱਝਰ (ਸ਼ੇਖੂਪੁਰਾ)
2. ਗਿਆਨ ਸਿੰਘ ਜਥੇਦਾਰ ਪਿੰਡ ਵਰਨ (ਸ਼ੇਖੂਪੁਰਾ)
3. ਸੰਤ ਜਿਊਣ ਸਿੰਘ ਜੀ, ਅੰਮ੍ਰਿਤਸਰ
4. ਸੰਤ ਖ਼ਜ਼ਾਨ ਸਿੰਘ, ਅੰਮ੍ਰਿਤਸਰ
5. ਲਹਿਣਾ ਸਿੰਘ ਕੱਕੜ

ਇਹ ਉਹ ਲਾਂਗਰੀ ਜਥੇ ਦੇ ਜਥੇਦਾਰ ਸਨ, ਜਿਹੜੇ ਸੱਠ ਹਜ਼ਾਰ ਤੱਕ ਦੀ ਵੀ ਸੰਗਤ ਜੁੜੇ, ਤਾਂ ਲੰਗਰ ਦੀ ਤੋਟ ਨਹੀਂ ਸਨ ਆਉਣ ਦਿੰਦੇ।

**ਰਾਗੀਆਂ ਦੇ ਜੱਥੇ:**

1. ਸਭ ਤੋਂ ਵੱਡਾ ਜੱਥਾ ਭਾਈ ਹਰਨਾਮ ਸਿੰਘ ਚਵਿੰਡਾ (ਅੰਮ੍ਰਿਤਸਰ) ਅਤੇ ਇਹਨਾਂ ਦੇ ਨਾਲ ਦੇ ਮੰਗਲ ਸਿੰਘ ਗਣੇਸ਼ਾ ਸਿੰਘ, ਪਰਤਾਪ ਸਿੰਘ
2. ਭਾਈ ਕਾਲੂ ਕੇ ਰਾਗੀਆਂ ਦਾ ਦੂਜਾ ਜਥਾ ਸੀ
3. ਤੀਸਰਾ ਜੱਥਾ ਸੰਤ ਲਾਲ ਸਿੰਘ ਜੀ ਅਤੇ ਉਨ੍ਹਾਂ ਦਾ ਪੁੱਤਰ ਪਰਤਾਪ ਸਿੰਘ ਤੇ ਨੱਥਾ ਸਿੰਘ
4. ਚੌਥਾ ਜਥਾ ਭਾਈ ਜੈ ਸਿੰਘ ਮੌਲੀ ਅਤੇ ਉਹਨਾਂ ਨਾਲ ਦੇ ਦੁਆਬੇ ਦੇ ਸਾਥੀ

5. ਪੰਜਵਾਂ ਜੱਥਾ ਭਾਈ ਸ਼ੇਰ ਸਿੰਘ ਗੁਜਰਾਂਵਾਲੀਆ

6. ਛੇਵਾਂ ਜਥਾ ਜਿਊਣ ਸਿੰਘ ਰਾਗੀ ਦਰਬਾਰ ਪਟਿਆਲੇ ਮਹਾਰਾਜੇ ਦਾ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਤਾਊਸ ਦਾ ਉਸਤਾਦ, ਇਹਨਾਂ ਨੂੰ ਕੀਰਤਨ ਕਰਦਿਆਂ ਮਸਤਾਨੇ ਹੋਣ ਕਰਕੇ ਮਸਤਾਨ ਸਿੰਘ ਵੀ ਕਿਹਾ ਜਾਂਦਾ ਸੀ।

**ਦੀਵਾਨ ਦੇ ਪ੍ਰਬੰਧਕ:**

1 ਰਣੀਖਾਣਗੇ ਹਰਨਾਮ ਸਿੰਘ ਅਤੇ

2. ਬੁੱਢਾ ਸਿੰਘ ਖਾਨਪੁਰੀਆ

**ਉਸ ਸਮੇਂ ਦੀ ਜੰਞ ਵਿਚ ਸ਼ਾਮਲ ਸੰਤ ਮੰਡਲੀ:**

1. ਮੁਹਾਵੇ ਵਾਲੇ ਸੰਤ ਕੇਸਰ ਕਿੱਲੀ ਜੀ

2. ਸੰਤ ਜਿਊਣ ਸਿੰਘ ਜੀ ਸਰਹਾਲੀ

3. ਮਿਰਜ਼ੇਵਾਲੀਏ ਜਵਾਹਰ ਸਿੰਘ ਜੀ

4. ਚਵਿੰਡੇ ਵਾਲਾ ਬਾਬਾ ਕੇਸਰ ਸਿੰਘ

5. ਸੰਤ ਜੈਮਲ ਸਿੰਘ ਟਿੱਬਾ ਨੱਕੇ ਦਾ

6. ਸੰਤ ਸੰਮਾ ਸਿੰਘ, ਤੰਬੋਲੀ ਦੇ ਖੂਹ (ਮਾਂਗਾ)

7. ਸੰਤ ਚਤਰ ਸਿੰਘ ਭਲਵਾਨ ਕੇ

ਇਹ ਉਸ ਸਮੇਂ ਦੇ ਪੂਰਨ ਸਾਧ ਸਨ। ਜੰਞ ਉਤੇ ਆਪਣੀ ਕ੍ਰਿਪਾ ਦੀ ਬਖਸ਼ਿਸ਼ ਕਰ ਰਹੇ ਸਨ।

ਮੋਟਰ ਬੱਘੀਆਂ ਤਾਂਗੇ ਸਭ ਸੁਆਰੀਆਂ ਤਿਆਰ ਹੋ ਗਈਆਂ। ਲਾਂਗਰੀਆਂ ਸਿੰਘਾਂ ਦੇ ਜਥੇਦਾਰ ਨੂੰ ਸਤਿਗੁਰੂ ਜੀ ਨੇ ਪਹਿਲਾਂ ਜਾ ਕੇ ਲੰਗਰ ਦੀ ਤਿਆਰੀ ਕਰਨ ਦਾ ਹੁਕਮ ਦੇ ਦਿਤਾ। ਜਥਿਆਂ ਤੇ ਪੈਦਲ ਸਿੰਘਾਂ ਨੂੰ ਹੁਕਮ ਹੋਇਆ ਕਿ ਤੁਸੀਂ ਕੀਰਤਨ ਕਰਦੇ ਚੱਲੋ। ਰਾਗੀਆਂ ਸਿੰਘਾਂ ਨੂੰ ਮੋਟਰਾਂ ਵਿਚ ਬਹਾਇਆ ਗਿਆ ਅਤੇ ਉਹਨਾਂ ਨੂੰ ਵੀ ਕੀਰਤਨ ਕਰਨ ਦਾ ਹੁਕਮ ਕੀਤਾ।

ਸਤਿਗੁਰੂ ਜੀ ਤਿੰਨ ਭਾਈ ਤੇ ਚੌਥਾ ਦਿਆਲ ਸਿੰਘ ਥਰਾਜੀਆ ਮੋਟਰ ਵਿਚ ਸੁਆਰ ਹੋ ਗਏ। ਕੁਝ ਬਿਰਧਾਂ ਨੂੰ ਵੀ ਤੇ ਜਿਹੜੇ ਸਰੀਰਾਂ ਦਾ ਉਪਰ ਵਰਣਨ ਆਇਆ ਹੈ, ਉਹਨਾਂ ਨੂੰ ਵੀ ਮੋਟਰ ਵਿਚ ਬਹਾਇਆ ਗਿਆ। ਕੋਈ ਦੋ ਮੀਲ ਲੰਮੇ ਫ਼ਾਸਲੇ ਵਿਚ ਸਾਰੀ ਸੰਗਤ ਫੈਲ ਗਈ। ਲੋਕੀਂ ਕਹਿਣ ਕਿ ਇਤਨੀ ਵੱਡੀ ਜੰਞ ਅਜੇ ਤੀਕ ਨਹੀਂ ਸੀ ਵੇਖੀ। ਕੋਈ ਕਹਿੰਦਾ, "ਇਹ ਕਿੱਥੇ ਬਹਿਣਗੇ। ਐਡੀ ਵੱਡੀ ਜੰਞ ਦੇ ਅੰਨ ਜਲ ਦਾ ਪ੍ਰਬੰਧ ਕੀਕੂੰ ਹੋਏਗਾ। ਸਿਆਣੇ ਲੋਕ ਕਹਿੰਦੇ ਸਨ ਇਹ ਤਾਂ ਦੇਵਤਿਆਂ ਦੀ ਜੰਞ ਹੈ ਅਤੇ ਆਪ ਅਕਾਲ ਪੁਰਖ ਦਾ ਇਹਨਾਂ ਵਿਚ ਨਿਵਾਸ ਹੈ। ਲੋਕ ਸਤਿਗੁਰੂ ਜੀ ਅਤੇ ਸ੍ਰ. ਧਿਆਨ ਸਿੰਘ ਹੋਰਾਂ ਦਾ ਜੱਸ ਕਰ ਰਹੇ ਸਨ।

ਸ਼ਾਮ ਛੇ ਵੱਜਦੇ ਨੂੰ ਜੰਞ ਦਾ ਢੁਕਾ ਹੋ ਜਾਂਦਾ ਹੈ। ਸੰਗਤ ਆਪੋ ਆਪਣੇ ਡੇਰਿਆਂ ਨੂੰ ਚਲੀ ਜਾਂਦੀ ਹੈ ਅਤੇ ਸਤਿਗੁਰੂ ਜੀ ਆਪਣੇ ਸਿੰਘਾਸਨ 'ਤੇ ਪਹੁੰਚ ਜਾਂਦੇ ਹਨ। ਸਭ ਜਲ ਪਾਣੀ ਛਕ ਲੈਂਦੇ ਹਨ। ਜਿਸ ਪੰਡਾਲ ਵਿਚ ਸਵੇਰੇ ਅਨੰਦ ਕਾਰਜ ਹੋਣਾ ਹੈ, ਉਸ ਜਗ੍ਹਾ ਰਾਗੀਆਂ ਸਿੰਘਾਂ ਦੇ ਦੀਵਾਨ ਦੇ ਭੋਗ ਉਪਰੰਤ ਸਭ ਸੰਗਤਾਂ ਨੇ ਪ੍ਰਸ਼ਾਦ ਪਾਣੀ ਛਕਿਆ। ਸਾਰੀ ਸੰਗਤ ਰਾਤ ਨੂੰ ਬਿਰਾਜਮਾਨ ਹੋ ਗਈ। ਤੜਕੇ ਆਸਾ ਦੀ ਵਾਰ ਲਗ ਗਈ। ਦਿਨ ਚੜ੍ਹੇ ਅਨੰਦ ਕਾਰਜ ਹੋਣਾ ਸ਼ੁਰੂ ਹੋ ਗਿਆ ਹੈ। ਉਸ ਵੇਲੇ ਦੀ ਮਹਿਮਾਂ ਅਤੇ ਸੋਭਾ ਮੈਂ ਕਹਿ ਨਹੀਂ ਸਕਦਾ। ਵੇਖਿਆਂ ਹੀ ਬਣਦੀ ਸੀ। ਸਭ ਪਾਸੇ ਧੰਨ ਧੰਨ ਹੋ ਗਈ। ਹਿੰਦੂ ਮੁਸਲਮਾਨ ਸਭ ਕਹਿ ਰਹੇ ਸਨ ਕਿ ਇਹ ਨਵਾਂ ਹੀ ਅਨੰਦ ਕਾਰਜ ਅਸਾਂ ਵੇਖਿਆ ਹੈ। ਹਵਨ ਕਰਕੇ, ਅੰਮ੍ਰਿਤ ਤਿਆਰ ਕਰਕੇ, ਆਸਣ ਵਿਛਾ ਕੇ, ਮਹਾਰਾਜ ਨਿਹਾਲ ਸਿੰਘ ਅਤੇ ਧਿਆਨ ਸਿੰਘ ਹੋਰਾਂ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਦੋਹਾਂ ਨੂੰ ਬਿਠਾ ਕੇ ਬਾਬੇ ਵੀਰ ਸਿੰਘ ਭੋਮੇ ਵਡਾਲੀਏ ਨੇ ਅੰਮ੍ਰਿਤ ਛਕਾਇਆ। ਗੰਢ-ਚਤੁਰਾਵਾ ਕਰਕੇ ਜੋੜੀ ਨੂੰ ਵੇਦੀ ਥੱਲੇ ਖੜ੍ਹੇ ਕਰ ਦਿਤਾ। ਕੁੱਲ ਸੰਗਤ ਬੀਬੀ ਮਾਈ ਭਾਈ ਜੋ ਵੀ ਜਿਧਰ ਵੇਖਦਾ ਹੈ, ਓਧਰ ਦੀ ਮਹਿਮਾ ਕਹੀ ਨਹੀਂ ਜਾਂਦੀ। ਧਿਆਨ ਸਿੰਘ ਤਾਂ ਜਾਮੇ ਵਿਚ ਨਹੀਂ ਸਮਾਉਂਦਾ, ਕਹਿੰਦਾ ਹੈ ਕਿ ਮੇਰੇ ਧੰਨ ਭਾਗ ਹਨ ਜੋ ਗੁਰੂ ਹਰੀ ਸਿੰਘ ਦਾ ਸਪੁੱਤਰ ਮੇਰੇ ਘਰ ਢੁੱਕਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਗੁਰ-ਮਰਿਆਦਾ ਅਨੁਸਾਰ, ਗੁਰੂ ਪਰਿਵਾਰ ਵਿਚ ਹੋਣ ਵਾਲਾ ਇਹ ਪਹਿਲਾ ਅਨੰਦ ਕਾਰਜ ਹੋਇਆ। ਭੋਗ ਪਾਠਾਂ ਦਾ ਵੀ ਪਾਇਆ ਗਿਆ। ਫਿਰ ਮੰਗਲਾਚਾਰ ਪੜ੍ਹਿਆ ਗਿਆ। ਅਰਦਾਸ ਹੋ ਗਈ। ਸੰਗਤਾਂ 'ਧੰਨ ਗੁਰੂ ਰਾਮ ਸਿੰਘ, ਧੰਨ ਗੁਰੂ ਰਾਮ ਸਿੰਘ' ਕਰਦੀਆਂ ਆਪੋ ਆਪਣੇ ਡੇਰਿਆਂ ਨੂੰ ਚਲੀਆਂ ਗਈਆਂ। ਪ੍ਰਸ਼ਾਦ ਪਾਣੀ ਛਕਦਿਆਂ ਕਰਦਿਆਂ ਨੂੰ ਦਿਨ ਦੇ ਤਿੰਨ ਕੁ ਵਜ ਗਏ। ਪੰਜ ਵਜੇ ਨੂੰ ਤਿਆਰੀ ਕਰਕੇ ਸਤਿਗੁਰੂ ਜੀ ਸੰਗਤਾਂ ਸਮੇਤ, ਛੇ ਵਜੇ ਸ਼ਾਮ ਦੇ ਲਾਹੌਰ ਦੇ ਰੇਲਵੇ ਸਟੇਸ਼ਨ 'ਤੇ ਪੁੱਜ ਜਾਂਦੇ ਹਨ। ਹੋਰ ਸੰਗਤਾਂ ਆਪੋ ਆਪਣੇ ਇਲਾਕਿਆਂ ਨੂੰ ਪਰਤ ਗਈਆਂ। ਜਿਹੜੀਆ ਭੈਣੀ ਸਾਹਿਬੋਂ ਆਈਆਂ ਸਨ ਉਹ ਸਤਿਗੁਰੂ ਜੀ ਨਾਲ ਲੁਧਿਆਣੇ ਜਾ ਉਤਰਦੀਆਂ ਹਨ ਅਤੇ ਅੱਗੋਂ ਫਿਰ ਬੱਘੀਆਂ ਤਾਂਗਿਆਂ ਆਦਿ ਦੁਆਰਾ ਦਿਨ ਚੜ੍ਹਦੇ ਨੂੰ ਗੁਰਦੁਆਰੇ ਸ੍ਰੀ ਭੈਣੀ ਸਾਹਿਬ ਪੁੱਜ ਗਈਆਂ। ਮਾਤਾ ਜਿਊਣ ਕੌਰ ਤੇ ਮਾਤਾ ਫਤੇਹ ਕੌਰ ਨੂੰ ਵਧਾਈਆਂ ਮਿਲਣ ਲਗ ਪਈਆਂ। ਮਾਤਾ ਜੀ ਨੇ ਸਭ ਨੂੰ ਪ੍ਰਸ਼ਾਦ ਪਾਣੀ ਛਕਾ ਕੇ ਨਗਰ ਵਾਸੀਆਂ ਅਤੇ ਲਾਂਭ ਦੇ ਨਗਰਾਂ ਦੇ ਗ਼ਰੀਬ ਗੁਰਬਿਆਂ ਨੂੰ ਜੋ ਖ਼ੁਸ਼ੀ ਦੇ ਮੌਕੇ ਆਏ ਸਨ, ਯਥਾਸ਼ਕਤ ਦਾਨ ਦਿਤਾ। ਹੁਣ ਇਸ ਤੋਂ ਬਾਦ ਛੇਤੀ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੰਦ ਕਾਰਜ ਦੀ ਤਿਆਰੀ ਹੋ ਜਾਂਦੀ ਹੈ। ਮਹਾਰਾਜ ਜੀ ਦਾ ਅਨੰਦ

ਅੱਸੂ ਵਿਚ ਅਤੇ ਸਤਿਗੁਰੂ ਜੀ ਦਾ ਪੋਹ ਵਿਚ ਹੋਇਆ ਸੀ। ਮਸਾਂ ਤਿੰਨਾਂ ਕੁ ਮਹੀਨਿਆਂ ਦੀ ਵਿੱਥ ਪਈ ਸੀ।

**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨੰਦ ਕਾਰਜ ਪੋਹ 1971 ਬਿਕ੍ਰਮੀ:**

ਇਸ ਅਨੰਦ ਤੇ ਨਾ ਹੀ ਮੇਰਾ ਪਿਤਾ ਜਾ ਸਕਿਆ ਸੀ ਅਤੇ ਨਾ ਹੀ ਮੈਂ ਪੁੱਜਿਆ ਸਾਂ। ਸੋ ਇਹ ਸਾਰੀ ਵਾਰਤਾ ਮੈਂ ਬਾਬਾ ਵੀਰ ਸਿੰਘ ਭੋਮੇ ਵਡਾਲੀਏ, ਹਰਨਾਮ ਸਿੰਘ ਨਥਾਣੀਏ, ਅੰਬੋ ਜੀ (ਸ੍ਰੀ ਸਤਿਗੁਰੂ ਜੀ ਦੀ ਸੱਸ) ਪਾਸੋਂ ਸੁਣੀ ਸੀ। ਕੋਈ ਕੋਈ ਬਚਨ ਸਤਿਗੁਰੂ ਜੀ ਦੀ ਰਸਨਾ ਤੋਂ ਵੀ ਸੁਣਿਆ ਅਤੇ ਕੋਈ ਬਚਨ ਸੂਬਾ ਮੀਹਾਂ ਸਿੰਘ (ਮਾਤਾ ਭੂਪਿੰਦਰ ਕੌਰ ਦੇ ਭਰਾਤਾ) ਹੋਰਾਂ ਤੋਂ ਵੀ ਸੁਣਿਆ। ਸ੍ਰੀ ਰਾਮ ਚੰਦਰ ਜੀ ਦੇ ਸੀਤਾ ਦਾ ਸੁਅੰਬਰ ਜਿੱਤਣ ਵਾਂਗ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੰਦ ਕਾਰਜ ਦੀ ਕਥਾ ਹੈ।

ਸਤਿਗੁਰੂ ਜੀ ਦੇ ਹੋਣ ਵਾਲੇ ਮਹਿਲ ਬੇਬੇ ਭੁਪਿੰਦਰ ਕੌਰ ਜੀ ਦੇ ਪਿਤਾ ਜੀ ਸ੍ਰ. ਸੁੰਦਰ ਸਿੰਘ 'ਸੋਹੂ' ਗੋਤ ਦੇ ਜੱਟ ਸਨ। ਤਾਇਆ ਸ. ਸੱਦਾ ਸਿੰਘ ਸੀ। ਪਿੰਡ ਦਾ ਪਹਿਲਾ ਨਾਂ ਗੱਦੋ ਡੋਬ ਸੀ ਪਰ ਗੁਰੂ ਹਰੀ ਸਿੰਘ ਹੋਰਾਂ ਗੁਰੂ ਸਰ ਰੱਖਿਆ ਸੀ। ਇਹ ਦੋਵੇਂ ਭਰਾ ਮਲੋਟ-ਮੁਕਤਸਰ ਦੇ ਇਸ ਇਲਾਕੇ ਵਿਚ ਬਹੁਤ ਮਸ਼ਹੂਰ ਸਨ। ਇਲਾਕੇ ਦੇ ਜੱਟ ਸਿੱਖ ਅਤੇ ਬਾਗੜੀ ਲੋਕ ਵੀ ਆਪਣੇ ਕੰਮਾਂ ਦੇ ਸਲਾਹ ਮਸ਼ਵਰੇ ਲਈ ਇਹਨਾਂ ਨੂੰ ਸੱਦਦੇ ਸਨ। ਆਸੇ ਪਾਸੇ ਅਤੇ ਰਿਆਸਤ ਬਹਾਵਲਪੁਰ ਦੀ ਮੁਸਲਮਾਨ ਵੱਸੋਂ ਨਾਲ ਵੀ ਇਹਨਾਂ ਦੇ ਚੰਗੇ ਸੰਬੰਧ ਸਨ। ਸਰਕਾਰੇ ਦਰਬਾਰੇ ਵੀ ਦੋਹਾਂ ਭਾਈਆਂ ਦਾ ਚੰਗਾ ਰੋਅਬ ਸੀ। ਨਾਮਧਾਰੀ ਪੰਥ ਵਿਚ ਵੀ ਮੰਨੇ ਪ੍ਰਮੰਨੇ ਸਨ। ਸੁੱਚ ਸੋਧ ਵੀ ਇਹਨਾਂ ਦੀ ਇਤਨੀ ਸੀ ਕਿ ਚਾਰ ਕੋਹ ਤੇ ਮਿੱਠੇ ਪਾਣੀ ਦਾ ਖੂਹ ਸੀ। ਦਿਨੇ ਤਾਂ ਸਾਰਾ ਦਿਨ ਬੋਕਾ ਚੱਲਦਾ ਸੀ ਉਸ ਵਿਚ। ਰਾਤ ਨੂੰ ਜਾ ਕੇ ਨਾਲ ਗੱਡਾ ਲੈ ਜਾਣਾ। ਗੱਡੇ ਤੇ ਐਸੀ ਜਗ੍ਹਾ ਬਣਾਈ ਸੀ ਜਿਸ ਵਿਚ ਸੱਠ ਘੜੇ ਟਿਕ ਜਾਂਦੇ ਸਨ। ਸੱਠ ਘੜੇ ਜਲ ਦੇ ਭਰ ਕੇ ਗੱਡੇ 'ਤੇ ਲੱਦ ਕੇ ਤੜਕੇ ਆਪਣੇ ਪਿੰਡ ਗੁਰੂ ਸਰ ਆ ਜਾਣਾ। ਉਹ ਸਿੱਖ ਅੱਜ ਕੱਲ੍ਹ ਦੇ ਸਿੱਖਾਂ ਵਰਗੇ ਸਿੱਖ ਨਹੀਂ ਸਨ। ਉਹਨਾਂ ਤੇ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਦੀ ਅਪਾਰ ਕ੍ਰਿਪਾ ਸੀ। ਕਿਉਂਕਿ ਮੁਕਤਸਰ ਦੇ ਇਲਾਕੇ ਦੇ ਇਹਨਾਂ ਸਿੱਖਾਂ ਨੂੰ, ਸਤਿਗੁਰੂ ਰਾਮ ਸਿੰਘ ਜੀ ਨੇ ਭੂਰੇ ਦੀ ਸੋਧ ਰੱਖਣ ਲਈ ਹੁਕਮ ਕੀਤਾ ਸੀ। ਉਦੋਂ ਕੋਈ ਰੇਸ਼ਮ ਨਹੀਂ ਸੀ ਹੁੰਦਾ। ਖੱਦਰ ਦੇ ਲੀੜੇ ਅਤੇ ਉਤੇ ਕਾਲੇ ਚਿੱਟੇ ਰੰਗਾਂ ਦੇ ਭੂਰੇ ਰੱਖਣੇ। ਸਿਖੀ ਨਿਬਾਹੁਣੀ ਬੜੀ ਔਖੀ ਹੈ। ਇਸ ਇਲਾਕੇ ਵਿਚ ਪਾਣੀ ਸੌ ਹੱਥ 'ਤੇ ਲੱਭਦਾ ਸੀ। ਅੰਬੋ ਜੀ (ਸਤਿਗੁਰੂ ਜਗਜੀਤ ਸਿੰਘ ਦੇ ਨਾਨੀ ਜੀ) ਛੋਟੇ ਜਿਹੇ ਕੱਦ ਦੇ ਸਨ ਅਤੇ ਉਹਨਾਂ ਮੈਨੂੰ ਦੱਸਿਆ ਸੀ ਕਿ ਜਦੋਂ ਸਾਡੇ ਵਾਢੀ ਗਹਾਈ ਆਦਿ ਖੇਤੀ ਦੇ ਕੰਮਾਂ ਦਾ ਜ਼ੋਰ ਹੁੰਦਾ

ਤਾਂ ਅਸੀਂ ਇਕ ਸਰੀਰ ਨਾਲ ਲੈ ਕੇ ਚਹੁੰਆਂ ਕੋਹਾਂ ਤੋਂ ਜਾ ਕੇ ਜਲ ਲੈ ਆਉਂਦੇ ਸਾਂ ਗੱਡਾ ਭਰਕੇ। ਸਤਿਗੁਰੂ ਜੀ ਦਾ ਬਚਨ ਮੰਨਣ ਕਰਕੇ ਸਰੀਰ ਵਿਚ ਬਰਕਤ ਸੀ। ਇਹ ਦੋਵੇਂ ਭਰਾ ਵੀਹਾਂ ਮੁਰੱਬਿਆਂ ਦੇ ਮਾਲਕ ਸਨ। ਇਹਨਾਂ ਦੇ ਘਰ ਛੇ-ਛੇ ਘੋੜੇ ਹੁੰਦੇ। ਵੀਹ ਵੀਹ ਗਾਈ ਮੱਝੀਂ ਖਲੋਤੀਆਂ ਰਹਿੰਦੀਆਂ। ਸੁੰਦਰ ਸਿੰਘ ਬੰਬੂ ਨੂੰ ਜੇ ਕਿਤੇ ਰੇਸ਼ਾ ਹੋ ਜਾਏ ਤਾਂ ਉਹ ਇਸ ਘਰੋਂ ਹੀ ਹਟਦਾ ਸੀ। ਕਿਉਂਕਿ ਚਾਟੀ ਦਹੀਂ ਦੀ ਵਿਚ ਦੋ ਤਿੰਨ ਸੇਰ ਸ਼ੱਕਰ ਪਾ ਕੇ ਪੀਣ ਬਿਨਾਂ ਉਹਦਾ ਜ਼ੁਕਾਮ ਕਦੇ ਠੀਕ ਨਹੀਂ ਸੀ ਹੁੰਦਾ। ਹੋਰ ਵੀ ਚਾਰ ਚਾਰ ਪੰਜ ਪੰਜ ਬਿਹੰਗਮ ਸਿੰਘਾਂ ਦਾ ਡੇਰਾ ਇੱਥੇ ਲੱਗਾ ਰਹਿੰਦਾ। ਜਿੰਨੇ ਦੌਰੇ ਮੈਂ ਸਤਿਗੁਰੂ ਜੀ ਨਾਲ ਇੱਥੇ ਗਿਆ ਸਾਂ, ਸਾਧ ਸੰਗਤ ਨੂੰ ਲੰਗਰ ਜਲੇਬਾਂ ਦਾ ਜਾਂ ਮਾਹਲ ਪੂੜ੍ਹਿਆਂ ਦਾ ਵਰਤਦਾ ਰਿਹਾ ਸੀ।

ਸਤਿਗੁਰਾਂ ਨੂੰ ਸੁੰਦਰ ਸਿੰਘ ਜੀ ਨੇ ਆਪਣੀ ਸਪੁੱਤਰੀ ਬੀਬੀ ਭੂਪਿੰਦਰ ਕੌਰ ਦੇ ਰਿਸ਼ਤੇ ਬਾਬਤ ਹਾਂ ਕਰ ਦਿਤੀ ਸੀ। ਤਾਇਆ ਸੱਦਾ ਸਿੰਘ ਇਸੇ ਸਾਕ ਦੀ ਰਿਆਸਤ ਬਹਾਵਲਪੁਰ ਦੇ ਪਿੰਡ ਨੀਲਿਆਂ ਵਾਲੀ ਦੇ ਜੈਲਦਾਰ ਗੁਰਮੁਖ ਸਿੰਘ ਦੇ ਪੁੱਤਰ ਨੂੰ ਹਾਂ ਕਰ ਆਏ ਸਨ। ਸਰਦਾਰ ਸੁੰਦਰ ਸਿੰਘ ਜੀ ਵਿਆਹ ਹੋਣ ਤੋਂ ਦੋ ਮਹੀਨੇ ਪਹਿਲਾਂ ਸਰੀਰ ਤਿਆਗ ਗਏ ਸਨ। ਮਾਤਾ ਜਿਊਣ ਕੌਰ ਜੀ ਨੇ ਡੇਰੇ ਭੈਣੀ ਸਾਹਿਬ ਤੋਂ ਹਰਨਾਮ ਸਿੰਘ ਨਥਾਣੀਏਂ ਨੂੰ ਭੇਜਿਆ ਕਿ ਤੂੰ ਜਾ ਕੇ ਵਿਆਹ ਦੀ ਤਾਰੀਖ ਮਿਥ ਆ। ਜਦ ਹਰਨਾਮ ਸਿੰਘ ਹੋਰਾਂ ਜਾ ਕੇ ਅੰਬੋ ਜੀ ਨੂੰ ਮਾਤਾ ਜੀ ਦਾ ਸੁਨੇਹਾ ਦਿਤਾ ਤਾਂ ਉਹਨਾਂ ਕਿਹਾ ਕਿ ਚੰਗੀ ਗੱਲ ਹੈ, ਮੈਂ ਬੱਚਿਆਂ ਨਾਲ ਸਲਾਹ ਕਰ ਲਵਾਂ। ਅੰਬੋ ਜੀ ਨੇ ਮੀਹਾਂ ਸਿੰਘ, ਕਿਰਪਾਲ ਸਿੰਘ, ਨਾਹਰ ਸਿੰਘ ਆਪਣੇ ਤਿੰਨਾਂ ਪੁੱਤਰਾਂ ਨਾਲ ਸਲਾਹ ਮਸ਼ਵਰਾ ਕੀਤਾ। ਲੜਕਿਆਂ ਨੇ ਕਿਹਾ ਕਿ ਅੱਗੇ ਤਾਂ ਪਿਤਾ ਜੀ ਸਿਰ 'ਤੇ ਹੁੰਦੇ ਸਨ ਹੁਣ ਉਹ ਨਹੀਂ ਰਹੇ ਤਾਂ ਤਾਇਆ ਜੀ ਨੂੰ ਸੱਦ ਕੇ ਪੁੱਛ ਲੈਂਦੇ ਹਾਂ। ਜਦੋਂ ਤਾਇਆ ਸੱਦਾ ਸਿੰਘ ਨੂੰ ਪੁੱਛਿਆ ਉਸ ਨੰਨਾ ਫੜ ਲਿਆ ਅਖੇ ਮੈਂ ਨਹੀਂ ਹਰਗਿਜ਼ ਏਥੇ ਰਿਸ਼ਤਾ ਹੋਣ ਦੇਣਾ। ਮੈਂ ਤਾਂ ਜ਼ੈਲਦਾਰ ਦੇ, ਪੁੱਤਰ ਵਲ ਕੁੜੀ ਆਪਣੇ ਵੱਲੋਂ ਮੰਗ ਆਇਆ ਹਾਂ। ਅੰਬੋ ਜੀ ਨੇ ਕਿਹਾ ਕਿ ਮੇਰੇ ਮਾਲਕ ਦਾ ਬਚਨ ਝੂਠਾ ਹੁੰਦਾ ਹੈ ਜਿਹੜਾ ਤੁਹਾਡੇ ਤੋਂ ਪਹਿਲਾਂ ਹਾਂ ਕਰ ਆਇਆ ਸੀ। ਜਿਹੜੀ ਇਸਤਰੀ ਪਤੀ ਦਾ ਬਚਨ ਨਾ ਮੰਨੇ, ਉਹ ਵਿਭਚਾਰਨ ਹੁੰਦੀ ਹੈ। ਜਿਹੜਾ ਪੁੱਤਰ ਪਿਓ ਦਾ ਬਚਨ ਨਾ ਮੰਨੇ, ਉਹ ਕਪੁੱਤਰ ਹੁੰਦਾ ਹੈ। ਸਾਨੂੰ ਤੁਹਾਡੇ ਤੇ ਬੜਾ ਮਾਣ ਸੀ ਕਿ ਤੁਸੀਂ ਸਰਦਾਰ ਹੋਰਾਂ ਤੋਂ ਬਾਅਦ ਸਾਡੇ ਸਿਰ 'ਤੇ ਹੱਥ ਰੱਖੋਗੇ ਪਰ ਤੁਸੀਂ ਤਾਂ ਹੁਣੇ ਹੀ ਅੱਖਾਂ ਫੇਰ ਗਏ ਹੋ। ਕੀ ਮਾਣ ਕਰੀਏ ਅਸੀਂ ਤੁਹਾਡੇ ਤੇ। ਪਰ ਮੈਂ ਵੀ ਆਪਣੇ ਸੁਰਗਵਾਸੀ ਪਤੀ ਦਾ ਹੁਕਮ ਨਹੀਂ ਹਰਗਿਜ਼ ਮੋੜਨ ਦੇਣਾ। ਸੱਦਾ ਸਿੰਘ ਫਿਰ ਪਟਿਆਲੇ ਦੇ ਰਾਜੇ ਵਾਂਗੂੰ ਆਕੜ ਵਿਖਾਉਣ ਲੱਗ ਪਿਆ ਕਿਉਂਜੁ ਇਹ

ਮੀਹਾਂ ਸਿੰਘ ਹੋਰੀਂ ਤਿੰਨੇ ਭਾਈ ਅਜੇ ਛੋਟੇ ਬੱਚੇ ਸਨ। ਮੁਕਤਸਰ, ਫੀਰੋਜ਼ਪੁਰ ਇਲਾਕੇ ਦੇ ਸਭ ਨਾਮਧਾਰੀ ਸਿੰਘ ਆ ਆ ਕੇ ਸਰਦਾਰ ਸੱਦਾ ਸਿੰਘ ਨੂੰ ਸਮਝਾਉਣ ਲੱਗ ਪਏ ਕਿ ਆਪਣੇ ਭਾਈ ਦਾ ਬਚਨ ਪਾਲਣ ਵਿਚ ਰੁਕਾਵਟ ਨਾ ਪਾ। ਸਰਦਾਰ ਨਾ ਸਮਝਿਆ, ਆਕੜ ਗਿਆ ਮਾਂਹ ਦੇ ਆਟੇ ਜਿਉਂ। ਸਭ ਸਾਧ ਸੰਗਤ ਅਤੇ ਸਾਕ ਨਾਤੇ ਨੂੰ ਜੁਆਬ ਦੇ ਦਿਤਾ। ਆਖਣ ਲੱਗਾ ਜਿਹੜਾ ਇੱਥੇ ਵਿਆਹੁਣ ਆਏਗਾ ਮੇਰੀ ਭਤੀਜੀ ਨੂੰ ਤੇ ਉਹਦੇ ਨਾਲ ਹੋਰ ਜਿਹੜਾ ਵੀ ਕੂਕਾ ਆਏਗਾ ਸਭ ਦੇ ਸਿਰ ਵੱਢ ਦਿਆਂਗਾ। ਹੈਗੇ ਤਾਂ ਇਹ ਤਿੰਨੇ ਭਰਾ ਵੀ ਉਮਰੋਂ ਬਹੁਤ ਛੋਟੇ ਸਨ, ਪਰ ਇਹਨਾਂ ਨੂੰ ਇਸ ਗੱਲ ਦਾ ਬੜਾ ਗੁੱਸਾ ਲੱਗਾ। ਜਿੰਨੀ ਮਾਲਵੇ ਦੀ ਸੰਗਤ ਅਤੇ ਸਾਕ ਨਾਤਾ ਸੀ, ਸਭ ਨੂੰ ਬਹੁਤ ਗੁੱਸਾ ਲੱਗਾ। ਇਹਨਾਂ ਕਿਹਾ ਕਿ ਚੰਗਾ ਸ. ਸੱਦਾ ਸਿੰਹਾਂ ਤੂੰ ਵੀ ਆਪਣਾ ਜ਼ੋਰ ਲਾ ਲੈ, ਕਸਰ ਨ ਛੱਡੀਂ ਅਤੇ ਸਾਥੋਂ ਵੀ ਜੋ ਸਰਿਆ ਬਣਿਆ ਕਰਾਂਗੇ। ਸਤਿਗੁਰੂ ਜੀ ਦਾ ਅਨੰਦ ਕਾਰਜ ਇੱਥੇ ਜ਼ਰੂਰ ਹੋਏਗਾ। ਓਧਰ ਸੱਦਾ ਸਿੰਘ ਨੇ ਵੀ ਆਪਣੇ ਸੱਜਣ ਮਿਤਰ ਇਕੱਠੇ ਕਰ ਲਏ ਅਤੇ ਇਕ ਤਕੜੇ ਆਦਮੀ ਦੀ ਯਾਰੀ ਦਾ ਵਾਸਤਾ ਪਾ ਕੇ ਆਖਣ ਲੱਗਾ ਕਿ ਆਪਾਂ ਇਹ ਕੰਮ ਬਿਲਕੁਲ ਨਹੀਂ ਹੋਣ ਦੇਣਾ।

ਤਿੰਨਾਂ ਭਰਾਵਾਂ ਨਾਲ ਰਾਇ ਕਰਕੇ ਅਤੇ ਇਲਾਕੇ ਦੀ ਸੰਗਤ ਨੂੰ ਭਰੋਸੇ ਵਿਚ ਲੈ ਕੇ, ਅੰਬੋ ਜੀ ਨੇ ਦਿਨ ਅਨੰਦ ਕਾਰਜ ਦਾ ਮਿਥ ਕੇ, ਹਰਨਾਮ ਸਿੰਘ ਨੂੰ ਭੈਣੀ ਸਾਹਿਬ ਭੇਜ ਦਿਤਾ ਚਿੱਠੀ ਦੇ ਕੇ ਕਿ ਸਤਿਗੁਰੂ ਜੀ ਅਮਕੀ (ਅਨੰਦ ਕਾਰਜ 13 ਪੋਹ ਨੂੰ ਹੋਇਆ। ਸਤਿਗੁਰੂ ਜੀ ਸੰਗਤ ਸਮੇਤ 12 ਪੋਹ ਨੂੰ ਬਾਅਦ ਦੁਪਹਿਰ ਪੁੱਜ ਗਏ ਸਨ ਗੁਰੂ ਸਰ।) ਤਾਰੀਖ ਪੋਹ ਦੀ ਨੂੰ ਦਰਸ਼ਨ ਦੇਣ। ਨਥਾਣੀਏ ਤੋਂ ਚਿਠੀ ਲੈ ਕੇ ਮਾਤਾ ਜਿਊਣ ਕੌਰ ਜੀ ਨੇ ਪੜ੍ਹੀ, ਹਾਲ ਮਾਲੂਮ ਕੀਤਾ। ਸਤਿਗੁਰੂ ਜੀ ਅਤੇ ਛੋਟੇ ਦੋਹਾਂ ਭਰਾਵਾਂ ਨੂੰ ਸੱਦ ਕੇ ਸਾਰੀ ਵਾਰਤਾ ਦੱਸੀ। ਮਿੱਥੇ ਦਿਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਸਤਿਗੁਰੂ ਜੀ ਦੇ ਹੁਕਮ ਤੇ ਮਾਈ ਜੀ ਵਲੋਂ ਸਾਧ ਸੰਗਤ ਸਾਰੇ ਇਲਾਕਿਆਂ ਦੀ ਨੂੰ, ਦਰਸ਼ਨ ਦੇਣ ਵਾਸਤੇ ਬੇਨਤੀਆਂ ਭੇਜ ਦਿਤੀਆਂ ਗਈਆਂ। ਪੰਥ ਪਤੀ ਦੇ ਆਨੰਦ ਦੀ ਖ਼ੁਸ਼ੀ ਦੇ ਚਾਅ ਵਿਚ ਅਤੇ ਕੁਝ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਤਕਰੀਬਨ ਸਾਰਾ ਨਾਮਧਾਰੀ ਪੰਥ ਹੀ ਗੁਰੂ ਸਰ ਵੱਲ ਢੁੱਕ ਪਿਆ।

ਭਾਨ ਸਿੰਘ ਕੁੱਝਰਾਂ ਵਾਲਾ, ਸੰਤ ਜਿਊਣ ਸਿੰਘ ਅੰਮ੍ਰਿਤਸਰ, ਗਿਆਨ ਸਿੰਘ ਵਰਨਾ ਦਾ ਅਤੇ ਭਾਈ ਖ਼ਜ਼ਾਨ ਸਿੰਘ ਨਾਈ ਇਹ ਚਾਰੇ ਲਾਂਗਰੀਆਂ ਦੇ ਜਥੇਦਾਰ ਹੋਰਨਾਂ ਸਰੀਰਾਂ ਸਮੇਤ, ਸਾਰਾ ਲੰਗਰ ਪਾਣੀ ਦਾ ਪ੍ਰਬੰਧ ਕਰਨ ਲਈ ਅਗਦੀਂ ਹੀ ਗੁਰੂ ਸਰ ਪੁੱਜ ਗਏ। ਬਾਬਾ ਜਵੰਦ ਸਿੰਘ 'ਜਿੰਦਾ ਸ਼ਹੀਦ' ਖ਼ਿਆਲਾ

ਅਤੇ ਮੱਲ ਸਿੰਘ ਠੇਠਰ ਕੇ ਵੀ ਹਾਲਾਤ ਤੇ ਤਾੜਵੀਂ ਨਿਗ੍ਹਾ ਰੱਖਣ ਲਈ, ਸੂਰਬੀਰਾਂ ਸਮੇਤ ਪਹਿਲੋਂ ਹੀ ਚਲੇ ਗਏ। ਸੰਤ ਕਰਮ ਸਿੰਘ ਜੀ ਹਿੰਮਤਪੁਰਾ ਨੇ ਮਾਲਵੇ ਵਿਚੋਂ ਚਾਰ ਸੌ ਸਿੰਘਾਂ ਦਾ ਜਥਾ ਲੈ ਕੇ ਹਰ ਤਰ੍ਹਾਂ ਦੇ ਇੰਤਜ਼ਾਮ ਵਾਸਤੇ ਅੱਗਲਵਾਂਢੀ ਜੰਞ ਨੂੰ ਮਿਲਣ ਲਈ, ਗੁਰੂ ਸਰ ਜਾ ਡੇਰੇ ਲਾਏ।

ਓਧਰ ਜੰਞ ਦੀ ਤਿਆਰੀ ਸ਼ੁਰੂ ਹੋ ਗਈ। ਜਿਤਨੀ ਸੰਗਤ ਭੈਣੀ ਸਾਹਿਬੋਂ ਮਹਾਰਾਜ ਨਿਹਾਲ ਸਿੰਘ ਜੀ ਦੇ ਵਿਆਹ ਤੇ ਲਾਹੌਰ ਗਈ ਸੀ, ਜਿਹੜੇ ਰਾਗੀ, ਪ੍ਰਚਾਰਕ, ਸ਼ਬਦੀ ਤੇ ਹੋਰ ਜਥੇ ਸਨ, ਉਹ ਸਾਰੇ ਹੀ ਤੇ ਉਹਨਾਂ ਤੋਂ ਕਾਫੀ ਜਣੇ ਹੋਰ ਵੀ ਵਧੀਕ ਅਤੇ ਇਉਂ ਭਾਰੀ ਧੂਮ ਧਾਮ ਨਾਲ ਗੁਰੂ ਹਰੀ ਸਿੰਘ ਜੀ ਅਤੇ ਮਾਈ ਜਿਊਣ ਕੌਰ ਦੇ ਵੱਡੇ ਸਪੁੱਤਰ ਅਤੇ ਪਹਿਰੇ ਦੇ ਮਾਲਕ ਦੀ ਜੰਞ, ਸ੍ਰੀ ਭੈਣੀ ਸਾਹਿਬ ਤੋਂ ਚੜ੍ਹੀ। ਲੌਢੇ ਪਹਿਰ ਪਹਿਲਾਂ ਵਾਲੀਆਂ ਸੁਆਰੀਆਂ ਦੁਆਰਾ ਹੀ ਸੰਗਤਾਂ ਲੁਧਿਆਣੇ ਦੇ ਰੇਲਵੇ ਸਟੇਸ਼ਨ ’ਤੇ ਪੁੱਜ ਗਈਆਂ। ਹਰ ਇਕ ਸਟੇਸ਼ਨ ਤੋਂ ਸੰਗਤਾਂ ਹੋਰ ਰਲਦੀਆਂ ਗਈਆਂ ਅਤੇ ਬਠਿੰਡੇ ਜੰਕਸ਼ਨ ਜਾ ਪੁੱਜੇ। ਇਥੇ ਜੰਕਸ਼ਨ ’ਤੇ ਹੀ ਜਿੱਥੇ ਸੱਤ ਗੱਡੀ ਦੀਆਂ ਲਾਇਨਾਂ ਪੈਂਦੀਆਂ ਸਨ, ਮਾਝੇ, ਪੋਠੋਹਾਰ, ਰਿਆੜਕੀ, ਦੜਪ, ਮਾਲਵੇ, ਦੁਆਬੇ, ਮੈਨ ਦੁਆਬ, ਬਾਰ ਆਦਿ ਸਭ ਇਲਾਕਿਆਂ ਦੀਆਂ ਸੰਗਤਾਂ ਸਤਿਗੁਰੂ ਜੀ ਦੇ ਚਰਨ ਕੰਵਲ ਸਪਰਸ਼ ਕਰਕੇ ਅਤੀ ਪ੍ਰਸੰਨ ਹੋਈਆਂ। ਜਿਵੇਂ ਸ੍ਰੀ ਰਾਮ ਚੰਦਰ, ਲਛਮਣ ਅਤੇ ਭਰਤ ਦੇਵਤਿਆਂ ਵਿਚ ਸੁਭਾਇਮਾਨ ਹੁੰਦੇ ਹਨ ਤਿਵੇਂ ਹੀ ਸਤਿਗੁਰੂ ਜੀ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਸੰਗਤ ਵਿਚ ਸੁਭਾਇਮਾਨ ਹੋ ਰਹੇ ਸਨ। ਸਤਿਗੁਰੂ ਜੀ ਦੇ ਨਾਨਕੇ ਵੀ ਏਧਰ ਸਨ। ਸੋ ਸਿਰਸਾ ਵਾਲੀ ਗੱਡੀ ਤੇ ਸ. ਦਿਆਲ ਸਿੰਘ ਵੀ ਆਪਣੇ ਅੰਗਾਂ ਸਾਕਾਂ ਅਤੇ ਹੋਰ ਸੰਗਤ ਨੂੰ ਲੈ ਕੇ ਬਠਿੰਡੇ ਪੁੱਜ ਗਏ ਸਨ। ਓਧਰੋਂ ਗੋਧਾ ਸਿੰਘ ਅਤੇ ਵਰਿਆਮ ਸਿੰਘ ਹੋਰੀਂ ਵੀ ਅਬਲੂ ਤੋਂ ਪੁੱਜ ਗਏ। ਗੋਧਾ ਸਿੰਘ ਜੀ ਐਨੇ ਉੱਚੇ ਸਨ ਕਿ ਗੱਡੀ ਦੇ ਡੱਬੇ ਵਿਚ ਵੀ ਸਿੱਧੇ ਨਹੀਂ ਖਲੋ ਸਕਦੇ ਸਨ।

ਸਾਰੀ ਸੰਗਤ ਨੂੰ ਬਠਿੰਡੇ ਜੰਕਸ਼ਨ ’ਤੇ ਹੀ ਸ਼ਰਦਾਈ ਪਾਣੀ ਛਕਾਇਆ ਗਿਆ। ਇਥੋਂ ਇਕ ਸਪੈਸ਼ਲ ਗੱਡੀ ਕੀਤੀ ਗਈ ਅਤੇ ਸਾਰੀ ਸੰਗਤ ਉਸ ਵਿਚ ਸੁਆਰ ਹੋ ਗਈ। ਜਦੋਂ ਇਹ ਲੋਕ ਸੰਗਤ ਅਤੇ ਸਤਿਗੁਰੂ ਜੀ ਦਾ ਦਰਸ਼ਨ ਕਰਦੇ ਹਨ, ਸਿੱਧੀਆਂ ਪੱਗਾਂ, ਖੱਦਰ ਦੇ ਚਿੱਟੇ ਬਸਤਰ, ਹੱਥਾਂ ਵਿਚ ਗੜਵੇ, ਗੁਟਕੇ ਗਾਤਰਿਆਂ ਵਿਚ ਤਾਂ ਕੋਈ ਕਹਿੰਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਦੇ ਨਾਲ ਇਤਨੀ ਸੈਨਾ ਸੀ। ਕੋਈ ਕਹਿੰਦਾ ਹੈ ਕਿ ਕ੍ਰਿਸ਼ਨ ਜੀ ਦੇ ਨਾਲ ਵੀ ਇਤਨੀ ਹੀ ਸੈਨਾ ਸੀ। ਹਰ ਕੋਈ ਵੇਖ ਕੇ ਹੈਰਾਨ ਪ੍ਰੇਸ਼ਾਨ ਹੋਈ ਜਾਂਦਾ ਹੈ। ਗੱਡੀ ਚੱਲ ਪਈ। ਇਹ ਰੇਲਵੇ ਲਾਇਨ ਬਹਾਵਲਪੁਰ ਨੂੰ ਜਾਂਦੀ ਸੀ। ਪੱਕੀ ਦੇ ਸਟੇਸ਼ਨ ’ਤੇ ਜਾ ਉਤਰੇ। ਇੱਥੋਂ

ਅੱਗੇ ਰਥ, ਘੋੜੇ, ਊਠ, ਗੱਡੇ, ਸਵਾਰੀ ਵਾਸਤੇ ਆਏ ਹੋਏ ਸਨ। ਨੌਜਵਾਨ ਸਿੰਘ ਪੈਦਲ ਤੁਰ ਪਏ। ਦੂਜੀ ਸੰਗਤ ਸੁਆਰੀਆਂ ਤੇ ਸੁਆਰ ਹੋ ਗਈ। ਸਤਿਗੁਰੂ ਜੀ ਦੋਵੇਂ ਮਹਾਰਾਜ ਅਤੇ ਸ. ਦਿਆਲ ਸਿੰਘ ਥਰਾਜੀਆ ਘੋੜਿਆਂ ਤੇ ਸਵਾਰ ਹੋ ਗਏ। ਗੁਰੂ ਸਰ ਸੰਗਤ ਕੀਰਤਨ ਕਰਦੀ ਹੋਈ ਪਹੁੰਚ ਗਈ। ਸੰਗਤਾਂ ਨੇ ਡੇਰੇ ਲਾ ਦਿਤੇ। ਸਤਿਗੁਰੂ ਜੀ ਨੇ ਜਥੇਦਾਰਾਂ ਨੂੰ ਸੱਦ ਕੇ ਪੁੱਛਿਆ ਕਿ ਇੰਤਜ਼ਾਮ ਦੀ ਸੁਣਾਓ? ਜਵੰਦ ਸਿੰਘ ਹੋਰਾਂ ਅਰਜ਼ ਕੀਤੀ ਕਿ ਜਦੋਂ ਅਸੀਂ ਏਥੇ ਆਏ ਸਾਂ ਤਾਂ ਖਿਆਲੀਆ ਆਤਮਾ ਸਿੰਘ ਪਿੰਡ ਵਿਚ ਗਿਆ ਗੇੜਾ ਮਾਰਨ, ਵਾਅ ਭਾਅ ਲੈਣ ਵਾਸਤੇ। ਉਸ ਵੇਲੇ ਸੱਦਾ ਸਿੰਘ ਦੇ ਘਰ ਵਾਲੀ ਅੰਬੋ ਜੀ ਨੂੰ ਗਾਲ੍ਹਾਂ ਕੱਢ ਰਹੀ ਸੀ। ਆਤਮਾ ਸਿੰਘ ਸਹਿ ਨਾ ਸਕਿਆ ਅਤੇ ਉਹ ਉਸਨੂੰ ਭੱਜ ਕੇ ਪਿਆ ਕਿ ਖ਼ਬਰਦਾਰ ਜੇ ਹੁਣ ਉਹਨਾਂ ਨੂੰ ਗਾਲ੍ਹ ਕੱਢੀ ਤਾਂ ਮੈਂ ਤੇਰੀ ਜਾਨ ਕੱਢ ਦਿਆਂਗਾ। ਉਸ ਨੇ ਘਰ ਆ ਕੇ ਸੱਦਾ ਸਿੰਘ ਨੂੰ ਦੱਸਿਆ ਕਿ ਇਕ ਕੂਕੇ ਸਿਖ ਨੇ ਮੈਨੂੰ ਆਹ ਲਫ਼ਜ਼ ਬੋਲੇ ਹਨ। ਸੱਦਾ ਸਿੰਘ ਨੇ ਆਪਣਾ ਇਕ ਬੰਦਾ ਭੇਜਿਆ ਕਿ ਜਾਹ ਵੇਖ ਕੇ ਆ ਕਿ ਕਿਹੜੇ ਕਿਹੜੇ ਕੂਕੇ ਆਏ ਹਨ। ਉਸ ਆ ਕੇ ਦੱਸਿਆ ਕਿ ਜਵੰਦ ਸਿੰਘ ਖਿਆਲੀਆ, ਮੱਲ ਸਿੰਘ ਠੇਠਰ ਕੇ, ਕਰਮ ਸਿੰਘ ਹਿੰਮਤਪੁਰੀਆ, ਵਗੈਰਾ ਆਪੋ ਆਪਣੇ ਜਥੇ ਲੈ ਕੇ ਮਾਝੇ ਅਤੇ ਮਾਲਵੇ ਦੇ ਕਹਿੰਦੇ ਕਹਾਉਂਦੇ ਕੂਕਿਆਂ ਸਮੇਤ ਪੁੱਜੇ ਹੋਏ ਹਨ। ਸੱਦਾ ਸਿੰਘ ਤਾਂ ਉਦੋਂ ਹੀ ਗੱਡੇ ਜੁਆ ਕੇ ਮਾਲ ਅਸਬਾਬ ਲੱਦ ਕੇ ਲਾਂਭਦੇ ਪਿੰਡ ਜਾ ਰਿਹਾ। ਫਿਰ ਸਤਿਗੁਰੂ ਜੀ ਨੇ ਲਾਂਗਰੀਆਂ ਦੇ ਚਹੁੰਆਂ ਜਥੇਦਾਰਾਂ ਨੂੰ ਸੱਦ ਕੇ ਪੁੱਛਿਆ ਕਿ ਪ੍ਰਸ਼ਾਦ ਪਾਣੀ ਦੀ ਸੁਣਾਓ ਬਈ। ਉਹਨਾਂ ਬੇਨਤੀ ਕੀਤੀ ਕਿ ਬਿਅੰਤ ਲੰਗਰ ਪੱਕ ਚੁੱਕਾ ਹੈ। ਸੰਗਤਾਂ ਪੰਗਤਾਂ ਲਾਉਣ ਅਤੇ ਛਕਣ।

ਪ੍ਰਸ਼ਾਦ ਪਾਣੀ ਛਕਣ ਉਪਰੰਤ ਰਾਗੀਆਂ ਸਿੰਘਾਂ ਦਾ ਦੀਵਾਨ ਲੱਗ ਗਿਆ। ਸਤਿਗੁਰੂ ਜੀ ਸੰਗਤਾਂ ਵਿਚ ਸੁਭਾਇਮਾਨ ਹੋਏ। ਨਾਮ ਬਾਣੀ ਦੀ ਖ਼ੂਬ ਵਰਖਾ ਹੋਈ। ਭੋਗ ਦੀਵਾਨ ਦੇ ਬਾਦ ਇੰਤਜ਼ਾਮੀ ਸਿੰਘਾਂ ਨੂੰ ਸਵੇਰ ਦੇ ਦੀਵਾਨ ਦਾ ਇੰਤਜ਼ਾਮ ਸੰਭਾਲਿਆ ਗਿਆ। ਤੜਕੇ ਉੱਠ ਕੇ ਆਸਾ ਦੀ ਵਾਰ ਲੱਗ ਗਈ। ਦਿਨ ਦੇ ਚੜ੍ਹਾਅ ਨਾਲ ਹਵਨ ਹੋ ਗਿਆ ਅਤੇ ਵੇਦੀ ਗੱਡੀ ਗਈ। ਸਤਿਗੁਰੂ ਜੀ ਆਸਣ 'ਤੇ ਬੈਠ ਗਏ। ਮਾਤਾ ਭੂਪਿੰਦਰ ਕੌਰ ਜੀ ਵੀ ਮੱਥਾ ਟੇਕ ਕੇ ਆਸਣ ਤੇ ਬੈਠ ਗਏ। ਬਾਬਾ ਵੀਰ ਸਿੰਘ ਭੋਮੇ ਵਡਾਲੀਏ ਗੁਰਦਾਸਪੁਰ ਜ਼ਿਲ੍ਹੇ ਦੀ ਉਗਰਾਹੀ ਕਰ ਰਹੇ ਸਨ। ਉਹ ਵੀ ਉਗਰਾਹੀ ਛੱਡ ਕੇ ਵਿਚੇ ਰਾਤ ਦੀ ਗੱਡੀ ਤੇ ਉਤਰੇ ਸਨ ਅਤੇ ਇਥੇ ਪੁਜ ਗਏ ਸਨ। ਬਾਬਾ ਜੀ ਨੇ ਹੀ ਸਤਿਗੁਰੂ ਜੀ ਅਤੇ ਮਾਤਾ ਜੀ ਨੂੰ ਅੰਮ੍ਰਿਤ ਛਕਾਇਆ। ਉਸ ਵੇਲੇ ਦੀ ਸ਼ੋਭਾ ਦਾ ਕੋਈ ਵਰਣਨ ਨਹੀਂ ਹੋ ਸਕਦਾ। ਆਲੇ ਦੁਆਲੇ ਦੇ ਲੋਕ ਧੰਨ ਧੰਨ ਕਰ ਰਹੇ ਹਨ। ਲਾਵਾਂ ਪੜ੍ਹੀਆਂ ਗਈਆਂ। ਫਿਰ

ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਸਿੰਘ ਬੀਰ ਰਸ ਵਿਚ ਸਨ। ਬਾਣੀ ਪੜ੍ਹਦੇ ਹਨ। ਭਜਨ ਕਰਦੇ ਹਨ। ਸਤਿਗੁਰਾਂ ਦੇ ਦਰਸ਼ਨ ਕਰਕੇ ਅਨੰਦ ਹੋ ਰਹੇ ਹਨ। ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਰਾਗੀ ਸਿੰਘ ਨੇ ਪਹਿਲਾਂ ਮੰਗਲਾਚਾਰ ਦੇ ਸ਼ਬਦ ਪੜ੍ਹੇ ਫਿਰ ਉਠ ਕੇ ਪਰਚਾਰ ਕੀਤਾ। 'ਸਤਿਗੁਰੂ ਜੀ ਵਿਸ਼ਨੂੰ ਭਗਵਾਨ ਦੀ ਨਿਆਈਂ ਹਨ ਅਤੇ ਮਾਤਾ ਭੂਪਿੰਦਰ ਕੌਰ ਜੀ ਲਛਮੀ ਦੀ ਨਿਆਈਂ ਹਨ।' ਅਰਦਾਸ ਤੋਂ ਬਾਦ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਪ੍ਰਸ਼ਾਦ ਪਾਣੀ ਛਕਣ ਬਾਦ ਸਭ ਸੰਗਤਾਂ ਸਟੇਸ਼ਨ ਤੇ ਪੁੱਜ ਗਈਆਂ। ਗੱਡੀ ਚੜ੍ਹ ਕੇ ਸੂਰਜ ਉਗਦੇ ਨੂੰ ਲੁਧਿਆਣੇ ਪੁੱਜ ਗਏ ਅਤੇ ਉਥੋਂ ਅੱਠ-ਨੌਂ ਵੱਜਦੇ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਗਏ। ਸਭ ਲੋਕ ਆ ਆ ਕੇ ਮਾਤਾ ਜੀ ਨੂੰ ਵਧਾਈਆਂ ਦਿੰਦੇ ਹਨ। ਗ਼ਰੀਬ ਗੁਰਬੇ ਨੂੰ ਮਨਭਾਉਂਦਾ ਦਾਨ ਦਿਤਾ ਗਿਆ ਅਤੇ ਅਗਲੇ ਦਿਨ ਸਭ ਸੰਗਤਾਂ ਆਪੋ ਆਪਣੇ ਇਲਾਕਿਆਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਵਿਦਾਅ ਹੋ ਗਈਆਂ।

### ਇਕ ਸਿਖ ਵਾਸਤੇ ਦੁਬਾਰਾ ਅਨੰਦ ਕਾਰਜ ਦਾ ਹੁਕਮ

ਇਕ ਵੇਰ ਸੰਤ ਲਾਲ ਸਿੰਘ ਭੂਰੇ ਗਿੱਲੀਏ ਨੇ ਆਪਣੇ ਕੇਸ ਕਤਲ ਕਰ ਦਿਤੇ ਸਨ। ਸਿੰਘਾਂ ਪੁੱਛਿਆ, "ਸੰਤ ਜੀ, ਕੇਸ ਕਿਉਂ ਕਤਲ ਕੀਤੇ।" ਸੰਤਾਂ ਆਖਿਆ, ਮੈਂ ਵੇਖਿਆ ਹੈ ਕਿ ਮੈਂ ਅਜੇ ਸਿੱਖ ਹੋਇਆ ਹਾਂ ਕਿ ਨਹੀਂ, ਕਿਉਂਕਿ ਤਾਰੂ ਸਿੰਘ ਹੋਰਾਂ ਦੇ ਕੇਸ ਕੈਂਚੀ ਨਾਲ ਨਹੀਂ ਸੀ ਕਤਰੇ ਗਏ। ਖੋਪੜੀ ਲਹਿ ਗਈ ਸੀ। ਇਸੇ ਤਰ੍ਹਾਂ ਮੇਰੇ ਪਿਤਾ ਜਿਊਣ ਸਿੰਘ ਝੱਬਰ ਨੇ ਆਪਣਾ ਦਾਹੜਾ ਅਗਨ ਭੇਟ ਕਰ ਦਿਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੁੱਛਿਆ ਕਿ ਜਿਊਣ ਸਿੰਹਾਂ! ਦਾੜ੍ਹਾ ਕਿਉਂ ਸਾੜਿਆ ਈ? ਉਸ ਜੁਆਬ ਦਿਤਾ ਕਿ ਜਿਸ ਦਿਨ ਤੋਂ ਗਰੀਬ ਨਿਵਾਜ ਨੇ ਅਵਤਾਰ ਧਾਰਿਆ ਏ, ਖੇਡਣ ਮੱਲ੍ਹਣ ਲੱਗੇ, ਫਿਰ ਗੱਭਰੂ ਹੋਏ ਅਸੀਂ ਬੜੀ ਰੀਝ ਨਾਲ ਵੇਖਦੇ ਰਹੇ ਕਿ ਛੇਤੀ ਛੇਤੀ ਜੁਆਨ ਹੋਣ ਤੇ ਉਹ ਭਾਗਾਂ ਵਾਲਾ ਦਿਨ ਆਵੇ ਜਦੋਂ ਅਸੀਂ ਆਪਣੇ ਪਾਤਸ਼ਾਹ ਦਾ ਅਨੰਦ ਕਾਰਜ ਵਾਲਾ ਦਿਨ ਵੇਖ ਸਕੀਏ। ਸਾਨੂੰ ਵੀ ਆਸ ਸੀ ਕਿ ਸਾਡੇ ਗੁਰੂ ਦਾ ਅਨੰਦ ਹੋਏਗਾ ਅਤੇ ਅਸੀਂ ਜੰਞ ਨਾਲ ਜਾਵਾਂਗੇ। ਇਸ ਕਰਕੇ ਦਾੜ੍ਹੀ ਸਾੜੀ ਏ ਪਈ ਸਾਡੀ ਦਾਹੜੀ ਚੰਗੀ ਨਹੀਂ ਸੀ, ਜਿਹਨਾਂ ਦੀਆਂ ਦਾੜ੍ਹੀਆਂ ਚੰਗੀਆਂ ਸਨ, ਉਹਨਾਂ ਨੂੰ ਜੰਞ ਨਾਲ ਲੈ ਗਏ ਹਨ। ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਗਰੀਬ ਸਿੱਖਾਂ ਨਾਲ ਹੱਸਣ ਖੇਡਣ ਵਾਲੇ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਿਊਣ ਸਿੰਘਾ! ਇਸ ਗੱਲੋਂ ਮੈਂ ਤੈਨੂੰ ਨਰਾਜ਼ ਨਹੀਂ ਹੋਣ ਦੇਣਾ। ਕਿਉਂਕਿ ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਅਨੰਦ ਸਮੇਂ ਮੇਰਾ ਅਖ਼ਤਿਆਰ ਸੀ ਸਾਰਾ ਪ੍ਰਬੰਧ ਕਰਨ ਦਾ ਅਤੇ ਹੁਣ ਮੇਰੇ ਅਨੰਦ ਸਮੇਂ ਇਹ ਸਾਰਾ ਪ੍ਰਬੰਧ ਮਹਾਰਾਜ ਨਿਹਾਲ ਸਿੰਘ ਹੋਰਾਂ ਕੀਤਾ ਸੀ ਕਿ ਕਿਹਨੂੰ ਨਾਲ ਖੜਨਾ ਹੈ ਤੇ

ਕਿਹਨੂੰ ਨਹੀਂ। ਪਰ ਤੂੰ ਤੇ ਛੱਡਣ ਵਾਲਾ ਨਹੀਂ ਸੈਂ। ਭੈਣੀ ਸਾਹਿਬ ਦਾ ਗੁਰੂ ਹਰੀ ਸਿੰਘ ਜੀ ਦੇ ਵੇਲੇ ਦਾ ਪੁਰਾਣਾ ਸਿੱਖ ਸੈਂ। ਖ਼ੈਰ ਕੋਈ ਗੱਲ ਨਹੀਂ। ਅਸੀਂ ਅਨੰਦ ਤੁਹਾਨੂੰ ਹੁਣੇ ਵਿਖਾ ਦਿੰਦੇ ਹਾਂ। ਹਰਨਾਮ ਸਿੰਘ ਨਥਾਣੀਏ ਨੂੰ ਹੁਕਮ ਕੀਤਾ ਕਿ ਵੇਦੀ ਗੱਡੋ। ਹਵਨ ਕਰੋ ਅਤੇ ਮੇਰੀ ਸਿੰਘਣੀ ਨੂੰ ਲੈ ਆਉ ਅਤੇ ਦੁਬਾਰਾ ਅਨੰਦ ਕਾਰਜ ਕਰੋ ਜਿਊਣ ਸਿੰਘ ਝੱਬਰ ਦੇ ਸਾਹਮਣੇ। ਆਪੇ ਅਨੰਦ ਵੇਖ ਲਵੇਗਾ। ਪਿਤਾ ਜੀ ਏਨੇ ਵਿਚ ਹੀ ਖ਼ੁਸ਼ ਹੋ ਗਏ ਅਤੇ ਆਖਣ ਲੱਗੇ ਕਿ ਬੱਸ ਬਈ ਬੱਸ ਮੈਂ ਅਨੰਦ ਵੇਖ ਲਿਆ ਹੈ। ਇਹ ਬਚਨ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਰਸਨਾ ਤੋਂ ਸੁਣਾਇਆ ਸੀ।

**ਵਲਟੋਹੇ (ਲਾਹੌਰ) ਦਾ ਹੋਲਾ 1971 ਬਿਕ੍ਰਮੀਃ**

ਅਨੰਦ ਕਾਰਜ ਤੋਂ ਬਾਦ ਫਿਰ ਸਤਿਗੁਰੂ ਜੀ ਨੇ ਦੌਰਾ ਤੋਰ ਦਿੱਤਾ। ਮੁਕਤਸਰ ਹਰ ਵਰ੍ਹੇ ਜਿਉਂ ਮਾਘੀ ਦਾ ਮੇਲਾ ਮਨਾਇਆ ਗਿਆ ਅਤੇ ਇੱਥੋਂ ਪੜਾਓ ਪੜਾਈ ਵਲਟੋਹੇ, ਜ਼ਿਲ੍ਹਾ ਲਹੌਰ ਦੇ ਪ੍ਰਸਿੱਧ ਪਿੰਡ ਵਿਚ ਪੁੱਜ ਗਏ। (ਅੱਜ ਕਲ੍ਹ ਜ਼ਿਲਾ ਅੰਮ੍ਰਿਤਸਰ ਹੈ, 1947 ਤੋਂ ਬਾਅਦ) ਇੱਥੇ ਐਤਕੀਂ ਸੰਗਤ ਨੇ ਹੋਲਾ ਮਹੱਲਾ ਮਨਾਉਣਾ ਸੀ। ਮੈਂ ਵੀ ਬਾਬਾ ਵੀਰ ਸਿੰਘ ਜੀ ਭੋਮਾ ਵਡਾਲਾ ਅਤੇ ਭਾਈ ਮੱਲ ਸਿੰਘ ਮਜ਼ਬੀ ਸਿੰਘ ਨਾਲ ਉਗਰਾਹੀ ਕਰਦਾ ਗੁਰੂ ਕੇ ਲੰਗਰ ਦੀ, ਵਲਟੋਹੇ ਪੁਜ ਗਿਆ। ਸਤਿਗੁਰੂ ਜੀ ਅਤੇ ਦੋਹਾਂ ਬੇਬੇ ਜੀ (ਮਾਤਾ ਭੂਪਿੰਦਰ ਕੌਰ ਅਤੇ ਬੇਬੇ ਸਤਵੰਤ ਕੌਰ) ਦੇ ਦਰਸ਼ਨ ਕੀਤੇ। ਇਹ ਹੋਲਾ ਹੇਠ ਲਿਖੇ ਸਿੰਘਾਂ ਨੇ ਕਰਵਾਇਆ ਸੀ।

1. ਭਾਈ ਜੈ ਸਿੰਘ (ਇਹ ਭਾਈ ਘਸੀਟਾ ਸਿੰਘ ਮਦਾਰ ਵਾਲੇ ਦਾ ਸਹੁਰਾ ਸੀ, ਬੀਬੀ ਅਮਰ ਕੌਰ ਦਾ ਪਿਤਾ)
2. ਇਹਨਾਂ ਦਾ ਭਰਾ ਸੁਰਜਨ ਸਿੰਘ
3. ਦੋਹਾਂ ਤੋਂ ਛੋਟਾ ਭਾਈ ਤੇਜਾ ਸਿੰਘ
4. ਮੱਲ ਸਿੰਘ
5. ਪੰਡਿਤ ਮੇਵਾ ਸਿੰਘ
6. ਗੰਗਾ ਸਿੰਘ, ਕਾਰੀਗਰ ਸਿੰਘ ਸੀ ਅਤੇ ਬਾਹਰੇ ਵਿਚ ਬੜਾ ਮੰਨਿਆ ਪ੍ਰਮੰਨਿਆ ਸੀ।
7. ਜਿਵੇਂ ਨਵਾਬੀ ਦਾ ਖ਼ਿਤਾਬ ਮਿਸਲਾਂ ਸਮੇਂ ਪੰਥ ਵਲੋਂ ਕਾਲੋਕਿਆਂ ਵਾਲੇ ਕਪੂਰ ਸਿੰਘ ਵਿਰਕ ਨੂੰ ਮਿਲਿਆ ਸੀ ਤਿਵੇਂ ਨਾਮਧਾਰੀ ਪੰਥ ਵਲੋਂ ਨਵਾਬੀ ਦਾ ਖ਼ਿਤਾਬ ਵਲਟੋਹੇ ਦੇ ਕਪੂਰ ਸਿੰਘ ਨੂੰ ਮਿਲਿਆ ਸੀ। ਇਹ ਵੀ ਹੋਲਾ ਕਰਾਉਣ ਵਾਲਿਆਂ ਵਿਚ ਸ਼ਾਮਲ ਸੀ।

ਇਹ ਪਿੰਡ ਵਲਟੋਹਾ ਉਹ ਹੈ, ਜਿਸ ਵਿਚ ਫ਼ਤਹਿ ਸਿੰਘ ਪਹਿਲਵਾਨ ਸਾਰੀ ਦੁਨੀਆਂ ਵਿਚ ਮਸ਼ਹੂਰ ਹੋਇਆ ਹੈ। ਇਹ ਫਤਹਿ ਸਿੰਘ ਘੁਲਣ ਵਿਚ, ਸੌਂਚੀ ਖੇਡਣ ਵਿਚ ਆਪਣਾ ਕੋਈ ਸਾਨੀ ਨਹੀਂ ਸੀ ਰੱਖਦਾ। ਫਤਹਿ ਸਿੰਘ ਭਲਵਾਨ ਪੱਕਾ ਨਾਮਧਾਰੀ ਸਿੰਘ ਸੀ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦਾ ਸਿੱਖ ਸੀ।

ਸਤਿਗੁਰੂ ਰਾਮ ਸਿੰਘ ਦੀ ਸੋਅ ਸੁਣਕੇ ਫਤਹਿ ਸਿੰਘ ਜਦੋਂ ਆਪਣੇ ਪਿੰਡ ਵਲਟੋਹੇ ਤੋਂ ਭੈਣੀ ਸਾਹਿਬ ਸਿਖ ਬਣਨ ਵਾਸਤੇ ਗਿਆ ਸੀ ਤਾਂ ਇਹ ਭੈਣੀ ਸਾਹਿਬ ਦੇ ਪਰਲੇ ਪਾਸੇ ਰਾਈਆਂ ਵੱਲ ਜਿਹੜੇ ਜੌੜੇ ਖੂਹ ਸਦਾਉਂਦੇ ਸਨ, ਉਥੇ ਬੈਠਾ ਸੀ। ਇਹਦੇ ਚਿਤ ਵਿਚ ਫੁਰਨਾ ਹੋਇਆ ਕਿ ਜੇ ਇਹ ਪੂਰਾ ਗੁਰੂ ਹੈ ਤਾਂ ਜਿਸ ਖੂਹ ਤੇ ਮੈਂ ਬੈਠਾ ਹਾਂ ਇਹ ਖੂਹ ਪਾਣੀ ਦੀ ਥਾਂ ਦੁੱਧ ਦਾ ਖੂਹ ਹੋ ਜਾਏ। ਸਤਿਗੁਰੂ ਤਾਂ ਇਹੋ ਜਿਹੇ ਸੁਆਲ ਝੱਟ ਪੂਰੇ ਕਰ ਦਿੰਦਾ ਹੈ। ਉਹਦੇ ਵਾਸਤੇ ਤਾਂ ਗੱਲ ਹੀ ਕੋਈ ਨਹੀਂ ਹੁੰਦੀ ਔਖੀ। ਖੂਹ ਦੁੱਧ ਦਾ ਹੋ ਗਿਆ। ਫਤਹਿ ਸਿੰਘ ਦਾ ਸ਼ੰਕਾ ਨਵਿਰਤ ਹੋ ਗਿਆ। ਉੱਠ ਕੇ ਸਤਿਗੁਰਾਂ ਦੀ ਚਰਨੀਂ ਜਾ ਲੱਗਾ ਕਿ ਨਾਮ ਦਾਨ ਦਿਉ। ਇਸੇ ਤਰ੍ਹਾਂ ਹੀ ਬਾਬੇ ਜਵਾਹਰ ਸਿੰਘ ਹੋਰਾਂ ਫੁਰਨਾ ਕੀਤਾ ਸੀ ਕਿ ਜੇ ਗੁਰੂ ਹੈ ਤਾਂ ਆਪ ਆ ਕੇ ਅੱਗਲ ਵਾਂਢੀ ਮਿਲੇ। ਉਹਨੂੰ ਵੀ ਸਤਿਗੁਰੂ ਜੀ ਆਪ ਬਾਹਰ ਹੀ ਭੈਣੀ ਸਾਹਿਬ ਤੋਂ ਮਿਲ ਪਏ ਸਨ। ਇਵੇਂ ਹੀ ਰਿਖੀ ਕੇਸ ਵਿਖੇ ਬਾਬਾ ਕਾਹਨ ਸਿੰਘ, ਦੁਆਬੇ ਵਾਲਾ, ਉਦਾਸੀਆਂ ਦੀ ਮੰਡਲੀ ਵਿਚ ਬੈਠਾ ਸੀ। ਇਹਨੂੰ ਆਵਾਜ਼ਾ ਹੋਇਆ ਕਿ ਆ ਤੈਨੂੰ ਭਜਨ ਦੇਈਏ। ਉੱਠ ਕੇ ਤੁਰ ਪਿਆ ਭੈਣੀ ਸਾਹਿਬ ਨੂੰ, ਮਜ਼ਲੋ ਮਜ਼ਲ ਸਮਰਾਲੇ ਪੁਜ ਗਿਆ। ਇੱਥੇ ਆ ਕੇ ਇਹਨਾਂ ਦੇ ਅੰਦਰ ਵੀ ਫੁਰਨਾ ਹੋ ਗਿਆ ਕਿ ਮੈਂ ਕਿਸੇ ਨੂੰ ਰਾਹ ਨਹੀਂ ਪੁੱਛਣਾ। ਬੱਸ ਇਹਨੂੰ ਵੀ ਆਪ ਹੀ ਰਸਤਾ ਮਿਲਦਾ ਗਿਆ ਕਿਸੇ ਤੋਂ ਪੁੱਛਿਆ ਨਾ ਅਤੇ ਸ੍ਰੀ ਭੈਣੀ ਸਾਹਿਬ ਪੁੱਜਦਿਆਂ ਹੀ ਇਹਨਾਂ ਦੇ ਭਰਮ ਭੁਲੇਖੇ ਵੀ ਦੂਰ ਹੋ ਗਏ। ਸੋ ਇਹ ਤਿੰਨੇ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲੋਂ ਅਜਮਾਇਸ਼ ਕਰਕੇ ਫਿਰ ਸਿੰਘ ਸਜੇ ਸਨ। ਉਹਦੇ ਕੌਤਕਾਂ ਦਾ ਕੋਈ ਪਾਰਾਵਾਰ ਨਹੀਂ। ਪੁਰਾਣੇ ਕੂਕੇ ਜਦੋਂ ਲੰਮਾ ਹਉਕਾ ਭਰਕੇ , "ਹਾਇ ਗੁਰੂ ਰਾਮ ਸਿੰਘ" ਆਖਦੇ ਸਨ ਤਾਂ ਉਹਨਾਂ ਦੀ ਦਸ਼ਾ ਵੇਖਣ ਵਾਲਿਆਂ ਦਾ ਵੀ ਕਲੇਜਾ ਮੂੰਹ ਨੂੰ ਆਉਣ ਨੂੰ ਕਰਦਾ ਸੀ।

ਵਲਟੋਹੇ ਵਿਚ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੇਲੇ ਇਕ ਦਸੌਂਧਾ ਸਿੰਘ ਨਾਮੇ ਨਾਮਧਾਰੀ ਸਿੰਘ ਸਜਿਆ ਸੀ। ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਇਕ ਮੱਈਆ ਸਿੰਘ ਨਾਉਂ ਦਾ ਸਿੰਘ ਹੁੰਦਾ ਸੀ, ਉਸ ਨੇ ਮੈਨੂੰ ਇਹ ਬਚਨ ਸੁਣਾਇਆ ਕਿ ਜਦੋਂ ਦਸੌਂਧਾ ਸਿੰਘ ਕੂਕਾ ਬਣਿਆ ਤਾਂ ਪਿੰਡ ਦੇ ਖੂਹ ਤੋਂ ਪਾਣੀ ਲੈਣ ਗਏ ਨੂੰ ਲੋਕਾਂ ਨੇ ਪਾਣੀ ਨਾ ਭਰਨ ਦਿਤਾ। ਸਿੰਘ ਨੇ ਘਰ ਜਾ ਕੇ

ਸੋਚਿਆ ਪਈ ਖੂਹ ਵਿਚ ਤਾਂ ਮੈਂ ਵੀ ਹਿੱਸੇਦਾਰ ਹਾਂ। ਉਤਨੇ ਚਿਰ ਨੂੰ ਭਾਈ ਮੱਈਆ ਸਿੰਘ ਅੰਮ੍ਰਿਤਸਰੋਂ ਇਹਦੇ ਨਾਲ ਮੇਲਾ ਗੇਲਾ ਕਰਨ ਵਾਸਤੇ ਆ ਗਿਆ। ਦਸੌਂਧਾ ਸਿੰਘ ਨੇ ਮੱਈਆ ਸਿੰਘ ਨੂੰ ਸਾਰੀ ਗੱਲ ਦੱਸੀ। ਇੱਕ ਇੱਕ ਤੇ ਦੋ ਗਿਆਰਾਂ। ਚੜ੍ਹ ਗਿਆ ਗੁੱਸਾ ਸਿੰਘਾਂ ਨੂੰ। ਸਿੰਘ ਦੋਵੇਂ ਹੀ ਜੋਬਨ ਰੁੱਤ ਵਿਚ ਸਨ। ਦਸੌਂਧਾ ਸਿੰਘ ਸੰਧੂ ਜੱਟ ਤੇ ਮਈਆ ਸਿੰਘ ਸੁਨਿਆਰਾ ਸਿੰਘ। ਲਾ ਕੇ ਗੰਡਾਸੇ ਖੂਹ ਦੇ ਉੱਤੇ ਜਾ ਖਲੋਤੇ। ਮਰਨ ਮਾਰਨ ਨੂੰ ਤਿਆਰ ਨਵੇਂ ਪੰਥ ਦੀ ਆਣ ਬਦਲੇ। ਪਿੰਡ ਵਾਲਿਆਂ ਨੂੰ ਆਖਿਆ, "ਆਓ ਭਰੋ ਪਾਣੀ! ਨਾ ਅਸੀਂ ਭਰਦੇ ਹਾਂ ਅਤੇ ਨਾ ਤੁਹਾਨੂੰ ਭਰਨ ਦਿੰਦੇ ਹਾਂ। ਖੂਹ ਵਿਚ ਹਿੱਸੇਦਾਰ ਹਾਂ। ਸਤਿਗੁਰੂ ਰਾਮ ਸਿੰਘ ਦੇ ਪ੍ਰਤਾਪ ਨਾਲ ਪਿੰਡ ਵਾਲਿਆਂ ਨੂੰ ਗਿਆਨ ਹੋ ਗਿਆ ਕਿ ਇਹਨਾਂ ਦੋਹਾਂ ਤਾਂ ਕਿਸੇ ਨੂੰ ਵੀ ਛੱਡਣਾ ਨਹੀਂ। ਸਭ ਭੈਭੀਤ ਹੋ ਗਏ। ਸਿਆਣੇ ਬੰਦਿਆਂ ਪਿੰਡ ਦਿਆਂ ਆ ਕੇ ਕਿਹਾ ਕਿ ਤੁਸੀਂ ਗੜਵੇ ਮਾਂਜ ਕੇ ਜਿੱਥੇ ਮਰਜ਼ੀ ਇਸ਼ਨਾਨ ਕਰੋ, ਜਲ ਭਰੋ। ਤੁਹਾਨੂੰ ਕੋਈ ਨਹੀਂ ਡੱਕਦਾ। ਸਿੰਘ ਇਸ਼ਨਾਨ ਪਾਣੀ ਕਰਕੇ ਘਰ ਚਲੇ ਗਏ। ਖੂਹ ਦਾ ਮੋਰਚਾ ਫਤੇਹ ਹੋ ਗਿਆ।

ਇਸ ਵਲਟੋਹੇ ਵਿਚ ਦਾਨੀ, ਇਸ਼ਨਾਨੀ, ਨਾਮੀ, ਭਗਤ ਅਤੇ ਸੂਰਮੇ ਹਰ ਤਰ੍ਹਾਂ ਦੇ ਸਿੰਘ ਪੈਦਾ ਹੋਏ ਹਨ। ਮੇਲਾ ਹੋਲੇ ਦਾ ਸ਼ੁਰੂ ਹੋ ਗਿਆ। ਚਾਰ ਦਿਨ ਮੇਲਾ ਰਿਹਾ। ਜਿੰਨੇ ਜਥੇ ਰਾਗੀਆਂ, ਜਥੇਦਾਰਾਂ, ਪ੍ਰਚਾਰਕਾਂ ਦੇ ਸਤਿਗੁਰੂ ਜੀ ਦੇ ਅਨੰਦ ਤੇ ਗਏ ਸਨ, ਉਹ ਸਭ ਇਸ ਹੋਲੇ ਵਿਚ ਦੀਵਾਨਾਂ ਦੀ ਸੋਭਾ ਵਧਾ ਰਹੇ ਸਨ। ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ ਵੀ ਆਏ ਸਨ। ਮੈਂ ਆਪਣੇ ਪਿਤਾ ਸੰਤ ਜਿਊਣ ਸਿੰਘ ਝੱਬਰ ਦੇ ਨਾਲ ਹੀ ਇਕ ਵੇਰ ਵਲਟੋਹੇ ਆਇਆ ਸੀ। ਉਦੋਂ ਮੈਂ ਬਾਪੂ ਨੂੰ ਆਖਿਆ ਸੀ ਕਿ ਮੈਂ ਭਲਵਾਨ ਵੇਖਣਾ ਹੈ। ਉਹ ਫਤਹਿ ਸਿੰਘ ਹੋਰਾਂ ਦੇ ਘਰ ਲੈ ਗਏ। ਇਕ ਕਾਨਿਆਂ ਦੇ ਮੂਹੜੇ ਤੇ ਬਾਬਾ ਜੀ ਬੈਠੇ ਸਨ। ਮੈਨੂੰ ਵੇਖ ਕੇ ਆਪਣੀ ਸਿੰਘਣੀ ਨੂੰ ਕਹਿਣ ਲੱਗੇ, ਲਿਆਓ ਕੋਈ ਗੱਫਾ ਛਕਣ ਵਾਸਤੇ। ਛੋਟਾ ਝੱਬਰ ਵੀ ਆਇਆ ਹੈ ਅੱਜ ਤਾਂ। ਇਕ ਚਾਂਦੀ ਦੇ ਰੁਪਈਏ ਦੇ ਅੱਖਰ ਬਾਬਾ ਜੀ ਨੇ ਆਪਣੇ ਅੰਗੂਠੇ ਨਾਲ ਮਲ ਕੇ ਮਿਟਾ ਦਿਤੇ ਸਨ, ਜਦੋਂ ਮੇਰੇ ਪਿਤਾ ਜੀ ਨੇ ਕਿਹਾ ਸੀ ਕਿ ਇਹ ਮੁੰਡਾ ਤੁਹਾਡੇ ਦਰਸ਼ਨ ਕਰਨ ਵਾਸਤੇ ਆਇਆ ਹੈ।

ਹੋਲੇ ਦੇ ਭੋਗ ਬਾਦ, ਬਾਬੇ ਸੰਤਾ ਸਿੰਘ ਘੁੱਕੇ ਵਾਲੀਏ ਅਤੇ ਵੀਰ ਸਿੰਘ ਭੋਮੇ ਵਡਾਲੀਏ ਨੂੰ ਦੌਰਾ ਸੰਭਾਲ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੂੰ ਚਲੇ ਗਏ। ਬਾਬੇ ਹੋਰੀਂ ਦੌਰਾ ਲੈ ਕੇ ਮੱਖੀ, ਨਾਰਲੀ, ਕੱਕੜ, ਚੇਲੇਕੇ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ, ਦੀਵਾਨ ਸਜਾਉਂਦੇ ਹੋਏ, ਜਥੇਦਾਰਾਂ ਅਤੇ ਰਾਗੀਆਂ ਸਮੇਤ, ਵੈਸਾਖੀ ਤੇ ਅੰਮ੍ਰਿਤਸਰ ਪੁਜ ਗਏ। ਮੇਲੇ ਵੈਸਾਖੀ ਤੋਂ ਬਾਦ ਸਤਿਗੁਰੂ ਜੀ ਫਿਰ ਸਿੱਧੇ ਸ੍ਰੀ ਭੈਣੀ ਸਾਹਿਬ ਪੁੱਜ ਗਏ। ਉਥਾਂ ਘੋੜਿਆਂ ਵਾਲਿਆਂ ਨਾਲ ਰਲ ਕੇ

ਅਸੀਂ ਵੀ ਪੜਾਓ ਪੜਾਈ, ਸ੍ਰੀ ਭੈਣੀ ਸਾਹਿਬ ਪੁੱਜ ਗਏ। ਰਾਗੀਆਂ, ਜਥੇਦਾਰਾਂ ਨੂੰ ਛੁੱਟੀਆਂ ਮਿਲ ਗਈਆਂ। ਉਹ ਆਪੋ ਆਪਣੇ ਨਗਰਾਂ ਨੂੰ ਚਲੇ ਗਏ।

**ਮੈਨ ਦੁਆਬ ਦਾ ਦੌਰਾ (ਬਿਕ੍ਰਮੀ 1972)**

ਸਤਿਗੁਰੂ ਜੀ ਨੇ ਫਿਰ ਅੱਧ ਹਾੜ ਤੋਂ ਮੈਨ ਦੁਆਬ ਦੇ ਇਲਾਕੇ ਦਾ ਦੌਰਾ ਸ਼ੁਰੂ ਕਰ ਦਿਤਾ। ਲੱਲਾਂ ਪਿੰਡ ਤੋਂ ਦੌਰਾ ਤੋਰ ਦਿਤਾ। ਲਖਣ ਪੁਰ, ਕਕਰਾਲੇ, ਡਹਿਰ, ਮੁੰਡੀਆਂ ਥਾਣੀਂ ਹੋ ਕੇ ਬਾਗਾਂ ਵਾਲਾ (ਮੋਰਿੰਡਾ), ਘੜੂਆਂ, ਲੂਲੋਂ ਆਦਿ ਨਗਰਾਂ ਦੀਆਂ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਸਤਿਗੁਰੂ ਜੀ ਚੁੰਨ੍ਹੀ ਬਾਬੇ ਵੀਰ ਸਿੰਘ ਜੀ ਪਾਸ ਪੁੱਜ ਗਏ। ਮਾਤਾ ਜੀ ਅਤੇ ਬੇਬੇ ਜੀ ਵੀ ਚੁੰਨ੍ਹੀ ਪੁੱਜ ਗਏ ਸਨ। ਕਿਉਂਕਿ ਬਾਬੇ ਹੋਰਾਂ ਅਰਜ਼ ਕੀਤੀ ਸੀ ਕਿ ਉਹ ਵੀ ਦਰਸ਼ਨ ਦੇਣ। ਜਦੋਂ ਲੂਲੋਂ ਤੋਂ ਤੁਰੇ ਸੀ ਤਾਂ ਚੰਨਣ ਸਿੰਘ ਰਾਗੀ ਨੂੰ ਹੁਕਮ ਕੀਤਾ ਕਿ ਪਿਛੇ ਕੋਈ ਕੰਮ ਹੈ, ਉਹ ਜਾ ਕੇ ਕਰ ਕੇ ਆ ਜਾਵੀਂ। ਪਰ ਉਹ ਨਾ ਗਿਆ। ਸਤਿਗੁਰੂ ਜੀ ਕੁੱਲੇ ਘੋੜੇ ਤੇ ਅਸਵਾਰ ਸਨ। ਪਿਛਾਂਹ ਹਟ ਕੇ ਚੰਨਣ ਸਿੰਘ ਨੂੰ ਹੈਂਟਰਾਂ ਨਾਲ ਖ਼ੂਬ ਉਡਾਇਆ। ਦੌਰੇ ਵਿਚੋਂ ਕੱਢ ਦਿੱਤਾ। ਜਿਹਨਾਂ ਸਰੀਰਾਂ ਦੇ ਚਿੱਤ ਵਿਚ ਸੀ ਕਿ ਇਹ ਅਜੇ ਬੱਚੇ ਹੀ ਹਨ ਸਭ ਭੈ ਖਾਣ ਲੱਗ ਪਏ। ਉਸ ਤੋਂ ਅਗਲੇ ਦਿਨ ਚੰਨਣ ਸਿੰਘ ਨੇ ਮੂੰਹ ਕਾਲਾ ਕੀਤਾ, ਸਿੱਖਾਂ ਨੂੰ ਨਾਲ ਲਿਆ ਅਤੇ ਹੱਥ ਜੋੜ ਕੇ ਬਖ਼ਸ਼ਬੰਦੀ ਕਰਵਾ ਲਈ ਕਿ ਅੱਗੇ ਤੋਂ ਹੁਕਮ ਅਦੂਲੀ ਨਹੀਂ ਕਰਾਂਗਾ। ਸਤਿਗੁਰੂ ਜੀ ਦੋਹਾਂ ਚੁੰਨ੍ਹੀਆਂ ਵਿਚ ਸੱਤ ਦਿਨ ਰਹੇ। ਚੁੰਨ੍ਹੀ ਵਿਚ ਮੁਸਲਮਾਨਾਂ ਦਾ ਬੜਾ ਜ਼ੋਰ ਸੀ।

ਜਿਵੇਂ ਪਹਿਲੇ ਸਤਿਗੁਰੂ ਸਾਹਿਬਾਨ ਆਪਣੇ ਨਾਲ ਜੁਆਨ ਰੱਖਦੇ ਸਨ, ਘੁਲਣ ਵਾਲੇ, ਭਲੱਥਾ ਖੇਡਣ ਵਾਲੇ ਅਤੇ ਲੜਨ ਵਾਲੇ, ਸਮੇਤ ਜਥਿਆਂ ਦੇ। ਇਵੇਂ ਹੀ ਸਤਿਗੁਰੂ ਜੀ ਵੀ ਨਵੀਂ ਤੋਂ ਨਵੀਂ ਕਾਰ ਰੋਜ਼ ਕਰਦੇ ਹਨ। ਸਵੇਰੇ ਆਸਾ ਦੀ ਵਾਰ ਲੱਗਦੀ ਹੈ। ਦੁਪਹਿਰੇ ਅੰਬਾਂ ਦੀ ਛਾਵੇਂ ਢੋਲਕੀ ਛੈਣਿਆਂ ਦਾ ਦੀਵਾਨ ਲੱਗ ਜਾਂਦਾ ਹੈ। ਲੌਢੇ ਵੇਲੇ ਕੋਈ ਸਿੰਘ ਘੁਲਦਾ ਹੈ, ਕੋਈ ਭਲੱਥਾ ਖੇਡਦਾ ਹੈ ਅਤੇ ਕੋਈ ਮਾਲਸ਼ ਕਰਕੇ, ਡੰਡ ਬੈਠਕਾਂ ਕੱਢਦਾ ਹੈ। ਉਸ ਤੋਂ ਬਾਅਦ ਬੀਰ ਰਸ ਨੂੰ ਕਾਇਮ ਰੱਖਣ ਲਈ ਢਾਡੀ ਲਾਭ ਸਿੰਘ ਦਾ ਦੀਵਾਨ ਲੱਗ ਜਾਂਦਾ ਹੈ। ਆਥਣੇ ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਅਤੇ ਹੋਰ ਰਾਗੀ ਸਿੰਘਾਂ ਦਾ ਦੀਵਾਨ ਲੱਗਦਾ ਹੈ। ਸੁਭਾ ਸ਼ਾਮ ਦੀਵਾਨ ਦੀ ਸਮਾਪਤੀ ਬਾਦ ਜੈਕਾਰੇ ਛੁੱਟਦੇ ਹਨ। ਜਦੋਂ ਦੇਗ ਜਾਂ ਲੰਗਰ ਤਿਆਰ ਹੁੰਦਾ ਹੈ ਉਦੋਂ ਵੀ ਜੈਕਾਰੇ ਛੁੱਟਦੇ ਹਨ। ਮੁਸਲਮਾਨ ਭਾਈਚਾਰਾ ਵੀ ਸਾਰੇ ਪ੍ਰੋਗਰਾਮਾਂ ਨੂੰ ਬੜੇ ਚਾਅ ਨਾਲ ਵੇਖਦਾ ਹੈ।

ਇਸ ਸਾਲ ਘੋੜਿਆਂ ਦਾ ਦਰੋਗਾ ਊਧਮ ਸਿੰਘ ਚੇਲੇ ਕਿਆਂ ਵਾਲਾ ਸੀ। ਸਤਿਗੁਰੂ ਜੀ ਦੀ ਅਸਵਾਰੀ ਦਾ ਖ਼ਾਸ ਕੁੱਲਾ ਘੋੜਾ ਵੀ ਉਹ ਹੀ ਸਾਂਭਦਾ ਸੀ।

ਸਾਰੇ ਸੇਵਾਦਾਰਾਂ ਨਾਲੋਂ, ਸਤਿਗੁਰੂ ਜੀ ਇਹਦੇ ਤੇ ਸਭ ਤੋਂ ਵੱਧ ਖ਼ੁਸ਼ ਸਨ, ਕਿਉਂ ਜੁ ਇਹ ਘੋੜਿਆਂ ਦੀ ਸੇਵਾ ਚੰਗੀ ਕਰਦਾ ਸੀ।

ਅਮਰ ਸਿੰਘ ਚੇਲੇਕਿਆਂ ਵਾਲਾ, ਜਿਹੜਾ ਸਤਿਗੁਰੂ ਜੀ ਦੇ ਸਹੁਰਾ ਘਰੋਂ (ਗੁਰੂ ਸਰੋਂ) ਚੰਬਾ ਘੋੜਾ ਆਇਆ ਸੀ, ਉਹਨੂੰ ਸਾਂਭਦਾ ਸੀ।

ਸਾਧੂ ਸਿੰਘ ਲੱਲਾਂ ਦਾ ਬੌਣਾਂ ਅਤੇ ਪ੍ਰੇਮ ਸਿੰਘ ਲੱਲਾਂ ਦਾ ਬੌਣਾ, ਇਹ ਦੋਵੇਂ ਸਿੰਘ, ਕੁੱਲੀਆਂ ਘੋੜੀਆਂ ਸਾਂਭਦੇ ਸਨ। ਬਾਬਾ ਅਰੂੜ ਸਿੰਘ ਜਰਗ ਵਾਲਾ ਇਹ ਬਲੋਚਣ ਘੋੜੀ ਸਾਂਭਦਾ ਸੀ। ਨੰਦ ਸਿੰਘ ਲੰਬੜਦਾਰ ਸਿਆਹੜ ਦਾ ਇਹ ਇਕ ਹੋਰ ਘੋੜਾ ਸਾਂਭਦਾ ਸੀ। ਦੇਵਾ ਸਿੰਘ ਬ੍ਰਾਹਮਣ, ਸ੍ਰੀ ਭੈਣੀ ਸਾਹਿਬ ਦਾ ਨਿਵਾਸੀ, ਇਹ ਮਹਾਰਾਜ ਨਿਹਾਲ ਸਿੰਘ ਹੋਰਾਂ ਵਾਲੀ ਵੱਡੀ ਵਛੇਰੀ ਸਾਂਭਦਾ ਸੀ। ਅਠਵਾਂ ਸਿੰਘ ਨਿਧਾਨ ਸਿੰਘ ਮਜ਼੍ਹਬੀ ਸੀ ਇਹ ਚੰਬੇ ਘੋੜੇ ਦੇ ਨਾਲ ਹੀ ਗੁਰੂ ਸਰੋਂ ਜਿਹੜੀ ਘੋੜੀ ਆਈ ਸੀ, ਉਹਨੂੰ ਸਾਂਭਦਾ ਸੀ।

ਸਤਵੇਂ ਦਿਨ ਸਤਿਗੁਰੂ ਜੀ ਨੇ ਨੰਦ ਸਿੰਘ ਲੰਬੜਦਾਰ ਨੂੰ ਆਖਿਆ ਕਿ ਘੋੜੇ ਉਤੇ ਚੜ੍ਹ ਕੇ ਘੋੜੇ ਨੂੰ ਪਾਣੀ ਡਾਹੁਣ ਨਾ ਜਾਈਂ। ਘੋੜੇ ਨੂੰ ਹੱਥ ਵਿਚ ਫੜਕੇ ਜਾਈਂ। ਪ੍ਰੰਤੂ ਇਸ ਮਨਮੱਤ ਕੀਤੀ। ਇਹ ਘੋੜੇ ’ਤੇ ਚੜ੍ਹ ਬੈਠਾ। ਜਿਉਂ ਘੋੜਾ ਭੱਜਿਆ, ਢਾਬ ਕੋਲ ਥਾਂ ਬੜਾ ਉੱਚਾ ਸੀ, ਉਥੇ ਡਿਗ ਪਿਆ। ਸਿੰਘਾਂ ਨੇ ਚੁੱਕ ਕੇ ਲਿਆਂਦਾ। ਘੋੜਾ ਫੜ ਲਿਆ। ਸਤਿਗੁਰੂ ਜੀ ਨੂੰ ਖ਼ਬਰ ਹੋਈ ਤਾਂ ਬਚਨ ਕੀਤਾ, ‘ਇਹ ਵੀ ਆਖੇ ਨਹੀਂ ਸੀ ਲੱਗਦਾ।’

ਇਸ ਦੌਰੇ ਵਿਚ ਗੱਡਿਆਂ ਵਾਲੇ ਸਿੰਘਾਂ ਦੇ ਨਾਮ ਠਾਮ ਇਹ ਹਨ:

1 . ਮਹੰਤ ਕੌਲਾ ਸਿੰਘ ਪਿੰਡ ਮੌਲੀ ਦਰਾਲੀ ਜ਼ਿਲ੍ਹਾ ਅੰਬਾਲਾ। ਇਹ ਕੰਨਾਂ ਤੱਕ ਲੋਹੇ ਦਾ ਕੌਲਾ ਸਿਰ ਤੇ ਪਾ ਕੇ ਉਤੋਂ ਦਸਤਾਰ ਸਜਾਉਂਦਾ ਹੁੰਦਾ ਸੀ। ਪਹਿਲੀਆਂ ਵਿਚ ਡਾਂਗ ਦੀ ਲੜਾਈ ਵਿਚ ਇਉਂ ਸਿਰ ਬਚ ਜਾਂਦਾ ਸੀ, ਤਾਂ ਹੀ ਇਹਨਾਂ ਦਾ ਨਾਂ ਹੀ ਕੌਲਾ ਸਿੰਘ ਪੈ ਗਿਆ ਸੀ। ਅਸਲ ਨਾਂ ਨੂੰ ਤਕਰੀਬਨ ਸਾਰੇ ਹੀ ਭੁੱਲ ਚੁੱਕੇ ਸਨ। ਬਹੁਤ ਸਮਾਂ ਗੁਰੂ ਘਰ ਦੀ ਸੇਵਾ ਨਿਸ਼ਕਾਮ ਹੋ ਕੇ ਕੀਤੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਰੇ ਵਿਚ ਭੈਣੀ ਸਾਹਿਬ ਚੜ੍ਹੇ ਸਨ। ਇਉਂ ਗੁਰੂ ਹਰੀ ਸਿੰਘ ਜੀ ਤੋਂ ਲੈ ਕੇ ਤਿੰਨ ਸਤਿਗੁਰਾਂ ਦਾ ਸਨੇਹ ਮਾਣਿਆ।

2. ਈਸ਼ਰ ਸਿੰਘ ਪਿੰਡ ਰੁੜਕਾ ਜ਼ਿਲ੍ਹਾ ਲੁਧਿਆਣਾ। ਕੂਕਿਆਂ ਦਾ ਪ੍ਰਸਿੱਧ ਪਿੰਡ ਸੀ।

3. ਮਾਘਾ ਸਿੰਘ ਪਿੰਡ ਅਲੌੜ ਰਿਆਸਤ ਨਾਭਾ

4. ਵਸਾਖਾ ਸਿੰਘ, ‘ਜੁੱਲੀ ਚੁੱਕ’

ਮਾਘਾ ਸਿੰਘ ਪਾਠੀ ਵੀ ਅੱਵਲ ਦਰਜੇ ਦਾ ਸੀ। ਭੱਜਦਾ ਵੀ ਇਕ ਨੰਬਰ

ਦਾ ਸੀ। ਭੱਜਣ ਲੱਗਿਆਂ ਇਹਨੂੰ ਕਿਸੇ ਨਹੀਂ ਸੀ ਫੜਿਆ। ਈਸ਼ਰ ਸਿੰਘ ਇਕੱਲੇ ਇਕੱਲੇ ਨਾਲ ਰੱਸਾ ਖਿੱਚਣ ਵਿਚ ਬਹੁਤ ਤਕੜਾ ਸੀ। ਦੋ ਮਣ ਪੱਕੇ ਦੀ ਰੇਤ ਦੀ ਕੜਾਹੀ ਭਰੀ ਹੋਈ ਥੱਲਿਓਂ ਬਾਹਾਂ ਤੇ ਚੁੱਕ ਲੈਂਦਾ ਸੀ। ਨੌਂ ਮਣ ਕੱਚਾ ਪਾਣੀ ਬੋਕੇ ਵਿਚ ਪੈਂਦਾ ਸੀ, ਜਿਸ ਨੂੰ ਖੂਹ ਵਿਚੋਂ ਦੋ ਬਲਦ ਖਿੱਚਦੇ ਸਨ। ਇਹ ਖੂਹ ਵਿਚ ਲੱਤਾਂ ਲਮਕਾ ਕੇ, ਬੌਲਦਾਂ ਦੀ ਕਿੱਲੀ ਕਢਵਾ ਕੇ, ਭਰੇ ਹੋਏ ਬੋਕੇ ਦੀ ਲੱਜ ਨੂੰ ਦੂੰਹ ਹੱਥਾਂ ਨਾਲ ਫੜੀ ਰੱਖਦਾ ਸੀ। ਮਹੰਤ ਕੌਲਾ ਸਿੰਘ, ਜੇ ਗੱਡੇ ਤੇ ਚਾਲੀ ਮਣ ਪੱਕਾ ਭਾਰ ਲੱਦਿਆ ਹੋਵੇ ਤਾਂ ਲੱਕ ਪਿਛਲੇ ਪਾਸੇ ਲਾ ਕੇ ਗੱਡੇ ਦੇ ਦੋਵੇਂ ਪਹੀਏ ਫੇਰ ਦਿੰਦਾ ਸੀ। ਜੁੱਲੀ ਚੁੱਕ ਵਸਾਖਾ ਸਿੰਘ ਇਕ ਲੱਤ ਬੰਨ੍ਹ ਕੇ, ਇਕ ਲੱਤ ਨਾਲ ਹੀ ਇਕ ਮੀਲ ਤੱਕ ਭੱਜ ਲੈਂਦਾ ਸੀ। ਇਹਨਾਂ ਵਿਚ ਹੋਰ ਇਹ ਵੀ ਬਰਕਤਾਂ ਸਨ ਕਿ ਇਹ ਨਾਮ ਵੀ ਜਪਦੇ ਸਨ ਅਤੇ ਰਾਤ ਨੂੰ ਦੀਵਾਨ ਵੀ ਲਾਉਂਦੇ ਸਨ।

ਇਸ ਤਰ੍ਹਾਂ ਘੋੜਿਆਂ ਵਾਲੇ, ਗੱਡਿਆਂ ਵਾਲੇ, ਰਾਗੀ ਰਬਾਬੀ ਤੇ ਜਥੇਦਾਰ ਪ੍ਰਚਾਰਕ ਹਜ਼ੂਰੀ ਜੱਥਾ ਆਦਿ ਦੇ ਸੱਠ ਕੁ ਸਰੀਰ ਡੇਰੇ ਤੋਂ ਇਸ ਦੌਰੇ ਲਈ ਚੱਲੇ ਸਨ। ਹੋਰ ਤੀਹ ਚਾਲੀ ਸਿੰਘ ਰਸਤੇ ਦੇ ਪਿੰਡਾਂ ਵਿਚੋਂ ਰਲ ਗਏ ਸਨ, ਇਉਂ ਪੂਰਾ ਸੌ ਸਿੰਘਾਂ ਦਾ ਜਥਾ ਹੋ ਗਿਆ ਸੀ ਇਸ ਦੌਰੇ ਵਿਚ। ਰੋਜ਼ ਅੰਬਾਂ ਦੀਆਂ ਟੋਕਰੀਆਂ ਆ ਜਾਣੀਆਂ। ਸਭ ਸਿੰਘਾਂ ਨੇ ਅੰਬ ਚੂਪਣੇ। ਚੁੰਨ੍ਹੀ ਤੋਂ ਸਤਿਗੁਰੂ ਜੀ ਨੇ ਮਹੰਤ ਕੌਲਾ ਸਿੰਘ ਦੇ ਪਿੰਡ ਮੌਲੀ ਦਰਾਲੀ* ਨੂੰ ਚਾਲੇ ਪਾ ਦਿਤੇ। ਇਥੋਂ ਮਾਈ ਜੀ ਆਪਣੀ ਨੂੰਹ ਮਾਤਾ ਭੂਪਿੰਦਰ ਕੌਰ ਜੀ ਨੂੰ ਲੈ ਕੇ ਵਾਪਸ ਭੈਣੀ ਸਾਹਿਬ ਚਲੇ ਗਏ। ਸਤਿਗੁਰੂ ਜੀ ਮੌਲੀ ਦਰਾਲੀ ਤੋਂ ਅੰਬਾਲੇ ਹੋ ਕੇ ਮਛੌਰ ਚਲੇ ਗਏ। ਮਛੌਰੋਂ ਅੰਬਾਲੇ ਦੇ ਚਾਰ ਚੁਫੇਰੇ ਜਿਤਨੇ ਪਿੰਡ ਸਨ ਸਭ ਦਾ ਦੌਰਾ ਕਰਕੇ ਸਤਿਗੁਰੂ ਜੀ ਪਟਿਆਲੇ ਪੁੱਜ ਗਏ। ਪਟਿਆਲੇ ਤੋਂ ਚਰਨਾਰ ਥਲ, ਸਲਾਣੇ ਹੁੰਦੇ ਹੋਏ ਵਾਪਸ ਡੇਰੇ ਸ੍ਰੀ ਭੈਣੀ ਸਾਹਿਬ ਪੁੱਜ ਗਏ। ਦੌਰਾ ਸਮਾਪਤ ਹੋਇਆ। ਇਹ ਦੌਰਾ 15 ਹਾੜ ਤੋਂ ਲੈ ਕੇ 10 ਭਾਦਰੋਂ ਤੱਕ ਕੀਤਾ ਸੀ।

10 ਭਾਦਰੋਂ ਸ਼ਾਮ ਨੂੰ ਸਤਿਗੁਰੂ ਜੀ ਨਹਿਰ ਤੇ ਚਲੇ ਗਏ। ਇਥੇ 11 ਭਾਦਰੋਂ ਦੀ ਸਵੇਰੇ ਚਾਲ੍ਹੀਆ ਸ਼ੁਰੂ ਕੀਤਾ। ਸਾਰੀ ਮਰਿਆਦਾ ਪਹਿਲਾਂ ਜਿਉਂ ਹੀ ਕੀਤੀ ਅਤੇ 20 ਅੱਸੂ ਨੂੰ ਚਾਲ੍ਹੀਏ ਦਾ ਭੋਗ ਪਾਇਆ।

**ਸਾਖੀ ਡਾਂਗ ਬਹਾਦਰਾਂ ਦੀ:**

ਬਿਸ਼ਨ ਸਿੰਘ ਰਪਟੀਏ, ਸੁਹੇਲ ਸਿੰਘ ਬਿਲਗੇ ਵਾਲੇ ਦੇ ਭਤੀਜੇ ਨੇ ਆਖਿਆ ਕਿ ਮੈਨੂੰ ਕੋਈ ਡਾਂਗ ਨਹੀਂ ਮਾਰ ਸਕਦਾ ਕਿਉਂਕਿ ਇਹ ਗਤਕੇ ਦਾ ਆਹਲਾ ਦਰਜੇ ਦਾ ਖਿਲਾੜੀ ਸੀ। ਭੱਜਦਾ ਵੀ ਬਹੁਤ ਛੁਹਲਾ ਸੀ। ਗੁਰੂ ਹਰੀ ਸਿੰਘ ਜੀ ਦੇ ਘੋੜਿਆਂ ਅੱਗੇ ਚਾਲ਼ੀ ਚਾਲ਼ੀ ਕੋਹ ਭੱਜਾ ਜਾਂਦਾ ਹੁੰਦਾ ਸੀ। ਪਾਖਰ ਸਿੰਘ

---

*ਕਈ ਥਾਵਾਂ ਤੇ ਪਿੰਡ ਦਾ ਨਾਮ ਮੌਲੀ ਦਰਾਜ ਵੀ ਆਇਆ ਹੈ।

ਜੀ ਮਜ਼੍ਹਬੀ ਸਿੰਘ ਸਨ। ਉਹਨਾਂ ਨੇ ਕਿਹਾ ਕਿ ਮੇਰੀ ਡਾਂਗ ਕੋਈ ਝੱਲ ਨਹੀਂ ਸਕਦਾ। ਦੋਹਾਂ ਤਬੇਲਿਆਂ ਦੇ ਸਿੰਘ ਇਕੱਠੇ ਹੋ ਗਏ। ਪਾਖਰ ਸਿੰਘ ਨੇ ਵੱਟ ਕੇ ਡਾਂਗ ਮਾਰੀ। ਰਪਟੀਏ ਦੀ ਡਾਂਗ ਦੋ ਟੋਟੇ ਹੋ ਗਈ। ਰਪਟੀਆ ਭੱਜ ਕੇ ਅਖਾੜੇ ਵਿਚੋਂ ਬਾਹਰ ਹੋ ਗਿਆ। ਪਾਖਰ ਸਿੰਘ ਨੇ ਕਿਹਾ ਕਿ ਭੱਜਣ ਦੀ ਜੁਆਨਾ ਲੋੜ ਕੋਈ ਨਹੀਂ। ਡਾਂਗ ਹੋਰ ਲੈ ਆ। ਰਪਟੀਏ ਨੇ ਕਿਹਾ ਕਿ ਹੋਰ ਸੋਟਾ ਲਿਆਉਣ ਦੀ ਹੁਣ ਲੋੜ ਕੋਈ ਨਹੀਂ। ਮੇਰਾ ਏਨੇ ਨਾਲ ਹੀ ਘਰ ਪੂਰਾ ਹੋ ਗਿਆ ਹੈ। 'ਸਾਬਾਸ਼ੇ! ਤੇਰੀ ਮਾਂ ਜੰਮਣ ਵਾਲੀ ਦੇ, ਜਿਸ ਐਡਾ ਜੁਆਨ ਪੁੱਤਰ ਜੰਮਿਆ ਹੈ।" ਪਾਖਰ ਸਿੰਘ ਨੇ ਕਿਹਾ, "ਸ਼ਾਬਾਸ਼ੇ! ਤੇਰੀ ਮਾਂ ਜੰਮਣ ਵਾਲੀ ਦੇ ਵੀ। ਮੇਰੀ ਡਾਂਗ ਵੀ ਅੱਜ ਤੱਕ ਕਿਸੇ ਨਹੀਂ ਝੱਲੀ।"

**ਨੱਥਾ ਸਿੰਘ ਤੇ ਪਾਖਰ ਸਿੰਘ ਮਜ਼੍ਹਬੀ ਦੀ ਲੜਾਈ:**

ਪਾਖਰ ਸਿੰਘ ਜੀ ਨੇ ਨੱਥਾ ਸਿੰਘ ਮਜ਼੍ਹਬੀ ਨੂੰ ਕਿਹਾ ਕਿ ਚਿੱਟੀ ਤੂੜੀ ਘਾਣੀ ਵਿਚ ਨਹੀਂ ਪਾਉਣੀ। ਗੁਰੂ ਹਰੀ ਸਿੰਘ ਜੀ ਦਾ ਹੁਕਮ ਹੈ। ਨੱਥਾ ਸਿੰਘ ਨੇ ਕਿਹਾ ਕਿ ਮੈਂ ਤਾਂ ਚਿੱਟੀ ਹੀ ਪਾਣੀ ਏ, ਜਾਹ ਨਹੀਂ ਹਟਦਾ। ਉਸ ਕਿਹਾ, ਮੈਂ ਨਹੀਂ ਪਾਉਣ ਦਿੰਦਾ। ਦੋਹਾਂ ਦੇ ਹੱਥਾਂ ਵਿਚ ਕਹੀਆਂ ਸਨ। ਤਬੇਲੇ ਲਿੱਪਣ ਲਈ ਘਾਣੀ ਜੂ ਕਰ ਰਹੇ ਸਨ। ਜਿਉਂ ਅੱਖ ਬਚਾ ਕੇ ਪਾਖਰ ਸਿੰਘ ਨੇ ਨੱਥਾ ਸਿੰਘ ਦੇ ਸਿਰ ਵਿਚ ਮਾਰੀ ਕਹੀ ਕੰਨਾਂ ਤੱਕ ਧਸ ਗਈ। ਸਿੰਘਾਂ ਨੇ ਫੜ ਕੇ ਪਾਖਰ ਸਿੰਘ ਨੂੰ ਪਿਛਾਂਹ ਹਟਾ ਦਿਤਾ ਅਤੇ ਨੱਥਾ ਸਿੰਘ ਨੂੰ ਮੰਜੀ ਤੇ ਪਾ ਦਿਤਾ। ਸਿੰਘਾਂ ਨੇ ਬਚਾ ਕੇ ਅਡੋਲ ਹੀ ਕਹੀ ਵੀ ਨੱਥਾ ਸਿੰਘ ਦੇ ਸਿਰ ਵਿਚੋਂ ਕੱਢ ਲਈ। ਪਤਲੀ ਮਲਮਲ ਨਾਲ ਸਿਰ ਘੁੱਟ ਕੇ ਬੰਨ੍ਹ ਕੇ ਸਿਰ 'ਤੇ ਚੱਕਰ ਪਾ ਕੇ ਉਤੇ ਭੂਰੇ ਨਾਲ ਬੰਨ੍ਹ ਦਿਤਾ। ਛੇ ਸੱਤ ਸੇਰ ਦੁੱਧ, ਸੇਰ ਖੰਡ, ਸੇਰ ਘਿਉ ਮਿਲਾ ਕੇ ਨੱਥਾ ਸਿੰਘ ਹੋਰਾਂ ਨੂੰ ਛਕਾ ਦਿਤਾ। ਨੱਥਾ ਸਿੰਘ ਹੋਰੀਂ ਕਹਿੰਦੇ ਹੁੰਦੇ ਸਨ, "ਮੈਂ ਹਾਥੀ ਦਾ ਅਵਤਾਰ ਹਾਂ। ਹਾਥੀ ਨੂੰ ਕਿੱਡਾ ਜ਼ਖ਼ਮ ਹੋਇਆ ਹੋਵੇ, ਜਦੋਂ ਤਾਰੇ ਵੇਖਦਾ ਹੈ ਜ਼ਖ਼ਮ ਮਿਟ ਜਾਂਦਾ ਹੈ। ਇਸੇ ਤਰ੍ਹਾਂ ਹੀ ਮੇਰਾ ਜ਼ਖ਼ਮ ਮਿਟ ਜਾਂਦਾ ਹੈ।" ਇਹ ਬਚਨ ਉਹਨਾ ਸੱਚਾ ਕਰਕੇ ਵਿਖਾ ਦਿਤਾ। ਜਿਸ ਵੇਲੇ ਸਵੇਰੇ ਉੱਠ ਕੇ ਜੰਗਲ ਮੈਦਾਨ ਗਏ ਤਾਂ ਭੈਣੀ ਸਾਹਿਬ ਦੀ ਪੁਲੀਸ ਚੌਂਕੀ ਦੇ ਹਵਾਲਦਾਰ ਨੇ ਪੁੱਛਿਆ ਕਿ ਨੱਥਾ ਸਿੰਹਾਂ ਤੈਨੂੰ ਤਾਂ ਪਾਖਰ ਸਿੰਘ ਨੇ ਕਹੀ ਮਾਰੀ ਹੈ। ਤੂੰ ਰਪਟ ਕਿਉਂ ਨਹੀਂ ਲਿਖਵਾਈ। ਨੱਥਾ ਸਿੰਘ ਮਾਰ ਕੇ ਛਾਲ ਬਦਲ ਕੇ ਪੈਂਤੜਾ ਕਹਿੰਦਾ, "ਹੌਲਦਾਰਾ! ਜੇ ਮੈਨੂੰ ਕਹੀ ਵੱਜੀ ਹੋਵੇ ਤਾਂ ਮੈਂ ਇਸ ਤਰ੍ਹਾਂ ਛਾਲਾਂ ਮਾਰ ਕੇ ਪੈਂਤੜੇ ਬਦਲ ਸੱਕਦਾ ਹਾਂ।" ਹੌਲਦਾਰ ਚੁੱਪ ਕਰ ਗਿਆ ਤੇ ਸੋਚੀਂ ਪੈ ਗਿਆ। ਹੌਲਦਾਰ ਨੇ ਕਿਹਾ, "ਨੱਥਾ ਸਿੰਘਾ! ਤੁਹਾਡੇ ਕੂਕਿਆਂ ਦੇ ਇਸ ਸਲੂਕ ਨੇ ਹੀ ਅੰਗ੍ਰੇਜ਼ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਕਿਉਂਕਿ ਜਦੋਂ

ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਸੂਬੇ ਥਾਪ ਕੇ, ਤੁਹਾਡਾ ਪੰਥ ਸਾਜਿਆ ਹੈ, ਉਹ ਦਿਨ ਜਾਵੇ ਤੇ ਅੱਜ ਦਾ ਆਵੇ, ਤੁਹਾਡਾ ਕੋਈ ਮੁਕਦਮਾ ਅਦਾਲਤ ਵਿਚ ਨਹੀਂ ਗਿਆ। ਸਭ ਦੇ ਫੈਸਲੇ ਤੁਸੀਂ ਆਪ ਹੀ ਕਰ ਲੈਂਦੇ ਹੋ।" ਅਗਲੇ ਦਿਨ ਫਿਰ ਦੋਵੇਂ ਸਿੰਘ ਇਕੱਠੇ ਹੋ ਕੇ ਨਹਿਰ 'ਤੇ ਘਾਹ ਵੱਢਣ ਵਾਸਤੇ ਚਲੇ ਗਏ।

**ਮਹੰਤ ਕੌਲਾ ਸਿੰਘ ਤੇ ਸਾਧੂ ਸਿੰਘ ਰਵਿਦਾਸੀਆ:**

ਬਾਵਾ ਸਾਧੂ ਸਿੰਘ ਰਵਿਦਾਸੀਆ ਆਖਣ ਲੱਗਾ ਕਿ ਮੇਰੇ ਨਾਲ ਮਹੰਤ ਕੌਲਾ ਸਿੰਘ ਡਾਂਗ ਨਾਲ ਲੜ ਕੇ ਵੇਖ ਲਵੇ। ਸਾਰੇ ਸਿੰਘ ਹੱਸਣ ਲੱਗ ਪਏ ਅਖੇ ਮਹੰਤਾ ਹੁਣ ਹੋ ਅੱਗੇ। ਜ਼ੋਰਾਵਰ ਸਾਧੂ ਸਿੰਘ ਵੀ ਬੜਾ ਸੀ। ਉਹ ਰਾਤ ਦਿਨ ਗੁਰੂ ਕੇ ਪਸ਼ੂਆਂ ਲਈ ਨਹਿਰ 'ਤੇ ਘਾਹ ਹੀ ਵੱਢਦਾ ਰਹਿੰਦਾ ਸੀ। ਨਾ ਸੱਪ ਤੋਂ ਡਰਦਾ ਸੀ ਅਤੇ ਨਾ ਹੀ ਉਹਨੂੰ ਮੱਛਰ ਲੜਦਾ ਸੀ। ਰੋਜ਼ ਵੀਹ ਪੰਡਾਂ ਘਾਹ ਦੀਆਂ ਵੱਢ ਦਿੰਦਾ ਸੀ। ਸਵੇਰੇ ਉਠ ਕੇ ਸੁਖ ਨਿਧਾਨ ਦੀ ਦੇਗ ਛਕਦਾ ਸੀ। ਅੱਠੀਂ ਪਹਿਰੀਂ ਇਕੀ ਪ੍ਰਸ਼ਾਦੇ ਛਕਦਾ ਸੀ। ਏਧਰ ਮਹੰਤ ਕੌਲਾ ਸਿੰਘ ਵੀ ਸਮਝਦਾ ਸੀ ਕਿ ਮੈਂ ਬੜਾ ਡਾਂਗ ਬਹਾਦਰ ਹਾਂ। ਪਿੜ ਬੱਝ ਗਿਆ ਤੇ ਦੋਵੇਂ ਆਪਸ ਵਿਚ ਜੁੱਟ ਪਏ। ਜਦੋਂ ਦੋਹਾਂ ਨੂੰ ਚਾਰ ਚਾਰ ਪੰਜ ਪੰਜ ਡਾਂਗਾਂ ਵੱਜ ਚੁੱਕੀਆਂ ਸਨ ਤਾਂ ਫਿਰ ਕੌਲਾ ਸਿੰਘ ਨੇ ਸਾਧੂ ਸਿੰਘ ਨੂੰ ਮੌਰਾਂ ਵਿਚ ਵੱਟ ਕੇ ਡਾਂਗ ਮਾਰੀ। ਸਾਧੂ ਸਿੰਘ ਮੂੰਹ ਪਰਨੇ ਜਾ ਪਿਆ। ਇਹ ਬਚਨ ਇਸ ਲਈ ਲਿਖੇ ਹਨ ਕਿ ਸਿੰਘਾਂ ਵਿਚ ਬੀਰ ਰਸ ਕਾਇਮ ਰੱਖਣ ਲਈ ਇਹ ਛੋਟੀਆਂ ਛੋਟੀਆਂ ਝੜਪਾਂ ਵੀ ਕੰਮ ਆਉਂਦੀਆਂ ਸਨ।

**ਮਹੰਤ ਕੌਲਾ ਸਿੰਘ ਤੇ ਤੱਖਰਾਂ ਵਾਲੇ ਸਾਧ ਦੀ ਸਾਖੀ:**

ਤੱਖਰ ਪਿੰਡ ਜੋ ਭੈਣੀ ਸਾਹਿਬ ਦੇ ਲਾਗੇ ਹੀ ਸੀ ਉਥੇ ਇਕ ਜੜਾਵਾਂ ਵਾਲਾ ਨਾਂਗਾ ਸਾਧ ਰਹਿੰਦਾ ਸੀ। ਉਸ ਦੇ ਮਨ ਵਿਚ ਇਹ ਖ਼ਿਆਲ ਸੀ ਕਿ ਇਹ ਜੋ ਸਿੰਘ ਡੇਰੇ ਵਿਚ ਰਹਿ ਕੇ ਗੱਡੇ ਆਦਿ ਵਾਹੁੰਦੇ ਹਨ ਅਤੇ ਹੋਰ ਵਿਹਾਰ ਕਾਰ ਕਰਦੇ ਹਨ, ਇਹਨਾਂ ਵਿਚ ਕਰਾਮਾਤ ਕੋਈ ਨਹੀਂ। ਉਂਞ ਉਸਦਾ ਸਿੱਖਾਂ ਨਾਲ ਪਿਆਰ ਬੜਾ ਸੀ। ਗੁਰੂ ਹਰੀ ਸਿੰਘ ਜੀ ਅਤੇ ਮਾਤਾ ਜਿਊਣ ਕੌਰ ਜੀ ਦੇ ਦਰਸ਼ਨ ਕਰਨ ਵਾਸਤੇ ਅਕਸਰ ਆਉਂਦਾ ਰਹਿੰਦਾ ਸੀ। ਗੱਡਿਆਂ ਵਾਲੇ ਸਿੰਘਾਂ ਨਾਲ ਵੀ ਕਾਫ਼ੀ ਪ੍ਰੇਮ ਰੱਖਦਾ ਸੀ। ਜਿਹੜਾ ਕੋਈ ਸਿੰਘ ਤੱਖਰੀਂ ਜਾਂਦਾ ਉਸਨੂੰ ਜਲ ਪਾਣੀ ਛਕਾਉਂਦਾ ਸੀ ਤੇ ਬੜੀ ਸੇਵਾ ਕਰਦਾ ਸੀ। ਉਹ ਭਾਦਰੋਂ ਦੇ ਮਹੀਨੇ ਭਲਵਾਨਾਂ ਦਾ ਮੇਲਾ ਵੀ ਕਰਦਾ ਸੀ ਜਿਹਦਾ ਉਪਰ ਜ਼ਿਕਰ ਆਇਆ ਹੈ। ਇਕ ਦਿਨ ਉਹ ਗੁਰਦੁਆਰੇ ਆਇਆ ਤਾਂ ਗੱਡਿਆਂ ਵਾਲੇ ਸਿੰਘ ਗੱਡੇ ਲਾਹ ਕੇ ਡਿਉਢੀ ਵਿਚ ਬੈਠੇ ਸਨ। ਉਹ ਸਾਧ ਵੀ ਫਤੇਹ ਬੁਲਾ ਕੇ ਬਹਿ ਗਿਆ ਅਤੇ ਆਪਸ ਵਿਚ ਹੱਸਣ ਖੇਡਣ, ਮਖੌਲ ਠੱਠਾ ਕਰਨ ਲੱਗ ਪਏ। ਉਹ ਆਖਣ ਲੱਗਾ ਮੈਂ ਜਿਸ ਦਿਨ ਤੋਂ ਸਾਧ

ਹੋਇਆ ਹਾਂ ਮੈਂ ਆਪਣੇ ਜਤ ਸਤ ਵਿਚ ਪੱਕਾ ਹਾਂ ਅਤੇ ਮੇਰੀ ਰਿਧੀ ਸਿੱਧੀ ਚੱਲਦੀ ਹੈ। ਮਹੰਤ ਕੌਲਾ ਸਿੰਘ ਜੀ ਨੇ ਕਿਹਾ ਕਿ ਜੇ ਅਸੀਂ ਤੈਨੂੰ ਸਤਿਗੁਰੂ ਦੀ ਕ੍ਰਿਪਾ ਨਾਲ ਮੰਜੇ ਤੇ ਲੰਮਾ ਪਾ ਕੇ, ਤੇਰੇ ’ਤੇ ਹੱਥ ਫੇਰ ਕੇ ਤੈਨੂੰ ਤਾਪ ਚੜ੍ਹਾ ਦੇਈਏ ਫਿਰ ਤੈਨੂੰ ਸਾਡਾ ਵੀ ਪਤਾ ਲੱਗ ਜਾਏਗਾ। ਸਾਧ ਪਰਖ ਕਰਨ ਲਈ ਤਿਆਰ ਹੋ ਗਿਆ। ਮੰਜੇ ’ਤੇ ਲੰਮਾ ਪਾ ਕੇ, ਉੱਤੇ ਚਾਦਰਾ ਦੇ ਕੇ ਨੱਪਣ ਲੱਗ ਪਏ। ਤਾਪ ਚੜ੍ਹ ਗਿਆ। ਅੱਠੀਂ ਪਹਿਰੀਂ ਲੱਥਾ। ਮਾਈ ਜੀ ਆ ਕੇ ਹੱਸਣ ਕਿ ਸੰਤ ਜੀ ਤੁਸੀਂ ਕਿੱਥੋਂ ਇਹਨਾਂ ਗੱਡਿਆਂ ਵਾਲਿਆਂ ਵਿਚ ਫਸ ਗਏ। ਇਹ ਬਚਨ ਉਸ ਸਾਧ ਨੇ ਬਾਦ ਵਿਚ ਇਕ ਵੇਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੁਣਾਇਆ ਸੀ ਅਤੇ ਮੈਂ ਪਾਸ ਬੈਠੇ ਨੇ ਸੁਣਿਆ ਸੀ।

**ਕਾਲੂ ਕੁੱਤਾ ਅਤੇ ਦੌਰਾ ਮਾਲਵੇ ਤੇ ਲਾਹੌਰ ਦਾ:**

ਇਸੇ ਸਾਲ 1972 ਬਿਕ੍ਰਮੀ ਦੇ ਪੰਜ ਅੱਸੂ ਨੂੰ ਮੋਗੇ ਤੋਂ ਡਿਪਟੀ ਸਾਹਿਬ ਨੇ ਗੱਦੀ ਕੁੱਤਾ ਸਾਡੇ ਡੇਰੇ ਭੇਜਿਆ ਜਿਸ ਦਾ ਨਾਮ ‘ਕਾਲੂ’ ਸੀ। ਇਕ ਗੱਦੀ ਕੁੱਤੀ ਪਹਾੜਾ ਸਿੰਘ ਪਹਾੜ ਤੋਂ ਲਿਆਇਆ ਸੀ, ਉਸ ਦਾ ਨਾਮ ‘ਬਘਿਆੜੀ’ ਰੱਖਿਆ। ਦੀਵਾਲੀ ਸਮੇਂ ਸਤਿਗੁਰੂ ਜੀ ਜਦੋਂ ਅੰਮ੍ਰਿਤਸਰ ਜਾਣ ਲਈ ਤਿਆਰ ਹੋਏ ਤਾਂ ਕਾਲੂ ਅਤੇ ਬਘਿਆੜੀ ਦੋਵੇਂ ਮੇਰੇ ਹਵਾਲੇ ਕੀਤੇ ਗਏ। ਮੈਨੂੰ ਵੀ ਦੌਰੇ ਨਾਲ ਚੱਲਣ ਦਾ ਹੁਕਮ ਕੀਤਾ। ਸਤਿਗੁਰੂ ਜੀ ਰੇਲ ਦੁਆਰਾ ਸਿੱਧੇ ਅਤੇ ਅਸੀਂ ਬਾਕੀ ਸੰਗਤ ਨਾਲ ਮੰਜ਼ਲੋ ਮੰਜ਼ਲੀ ਸ੍ਰੀ ਅੰਮ੍ਰਿਤਸਰ ਪੁੱਜ ਗਏ। ਦੀਪਮਾਲਾ ਦਾ ਮੇਲਾ ਉਥੇ ਵੇਖਿਆ ਅਤੇ ਫਿਰ ਪਹਿਲੀ ਪਾਤਸ਼ਾਹੀ ਦੇ ਅਵਤਾਰ ਪੁਰਬ ਦੇ ਮੇਲੇ ਤੇ, ਨਨਕਾਣੇ ਸਾਹਿਬ ਨੂੰ ਰੁਖ ਕੀਤਾ। ਇਹ ਮੇਲਾ ਵੀ ਬੜੀ ਧੂਮ ਧਾਮ ਨਾਲ ਵੇਖਿਆ। ਇੱਥੋਂ ਫਿਰ ਜ਼ਿਲ੍ਹਾ ਲਾਹੌਰ ਨੂੰ ਦੌਰਾ ਚਲਿਆ ਗਿਆ ਸਤਿਗੁਰੂ ਜੀ ਦੇ ਨਾਲ। ਇਹ ਜ਼ਿਲ੍ਹਾ ਮੁਕਾ ਕੇ ਫਿਰ ਮਾਲਵੇ ਵਿਚ ਪੁੱਜ ਗਏ। ਫੀਰੋਜ਼ਪੁਰ ਰਿਆਸਤ ਨਾਭਾ, ਪਟਿਆਲਾ ਦੀਆਂ ਸੰਗਤਾਂ ਨੂੰ ਦਰਸ਼ਨ ਦਿਤੇ। ਇਕ ਕੁੱਤਾ ਮਾਈ ਸਾਹਿਬੋ ਪੱਧਰੀ ਵਾਲੀ ਨੇ ਸਤਿਗੁਰੂ ਜੀ ਨੂੰ ਭੇਟ ਕੀਤਾ ਸੀ, ਭੱਜਣ ਵਾਲਾ। ਇਹ ਵੀ ਦੌਰੇ ਦੇ ਨਾਲ ਹੀ ਸੀ। ਕਾਲੂ ਕੁੱਤਾ ਰਾਤ ਨੂੰ ਇਕ ਦੋ ਵੇਰ ਊਠਾਂ ਵਾਲਿਆਂ ਦੇ ਡੇਰੇ ਵੀ ਗੇੜਾ ਮਾਰ ਆਉਂਦਾ ਸੀ ਅਤੇ ਬਘਿਆੜੀ ਜੋ ਰਾਤ ਨੂੰ ਉੱਥੇ ਹੁੰਦੀ ਸੀ, ਉਹਨੂੰ ਜਗਾ ਆਉਂਦਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਦੇ ਸਿੱਖਾਂ ਸਾਧਾਂ ਵਿਚ ਤਾਂ ਬੜੀ ਸ਼ਕਤੀ ਸੀ ਹੀ, ਉਸ ਦੇ ਕੁੱਤੇ ਵੀ ਇਹਨਾਂ ਬਰਕਤਾਂ ਤੋਂ ਵਿਰਵੇਂ ਨਹੀਂ ਸਨ। ਕਾਲੂ ਕੁੱਤਾ ਅੰਤਰਜਾਮੀ ਸੀ। ਜੇ ਕਿਤੇ ਦੌਰੇ ਵਿਚ ਸਿੱਖਾਂ ਨੇ ਕਿਸੇ ਕੁਰਹਿਤੀਏ ਪਰਿਵਾਰ ਤੋਂ ਦੁੱਧ ਲੈ ਲੈਣਾ ਕਿ ਚਲੋ ਕੁੱਤੇ ਨੂੰ ਹੀ ਤਾਂ ਪਾਉਣਾ ਹੈ, ਤਾਂ ਕਾਲੂ ਉਹ ਦੁੱਧ ਪੀਂਦਾ ਨਹੀਂ ਸੀ ਸਗੋਂ

ਡੋਹਲ ਦਿੰਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਦੇ ਦਰ ਦੇ ਕੁੱਤਿਆਂ ਵਿਚ ਵੀ ਅੰਤਰਜਾਮਤਾ ਸੀ।

ਮਾਲਵੇ ਦੇ ਇਲਾਕੇ ਦੀਆਂ ਸਾਰੀਆਂ ਸੰਗਤਾਂ ਇਸ ਦੌਰੇ ਵਿਚ ਸਤਿਗੁਰੂ ਜੀ ਦੇ ਨਾਲ ਰਹਿੰਦੀਆਂ ਸਨ। ਰੋਜ਼ ਨੂਰਾਨੀ ਦਰਸ਼ਨ ਕਰਕੇ, ਖ਼ੁਸ਼ੀਆਂ ਪ੍ਰਾਪਤ ਕਰਦੀਆਂ। ਕਿਸੇ ਕਿਸੇ ਵੱਡੇ ਨਗਰ ਵਿਚ ਦੋ ਦੋ, ਚਾਰ ਚਾਰ ਦਿਨ ਤੇ ਕਿਤੇ ਇਕ ਦਿਨ ਦੌਰਾ ਰੁਕਦਾ ਸੀ। ਇਸ ਤਰ੍ਹਾਂ ਦੌਰੇ ਵਿਚ ਹੀ, ਮੁਕਤਸਰ ਮਾਘੀ ਦਾ ਮੇਲਾ ਜਾ ਮਨਾਇਆ। ਫਿਰ ਨਥਾਣੇ, ਭਦੌੜ, ਮਾਈਸਰ ਖ਼ਾਨੇ ਆਦਿ ਨਗਰਾਂ ਦਾ ਦੌਰਾ ਕਰਕੇ ਸਤਿਗੁਰੂ ਜੀ ਅਬਲੂ ਥਾਣੀਂ ਹੋ ਕੇ ਕਰਾਈਵਾਲੇ ਪਹੁੰਚੇ। ਇੱਥੋਂ ਮਲੋਟ ਮੰਡੀ, ਅਬੁਲ ਖਰਾਣੇ ਦੀ ਸੰਗਤ ਨੂੰ ਨਿਹਾਲ ਕਰਕੇ, ਵੱਡ ਤੀਰਥ ਦੀ ਯਾਤਰਾ ਕਰਕੇ, ਸਤਿਗੁਰੂ ਜੀ ਸਹੁਰਾ ਪਰਿਵਾਰ ਨੂੰ ਦਰਸ਼ਨ ਦੇਣ ਲਈ ਗੁਰੂਸਰ ਪੁੱਜ ਗਏ। ਸੂਬੇ ਮੀਹਾਂ ਸਿੰਘ ਹੋਰਾਂ ਸੰਗਤਾਂ ਦੀ ਜਲੇਬੀਆਂ ਦੇ ਲੰਗਰ ਨਾਲ ਖ਼ੁਸ਼ੀ ਪ੍ਰਾਪਤ ਕੀਤੀ। ਦੋ ਦਿਨ ਸਤਿਗੁਰੂ ਜੀ ਇਥੇ ਟਿਕੇ। ਇੱਥੋਂ ਰਿਆਸਤ ਬਹਾਵਲਪੁਰ ਦਾ ਦੌਰਾ ਸ਼ੁਰੂ ਕੀਤਾ।

**ਰਿਆਸਤ ਬਹਾਵਲਪੁਰ ਦਾ ਦੌਰਾ:**

ਰਿਆਸਤ ਵਿਚ ਭੇਡ ਵਾਲੀ ਵਿਖੇ, ਜੈਤਾ ਸਿੰਘ ਨਾਉਂ ਦਾ ਇਕ ਬੜਾ ਪ੍ਰੇਮੀ ਸਿੰਘ ਸੀ, ਬਹਾਵਲਪੁਰ ਦੇ ਦੌਰੇ ਦਾ ਪਹਿਲਾ ਪੜਾਅ ਉਥੇ ਕੀਤਾ। ਓਧਰ ਤਾਇਆ ਸੱਦਾ ਸਿੰਘ ਹੋਰਾਂ ਦੇ ਵੱਟ ਅਜੇ ਨਹੀਂ ਲੱਥੇ ਸਨ। ਉਹਨੇ ਨੀਲਿਆਂ ਵਾਲੀ ਦੇ ਜ਼ੈਲਦਾਰ ਗੁਰਮੁਖ ਸਿੰਘ ਨੂੰ ਸੁਨੇਹਾ ਭੇਜ ਦਿਤਾ ਕਿ ਮਹਾਰਾਜ ਪ੍ਰਤਾਪ ਸਿੰਘ ਦਾ ਦੌਰਾ ਤੇਰੀ ਰਿਆਸਤ ਵਿਚ ਹੋ ਰਿਹਾ ਹੈ। ਤੂੰ ਇਹਨਾਂ ਨੂੰ ਇਧਰ ਨਾ ਆਉਣ ਦੇ। ਅਹਿਲਕਾਰਾਂ ਅਤੇ ਆਪਣੇ ਰਸੂਖ ਵਾਲੇ ਬੰਦਿਆਂ ਦੀ ਮੱਦਦ ਨਾਲ ਦੌਰਾ ਡੱਕਣਾ ਚਾਹਿਆ। ਜ਼ੈਲਦਾਰ ਨੇ ਉਸੇ ਵੇਲੇ ਇਕ ਥਾਣੇਦਾਰ ਨੂੰ ਨਾਲ ਲੈ ਕੇ ਭੇਡਵਾਲੀ ਜੈਤਾ ਸਿੰਘ ਦੇ ਘਰ ਜਾ ਕੇ, ਇਕੱਠੀ ਹੋਈ ਸੰਗਤ ਨੂੰ ਥਾਣੇਦਾਰ ਤੋਂ ਕਹਾਉਣਾ ਚਾਹਿਆ ਕਿ ਆਪਣਾ ਸਾਮਾਨ ਚੁੱਕ ਕੇ ਰਿਆਸਤ ਤੋਂ ਬਾਹਰ ਹੋ ਜਾਣ। ਪਰ ਜਦੋਂ ਉਸ ਥਾਣੇਦਾਰ ਨੇ ਸਤਿਗੁਰੂ ਜੀ ਦਾ ਪ੍ਰਤਾਪ ਵੇਖਿਆ ਤਾਂ ਉਸ ਗੁਰਮੁਖ ਸਿੰਘ ਨੂੰ ਕਿਹਾ, "ਮੈਂ ਨਹੀਂ ਇਹਨਾਂ ਨੂੰ ਕੁਝ ਕਹਿ ਸਕਦਾ। ਕਿਉਂਕਿ ਡਾਕੂ ਤਾਂ ਇਹ ਬਣਦੇ ਨਹੀਂ ਜੋ ਤੂੰ ਕਿਹਾ ਸੀ, ਇਹ ਤਾਂ ਮਾਲਾ ਤਸਬੀਆਂ ਫੇਰਨ ਵਾਲੇ ਸਾਈਂ ਲੋਕ ਜੁੜੇ ਹਨ। ਤੂੰ ਸਾਡੇ ਪਾਸ ਝੂਠ ਬੋਲਿਆ ਹੈ ਕਿ ਰਿਆਸਤ ਵਿਚ ਡਾਕੂ ਆ ਵੜੇ ਹਨ। ਡਾਕੂ ਇਹੋ ਜਿਹੇ ਹੁੰਦੇ ਹਨ? ਇਸ ਰਿਆਸਤ ਦੀ ਜ਼ਿਆਦਾ ਵਸੋਂ ਤਾਂ ਮੁਸਲਮਾਨੀ ਹੀ ਸੀ। ਥਾਣੇਦਾਰ ਨੇ ਸਤਿਗੁਰੂ ਜੀ ਨੂੰ ਕਿਹਾ, "ਜੇ ਤੁਸੀਂ ਰਿਆਸਤ ਵਿਚ ਦੌਰਾ ਕਰਨਾ ਹੈ ਤਾਂ ਨਵਾਬ ਸਾਹਿਬ ਪਾਸੋਂ ਲਿਖਵਾ ਲਿਆਓ। ਫਿਰ ਕੋਈ ਵੀ ਤੁਹਾਡੀ ਵਾ ਵੱਲ ਨਹੀਂ ਵੇਖ ਸੱਕੇਗਾ। ਕਿਉਂਕਿ ਥਾਣੇਦਾਰ ਨੇ ਵੇਖ

ਲਿਆ ਸੀ ਕਿ ਸੌ ਸਿੰਘਾਂ ਦਾ ਜਥਾ ਹੈ, ਪੰਝੀ ਘੋੜੇ, ਚਾਰ ਊਠ ਨੇ, ਡਾਕੂਆਂ ਦਾ ਤਾਂ ਇਹ ਮਾਮਲਾ ਹੀ ਨਹੀਂ। ਢਾਡੀ ਵਾਰ ਲਾਉਣ ਵਾਲੇ ਤੇ ਮਿਰਾਸੀ ਰਾਗੀਆਂ ਦਾ ਜਥਾ ਨਾਲ ਹੈ। ਇਕ ਵੇਰ ਤਾਂ ਪੁਲੀਸ ਅਤੇ ਜ਼ੈਲਦਾਰ ਦੇ ਬੰਦੇ ਵੇਖ ਕੇ ਭਾਈ ਜੈਤਾ ਸਿੰਘ ਤਾਂ ਕੁਝ ਡੋਲ ਗਿਆ ਸੀ ਪਰ ਉਸ ਦੇ ਘਰੋਂ ਜਿਹੜੀ ਬੀਬੀ ਸੀ ਉਹ ਬਿਲਕੁਲ ਅਡੋਲ ਰਹੀ। ਪੂਰੀ ਤਿਆਰ-ਬਰ-ਤਿਆਰ ਹੋ ਕੇ ਉਸ ਆਖਿਆ, "ਕਿਹੜਾ ਜੰਮਿਆ ਹੈ ਇਸ ਧਰਤੀ ਤੇ ਸਾਡੇ ਸਤਿਗੁਰੂ ਦਾ ਦੌਰਾ ਰੋਕਣ ਵਾਲਾ? ਸਾਡੇ ਵੱਡੇ ਦੁਸ਼ਮਣ ਅੰਗਰੇਜ਼ ਹਨ ਜੇ ਉਹਨਾਂ ਦੇ ਇਲਾਕੇ ਵਿਚ ਸਾਨੂੰ ਕੋਈ ਨਹੀਂ ਡੱਕ ਸਕਦਾ ਤਾਂ ਰਿਆਸਤਾਂ ਕੀਹਦੀਆਂ ਪਾਣੀ ਹਾਰ ਹਨ। ਭਾਈ ਜੈਤਾ ਸਿੰਘ ਦੇ ਮਾਲਵੇ ਦੇ ਅੰਗ ਸਾਕ ਵੀ ਇਸ ਦੌਰੇ ਵਿਚ ਸਤਿਗੁਰੂ ਜੀ ਦੇ ਨਾਲ ਸਨ ਤਾਂ ਕਿ ਗੁਰਮੁਖ ਸਿੰਘ ਜ਼ੈਲਦਾਰ ਕੋਈ ਸ਼ਰਾਰਤ ਨਾ ਕਰ ਸਕੇ।"

ਸਤਿਗੁਰੂ ਜੀ ਦੇ ਨਾਲ ਜਿਹੜੇ ਮਲਵਈ ਸਿੰਘ ਸਨ, ਉਹਨਾਂ ਵਿਚੋਂ ਮੁਖੀਆਂ ਦੇ ਨਾਮ ਇਸ ਪ੍ਰਕਾਰ ਹਨ:

1. ਸ. ਮਾਨ ਸਿੰਘ ਅਬੁਲ ਖੁਰਾਣਾ
2. ਸ. ਹਰਚੰਦ ਸਿੰਘ ਕਰਾਈ ਵਾਲਾ
3. ਸ. ਭੈਰੋ ਸਿੰਘ ਲੱਕੜ ਵਾਲੀਆ
4. ਬਾਬਾ ਖੜਕ ਸਿੰਘ ਫੂਲੇ ਵਾਲਾ
5. ਅਰੂੜ ਸਿੰਘ ਬੱਲੂ ਆਣੀਆਂ ਜੋ ਅਤਰੀ ਬੱਧ ਵੇਲੇ 'ਜ਼ਿੰਦਾ ਸ਼ਹੀਦ' ਜਵੰਦ ਸਿੰਘ ਹੋਰਾਂ ਦੇ ਜਥੇ ਵਿਚ ਸੀ।
6. ਲਾਲ ਸਿੰਘ ਬੱਲੂਆਣੀਆ, ਅਰੂੜ ਸਿੰਘ ਦਾ ਛੋਟਾ ਭਾਈ ਸੀ
7. ਰੁਪਾਣੇ ਦਾ ਉੱਤਮ ਸਿੰਘ ।
8. ਹਜ਼ਾਰਾ ਸਿੰਘ ਕਾਰੀਗਰ ਨੀਲਿਆਂ ਵਾਲੀ ਦਾ ਹੀ ਸੀ

ਇਸ ਹਜ਼ਾਰਾ ਸਿੰਘ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਮੇਰੇ ਘਰ ਲੰਗਰ ਕਰੋ। ਨਹੀਂ ਤਾਂ ਘੱਟੋ ਘੱਟ ਚਰਨ ਜ਼ਰੂਰ ਪਾਓ। ਮੈਂ ਜਾਣਾਂ ਤੇ ਜ਼ੈਲਦਾਰ ਜਾਣੇ। ਇਸ ਹਜ਼ਾਰਾ ਸਿੰਘ ਦਾ ਰੋਜ਼ ਦਾ ਨਿਤਨੇਮ ਸੀ: ਸਵੇਰੇ ਆਪਣੇ ਘਰ ਆਸਾ ਦੀ ਵਾਰ ਲਾਉਣੀ ਅਤੇ ਰਾਤ ਨੂੰ ਕੀਰਤਨ ਕਰਕੇ ਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨੀ। ਰਹਿਤ ਬਹਿਤ ਦਾ ਬਹੁਤ ਪੱਕਾ ਸਿੰਘ ਸੀ। ਦੋ ਇਸ ਦੀਆਂ ਸਿੰਘਣੀਆਂ ਸਨ। ਸਤਿਗੁਰੂ ਜੀ ਤੋਂ ਬਿਨਾਂ ਕਿਸੇ ਤੋਂ ਡਰਦਾ ਨਹੀਂ ਸੀ। ਸਤਿਗੁਰ ਸੱਚੇ ਪਾਤਸ਼ਾਹ ਨੇ ਸਲਾਹ ਕਰਕੇ ਹੁਕਮ ਦਿਤਾ ਕਿ ਹਰਨਾਮ ਸਿੰਘ ਘੁੱਦਾਂ ਵਾਲੇ ਨੂੰ ਸੱਦ ਲਿਆਉ। ਅਰੂੜ ਸਿੰਘ ਨੂੰ ਇਹ ਹੁਕਮ ਹੋਇਆ ਬਲੂਆਣੀਏ ਨੂੰ। ਉਹ ਊਠ ਲੈ ਕੇ ਚਾਰ ਕੋਹ ਦੀ ਵਾਟ ਤੋਂ ਹਰਨਾਮ ਸਿੰਘ ਨੂੰ ਘੁੱਦਾਂ ਤੋਂ ਲੈ ਆਇਆ। ਸਤਿਗੁਰੂ ਜੀ ਨੇ ਹੁਕਮ

ਦਿਤਾ ਕਿ ਤੁਸੀਂ ਭਾਈ ਹੀਰਾ ਸਿੰਘ ਟਿੱਕੇ ਨੂੰ ਨਾਲ ਲੈ ਕੇ ਬਹਾਵਲਪੁਰ ਨਵਾਬ ਪਾਸ ਜਾਓ। ਹਰਨਾਮ ਸਿੰਘ ਨੇ ਅਰਜ਼ ਕੀਤੀ, "ਜੀ ਤੁਹਾਡਾ ਹੁਕਮ ਮੰਨ ਕੇ ਚਲੇ ਜਾਂਦੇ ਹਾਂ ਬਹਾਵਲਪੁਰ। ਵੈਸੇ ਜ਼ੈਲਦਾਰ ਗੁਰਮੁਖ ਸਿੰਘ ਦੀ ਕੀ ਤਾਕਤ ਹੈ ਪਾਤਸ਼ਾਹ ਦਾ ਦੌਰਾ ਡੱਕਣ ਦੀ? ਪਿੰਡ ਫੂਕ ਦੇਈਏ ਹੁਣੇ ਉਹਦਾ ਸਾਰੇ ਦਾ ਸਾਰਾ।" ਸਤਿਗੁਰੂ ਜੀ ਨੇ ਫੁਰਮਾਇਆ, "ਨਹੀਂ ਭਾਈ ਸਾਡਾ ਤਾਂ ਕਿਸੇ ਨਾਲ ਵੈਰ ਨਹੀਂ। ਤੁਸੀਂ ਕਾਗ਼ਜ਼ੀ ਕਾਰਵਾਈ ਕਰਕੇ ਪੂਰੀ, ਮੁੜ ਆਵੋ। ਆਪੇ ਸਮਝ ਜਾਵੇਗਾ।" ਇਹ ਦੋਵੇਂ ਸਿੰਘ ਬਚਨ ਮੰਨ ਕੇ ਬਹਾਵਲਪੁਰ ਚਲੇ ਗਏ। ਨਵਾਬ ਨੂੰ ਮਿਲ ਕੇ ਦੱਸਿਆ ਕਿ ਸਾਡੇ ਗੁਰੂ ਜੀ ਰਿਆਸਤ ਦਾ ਦੌਰਾ ਕਰਨਾ ਚਾਹੁੰਦੇ ਹਨ। ਸਾਰੀ ਵਿੱਥਿਆ ਦੱਸੀ ਕਿ ਇਸ ਤਰ੍ਹਾਂ ਜ਼ੈਲਦਾਰ ਗੁਰਮੁਖ ਸਿੰਘ ਕੁਝ ਕਿੜ ਰੱਖਦਾ ਹੈ। ਨਵਾਬ ਨੇ ਆਖਿਆ ਕਿ ਜਿਤਨੇ ਦਿਨ ਮਰਜ਼ੀ ਹੈ ਮਹਾਰਾਜ ਸਾਹਿਬ ਦੌਰਾ ਕਰਨ। ਮੇਰੀ ਰਿਆਸਤ ਉਹਨਾਂ ਦੇ ਚਰਨਾਂ ਦੀ ਛੁਹ ਨਾਲ ਪਵਿੱਤਰ ਹੋ ਜਾਏਗੀ। ਜੇ ਕੋਈ ਦੌਰੇ ਵਿਚ ਵਿਘਨ ਪਾਏਗਾ, ਮੈਂ ਜਿਹਲ ਵਿਚ ਡੱਕ ਦਿਆਂਗਾ। ਹੁਕਮ ਲੈ ਕੇ ਦੋਵੇਂ ਸਿੰਘ ਆ ਗਏ। ਤਿੰਨ ਦਿਨ ਦੌਰਾ ਭੇਡਵਾਲੀ ਰਿਹਾ। ਭੇਡਵਾਲੀ ਤੋਂ ਚੱਲ ਕੇ ਨੀਲਿਆਂ ਵਾਲੀ ਭਾਈ ਹਜ਼ਾਰਾ ਸਿੰਘ ਹੋਰਾਂ ਦੇ ਘਰ ਚਰਨ ਪਾਏ। ਉਥੋਂ ਸਤਿਗੁਰੂ ਜੀ, ਗੁਰਮੁਖ ਸਿੰਘ ਜ਼ੈਲਦਾਰ ਦੇ ਮਹਿਲਾਂ ਦੇ ਹੇਠੋਂ ਦੀ, ਘੋੜੇ ਲੰਘਾ ਕੇ, ਸਮੇਤ ਸੰਗਤ, ਘੁੱਦਾਂ ਚਲੇ ਗਏ। ਜਿਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਭਾਈ ਬਿਧੀ ਚੰਦ ਤੇ ਭਾਈ ਪੈੜਾ ਆਦਿ ਸੂਰਮੇ ਰਹਿੰਦੇ ਸਨ, ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਵੀ ਇਸ ਸਮੇਂ ਹਰਨਾਮ ਸਿੰਘ ਘੁੱਦਾਂ ਵਾਲਾ, ਮਾਨ ਸਿੰਘ ਅਬੁਲ ਖੁਰਾਣੀਆਂ, ਅਰੂੜ ਸਿੰਘ ਬੱਲੂਆਣੀਆ ਆਦਿ ਉਸੇ ਤਰ੍ਹਾਂ ਦੇ ਹੀ ਸੂਰਮੇ ਸਿੰਘ ਸਨ ਜਿਹੜੇ ਆਪਣੇ ਇਸ਼ਟ ਦੇ ਇਸ਼ਾਰੇ 'ਤੇ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਰਹਿੰਦੇ ਸਨ। ਸੂਰਮੇ ਦਾ ਦਾਈਆ ਸਿਰ ਨਾਲ ਹੁੰਦਾ ਹੈ। ਘੁੱਦਾ ਤੋਂ ਅੱਗੇ ਇਕ ਨਗਰ ਸੀ, ਇਕ ਦਿਨ ਦੌਰਾ ਉਥੇ ਰਿਹਾ। ਇਹ ਜਿਹੜੇ ਮਾਲਵੇ ਦੇ ਸਿੰਘ ਸਨ, ਇਕ ਦੂੰ ਇਕ ਚੜ੍ਹੰਦੇ, ਹਠੀ, ਜਪੀ, ਤਪੀ, ਭਜਨ ਬਾਣੀ ਦੇ ਪੱਕੇ, ਗੁਰੂ ਬਚਨਾਂ ਤੇ ਭਰੋਸਾ ਰੱਖਣ ਵਾਲੇ, ਸੂਰਮੇ ਸਿੰਘ ਸਨ। ਇੱਥੋਂ ਸਤਿਗੁਰੂ ਜੀ ਨੇ ਇਹਨਾਂ ਮਲਵਈ ਸਿੰਘਾਂ ਨੂੰ ਛੁੱਟੀਆਂ ਦੇ ਕੇ ਆਪੋ ਆਪਣੇ ਨਗਰਾਂ ਨੂੰ ਭੇਜ ਦਿਤਾ। ਅਗਲਾ ਦੌਰਾ ਸਤਿਗੁਰੂ ਜੀ ਦੇ ਨਾਲ ਰਹਿ ਕੇ ਇਕ ਗੁਰਮੁਖ ਸਿੰਘ ਅਰੋੜਾ ਨਾਂ ਦਾ ਸਿੰਘ ਕਰਾਉਂਦਾ ਹੈ।

**ਗੁਰਮੁਖ ਸਿੰਘ ਅਰੋੜੇ ਤੇ ਸੂਮ ਦੇ ਧਨ ਦੀ ਸਾਖੀ:**

ਇਹ ਗੁਰਮੁਖ ਸਿੰਘ ਅਰੋੜਾ ਇਕ ਵੇਰ ਆਪਣੇ ਇਲਾਕੇ ਦੀ ਉਗਰਾਹੀ ਕਰਕੇ ਗੁਰੂ ਹਰੀ ਸਿੰਘ ਜੀ ਪਾਸ ਪਹੁੰਚਿਆ, ਸ੍ਰੀ ਭੈਣੀ ਸਾਹਿਬ। ਜਿਸ ਵੇਲੇ ਸਤਿਗੁਰੂ ਜੀ ਨੂੰ ਮਾਇਆ ਭੇਟ ਕੀਤੀ ਤਾਂ ਉਹਨਾਂ ਨੇ ਦੋ ਰੁਪਏ ਵਿਚੋਂ ਕੱਢ ਕੇ

ਬਚਨ ਕੀਤਾ ਕਿ ਇਹ ਪੈਸੇ ਗੁਰੂ ਕੇ ਲੰਗਰ ਵਿਚ ਨਹੀਂ ਪਾਉਣੇ। ਇਹ ਕਿਸੇ ਵੱਡੇ ਸੂਮ ਦਾ ਧਨ ਹੈ। ਸਿੰਘ ਦੇ ਚਿਤ ਵਿਚ ਗੱਲ ਆਈ ਗਈ ਹੋ ਗਈ। ਦੋ ਰੁਪਏ ਉਹ ਆਪਣੇ ਬੋਝੇ ਵਿਚ ਪਾ ਕੇ ਆਪਣੇ ਦੇਸ ਨੂੰ ਚਲਾ ਗਿਆ। ਪਾਕ ਪਟਨ ਗੱਡੀ ਤੋਂ ਉਤਰਿਆ ਤਾਂ ਅੱਗੇ 15-16 ਨਾਂਗੇ ਸਾਧਾਂ ਦਾ ਝੁੰਡ ਉਹਨੂੰ ਟੱਕਰ ਗਿਆ। ਉਸ ਨੇ ਉਹ ਦੋ ਰੁਪਏ, ਉਹਨਾਂ ਸਾਧਾਂ ਨੂੰ ਮੱਥਾ ਟੇਕ ਦਿਤਾ। ਉਹਨਾਂ ਸਾਧਾਂ ਨੇ ਰਸਦ ਮੰਗਵਾ ਕੇ ਕੜਾਹ ਪ੍ਰਸ਼ਾਦ ਕੀਤਾ। ਉਹ ਬੜੇ ਸਵੱਲੇ ਸਮੇਂ ਸਨ। ਘਿਉ ਮਿੱਠਾ ਕਾਫ਼ੀ ਆ ਗਿਆ ਸੀ। ਜਿਸ ਵਕਤ ਉਹਨਾਂ ਸਾਧਾਂ ਨੇ ਪ੍ਰਸ਼ਾਦ ਛਕਿਆ। ਛਕਦਿਆਂ ਸਾਰ ਉਹਨਾਂ ਨੂੰ ਤਾਪ ਚੜ੍ਹ ਗਿਆ ਪੰਜ ਭੱਠ। ਸਾਧਾਂ ਨੂੰ ਸੁਰਤ ਵਿੱਸਰ ਗਈ ਤੇ ਆਪਣੀ ਸਰੀਰਕ ਕ੍ਰਿਆ ਵੀ ਉਹ ਆਪੇ ਸੋਧਣ ਤੋਂ ਅਸਮਰੱਥ ਹੋ ਗਏ। ਅੱਠਾਂ ਪਹਿਰਾਂ ਮਗਰੋਂ ਜਦੋਂ ਉਹਨਾਂ ਨੂੰ ਸੁਰਤ ਆਈ ਤਾਂ ਉਹਨਾਂ ਦਾ ਗੁਰੂ ਕਹਿੰਦਾ, "ਸਿੱਖਾ! ਸਾਡੇ ਨਾਲ ਇਹ ਕੀ ਧਰੋਹ ਕੀਤਾ ਈ? ਮਾਇਆ ਕਿੱਥੋਂ ਲਿਆਂਦੀ ਊ?" ਉਹਨੇ ਜੁਆਬ ਦਿਤਾ ਕਿ ਮੈਂ ਆਪਣੇ ਗੁਰੂ ਜੀ ਦਾ ਬਚਨ ਨਹੀਂ ਸੀ ਮੰਨਿਆ। ਉਹਨਾਂ ਕਿਹਾ ਸੀ ਕਿ ਇਹ ਰਕਮ ਸੂਮ ਦਾ ਧਨ ਹੈ। ਪਿਛੇ ਮੋੜ ਦੇਈਂ। ਮੈਂ ਪਿਛਾਂਹ ਮੋੜਨ ਦੀ ਬਜਾਏ ਤੁਹਾਨੂੰ ਭੇਟ ਕਰ ਦਿਤੇ। ਨਾਲੇ ਮੈਂ ਸੋਚਿਆ ਗੁਰੂ ਦੇ ਬਚਨ ਦਾ ਪ੍ਰਤਾਵਾ ਹੋ ਜਾਏਗਾ। ਤੁਹਾਡੀ ਤਕਲੀਫ ਦਾ ਮੈਨੂੰ ਬਹੁਤ ਅਫਸੋਸ ਹੈ। ਇਹ ਉਹ ਗੁਰਮੁਖ ਸਿੰਘ ਅਰੋੜਾ ਸੀ। ਹੁਣ ਦੌਰੇ ਨੂੰ ਲੈ ਕੇ ਅੱਗੇ ਤੁਰਦਾ ਹੈ।

ਉਥੋਂ ਸਤਿਗੁਰੂ ਜੀ ਨੀਲੀ ਦਰਿਆ, (ਮਿੰਟਗੁਮਰੀ ਅਤੇ ਇਸ ਤੋਂ ਅਗਲੇ ਇਲਾਕੇ ਵਿਚ ਸਤਲੁਜ ਅਤੇ ਬਿਆਸਾ ਦੋਹਾਂ ਇਕੱਠੇ ਦਰਿਆਵਾਂ ਨੂੰ ਨੀਲੀ ਆਖਦੇ ਹਨ। ਇਸ ਦੇ ਕੰਢੇ ਦੀਆ ਮੱਝਾਂ ਦੀ ਨਸਲ ਨੀਲੀ ਪ੍ਰਸਿੱਧ ਹੈ। ਇਹ ਨੀਲੀ ਤੇ ਰਾਵੀ ਦਰਿਆ ਦੇ ਵਿਚਾਲੇ ਦਾ ਦੇਸ ਹੈ) ਦੇ ਕੰਢੇ ਇਕ ਅਰੋੜੇ ਸਿੱਖਾਂ ਦਾ ਪਿੰਡ ਸੀ। ਉਥੇ ਪੁੱਜ ਗਏ। ਜਦ ਉਥੇ ਦੀਵਾਨ ਕੀਰਤਨ ਬਾਦ ਲੰਗਰ ਹੋਇਆ ਅਤੇ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਇਸ ਵਿਚ ਅਨਮਤੀਆਂ ਦੀ ਵੀ ਰਸਦ ਮਿਲੀ ਹੋਈ ਹੈ ਤਾਂ ਸਤਿਗੁਰੂ ਜੀ ਨੇ, ਜਿਹਨਾਂ ਘਰਾਂ ਵਿਚੋਂ ਰਸਦ ਆਈ ਸੀ, ਉਹਨਾਂ ਨੂੰ ਸੱਦ ਕੇ ਪੁੱਛਿਆ ਕਿਉਂ ਬਈ ਤੁਸੀਂ ਦਾਰੂ ਮਾਸ ਤਾਂ ਨਹੀਂ ਵਰਤਦੇ। ਉਹਨਾਂ ਕਿਹਾ ਜੀ ਦੋ ਤਿੰਨ ਸਰੀਰ ਤਾਂ ਨਹੀਂ ਖਾਦੇ ਅਤੇ ਦੋ ਤਿੰਨ ਖਾ ਲੈਂਦੇ ਹਨ। ਸਤਿਗੁਰੂ ਜੀ ਨੇ ਕਿਹਾ ਕਿ ਅਸੀਂ ਭਾਈ ਤੁਹਾਡਾ ਦਾਰੂ ਮਾਸ ਵਾਲਿਆਂ ਦਾ ਅੰਨ ਪਾਣੀ ਨਹੀਂ ਛਕ ਸਕਦੇ ਜਾਂ ਸਾਥੋਂ ਰਸਦ ਦੇ ਪੈਸੇ ਲੈ ਲਵੋ। ਉਹਨਾਂ ਨੇ ਅਰਜ਼ ਕੀਤੀ ਕਿ ਅਗਾਂਹ ਤੋਂ ਨਹੀਂ ਮਾਸ ਸ਼ਰਾਬ ਦੇ ਨੇੜੇ ਜਾਂਦੇ। ਪੱਕੀ ਰਹਿਤ ਬਹਿਤ ਵਿਚ ਹੋ ਗਏ। ਸਤਿਗੁਰੂ ਜੀ ਫਿਰ ਪ੍ਰਸ਼ਾਦ ਪਾਣੀ ਛਕ ਕੇ ਦੀਵਾਨ ਵਿਚ ਚਲੇ ਗਏ। ਉੱਥੇ ਫਿਰ ਬੜਾ ਹਾਸਾ ਪਿਆ। ਜਿਹੜਾ ਵੀ ਉਠੇ ਉਹ ਆਖੇ, "ਓਹ! ਮਹਾਰਾਜ! ਮੈਂ ਵੀ ਹਿਕ

ਮੱਛੀ ਖਾਧੀ ਆਹੀ। ਮੈਨੂੰ ਵੀ ਬਖ਼ਸ਼ ਘੱਤ।" ਸਤਿਗੁਰੂ ਜੀ ਨੇ ਆਪਣੀ ਬਖ਼ਸ਼ਿਸ਼ ਦਾ ਦਰ ਖੋਹਲ ਕੇ ਕੁੱਲ ਨੂੰ ਬਖਸ਼ ਦਿਤਾ।

**ਪਾਕ ਪਟਨ ਦਾ ਦੌਰਾ:**

ਇੱਥੋਂ ਸਤਿਗੁਰੂ ਜੀ ਦਰਿਆ ਲੰਘ ਕੇ ਪਾਕਪਟਨ ਦੇ ਇਲਾਕੇ ਵਿਚ ਜਾ ਪਹੁੰਚੇ। ਇਹ ਦੌਰਾ ਫੱਗਣ ਦੇ ਮਹੀਨੇ ਕੀਤਾ ਸੀ। ਇਥੇ ਸਤਿਗੁਰੂ ਜੀ ਨੇ ਹਵੇਲੀ ਅਤੇ ਅਮਰ ਸਿੰਘ ਦੀ ਸਰਾਂ ਆਦਿ ਪਿੰਡਾਂ ਵਿਚ ਦਰਸ਼ਨ ਦਿਤੇ। ਇੱਥੋਂ ਸਤਿਗੁਰੂ ਜੀ ਪਿੰਡ 'ਚਾਲੀ ਚੱਕ' ਵਿਖੇ ਜਾ ਪਹੁੰਚੇ। ਇੱਥੇ ਸੰਤ ਜਵੰਦ ਸਿੰਘ, ਜ਼ਿੰਦਾ ਸ਼ਹੀਦ, ਖਿਹਾਲੇ ਵਾਲਿਆਂ ਨੂੰ ਢਾਈ ਮੁਰੱਬੇ ਜ਼ਮੀਨ ਮਿਲੀ ਹੋਈ ਸੀ। ਇਹ ਮੇਲਾ ਸੰਤਾਂ ਹੀ ਕਰਵਾਇਆ ਸੀ ਅਤੇ ਦੋ ਲੰਗਰ ਇਥੇ ਹੋਏ ਸਨ। ਇਥੇ ਸਤਿਗੁਰੂ ਜੀ ਸੰਤਾਂ ਦੇ ਡੇਰੇ ਬਹਿ ਕੇ ਸੰਤਾਂ ਤੋਂ ਬਚਨ ਸੁਣਨ ਲੱਗ ਪਏ। ਸੰਤਾਂ ਨੇ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਸਾਹਮਣੇ ਬਹਿ ਕੇ ਜਿਹੜੇ ਜਿਹੜੇ ਕੰਮ ਉਹਨਾਂ ਨੇ ਕੀਤੇ ਸਨ ਸਭ ਦੱਸੇ। ਉਹ ਮੈਂ ਵਰਣਨ ਕਰਦਾ ਹਾਂ:

**ਅਤਰੀ ਬੱਧ:**

ਪਹਿਲਾਂ ਸੰਤਾਂ ਨੇ ਅਤਰੀ ਮਾਈ ਨੂੰ ਮਾਰਨ ਦਾ ਬਚਨ ਸੁਣਾਇਆ। ਇਹ ਅਤਰੀ ਮਾਈਸਰ ਖਾਨੇ ਦੇ ਜੱਟ ਪਰਿਵਾਰ ਨਾਲ ਸੰਬੰਧਿਤ ਨਾਮਧਾਰੀ ਸਿੱਖ* ਹਰਨਾਮ ਸਿੰਘ ਦੀ ਲੜਕੀ ਸੀ। ਇਹ ਮਨੀ ਸਿੰਘ ਦੀ ਭਤੀਜੀ ਸੀ, ਜਿਸਦਾ ਜ਼ਿਕਰ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਵੀ ਆਉਂਦਾ ਹੈ। ਭਾਈ ਸੰਤੋਖ ਸਿੰਘ ਮੁਤਾਬਿਕ ਮਾਤਾ ਜੱਸਾਂ ਦੇ ਚਲਾਣੇ ਤੋਂ ਰਤਾ ਪਹਿਲਾਂ ਇਹ ਘਟਨਾ ਹੋਈ। ਕਿਉਂਕਿ ਗੁਰੂ ਮਹਿਲ ਮਾਤਾ ਜੱਸਾਂ ਦੀ ਸਿਹਤ ਢਿੱਲੀ ਚੱਲ ਰਹੀ ਸੀ। (ਸਤਿਗੁਰੂ ਬਿਲਾਸ, ਭਾਗ ੧, ਸਫ਼ਾ 396-97) ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਅਕਾਲ ਚਲਾਣਾ ਕਰ ਗਏ ਤਾਂ ਇਕ ਦਿਨ ਮਾਲਵੇ ਦੇ ਸੂਬਾ ਗਿਆਨੀ ਸਿੰਘ ਜੀ ਅਤਰੀ ਨੂੰ ਨਾਲ ਲੈ ਕੇ ਸ੍ਰੀ ਭੈਣੀ ਸਾਹਿਬ ਪੁੱਜੇ। ਇਹ ਬਹੁਤ ਖ਼ੂਬਸੂਰਤ ਮੁਟਿਆਰ ਸੀ ਜੁਆਨੀ ਅਜੇ ਚੜ੍ਹ ਰਹੀ ਸੀ। ਸੂਬਾ ਗਿਆਨੀ ਸਿੰਘ ਜੀ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਸੰਗਤ ਨੂੰ ਆਪ ਦੇ ਸਾਹਿਬਜ਼ਾਦੇ ਵੇਖਣ ਦਾ ਚਾਉ ਹੈ। ਇਸ ਲਈ ਅਸੀਂ ਇਸ ਅਤਰੀ ਨਾਂ ਦੀ ਲੜਕੀ ਨਾਲ ਤੁਹਾਡੀ ਅਨੰਦ ਦੀ ਰਸਮ ਕਰਨੀ ਚਾਹੁੰਦੇ ਹਾਂ। ਸੱਚੇ ਪਾਤਸ਼ਾਹ ਨੇ ਜੁਆਬ ਦਿੱਤਾ, "ਗਿਆਨੀ ਸਿੰਘ! ਤੁਹਾਨੂੰ ਮਖ਼ੌਲ ਕਰਨ ਲਈ ਅੱਜ ਮੈਂ ਹੀ ਲੱਭਿਆ ਹਾਂ। ਮੈਂ 55 ਸਾਲਾਂ ਦਾ ਬੁੱਢਾ, ਉਹ ਸੋਲਾਂ ਵਰ੍ਹਿਆਂ ਦੀ ਨੌਜੁਆਨ ਲੜਕੀ। ਮੈਂ ਇਸ ਅਜੋੜ ਵਿਆਹ ਦੇ ਹੱਕ ਵਿਚ ਨਹੀਂ ਹਾਂ। ਜਾਓ ਆਪਣਾ ਕੰਮ ਕਰੋ।" ਪਰ ਗਿਆਨੀ ਸਿੰਘ ਹੋਰਾਂ

---

*ਉਸ ਦਾ ਇਕ ਹੋਰ ਨਾਮ ਰਾਮ ਸਿੰਘ ਵੀ ਰੀਕਾਰਡ ਵਿਚ ਮਿਲਦਾ ਹੈ।

ਅਤਰੀ ਦੀ  ਮੁੰਦਰੀ ਦਬਾ ਦਬ ਸ੍ਰੀ ਸਤਿਗੁਰੂ ਜੀ ਦੀ ਉਂਗਲ ਵਿਚ ਪਾ ਦਿਤੀ। ਪਾਤਸ਼ਾਹ ਗਰਮੀ ਵਿਚ ਆਏ ਤੇ ਕਿਹਾ ਕਿ ਗਿਆਨੀ ਸਿੰਘ ਤੂੰ ਮੇਰੇ ਗਲ ਵਿਆਹ ਦਾ ਫਾਹ ਪਾਉਣਾ ਚਾਹੁੰਦਾ ਏ, ਇਹ ਫਾਹ ਕਿਸੇ ਹੋਰ ਦੇ ਗਲ ਪਾ। ਲੈਣ ਤਾਂ ਖ਼ੁਸ਼ੀਆਂ ਗਏ ਸਨ, ਪਰ ਕੰਮ ਉਲਟ ਹੋ ਗਿਆ। ਗਿਆਨੀ ਸਿੰਘ ਹੋਰੀਂ ਰਾਇਕੋਟ ਵਾਲੇ ਬੁੱਚੜਾਂ ਦੇ ਸਾਕੇ ਵਿਚ ਲੁਧਿਆਣੇ ਜੇਹਲ ਵਿਚ ਫਾਹੇ ਲਾ ਕੇ ਸ਼ਹੀਦ ਕਰ ਦਿਤੇ ਗਏ।* ਮਲੇਰ ਕੋਟਲੇ ਵਿਚ ਸਿੰਘ ਤੋਪਾਂ ਨਾਲ ਉਡਾਏ ਗਏ ਅਤੇ ਸ੍ਰੀ ਸਤਿਗੁਰੂ ਜੀ ਪ੍ਰਦੇਸ ਭੇਜ ਦਿਤੇ ਗਏ। ਮੁੰਦਰੀ ਵਾਲੀ ਗੱਲ ਤੋਂ ਬਾਅਦ ਸਾਰੀ ਸੰਗਤ ਅਤਰੀ ਨੂੰ ਆਪਣੀ ਮਾਤਾ ਸਮਝ ਕੇ 'ਮਾਈ ਅਤਰੀ' ਕਹਿ ਕੇ ਸਨਮਾਨ ਨਾਲ ਬੁਲਾਉਣ ਲੱਗ ਪਈ। ਪੰਜ ਛੇ ਮਹੀਨੇ ਬਾਦ ਹੀ ਉਸ ਘਟਨਾ ਤੋਂ, ਸਤਿਗੁਰੂ ਜੀ, ਦੇਸ ਛੱਡ ਜਾਂਦੇ ਹਨ। ਹੁਣ ਮਾਈ ਦਾ ਪ੍ਰਤਾਪ ਦਿਨੋ ਦਿਨ ਵਧਣ ਲਗ ਪਿਆ। ਰਾਜੇ ਮਹਾਰਾਜੇ ਵੀ ਉਹਨੂੰ ਮੱਥੇ ਟੇਕਦੇ ਹਨ। ਸੰਗਤਾਂ ਜਾਣ। ਮੇਲੇ ਹੋਣ। ਪ੍ਰਦੇਸ ਵਿਚ ਗੁਰੂ ਦਰਸ਼ਨ ਹਿੱਤ ਜੋ ਇਧਰੋਂ ਸਿੰਘ ਜਾਂਦੇ ਉਹਨਾਂ ਨੇ ਸਤਿਗੁਰੂ ਜੀ ਪਾਸ ਅਤਰੀ ਦੀ ਬੜੀ ਸੋਭਾ ਕੀਤੀ ਕਿ ਜੀ ਉਸਦਾ ਬੜਾ ਤੇਜ ਪ੍ਰਤਾਪ ਹੈ, ਤੁਹਾਡੀ ਕ੍ਰਿਪਾ ਨਾਲ। ਸਤਿਗੁਰੂ ਜੀ ਨੇ ਉਧਰੋਂ ਇਕ ਹੁਕਮਨਾਮਾ ਮਨੀ ਸਿੰਘ ਦੇ ਨਾਂ ਲਿਖ ਕੇ ਦਿੱਤਾ ਜਿਸ ਵਿਚ ਅਤਰੀ ਪ੍ਰਥਾਇ ਲਿਖਿਆ ਸੀ

*"ਅਗੇ ਮਨੀ ਸਿੰਘ ਜੀ, ਤੁਸੀਂ ਅਤਰੀ ਦੇ ਮਾਂ ਪਿਉ ਨੂੰ ਆਖਣਾ ਮੇਰਾ ਕਹਿਣਾ ਤੁਸੀਂ ਕਿਉਂ ਨਹੀਂ ਸਮਝਦੇ ? ਕਿਉਂ ਕਮਲੇ ਹੋਏ ਹੋ ? ਅਤਰੀ ਤਾ ਇਆਣੀ ਹੈ, ਤੁਸੀਂ ਵੀ ਇਆਣੇ ਹੋ ? ਏਸ ਦੀ ਏਸ ਤਰ੍ਹਾਂ ਕਦ ਤੱਕ ਨਿਭੂਗੀ।" (ਹੁਕਮਨਾਮਾ ੧੨)*

ਜਿਹੜੇ ਦੁਸ਼ਮਣ ਹੁੰਦੇ ਹਨ ਉਹ ਹਮੇਸ਼ਾ ਮੌਕੇ ਦੀ ਭਾਲ ਵਿਚ ਰਹਿੰਦੇ ਹਨ। 'ਦੁਸ਼ਮਣ ਬਾਤ ਕਰੇ ਅਨਹੋਣੀ'। ਤੇਜਾ ਸਿੰਘ ਭਸੌੜੀਆ ਸੀ ਜਿਸ ਪੰਚ ਖਾਲਸਾ ਦੀਵਾਨ ਬਣਾਇਆ ਸੀ। ਉਹ ਅੰਗ੍ਰੇਜ਼ ਸਰਕਾਰ ਦਾ ਬੜਾ ਵੱਡਾ ਝੋਲੀ ਚੁੱਕ ਸੀ। ਕੂਕਿਆਂ ਦਾ ਕੱਟੜ ਵਿਰੋਧੀ ਸੀ। ਕੂਕਿਆਂ ਦੇ ਖ਼ਿਲਾਫ਼ ਸਰਕਾਰ ਦੇ ਕੰਨ ਭਰਦਾ ਰਹਿੰਦਾ ਸੀ। ਉਹਨੂੰ ਵੀ ਆਪਣੇ ਕਿਸੇ ਵਸੀਲੇ ਤੋਂ ਇਹ ਪਤਾ ਲੱਗ ਗਿਆ ਕਿ ਅਤਰੀ ਨੂੰ ਗੁਰੂ ਜੀ ਦਾ ਇਸ ਤਰ੍ਹਾ ਦਾ ਕੋਈ ਹੁਕਮਨਾਮਾ ਆਇਆ ਹੈ। ਉਸ ਆਪਣੇ ਮਨ ਵਿਚ ਸਬੀਲ ਸੋਚਣੀ ਸ਼ੁਰੂ ਕਰ ਦਿਤੀ ਕਿ ਅਤਰੀ ਨੂੰ ਕਿਸੇ ਤਰੀਕੇ ਨਾਲ ਉਹਦੇ ਧਰਮ ਤੋਂ ਡੇਗੀਏ ਅਤੇ ਇਸ ਤਰ੍ਹਾਂ ਕੂਕਿਆਂ ਦੇ ਮਗਰ ਭੰਡੀ ਲਾ ਦਿਆਂਗੇ। ਭਸੌੜੀਏ ਨੇ ਇਕ ਔਰਤ ਜਸੂਸੀ ਕਰਨ ਵਾਸਤੇ ਮਾਈ ਅਤਰੀ ਦੇ ਡੇਰੇ ਮਾਈਸਰਖ਼ਾਨੇ ਵਿਖੇ ਛੱਡ ਦਿਤੀ। ਉਹ ਔਰਤ ਜੋ ਗੱਲਾਂ ਵੀ ਦਿਹਾੜੀ ਵਿਚ ਮਾਈ ਅਤਰੀ ਗੁਰੂ ਰਾਮ ਸਿੰਘ ਜੀ ਬਾਰੇ ਕਰੇ, ਉਹ ਸਭ ਗੱਲਾਂ ਚਿੱਠੀ ਰਾਹੀਂ ਇਕ

---

*26 ਨਵੰਬਰ 1871

ਬਨਾਉਟੀ ਗੁਰੂ ਰਾਮ ਸਿੰਘ ਬਣ ਗਿਆ, ਜੋ ਜ਼ਾਤ ਦਾ ਤੇਲੀ (ਭਾਈ ਸੰਤੋਖ ਸਿੰਘ ਉਹਨੂੰ ਕਬੀਰ ਪੰਥੀਆ ਲਿਖਦੇ ਹਨ। ਪਰ ਬਾਦ ਵਿਚ ਭਾਈ ਜੀ ਕੁਝ ਥਾਵਾਂ 'ਤੇ ਵਿਸ਼ੇਸ਼ ਕਰ ਅਤਰੀ, ਜਿਸ ਦਾ ਕਤਲ 1904 ਈ. ਵਿਚ ਹੋਇਆ, ਉੱਥੇ ਉਸ ਦੇ ਨਾਲ ਰਹਿੰਦੇ ਕਤਲ ਹੋਣ ਵਾਲੇ ਨੂੰ ਤੇਲੀ ਲਿਖਦੇ ਹਨ। ਸਤਿਗੁਰੂ ਬਿਲਾਸ, ਭਾਗ 2, ਸਫ਼ਾ 307-308, ਸਤਿਗੁਰੂ ਬਿਲਾਸ, ਭਾਗ 2, ਸਫ਼ਾ 380) ਸੀ, ਉਹਨੂੰ ਭੇਜ ਦਿਆ ਕਰੇ। ਉਸ ਬਨਾਉਟੀ ਗੁਰੂ ਰਾਮ ਸਿੰਘ ਨੇ ਕਦੇ ਕਦਾਈਂ ਮਾਈ ਕੋਲ ਆ ਜਾਣਾ ਤੇ ਆਪਣੀ ਜਸੂਸ ਔਰਤ ਦੀ ਦੱਸ ਮੁਤਾਬਿਕ ਉਹਨੂੰ ਕਹਿਣਾ ਕਿ ਤੂੰ ਫਲਾਣੇ ਵੇਲੇ ਫਲਾਣੀ ਥਾਂ ਤੇ ਮੈਨੂੰ ਯਾਦ ਕੀਤਾ ਸੀ। ਮੈਂ ਐਡੀ ਦੂਰੋਂ ਸਿਰਫ਼ ਤੈਨੂੰ ਮਿਲਣ ਵਾਸਤੇ ਆਇਆ ਹਾਂ ਵਗੈਰਾ ਵਗੈਰਾ। ਮਾਈ ਨੇ ਸਤਿਗੁਰੂ ਜੀ ਦਾ ਬਚਨ ਤਾਂ ਮੰਨਿਆ ਨਹੀਂ ਸੀ ਸੋ ਉਸ ਦੀ ਮੱਤ ਮਾਰੀ ਜਾ ਚੁੱਕੀ ਸੀ। ਉਸ ਬਨਾਉਟੀ ਗੁਰੂ ਬਣੇ ਤੇਲੀ ਨੂੰ ਹੀ ਉਸ ਅਸਲੀ ਗੁਰੂ ਰਾਮ ਸਿੰਘ ਮੰਨ ਲਿਆ ਅਤੇ ਵਿਆਹ ਕਰਵਾ ਕੇ ਉਸ ਦੇ ਨਾਲ ਰਹਿਣਾ ਸ਼ੁਰੂ ਕਰ ਦਿਤਾ। ਮਾਈਸਰ ਖ਼ਾਨੇ ਹੀ ਮਾਈ ਦੇ ਡੇਰੇ ਵਿਚ ਦੋਵੇਂ ਜਣੇ ਬੰਦਾ ਜਨਾਨੀ ਬਣ ਕੇ ਰਹਿਣ ਲੱਗ ਪਏ। ਨਾਮਧਾਰੀ ਪੰਥ ਨੂੰ ਵੀ ਪਤਾ ਲੱਗ ਗਿਆ ਕਿ ਸਾਡੇ ਨਾਲ ਇਹ ਚਾਰ ਸੌ ਵੀਹ ਤੇਜਾ ਸਿੰਘ ਭਸੌੜੀਏ ਨੇ ਕਰਵਾ ਦਿਤੀ ਹੈ। ਮਾਈ ਛਲੀ ਗਈ ਹੈ। ਸੰਤ ਜਵੰਦ ਸਿੰਘ 'ਜ਼ਿੰਦਾ ਸ਼ਹੀਦ' ਲੁਧਿਆਣੇ ਆਕੇ ਪੁਲੀਸ ਕਪਤਾਨ ਬਾਰਬਟਨ ਨੂੰ ਮਿਲੇ ਅਤੇ ਉਹਨਾਂ ਤੇਜਾ ਸਿੰਘ ਦੀ ਕਰਤੂਤ ਬਾਰੇ ਦੱਸਿਆ। ਬਾਰਬਟਨ ਨੂੰ ਕਿਹਾ ਕਿ ਤੂੰ ਇਸਦਾ ਇੰਤਜ਼ਾਮ ਕਰ। ਅੱਗੇ ਤੁਹਾਡੀ ਸਰਕਾਰ ਨੇ ਮਲੇਰਕੋਟਲੇ ਦੀ ਘਟਨਾ ਨੂੰ ਰੋਕਣ ਲਈ ਕੋਈ ਇੰਤਜ਼ਾਮ ਨਹੀਂ ਸੀ ਕੀਤਾ। ਜੇ ਸਰਕਾਰ ਵਕਤ ਸਿਰ ਇਤਲਾਹ ਮਿਲਣ ਤੇ ਪ੍ਰਬੰਧ ਕਰਦੀ ਤਾਂ ਸਿੰਘ ਕਿਉਂ ਉਥੇ ਸ਼ਹੀਦ ਹੁੰਦੇ ਅਤੇ ਸਤਿਗੁਰਾਂ ਨੂੰ ਕਿਉਂ ਪ੍ਰਦੇਸ ਜਾਣਾ ਪੈਂਦਾ? ਹੁਣ ਇਹ ਤੇਜਾ ਸਿੰਘ ਸਾਡੇ ਪੰਥ ਦੇ ਪਿੱਛੇ ਹੱਥ ਧੋ ਕੇ ਪੈ ਗਿਆ ਹੈ। ਪਹਿਲਾਂ ਤੋਪਾਂ, ਫਾਂਸੀਆਂ, ਕਾਲੇ ਪਾਣੀਆਂ ਤੇ ਜਾਇਦਾਦ ਦੀਆਂ ਜ਼ਬਤੀਆਂ ਤੋਂ ਸਾਡਾ ਪੰਥ ਜੇ ਝਿਪਿਆ ਨਹੀਂ ਤਾਂ ਹੁਣ ਕੂਕਿਆਂ ਦੀ ਮਾਂ ਨੇ ਖਸਮ ਕਰ ਲਿਆ ਹੈ, ਇਹ ਭੰਡੀ ਪ੍ਰਚਾਰ ਸਾਡੇ ਪਿੱਛੇ ਲਾਉਣ ਦੀ ਭਸੌੜੀਏ ਨੇ ਜਾਹਲਸਾਜ਼ੀ ਕੀਤੀ ਹੈ ਅਤੇ ਮਾਈ ਨੂੰ ਵਰਗਲਾ ਲਿਆ ਹੈ। ਬਾਰਬਟਨ ਨੇ ਕਿਹਾ ਮੈਂ ਨਹੀਂ ਮੰਨਦਾ। ਸੰਤਾਂ ਆਖਿਆ ਹੁਣ ਚੱਲ ਸਾਡੇ ਨਾਲ ਜੇ ਤੈਨੂੰ ਗੁਰੂ ਰਾਮ ਸਿੰਘ ਦੇ ਨਾਂ ਦੀਆਂ ਜਾਹਲੀ ਚਿੱਠੀਆਂ ਨਾ ਫੜਾਈਏ। ਬਾਰਬਟਨ ਚੱਲ ਪਿਆ। ਸੰਤਾਂ ਦੇ ਨਾਲ ਅਛੋਪਲੇ ਹੀ ਉਹਦੇ ਘਰ ਭਸੌੜ ਅੱਪੜ ਗਏ। ਰਵਾਂ ਰਵੀਂ ਅੰਦਰ ਲੰਘ ਗਏ। ਅੰਦਰ ਉਹਦਾ ਕੋਟ ਲਮਕਦਾ ਸੀ। ਉਹਦੀ ਜੇਬ ਵਿਚ ਸੰਤਾਂ ਨੇ ਹੱਥ ਮਾਰਿਆ। ਸਤਾਰਾਂ ਜਾਹਲੀ ਚਿੱਠੀਆਂ ਗੁਰੂ ਰਾਮ ਸਿੰਘ ਜੀ ਦੇ ਨਾਂ ਹੇਠ ਲਿਖੀਆਂ ਫੜੀਆਂ ਗਈਆਂ। ਬਾਰਬਟਨ ਸਮਝ ਤਾਂ ਸਾਰੀ ਗੱਲ ਗਿਆ ਪਰ ਪ੍ਰਬੰਧ ਕੋਈ ਨਾ ਕੀਤਾ। ਜਿਸ ਭਸੌੜੀਏ ਤੇ ਜਾਹਲਸਾਜ਼ੀ ਦਾ ਮੁਕੱਦਮਾ

ਚਲਣਾ ਚਾਹੀਦਾ ਸੀ, ਨਾ ਚਲਾਇਆ। ਕਿਉਂ ਜੁ ਉਹ ਕੂਕਾ ਲਹਿਰ ਨੂੰ ਦਬਾਉਣ ਵਾਸਤੇ ਅੰਗ੍ਰੇਜ਼ਾਂ ਅੱਗੇ ਝੂਠ ਸੱਚ ਬੋਲ ਕੇ ਜੀਅ ਤੋੜ ਕੋਸ਼ਿਸ਼ ਕਰਦਾ ਰਹਿੰਦਾ ਸੀ। ਸਰਕਾਰ ਨੂੰ ਇਹ ਵੀ ਲਿਖਦਾ ਸੀ ਕਿ ਗੁਰੂ ਰਾਮ ਸਿੰਘ ਨੂੰ ਹੋਰ ਦੁਰਾਡੇ ਲੈ ਜਾਓ। ਇਹਨਾਂ 'ਤੇ ਸਖਤੀ ਵਧਾ ਦਿਉ। ਤਾਂ ਜੁ ਕੂਕੇ ਇਹਨਾਂ ਦੇ ਹੁਕਮਨਾਮੇ ਲੈ ਕੇ ਨਾ ਆ ਸਕਣ। ਜਿਉਂ ਜਿਉਂ ਪ੍ਰਦੇਸ ਤੋਂ ਸਤਿਗੁਰਾਂ ਦੇ ਹੁਕਮਨਾਮੇ ਆਉਂਦੇ ਸਨ, ਸਿੰਘਾਂ ਵਿਚ ਜੋਸ਼ ਆਉਂਦਾ ਸੀ ਤੇ ਉਹ ਰੂਸ ਦੀ ਉਡੀਕ ਕਰਦੇ ਸਨ, ਜਿਹਨੇ ਏਥੋਂ ਅੰਗੇਰਜ਼ਾਂ ਨੂੰ ਕੱਢ ਕੇ ਮਹਾਂ ਮਲੇਛ ਦਾ ਨਾਸ ਕਰਕੇ ਸੰਤ ਖ਼ਾਲਸੇ ਦਾ ਰਾਜ ਕਾਇਮ ਕਰਨ ਵਿਚ ਹਿੱਸਾ ਪਾਉਣਾ ਸੀ।

ਬਾਰਬਟਨ ਤੋਂ ਨਿਰਾਸ਼ ਹੋ ਕੇ ਸੰਤ ਜਵੰਦ ਸਿੰਘ ਜੀ ਡੇਰੇ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਪਾਸ ਆ ਗਏ। ਸਾਰਾ ਬਿਰਤਾਂਤ ਉਹਨਾਂ ਨੂੰ ਸੁਣਾਇਆ। ਸਤਿਗੁਰੂ ਜੀ ਨੇ ਜਵੰਦ ਸਿੰਘ ਹੋਰਾਂ ਨੂੰ ਕਿਹਾ ਕਿ ਹੁਣ ਤੁਸੀਂ ਪੰਥ ਦੇ ਮੁਖੀ ਸਿੰਘ ਜੋ ਮੁਨਾਸਬ ਸਮਝੋ ਕਰ ਲਵੋ, ਮੈਂ ਤੁਹਾਡੇ ਕੰਮ ਦੇ ਰਾਹ ਵਿਚ ਹੁਣ ਅੜਿੱਕਾ ਨਹੀਂ ਬਣਦਾ।

ਸੰਤ ਜਵੰਦ ਸਿੰਘ ਜੀ ਨੇ ਇਸ ਮਕਸਦ ਲਈ ਆਪਣਾ ਇਕ ਸ਼ਹੀਦੀ ਜਥਾ ਤਿਆਰ ਕਰ ਲਿਆ। ਉਹਨਾਂ ਦੇ ਨਾਲ ਤਿੰਨ ਸਿੰਘ ਹੋਰ ਸ਼ਾਮਲ ਹੋਏ। ਵਧਾਵਾ ਸਿੰਘ ਪਿੰਡ ਝੀਤੇ (ਅੰਮ੍ਰਿਤਸਰ), ਅਰੂੜ ਸਿੰਘ ਬੱਲੂਆਣਾ (ਫੀਰੋਜ਼ਪੁਰ) ਅਤੇ ਕਿਸ਼ਨ ਸਿੰਘ ਵਰਨ (ਸ਼ੇਖ਼ੂਪੁਰਾ)। ਇਕ ਬੱਗੇ ਰੰਗ ਦਾ ਊਠ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਤੋਂ ਲੈ ਲਿਆ ਜਿਹੜਾ ਸੂਰਜ ਉੱਗਣ ਤੋਂ ਡੁੱਬਣ ਤੱਕ ਸੱਠ ਕੋਹ ਪੰਧ ਮੁਕਾ ਦਿੰਦਾ ਸੀ। ਜਦੋਂ ਇਹ ਬਠਿੰਡੇ ਪੁੱਜੇ ਤਾਂ ਉਥੇ ਇਹਨਾਂ ਨੂੰ ਮਹੰਤ ਸੇਵਾ ਸਿੰਘ ਮਿਲ ਪਿਆ। ਜਵੰਦ ਸਿੰਘ ਹੋਰਾਂ ਕਿਹਾ ਕਿ ਮਹੰਤ ਜੀ ਦਬਾ-ਦਬ ਸ੍ਰੀ ਭੈਣੀ ਸਾਹਿਬ ਜਾ ਕੇ ਹਾਜ਼ਰ ਹੋ ਜਾਣਾ ਤਾਂ ਕਿ ਚੌਂਕੀ ਵਾਲੇ ਤੁਹਾਡੀ ਹਾਜ਼ਰੀ ਲਾ ਲੈਣ। ਨਹੀਂ ਤਾਂ ਤੁਸੀਂ ਵੀ ਫੜੇ ਜਾ ਸਕਦੇ ਹੋ।

ਉਸ ਰਾਤ ਦੇ ਘੁਸਮੁਸੇ ਜਿਹੇ ਹਨੇਰੇ ਵਿਚ ਇਹ ਮਾਈ ਅਤਰੀ ਦੇ ਡੇਰੇ ਪੁੱਜੇ। ਮਾਈ ਤਾਂ ਡੇਰੇ ਤੇ ਸ਼ਾਮ ਦੇ ਪ੍ਰਸ਼ਾਦਿਆਂ ਵਾਸਤੇ ਤੰਦੂਰ ਤਪਾ ਰਹੀ ਸੀ। ਵਿਹੜੇ ਵਿਚ ਛਾਪਿਆਂ ਦੇ ਕੰਡੇ ਖਿੱਲਰੇ ਸਨ। ਮਾਈ ਨੇ ਜਦੋਂ ਵੇਖਿਆ ਕਿ ਕੁਝ ਜਣੇ ਆ ਰਹੇ ਹਨ ਤਾਂ ਕਹਿਣ ਲੱਗੀ ਕਿ ਰੁਕਿਓ ਭਾਈ, ਅੱਗੇ ਕੰਡੇ ਖਿਲਰੇ ਹਨ।"
"ਅਸੀਂ ਕੰਡੇ ਹੀ ਚੁਗਣ ਆਏ ਹਾਂ, ਮਾਈ! ਜਿਹੜੇ ਸਾਡੇ ਪੰਥ ਦੇ ਰਾਹ ਵਿਚ ਖਿਲਾਰੇ ਈ।" ਚਹੁੰਆਂ ਵਿਚੋਂ ਇਕ ਸਿੰਘ ਸ਼ਾਇਦ ਅਰੂੜ ਸਿੰਘ ਨੇ ਆਖਿਆ, ਜਿਹੜਾ ਕਿਸੇ ਸਮੇਂ ਮਾਈ ਦਾ ਲਾਂਗਰੀ ਰਹਿ ਚੁੱਕਾ ਸੀ ਤੇ ਨਵੀਂ ਖੇਡ ਵੇਖ ਕੇ ਡੇਰਾ ਛਡ ਗਿਆ ਸੀ। ਮਾਈ ਨੂੰ ਖੁੜਕ ਗਈ, ਅੰਦਰ ਭੱਜਣ ਲੱਗੀ। ਵਧਾਵਾ ਸਿੰਘ

ਹੋਰਾਂ ਨੇ ਟਕੂਆ ਮਾਰ ਕੇ ਡੇਗ ਦਿਤੀ। ਇਕ ਦੋ ਸੱਟਾਂ ਹੋਰ ਮਾਰੀਆਂ ਅਤੇ ਕੰਮ ਨਬੇੜ ਦਿਤਾ। ਤੇਲੀ, ਜੋ ਬਣਿਆ ਸੀ ਨਕਲੀ ਗੁਰੂ; ਉਹ ਪਿੰਡ ਨੂੰ ਨੱਸ ਤੁਰਿਆ। ਕਿਸ਼ਨ ਸਿੰਘ ਵਰਨ ਉਹਦੇ ਪਿੱਛੇ ਭੱਜਿਆ। ਸਿੰਘ ਵਿਚ ਪੰਥ ਦੋਖੀ ਨੂੰ ਗੱਡੀ ਚਾੜਨ ਦਾ ਐਨਾ ਜੋਸ਼ ਸੀ ਕਿ ਤੇਲੀ ਮਗਰ ਨੱਸਦੇ ਕਿਸ਼ਨ ਸਿੰਘ ਨੇ ਤਿੰਨ ਚੁੰਗੀਆਂ ਅਠਾਰਾਂ ਅਠਾਰਾਂ ਹੱਥ ਦੀਆਂ ਮਾਰੀਆਂ। ਜਦੋਂ ਅੰਗ੍ਰੇਜ਼ ਅਫ਼ਸਰ ਮੌਕੇ ਤੇ ਆਇਆ ਸੀ ਤਾਂ ਉਸ ਛਾਲਾਂ ਦੇ ਨਿਸ਼ਾਨ ਵੇਖ ਕੇ ਅਤੇ ਫਾਸਲਾ ਮਿਣ ਕੇ ਕਲਮ ਮੂੰਹ ਵਿਚ ਪਾ ਲਈ ਸੀ। ਅਖੇ, ਇਹ ਕੰਮ ਬੰਦਾ ਤਾਂ ਨਹੀਂ ਕਰ ਸਕਦਾ। ਇਹ ਖ਼ੁਦਾ ਦਾ ਕੰਮ ਹੈ। ਤੇਲੀ ਨੂੰ ਪਿੰਡੋਂ ਬਾਹਰ ਨਿਕਲ ਕੇ ਕਿਸ਼ਨ ਸਿੰਘ ਹੋਰਾਂ ਝਟਕਾ ਦਿਤਾ। ਫਿਰ ਜਾ ਪਏ ਮਾਈ ਦੇ ਡੇਰੇ ਨੂੰ ਦੁਬਾਰਾ, ਅੰਦਰੋਂ ਪੇਟੀ ਵਿਚ ਹੱਥ ਮਾਰ ਕੇ, ਟੂਮ ਛੱਲਾ ਤੇ ਕੁਝ ਮਾਇਆ, ਬਿਪਤਾ ਸਮੇਂ ਲਈ ਪਹਿਰੇ ਵਿਚ ਕਰ ਲਈ। ਜਦੋਂ ਕਿਸ਼ਨ ਸਿੰਘ ਦੁਬਾਰਾ ਡੇਰੇ ਵਿਚ ਆਇਆ ਸੀ ਉਸ ਤੋਂ ਪਹਿਲਾ ਜਵੰਦ ਸਿੰਘ ਹੋਰਾਂ ਨੂੰ ਟਪਲਾ ਲੱਗ ਗਿਆ। ਉਹਨਾਂ ਸਮਝਿਆ ਕਿ ਮਾਈ ਮਰ ਗਈ ਤਾਂ ਕਿਸ਼ਨ ਸਿੰਘ ਵੀ ਡੇਰੇ ’ਚੋਂ ਨਿਕਲ ਗਿਆ ਹੈ। ਉਹਨਾਂ ਨੂੰ ਇਹ ਧਿਆਨ ਨਾ ਰਿਹਾ ਕਿ ਉਹ ਤੇਲੀ ਮਗਰ ਨੱਸਿਆ ਹੈ। ਸੋ ਜਦੋਂ ਦੁਬਾਰਾ ਉਹ ਆਇਆ ਅਤੇ ਡੇਰੇ ਵਿਚੋਂ ਮਾਲ ਮੱਤਾ ਲੈ ਕੇ ਬਾਹਰ ਨਿਕਲਣ ਲੱਗਾ ਤਾਂ ਉਹਦਾ ਬੂਹਾ ਸਾਰੇ ਪਿੰਡ ਨੇ ਘੇਰਿਆ ਹੋਇਆ ਸੀ। ਫਿਰ ਸਿੰਘ ਨੇ ਉਹਨਾਂ ਲੋਕਾਂ ਨੂੰ ਉਚੀ ਆਵਾਜ਼ ਵਿਚ ਕਿਹਾ, “ਅਸੀਂ ਇਹ ਕਾਰਾ ਖੀਰ ਖਾਂਦਿਆਂ ਨਹੀਂ ਕੀਤਾ। ਸਾਡੇ ਸਾਰੇ ਪੰਥ ਦੀ ਮਾਂ ਬਣੀ ਹੋਈ ਸੀ, ਸਤਿਗੁਰਾਂ ਦੀ ਮੰਗੇਤਰ ਬਣ ਕੇ। ਅਸੀਂ ਸਾਰੇ ਪੰਥ ਦੀ ਹੇਠੀ ਨਹੀਂ ਸਹਾਰ ਸਕੇ। ਫਰਜ਼ ਤੁਹਾਡਾ ਵੀ ਸਾਡੇ ਰਾਹ ਵਿਚ ਆਉਣ ਦਾ ਨਹੀਂ। ਜੇ ਰਸਤਾ ਦੇ ਦਿਓ, ਵਾਹ ਭਲਾ, ਨਹੀਂ ਦੋ ਚਾਰ ਤੁਹਾਡੇ ਵੀ ਥਾਂ ਰਹਿਣਗੇ, ਸਿੰਘ ਤੁਰਿਆ ਹੀ ਘਰੋਂ ਮਰਨ ਮੰਡ ਕੇ ਹੈ।” ਲੋਕਾਂ ਨੇ ਰਸਤਾ ਦੇ ਦਿਤਾ। ਕਿਸ਼ਨ ਸਿੰਘ ਊਠ ਦੀ ਪੈੜ ਕੱਢਦਾ ਕੱਢਦਾ ਪੰਜੀਂ ਕੋਹੀਂ ਆ ਕੇ ਰਲਿਆ। ਹੁਣ ਉਹ ਬਹੁਤ ਗਰਮੀ ਵਿਚ ਸੀ ਅਤੇ ਵਧਾਵਾ ਸਿੰਘ ਨੂੰ ਆਖੇ ਕਿ ਤੂੰ ਊਠ ਬਹਾ ਥੱਲੇ ਮੈਂ ਤੈਨੂੰ ਤੇ ਅਰੂੜ ਸਿੰਘ ਨੂੰ ਨਹੀਂ ਛੱਡਾਂਗਾ। ਮੈਨੂੰ ਮੌਤ ਦੇ ਮੂੰਹ ਵਿਚ ਦੇ ਕੇ ਨੱਸ ਆਏ ਸਉ। ਸੰਤ ਜਵੰਦ ਸਿੰਘ ਹੋਰਾਂ ਬੜੇ ਧੀਰਜ ਨਾਲ ਕਿਸ਼ਨ ਸਿੰਘ ਹੋਰਾਂ ਨੂੰ ਸ਼ਾਂਤ ਕੀਤਾ। ਮਾਈ ਤੇ ਤੇਲੀ ਤੋਂ ਇਲਾਵਾ ਪੰਜ ਜਣੇ ਹੋਰ ਵੀ ਇਸੇ ਹੱਲੇ ਵਿਚ ਖ਼ਾਨੇ ਮਾਰੇ ਗਏ ਸਨ।

**ਕਿਸ਼ਨ ਸਿੰਘ ‘ਵਰਨ’ ਧੂਰੀ ਜਿਹਲ ਵਿਚ ਗੁਜ਼ਰਿਆ:**

ਗੁਰੂ ਹਰੀ ਸਿੰਘ ਜੀ ਤਾਂ ਭੈਣੀ ਸਾਹਿਬ ਨਜ਼ਰਬੰਦ ਸਨ, ਸੋ ਉਹਨਾਂ ਨੂੰ ਇਸ ਕੇਸ ਵਿਚ ਪੁੱਛ ਨਹੀਂ ਹੋ ਸਕਦੀ ਸੀ। ਅੜਬੰਗ ਸਿੰਘ ਹੋਰਾਂ ਦੇ ਫੜੇ ਜਾਣ ਦਾ

ਵਰਣਨ ਪਿਛੇ ਆਇਆ ਹੈ। ਉਹਨਾਂ ਦਾ ਇਸ਼ਤਿਹਾਰ ਪੜ੍ਹ ਕੇ ਜਵੰਦ ਸਿੰਘ ਹੋਰੀਂ, ਬਾਕੀ ਸਾਥੀਆਂ ਨੂੰ ਲੈ ਕੇ ਪੇਸ਼ ਹੋ ਗਏ ਸਨ। ਪਟਿਆਲੇ ਮੁਕੱਦਮਾ ਚਲਿਆ ਸੀ। ਕਿਸ਼ਨ ਸਿੰਘ ਜੀ ਪਹਿਲਾਂ ਪਹਿਲ ਸ਼ੇਖੂਪੁਰੇ ਦੀ ਜਿਹਲ ਵਿਚ ਰਹੇ ਸਨ ਜਿਥੇ ਮੇਰਾ ਪਿਤਾ ਜਿਊਣ ਸਿੰਘ ਝੱਬਰ ਉਹਨਾਂ ਦਾ ਪ੍ਰਸ਼ਾਦਾ ਲੈ ਕੇ ਜਾਂਦਾ ਹੁੰਦਾ ਸੀ। ਫਿਰ ਪਤਾ ਨਾ ਲੱਗਾ। ਕਿਧਰ ਲੈ ਗਏ ਹਨ। ਬਹੁਤ ਸਾਲਾਂ ਬਾਦ ਇਕ ਦੌਰੇ ਤੇ ਧੂਰੀ ਦੀ ਪੁਲੀਸ ਨੇ ਸਾਨੂੰ ਇਕੇਰਾਂ ਦੱਸਿਆ ਕਿ ਬੜੇ ਵਰ੍ਹੇ ਪਹਿਲਾਂ ਤੁਹਾਡੇ ਵਰਗਾ ਇਕ ਕੂਕਾ ਇਥੇ ਆਇਆ ਸੀ ਮਾਈਸਰਖ਼ਾਨੇ ਵਾਲੇ ਕਤਲਾਂ ਦੇ ਸਿਲਸਿਲੇ ਵਿਚ। ਇਕ ਦਿਨ ਜਿਹਲ ਦੇ ਦਰੋਗੇ ਨੂੰ ਇਹ ਕਹਿ ਕੇ ਕਿ ਮੈਂ ਰਸਾਇਣੀ ਹਾਂ ਸੋਨਾ ਬਣਾ ਲੈਂਦਾ ਹਾਂ, ਉਸ ਹੋਰ ਸਮੱਗਰੀ ਦੇ ਨਾਲ ਦੋ ਤੋਲੇ ਅਫ਼ੀਮ ਵੀ ਮੰਗਵਾ ਲਈ। ਜਦੋਂ ਅਫ਼ੀਮ ਛਕ ਲਈ ਚੌਂਕੜੀ ਮਾਰ ਕੇ ਬਹਿ ਗਿਆ ਪੰਜ ਗ੍ਰੰਥੀ ਲੈ ਕੇ। ਬਾਣੀ ਪੜ੍ਹਦਿਆਂ ਹੀ ਪ੍ਰਾਣ ਤਿਆਗ ਗਿਆ ਸੀ। ਉਹ ਸਿੰਘ ਕਿਸ਼ਨ ਸਿੰਘ ਵਰਨ ਹੀ ਸੀ।

ਕਿਸ਼ਨ ਸਿੰਘ ਵਰਗੇ ਸੂਰਮੇ ਵੀ ਕੌਮਾਂ ਦਾ ਅਮੁੱਲ ਸਰਮਾਇਆ ਹੁੰਦੇ ਹਨ।

ਜਵੰਦ ਸਿੰਘ, ਵਧਾਵਾ ਸਿੰਘ ਅਤੇ ਅਰੂੜ ਸਿੰਘ ਤੇ ਕਤਲਾਂ ਦਾ ਮੁਕੱਦਮਾ ਚਲਿਆ, ਪਟਿਆਲੇ। ਗੁਰੂ ਹਰੀ ਸਿੰਘ ਜੀ ਵੀ ਕਦੇ ਕਦੇ ਤਾਰੀਖ ਵਾਲੇ ਦਿਨ ਇਹਨਾਂ ਨੂੰ ਦਰਸ਼ਨ ਦੇਣ ਚਲੇ ਜਾਂਦੇ ਸਨ। ਤਿੰਨਾਂ ਕੂਕਿਆਂ ਨੇ ਸੱਚੋ ਸੱਚ ਬਿਆਨ ਦਿਤੇ। ਮੁੱਕਰੇ ਨਹੀਂ, ਇਹਨਾਂ ਕਤਲਾਂ ਤੋਂ। ਉਹਨਾਂ ਕਿਹਾ ਪੰਥ ਦੀ ਗ਼ੈਰਤ ਵਿਚ ਆ ਕੇ ਮਾਈ ਦਾ ਮਾੜਾ ਕਿਰਦਾਰ ਵੇਖ ਕੇ ਅਸੀਂ ਜਰ ਨਹੀਂ ਸਕੇ। ਕਹਿੰਦੇ ਹਨ ਕਿ ਜਵੰਦ ਸਿੰਘ ਹੋਰਾਂ ਰਾਜੇ ਨੂੰ ਕਿਹਾ ਸੀ ਕਿ ਕੰਮ ਤਾਂ ਇਹ ਤੁਹਾਡੇ ਕਰਨ ਵਾਲਾ ਸੀ, ਰਾਜਾ ਅਦਲੀ ਹੋਣਾ ਚਾਹੀਏ। ਤੁਸਾਂ ਨਹੀਂ ਕੀਤਾ ਤਾਂ ਸਾਨੂੰ ਕਰਨਾ ਪਿਆ ਹੈ। ਇਹ ਤਿੰਨੇ ਸਿੰਘ ਬਰੀ ਹੋ ਗਏ ਸਨ।

ਅੜਬੰਗ ਸਿੰਘ ਹੋਰਾਂ ਨੂੰ ਅਕਾਰਣ ਹੀ ਨੌ ਮਹੀਨੇ ਪਹਿਲਾਂ ਹਵਾਲਾਤ ਵਿਚ ਰਹਿਣਾ ਪਿਆ ਸੀ। ਇਹ ਵਾਕਿਆ ਗੁਰੂ ਹਰੀ ਸਿੰਘ ਦੇ ਸਰੀਰ ਛੱਡਣ ਤੋਂ ਚਾਰ ਜਾਂ ਪੰਜ ਵਰ੍ਹੇ ਪਹਿਲਾਂ ਹੋਇਆ ਸੀ। ਬਾਹੋਵਾਲ ਜੀ ਮੁਤਾਬਿਕ 1904 ਈ. ਵਿਚ ਜ਼ਿਕਰ ਫੁੱਟ ਨੋਟ ਵਿਚ ਉੱਪਰ ਆ ਗਿਆ ਹੈ।

ਦੂਜੀ ਕਥਾ ਸੰਤ ਜਵੰਦ ਸਿੰਘ ਹੋਰਾਂ ਕਾਲ ਸਮੇਂ ਸ਼ਾਹੂਕਾਰ ਦੀ ਰਸਤ ਲੁਟਾਉਣ ਵਾਲੀ ਇਉਂ ਸੁਣਾਈ:

"ਇਕ ਵਾਰ ਇਸ ਇਲਾਕੇ ਵਿਚ ਕਾਲ ਪੈ ਗਿਆ। ਸਾਡੇ ਨਗਰ ਚਾਲ਼ੀ ਚੱਕ ਵਿਚ ਇਕ ਸ਼ਾਹੂਕਾਰ ਸੀ ਜਿਸ ਕੋਲ ਅਨਾਜ, ਦਾਲਾਂ, ਗੁੜ, ਖੰਡ ਆਦਿ ਕਾਫ਼ੀ ਪਿਆ ਸੀ। ਅਸੀਂ ਉਹਨੂੰ ਕਿਹਾ ਕਿ ਉਹ ਗ਼ਰੀਬਾਂ ਨੂੰ ਖਾਣ ਲਈ ਅਨਾਜ ਵਗੈਰਾ ਹੁਦਾਰ ਦੇ ਦੇਵੇ। ਲੋਕ ਭੁੱਖ ਨਾਲ ਮਰਨ ਡਹੇ ਹਨ। ਪੈਸੇ ਤੈਨੂੰ ਅਸੀਂ ਹਾੜ੍ਹੀ

ਤੋਂ ਉਗਰਾਹ ਦਿਆਂਗੇ। ਪਰ ਉਹ ਨਾ ਮੰਨਿਆ। ਅਸੀਂ ਮਿੰਟਗੁਮਰੀ ਜਾ ਕੇ ਜ਼ਿਲ੍ਹੇ ਦੇ ਵੱਡੇ ਅਫ਼ਸਰ ਨੂੰ ਇਤਲਾਹ ਦਿਤੀ ਕਿ ਫਲਾਣੇ ਸ਼ਾਹੂਕਾਰ ਨੇ ਅਨਾਜ ਦਾ ਗੁਦਾਮ ਭਰਿਆ ਹੈ, ਪ੍ਰੰਤੂ ਲੋਕਾਂ ਨੂੰ ਨਹੀਂ ਦੇ ਰਿਹਾ। ਸ਼ਾਹੂਕਾਰ ਨੂੰ ਜ਼ਿਲ੍ਹੇ ਵਿਚ ਸੱਦਿਆ ਗਿਆ। ਉਹ ਉਥੇ ਸਾਫ਼ ਮੁੱਕਰ ਗਿਆ ਕਿ ਮੇਰੇ ਪਾਸ ਕੋਈ ਸ਼ੈ ਨਹੀਂ। ਜਦੋਂ ਅਸੀਂ ਪਿੰਡ ਆਏ, ਅਸੀਂ ਸਾਰੇ ਲੋੜਵੰਦਾਂ ਨੂੰ ਇਕੱਠਾ ਕਰ ਲਿਆ ਅਤੇ ਹੱਟੀ ਦਾ ਬੂਹਾ ਲਾਹ ਕੇ ਨਵੇਂ ਦਾਣਿਆਂ ਦੇ ਇਕਰਾਰ ਤੱਕ, ਸਭ ਨੂੰ ਲੋੜ ਜਿੰਨਾ ਅਨਾਜ ਕਣਕ ਛੋਲੇ ਵਗੈਰਾ ਕੱਢ ਕੇ ਦੇ ਦਿਤੇ। ਸਾਰੀ ਹੱਟੀ ਲੁਟਾ ਦਿਤੀ। ਕੁਝ ਜਿਹੜਾ ਖੰਡ ਘਿਓ ਆਦਿ ਬਚਿਆ ਉਹਦਾ ਅਸੀਂ ਲੰਗਰ ਲਾ ਦਿਤਾ। ਹਵਨ ਕਰਨ ਲੱਗ ਪਏ। ਚੰਡੀ ਦੀ ਵਾਰ ਦਾ ਪਾਠ ਕੀਤਾ। ਕੜਾਹ ਪ੍ਰਸ਼ਾਦ ਤੇ ਲੰਗਰ ਗ਼ਰੀਬ ਗੁਰਬੇ ਵਿਚ ਵਰਤਾ ਦਿਤਾ। ਉਸ ਥਾਣੇ ਇਤਲਾਹ ਦੇ ਦਿਤੀ ਕਿ ਜਵੰਦ ਸਿੰਘ ਨੇ ਮੇਰੇ ਘਰ ਡਾਕਾ ਮਾਰਿਆ ਹੈ। ਪੁਲੀਸ ਸਾਨੂੰ ਤਿੰਨ ਜਣਿਆਂ ਨੂੰ ਫੜ ਕੇ ਲੈ ਗਈ। ਮਿੰਟਗੁਮਰੀ ਹਵਾਲਾਤ ਵਿਚ ਦੇ ਦਿਤਾ। ਉੱਥੇ ਇਕ ਆਲੋ ਮੁਹਾਰ ਜ਼ਿਲ੍ਹਾ ਸਿਆਲਕੋਟ ਦਾ ਗਣੇਸ਼ਾ ਸਿੰਘ ਦੂਆ ਨਾਂ ਦਾ ਸਿੰਘ ਰਹਿੰਦਾ ਸੀ। ਉਸ ਸਿੰਘ ਦੇ ਘਰੋਂ ਸਾਡੇ ਲਈ ਸੋਧ ਦਾ ਪ੍ਰਸ਼ਾਦ ਪਾਣੀ ਆ ਜਾਣਾ ਅਤੇ ਮੁਕਦਮਾ ਸਾਡੇ ਖਿਲਾਫ ਚੱਲ ਪਿਆ। ਉਸੇ ਡਿਪਟੀ ਕੋਲ ਮੁਕੱਦਮਾ ਲੱਗਾ ਜਿਸ ਨੂੰ ਉਸ ਬਿਆਨ ਦਿਤੇ ਸਨ ਕਿ ਮੇਰੇ ਕੋਲ ਅਨਾਜ, ਖੰਡ, ਘਿਓ ਕੋਈ ਸ਼ੈ ਨਹੀਂ ਹੈ। ਮੈਂ ਡਿਪਟੀ ਨੂੰ ਕਿਹਾ, "ਜਦੋਂ ਤੁਹਾਡੇ ਕੋਲ ਇਹਨੇ ਕੋਈ ਚੀਜ਼ ਘਰ ਨਾ ਹੋਣ ਦੇ ਬਿਆਨ ਦਿਤੇ ਹਨ ਤਾਂ ਅਸੀਂ ਇਸਦਾ ਕੀ ਲੁੱਟ ਖੋਹ ਸਕਦੇ ਸਾਂ।" ਸ਼ਾਹੂਕਾਰ ਝੂਠਾ ਹੋ ਗਿਆ। ਸੰਤਾਂ ਕਿਹਾ ਕਿ ਮੈਂ ਕਦੇ ਝੂਠ ਨਹੀਂ ਬੋਲਿਆ। ਦਾਣੇ ਜ਼ਰੂਰ ਲੁਟਾਏ ਹਨ। ਗ਼ਰੀਬਾਂ ਨੂੰ ਭੁੱਖੇ ਮਰਦਿਆਂ ਨੂੰ ਵਰਤਾਏ ਹਨ। ਜਦੋਂ ਫ਼ਸਲ ਲੱਗੇਗੀ ਉਦੋਂ ਇਸਦੇ ਦਾਣੇ ਇਹਨੂੰ ਮਿਲ ਜਾਣਗੇ। ਜੇ ਸਾਡੇ ਆਖੇ ਪਹਿਲੋਂ ਈ ਲਗ ਜਾਂਦਾ ਤਾਂ ਗੱਲ ਇੱਥੋਂ ਤੱਕ ਨਹੀਂ ਸੀ ਆਉਣੀ। ਸਾਨੂੰ ਬਰੀ ਕਰ ਦਿਤਾ ਗਿਆ। ਅਸੀਂ ਫਿਰ ਪਿੰਡਾਂ ਨੂੰ ਆ ਗਏ ਅਤੇ ਬਾਦ ਵਿਚ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਨ ਲਈ ਸ੍ਰੀ ਭੈਣੀ ਸਾਹਿਬ ਪੁੱਜ ਗਏ।

ਸੰਤਾਂ ਅਗਲੇ ਪ੍ਰਸੰਗ ਦੀ ਲੜੀ ਤੋਰਦਿਆਂ ਹੋਇਆਂ ਬਚਨ ਕੀਤਾ, "ਅਸਾਂ ਸੱਤਰ ਚਿੱਠੀਆਂ ਵਲਾਇਤ ਦੇ ਬਾਦਸ਼ਾਹ ਨੂੰ ਲਿਖੀਆਂ ਕਿ ਜੇ ਤੁਸੀਂ ਕਹਿੰਦੇ ਹੋ ਕਿ ਸਾਡੇ ਸਤਿਗੁਰੂ ਰਾਮ ਸਿੰਘ ਜੀ ਚੜ੍ਹਾਈ ਕਰ ਗਏ ਹਨ ਤਾਂ ਸਾਨੂੰ ਉਹਨਾਂ ਦੇ ਬਸਤਰ, ਗੜਵਾ, ਪਊਏ, ਨਿੱਤਨੇਮ ਦਾ ਗੁਟਕਾ ਅਤੇ ਮਾਲਾ ਆਦਿ ਦੇ ਦਿਉ। ਉਹ ਇਹਨਾਂ ਸਾਰੀਆਂ ਚਿੱਠੀਆਂ ਮੇਰੀਆਂ ਦਾ ਕੋਈ ਜੁਆਬ ਨਹੀਂ ਸਨ ਦੇ ਸਕੇ। ਕਿਉਂਕਿ ਸਤਿਗੁਰੂ ਜੀ ਤਾਂ ਆਪਣੀ ਮਾਇਆ ਨਾਲ ਜਿਉਂ ਅਲੋਪ ਹੋ

ਗਏ ਸਨ, ਸ਼ੈਆਂ ਕਿਥੋਂ ਦੇਂਦੇ। ਇਸ ਲਈ ਕਿ ਮੈਂ ਕਿਸੇ ਕੰਮ ਵਿਚ ਕਦੇ ਝੂਠ ਨਹੀਂ ਸੀ ਬੋਲਿਆ ਅਤੇ ਆਪਣੇ ਪੰਥ ਦੀ ਆਨ ਸ਼ਾਨ ਲਈ ਮੈਨੂੰ ਕੋਈ ਵੀ ਕੁਰਬਾਨੀ ਵੱਡੀ ਨਹੀਂ ਸੀ ਲੱਗਦੀ, ਗੁਰੂ ਹਰੀ ਸਿੰਘ ਜੀ ਨੇ ਖ਼ੁਸ਼ੀਆਂ ਦੇ ਘਰ ਵਿਚ ਆ ਕੇ ਮੇਰਾ ਨਾਮ 'ਜ਼ਿੰਦਾ ਸ਼ਹੀਦ' ਰੱਖਿਆ ਸੀ।"

ਚਾਲੀ ਚੱਕ ਤੋਂ ਫਿਰ ਦੌਰਾ ਅੱਗੇ ਚੱਲ ਪਿਆ। ਇਥੋਂ "ਹੀਰਾ ਸਿੰਘ ਦੇ ਕੋਟ" ਚਰਨ ਪਾਏ। ਅਰੋੜੇ ਸਿੰਘ ਸਨ। ਸਤਿਗੁਰੂ ਜੀ ਦੇ ਬੜੇ ਪ੍ਰੇਮੀ ਸਨ। ਇਸ ਨਗਰ ਵਿਚ ਇਕ ਬਿਰਧ ਟੇਕ ਸਿੰਘ ਨਾਮਧਾਰੀ ਸਿਖ ਸੀ। ਚਹੁੰਆਂ ਮਹੀਨਿਆਂ ਤੋਂ ਉਹ ਅੰਨ ਛੱਡ ਬੈਠਾ ਸੀ। ਉਹਦੀ ਅਭਿਲਾਖਾ ਸੀ ਕਿ ਸਰੀਰ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਛੱਡਾਂ। ਜਦੋਂ ਹਜ਼ੂਰ ਨੇ ਦਰਸ਼ਨ ਦਿਤੇ, ਖ਼ੁਸ਼ ਹੋਇਆ ਅਤੇ ਥੋਹੜੇ ਚਿਰ ਬਾਦ ਹੀ ਚਾਲਾ ਮਾਰ ਗਿਆ।

ਇਥੋਂ ਸਾਹੀਵਾਲ (ਮਿੰਟਗੁਮਰੀ ਦਾ ਪੁਰਾਣਾ ਨਾਉਂ) ਚਲੇ ਗਏ। ਇਥੇ ਜੋ ਉਪਰ ਦੱਸਿਆ ਹੈ ਗਣੇਸ਼ਾ ਸਿੰਘ* ਬੜਾ ਅਚਰਜ ਸਿੰਘ ਸੀ। ਇਹਦੇ ਪਾਸ ਇਕ ਦਿਨ ਰਹਿ ਕੇ ਅਗਲੇ ਦਿਨ ਸਤਿਗੁਰੂ ਜੀ ਲਾਇਲਪੁਰ ਦੇ ਇਲਾਕੇ ਵਿਚ ਦੌਰਾ ਲੈ ਕੇ ਪਹੁੰਚ ਗਏ।

ਜ਼ਿਲ੍ਹਾ ਲਾਇਲਪੁਰ ਦਾ ਦੌਰਾ:

ਇਸ ਇਲਾਕੇ ਵਿਚ ਮੁਸਲਮਾਨ ਜਾਂਗਲੀਆਂ ਦੀ ਚੋਖੀ ਵਸੋਂ ਸੀ। ਸਵੇਰੇ ਘੋੜਿਆਂ ਉਤੇ ਹੀ ਆਸਾ ਦੀ ਵਾਰ ਲਗ ਜਾਂਦੀ। ਜਦੋਂ ਸਿੰਘ ਬਾਣੀਆਂ ਪੜ੍ਹਦੇ ਲੰਘਦੇ ਗੁਰੂ ਜੀ ਦੇ ਪਿੱਛੇ ਤਾਂ ਜਾਂਗਲੀ ਮੁਸਲਮਾਨ ਕਹਿੰਦੇ, "ਸਾਡਾ ਪੀਰ ਜਾ ਰਿਹਾ ਹੈ।" ਸ਼ਹਿਰਾਂ ਕਸਬਿਆਂ ਦੇ ਅਰੋੜੇ ਖੱਤਰੀ ਹਿੰਦੂ ਮੱਤ ਵਾਲੇ ਆਖਦੇ, "ਸਾਡੇ ਭਗਵਾਨ ਜਾ ਰਹੇ ਹਨ" ਅਤੇ ਸਿੱਖ ਲੋਕ ਵੇਖ ਕੇ ਕਹਿੰਦੇ, "ਸਾਡੇ ਗੁਰੂ ਜੀ ਜਾ ਰਹੇ ਹਨ।" ਸਿੱਖ, ਹਿੰਦੂ, ਮੁਸਲਮਾਨ ਤਿੰਨੇ ਸਤਿਗੁਰੂ ਜੀ ਤੇ ਬਰਾਬਰ ਦਾ ਹੱਕ ਰੱਖਦੇ ਸਨ ਕਿਉਂ ਜੁ ਉਹ ਸਭ ਦਾ ਸਾਂਝਾ ਪੀਰ ਜੂ ਸੀ। ਜਿਹੜਾ ਵੀ ਆਪ ਦੇ ਦਰਸ਼ਨ ਇਕ ਵੇਰ ਕਰ ਲੈਂਦਾ ਉਹ ਤੇ ਉਮਰ ਭਰ ਵਾਸਤੇ ਖਿੱਚਿਆ ਜਾਂਦਾ ਅਤੇ ਜਿਹਦੀ ਕੰਡ ਤੇ ਪਿਆਰ ਨਾਲ ਹਸਤ ਕੰਵਲ ਫੇਰਦੇ ਉਹ ਤਾਂ ਆਪ ਦਾ ਐਸਾ ਬਣਦਾ ਕਿ ਦੌਰੇ ਦੇ ਨਾਲ ਹੀ ਤੁਰ ਪੈਂਦਾ, ਘਰ ਬਾਰ ਛੱਡ ਕੇ।

ਲਾਇਲਪੁਰ ਜ਼ਿਲ੍ਹੇ ਦੀ ਸਮੁੰਦਰੀ ਤਸੀਲ ਦੇ ਪਿੰਡ ਨਾਰੋਵਾਲ ਵਿਚ ਪੁੱਜੇ। ਨਾਰੋਵਾਲ ਤੋਂ ਸੰਗਤਾਂ ਨੂੰ ਤਾਰਦੇ ਹੋਏ ਸੱਦੋਵਾਲ ਪੁੱਜ ਗਏ ਅਤੇ ਇੱਥੋਂ ਰੱਤੇ ਚੋਏ ਦੌਰਾ ਗਿਆ। ਰੱਤੇ ਚੋਏ ਤੋਂ ਆਪ ਜੀ ਗਿੱਲ ਪਿੰਡ ਚਲੇ ਗਏ ਅਤੇ ਉਥੇ ਜਾ ਕੇ 1972 ਬਿਕ੍ਰਮੀ ਮੁਤਾਬਿਕ 1916 ਈ. ਦਾ ਹੋਲਾ ਮਹੱਲਾ ਮਨਾਇਆ। ਇਹ

*ਸਿਰਸਾ ਵਿਖੇ ਰਹਿਣ ਵਾਲੇ ਸ੍ਰ. ਰਛਪਾਲ ਸਿੰਘ ਦੂਆ ਦਾ ਪਿਤਾ

ਗਿੱਲ ਸ਼ੇਖੂਪੁਰੇ ਜ਼ਿਲ੍ਹੇ ਵਿਚ ਸਨ।

**ਕੇਸਰ ਕਿੱਲੀ ਦੀ ਰਾਮ ਰੇਲ ਤੇ ਹੋਲਾ ਗਿੱਲ**

ਓਧਰ ਜਿਸ ਦਿਨ ਗਿੱਲਾਂ ਵਾਲੇ ਹੋਲੇ ਦਾ ਭੋਗ ਪੈਣਾ ਸੀ ਅੰਮ੍ਰਿਤਸਰ ਜ਼ਿਲ੍ਹੇ ਦੀ ਨਾਮਧਾਰੀ ਸੰਗਤ ਨੇ ਜੋ ਕਿਸੇ ਕਾਰਨ ਹੋਲੇ ਤੇ ਪਹਿਲੋਂ ਪੁੱਜ ਨਹੀਂ ਸੀ ਸਕੀ, ਸੰਤ ਕੇਸਰ ਕਿੱਲੀ ਜੀ ਨੂੰ ਬੇਨਤੀ ਕੀਤੀ ਕਿ ਸੰਤ ਜੀ ਅਸੀਂ ਹੋਲੇ ਦਾ ਮੇਲਾ ਵੇਖਣਾ ਏ। ਸੰਤਾਂ ਮੁਹਾਵੇ ਵਾਲਿਆਂ(ਇਹ ਸੰਤ ਪੂਰਨ ਬ੍ਰਹਮ ਗਿਆਨੀ ਅਤੇ ਅੱਠੇ ਪਹਿਰ ਹੀ ਬ੍ਰਹਮ ਅਤੇ ਉਹਦੀ ਖਲਕਤ ਵਿਚ ਲੀਨ ਰਹਿੰਦੇ ਸਨ) ਆਖਿਆ, "ਮੈਂ ਇੰਜਣ ਬਣਦਾ ਹਾਂ ਅਤੇ ਤੁਸੀਂ ਸਾਧ ਸੰਗਤ ਜੀ, ਰੇਲ ਗੱਡੀ ਦੇ ਡੱਬੇ ਬਣ ਜਾਓ। ਪੁਰਾਣੇ ਕੂਕੇ ਕਈ ਅਜੇ ਵੀ ਅੰਗ੍ਰੇਜ਼ਾਂ ਦੀ ਚਲਾਈ ਹੋਈ ਰੇਲ ਤੇ ਨਹੀਂ ਸਨ ਚੜ੍ਹਦੇ, ਮਤੇ ਸਫ਼ਰ ਦੇ ਸੁੱਖ ਸਦਕਾ ਸਾਡੇ ਮਨਾਂ ਵਿਚ ਰੰਚਕ ਮਾਤਰ ਭੀ ਅੰਗ੍ਰੇਜ਼ ਭਗਤੀ ਆ ਜਾਏ। ਦੂਜਾ ਜਜ਼ਬਾਤੀ ਤੌਰ ਤੇ ਵੀ ਕੂਕੇ ਰੇਲ ਗੱਡੀ ਨੂੰ ਆਪਣੀ ਦੁਸ਼ਮਣ ਸਮਝਦੇ ਸਨ ਕਿਉਂ ਜੁ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੀ ਮਾਤ ਭੂਮੀ ਤੋਂ ਦੂਰ ਦੁਰੇਡੀਆਂ ਪ੍ਰਦੇਸੀ ਧਰਤੀਆਂ ਤੱਕ ਰੇਲ ਗੱਡੀ ਹੀ ਲੈ ਕੇ ਗਈ ਸੀ। ਇਸ ਲਈ ਉਹ ਸ਼ਬਦ ਪੜ੍ਹਿਆ ਕਰਦੇ ਸਨਃ

"ਟੁੱਟ ਜਾਏਂ ਰੇਲ ਗੱਡੀਏ,
ਸਾਡੇ ਗੁਰਾਂ ਦਾ ਵਿਛੋੜਾ ਪਾਇਆ।"

ਹੁਣ ਸੰਤ ਠਾਕੁਰ ਜੀ ਰੇਲ ਗੱਡੀ ਦਾ ਸਵਾਂਗ ਧਾਰਨ ਲੱਗੇ ਹਨ। ਸੰਗਤ ਨੂੰ ਕਿਹਾ ਕਿ ਮੈਂ ਤਾਂ ਆਖਾਂਗਾ ਰਾਰਾ...ਰਾਰਾ...ਤੁਸੀਂ ਸਾਰਿਆਂ ਨੇ ਜਾਪ ਚਾਰ ਅੱਖਰ ਦਾ ਹੀ ਕਰਨਾ। ਸੰਤ ਜ਼ਿਆਦਾ ਸਮਾਂ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦੇ ਪਹਿਲੇ ਅੱਖਰ ਦਾ ਹੀ ਜਾਪ ਕਰਿਆ ਕਰਦੇ ਸਨ। ਮਸਤੀ ਦੇ ਆਲਮ ਵਿਚ ਵਿਚਰਦੇ ਸਨ। ਉਹਨਾਂ ਦੀ ਆਪਣੀ ਆਤਮਕ ਅਵਸਥਾ ਬਹੁਤ ਉੱਚੀ ਸੀ। ਰਹਿਤ ਮਰਿਯਾਦਾ ਦੇ ਬੰਧਨ ਉਨ੍ਹਾਂ ਲਈ ਕਰਮ ਖੰਡ ਦੀਆਂ ਚੀਜ਼ਾਂ ਸਨ, ਉਹ ਆਪ ਗਿਆਨ ਖੰਡ ਦੇ ਵਾਸੀ ਹੋ ਕੇ ਸੱਚਖੰਡ ਦੇ ਬੂਹੇ ਵੱਲ ਵੀ ਕਦੇ ਕਦੇ ਝਾਤੀਆਂ ਮਾਰ ਲੈਂਦੇ ਸਨ। ਇਸ ਲਈ ਉਹ ਦੂਜੇ ਸਾਧੂਆਂ, ਜਗਿਆਸੂਆਂ ਨੂੰ ਆਪਣੇ ਵਾਲਾ ਨਾਮ ਦੱਸਣ ਦੀ ਬਜਾਏ ਗੁਰੂ ਜੀ ਦੁਆਰਾ ਦੱਸੇ ਨਾਮ ਦੇ ਹੀ ਲੜ ਲਾਉਂਦੇ ਸਨ। ਮੁਹਾਵੇ ਤੋਂ ਇਹ ਨਗਰ ਗਿੱਲ ਪੂਰੇ ਸੱਠ ਕੋਹ ਸੀ। (ਇਕ ਕੋਹ ਤਕਰੀਬਨ ਸਵਾ ਕੁ ਦੋ ਕਿਲੋਮੀਟਰ ਦਾ ਹੁੰਦਾ ਹੈ) ਸੰਤਾਂ ਦੀ ਰਾਮ ਰੇਲ ਤੜਕੇ ਚੱਲ ਕੇ ਹੋਲੇ ਮਹੱਲੇ ਦੇ ਭੋਗ ਦੇ ਵੇਲੇ ਨੂੰ ਪਿੰਡ ਗਿੱਲਾਂ ਵਿਚ ਪਹੁੰਚ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਚੁੱਕੀ ਸੀ। ਸੰਗਤ ਵਿਚ ਬਿਰਧ ਵੀ ਸਨ ਅਤੇ ਬੱਚੇ ਤੇ ਮਾਈਆਂ ਵੀ। ਕਿਸੇ ਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਉਹ

ਮੁਹਾਵੇ ਤੋਂ ਚੱਲੇ ਸਨ ਤੇ ਕਦੋਂ ਅਤੇ ਕਿਵੇਂ ਗਿੱਲੀਂ ਪਹੁੰਚ ਗਏ?

ਸੰਤਾਂ ਦੀ ਬਿਰਤੀ ਬਹੁਤ ਉੱਚੀ ਸੀ। ਇਕ ਵੇਰ ਸਿਰਹਾਲੀ ਵਿਖੇ ਇਕ ਨਾਂਗਾ ਸਾਧ ਇੰਦਰ ਦਾਸ ਆਪਣੇ ਡੇਰੇ ਤੋਂ ਪਿੰਡ ਵਿਖੇ ਸੰਤ ਜਿਊਣ ਸਿੰਘ ਸਿਰਹਾਲੀ ਦੇ ਘਰ ਗਿਆ। ਸੰਤਾਂ ਦੀ ਧਰਮ ਪਤਨੀ ਨੇ ਸਾਧ ਨੂੰ ਵਿਛੇ ਬਿਸਤਰੇ 'ਤੇ ਬੈਠਾ ਕੇ ਦੁੱਧ ਭੇਟ ਕੀਤਾ। ਬਾਹਰੋਂ ਸੰਤ ਜਿਊਣ ਸਿੰਘ ਹੋਰੀਂ ਆ ਗਏ। ਇੰਦਰ ਦਾਸ ਦੀ ਚੰਗੀ ਪੁਸ਼ਾਕ, ਗਲ ਕੈਂਠਾ, ਅੱਖਾਂ ਵਿਚ ਸੁਰਮਾ, ਚੰਗਾ ਬਣਦਾ ਫੱਬਦਾ, ਸਾਧ ਚੋਬਰ ਜਿਹਾ। ਵੈਸੇ ਸੰਤਾਂ ਦਾ ਮਿੱਤਰ ਵੀ ਸੀ। ਉਹਨਾਂ ਆਉਂਦਿਆਂ ਆਖਿਆ ਕਿ ਇਸ ਮੁਸ਼ਟੰਡੇ ਨੂੰ ਕਿਵੇਂ ਬਹਾਇਆ ਈ? ਏਨੇ ਨੂੰ ਸੰਤ ਕੇਸਰ ਕਿੱਲੀ ਬਿਲਕੁਲ ਨਗਨ ਅਵਸਥਾ ਵਿਚ ਰਾਰਾ...ਰਾਰਾ... ਕਰਦੇ ਆ ਗਏ। ਸੰਤਾਂ ਸਿਰਹਾਲੀ ਵਾਲਿਆਂ ਆਪਣੀ ਸਿੰਘਣੀ ਨੂੰ ਫਿਰ ਕਿਹਾ, "ਲਿਆ ਮੰਜਾ ਜਲ ਪਾਣੀ, ਸੰਤ ਜੀ ਆਏ ਨੇ।" ਇੰਦਰ ਦਾਸ ਆਖੇ, "ਮੈਂ ਮੁਸ਼ਟੰਡਾ ਤੇ ਆਹ ਧਗੜਾ, ਜਿਹੜਾ ਨੰਗਾ ਈ, ਇਹਦੇ ਘਰ ਆ ਵੜਿਆ ਏ, ਇਹ ਸੰਤ ਹੋ ਗਿਆ।" ਧੰਨ ਸਤਿਗੁਰੂ ਰਾਮ ਸਿੰਘ ਤੇ ਧੰਨ ਉਸਦੇ ਸਿੱਖ।

ਅੰਮ੍ਰਿਤਸਰ ਜ਼ਿਲੇ ਦੇ ਅੰਗ੍ਰੇਜ਼ ਡਿਪਟੀ ਕਮਿਸ਼ਨਰ ਨੇ ਸਾਰੇ ਜ਼ਿਲੇ ਦੇ ਸੰਤਾਂ ਮਹੰਤਾਂ ਸਿਰਕਰਦਾ ਬੰਦਿਆਂ ਨੂੰ ਆਪਣੀ ਅਦਾਲਤ ਵਿਚ ਪਹੁੰਚ ਕੇ ਮਿਲਣ ਲਈ ਆਖਿਆ। ਸਭ ਕਤਾਰਾਂ ਬੰਨ੍ਹ ਬੰਨ੍ਹ ਕੇ ਡਾਲੀਆਂ ਲੈ ਲੈ ਕੇ ਮਿਲਣ ਗਏ। ਡੀ.ਸੀ. ਨੇ ਆਪਣੇ ਮਾਤਹਿਤਾਂ ਨੂੰ ਪੁੱਛਿਆ ਕਿ ਜ਼ਿਲ੍ਹੇ ਦੇ ਸਭ ਲੋਕ ਜੋ ਮੈਂ ਸੱਦੇ ਸੀ, ਆ ਗਏ ਜਾਂ ਰਹਿ ਗਏ। ਉਹਨਾਂ ਕਿਹਾ ਜੀ ਹੋਰ ਤਾਂ ਸਭ ਆ ਗਏ ਹਨ ਇਕ ਮਲੰਗ ਜਿਹਾ ਕੂਕਾ ਸੰਤ ਹੈ ਮੁਹਾਵੇ ਪਿੰਡ ਦਾ, ਬਾਬਾ ਕੇਸਰ ਉਹਨੂੰ ਲੋਕ ਕਹਿੰਦੇ ਹਨ, ਉਹਦੇ ਕੋਲ ਜਦੋਂ ਅਸੀਂ ਆਪ ਦਾ ਸੁਨੇਹਾ ਲੈ ਕੇ ਗਏ, ਪਈ ਸਾਹਿਬ ਤੁਹਾਨੂੰ ਸੱਦਦਾ ਏ ਮਿਲਣ ਲਈ ਤਾਂ ਉਸ ਜੁਆਬ ਦਿੱਤਾ ਕਿ ਅਸਾਂ ਤੇ ਇਕ ਰਾਮੇ (ਸਤਿਗੁਰੂ ਰਾਮ ਸਿੰਘ ਜੀ ਦਾ ਪਿਆਰ ਦਾ ਛੋਟਾ ਨਾਂ ਮਸਤ ਲੋਕਾਂ ਦਾ) ਨਾਲ ਹੀ ਰੱਖੀ ਏ ਸਾਨੂੰ ਤੁਹਾਡੇ ਸਾਹਿਬ ਨੂੰ ਮਿਲਣ ਦੀ ਲੋੜ ਈ ਕੋਈ ਨਹੀਂ। ਹੁਣ ਡੀ.ਸੀ. ਖ਼ੁਦ ਚੱਲ ਕੇ ਬਾਬਾ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਨੰਗੇ ਪਿੰਡੇ ਧੁੱਪੇ ਬੈਠੇ ਸੰਤਾਂ ਨੂੰ ਮਿਲ ਕੇ ਬੜਾ ਪ੍ਰਸੰਨ ਹੋਇਆ ਤੇ ਜਦੋਂ ਪੁੱਛਿਓ ਸੂ, "ਸੰਤ ਜੀ ਤੁਹਾਡੇ ਚੇਲੇ ਕਿੰਨੇ ਹਨ? ਉਹਨਾਂ ਕਿਹਾ, ਅਸੀਂ ਚੇਲੇ ਨਹੀਂ ਬਣਾਉਂਦੇ ਹੁੰਦੇ। ਇਹ ਜੋ ਇਥੇ ਬੈਠੇ ਹਨ, ਇਹ ਸਭ ਤਾਂ ਸਾਡੇ ਸੰਗੀ ਸਾਥੀ ਗੁਰੂ ਭਾਈ ਹਨ।" ਸੰਤਾਂ ਦੀ ਕ੍ਰਿਪਾ ਨਾਲ ਵੱਡੇ ਵੱਡੇ ਵਿਕਾਰੀ ਪੁਰਖ ਵੀ ਸੱਤ ਮਾਰਗ ਦੇ ਪਾਂਧੀ ਬਣ ਗਏ। ਇਹਨਾਂ ਵਿਚੋਂ ਹੀ ਇਕ ਸੀ ਗ਼ਦਰ ਪਾਰਟੀ ਦਾ ਮਸ਼ਹੂਰ ਆਗੂ ਬਾਬਾ ਸੋਹਣ ਸਿੰਘ ਭਕਨਾ।

ਜਦੋਂ ਸੰਤ ਜੀ ਦਾ ਪਿੰਡ ਭਕਨੇ ਜਾਣਾ ਆਉਣਾ ਹੋਇਆ ਅਤੇ ਸੋਹਣ ਸਿੰਘ ਨਾਲ ਕੁਝ ਮੇਲ ਗੇਲ ਹੋਇਆ। ਸੋਹਣ ਸਿੰਘ ਦਾ ਅੱਗੋਂ ਮੇਲ ਗੇਲ ਪੱਟੀ ਦੀ ਇਕ ਵੇਸਵਾ ਨਾਲ ਸੀ। ਸੋਹਣ ਸਿੰਘ ਹੋਰਾਂ ਦੀ ਮਾਤਾ ਅਤੇ ਪਿੰਡ ਦੇ ਹੋਰ ਬਜ਼ੁਰਗਾਂ ਨੇ ਬਾਬਾ ਕੇਸਰ ਜੀ ਨੂੰ ਬੇਨਤੀ ਕੀਤੀ ਕਿ ਜੇ ਸੋਹਣ ਸਿੰਘ ਨੂੰ ਫਲਾਣੇ ਥਾਂ ਪੱਟੀਓਂ ਜਾਣੋਂ ਹਟਾ ਦਿਓ ਤਾਂ ਸਾਡੇ ਪਿੰਡ ਦੇ ਹੋਰ ਵੀ ਮੁੰਡੇ ਜੋ ਵਿਗੜ ਰਹੇ ਹਨ, ਸਿੱਧੇ ਰਾਹ ਆ ਜਾਣਗੇ। ਲੋਕ ਕਹਿੰਦੇ ਸੀ ਕਿ ਜੇ ਸੰਤਾਂ ਨੇ ਸੋਹਣ ਸਿੰਘ ਨੂੰ ਨੱਥ ਪਾ ਲਈ ਤਾਂ ਸਮਝੋ ਪਈ ਸਾਰਾ ਭਕਨਾ ਅਤੇ ਇਹਦੇ ਆਲੇ ਦੁਆਲੇ ਦੇ ਹੋਰ ਪਿੰਡਾਂ ਦੇ ਗੱਭਰੂ (ਜਿਹਨਾਂ ਨਾਲ ਸੋਹਣ ਸਿੰਘ ਦੀ ਸੰਗਤ ਸੀ) ਵੀ ਨੱਥੇ ਜਾਣਗੇ।

ਇਕ ਦਿਨ ਸੰਤ ਮੁਹਾਵੇ ਵਾਲੇ ਪੱਟੀ ਉਸੇ ਬੀਬੀ ਦੇ ਮਕਾਨ 'ਤੇ ਪੁੱਜ ਗਏ। ਸੰਤਾਂ ਦੀ ਸੋਅ ਤਾਂ ਚਾਰ ਚੁਫੇਰੇ ਹੀ ਸੁਗੰਧੀ ਵਾਂਗੂੰ ਬਿਖਰੀ ਹੋਈ ਸੀ। ਬੀਬੀ ਨੇ ਆਦਰ ਸਤਿਕਾਰ ਕਰਕੇ ਬੈਠਾਇਆ ਅਤੇ ਫਿਰ ਦਰਸ਼ਨ ਦੇਣ ਦਾ ਪ੍ਰਯੋਜਨ ਪੁੱਛਿਆ। ਸੰਤ ਜੀ ਨੇ ਕਿਹਾ, "ਪੁੱਤਰਾ, ਮੈਂ ਤੈਥੋਂ ਕੁਝ ਲੈਣ ਆਇਆ ਹਾਂ। ਖ਼ਾਲੀ ਨਾ ਮੋੜੀ।" ਉਸ ਆਖਿਆ, "ਜੋ ਮੰਗੋ, ਸੰਤ ਜੀ। ਜਾਨ ਵੀ ਹਾਜ਼ਰ ਹੈ, ਜੇ ਤੁਹਾਡੇ ਜਿਹੇ ਖ਼ੁਦਾਪ੍ਰਸਤ ਦੇ ਲੇਖੇ ਲੱਗ ਜਾਵੇ ਤਾਂ।" ਸੰਤਾਂ ਆਖਿਆ, "ਪੁੱਤਰ ਮੈਨੂੰ ਸੋਹਣਾ ਦੇ ਦੇ।" "ਜਾਓ ਬਾਪੂ ਜੀ ਦਿੱਤਾ।" ਉਸ ਨੇ ਤਤ ਛਿਨ ਜੁਆਬ ਦਿਤਾ। ਸੰਤ ਘਰ ਆ ਗਏ। ਕੁਝ ਸਮੇਂ ਬਾਅਦ ਸੋਹਣ ਸਿੰਘ ਭਕਨਾ ਜਦੋਂ ਉਸੇ ਕੋਠੇ 'ਤੇ ਗਿਆ ਤਾਂ ਬੀਬੀ ਨੇ ਆਖਿਆ ਕਿ ਸੰਤਾਂ ਨੂੰ ਬਚਨ ਦੇ ਦਿਤਾ ਹੈ। ਹੁਣ ਤੁਸੀਂ ਮੈਨੂੰ ਖ਼ਿਮਾ ਕਰੋਗੇ।

"ਜਿਨਿ ਮਾਨਸ ਤੇ ਦੇਵਤੇ ਕੀਏ
ਕਰਤ ਨ ਲਾਗੀ ਵਾਰ।"

ਨਾਮਧਾਰੀ ਪੰਥ ਦੀ ਸੰਤ ਮੰਡਲੀ ਦੇ ਸਿਰਮੌਰ ਸੰਤਾਂ ਵਿਚ ਮੁਹਾਵੇ ਵਾਲਿਆਂ ਦਾ ਨਾਮ ਆਉਂਦਾ ਹੈ ਜਿਹਨਾਂ ਤੋਂ ਵਕਤ ਦੀ ਗ਼ੈਰ ਨਾਮਧਾਰੀ ਵਸੋਂ ਵੀ ਮੁਤਾਸਰ ਸੀ।

ਹੋਲੇ ਦੇ ਭੋਗ ਤੋਂ ਬਾਦ ਸਤਿਗੁਰੂ ਜੀ ਇਸੇ ਜ਼ਿਲ੍ਹੇ ਸ਼ੇਖ਼ੂਪੁਰੇ ਦੇ ਪਿੰਡ ਮਹਿਮਦਵਾਲੀ ਵਿਖੇ ਚਰਨ ਪਾਏ। ਇਹ ਸਾਰਾ ਨਗਰ ਵੀ ਨਾਮਧਾਰੀਆਂ ਦਾ ਹੀ ਸੀ। ਇੱਥੋਂ ਦੀ ਸੰਗਤ ਨੇ ਬਹੁਤ ਸੇਵਾ ਕੀਤੀ, ਪ੍ਰੇਮ ਨਾਲ। ਮਹਿਮਦਵਾਲੀ ਤੋਂ ਸਾਰੀ ਸੰਗਤ ਨੂੰ ਤਾਂ ਗੁਰੂ ਜੀ ਨੇ ਰੇਲ ਗੱਡੀ ਤੇ ਚੜ੍ਹ ਜਾਣ ਦਾ ਹੁਕਮ ਕੀਤਾ ਅਤੇ ਆਪ ਘੋੜਿਆਂ ਤੇ ਆਪਣੇ ਹਜ਼ੂਰੀ ਜਥੇ ਸਮੇਤ, ਜ਼ਿਲ੍ਹਾ ਗੁਜਰਾਂ ਵਾਲਾ ਦੇ ਪਿੰਡ ਕਾਲਿਆਂ ਵਾਲੀ ਵਿਚ ਜਾ ਉਤਰੇ। ਇੱਥੋਂ ਪੁਰਾਤਨ ਸ਼ਹਿਰ ਹਾਫਿਜ਼ਾਬਾਦ ਦੇ ਸੁੱਤੇ

ਭਾਗ ਜਾ ਜਗਾਏ। ਇਹ ਖੱਤਰੀ ਅਰੋੜਿਆਂ ਦੀ ਜ਼ਿਆਦਾ ਵੱਸੋਂ ਵਾਲਾ ਕਸਬਾ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸਭ ਦੇ ਮਨ ਸ਼ਾਂਤ ਹੋ ਗਏ। ਖ਼ੁਸ਼ੀਆਂ ਦੂਣ ਸਵਾਈਆਂ ਹੋਈਆਂ। ਕਈਆਂ ਨੇ ਨਾਮ ਦਾਨ ਲੈ ਕੇ ਰਹਿਤ ਮਰਯਾਦਾ ਧਾਰਨ ਕੀਤੀ ਅਤੇ ਸਿੰਘ ਸਜ ਗਏ। ਕੀਰਤਨ ਵੇਲੇ ਬਹੁਤ ਸੰਗਤ ਜੁੜਦੀ।

**ਊਧਮ ਸਿੰਘ ਚੇਲੇਕੇ:**

ਹਾਫ਼ਿਜ਼ਾਬਾਦ ਤੋਂ ਦਸ ਯਾਰਾਂ ਕੋਹਾਂ 'ਤੇ ਇਕ ਪਿੰਡ ਸੀ ਲੌਂਢੇ ਵੇਲੇ ਨਾਲ ਸ੍ਰੀ ਸਤਿਗੁਰੂ ਜੀ ਉਸ ਨਗਰ ਵਿਚ ਦਾਖ਼ਲ ਹੋਏ। ਇੱਥੇ ਜਿਹੜਾ ਊਧਮ ਸਿੰਘ ਚੇਲੇਕਿਆਂ ਵਾਲਾ ਸੀ, ਘੋੜਿਆਂ ਦਾ ਦਰੋਗਾ, ਉਸਦੀ ਬਾਂਹ ਇਕ ਮਸਤੀ ਵਿਚ ਆਏ ਘੋੜੇ ਨੇ ਮੂੰਹ ਵਿਚ ਪਾ ਲਈ ਅਤੇ ਛੱਡੇ ਨਾ। ਪੰਜਾਹ ਸੱਠ ਆਦਮੀ ਘੋੜੇ ਨੂੰ ਡਾਂਗਾ ਮਾਰਨ ਵਾਲੇ, ਪਰ ਘੋੜਾ ਬਾਂਹ ਨਾ ਛੱਡੇ। ਊਧਮ ਸਿੰਘ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਬਹੁਤ ਜ਼ਿਆਦਾ ਪ੍ਰੇਮ ਕਰਿਆ ਕਰਦੇ ਸਨ। ਹੁਣ ਜਦੋਂ ਊਧਮ ਸਿੰਘ ਦੇ ਭਰਾ ਅਮਰ ਸਿੰਘ ਨੂੰ (ਸੰਤ ਪ੍ਰੀਤਮ ਸਿੰਘ ਜੀ ਚੇਲੇਕਿਆਂ ਵਾਲੇ ਵੀ ਇਹਨਾਂ ਦੇ ਸਕੇ ਭਰਾ ਸਨ) ਪਤਾ ਲੱਗਾ ਤਾਂ ਉਨ ਆਉਂਦਿਆਂ ਹੀ ਆਖਿਆ, "ਮੁਲਖਾ, ਪਰ੍ਹਾਂ ਹੋ ਜਾਹ।" ਜਦੋਂ ਇਹ ਘੋੜੇ ਵੱਲ ਵਧਿਆ ਤਾਂ ਘੋੜਾ ਵੀ ਊਧਮ ਸਿੰਘ ਨੂੰ ਮੂੰਹ ਵਿਚ ਪਾਈ ਬਾਂਹ ਤੋਂ ਹੀ ਚੁੱਕ ਕੇ ਅਮਰ ਸਿੰਘ ਨੂੰ ਸਿੱਧਾ ਹੋ ਗਿਆ। ਜਦੋਂ ਘੋੜਾ ਸਾਹਮਣੇ ਆਇਆ ਤਾਂ ਅਮਰ ਸਿੰਘ ਨੇ ਜਿਉਂ ਤੱਕ ਕੇ ਸੋਟਾ ਮਾਰਿਆ ਉਹ ਘੋੜੇ ਦੇ ਸਿਰ ਵਿਚ ਵੱਜਾ ਅਤੇ ਘੋੜਾ ਪੁੱਠਾ ਹੋ ਕੇ ਜਾ ਪਿਆ। ਸਤਿਗੁਰੂ ਜੀ ਨੂੰ ਖ਼ਬਰ ਹੋਈ। ਬਾਬੇ ਸੁਰਜਨ ਸਿੰਘ ਭੋਮੇ ਵਡਾਲੀਏ ਨਾਲ ਇਕ ਸਿੰਘ ਹੋਰ ਦੇ ਕੇ ਊਧਮ ਸਿੰਘ ਨੂੰ ਥੋਹੜੀ ਬਹੁਤ ਮਲ੍ਹਮ ਪੱਟੀ ਬਾਦ ਅੰਮ੍ਰਿਤਸਰ ਦੇ ਵੱਡੇ ਹਸਪਤਾਲ ਵਿਚ ਭੇਜ ਦਿਤਾ।

ਇੱਥੋਂ ਸਤਿਗੁਰੂ ਜੀ, ਸੰਤ ਆਲਾ ਸਿੰਘ ਹੋਰਾਂ ਦੇ ਨਗਰ, ਵਰਨ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਦਰਸ਼ਨ ਦਿਤੇ। ਇੱਥੋਂ ਆਪ ਨੇ ਘੋੜਿਆਂ ਵਾਲਿਆਂ ਦੇ ਦੋ ਜਥੇ ਕਰ ਦਿਤੇ। ਇਕ ਜਥੇ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਜਾਣ ਲਈ ਅਤੇ ਦੂਜੇ ਨੂੰ ਵੈਸਾਖੀ ਤੇ ਸ੍ਰੀ ਅੰਮ੍ਰਿਤਸਰ ਪੁੱਜਣ ਦਾ ਹੁਕਮ ਕੀਤਾ। ਸਤਿਗੁਰੂ ਜੀ ਆਪ ਰੇਲ ਗੱਡੀ ਦੁਆਰਾ ਅੰਮ੍ਰਿਤਸਰ ਪਹੁੰਚੇ। ਊਧਮ ਸਿੰਘ ਦੀ ਖ਼ਬਰ ਲਈ। ਡਾਕਟਰ ਆਖੇ ਕਿ ਇਹਦੀ ਬਾਂਹ ਘੋੜੇ ਨੇ ਬਹੁਤ ਚਿੱਥ ਘੱਤੀ ਹੈ। ਮੋਢੇ ਤੋਂ ਵੱਢਣੀ ਪਏਗੀ। ਸਤਿਗੁਰੂ ਜੀ ਨੇ ਕਿਹਾ ਕਿ ਭਾਵੇਂ ਮੇਰੀ ਕਿੰਨੀ ਵੀ ਮਾਇਆ ਲੱਗ ਜਾਵੇ, ਮੈਂ ਬਾਂਹ ਵੱਢਣ ਨਹੀਂ ਦੇਣੀ। ਇਲਾਜ ਨਾਲ ਬਚਾਉਣੀ ਹੈ। ਦੋ ਮਹੀਨਿਆਂ ਵਿਚ ਬਾਂਹ ਠੀਕ ਹੋ ਗਈ। ਫਿਰ ਊਧਮ ਸਿੰਘ ਭੈਣੀ ਸਾਹਿਬ ਡੇਰੇ ਆ ਗਿਆ। ਊਧਮ ਸਿੰਘ ਦਾ ਹੀ ਭਾਈ ਆਤਮਾ ਸਿੰਘ 'ਦਾਹੜੀ' ਵੀ ਸੀ ਜੋ ਇਹਦੇ ਜਿਉਂ ਹੀ ਡੇਰੇ ਭੈਣੀ ਸਾਹਿਬ ਦੀ ਸੇਵਾ ਕਰਦਾ ਸੀ। ਊਧਮ ਸਿੰਘ,

ਆਤਮਾ ਸਿੰਘ ਦਾਹੜੀ ਅਤੇ ਦਲੀਪ ਸਿੰਘ ਠੇਠਰਕਿਆਂ ਦਾ , ਇਹ ਤਿੰਨੇ ਪਹਿਲਾਂ ਊਠਾਂ ਵਿਚ ਬਾਬੇ ਸੁਰਜਨ ਸਿੰਘ ਜੀ ਦੀ ਅੜਦਲ ਵਿਚ ਸਨ। ਊਧਮ ਸਿੰਘ ਨੂੰ ਘੋੜਿਆਂ ਦਾ ਕੰਮ ਸਿਖਾ ਕੇ ਸਤਿਗੁਰੂ ਜੀ ਨੇ ਦਰੋਗਾ ਬਣਾ ਦਿਤਾ। ਇਸ ਤੋਂ ਬਾਅਦ ਘੋੜਿਆਂ ਵਿਚੋਂ ਹਟਾ ਕੇ ਜਦੋਂ ਸਤਿਜੁਗ ਸ੍ਰੀ ਭੈਣੀ ਸਾਹਿਬੋਂ ਛਪਣਾ ਸ਼ੁਰੂ ਹੋਇਆ, ਪ੍ਰੈਸ ਵਿਚ ਲਾ ਦਿਤਾ। ਦਲੀਪ ਸਿੰਘ ਨੂੰ ਲੰਗਰ ਵਿਚ ਲਾ ਦਿਤਾ। ਆਤਮਾ ਸਿੰਘ ਹੋਰਾਂ ਦੀ ਮਾਈ ਬਿਰਧ ਸੀ ਉਹ ਛੁੱਟੀ ਲੈ ਕੇ ਪਿੰਡ ਚਲਾ ਗਿਆ। ਦਲੀਪ ਸਿੰਘ ਹਕੀਮ ਨੇ ਗੱਦੀ ਠੁਕਰਾਈ। ਦਲੀਪ ਸਿੰਘ ਨੂੰ ਹਕੀਮੀ ਸਿੱਖਣ ਦਾ ਸ਼ੌਂਕ ਸੀ। ਸਤਿਗੁਰੂ ਜੀ ਨੇ ਉਸ ਨੂੰ ਆਗਿਆ ਦੇ ਦਿਤੀ ਕਿ ਉਹ ਲਾਂਭੇ ਜਾ ਕੇ ਹਕੀਮੀ ਸਿੱਖ ਆਵੇ। ਇਸ ਨੇ ਫਿਰ ਸ੍ਰੀ ਅੰਮ੍ਰਿਤਸਰ ਜਾ ਕੇ, ਸੰਗਲ ਵਾਲੇ ਅਖਾੜੇ ਵਿਚ ਨਿਰਬਾਣ ਇਕ ਸਾਧੂ ਹਕੀਮ ਸੀ, ਸੱਤ ਸਾਲ ਉਸ ਦੀ ਪੂਰੀ ਸੇਵਾ ਕੀਤੀ। ਅੱਬਲ ਦਰਜੇ ਦਾ ਹਕੀਮ ਬਣਿਆ। ਕੁਝ ਚਿਰ ਬਾਦ ਨਿਰਬਾਣ ਸੁਰਗਵਾਸ ਹੋ ਗਿਆ। ਅਖਾੜੇ ਦਿਆਂ ਸਾਧਾਂ ਨੇ ਇਕੱਠਿਆਂ ਹੋ ਕੇ ਭਾਈ ਦਲੀਪ ਸਿੰਘ ਨੂੰ ਆਖਿਆ ਕਿ ਨਿਰਬਾਣ ਜੀ ਦੀ ਤੁਸਾਂ ਬਹੁਤ ਸੇਵਾ ਕੀਤੀ ਹੈ। ਉਹਨਾਂ ਦੀ ਗੱਦੀ ਤੇ ਅਸੀਂ ਹੁਣ ਤੁਹਾਨੂੰ ਬੈਠਾਉਣਾ ਚਾਹੁੰਦੇ ਹਾਂ। ਸੋ ਤੁਸੀਂ ਕਛੈਹਿਰਾ ਉਤਾਰ ਦਿਓ ਅਤੇ ਉਦਾਸੀ ਭੇਖ ਵਿਚ ਆ ਜਾਓ। ਉਸ ਡੇਰੇ ਦੀ ਆਮਦਨੀ ਉਸ ਸਮੇਂ ਵੀ ਲੱਖਾਂ ਰੁਪਏ ਵਿਚ ਗਿਣੀ ਜਾਂਦੀ ਸੀ। ਦਲੀਪ ਸਿੰਘ ਨੇ ਸਿੱਖੀ ਨਹੀਂ ਛੱਡੀ ਅਤੇ ਮਾਇਆ ਨੂੰ ਠੋਕਰ ਮਾਰ ਦਿਤੀ। ਉਥੋਂ ਆਪਣਾ ਲੀੜਾ ਕੱਪੜਾ ਚੁੱਕ ਕੇ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਸੱਦੋਵਾਲ ਵਿਚ ਜਾ ਕੁਟੀਆ ਪਾਈ। 1947 ਈ: ਦੇ ਬਟਵਾਰੇ ਤੋਂ ਬਾਦ ਉਹ ਵੀ ਹੋਰਨਾਂ ਲੋਕਾਂ ਜਿਉਂ ਸ੍ਰੀ ਭੈਣੀ ਸਾਹਿਬ ਪੁੱਜਾ। ਭੈਣੀ ਸਾਹਿਬ 4-5 ਸਾਲ ਕੱਟ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਜੀਵਨ ਨਗਰ (ਜ਼ਿਲ੍ਹਾ ਹਿਸਾਰ ਹੁਣ ਸਿਰਸਾ) ਵਿਚ ਆ ਗਏ। ਫਿਰ ਆਖ਼ਰੀ ਸਮਾਂ ਸੰਤਾਂ ਵਾਲੀ ਪਿੰਡ ਵਿਚ ਸ. ਸਵਿੰਦਰ ਸਿੰਘ ਪਾਸ ਬਤੀਤ ਕੀਤਾ। ਇਹ ਸਭ ਕੰਬੋ ਸਿੰਘ ਵੀ ਹਕੀਮ ਹੋਰਾਂ ਦੇ ਪੁਰਾਣੇ ਮਿਲਤ ਗਿਲਤ ਵਾਲੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਕੀਮ ਜੀ ਤੇ ਬਹੁਤ ਕ੍ਰਿਪਾ ਸੀ। ਹਕੀਮ ਜੀ ਵੀ ਬਾਬੇ ਜੁਆਹਰ ਸਿੰਘ ਹੋਰਾਂ ਵਾਂਗ ਜਿਵੇਂ ਉਹ ਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿਚ ਆ ਕੇ ਫਿਰ ਘਰ ਨਹੀਂ ਗਏ ਸਨ। ਇਸ ਤਰ੍ਹਾਂ ਤਾਉਮਰ ਮੁੜਕੇ ਘਰ ਵੱਲ ਮੂੰਹ ਨਹੀਂ ਕੀਤਾ। ਇਹਨਾਂ ਦਾ ਵਿਆਹ ਤਾਂ ਪਹਿਲਾਂ ਹੋਇਆ ਸੀ ਪਰ ਜਦੋਂ ਤੋਂ ਬਾਬੇ ਸੁਰਜਨ ਸਿੰਘ ਹੋਰਾਂ ਦੀ ਸੰਗਤ ਵਿਚ ਆਏ ਫਿਰ ਨਾ ਵਿਆਹ ਦਾ ਚੇਤਾ ਕੀਤਾ ਅਤੇ ਨਾ ਘਰ ਵੱਲ ਮੂੰਹ ਕੀਤਾ। ਇਹ ਗੁਰੂ ਹਰੀ ਸਿੰਘ ਵੇਲੇ ਦੇ ਸੂਰਮੇ ਸਿੰਘ ਮੱਲ ਸਿੰਘ ਠੇਠਰ ਕੇ ਦੇ ਪਿੰਡ ਦੇ ਹੀ ਸਨ। ਇਹਨਾਂ ਦੇ ਚਾਰ ਭਾਈ ਸਨ ਉਹ ਅਸੀਂ ਵੇਖਦੇ ਹੁੰਦੇ ਸਾਂ ਕਿ ਡੇਰੇ ਆ

ਕੇ ਇਹਨਾਂ ਨੂੰ ਮਿਲ ਜਾਂਦੇ ਹੁੰਦੇ ਸਨ। ਇਸੇ ਪਿੰਡ ਦਾ ਹੀ ਇਕ ਗ਼ੁਲਾਬ ਸਿੰਘ ਸਾਧ ਵੀ ਸੀ, ਜਿਹੜਾ ਭੈਣੀ ਸਾਹਿਬ ਰਹਿੰਦਾ ਸੀ ਅਤੇ ਇਹਦੇ ਵਰ ਨਾਲ ਪੁੱਤਰ ਜੰਮਦੇ ਸਨ।

ਇਕ ਵੇਰ ਊਧਮ ਸਿੰਘ ਦੇ ਚਿੱਤ ਵਿਚ ਫੁਰਨਾ ਫੁਰਿਆ ਕਿ ਜੇ ਕਿਤੇ ਮੇਰਾ ਵਿਆਹ ਹੋ ਜਾਏ ਤਾਂ ਵਧੀਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜਿਹੜੀ ਵੀ ਉਹਦਾ ਸਿੱਖ ਮੰਗ ਕਰਦਾ ਸੀ, ਪੂਰੀ ਕਰਨ ਵਾਲਾ ਸਤਿਗੁਰੂ ਸੀ। ਊਧਮ ਸਿੰਘ ਦਾ ਅਨੰਦ ਕਾਰਜ ਹੋ ਗਿਆ ਅਤੇ 1985 ਬਿਕ੍ਰਮੀ ਵਿਚ ਉਹ ਆਪਣੇ ਪਿੰਡ ਚੇਲੇਕੀ ਚਲਾ ਗਿਆ। ਫਿਰ ਡੇਰੇ ਨਹੀਂ ਆਇਆ। ਆਪਣਾ ਕਾਰ ਵਿਹਾਰ ਕਰਦਾ ਹੈ ਅਤੇ ਅੱਜ ਕਲ੍ਹ (1962 ਈ:) ਆਪਣੇ ਨਗਰ ਚੇਲੇਕੇ ਵਿਚ ਬੜੇ ਠਾਠ ਨਾਲ ਵਸ ਰਿਹਾ ਹੈ ਅਤੇ ਆਏ ਗਏ ਸਿੱਖ ਸਾਧ ਦੀ ਸੇਵਾ ਕਰਦਾ ਹੈ।

ਬਾਬੇ ਸੁਰਜਨ ਸਿੰਘ ਹੋਰਾਂ ਦੀ ਜ਼ਾਹਰੀ ਕਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੱਸੀ ਸੀ। ਦੀਵਾਨ ਲੱਗਾ ਸੀ ਇਕ ਵੇਰ, ਤੇ ਬਹੁਤ ਵੱਟ ਲੱਗਾ ਹੋਇਆ ਸੀ। ਹਵਾ ਨਹੀਂ ਸੀ ਲੱਗ ਰਹੀ ਰਤੀ ਭਰ ਵੀ। ਬਾਬਾ ਜੀ ਮਸਤਾਨੇ ਹੋ ਗਏ। ਸੰਗਤ ਨੂੰ ਪੱਖਾ ਝੱਲਣ ਲੱਗ ਪਏ। ਮਸਤੀ ਵਿਚ ਬਚਨ ਕੀਤਾ, "ਪਉਣ ਦੇਵਤਿਆ ਛੁੱਟ ਪਉ ਹੁਣ।" ਹਵਾ ਚੱਲਣ ਲੱਗ ਪਈ। ਸਭ ਦੀ ਤਨ ਮਨ ਦੀ ਗਰਮੀ ਦੂਰ ਹੋ ਗਈ।

ਨਹਿਰ 'ਤੇ ਡੇਰਾ ਬਦਲਿਆ:

ਪੂਨੀਆਂ ਵਾਲੇ ਜ਼ਿੰਮੀਦਾਰ ਜਿਹਨਾਂ ਨੇ ਨਹਿਰ ਵਾਲੇ ਡੇਰੇ ਦੀ ਜ਼ਮੀਨ ਦਿਤੀ ਸੀ। ਉਹ ਡੇਰੇ ਵਿਚ ਰੁੱਖ, ਅੰਬ ਵਗੈਰਾ ਦੇ ਲੱਗੇ ਵੇਖ ਕੇ ਅਤੇ ਮਕਾਨ ਬਣੇ ਵੇਖ ਕੇ ਆਪਣੇ ਈਮਾਨ ਤੋਂ ਖਿੜਕ ਗਏ ਅਤੇ ਜ਼ਮੀਨ ਖੋਹਣ ਵਾਸਤੇ ਉਹਨਾਂ ਸਤਿਗੁਰੂ ਜੀ ਉਤੇ ਲੁਧਿਆਣਾ ਕਚਹਿਰੀ ਵਿਚ ਮੁਕਦਮਾ ਕਰ ਦਿਤਾ। ਸ੍ਰੀ ਸਤਿਗੁਰੂ ਜੀ ਨੇ ਜ਼ਿਆਦਾ ਝਗੜੇ ਵਿਚ ਪੈਣਾ ਨਾ ਚਾਹਿਆ ਅਤੇ ਇਥੋਂ ਡੇਰਾ ਚੁੱਕ ਕੇ ਅੱਧ ਮੀਲ ਅਗਾਂਹ ਜਾ ਕੇ ਨਵਾਂ ਡੇਰਾ ਪਾ ਲਿਆ। ਸਤਿਗੁਰੂ ਜੀ ਜਿਸ ਡੇਰੇ ਤੇ ਪਹਿਲੋਂ ਨਿਤਨੇਮ ਕਰਦੇ ਸਨ ਤੜਕੇ ਪੌਣਾ ਮੀਲ ਤੁਰ ਕੇ ਉੱਥੇ ਪਹੁੰਚ ਕੇ ਨਿਤਨੇਮ ਕਰਦੇ। ਇਹ ਜਿਹੜਾ ਸਾਡਾ ਉਰਲਾ ਡੇਰਾ ਸੀ, ਇਹ ਰਿਖੀ ਕੇਸ਼ ਨਾਲ ਮੁਕਾਬਲਾ ਕਰਦਾ ਸੀ। ਰਿਖੀਕੇਸ਼ ਗੰਗਾ ਦੇ ਕੰਢੇ ਤੇ ਸੀ, ਇਹ ਸਤਲੁਜ ਦਰਿਆ ਦੀ ਧੀ, ਨਹਿਰ ਸਰਹਿੰਦ ਦੇ ਕੰਢੇ 'ਤੇ ਵਸਿਆ ਸੀ। ਇਸ ਡੇਰੇ ਦੀ ਮਹੱਤਤਾ ਹਰਦੁਆਰ ਆਦਿਕ ਤੀਰਥਾਂ ਤੋਂ ਵੀ ਵੱਧ ਹੈ। ਜਿਸ ਦੇ ਕੰਢੇ ਸਤਿਗੁਰੂ ਜੀ ਨੇ ਤਪ ਕੀਤਾ। ਇੱਥੋਂ ਡੇਰਾ ਰੱਤੇ ਚੋਏ ਦੇ ਹੋਲੇ ਸਮੇਂ ਚੁਕਿਆ ਗਿਆ ਸੀ 1973 ਬਿਕ੍ਰਮੀ ਮਤਾਬਿਕ 1917 ਈ. ਵਿਚ।

**ਮਹੰਤ ਕੇਸਰ ਸਿੰਘ ਮਜਾਧ**

ਹੁਣ ਸਤਿਗੁਰੂ ਜੀ ਨੇ ਨਿਤਨੇਮ ਚਾਲ੍ਹੀਆ ਕਰਕੇ ਦੀਪਮਾਲਾ ਤੇ ਅੰਮ੍ਰਿਤਸਰ ਪੁੱਜਣ ਲਈ ਦੌਰਾ ਫਿਰ ਅਰੰਭ ਕਰ ਦਿਤਾ। ਦੀਵਾਲੀ ਤੇ ਸਾਰੀ ਸੰਗਤ ਊਠਾਂ ਘੋੜਿਆਂ ਵਾਲੇ ਅਤੇ ਹੋਰ ਜਥਿਆਂ ਵਾਲੇ ਪੁੱਜ ਗਏ। ਪੂੰਗਾਂ ਵਾਲੇ ਸੰਤ ਸੁੰਦਰ ਸਿੰਘ ਹੋਰਾਂ ਨਾਲ, ਮਹੰਤ ਕੇਸਰ ਸਿੰਘ ਪਿੰਡ ਮਜਾਧ (ਜ਼ਿਲ੍ਹਾ ਸਿਆਲਕੋਟ) ਵੀ ਉਹਨਾਂ ਦੇ ਜਥੇ ਵਿਚ ਸੀ। ਪੂੰਗਾ ਵਾਲੇ ਉਹ ਸਨ ਜਿਹਨਾਂ ਦਾ ਭਜਨ ਮਸਤਾਨੇ ਬਣਾ ਦਿੰਦਾ ਸੀ। ਜਦੋਂ ਕੇਸਰ ਸਿੰਘ ਹੋਰਾਂ ਨੂੰ ਸੰਤਾਂ ਨੇ ਭਜਨ ਦੇ ਦਿਤਾ ਤਾਂ ਫਿਰ ਇਹ ਵੀ ਸੰਤਾਂ ਦੇ ਸੰਗ ਹੀ ਰਲ ਗਏ। ਵਾਪਸ ਘਰ ਨਹੀਂ ਪਰਤੇ। ਇਹ ਮਸਤਾਂ ਦੀ ਬਿਰਤੀ ਐਸੀ ਹੀ ਸੀ ਕਿ ਘਰਾਂ ਵਾਲੇ ਉਡੀਕਦੇ ਰਹਿੰਦੇ ਸਨ ਕਦੋਂ ਮੁੜਨਗੇ ? ਪਰ ਇਹ ਤਾਂ ਵਾਰਿਸ ਸ਼ਾਹ ਦੇ ਆਖਣ ਮੁਤਾਬਿਕ:

"ਜਿਹਨਾਂ ਸੂਲੀਆਂ 'ਤੇ ਜਾ ਕੇ ਲਏ ਝੂਟੇ,
ਉਹ ਮਨਸੂਰ ਹੋਰੀਂ ਸਾਡੇ ਨਾਲ ਦੇ ਈ।
ਵਾਰਿਸ ਸ਼ਾਹ ਜੋ ਗਏ ਸੋ ਨਹੀਂ ਮੁੜਦੇ,
ਲੋਕ ਅਸਾਂ ਥੀਂ ਆਵਣਾ ਭਾਲਦੇ ਈ।"

ਸੰਤਾਂ ਦੇ ਹੁਕਮ ਅਨੁਸਾਰ ਨਿਤਨੇਮ ਵਿਚ ਰੁੱਝੇ ਰਹਿੰਦੇ। ਜਦੋਂ ਬਾਹਰ ਜਾ ਕੇ ਸੰਤ ਕੇਸਰ ਸਿੰਘ ਹੋਰੀਂ ਨਾਮ ਜਪਦੇ ਤਾਂ ਸਾਹਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਾਜ਼ਰ ਨਾਜ਼ਰ ਜੋਤ ਆ ਜਾਂਦੀ। ਮਹੰਤ ਹੋਰੀਂ ਇਸ ਗਲੋਂ ਬੜਾ ਅਚਰਜ ਮਨਾਉਂਦੇ ਕਿ ਭਜਨ ਸੰਤਾਂ ਪੂੰਗਾਂ ਵਾਲਿਆਂ ਤੋਂ ਪੁਛਿਆ ਹੈ, ਰਹਿੰਦੇ ਵੀ ਅੱਠੇ ਪਹਿਰ ਉਹਦੇ ਨਾਲ ਹਾਂ, ਪਰ ਇਹ ਮਾਲਕ ਕੋਈ ਹੋਰ ਆ ਖਲੋਂਦਾ ਏ। ਉਸਦਾ ਦਰਸ਼ਨ ਕਦੋਂ ਹੋਵੇਗਾ। ਸੰਤਾਂ ਪੂੰਗਾਂ ਵਾਲਿਆਂ ਦੇ ਨਾਲ ਇਹ ਵੀ ਦੀਵਾਲੀ ਤੇ ਦਰਸ਼ਨਾਂ ਨੂੰ ਗਏ। ਜਦੋਂ ਕੇਸਰ ਸਿੰਘ ਹੋਰਾਂ ਸਤਿਗੁਰਾਂ ਨੂੰ ਮੱਥਾ ਟੇਕਿਆ

'ਸੁਧ ਕੀ ਨਾ ਸੁਧ ਰਹੀ
ਬੁਧ ਕੀ ਨ ਬੁਧ ਰਹੀ।'

.....

"ਦਰਸਨ ਭੇਟਤ ਹੋਤ ਨਿਹਾਲ।"

ਮਹੰਤ ਹੋਰੀਂ ਵਿਸਮਾਦ ਵਿਚ ਆ ਗਏ। ਕਹਿੰਦੇ ਜਿਸ ਦਾ ਦਰਸ਼ਨ ਹੁੰਦਾ ਸੀ, ਉਹ ਇਹੋ ਹੈ। ਸੰਤ ਪੂੰਗਾਂ ਵਾਲੇ ਆਪਣੇ ਜਥੇ ਸਮੇਤ ਦੀਵਾਲੀ ਤੋਂ ਵਾਪਸ ਚੱਲ ਪਏ। ਕੇਸਰ ਸਿੰਘ ਹੋਰਾਂ ਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਤੂੰ ਸੰਤਾਂ ਨਾਲ ਨਹੀਂ ਜਾਣਾ। ਦੌਰੇ ਨਾਲ ਚੱਲਣਾ ਹੈ। ਮਹੰਤ ਜੀ ਨੂੰ ਪੂਰਨ ਨਿਸ਼ਚਾ ਹੋ ਚੁਕਿਆ ਸੀ ਕਿ ਇਹੋ ਪੂਰਨ ਗੁਰੂ ਹੈ ਜਿਸ ਮੇਰੇ ਭਰਮ ਜਾਲ ਕੱਟਣੇ ਹਨ। ਜਦੋਂ ਸੰਤਾਂ ਪੂੰਗਾਂ

ਵਾਲਿਆਂ ਨੇ ਕੇਸਰ ਸਿੰਘ ਬਾਰੇ ਸਤਿਗੁਰੂ ਜੀ ਤੋਂ ਪੁਛਿਆ ਤਾਂ ਉਹਨਾਂ ਫੁਰਮਾਇਆ ਕਿ ਸਾਡੀ ਚੀਜ਼ ਸੀ, ਅਸਾਂ ਰੱਖ ਲਈ ਹੈ।

"ਜਿਸ ਕੀ ਵਸਤ ਤਿਸ ਆਗੈ ਰਾਖੈ
ਪ੍ਰਭ ਕੀ ਆਗਿਆ ਮਾਨੈ ਮਾਥੈ।"

ਇਹ ਬਚਨ ਮੈਂ ਮਹੰਤ ਹੋਰਾਂ ਦੀ ਰਸਨਾ ਤੋਂ ਆਪ ਸੁਣਿਆ ਸੀ। ਮਹੰਤ ਜੀ ਨੂੰ ਦੌਰੇ ਵਿਚ ਹੱਟੀ ਦਾ ਕੰਮ ਸੌਂਪ ਦਿਤਾ ਗਿਆ। ਲੋੜਵੰਦਾਂ ਨੂੰ ਚੀਜ਼ ਵਸਤ ਵਰਤਾਉਂਦੇ ਸਨ। ਭੈਣੀ ਸਾਹਿਬ ਵੀ ਇਹੋ ਵਿਹਾਰ ਕਰਦੇ ਅਤੇ ਮਾਤਾ ਜਿਊਣ ਕੌਰ ਜੀ ਦੀ ਸੇਵਾ ਵਿਚ ਰਹਿੰਦੇ ਸਨ। ਸਤਿਗੁਰੂ ਜੀ ਜੇ ਕਦੇ ਉਗਰਾਹੀ ਕਰਨ ਵਾਸਤੇ ਭੇਜ ਦਿੰਦੇ ਤਾਂ ਆਪ ਉਗਰਾਹੀ ਕਰਨ ਵਾਲਿਆਂ ਦੇ ਮਹੰਤ ਹੁੰਦੇ। ਇਸ ਤਰ੍ਹਾਂ ਮਹੰਤੀ ਦਾ ਖ਼ਿਤਾਬ ਆਪ ਨੂੰ ਮਿਲਿਆ ਸੀ। ਫਿਰ ਸਤਿਗੁਰੂ ਜੀ ਨੇ ਆਪ ਨੂੰ ਮਾਤਾ ਭੂਪਿੰਦਰ ਕੌਰ ਜੀ ਦੀ ਸੇਵਾ ਵਿਚ ਲਾ ਦਿਤਾ। ਫਿਰ ਜਦੋਂ ਬਿਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੇ ਅਵਤਾਰ ਧਾਰਿਆ ਤਾਂ ਢਾਈ ਸਾਲਾਂ ਤੱਕ ਮਾਤਾ ਜੀ ਦੇ ਨਾਲ ਬਾਲ ਗੋਪਾਲ ਦੀ ਸੇਵਾ ਕਰਦੇ ਰਹੇ। ਇਹਨਾਂ ਲੋਭ, ਮੋਹ, ਕਰੋਧ, ਕਾਮ ਤੇ ਹੰਕਾਰ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਕ੍ਰਿਪਾ ਨਾਲ ਜਿੱਤ ਲਿਆ ਸੀ। ਵੰਡ ਛਕਦੇ, ਨਾਮ ਜਪਦੇ ਅਤੇ ਜਪਾਉਂਦੇ। ਮੈਨੂੰ ਸਦਾ ਉਹ ਭਰਾਵਾਂ ਵਾਂਗ ਜਾਣ ਕੇ ਨਿੱਕੇ ਭਰਾ ਜਿਹਾ ਲਾਡ ਮਲ੍ਹਾਰ ਮੇਰੇ ਨਾਲ ਵੀ ਕਰਦੇ ਸਨ। ਅਨੰਦਪੁਰ ਦੇ ਹੋਲੇ ਨੂੰ ਜਾਂਦਿਆਂ ਕੀਰਤਪੁਰ ਸਾਹਿਬ ਪੁੱਜ ਕੇ ਅਸਾਂ ਸੰਤਾਂ ਨੂੰ ਕਿਹਾ ਕਿ ਮਿੱਠਾ ਦਿਉ, ਜਲ ਛਕਣਾ ਹੈ। ਬਦਾਮ ਰਗੜ ਕੇ ਗੜਵੇ ਵਿਚ ਪਾਏ ਸਨ ਅਸਾਂ। ਸੰਤ ਖੰਡ ਘੋਲ ਕੇ ਮਿੱਠਾ ਪਾਣੀ ਸੰਗਤ ਨੂੰ ਛਕਾ ਰਹੇ ਸਨ। ਮੈਥੋਂ ਗੜਵਾ ਲੈ ਕੇ ਉਹ ਰਗੜੀ ਹੋਈ ਸਰਦਾਈ ਸਾਰੀ ਕੜਾਹੇ ਵਿਚ ਪਾ ਦਿਤੀ ਅਤੇ ਆਖਣ ਲੱਗੇ, "ਇਕੱਲੇ ਨਹੀਂ ਛਕੀਦਾ ਝੱਬਰਾ! ਵੰਡ ਕੇ ਛਕੀਦਾ ਹੈ।" ਜਦੋਂ ਬਿਅੰਤ ਜੀ ਢਾਈ ਸਾਲਾਂ ਦੇ ਹੋਏ ਤਾਂ ਉਹਨਾਂ ਨੂੰ ਸਾਂਭਣ ਦੀ ਸੇਵਾ, ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਮਹੰਤ ਕੇਸਰ ਸਿੰਘ ਮਜਾਧ ਤੋਂ ਮੈਨੂੰ ਮਿਲ ਗਈ। ਮਹੰਤ ਜੀ ਦਾ ਬਾਪ ਅਤੇ ਭਰਾ ਦੋਵੇਂ ਚੜ੍ਹਾਈ ਕਰ ਗਏ। ਘਰ ਬਰਬਾਦ ਹੋਣੋਂ ਰੋਕਣ ਲਈ ਸਤਿਗੁਰੂ ਜੀ ਨੇ ਰਾਜੀਨਾਮੇ ਛੁੱਟੀ ਦੇ ਦਿੱਤੀ ਕਿ ਜਾਓ ਜਾ ਕੇ ਘਰ ਸੰਭਾਲੋ। ਆਪ ਆਪਣੇ ਪਿੰਡ ਦੇ ਲੰਬੜਦਾਰ ਸਨ। ਪਾਕਿਸਤਾਨ ਬਣਨ ਤੋਂ ਕੁਝ ਸਮਾਂ ਬਾਦ ਆਪ ਨੇ ਏਧਰ ਆ ਕੇ ਸਰੀਰ ਛੱਡਿਆ ਸੀ।

**ਕੁੱਤਿਆਂ ਤੇ ਕ੍ਰਿਪਾ ਕੀਤੀ:**

ਅੰਮ੍ਰਿਤਸਰ ਦੀ ਦੀਵਾਲੀ ਵੇਖ ਕੇ ਸਤਿਗੁਰੂ ਜੀ ਖਿਆਲਾ, ਚੁਗਾਵਾਂ, ਲੋਪੋਕੀ, ਚੇਲੇਕੀ ਅਤੇ ਕੱਕੜ ਆਦਿ ਨਗਰਾਂ ਥਾਣੀਂ ਹੁੰਦੇ ਹੋਏ ਲਾਹੌਰ ਪੁੱਜ ਗਏ।

ਲੋਪੋਕਿਆਂ ਤੋਂ ਦੋ ਕੁੱਤੇ ਵੀ ਦੌਰੇ ਦੇ ਨਾਲ ਰਲ ਗਏ। ਜਦੋਂ ਸਿੰਘ ਲਾਹੌਰੋਂ ਰੇਲ ਗੱਡੀ ਤੇ ਚੜ੍ਹੇ ਤਾਂ ਉਹ ਵੀ ਨਾਲ ਹੀ ਗੱਡੀ ਤੇ ਆ ਗਏ। ਬਾਹੜੀਆਂ ਵਾਲੇ ਦੇ ਸਟੇਸ਼ਨ ਤੇ ਸੰਗਤ ਉਤਰੀ ਤਾਂ ਉਹ ਵੀ ਨਾਲ ਹੀ ਉਤਰ ਆਏ। ਇਕ ਦਿਨ ਪੜਾਉ ਉਥੇ ਹੋਇਆ।ਅਗਲੇ ਦਿਨ ਬਾਰਬਟਨ ਪਿੰਡ ਵਿਚੋਂ ਦੀ ਲੰਘ ਕੇ ਨਨਕਾਣਾ ਸਾਹਿਬ ਵਿਖੇ ਕੱਤਕ ਪੂੰਨਿਆ ਦਾ ਮੇਲਾ ਕੀਤਾ। ਇੱਥੋਂ ਸਤਿਗੁਰੂ ਜੀ ਸਮੇਤ ਸੰਗਤ, ਮਾਨਾਂ ਵਾਲਾ, ਪੰਜ ਚੱਕ, ਚੂਹੜਕਾਣਾ, ਲੀਲਿਆਂ ਵਾਲੀ, ਨੌ ਚੱਕ ਝੱਬਰ, ਦੁਗੈਚ, ਰੱਤੇ ਚੋਏ, ਸਦੋਵਾਲ ਹੁੰਦੇ ਹੋਏ ਢੋਟੀਆਂ ਜ਼ਿਲ੍ਹਾ ਲਾਇਲਪੁਰ ਵਿਚ ਪੁਜ ਗਏ। ਨਨਕਾਣਾ ਸਾਹਿਬ ਉਹ ਦੋਵੇਂ ਕੁੱਤੇ ਰਹਿ ਗਏ ਸਨ। ਜਦੋਂ ਸਤਿਗੁਰੂ ਜੀ ਮਾਨਾਂਵਾਲੇ ਪੁੱਜੇ ਤਾਂ ਉਹਨਾਂ ਪੁੱਛਿਆ ਕਿ ਦੋਵੇਂ ਕੁੱਤੇ ਕਿੱਥੇ ਰਹਿ ਗਏ ਹਨ। ਇਕ ਸਿੰਘ ਨੇ ਕਿਹਾ, "ਜੀ ਉਹ ਨਨਕਾਣੇ ਸਾਹਿਬ ਰਹਿ ਗਏ ਹਨ।" ਉਸ ਸਿੰਘ ਨੂੰ ਕਿਰਾਇਆ ਦੇ ਕੇ ਦੀਨ ਦਿਆਲ ਜੀ ਨੇ ਹੁਕਮ ਕੀਤਾ ਕਿ ਉਹਨਾਂ ਕੁੱਤਿਆਂ ਨੂੰ ਲੱਭ ਕੇ ਨਨਕਾਣਾ ਸਾਹਿਬ ਤੋਂ ਜਿੱਥੋਂ ਦੇ ਉਹ ਸਨ, ਉੱਥੇ ਲੋਪੋਕੀ ਛੱਡ ਕੇ ਆਉ। ਵਿਚਾਰੇ ਬੇਸਹਾਰੇ ਜਾਨਵਰ ਘਰੋਂ ਬੇਘਰ ਹੋ ਕੇ ਰੁਲਦੇ ਨਾ ਰਹਿਣ। ਧੰਨ ਮੇਰਾ ਸਤਿਗੁਰੂ ਮਨੁੱਖਾਂ ਕੀ, ਪਸ਼ੂਆਂ 'ਤੇ ਵੀ ਆਪਣੀ ਮਿਹਰ ਦੀ ਨਜ਼ਰ ਰੱਖਣ ਵਾਲਾ। ਉਹ ਸਿੰਘ ਕੁੱਤਿਆਂ ਨੂੰ ਲੋਪੋਕੀ ਛੱਡ ਕੇ ਫਿਰ ਦੌਰੇ ਨਾਲ ਆ ਰਲਿਆ ਸੀ।

### ਢੋਟੀਆਂ ਪਿੰਡ ਦਾ ਪ੍ਰਕਰਣ

ਸਤਿਗੁਰੂ ਜੀ ਦੌਰਾ ਲੈ ਕੇ ਮੰਜ਼ਲੋ ਮੰਜ਼ਲੀ ਇੱਥੇ ਪੁੱਜ ਗਏ ਸਨ ਇਸ ਨਗਰ ਦੀ ਸੰਗਤ ਸਦਾ ਹੀ ਉਡੀਕਦੀ ਰਹਿੰਦੀ ਸੀ ਕਿ ਸਤਿਗੁਰੂ ਜੀ ਕਦੋਂ ਦਰਸ਼ਨ ਦਿੰਦੇ ਹਨ। ਕੀ ਨਾਮਧਾਰੀ ਤੇ ਕੀ ਗ਼ੈਰ ਨਾਮਧਾਰੀ ਸਿੱਖ ਸਭ ਸਤਿਗੁਰੂ ਜੀ ਦੀ ਆਮਦ ਸੁਣ ਕੇ ਸਾਉਣ ਮਾਂਹ ਦੀਆਂ ਘਟਾਵਾਂ ਵਾਂਗੂੰ ਜੁੜਨ ਲੱਗ ਪੈਂਦੇ ਸਨ। ਇਸ ਪਿੰਡ 'ਤੇ ਸਤਿਗੁਰੂ ਜੀ ਦੀ ਵੀ ਪੂਰਨ ਕ੍ਰਿਪਾ ਸੀ। ਸਭ ਨਗਰ ਨਿਵਾਸੀ ਮਿਲ ਜੁਲ ਕੇ ਵਿੱਤੋਂ ਵੱਧ ਸੰਗਤ ਦੀ ਸੇਵਾ ਕਰਦੇ ਸਨ।

ਢੋਟੀਆਂ ਵਿਚ ਸਾਡਾ ਦੌਰਾ ਸੱਤ ਦਿਨ ਰਿਹਾ ਸੀ। ਬਾਬਾ ਸਾਧੂ ਸਿੰਘ (ਮਹੰਤ ਸਤਲਾਣੀ ਸਾਹਿਬ) ਦਾ ਵੀ ਗੱਡਿਆਂ ਘੋੜਿਆਂ ਸਮੇਤ ਉਤਾਰਾ ਇਸ ਸਮੇਂ ਇਸੇ ਪਿੰਡ ਵਿਚ ਸੀ। ਉਦਾਸੀ ਸਾਧੂਆਂ ਦਾ ਇਕ ਦਲ ਵੀ, ਇਕ ਹਾਥੀ, ਪੰਜ ਸੱਤ ਘੋੜੇ ਅਤੇ ਪੰਜਾਹ ਸੱਠ ਸਾਧਾਂ ਸਮੇਤ ਇਥੇ ਤਸ਼ਰੀਫ ਲਿਆ ਚੁੱਕਾ ਸੀ। ਸੁਬ੍ਹਾ ਤੇ ਸ਼ਾਮ ਦੇ ਦੀਵਾਨਾਂ ਵਿਚ ਬੜਾ ਠਾਠ ਬਣਦਾ। ਸਤਿਗੁਰੂ ਜੀ ਸੰਗਤ ਵਿਚ, ਦੇਵਤਿਆਂ ਵਿਚ ਵਿਸ਼ਨੂੰ ਭਗਵਾਨ ਦੀ ਨਿਆਈਂ, ਸੁਸ਼ੋਭਿਤ ਹੁੰਦੇ ਸਨ। ਮਹੰਤ ਸਾਧੂ ਸਿੰਘ ਅਤੇ ਨਾਲ ਦੇ ਸਿੰਘ ਅਤੇ ਸਭ ਉਦਾਸੀ ਸਾਧੂ ਵੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਦੀਵਾਨ ਵਿਚ ਸਜ ਜਾਂਦੇ। ਇਹ ਪਿੰਡ ਦੋ ਪਿੰਡਾਂ ਦੇ ਸਿੰਘਾਂ ਦਾ

ਸੀ, ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਅੱਧੇ ਢੋਟੀਆਂ ਦੇ ਗਿੱਲ ਜੱਟ ਸਨ ਅਤੇ ਅੱਧੇ ਖਿਆਲੇ ਦੇ ਭੰਗੂ ਸਰਦਾਰ।

ਇਸ ਪਿੰਡ ਤੇ ਸਤਿਗੁਰੂ ਜੀ ਦੀ ਵਿਸ਼ੇਸ਼ ਕ੍ਰਿਪਾ ਇਹ ਸੀ ਕਿ ਇਥੇ ਬਾਰਾਂ ਜੁਆਨ ਸਨ ਰੱਸਾ ਖਿੱਚਣ ਵਾਲੇ। ਜਿਹਨਾਂ ਸਾਰੀ ਉਮਰ ਮਾਸ ਸ਼ਰਾਬ ਨਹੀਂ ਛਕਿਆ ਸੀ ਅਤੇ ਸਵੇਰੇ ਉਠ ਕੇ ਨਾਮ, ਇਸ਼ਨਾਨ, ਭਜਨ ਬਾਣੀ ਦੇ ਸਭ ਪਾਬੰਦ ਸਨ। ਭਾਵੇਂ ਕੋਈ ਕਛਹਿਰਾ ਰੱਖਦਾ ਸੀ ਤੇ ਭਾਵੇਂ ਚਾਦਰ ਬੰਨ੍ਹਦਾ ਸੀ। ਸਨ ਸਾਰੇ ਹੀ ਗੁਰੂ ਰਾਮ ਸਿੰਘ ਜੀ ਦੇ ਇੱਟ ਵਰਗੇ ਪੱਕੇ ਕੂਕੇ ਸਿੱਖ।

ਜਿਸ ਵੇਲੇ ਇਹਨਾਂ ਰੱਸਾ ਖਿੱਚਣਾ ਹੁੰਦਾ ਤਾਂ ਆਪਣੇ ਪਿੰਡ ਦੇ ਗੁਰਦੁਆਰੇ ਵਿਚ ਹੀ ਡੇਰਾ ਲਾ ਲੈਂਦੇ ਸਨ। ਇੱਥੇ ਹੀ ਪ੍ਰਸ਼ਾਦ ਪਾਣੀ ਛਕਣਾ। ਘਰ ਨਹੀਂ ਜਾਣਾ ਓਨੇ ਦਿਨ। ਇੱਥੇ ਹੀ ਰੋਜ਼ ਅਭਿਆਸ ਕਰਨਾ। ਪੂਰੇ ਅਭਿਆਸ ਤੋਂ ਬਾਅਦ ਰੱਸਾ ਖਿੱਚਦੇ ਸਨ। ਰੱਸਾ ਖਿੱਚਣ ਵਿਚ ਸਾਰੀ ਦੁਨੀਆਂ ਵਿਚੋਂ ਪਹਿਲੇ ਨੰਬਰ ਤੇ ਆਏ ਸਨ। ਵਿਸ਼ਵ ਵਿਜੇਤਾ ਸਨ। ਇਕ ਜਥਾ ਤਾਂ ਇਹ ਸੀ ਰੱਸਾ ਖਿੱਚਣ ਵਾਲੇ ਸਿੰਘਾਂ ਦਾ ਜਿਹਨਾਂ ਦੇ ਨਾਮ ਇਹ ਸਨ:

1. ਲਾਲ ਸਿੰਘ, ਰੱਸਾ ਟੀਮ ਦਾ ਕਪਤਾਨ
2. ਪਾਲ ਸਿੰਘ ਇਸ ਦਾ ਭਰਾ
3. ਨਰਾਇਣ ਸਿੰਘ ਮਧਰੂ
4. ਨਰਾਇਣ ਸਿੰਘ ਲੰਮੂ
5. ਸਾਧੂ ਸਿੰਘ
6. ਭੋਲਾ ਸਿੰਘ
7. ਊਧਮ ਸਿੰਘ
8. ਫੌਜਾ ਸਿੰਘ
9. ਬਿਸ਼ਨ ਸਿੰਘ
10. ਵਧਾਵਾ ਸਿੰਘ
11. ਮੱਲ ਸਿੰਘ
12. ਗੁਰਦਿਤ ਸਿੰਘ

ਦੂਜਾ ਜਥਾ ਜਿਹੜੇ ਕਾਰ ਵਿਹਾਰ ਅਤੇ ਸੇਵਾ ਆਦਿ ਇਹਨਾਂ ਦੀ ਅਤੇ ਹੋਰ ਸੰਗਤ ਦੀ ਕਰਦੇ ਸਨ, ਖਿਆਲੇ ਵਾਲੇ ਪਾਸਿਉਂ ਇਹ ਸਨ:

1. ਮੰਗਲ ਸਿੰਘ ਜੀ
2. ਸੰਤ ਗੰਡਾ ਸਿੰਘ ਜੀ
3. ਸੰਤ ਦੇਵਾ ਸਿੰਘ ਤੇ ਉਸਦੇ ਛੋਟੇ ਭਰਾ

4. ਪਾਲ ਸਿੰਘ ਦਾ ਸੁਖਈ ਜਥਾ

ਢੋਟੀਆਂ ਵਾਲੇ ਪਾਸੇ ਤੋਂ ਇਸ ਜਥੇ ਵਿਚ ਸਨ:

5. ਤਾਰਾ ਸਿੰਘ 'ਬੱਗੀ ਮੁੱਛ' ਸੋਧੀ

6. ਤਾਰਾ ਸਿੰਘ ਦੂਜਾ ਇਹ ਵੀ ਸੋਧੀ ਸਿੰਘ ਸੀ

7. ਲਾਭ ਸਿੰਘ ਤੇ ਦੋ ਇਸਦੇ ਛੋਟੇ ਭਾਈ

8. ਪ੍ਰਤਾਪ ਸਿੰਘ

9. ਅਰਜਨ ਸਿੰਘ

10. ਮਹੰਤ ਜੀ

11. ਆਸਾ ਸਿੰਘ

12. ਪਾਲਾ ਸਿੰਘ

13. ਇਕ ਹੋਰ ਸਿੱਖ ਜਿਸ ਦਾ ਨਾਮ ਕਬੀਰ ਸੀ ਇਸਨੇ ਵੀ ਸਿੱਖਾਂ ਦੀ ਬੜੀ ਸੇਵਾ ਕੀਤੀ ਸੀ। ਜਿਸ ਤਰ੍ਹਾਂ ਭਗਵਾਲ ਕ੍ਰਿਸ਼ਨ ਜੀ ਦੇ ਵੇਲੇ ਮੋਰਧੁਜ ਰਾਜਾ ਆਪ ਦਾ ਪੂਰਨ ਆਸ਼ਕ ਸੀ ਅਤੇ ਉਸਦੀ ਨਗਰੀ ਵੀ ਸਾਰੀ ਭਗਵਾਨ ਦੇ ਪ੍ਰੇਮ ਸੂਤਰ ਵਿਚ ਬੱਝੀ ਸੀ, ਇਸ ਤਰ੍ਹਾਂ ਇਹ ਪਿੰਡ ਢੋਟੀਆਂ ਸਾਰਾ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭਗਤ ਸੀ।

ਇਸ ਪਿੰਡ ਸਤਿਗੁਰੂ ਜੀ ਦੇ ਦੌਰੇ ਸਮੇਂ ਨਿੱਤ ਕਰਮ ਇਸ ਪ੍ਰਕਾਰ ਹੁੰਦਾ ਸੀ ਕਿ ਸਵੇਰੇ ਉਠ ਕੇ ਆਸਾ ਦੀ ਵਾਰ ਲੱਗ ਜਾਣੀ। ਫਿਰ ਜਲ ਪਾਣੀ ਤੋਂ ਬਾਦ ਸਿੰਘਾਂ ਦਾ ਰੱਸਾ ਕਸ਼ੀ ਅਤੇ ਛਾਲਾਂ ਵੱਜਦੀਆਂ ਵੇਖਣੀਆਂ। ਬਾਬੇ ਲਾਲ ਸਿੰਘ ਹੋਰਾਂ ਜੋ ਰੱਸੇ ਵਾਲਿਆਂ ਦੇ ਆਗੂ ਸਨ, ਸੱਤਰ ਵਰ੍ਹਿਆਂ ਦੀ ਉਮਰ ਵਿਚ ਬਾਰਾਂ ਹੱਥ ਛਾਲ ਮਾਰੀ। ਫਿਰ ਸਤਿਗੁਰੂ ਜੀ ਨੇ ਸੰਗਤ ਨਾਲ ਬਾਹਰ ਚਲੇ ਜਾਣਾ ਖੁੱਲ੍ਹੇ ਖੇਤਾਂ ਵਿਚ ਅਤੇ ਕਿਸੇ ਖੂਹ ਤੇ ਬੈਠ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਬਲਾਸ ਕਰਨੇ। ਪਿਛਲੇ ਪਹਿਰ ਢਾਡੀ ਸਿੰਘਾਂ ਤੋਂ ਜੋਧਿਆਂ ਦੀਆਂ ਵਾਰਾਂ ਸੁਣਨੀਆਂ ਅਤੇ ਪਿਛਲੇ ਪਹਿਰ ਦੇ ਕੀਰਤਨ ਦੀ ਚੌਂਕੀ ਭਰਨ ਬਾਦ, ਅੱਠੀਂ ਪਹਿਰੀਂ ਲੰਗਰ ਸਤਿਗੁਰੂ ਜੀ ਨੇ ਛਕਣਾ ਸ਼ਾਮ ਨੂੰ, ਸਾਰੀ ਸੰਗਤ ਦੇ ਨਾਲ ਬੈਠ ਕੇ। ਫਿਰ ਰਾਤ ਦਾ ਦੀਵਾਨ ਲੱਗ ਜਾਂਦਾ। ਰਾਤ ਦਸ ਕੁ ਵਜੇ ਸਮਾਪਤੀ ਕੀਰਤਨ ਸੋਹਿਲੇ ਦੀ ਅਰਦਾਸ ਨਾਲ ਹੋ ਜਾਣੀ।

ਢੋਟੀਆਂ ਦੀ ਸੰਗਤ ਤੋਂ ਬੜੀ ਮੁਸ਼ਕਿਲ ਨਾਲ ਸੱਤਵੀਂ ਰਾਤ ਸਤਿਗੁਰੂ ਜੀ ਨੇ ਖੁਸ਼ੇ ਲਏ ਕਿ ਹੁਣ ਅਸੀਂ ਸਰਗੋਧੇ ਜ਼ਿਲ੍ਹੇ ਦਾ ਦੌਰਾ ਕਰਨਾ ਹੈ।

**ਸਰਗੋਧੇ ਦਾ ਦੌਰਾ ਬਿਕ੍ਰਮੀ 1973 (1916 ਈ.)**

ਢੋਟੀਆਂ ਪਿੰਡ ਤੋਂ ਸਤਿਗੁਰੂ ਜੀ ਇਸ਼ਨਾਨ ਪਾਣੀ ਕਰਕੇ ਤੜਕੇ ਦੋ

ਵਜੇ ਤੁਰ ਪਏ। ਰਾਹ ਵਿਚ ਸਤਿਗੁਰੂ ਜੀ ਨੇ ਜੈ ਸਿੰਘ ਰਾਗੀ ਨੂੰ ਨਾਲ ਲੈ ਕੇ ਘੋੜਿਆਂ ਤੇ ਹੀ ਆਸਾ ਦੀ ਵਾਰ ਲਾ ਦੇਣੀ। ਇਸ ਤਰ੍ਹਾਂ ਅੱਧਾ ਪੈਂਡਾ ਮੁੱਕ ਜਾਂਦਾ ਸੀ। ਚਨਿਓਟ ਸ਼ਹਿਰ ਲੰਘੇ ਤਾਂ ਝਨਾਂ ਦਰਿਆ ਦੇ ਪਾਸ ਕੁਝ ਪਠਾਣ ਆ ਰਹੇ ਸਨ। ਉਹਨਾਂ ਕੋਲ ਇਕ 'ਬਿੱਲੂ' ਨਾਉਂ ਦਾ ਕੁੱਤਾ ਸੀ, ਜਿਸਦੇ ਕੰਨ ਅਤੇ ਪੂਛ ਵੀ ਵੱਢੇ ਹੋਏ ਸਨ। ਦਸ ਰੁਪੈ ਵਿਚ ਉਹਨਾਂ ਤੋਂ ਇਹ ਕੁੱਤਾ ਖਰੀਦਿਆ। ਇਸ ਕੁੱਤੇ ਵਿਚ ਇਤਨੀ ਤਾਕਤ ਸੀ ਕਿ ਇਹ ਕੁੱਤਾ ਚਿਤਰੇ ਨਾਲ ਵੀ ਲੜ ਪੈਂਦਾ ਸੀ। ਕਈਆਂ ਦੇ ਮਨ ਵਿਚ ਸ਼ੰਕਾ ਹੋ ਸਕਦੀ ਹੈ ਕਿ ਸਤਿਗੁਰੂ ਜੀ ਤਾਂ ਸ਼ਿਕਾਰ ਨਹੀਂ ਸਨ ਖੇਡਦੇ ਫੇਰ ਕੁੱਤੇ ਕਿਉਂ ਨਾਲ ਰੱਖਦੇ ਸਨ। ਇਹ ਕੁੱਤੇ ਪਿਛਲੇ ਜਨਮਾਂ ਦੇ ਸਿਖ ਸਨ ਕਿਸੇ ਅਵੱਗਿਆ ਕਾਰਨ ਸੰਗਤ ਤੋਂ ਵਿਛੜ ਕੇ ਕੁੱਤਾ ਜੂਨ ਧਾਰ ਲਈ ਸੀ। ਹੁਣ ਸਤਿਗੁਰੂ ਜੀ ਉਹਨਾਂ ਦੀਆਂ ਇਹ ਜੂਨਾਂ ਕੱਟਦੇ ਫਿਰਦੇ ਸਨ।

ਸਤਿਗੁਰੂ ਜੀ ਪੰਤਾਲੀ ਚੱਕ ਪੁੱਜ ਗਏ। ਪੰਤਾਲੀ ਚੱਕ ਤੋਂ ਸਰਗੋਧੇ ਤੱਕ ਸਾਰਿਆਂ ਨਗਰਾਂ ਦਾ ਖੂਬ ਦੌਰਾ ਕੀਤਾ। ਬਹੁਤ ਕੀਰਤਨ ਹੋਏ ਦੀਵਾਨ ਲੱਗੇ, ਦਸਾਂ ਪੰਦਰਾਂ ਦਿਨਾਂ ਵਿਚ। ਸਰਗੋਧੇ ਦੇ ਇਲਾਕੇ ਦੇ ਦੌਰੇ ਤੋਂ ਬਾਦ ਸਤਿਗੁਰੂ ਜੀ ਨੇ ਫਿਰ ਇਕ ਦੌਰਾ ਢੋਟੀਆਂ ਦਾ ਕੀਤਾ। ਇਥੋਂ ਗੁੰਨੇ, ਗਿੱਲੀਂ, ਮਹਿਮਦ ਵਾਲੀ, ਘਣੀਸ਼ਾਮ, ਖਾਨਗਾਹ ਡੋਗਰਾਂ, ਨਾਨਕ ਦੀਆਂ ਝੁੱਗੀਆਂ, ਵਰਨ, ਸਮਸਾ, ਝੱਬਰ ਆਦਿ ਨਗਰਾਂ ਨੂੰ ਤਾਰਦੇ ਹੋਏ ਜ਼ਿਲ੍ਹਾ ਲਾਹੌਰ ਦੇ ਕੂਕਿਆਂ ਦੇ ਪ੍ਰਸਿੱਧ ਪਿੰਡ ਮਾਂਗੇ ਪੁਜ ਗਏ। ਇੱਥੋਂ ਡੱਫਰਕੇ, ਭੰਬੇ, ਰਾਜਾ ਜੰਗ, ਸਹਾਰੀ ਆਦਿ ਪਿੰਡਾਂ ਦੀ ਸੰਗਤ ਨੂੰ ਦਰਸ਼ਨ ਦਾਤ ਬਖਸ਼ ਕੇ ਕਸੂਰ ਥਾਣੀ ਫੀਰੋਜ਼ਪੁਰ ਪੁੱਜ ਗਏ, ਦਰਿਆ ਲੰਘ ਕੇ। ਇੱਥੋਂ ਮਾਘੀ ਦੇ ਮੇਲੇ ਤੇ ਮੁਕਤਸਰ ਜਾ ਦਰਸ਼ਨ ਦਿਤੇ।

**ਸ਼ੇਰ ਸਿੰਘ ਦਾ ਪ੍ਰਸੰਗ**

ਹੁਣ ਸ੍ਰੀ ਸਤਿਗੁਰੂ ਜੀ ਨੇ ਸਮੇਤ ਸੰਗਤਾਂ ਮੁਕਤਸਰ ਦੇ ਇਲਾਕੇ ਦਾ ਦੌਰਾ ਸ਼ੁਰੂ ਕੀਤਾ। ਇਹਨਾਂ ਦਿਨਾਂ ਵਿਚ ਹੀ ਕੌਲਾਂ ਇਕ ਪਿੰਡ ਸੀ ਸਿਆਲਕੋਟ ਦੇ ਕੋਲ, ਉਥੇ ਇਕ ਸ਼ੇਰ ਸਿੰਘ ਨਾਉਂ ਦਾ ਸਿੰਘ ਸੀ। ਇਹ ਕਾਂਸ਼ੀ ਜਾ ਕੇ ਲਘੂ ਕੌਮਦੀ ਆਦਿ ਸੰਸਕ੍ਰਿਤ ਗ੍ਰੰਥਾਂ ਦਾ ਗਿਆਤਾ ਹੋ ਚੁਕਾ ਸੀ। ਇਸ ਨੂੰ ਸਤਿਗੁਰੂ ਜੀ ਨੇ ਗੁਪਤ ਦਰਸ਼ਨ ਦਿਤੇ ਕਿ ਜੇ ਤੂੰ ਸਾਡਾ ਦਰਸ਼ਨ ਕਰਨਾ ਚਾਹੁੰਦਾ ਹੈਂ ਤਾਂ ਅਸੀਂ ਮਾਲਵੇ ਦੇ ਇਲਾਕੇ ਦਾ ਦੌਰਾ ਕਰ ਰਹੇ ਹਾਂ। ਇੱਥੇ ਪੁੱਜ। ਇਸ ਨੇ ਪਹਿਲਾਂ ਕਦੇ ਵੀ ਸਤਿਗੁਰੂ ਜੀ ਦਾ ਦਰਸ਼ਨ ਨਹੀਂ ਸੀ ਕੀਤਾ। ਜਿਉਂ ਤੁਰਿਆ ਘਰੋਂ ਲੱਭਦੇ ਲੁਭਾਉਂਦੇ ਫੂਲੇ ਵਾਲਾ ਪਿੰਡ ਵਿਚ ਦੌਰਾ ਸੀ ਉਥੇ ਸਤਿਗੁਰੂ ਜੀ ਦੇ ਆ ਦਰਸ਼ਨ ਕੀਤੇ ਅਤੇ ਸਾਰੀ ਵਿਥਿਆ ਸੰਗਤ ਨੂੰ ਵੀ ਉਸ ਦੀਵਾਨ ਵਿਚ ਖਲੋ ਕੇ ਸੁਣਾਈ ਕਿ ਮੈਨੂੰ ਕਿਵੇਂ ਘਰੋਂ ਸੱਦ ਕੇ ਲਿਆਏ ਹਨ। ਸਾਰੀ ਸੰਗਤ ਹੈਰਾਨ ਰਹਿ ਗਈ ਕਿ ਸਤਿਗੁਰੂ

ਆਪ ਵੀ ਆਪਣੇ ਸਿੱਖਾਂ ਨੂੰ ਇਸ ਤਰਾਂ ਕੋਲ ਆਪਣੇ ਖਿੱਚ ਲੈਂਦਾ ਹੈ। ਬਾਣੀ ਫਰੀਦ ਜੀ ਦੀ ਕਹਿੰਦੀ ਹੈ:

"ਆਪ ਲੀਏ ਲੜ ਲਾਏ, ਦਰ ਦਰਵੇਸ ਸੇ।"

ਇਹ ਭਾਈ ਸ਼ੇਰ ਸਿੰਘ ਫਿਰ ਚਾਰ ਸਾਲ ਸਤਿਗੁਰੂ ਜੀ ਦੇ ਘੋੜਿਆਂ ਅਤੇ ਲੰਗਰ ਦੀ ਸੇਵਾ ਕਰਦਾ ਰਿਹਾ। ਫਿਰ ਇਸ ਦਾ ਪਿਤਾ ਆਇਆ। ਉਹਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਇਹ ਵਿਆਹਿਆ ਹੋਇਆ ਹੈ। ਸਿੰਘਣੀ ਪਿੱਛੇ ਹੈ। ਸਤਿਗੁਰੂ ਜੀ ਨੇ ਛੁੱਟੀ ਦੇ ਦਿਤੀ। ਫਿਰ ਇਹ ਆਪਣੇ ਘਰ ਚਲਾ ਗਿਆ।

ਫਿਰ ਸਤਿਗੁਰੂ ਜੀ ਪਾਕਪਟਨ ਦੇ ਇਲਾਕੇ ਵਿਚੋਂ ਲੰਘ ਕੇ, ਮਿੰਟਗੁਮਰੀ ਵਿਚੋਂ ਹੋ ਕੇ, ਸਮੁੰਦਰੀ ਤਸੀਲ ਲਾਇਲਪੁਰ, ਨਾਰੋਵਾਲ ਅਤੇ ਭੜੋਲਿਆਂ ਵਾਲੀ ਤੋਂ ਹੁੰਦੇ ਹੋਏ ਕੱਕੜੀਂ ਚਲੇ ਗਏ। ਇਹ ਕੱਕੜ ਲਾਇਲਪੁਰ ਜ਼ਿਲ੍ਹੇ ਵਿਚ ਹੀ ਸਨ। ਸਤਿਗੁਰੂ ਜੀ ਨੇ ਕੱਕੜ ਪਿੰਡ ਦੀ ਸੰਗਤ ਦੀ ਗੁਰੂ ਭਗਤੀ ਅਤੇ ਸ਼ਰਧਾ ਨੂੰ ਧਿਆਨ ਵਿਚ ਰੱਖਦਿਆਂ ਇਹਨੂੰ 'ਗੁਰੂ ਕੀ ਕਾਂਸ਼ੀ' ਦਾ ਖ਼ਿਤਾਬ ਦਿਤਾ ਸੀ। ਇਥੋਂ ਸਤਿਗੁਰੂ ਜੀ ਘਣੀਏਂ, ਪੈੜੇ, ਸੀਹੋਵਾਲ, ਗੁੰਨੇ, ਗੋਜਰੇ, ਪੱਧਰੀ, ਚੁਗਾਵਾਂ, ਜਾਹਣ, ਜਗਦੇਅ, ਜਹਾਂਗੀਰ ਆਦਿ ਨਗਰਾਂ ਨੂੰ ਤਾਰਦੇ ਹੋਏ ਸੱਦੋਵਾਲ ਭਾਈ ਸਾਉਣ ਸਿੰਘ ਦੇ ਘਰ ਆ ਉਤਾਰਾ ਕੀਤਾ। ਇਹ ਵੀ ਬੜਾ ਪੂਰਨ ਸਿੱਖ ਸੀ। ਇੱਥੇ ਦੌਰਾ ਚਾਰ ਪੰਜ ਦਿਨ ਰਿਹਾ। ਹੁਣ ਇੱਥੋਂ ਸਤਿਗੁਰੂ ਜੀ ਸੰਗਤਾਂ ਸਮੇਤ ਕਮਰ ਕੱਸੇ ਕਰਕੇ ਰੱਤੇ ਚੋਏ ਦੇ ਹੋਲੇ ਵਿਚ ਪੁਜ ਗਏ।

**ਰੱਤੇ ਚੋਏ ਦਾ ਹੋਲਾ ਬਿਕ੍ਰਮੀ 1973 ਮੁਤਾਬਿਕ 1917 ਈ.**

ਇਹ ਪਿੰਡ ਰੱਤਾ ਚੋਆ ਜ਼ਿਲ੍ਹਾ ਲਾਇਲਪੁਰ ਵਿਚ ਸੀ ਅਤੇ ਇਸ ਦੇ ਆਲੇ ਦੁਆਲੇ ਸੰਧੂਆਂ ਦਾ ਹੀ ਗੜ੍ਹ ਸੀ। ਇੱਥੋਂ ਦੇ ਲੋਕ ਚੰਗੇ ਖਾਂਦੇ ਪੀਂਦੇ ਸਰਦੇ ਪੁੱਜਦੇ ਗੁਜ਼ਾਰੇ ਵਾਲੇ ਲੋਕ ਸਨ। ਚੇਤ ਦੇ ਮਹੀਨੇ ਵਿਚ ਇੱਥੇ ਚਾਰ ਦਿਨ ਹੋਲਾ ਰਿਹਾ। ਸਤਿਗੁਰੂ ਜੀ ਜਦੋਂ ਸੰਗਤਾਂ ਵਿਚ ਸਜਦੇ, ਕੀਰਤਨ ਦੀਵਾਨ ਲਗਦੇ, ਸਿੰਘ ਮਸਤਾਨੇ ਹੁੰਦੇ ਤਾਂ ਇਕ ਅਜੀਬ ਜਿਹਾ ਦ੍ਰਿਸ਼ ਬਣ ਜਾਂਦਾ। ਸੰਤ ਜਿਊਣ ਸਿੰਘ ਜੀ ਸਰਹਾਲੀ ਵਾਲਿਆਂ ਦਾ ਵੀ ਇਸ ਇਲਾਕੇ ਵਿਚ ਕਾਫ਼ੀ ਤਪ ਤੇਜ ਸੀ। ਇਥੋਂ ਦੇ ਸਾਰੇ ਹੀ ਸਿੰਘ ਸਤਿਗੁਰੂ ਜੀ ਨੂੰ ਪੂਰਨ ਸਤਿਗੁਰੂ ਸਮਝਦੇ ਸਨ।

**ਜ਼ੈਲਦਾਰ ਸਾਉਣ ਸਿੰਘ ਰੱਤਾ ਚੋਆ:**

ਸੰਤ ਕਾਫ਼ੀ ਸਮਾਂ ਰੱਤੇ ਚੋਏ ਜ਼ੈਲਦਾਰ ਪਾਸ ਹੀ ਟਿਕਦੇ ਸਨ। ਸੰਤਾਂ ਦਾ ਅੰਤ ਸਮਾਂ ਰੱਤੇ ਚੋਏ ਹੀ ਆਇਆ ਸੀ। ਇਕ ਪ੍ਰਸਿੱਧ ਨਾਮਧਾਰੀ ਸੰਤ ਜਦੋਂ ਰੱਤੇ ਚੋਏ ਸੰਤ ਜਿਊਣ ਸਿੰਘ ਚੜ੍ਹੇ ਸੁਣਕੇ ਆਇਆ ਤਾਂ ਉਸ ਪੁੱਛਿਆ ਕਿ ਅੰਤ ਸਮੇਂ ਸੰਤਾਂ ਨੇ ਕੋਈ ਬਚਨ ਕੀਤਾ ਤਾਂ ਘਰ ਵਾਲਿਆਂ ਦੱਸਿਆ ਸੰਤ ਕਹਿੰਦੇ ਸਨ ਸਾਨੂੰ

ਸਿਰਹਾਲੀ ਲੈ ਚੱਲੋ। ਆਉਣ ਵਾਲੇ ਸੰਤਾਂ ਆਖਿਆ ਜੇ ਕਿਤੇ ਤੁਸੀਂ ਸੰਤਾਂ ਦਾ ਬਚਨ ਮੰਨ ਕੇ ਸਿਰਹਾਲੀ ਲੈ ਜਾਂਦੇ ਤਾਂ ਉਹਨਾਂ ਅਜੇ ਸਰੀਰ ਨਹੀਂ ਸੀ ਤਿਆਗਣਾ। ਸੰਤਾਂ ਦੇ ਆਖ਼ਰੀ ਸਮੇਂ ਵਿਚ ਵਰਨਾ ਵਾਲਾ ਲਾਭ ਸਿੰਘ ਕੱਕਾ ਵੀ ਸੰਤਾਂ ਪਾਸ ਇੱਥੇ ਰੱਤੇ ਚੋਏ ਹੀ ਰਹਿੰਦਾ ਹੁੰਦਾ ਸੀ। ਸੰਤਾਂ ਜਿਊਣ ਸਿੰਘ ਹੋਰਾਂ ਬਾਰੇ ਪ੍ਰਸਿੱਧ ਸੀ ਕਿ ਉਹ ਰਾਤ ਨੂੰ ਸੁੱਤੇ ਸੁੱਤੇ ਵੀ ਸਤਿਗੁਰੂ ਰਾਮ ਸਿੰਘ ਜੀ ਨਾਲ ਬਚਨ ਬਿਲਾਸ ਕਰਦੇ ਰਹਿੰਦੇ ਸਨ। ਇਕ ਵੇਰ ਸਰਗੋਧੇ ਦੀ ਬਾਰ ਵਿਚ ਸੰਤ ਆਪਣੇ ਦੂਜੇ ਭਾਈ ਕਿਸ਼ਨ ਸਿੰਘ ਦੇ ਪਰਿਵਾਰ ਵਿਚ ਬਿਰਾਜੇ ਸਨ। ਜਦੋਂ ਸੁਬ੍ਹਾ ਹੋਈ ਤਾਂ ਕਿਸ਼ਨ ਸਿੰਘ ਦਾ ਵੱਡਾ ਪੁੱਤਰ ਆਤਮਾ ਸਿੰਘ, ਜੋ ਉਦੋਂ ਅਜੇ ਛੋਟਾ ਬੱਚਾ ਹੀ ਸੀ, ਸੰਤਾਂ ਨੂੰ ਪੁੱਛਣ ਲੱਗਾ, "ਤਾਇਆ ਜੀ, ਰਾਤੀਂ ਕਿਹਦੇ ਨਾਲ ਬਚਨ ਕਰਦੇ ਸਉ! ਸੰਤ ਕਹਿਣ ਲੱਗੇ, "ਓਏ ਆਤੂ! ਤੂੰ ਜਾਗਦਾ ਸੈਂ ? ਰਾਤ ਸਤਿਗੁਰੂ ਰਾਮ ਸਿੰਘ ਜੀ ਮੇਰੇ ਪਾਸ ਆਏ ਸਨ। ਇਸ ਤਰ੍ਹਾਂ ਦੀਆਂ ਗਾਥਾਵਾਂ ਵਾਲੇ ਗੁਰੂ ਪਿਆਰਿਆਂ ਦਾ ਇਹ ਇਲਾਕਾ ਸੀ।

ਰੱਤੇ ਚੋਏ ਹੋਲੇ ਤੋਂ, ਵੈਸਾਖੀ ਦਾ ਮੇਲਾ ਅੰਮ੍ਰਿਤਸਰ ਵੇਖਣ ਬਾਦ, ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਪੁਜ ਗਏ। ਵੈਸਾਖ ਦਾ ਸਾਰਾ ਮਹੀਨਾ ਸ੍ਰੀ ਭੈਣੀ ਸਾਹਿਬ ਹੀ ਰਹੇ।

**ਰੋਜ਼ ਦਾ ਪ੍ਰੋਗਰਾਮ:**

ਸਤਿਗੁਰੂ ਜੀ ਤੜਕੇ ਤਿੰਨ ਵਜੇ ਉਠਦੇ। ਇਸ਼ਨਾਨ ਕਰਨ ਤੋਂ ਬਾਅਦ ਚਾਰ ਅੱਖਰ ਦਾ ਜਾਪ ਕਰਦੇ। ਸੂਰਜ ਦੀ ਟਿੱਕੀ ਨਾਲ ਚੰਡੀ ਦੀ ਵਾਰ ਦਾ ਭੋਗ ਪਾ ਕੇ, ਜਪੁ, ਜਾਪ, ਦੋਹਾਂ ਦੇ ਸ਼ਬਦ ਹਜ਼ਾਰੇ ਸੁਖਮਨੀ ਸਾਹਿਬ ਅਤੇ ਆਸਾ ਦੀ ਵਾਰ ਬਾਣੀਆਂ ਦਾ ਪਾਠ ਕਰਦੇ। ਫਿਰ ਅਖਾੜੇ ਵਿਚ ਜ਼ੋਰ ਕਰਦੇ। ਨਹਿਰ ਵਿਚ ਤਰਦੇ, ਇਸ਼ਨਾਨ ਨਹਿਰ ਵਿਚ ਹੀ ਕਰਦੇ। ਫਿਰ ਜਲ ਪਾਣੀ ਛਕ ਕੇ ਬਿਰਾਜ ਜਾਣਾ। ਲੌਢੇ ਵੇਲੇ ਕਥਾ ਹੁੰਦੀ। ਸਤਿਗੁਰੂ ਜੀ ਕਰਦੇ। ਸਤਿਗੁਰੂ ਬਿਲਾਸ ਦੋਵੇਂ (ਛੰਦਾਬੰਦੀ ਭਾਈ ਧਿਆਨ ਸਿੰਘ ਕਾਦਰਾਬਾਦੀ ਅਤੇ ਵਾਰਤਕ ਵਿਚ ਭਾਈ ਸੰਤੋਖ ਸਿੰਘ ਬਾਹੋਵਾਲ ਵਾਲਾ) ਸੂਰਜ ਪ੍ਰਕਾਸ਼, ਗੁਰਬਿਲਾਸ ਜਾਂ ਪੰਥ ਪ੍ਰਕਾਸ਼ ਇਹਨਾਂ ਵਿਚੋਂ ਕਿਸੇ ਵੀ ਗ੍ਰੰਥ ਦੀ ਕਥਾ ਸਤਿਗੁਰੂ ਜੀ ਕਰਦੇ। ਫਿਰ ਸਾਧ ਸੰਗਤ ਨੂੰ ਸੱਦ ਕੇ ਛਾਲਾਂ ਵੇਖਣੀਆਂ, ਆਪ ਵੀ ਛਾਲਾਂ ਮਾਰਦੇ। ਫਿਰ ਰਹਿਰਾਸ ਦੇ ਪਾਠ ਤੋਂ ਬਾਦ ਲੰਗਰ ਪਾਣੀ ਛਕਣਾ। ਸਵੇਰੇ ਇਕ ਹੀ ਮਿੱਸਾ ਪ੍ਰਸ਼ਾਦਾ ਛਕਦੇ ਸਨ। ਰਾਤ ਨੂੰ ਤਾਊਸ ਵਜਾ ਕੇ ਆਪ ਨੇ ਦੀਵਾਨ ਲਾਉਣਾ। ਤਾਊਸ ਅਤੇ ਰਾਗ ਵਿੱਦਿਆ ਦੇ ਆਪ ਦੇ ਉਸਤਾਦ, ਜਿਊਣ ਸਿੰਘ ਜੀ ਪਿੰਡ ਰਾਜੇ ਦੇ ਸਨ। ਇਹ ਪਟਿਆਲਾ ਦਰਬਾਰ ਦੇ ਦਰਬਾਰੀ ਰਾਗੀ ਭਾਈ ਗੱਜਾਸਿੰਘ ਦੇ ਸ਼ਾਗਿਰਦ ਸਨ।

ਜੇਠ ਤੋਂ ਅੱਧ ਹਾੜ ਤੱਕ ਨਹਿਰ ਵਾਲੇ ਡੇਰੇ 'ਤੇ ਰਹਿੰਦੇ। ਅੱਧ ਹਾੜ ਤੋਂ ਅੱਧ ਸਾਉਣ ਤੱਕ ਮੈਨ ਦੁਆਬ ਦੇ ਇਲਾਕੇ ਦਾ ਦੌਰਾ ਕਰਦੇ। ਇਹ ਅੰਬਾਂ ਦੀ ਰੁੱਤ ਹੁੰਦੀ ਸੀ। ਇਸ ਇਲਾਕੇ ਵਿਚ ਅੰਬ ਵੀ ਕਾਫ਼ੀ ਹੁੰਦੇ ਸਨ। ਸੋ ਮੈਨ ਦੁਆਬ ਦੀਆਂ ਸੰਗਤਾਂ ਦੀ ਅਰਜ਼ ਤੇ ਸਤਿਗੁਰੂ ਜੀ ਉਹਨਾਂ ਦੇ ਉਧਾਰ ਹਿੱਤ ਓਧਰ ਦੌਰਾ ਕਰਦੇ। ਇਸ ਦੌਰੇ ਤੋਂ ਬਾਦ ਆਪ ਨਹਿਰ ਤੇ ਆ ਜਾਂਦੇ ਅਤੇ ਪੰਦਰਾਂ ਦਿਨ ਇਥੇ ਹੀ ਆਰਾਮ ਕਰਦੇ। ਪਹਿਲੀ ਭਾਦਰੋਂ ਤੋਂ ਦਸ ਅੱਸੂ ਤੱਕ ਪਿਛਲੀ ਮਰਿਆਦਾ ਅਨੁਸਾਰ ਹੀ ਚਾਲ੍ਹੀਆ ਕੱਟਦੇ। ਜੇਠ ਦੇ ਮਹੀਨੇ ਵਿਚ ਨਹਿਰ ਤੋਂ ਜਾ ਕੇ 3-4 ਦਿਨ ਸ੍ਰੀ ਭੈਣੀ ਸਾਹਿਬ ਰਹਿ ਕੇ ਉਥੇ ਨਿਮਾਣੀ ਦਾ ਮੇਲਾ ਕਰਦੇ ਜੋ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੁੰਦਾ ਆ ਰਿਹਾ ਸੀ। ਚਾਲ੍ਹੀਏ ਦੇ ਭੋਗ ਤੋਂ ਬਾਦ ਸ੍ਰੀ ਭੈਣੀ ਸਾਹਿਬ ਆ ਗਏ। ਸੰਗਤਾਂ ਨੂੰ ਤਾਰਦੇ ਮੰਜ਼ਲੋ ਮੰਜ਼ਲੀ ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਪੁੱਜ ਗਏ।

**ਸੰਤ ਜਿਊਣ ਸਿੰਘ ਝੱਬਰ ਦੀ ਅਰਜ਼**

ਜਦੋਂ ਸਤਿਗੁਰੂ ਜੀ ਦੀਵਾਲੀ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ ਦੇ ਰਹੇ ਸਨ ਤਾਂ ਮੇਰੇ ਪਿਤਾ ਜੀ, ਸੰਤ ਜਿਊਣ ਸਿੰਘ ਝੱਬਰ, ਜੋ ਸਰੀਰ ਕਰਕੇ ਕੁਝ ਢਿੱਲੇ ਸਨ, ਉਹਨਾਂ ਨੇ ਸਤਿਗੁਰੂ ਜੀ ਨੂੰ ਆਪਣੇ ਡੇਰੇ 'ਤੇ, ਜੋ ਇੱਥੇ ਨਾਮਧਾਰੀ ਧਰਮਸ਼ਾਲਾ ਵਿਚ ਹੀ ਸੀ, ਦਰਸ਼ਨ ਦੇਣ ਦੀ ਬੇਨਤੀ ਸਿੰਘਾਂ ਹੱਥ ਭਿਜਵਾਈ। ਸਤਿਗੁਰੂ ਜੀ ਨੇ ਪਹੁੰਚ ਕੇ ਦਰਸ਼ਨਾਂ ਦਾ ਮਨੋਰਥ ਪੁੱਛਿਆ। ਬਾਪੂ ਜੀ ਕਹਿਣ ਲੱਗੇ, "ਜੀ ਮੇਰੀ ਇਹ ਮੰਗ ਹੈ ਆਪ ਤੋਂ ਕਿ ਗੁਰਮੁਖ ਸਿੰਘ ਜਾਂ ਤਾਂ ਆਪਣੇ ਪਿੰਡ ਝੱਬਰੀਂ ਰਹੇ ਜਾਂ ਆਪ ਜੀ ਦੇ ਚਰਨਾਂ ਵਿਚ ਹੀ ਰਹੇ। ਇਹਨਾਂ ਦੋਹਾਂ ਥਾਵਾਂ ਤੋਂ ਲਾਂਭੇ ਅਵਾਰਾ ਨਾ ਫਿਰੇ। ਇਹਦਾ ਹੋਰ ਸਭ ਧਿਆਨ ਵੀ ਹੁਣ ਤੁਸਾਂ ਹੀ ਰੱਖਣਾ ਹੈ। ਮਾਂ ਇਹਦੀ ਪਹਿਲਾਂ ਮਰ ਗਈ ਹੈ। ਮੇਰਾ ਵੀ ਕੋਈ ਭਰਵਾਸਾ ਨਹੀਂ। ਹੋਰ ਕੋਈ ਸਕਾ ਚਾਚਾ, ਤਾਇਆ, ਭੈਣ ਭਰਾ ਵੀ ਇਸਦਾ ਨਹੀਂ। ਅਜੇ ਬੱਚਾ ਹੈ।" ਸਤਿਗੁਰੂ ਜੀ ਨੇ ਹੁਕਮ ਕੀਤਾ, "ਜਿਊਣ ਸਿੰਘ ਜੀ, ਫਿਕਰ ਨਾ ਕਰੋ, ਇਹ ਅੱਗੇ ਵੀ ਮੇਰੀ ਨਿਗਾਹ ਵਿਚ ਸੀ ਅਤੇ ਅਗਾਂਹ ਤੋਂ ਵੀ ਮੇਰੀ ਨਿਗਾਹ ਵਿਚ ਰਹੇਗਾ। ਮੈਨੂੰ ਗੁਰੂ ਹਰੀ ਸਿੰਘ ਜੀ ਨਾਲ ਤੁਹਾਡੀ ਪ੍ਰੀਤੀ ਦਾ ਵੀ ਗਿਆਨ ਹੈ। ਨਾਲੇ ਤੁਹਾਡੇ ਚਿਤ ਵਿਚ ਇਹਦੇ ਅਨੰਦ ਵਗੈਰਾ ਬਾਰੇ ਵੀ ਕੋਈ ਫੁਰਨਾ ਨਾ ਰਹੇ, ਮੈਂ ਇਹਨੂੰ ਇਕ ਵੇਰ ਛੱਡ ਕੇ ਦੋ ਵੇਰ ਵਿਆਹ ਦਿਆਂਗਾ। ਮੈਂ ਇਹਨੂੰ ਆਪਣਾ ਪੁੱਤਰ ਹੀ ਸਮਝਦਾ ਹਾਂ।" ਸਤਿਗੁਰੂ ਜੀ ਦਾ ਇਹ ਬਚਨ ਸੱਚ ਹੋਣਾ ਸੀ। ਮੇਰਾ ਪਹਿਲਾ ਅਨੰਦ ਸੰਤ ਗੰਡਾ ਸਿੰਘ ਜੀ ਢੋਟੀਆਂ ਖਿਆ੍ਹਲੇ ਵਾਲਿਆਂ ਦੀ ਸਪੁੱਤਰੀ ਬੀਬੀ ਹਰਬੰਸ ਕੌਰ ਨਾਲ ਹੋਇਆ ਸੀ, ਜਦੋਂ ਮੈਂ ਪੰਝੀਆਂ ਕੁ ਵਰ੍ਹਿਆਂ ਦਾ ਸਾਂ, ਇਹ ਸਿੰਘਣੀ ਵਰ੍ਹੇ ਕੁ ਦੇ ਵਕਫ਼ੇ ਬਾਦ ਚੜ੍ਹਾਈ ਕਰ ਗਈ ਸੀ। ਫਿਰ ਚਹੁੰ ਕੁ ਸਾਲਾਂ ਬਾਦ ਸਤਿਗੁਰੂ ਜੀ ਨੇ ਬੁਰਜ ਰਾਇ

ਕੇ, ਸਿਰਹਾਲੀ ਦੇ ਪਾਸ, ਪ੍ਰਸਿੱਧ ਕੂਕੇ ਬਾਬਾ ਸ਼ਾਮ ਸਿੰਘ ਸਿਰਹਾਲੀ ਦੀ ਪੜੋਤਰੀ ਅਤੇ ਸੰਤਾਂ ਆਤਮਾ ਸਿੰਘ ਹੋਰਾਂ ਦੀ ਪੁੱਤਰੀ, ਪ੍ਰੀਤਮ ਕੌਰ ਨਾਲ ਦੁਬਾਰਾ ਮੇਰਾ ਅਨੰਦ ਕਾਰਜ, ਆਪ ਮੇਰੀ ਜੰਞ ਨਾਲ ਜਾ ਕੇ ਕੀਤਾ ਸੀ।

ਇੱਥੋਂ ਸਤਿਗੁਰੂ ਜੀ ਨੇ ਮੈਨੂੰ ਆਪਣੇ ਨਾਲ ਹੀ ਲੈ ਕੇ, ਨਨਕਾਣੇ ਸਾਹਿਬ ਆਦਿ ਗੁਰੂ ਜੀ ਦੇ ਪ੍ਰਕਾਸ਼ ਪੁਰਬ ਤੇ ਜਾ ਦਰਸ਼ਨ ਦਿਤੇ। ਇਸ ਮੇਲੇ ਦੇ ਭੋਗ ਤੋਂ ਬਾਦ ਸਤਿਗੁਰੂ ਜੀ ਨੂੰ ਮੇਰੇ ਬਾਪੂ ਜੀ ਦਾ ਅੰਮ੍ਰਿਤਸਰੋਂ ਸੁਨੇਹਾ ਮਿਲਿਆ ਕਿ ਗੁਰਮੁਖ ਸਿੰਘ ਨੂੰ ਜਲਦੀ ਮੇਰੇ ਪਾਸ ਭੇਜ ਦਿਓ, ਮੇਰਾ ਸਰੀਰ ਚੱਲ ਜਾਣਾ ਹੈ। ਸਤਿਗੁਰੂ ਜੀ ਨੇ ਰਾਤ ਹੀ ਮੈਨੂੰ ਬੁਲਾ ਕੇ ਆਖਿਆ ਕਿ ਤੂੰ ਸਵੇਰੇ ਪਹਿਲੀ ਗੱਡੀ ਤੇ ਅੰਮ੍ਰਿਤਸਰ, ਸੰਤ ਜਿਊਣ ਸਿੰਘ ਝੱਬਰ ਹੋਰਾਂ ਪਾਸ ਚਲੇ ਜਾਣਾ ਹੈ।

ਸਵੇਰੇ ਜਦੋਂ ਮੈਂ ਅਤੇ ਵਰਨਾਂ ਦੇ ਵਰਿਆਮ ਸਿੰਘ ਨੇ ਵੀ, ਮੇਰੇ ਨਾਲ ਅੰਮ੍ਰਿਤਸਰ ਨੂੰ ਜਾਣ ਦੀ ਤਿਆਰੀ ਕੀਤੀ ਤਾਂ ਲਾਂਗਰੀਆਂ ਸਿੰਘਾਂ ਨੇ ਪ੍ਰਸ਼ਾਦੇ ਨਾ ਦਿੱਤੇ। ਮੇਰੇ ਮਨ ਵਿਚ ਰੋਸ ਆਇਆ ਕਿ ਸਤਿਗੁਰੂ ਜੀ ਤਾਂ ਕਹਿੰਦੇ ਸਨ ਕਿ ਇਹ ਮੇਰੀ ਨਿਗਾਹ ਵਿਚ ਹੈ, ਪਰ ਏਥੇ ਤਾਂ ਪ੍ਰਸ਼ਾਦੇ ਵੀ ਨਹੀਂ ਮਿਲ ਰਹੇ। ਲਾਂਗਰੀ ਸਿੰਘ ਸੰਤ ਫਤਹਿ ਸਿੰਘ ਮਾਂਗੇ ਦੇ ਇਲਾਕੇ ਨੱਕੇ ਦੇ ਸਨ। ਇਹਨਾਂ ਕਿਹਾ ਕਿ ਅਸੀਂ ਆਪਣੇ ਪਕਾਏ ਪ੍ਰਸ਼ਾਦੇ ਤੁਹਾਨੂੰ ਕਿਉਂ ਦੇਈਏ। ਪਹਿਲਾਂ ਸਾਡੇ ਸਿੰਘ ਛਕਣਗੇ। ਸਾਡੀ ਕਾਹਲ ਵੱਲ ਉਹਨਾਂ ਨੇ ਨਾ ਵੇਖਿਆ। ਸਾਨੂੰ ਪ੍ਰਮੇਸ਼ਰ ਨੇ ਇਹ ਜਤਾਇਆ ਕਿ ਕੜਾਹ ਪ੍ਰਸ਼ਾਦ ਜੋ ਸੁੰਦਰ ਸਿੰਘ 'ਬੰਬੂ' ਹੋਰਾਂ ਨੇ ਬਣਾਇਆ ਹੈ, ਉਹ ਅਸੀਂ ਇਹਨਾਂ ਪ੍ਰਸ਼ਾਦਿਆਂ ਵਾਲਿਆਂ ਲਾਂਗਰੀਆਂ ਨੂੰ ਨਾ ਦਈਏ। ਅਸੀਂ ਆਪਣੇ ਘੋੜੇ, ਊਠਾਂ ਅਤੇ ਲੰਗਰ ਵਾਲੇ ਸਿੰਘਾਂ ਨੂੰ ਅੰਦਰ ਵਾੜ ਲਿਆ। ਕੰਧ ਉਤੇ ਇਕ ਸਿੰਘ ਬਹਾ ਦਿਤਾ ਜੋ ਰਾਖੀ ਰੱਖੇ ਕਿ ਦੀਵਾਨ ਦੀ ਅਰਦਾਸ ਕਦੋਂ ਹੁੰਦੀ ਹੈ। ਜਦੋਂ ਅਰਦਾਸ ਇੱਥੇ ਆਈ, "ਕੜਾਹ ਪ੍ਰਸ਼ਾਦ ਅੰਮ੍ਰਿਤ ਦੀ ਦੇਗ ਤਿਆਰ। ਆਪ ਨੂੰ ਭੋਗ ਲੱਗੇ। ਸੀਤ ਪ੍ਰਸਾਦ ਆਪਦੇ ਖ਼ਾਲਸੇ ਨੂੰ ਮਿਲੇ।" ਉਸ ਸਿੰਘ ਨੇ ਇਤਲਾਹ ਦੇ ਦਿਤੀ। ਅਸੀਂ ਅੰਦਰਲੀ ਸੰਗਤ ਨੂੰ ਕੜਾਹੇ ਵਾਲਾ ਸਾਰਾ ਪ੍ਰਸ਼ਾਦ ਵਰਤਾ ਦਿਤਾ ਅਤੇ ਆਪ ਹਰਨ ਹੋ ਗਏ। ਆਪੋ ਵਿਚ ਅਸੀਂ ਦੂਜੇ ਸਿੰਘਾਂ ਨਾਲ ਗੁਰਮਤਾ ਕਰ ਲਿਆ ਕਿ ਮੈਂ ਤਾਂ ਅੰਮ੍ਰਿਤਸਰ ਦੀ ਗੱਡੀ ਚੜ੍ਹ ਜਾਣਾ ਹੈ, ਤੁਹਾਨੂੰ ਜੇ ਸੱਚੇ ਪਾਤਸ਼ਾਹ ਪੁੱਛਣ ਤਾਂ ਤੁਸਾਂ ਕਹਿਣਾ ਕਿ ਗੁਰਮੁਖ ਸਿੰਘ ਨੇ ਵਰਤਾਇਆ ਹੈ। ਨੱਕੇ ਦੇ ਸਿੰਘ ਪ੍ਰਸ਼ਾਦ ਵਰਤਿਆ ਵੇਖ ਕੇ ਨਿਰਾਸ ਹੋ ਗਏ ਕਿਉਂਕਿ ਅੱਗੇ ਤਾਂ ਭੋਗ ਤੋਂ ਬਾਦ ਉਹ ਵੀ ਗਹਿਰੇ ਗੱਫੇ ਲਾਉਂਦੇ ਸਨ। ਸੰਤ ਫਤਹਿ ਸਿੰਘ ਹੋਰਾਂ ਆਪਣੇ ਜੱਥੇ ਸਮੇਤ ਸਤਿਗੁਰੂ ਜੀ ਨੂੰ ਅਰਜ਼ ਕੀਤੀ, "ਜੀ ਕੜਾਹ ਪ੍ਰਸ਼ਾਦ ਤਾਂ ਤੁਹਾਡੇ ਘੋੜਿਆਂ ਵਾਲਿਆਂ ਸਿੰਘਾਂ ਨੂੰ ਹੀ ਵਰਤਾ ਦਿਤਾ ਨੇ। ਇਹਨਾਂ ਨੂੰ ਪੁੱਛਣਾ ਚਾਹੀਦਾ ਹੈ।"

ਸਤਿਗੁਰਾਂ ਨੇ ਸਾਰੇ ਘੋੜਿਆਂ ਵਾਲੇ ਸਰੀਰ ਸੱਦ ਕੇ ਪੁੱਛਿਆ ਕਿ ਤੁਸਾਂ ਇਹ ਸ਼ਰਾਰਤ ਕਿਉਂ ਕੀਤੀ ਹੈ। ਸਿੰਘਾਂ ਆਖਿਆ, "ਜੀ ਸਾਨੂੰ ਤਾਂ ਛਕਣ ਦਾ ਹੀ ਪਤਾ ਹੈ। ਵਰਤਾਇਆ ਤਾਂ ਗੁਰਮੁਖ ਸਿੰਘ ਝੱਬਰ ਨੇ ਹੈ ਅਤੇ ਉਹ ਗੱਡੀ ਚੜ੍ਹ ਕੇ ਅੰਮ੍ਰਿਤਸਰ ਚਲਾ ਗਿਆ ਹੈ। ਉਹ ਹੀ ਆ ਕੇ ਸਾਰੀ ਗੱਲ ਦੱਸ ਸਕੇਗਾ ਕਿ ਉਸ ਕਿਉਂ ਵਰਤਾਇਆ ਹੈ।"

ਸਤਿਗੁਰੂ ਜੀ 9 ਚੱਕ ਝੱਬਰ, ਢੋਟੀਆਂ ਆਦਿ ਨਗਰਾਂ ਨੂੰ ਦੌਰਾ ਲੈ ਗਏ। ਸੰਤ ਫਤਹਿ ਸਿੰਘ ਹੋਰੀਂ ਵੀ ਆਪਣੇ ਇਲਾਕੇ ਨੂੰ ਚਲੇ ਗਏ।

**ਸੰਤ ਜਿਊਣ ਸਿੰਘ ਝੱਬਰ ਦਾ ਅਕਾਲ ਚਲਾਣਾ**

ਮੈਂ ਅੰਮ੍ਰਿਤਸਰ ਰਾਤ ਪੁੱਜਿਆ ਸਾਂ ਅਤੇ ਸਵੇਰੇ ਲੰਗਰ ਵਿਚ ਬੈਠਾ ਪ੍ਰਸ਼ਾਦਾ ਛਕ ਰਿਹਾ ਸਾਂ ਜਦੋਂ ਸੰਤ ਜਿਊਣ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਆਖਿਆ, "ਗੁਰਮੁਖ ਸਿੰਘ ਪ੍ਰਸ਼ਾਦਾ ਛਕ ਲਿਆ ਹੈ?" ਮੈਂ ਫਿਰ ਛੇਤੀ ਹੀ ਉਠ ਬੈਠਾ। ਖੁੜਕ ਮੈਨੂੰ ਵੀ ਗਈ ਸੀ। ਬਾਪੂ ਜੀ ਗੁਜ਼ਰ ਗਏ ਸਨ। ਸੰਤਾਂ ਜਿਊਣ ਸਿੰਘ ਹੋਰਾਂ ਨਾਲ ਜੋ ਨਾਮਧਾਰੀ ਧਰਮਸ਼ਾਲਾ ਦੇ ਪ੍ਰਬੰਧਕ ਸਨ, ਸਾਡੇ ਬਾਪੂ ਜੀ ਦਾ ਬਹੁਤ ਜ਼ਿਆਦਾ ਪ੍ਰੇਮ ਸੀ, ਸਕੇ ਭਰਾਵਾਂ ਤੋਂ ਵੀ ਵੱਧ। ਬੜੇ ਠਾਠ ਬਾਠ ਨਾਲ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਦੀਆਂ ਸੰਗਤਾਂ ਦੀ ਭਾਰੀ ਗਿਣਤੀ, ਬਾਪੂ ਜੀ ਦੇ ਸਸਕਾਰ ਵਿਚ ਸ਼ਾਮਲ ਹੋਈ। ਸ਼ਹਿਰ ਦੇ ਲੋਕ ਖਲੋ ਖਲੋ ਪੁੱਛਦੇ, "ਇਹ ਕਿਸ ਰਈਸ ਦੀ ਅਰਥੀ ਹੈ, ਜਿਸ ਨਾਲ ਏਨੀ ਖਲਕਤ ਜਾ ਰਹੀ ਹੈ?" ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਇਹ ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਰੋਸਾਏ ਇਕ ਸਾਧਾਰਨ ਨਾਮਧਾਰੀ ਸਿੰਘ ਦੀ ਅੰਤਿਮ ਯਾਤਰਾ ਹੈ ਜਿਸ ਨੂੰ ਗੁਰੂ ਕ੍ਰਿਪਾ ਨਾਲ ਭਾਰੀ ਸਾਥ ਸੰਗਤਾਂ ਦਾ ਮਿਲਿਆ ਹੈ। ਆਪਦੀ ਜਨਮ ਭੂਮੀ ਤੋਂ ਵੀ ਕੋਹਾਂ ਦੁਰਾਡੇ ਜਾ ਕੇ। ਫਿਰ ਉਥੇ ਹੀ ਉਹਨਾਂ ਨਮਿਤ ਇਕ ਸ੍ਰੀ ਆਦਿ ਗ੍ਰੰਥ ਦੇ ਸਾਧਾਰਨ ਪਾਠ ਦਾ ਭੋਗ ਪਾ ਕੇ ਅਤੇ ਇਕ ਅਖੰਡ ਪਾਠ ਕਰਕੇ ਮੇਲਾ ਕੀਤਾ ਗਿਆ। ਮੇਲੇ ਵਿਚ ਵੀ ਬੜੇ ਉਤਸ਼ਾਹ ਨਾਲ ਜ਼ਿਲ੍ਹਾ ਅੰਮ੍ਰਿਤਸਰ ਦੀ ਸੰਗਤ ਸ਼ਾਮਲ ਹੋਈ। ਮੈਂ ਬਾਪੂ ਜੀ ਦੇ ਲੀੜੇ ਬਸਤਰ ਬਿਹੰਗਮ ਸਾਧਾਂ ਵਿਚ ਵੰਡ ਕੇ ਸੰਤ ਜਿਊਣ ਸਿੰਘ ਜੀ ਤੋਂ ਮੇਲੇ ਅਤੇ ਪਾਠਾਂ ਦੇ ਭੋਗ ਤੇ ਖ਼ਰਚ ਆਈ ਮਾਇਆ ਬਾਰੇ ਪੁੱਛਿਆ ਅਤੇ ਆਖਿਆ ਕਿ ਪਿੰਡ ਜਾ ਕੇ ਪੈਲੀ ਠੇਕੇ ਤੇ ਦੇ ਕੇ (ਮੈਨੂੰ ਜੋ ਜ਼ਮੀਨ ਤਾਏ ਸਾਡੇ ਵਧਾਵਾ ਸਿੰਘ ਹੋਰਾਂ ਦੀ ਸੀ, ਉਹ ਮਿਲ ਗਈ ਸੀ ਕਿਉਂਕਿ ਬਾਪੂ ਜੀ ਤਾਂ ਆਪਣਾ ਕੁਝ ਹਿੱਸਾ ਵੇਚ ਚੁੱਕੇ ਸਨ, ਲੰਗਰ ਭੈਣੀ ਸਾਹਿਬ ਵਾਸਤੇ ਕੁਝ ਓਦੋਂ ਰਕਬਾ ਬੰਜਰ ਸੀ, ਜੋ ਬਾਦ ਵਿਚ ਆਬਾਦ ਹੋ ਗਿਆ ਸੀ) ਤੁਹਾਡੇ ਪੈਸੇ ਪੁਚਾ ਦਿਆਂਗਾ। ਸੰਤ ਜਿਊਣ ਸਿੰਘ ਹੋਰਾਂ ਆਖਿਆ ਕਿ ਕਾਕਾ ਤੇਰਾ ਪਿਤਾ ਮੈਨੂੰ ਆਪਣੇ ਭੋਗ ਮੇਲੇ ਦੀ

ਮਾਇਆ ਅਗੇਤਾ ਹੀ ਦੇ ਗਿਆ ਸੀ, ਸਗੋਂ ਪੰਜਾਹ ਰੁਪੈ ਤੂੰ ਲੈ ਲੈ, ਇਹ ਵਧਦੇ ਹਨ। ਮੈਂ ਸੰਤਾਂ ਨੂੰ ਬੇਨਤੀ ਕੀਤੀ ਕਿ ਇਹ ਮਾਇਆ, ਤੁਸੀਂ ਲੋੜਵੰਦ ਸਾਧਾਂ ਸਿੱਖਾਂ ਵਿਚ ਹੀ ਵੰਡ ਦੇਣੀ। ਸੰਤਾਂ ਜਿਊਣ ਸਿੰਘ ਹੋਰਾਂ ਦੱਸਿਆ ਕਿ ਮੇਰਾ ਤੇ ਤੇਰੇ ਪਿਤਾ ਜਿਊਣ ਸਿੰਘ ਝੱਬਰ ਦਾ ਆਪੋ ਵਿਚ ਇਹ ਅਹਿਦ ਸੀ ਕਿ ਜਿਹੜਾ ਵੀ ਪਹਿਲਾਂ ਚੜ੍ਹੇਗਾ, ਉਹਨੇ ਦੂਜੇ ਦਾ ਪਾਠ ਭੋਗ ਆਦਿ ਉਹਦੇ ਨਮਿਤ ਪੁਆਉਣਾ ਹੈ। ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਵੀ ਸ੍ਰੀ ਭੈਣੀ ਸਾਹਿਬ ਦੇ ਡੇਰੇ ਜਿਉਂ ਅੰਗ੍ਰੇਜ਼ ਸਰਕਾਰ ਦੀਆਂ ਅੱਖਾਂ ਵਿਚ ਰੜਕਦੀ ਸੀ ਅਤੇ ਇੱਥੇ ਵੀ ਅੱਠੀਂ ਪਹਿਰੀਂ ਆਏ ਗਏ ਸਿੰਘਾਂ ਦੀ ਬਾਕਾਇਦਾ ਹਾਜ਼ਰੀ ਲੱਗਿਆ ਕਰਦੀ ਸੀ। ਮੇਰੇ ਪਿਤਾ ਜੀ ਦੇ ਹੋਰ ਦੋ ਬਹੁਤ ਨਿਕਟਵਰਤੀ ਮਿੱਤਰ ਅਤੇ ਮਹਾਂਪੁਰਖ, ਜਿਹਨਾਂ ਨੇ ਮੈਨੂੰ ਛੋਟੇ ਹੁੰਦੇ ਨੂੰ ਪਾਲਿਆ ਪੋਸਿਆ ਅਤੇ ਮੇਰੇ ਨਾਲ ਲਾਡ ਮਲ੍ਹਾਰ ਕੀਤੇ ਸਨ, ਉਹ ਬਾਬਾ ਸੰਤਾ ਸਿੰਘ ਜੀ ਘੁੱਕੇਵਾਲੀਏ ਅਤੇ ਬਾਬਾ ਵੀਰ ਸਿੰਘ ਜੀ ਭੋਮੇ ਵਡਾਲੀਆ ਵੀ ਇਸੇ ਕੱਤਕ 1974 ਬਿਕ੍ਰਮੀ ਦੇ ਮਹੀਨੇ ਮੇਰੇ ਪਿਤਾ ਜੀ ਤੋਂ ਕੁਝ ਦਿਨ ਹੀ ਅੱਗੇ ਪਿਛੇ ਚੜ੍ਹਾਈ ਕਰ ਕੇ ਉਸ ਗੁਰਵਾਕ ਨੂੰ ਸਫਲ ਕਰ ਗਏ ਸਨ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾਕੈ ਪਾਛੈ ਜੀਵਣਾ॥" ਪੰਨਾ 83

ਅੰਮ੍ਰਿਤਸਰੋਂ ਮੈਂ ਆਪਣੇ ਪਿੰਡ ਝੱਬਰੀਂ ਪੁੱਜਾ। ਕੁਝ ਦਿਨ ਸਾਗਰ ਕੀ ਪੱਤੀ ਦਾ ਸ਼ਰੀਕਾ ਕਬੀਲਾ, ਜਿਹਨਾਂ ਵਿਚੋਂ ਬਾਬਾ ਕਰਤਾਰ ਸਿੰਘ ਝੱਬਰ (ਨਨਕਾਣਾ ਸਾਹਿਬ ਮੋਰਚੇ ਦਾ ਜੇਤੂ ਅਕਾਲੀ ਜਰਨੈਲ), ਬਾਬਾ ਜੈਮਲ ਸਿੰਘ (ਸ. ਅਵਤਾਰ ਸਿੰਘ, ਰਜਵੰਤ ਸਿੰਘ ਹੋਰਾਂ ਦਾ ਪਿਤਾ), ਬਾਬਾ ਕੇਸਰ ਸਿੰਘ (ਕ੍ਰਿਪਾਲ ਸਿੰਘ, ਪਿਆਰਾ ਸਿੰਘ, ਮੰਗਲ ਸਿੰਘ ਦਾ ਪਿਤਾ) ਆਦਿ ਪ੍ਰਮੁੱਖ ਸਨ ਅਤੇ ਮੇਰਾ ਚਾਚਾ ਘਸੀਟਾ ਸਿੰਘ ਆਦਿ ਅਫ਼ਸੋਸ ਕਰਨ ਆਉਂਦੇ ਰਹੇ। ਇੱਥੇ ਮੈਂ ਭੂਮੀ ਦਾ ਇੰਤਕਾਲ ਆਪਣੇ ਨਾਮ ਕਰਵਾਇਆ, ਜਿਸ ਲਈ ਕੁਝ ਦਿਨ ਸ਼ੇਖ਼ੂਪੁਰੇ ਵੀ ਜਾਣਾ ਪਿਆ ਸੀ ਕਿਉਂ ਜੋ ਖਾਤਾ ਸਾਂਝਾ ਸੀ। ਕੁਝ ਹਿੱਸੇਦਾਰ ਮਾੜਾ ਮੋਟਾ ਅੜਿਕਾ ਵੀ ਪਾਉਂਦੇ ਸਨ। ਪਰ ਇਕ ਗੁਰਮੁਖ ਸ਼ੇਖ਼ੂਪੁਰੇ ਤਸੀਲ ਵਿਚ ਮਿਲ ਗਿਆ। ਜਿਸ ਅੱਖ ਦੇ ਫੋਰ ਵਿਚ ਸਾਰਾ ਕਾਰਜ ਕਰਵਾ ਦਿਤਾ। ਜ਼ਮੀਨ ਦਾ ਹਿੱਸਾ ਠੇਕਾ ਲਿਆ। ਬਾਦ ਵਿਚ ਮੈਂ ਆਪਣੀ ਜ਼ਮੀਨ ਦੀ ਨਿਗਰਾਨੀ ਸੰਤ ਆਲਾ ਸਿੰਘ ਵਰਨ ਦੇ, ਕਹਿਣ ਤੇ ਆਪਣੇ ਚਾਚੇ ਘਸੀਟਾ ਸਿੰਘ ਪੁੱਤਰ ਹੁਕਮਾ ਸਿੰਘ ਦੇ ਸਪੁਰਦ ਕਰ ਆਇਆ ਸਾਂ। ਸੰਤਾਂ ਨੇ ਇਹ ਵੀ ਮੱਤ ਦਿਤੀ ਸੀ ਕਿ ਚਾਚਾ ਤੇਰਾ, ਹਿਸੇ ਠੇਕੇ ਦੇ ਨਾਂ ਤੇ ਭਾਵੇਂ ਇਕ ਮੁੱਠ ਮਿੱਟੀ ਦੀ ਦੇਵੇ, ਉਹ ਵੀ ਚੁਪ ਚਾਪ ਲੈ ਕੇ ਟੁਰਦਾ ਬਣੀ। ਸੰਤਾਂ ਦੀ ਇਹ ਮੱਤ ਮੇਰੇ ਬੜੀ ਕੰਮ ਆਈ। ਚਾਚੇ ਦਾ ਬੱਚਾ ਕੋਈ ਨਹੀਂ ਸੀ। ਤ੍ਰਿਲੋਕ ਸਿੰਘ

ਨਾਂ ਦਾ ਇਕ ਭਣੇਂਵਾ ਸੀ, ਉਸ ਦੇਸ਼ ਦੀ ਵੰਡ ਤੋਂ ਬਾਦ ਇਧਰ ਆ ਕੇ ਚਾਚੇ ਦੇ ਦਫ਼ਾ ਸੌ ਜ਼ਾਬਤਾ ਫੌਜਦਾਰੀ ਤਹਿਤ ਵਰੰਟ ਕਢਾ ਲਏ ਕਿ ਮੇਰੇ ਮਾਮੇ ਨੂੰ ਗੁਰਮੁਖ ਸਿੰਘ ਨੇ ਧੱਕੇ ਨਾਲ ਆਪਣੇ ਪਾਸ ਕਰੀਵਾਲੇ ਰੱਖਿਆ ਹੈ। ਤ੍ਰਿਲੋਕ ਸਿੰਘ ਮਸੀਂਗਣ (ਪਟਿਆਲਾ) ਰਹਿੰਦਾ ਸੀ। ਜਦੋਂ ਮਜਿਸਟ੍ਰੇਟ ਦੇ ਸਾਹਮਣੇ ਪੇਸ਼ ਹੋਏ ਤਾਂ ਉਸ ਪੁਛਿਆ ਕਿ ਬਾਬਾ ਕਿਧਰ ਜਾਣਾ ਹੈ ਤਾਂ ਚਾਚੇ ਨੇ ਜੁਆਬ ਦਿਤਾ ਕਿ ਇਸ ਮੇਰੇ ਭਣੇਂਵੇ ਨੇ ਤਾਂ ਮੇਰੀ ਭੈਣ, ਆਪਣੀ ਸਕੀ ਮਾਂ ਘਰੋਂ ਕੱਢ ਦਿਤੀ ਸੀ, ਮੈਨੂੰ ਕਿਥੋਂ ਸਾਂਭੇਗਾ, ਮੈਂ ਤਾਂ ਆਪਣੇ ਭਤੀਜੇ ਗੁਰਮੁਖ ਸਿੰਘ ਨਾਲ ਹੀ ਜਾਣਾ ਹੈ। ਚਾਚੇ ਦੀ ਵੀਹ ਕਿੱਲੇ ਭੋਇੰ ਸੀ। ਤਿਲੋਕਾ ਜਿਸ ਦਾ ਲਾਲਚ ਕਰਦਾ ਸੀ। ਬਾਦ ਵਿਚ ਉਸ ਜ਼ਮੀਨ ਦੀ ਵਸੀਅਤ ਗੁਜ਼ਰਨ ਤੋਂ ਵਰ੍ਹਾ ਕੁ ਪਹਿਲਾਂ 1960 ਈ: ਵਿਚ ਮੇਰੇ ਨਾਮ ਕਰ ਦਿਤੀ ਸੀ। ਸੋ ਸੰਤ ਆਲਾ ਸਿੰਘ ਜੀ ਦੀ ਸਿੱਖ ਮੱਤ ਸਦਕਾ ਹੀ ਇਹ ਕੁਝ ਹੋ ਸਕਿਆ। ਜੇ ਮੇਰੇ ਸੰਬੰਧ ਚਾਚੇ ਨਾਲ ਸੁਖਾਵੇਂ ਨਾ ਹੁੰਦੇ ਤਾਂ ਪੈਲੀ ਉਸ ਭਣੇਵੇਂ ਨੂੰ ਦੇ ਦੇਣੀ ਸੀ। ਤੇ ਕਨੂੰਨ ਵੀ ਭਤੀਜੇ ਤੋਂ ਭਣੇਂਵੇ ਦਾ ਹੱਕ ਹੁਣ ਪਹਿਲਾਂ ਮੰਨਦਾ ਹੈ। ਜ਼ਮੀਨ ਦੀ ਗੱਲ ਟੁਰੀ ਹੈ ਤਾਂ ਛੋਟੀ ਜਹੀ ਹੋਰ ਵੀ ਕਰ ਲਈਏ। ਸਾਡੇ ਸਕਿਆਂ ਵਿਚੋਂ ਹੀ ਇਕ ਬਾਵਾ ਨਿਹਾਲ ਦਾਸ ਸੀ। ਉਸ ਨੇ ਪੰਜਾਬ ਦੇ ਅੰਗ੍ਰੇਜ਼ ਗਵਰਨਰ, ਲਾਟ ਸਾਹਿਬ ਜਿਹਨੂੰ ਕਹਿੰਦੇ ਸੀ, ਉਸਦੀ ਘਰ ਵਾਲੀ ਦਾ ਇਲਾਜ ਕਰਕੇ, ਕੋਈ ਗੰਭੀਰ ਰੋਗ ਠੀਕ ਕੀਤਾ ਸੀ। ਉਹਨੂੰ ਬਾਰ ਵਿਚ ਦੋ ਮੁਰੱਬੇ ਮਿਲੇ ਸਨ। ਮੈਂ ਜਦੋਂ ਛੋਟਾ ਸਾਂ ਅਤੇ ਬਾਪੂ ਜੀ ਜਿਊਂਦੇ ਸਨ, ਇਕ ਵੇਰ ਨਿਹਾਲ ਦਾਸ ਮੈਨੂੰ ਆਪਣੇ ਨਾਲ ਲੈ ਗਿਆ ਕਿ ਆਪਣੇ ਕੁਣਬੇ ਦਾ ਇਹੋ ਇੱਕੋ ਇਕ ਮੁੰਡਾ ਹੈ, ਅਸੀਂ ਇਹਨੂੰ ਹਕੀਮੀ ਸਿਖਾਵਾਂਗੇ ਅਤੇ (ਕਿਉਂਕਿ ਉਹ ਵੀ ਸ਼ਾਦੀ ਸ਼ੁਦਾ ਨਹੀਂ ਸਨ), ਮੁਤਬੰਨਾ ਬਣਾਵਾਂਗੇ। ਮੈਂ ਦੋ ਚਾਰ ਦਿਨ ਤਾਂ ਬਾਵੇ ਹੋਰਾਂ ਦੀਆਂ ਗਾਈਂ ਨੂੰ ਪੱਠੇ ਪਾਏ ਪਰ ਇਕ ਦਿਨ ਅਛੋਪਲੇ ਹੀ ਭੈਣੀ ਸਾਹਿਬ ਦਾ ਧਿਆਨ ਸਾਹਵੇਂ ਰੱਖ ਕੇ ਉਥੋਂ ਚਾਲੇ ਮਾਰ ਆਇਆ। ਮੇਰੇ ਤੋਂ ਬਾਅਦ ਜਿਹੜਾ ਲੜਕਾ ਉਹਨਾਂ ਗੋਦ ਲਿਆ, ਉਹ ਜ਼ਮੀਨ ਦੇ ਲਾਲਚ ਵਿਚ ਬਾਵੇ ਹੋਰਾਂ ਨੂੰ ਹੀ ਮਾਰ ਦੇਣ ਲੱਗਾ ਸੀ। ਬਾਦ ਵਿਚ ਨਿਰਾਸ਼ ਹੋ ਕੇ ਬਾਵੇ ਹੋਰਾਂ ਸਾਰੀ ਭੂਮੀ ਹੀ ਵੇਚ ਦਿਤੀ ਸੀ।

ਜ਼ਮੀਨ ਦਾ ਹਿੱਸਾ ਠੇਕਾ ਲੈ ਕੇ, ਸੰਤ ਲਾਭ ਸਿੰਘ ਜੀ ਕੱਕਾ ਅਤੇ ਗਿਆਨ ਸਿੰਘ ਲਾਂਗਰੀ (ਸੂਰਤਾ ਸਿੰਘ ਵਰਨ ਦਾ ਦਾਦਾ) ਸਮੇਤ ਮੈਂ ਹੁਣ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਤੁਰ ਪਿਆ। ਬਾਹੜੀਆਂ ਵਾਲਾ ਖੁਦਪੁਰ ਤੋਂ ਤੰਬੋਲੀ ਵਾਲੇ ਖੂਹ, ਮਾਂਗਾ ਵਿਖੇ ਪੁੱਜ ਗਏ, ਜ਼ਿਲ੍ਹਾ ਲਾਹੌਰ ਵਿਚ। ਇੱਥੇ ਸੰਤ ਸੰਮਾ ਸਿੰਘ ਜੀ ਨੇ ਅਗਾਊਂ ਬਚਨ ਕੀਤਾ ਸੀ ਕਿ ਅਸਾਂ ਮਾਘੀ ਤੇ ਸਰੀਰ ਛੱਡਣਾ ਹੈ ਅਤੇ ਉਹ ਪਹਿਲੀ ਮਾਘ 1974 ਬਿਕ੍ਰਮੀ ਨੂੰ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਭੋਗ ਤੇ

ਮੇਲਾ ਸੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦਿਤੇ ਸਨ। ਅਸੀਂ ਵੀ ਜਾ ਮੱਥਾ ਟੇਕਿਆ।

ਸੰਤ ਫਤਹਿ ਸਿੰਘ ਜੀ, ਫਿਲਾਸਫ਼ਰ, ਮਾਂਗੇ ਵਾਲਿਆਂ ਨੇ ਨਨਕਾਣਾ ਸਾਹਿਬ ਵਾਲਾ ਬਚਨ ਹਜ਼ੂਰ ਕੋਲ ਫਿਰ ਦੁਹਰਾ ਦਿਤਾ। ਮੈਨੂੰ ਪੁੱਛਿਆ ਗਿਆ। ਮੈਂ ਸਤਿਗੁਰੂ ਜੀ ਨੂੰ ਸਾਰੀ ਵਿਥਿਆ ਦੱਸੀ ਕਿ ਕਿਸ ਤਰ੍ਹਾਂ ਉਹ ਲਾਂਗਰੀ ਸਿੰਘ ਵੀ ਇਕੱਲੇ ਹੀ ਆਪਣੇ ਡੇਰੇ ਵਿਚ, ਕਈ ਵੇਰ ਭੋਗਾਂ ਦਾ ਕੜਾਹ ਪ੍ਰਸ਼ਾਦ ਵੰਡ ਲੈਂਦੇ ਸਨ। ਉਸ ਦਿਨ ਤਾਂ ਸਾਨੂੰ ਉਹਨਾਂ ਪ੍ਰਸ਼ਾਦੇ ਵੀ ਨਹੀਂ ਦਿੱਤੇ ਸਨ। ਸਤਿਗੁਰੂ ਜੀ ਨੇ ਫਤਹਿ ਸਿੰਘ ਹੋਰਾਂ ਨੂੰ ਕਿਹਾ ਕਿ ਜੇ ਤੁਹਾਡੇ ਲਾਂਗਰੀਆਂ ਪ੍ਰਸ਼ਾਦਾ ਨਹੀਂ ਦਿਤਾ ਤਾਂ ਉਹਨਾਂ ਕੜਾਹ ਪ੍ਰਸ਼ਾਦ ਆਪਣੇ ਲਾਂਗਰੀਆਂ ਤੋਂ ਛਕ ਲਿਆ। ਇਸ ਤੇ ਤੁਹਾਡਾ ਕੀ ਇਤਰਾਜ਼ ਹੋ ਸੱਕਦਾ ਹੈ।

ਇਥੋਂ ਸਤਿਗੁਰੂ ਜੀ ਨੇ ਮੈਨੂੰ ਦੋ ਘੋੜੇ ਦੇ ਕੇ ਜ਼ਿਲ੍ਹਾ ਲਾਇਲਪੁਰ ਨੂੰ ਭੇਜ ਦਿਤਾ। ਨਾਲ ਸਰਧਾ ਸਿੰਘ ਮਜ਼੍ਹਬੀ ਨਾਮ ਦਾ ਸਿੰਘ ਵੀ ਤੋਰ ਦਿਤਾ। ਮੰਜ਼ਲੋ ਮੰਜ਼ਲੀ ਘੋੜੇ ਲੈ ਕੇ ਅਸੀਂ ਨੌਂ ਚੱਕ ਸ. ਰਵੇਲ ਸਿੰਘ ਸੰਧੂ ਪਾਸ ਪੁੱਜ ਗਏ। ਸ. ਰਵੇਲ ਸਿੰਘ ਸਤਿਗੁਰਾਂ ਪਾਸ ਅਰਜ਼ ਤਾਂ ਕਰ ਗਿਆ ਸੀ ਪਰ ਘੋੜੇ ਚੱਜ ਨਾਲ ਸਾਂਭ ਨਾ ਸੱਕਿਆ ਅਤੇ ਚੌਥੇ ਦਿਨ ਹੀ ਆਖਣ ਲੱਗਾ ਕਿ ਤੁਸੀਂ ਘੋੜੇ ਕਿਸੇ ਹੋਰ ਥਾਂ ਲੈ ਜਾਓ।

**ਸ. ਈਸ਼ਰ ਸਿੰਘ ਖਾਨਪੁਰ**

ਅਸਾਂ ਦੂੰਹ ਜਣਿਆਂ ਵਿਚਾਰ ਕੀਤੀ ਪਈ ਸਰਦਾਰ ਹੋਰਾਂ ਤਾਂ ਜੁਆਬ ਦੇ ਦਿਤਾ ਹੈ ਹੁਣ ਕਿਵੇਂ ਕਰੀਏ। ਅਸੀਂ ਉਥੋਂ ਉਠ ਕੇ ਸੱਦੋਵਾਲ ਭਾਈ ਸਾਉਣ ਸਿੰਘ ਹੋਰਾਂ ਪਾਸ ਆ ਗਏ। ਛੇ-ਸੱਤ ਦਿਨ ਉਥੇ ਰਹਿ ਕੇ ਭਾਈ ਹੋਰਾਂ ਪਾਸ ਅਸੀਂ ਸ. ਈਸ਼ਰ ਸਿੰਘ ਪਾਸ ਖਾਨਪੁਰ ਚਲੇ ਗਏ। ਸਰਦਾਰ ਹੋਰਾਂ ਪੁੱਛਿਆ ਕਿ ਤੁਸੀਂ ਦੌਰੇ ਨਾਲੋਂ ਕਿਵੇਂ ਨਿੱਖੜੇ ਹੋ। ਅਸੀਂ ਸ. ਰਵੇਲ ਸਿੰਘ ਹੋਰਾਂ ਵਾਲੀ ਵਾਰਤਾ ਦੱਸੀ ਅਤੇ ਦਸਿਆ ਕਿ ਹੁਣ ਅਸੀਂ ਦੋ-ਦੋ, ਚਾਰ-ਚਾਰ ਦਿਨ ਸਿੱਖਾਂ ਪਾਸ ਰਹਿੰਦੇ ਹੋਏ ਟੁਰੇ ਚਲਾਂਗੇ। ਸ. ਈਸ਼ਰ ਸਿੰਘ ਹੋਰਾਂ ਕਿਹਾ ਕਿ ਜਿੰਨਾ ਚਿਰ ਤੁਹਾਨੂੰ ਸਤਿਗੁਰੂ ਜੀ ਨਾ ਸੱਦਣ ਤੁਸੀਂ ਮੇਰੇ ਪਾਸ ਹੀ ਟਿਕੋ। ਤੁਹਾਨੂੰ ਲੰਗਰ ਅਤੇ ਘੋੜਿਆਂ ਨੂੰ ਪੱਠਾ ਦੱਥਾ ਮਿਲੇਗਾ।

ਦੋ ਮਹੀਨੇ ਸਾਨੂੰ ਦੋਹਾਂ ਨੂੰ ਘਰ ਛੱਡ ਕੇ ਸਰਦਾਰ ਹੋਰੀਂ ਚਲੇ ਗਏ। ਉਹਨਾਂ ਦੇ ਘਰ ਦੋ ਜੁਆਨ ਪਤਨੀਆਂ ਅਤੇ ਤਿੰਨ ਜੁਆਨ ਧੀਆਂ ਸਨ। ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਸ ਦੀ ਕ੍ਰਿਪਾ ਸਦਕਾ ਕਬੀਰ ਹੋਰਾਂ ਜਿੰਨਾ ਹੌਂਸਲਾ, ਸ. ਈਸ਼ਰ ਸਿੰਘ ਹੋਰਾਂ ਨੂੰ ਮਿਲਿਆ ਅਤੇ ਸਾਡੇ ਤੇ ਵੀ ਉਹਨਾਂ ਦੀ ਐਸੀ ਕ੍ਰਿਪਾ ਸੀ

ਕਿ ਅਸੀਂ ਵੀ ਵਾਰਿਸ ਸ਼ਾਹ ਦੇ ਉਹਨਾਂ ਸ਼ਬਦਾਂ ਤੇ ਖਰਾ ਉਤਰ ਕੇ ਵਿਖਾ ਦਿਤਾ:

"ਵੱਡੀ ਮਾਉਂ ਬਰਾਬਰ ਜਾਨਣੀ ਹੈ
ਅਤੇ ਭੈਣ ਬਰਾਬਰ ਛੋਟੜੀ ਨੂੰ।"

ਤੰਬੋਲੀ ਦਿਆਂ ਖੂਹਾਂ ਤੋਂ ਚੱਲ ਕੇ ਦੌਰਾ ਕਰਦਿਆਂ ਹੋਇਆਂ ਸਤਿਗੁਰੂ ਜੀ ਨੇ ਸਾਨੂੰ ਖ਼ਾਨਪੁਰ ਆਣ ਦਰਸ਼ਨ ਦਿਤੇ। ਘੋੜੇ ਚੰਗੇ ਸਾਂਭੇ ਹੋਏ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਪੁਰਾਤਨ ਸਤਿਗੁਰੂਆਂ ਵਾਂਗ ਆਪ ਵੀ ਘੋੜਿਆਂ ਦੀ ਸੇਵਾ ਕਰਨ ਵਾਲੇ ਸਿੱਖਾਂ ਨੂੰ, ਬਹੁਤ ਖ਼ੁਸ਼ੀਆਂ ਦੇ ਭੰਡਾਰ ਬਖ਼ਸ਼ਦੇ ਸਨ। ਉਹਨਾਂ ਨੇ ਮਾੜੇ ਮਾੜੇ ਜੱਟਾਂ ਦੇ ਪੁੱਤਰਾਂ ਨੂੰ, ਗੁਰੂ ਕੇ ਘੋੜੇ ਸਾਂਭਣ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਸਰਦਾਰੀਆਂ ਬਖਸ਼ ਦਿਤੀਆਂ ਸਨ। ਇਕ ਦੂੰਹ ਨੂੰ ਨਹੀਂ, ਅਨੇਕਾਂ ਨੂੰ।

**ਹੋਲਾ ਚੂਹੇ ਝਾੜ 1974 ਬਿਕ੍ਰਮੀ**

ਹੁਣ ਸਤਿਗੁਰੂ ਜੀ ਨੇ ਮੈਨੂੰ ਹੁਕਮ ਕੀਤਾ ਕਿ ਚੂਹੇ ਝਾੜ (ਜ਼ਿਲ੍ਹਾ ਸੇਖੂਪੁਰਾ) ਵਿਚ ਹੋਲਾ ਮਹੱਲਾ ਮਨਾਉਣਾ ਹੈ। ਤੂੰ ਹੋਲੇ ਤੋਂ ਦਸ ਦਿਨ ਅਗੇਤਾ ਹੀ ਘੋੜੇ ਲੈ ਕੇ ਉਥੇ ਪੁੱਜ ਜਾ। ਇੱਥੋਂ ਤਿਆਰ ਹੋ ਕੇ ਖਾਨਪੁਰੋਂ ਮੈਂ ਅਗਲੇ ਦਿਨ ਰੱਤੇ ਚੋਏ ਪੁੱਜ ਗਿਆ। ਵਾਹ ਗੁਰੂਆ ਤੇਰੀ ਬਿਅੰਤਤਾ। ਕਿਤੇ ਤਾਂ ਜ਼ੈਲਦਾਰ ਸਾਉਣ ਸਿੰਘ ਮਸਾਂ ਵਰ੍ਹਾ ਪਹਿਲਾਂ ਹੋਲਾ ਕਰਾਉਂਦਾ ਹੈ ਰੱਤੇ ਚੋਏ ਅਤੇ ਕਿੱਥੇ ਹੁਣ ਉਹੋ ਜ਼ੈਲਦਾਰ ਤੁਹਾਡੇ ਵੱਲੋਂ ਤਨਖਾਹੀਆ ਕਰਾਰ ਦੇ ਦਿਤਾ ਜਾਂਦਾ ਹੈ। ਕਿਉਂਕਿ ਪੁੱਤਰ ਦੀ ਸਿੱਕ ਵਿਚ ਜ਼ੈਲਦਾਰ ਸਾਉਣ ਸਿੰਘ ਨੇ ਦੂਜਾ ਵਿਆਹ ਕਰਵਾਇਆ ਸੀ। ਦਾੜ੍ਹੇ ਨੂੰ ਕਲਫ਼ ਲਾ ਕੇ ਰੰਗਣ ਦੀ ਮਨਮਤ ਕਰਨ ਤੇ ਸਤਿਗੁਰੂ ਜੀ ਨੇ ਇਸਨੂੰ ਤਨਖ਼ਾਹੀਆ ਐਲਾਨ ਕਰਵਾ ਦਿਤਾ ਸੀ। ਤਨਖ਼ਾਹੀਆ ਹੋਇਆ ਸੁਣ ਕੇ ਅਸੀਂ ਜ਼ੈਲਦਾਰ ਦੇ ਬੂਹੇ ਅੱਗਿਉਂ ਗਲੀਏ ਗਲੀ ਲੰਘੇ ਜਾ ਰਹੇ ਸਾਂ। ਅਗਲੇ ਪਾਸਿਓਂ ਆਉਂਦੀ ਹੋਈ ਉਹਨਾਂ ਦੀ ਵੱਡੀ ਲੜਕੀ ਬੀਬੀ ਪ੍ਰਤਾਪ ਮਿਲ ਪਈ। ਸਤਿ ਸ੍ਰੀ ਅਕਾਲ ਬੁਲਾਉਣ ਉਪਰੰਤ ਉਹਨਾਂ ਘਰ ਛੱਡ ਕੇ ਲੰਘੇ ਜਾਣ ਦਾ ਕਾਰਨ ਪੁੱਛਿਆ। ਅਸੀਂ ਜ਼ੈਲਦਾਰ ਹੋਰਾਂ ਦੇ ਤਨਖਾਹੀਏ ਹੋਣ ਵਾਲੀ ਗੱਲ ਦੱਸੀ। ਉਹਨਾਂ ਕਿਹਾ ਕਿ ਭਾਵੇਂ ਅਸੀਂ ਤਨਖ਼ਾਹੀਏ ਹਾਂ ਇਹ ਘਰ ਤਾਂ ਗੁਰੂ ਕੀ ਸਾਧ ਸੰਗਤ ਦਾ ਹੈ, ਤੁਹਾਡਾ ਹੈ। ਤੁਸੀਂ ਘੋੜਿਆਂ ਨੂੰ ਪੱਠਾ ਦਾਣਾ ਪਾਓ। ਲੰਗਰ ਤਿਆਰ ਕਰੋ। ਅਸੀਂ ਸਾਰਾ ਪਰਿਵਾਰ ਚੂਹੇਝਾੜ ਦੇ ਹੋਲੇ 'ਤੇ ਜਾ ਕੇ ਸਤਿਗੁਰੂ ਜੀ ਤੋਂ ਬਖ਼ਸ਼ਾ ਲਵਾਂਗੇ। ਅਸੀਂ ਘੋੜੇ ਬੰਨ੍ਹ ਦਿਤੇ। ਲੰਗਰ ਪਾਣੀ ਤਿਆਰ ਕੀਤਾ। ਚਾਰ ਦਿਨ ਉੱਥੇ ਟਿਕ ਕੇ ਪੰਜਵੇਂ ਦਿਨ ਅਸੀਂ ਚੂਹੇਝਾੜ ਪੁੱਜ ਗਏ।

ਸਾਧ ਸੰਗਤ ਵੀ ਸਾਰੀ ਪਹੁੰਚ ਗਈ ਹੋਲੇ ਕਰਕੇ ਚੂਹੇ ਝਾੜ ਅਤੇ ਸਤਿਗੁਰੂ ਜੀ ਵੀ ਆਪਣੇ ਦੌਰੇ ਵਾਲੇ ਸਿੰਘਾਂ ਸਮੇਤ ਪੁੱਜ ਗਏ। ਇਹ ਹੋਲਾ ਮਹੰਤ

ਦਲ ਸਿੰਘ, ਕੰਬੋ ਸਿੰਘ ਨੇ ਕਰਵਾਇਆ ਸੀ ਜਿਹਨਾਂ ਦੀ ਉਲਾਦ, ਹੁਣ ਸਿਰਸਾ ਜ਼ਿਲਾ ਵਿਚ ਕ੍ਰਿਪਾਲ ਪੱਟੀ ਵਿਖੇ ਰਹਿੰਦੀ ਹੈ। ਹੋਲੇ ਦਾ ਰੰਗ ਬੜਾ ਬੱਝਾ। ਚੌਥੇ ਦਿਨ ਭੋਗ ਪਿਆ ਸੀ। ਚਾਰੇ ਦਿਨ ਦੀਵਾਨ ਲੱਗੇ ਸੰਤ ਭਗਤ ਸਿੰਘ ਜੀ ਦਾਤੇਵਾਲੀਏ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕੀਏ ਅਤੇ ਟਹਿਲ ਸਿੰਘ ਜੀ ਸੱਦੋਵਾਲੀਏ ਦੇ। ਗੁਰਬਾਣੀ ਦਾ ਕੀਰਤਨ ਕਰਨ ਵਾਲੇ ਸਨ : ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ ਤੇ ਕਾਲੂ ਕੇ ਰਾਗੀ, ਭਾਈ ਹਰਨਾਮ ਸਿੰਘ ਜੀ ਰਾਗੀ ਚਵਿੰਡੇ ਵਾਲੇ, ਇਹਨਾਂ ਦੇ ਨਾਲ ਗਣੇਸ਼ਾ ਸਿੰਘ, ਮੰਗਲ ਸਿੰਘ ਤੇ ਪ੍ਰਤਾਪ ਸਿੰਘ ਸੀ। ਤੀਜਾ ਜਥਾ ਪ੍ਰਤਾਪ ਸਿੰਘ (ਸੰਤ ਲਾਲ ਸਿੰਘ ਭੂਰੇਗਿੱਲੀਏ ਦੇ ਸਪੁੱਤਰ) ਅਤੇ ਨੱਥਾ ਸਿੰਘ ਦਾ ਸੀ। ਜੈ ਸਿੰਘ ਮੌਲੀ ਦਾ ਜਥਾ, ਇਹ ਤਾਊਸ ਵਜਾਉਂਦਾ ਸੀ। ਸ਼ਾਮ ਨੂੰ ਢਾਡੀਆਂ ਦੀਆਂ ਵਾਰਾਂ ਸੁਣਾਉਂਦੇ, ਭਾਈ ਲਾਭ ਸਿੰਘ ਜੀ ਢਾਡੀ। ਸੰਤ ਫਤਹਿ ਸਿੰਘ ਮੰਗਈ, ਸੰਤ ਆਲਾ ਸਿੰਘ ਜੀ ਵਰਨ, ਸੰਤ ਬੰਤਾ ਸਿੰਘ ਜੀ ਬੂੜੇ ਡੱਲਾ ਅਤੇ ਲੋਪੋ ਕੇ ਵਾਲੇ ਜਥੇਦਾਰ ਨੱਥਾ ਸਿੰਘ ਹੋਰਾਂ ਵੀ ਇਸ ਹੋਲੇ ਤੇ ਹੱਲੇ ਦੇ ਦੀਵਾਨ ਲਾਏ ਸਨ। ਸਾਰੀ ਸਾਰੀ ਰਾਤ ਢੋਲਕੀ ਛੈਣੇ ਖੜਕਦੇ ਰਹਿੰਦੇ ਸਨ। ਸੰਗਤਾਂ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਰੰਗ ਮਾਣਦੇ ਰਹਿੰਦੇ। ਹੋਰ ਅਨੇਕਾਂ ਜਥੇਦਾਰ ਸਨ ਪਹੁੰਚੇ ਹੋਏ ਜਿਹਨਾਂ ਦੇ ਨਾਮ ਹੁਣ ਚੇਤੇ ਵਿਚੋਂ ਵਿਸਰ ਗਏ ਹਨ।

**ਭਾਈ ਵਜ਼ੀਰ ਸਿੰਘ ਤੇ ਭਾਣਾ ਵਰਤਿਆ**

ਭਾਈ ਗੁਰਦਾਸ ਜਿਹੇ ਪੂਰਨ ਗੁਰਸਿੱਖਾਂ 'ਤੇ ਵੀ ਭਾਣਾ ਵਰਤ ਗਿਆ ਸੀ ਜੋ ਬਾਣੀ ਦੇ ਲਿਖਾਰੀ ਅਤੇ ਵਿਆਖਿਆਕਾਰ ਸਨ। ਹੰਕਾਰ ਨੇ ਮੱਥਾ ਖ਼ਰਾਬ ਕਰ ਦਿਤਾ ਸੀ ਜਦੋਂ ਮੈਂ ਆ ਜਾਂਦੀ ਹੈ। ਭਾਈ ਜੀ ਵੀ ਸਤਿਗੁਰੂ ਜੀ ਦੇ ਗੜਵਈ ਅਤੇ ਬੜੇ ਨਿਕਟਵਰਤੀ ਸਨ। ਤਕਰੀਬਨ ਪੰਜਾਹ ਵਰ੍ਹੇ ਸਤਿਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਬਚਨ ਮੰਨਿਆਂ ਅਤੇ ਘਰ ਵੱਲ ਬਿਨਾਂ ਵੇਖਿਆ ਸੇਵਾ ਕੀਤੀ। ਜਦੋਂ ਇਕ ਵੇਰ ਆ ਗਏ ਫਿਰ ਮੂੰਹ ਨਹੀਂ ਕੀਤਾ ਘਰ ਪਰਿਵਾਰ ਵਲ। ਸਤਿਗੁਰੂ ਜੀ ਦੀ ਰਜ਼ਾ ਨੂੰ ਸਮਝਣ ਵਾਲੇ ਮੰਨੇ ਗਏ ਹਨ। ਨਾਮਧਾਰੀ ਪੰਥ ਵਿਚ ਇਹਨਾਂ ਦਾ ਦਰਜਾ ਬੜਾ ਉਚਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਉਹਲਾ ਕਰਨ ਬਾਦ, ਪੰਥ ਵਲੋਂ ਪੇਸ਼ ਕੀਤੀ ਗਈ ਦਸਤਾਰ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਹਨਾਂ ਹੀ ਭੇਟਾ ਕੀਤੀ ਸੀ। ਪਰ ਸੂਖਮ ਹੰਕਾਰ ਵੀ ਕਈ ਵੇਰ ਖੁਆਰੀ ਦਾ ਕਾਰਨ ਬਣਦਾ ਹੈ। ਕਿਸੇ ਗੱਲੋਂ ਸਤਿਗੁਰੂ ਜੀ ਨਾਲ ਵਿੱਟਰ ਕੇ ਭਾਈ ਹੋਰੀਂ ਚੂਹੇੜਾੜ ਦੇ ਹੋਲੇ ਸਮੇਂ ਰੁੱਸ ਕੇ ਬਾਹਰ ਖੇਤਾਂ ਵਿਚ ਚਲੇ ਜਾਂਦੇ। ਅਸਾਂ ਇਹਨਾਂ ਨੂੰ ਲੱਭ ਕੇ ਲਿਆਉਣਾ, ਮਿੰਨਤਾਂ ਕਰਕੇ ਅਤੇ ਅੰਨ ਜਲ ਛਕਾਉਣਾ। ਉਹਨਾਂ ਨੂੰ ਸਮਝਾਉਣ ਬੁਝਾਉਣ ਲਈ ਸੰਤ ਆਲਾ ਸਿੰਘ ਜੀ ਵਰਨ ਵੀ, ਬਾਹਰ ਜਿੱਥੇ ਬੈਠੇ ਸਨ ਭਾਈ ਹੋਰੀਂ, ਚਲੇ

ਗਏ। ਭਾਈ ਜੀ ਨੇ ਬਚਨ ਕਰਦਿਆਂ ਆਲਾ ਸਿੰਘ ਹੋਰਾਂ ਨੂੰ ਕਿਹਾ ਕਿ ਮੈਂ ਤੁਹਾਨੂੰ ਸੰਤ ਜਾਣਦਾ ਹਾਂ। ਸੰਤ ਕਹਿਣ ਲੱਗੇ ਜੇ ਮੈਨੂੰ ਸੰਤ ਜਾਣਦਾ ਹੈਂ ਤਾਂ ਮੇਰਾ ਬਚਨ ਮੰਨ। ਭਾਈ ਵਜ਼ੀਰ ਸਿੰਘ ਹੋਰਾਂ ਸਤਿ ਬਚਨ ਕਿਹਾ।

ਉਸੇ ਰਾਤ ਹੀ ਸਤਿਗੁਰੂ ਜੀ ਨੇ ਭਾਈ ਹੋਰਾਂ ਤੇ ਕ੍ਰਿਪਾ ਕਰ ਦਿਤੀ। ਮੈਨੂੰ ਭਾਈ ਜੀ ਨੂੰ ਬੁਲਾਉਣ ਲਈ ਭੇਜਿਆ। ਮੈਂ ਉਹਨਾਂ ਨੂੰ ਲੈ ਕੇ ਹਾਜ਼ਰ ਹੋਇਆ। ਸਤਿਗੁਰੂ ਦੇ ਅੱਗੇ ਸਿੱਖ ਦਾ ਕੋਈ ਜ਼ੋਰ ਨਹੀਂ ਹੁੰਦਾ, ਸਿੱਖ ਸਮਝ ਲੈਂਦਾ ਹੈ ਕਿ ਹੁਣ ਮੇਰੇ ਵੱਸ ਹੋ ਗਿਆ ਪਰ ਪ੍ਰਮੇਸ਼ਰ ਕਿਸਦੇ ਵੱਸ ਹੁੰਦਾ ਹੈ। ਸਤਿਗੁਰੂ ਜੀ ਨੇ ਫੁਰਮਾਇਆ, "ਵਜ਼ੀਰ ਸਿੰਘ! ਮੇਰੇ ਕੋਲ ਰਹਿ ਕੇ ਤਾਂ ਮੇਰਾ ਹੁਕਮ ਮੰਨਣਾ ਪਵੇਗਾ। ਸਿੱਖ ਨੂੰ ਸੁਰਤ ਆ ਗਈ ਸੀ। ਭਾਈ ਗੁਰਦਾਸ ਦੀ ਤਰ੍ਹਾਂ ਉਹਨਾਂ ਦੀਆਂ ਵੀ ਅੱਖਾਂ ਖੁੱਲ੍ਹ ਗਈਆਂ ਸਨ। ਸੋ ਭਾਈ ਹੋਰਾਂ ਹੱਥ ਜੋੜ ਕੇ ਕਿਹਾ, "ਸੱਚੇ ਪਾਤਸ਼ਾਹ, ਜਿਵੇਂ ਤੇਰੀ ਰਜ਼ਾ, ਸੋ ਕਰੋ। ਮੈਨੂੰ ਜੋ ਹੁਕਮ ਦਿਓਗੇ, ਮੈਂ ਖਿੜੇ ਮੱਥੇ ਮੰਨਾਂਗਾ।"

ਹੋਲੇ ਦੇ ਭੋਗ ਤੋਂ ਬਾਦ ਸਤਿਗੁਰੂ ਜੀ ਦੌਰਾ ਇਥੋਂ ਤੋਰਿਆ। ਮਾਨਾਂ ਵਾਲੇ, ਬਾਹੜੀਆਂ ਵਾਲੇ ਆਦਿ ਥਾਵਾਂ ਤੋਂ ਲੰਘਦੇ, ਲਾਹੌਰ ਦੇ ਇਲਾਕੇ ਦੀਆਂ ਸੰਗਤਾ ਨੂੰ ਤਾਰਦੇ, ਨਾਰਲੀ ਤੋਂ ਹੁੰਦੇ ਹੋਏ ਵੈਸਾਖੀ ਸਮੇਂ ਸ੍ਰੀ ਅੰਮ੍ਰਿਤਸਰ ਜਾ ਦਰਸ਼ਨ ਦਿਤੇ। ਮੈਂ ਅਤੇ ਸਰਧਾ ਸਿੰਘ ਮਜ਼੍ਹਬੀ ਦੋਵੇਂ ਘੋੜੇ ਲੈਕੇ ਵੀ ਪੜਾਓ ਪੜਾਈ ਸ੍ਰੀ ਅੰਮ੍ਰਿਤਸਰ ਪੁਜ ਗਏ ਸਾਂ। ਵਿਸਾਖੀ ਦੇ ਮੇਲੇ ਦਾ ਭੋਗ ਪਾ ਕੇ ਹਜ਼ੂਰ ਨੇ ਝੌਂਰਾਂ ਵਾਲੇ ਚੁਗਾਵੇਂ (ਅੰਮ੍ਰਿਤਸਰ) ਵਿਖੇ ਇਕ ਲੰਗਰ ਕੀਤਾ। ਇੱਥੋਂ ਆਪ ਗੱਡੀ ਤੇ ਸਵਾਰ ਹੋ ਕੇ ਸ੍ਰੀ ਭੈਣੀ ਸਾਹਿਬ ਪੁੱਜ ਗਏ। ਜਿਹੜੇ ਹੁਕਮ ਸਤਿਗੁਰੂ ਜੀ ਨੇ ਰਾਤ ਮੈਨੂੰ ਕੀਤੇ ਸੀ, ਮੈਂ ਉਹ ਸੁਣ ਨਾ ਸਕਿਆ ਨੀਂਦ ਦੀ ਘੂਕੀ ਵਿਚ ਤੇ ਸੁੱਤਾ ਹੀ ਰਿਹਾ। ਜੋ ਦੁੱਧ ਮੈਨੂੰ ਛਕਣ ਲਈ ਦਿਤਾ ਉਹ ਵੀ ਕੋਲ ਹੀ ਪਿਆ ਰਿਹਾ। ਸਵੇਰੇ ਮੈਂ ਅਰਜ਼ ਕੀਤੀ ਤਾਂ ਕਹਿਣ ਲੱਗੇ ਕਿ ਤੈਨੂੰ ਹੁਣ ਅਸੀਂ ਕੁਝ ਨਹੀਂ ਦੱਸਣਾ। ਜਿਧਰ ਤੇਰੀ ਮਰਜ਼ੀ ਹੈ ਜਾਹ। ਅਸੀਂ ਉਥੋਂ ਸੋਚ ਕੇ ਕਮਰਕੱਸੇ ਕਰਕੇ, ਘੋੜੇ ਦੋਵੇਂ ਲੈ ਕੇ ਕਰਤਾਰਪੁਰ ਆ ਗਏ। ਕਰਤਾਰਪੁਰ ਤੋਂ ਜਲੰਧਰ ਚਲੇ ਗਏ ਅਤੇ ਇੱਥੋਂ ਲਖਣਪੁਰ ਥਾਣੀਂ ਸੰਧਵੀਂ, ਰਤਨ ਸਿੰਘ ਕੂਕੇ ਪਾਸ ਪੁੱਜ ਗਏ। ਇੱਥੋਂ ਦੂਜੇ ਸਿੰਘ ਤਾਂ ਘੋੜੇ ਅਤੇ ਊਠਾਂ ਸਮੇਤ ਵਜੀਦ ਪਿੰਡ ਵਿਖੇ ਪਹੁੰਚੇ ਅਤੇ ਉਥੋਂ ਸ੍ਰੀ ਭੈਣੀ ਸਾਹਿਬ।

**ਭਾਈ ਲੱਖਾ ਸਿੰਘ ਬਹਿੜਵਾਲ:**

ਮੈਂ ਇੰਦਰ ਸਿੰਘ ਦਰਜੀ ਨਾਲ ਤਿੰਨ ਘੋੜੀਆਂ ਲੈ ਕੇ ਦੁਰਗਾਪੁਰ ਜਾਣਾ ਸੀ। ਮੈਨੂੰ ਰਤਨ ਸਿੰਘ ਕੂਕੇ ਨੇ ਦੱਸਿਆ ਕਿ ਬਹਿੜਵਾਲ ਇਕ ਲੱਖਾ ਸਿੰਘ ਨਾਮੇ ਨਾਮਧਾਰੀ ਸਿੰਘ ਰਹਿੰਦਾ ਹੈ। ਉਸ ਤੇ ਬਾਗੀਆਨਾ ਵਿਚਾਰਾਂ ਦੀਆਂ ਰਿਪੋਰਟਾਂ ਕਰਕੇ ਇਕ ਜ਼ੈਲਦਾਰ ਨੇ, ਉਸਨੂੰ ਆਪਣੇ ਪਿੰਡ ਵਿਚ ਹੀ ਨਜ਼ਰਬੰਦ ਕਰਵਾਇਆ

ਹੈ। ਇਹ ਪਹਿਲੇ ਜਰਮਨ ਜੰਗ ਦਾ ਸਮਾਂ ਸੀ। ਗਦਰ ਪਾਰਟੀ ਦੇ ਬਹੁਤ ਸਾਰੇ ਸੂਰਮੇ ਕਰਤਾਰ ਸਿੰਘ ਸਰਾਭੇ ਵਰਗੇ ਫਾਹੇ ਲਗ ਚੁੱਕੇ ਸਨ ਅਤੇ ਬਾਬਾ ਸੋਹਣ ਸਿੰਘ ਭਕਨਾ ਅਤੇ ਹੋਰ ਬਹੁਤ ਸਾਰੇ ਕਾਲੇਪਾਣੀ ਭੇਜੇ ਜਾ ਚੁੱਕੇ ਸਨ। ਅੰਗ੍ਰੇਜ਼ ਦੇ ਵਿਰੁੱਧ ਕੋਈ ਉਭਾਸਰਦਾ ਨਹੀਂ ਸੀ। ਮਾੜੀ ਜਿਹੀ ਗੱਲ ਤੇ ਹੀ ਸਖ਼ਤ ਸਜ਼ਾਵਾਂ ਦਿਤੀਆਂ ਜਾਂਦੀਆਂ। ਉਪਰੋਕਤ ਜ਼ੈਲਦਾਰ ਵੀ ਸਰਕਾਰ ਦਾ ਅਜਿਹਾ ਝੋਲੀਚੁੱਕ ਸੀ ਕਿ ਜੋ ਸਿੰਘ ਵੀ ਲੱਖਾ ਸਿੰਘ ਨੂੰ ਮਿਲਣ ਉਸਦੇ ਪਿੰਡ ਜਾਂਦਾ, ਉਸਨੂੰ ਵੀ ਝੂਠ ਸੱਚ ਬੋਲ ਕੇ ਕੈਦ ਕਰਵਾ ਦਿੰਦਾ ਸੀ, ਮੈਂ ਸੋਚਿਆ ਕਿ ਐਸੇ ਸਿੰਘ ਦੇ ਦਰਸ਼ਨ ਜ਼ਰੂਰ ਕਰਨੇ ਹਨ ਭਾਵੇਂ ਕੈਦ ਵੀ ਕਿਉਂ ਨਾ ਹੋ ਜਾਏ। ਅਸੀਂ ਲੱਖਾ ਸਿੰਘ ਹੋਰਾਂ ਦੇ ਘਰ ਚਲੇ ਗਏ। ਸਿੰਘ ਬਾਗੋ ਬਾਗ ਹੋ ਗਿਆ। ਕਹਿਣ ਲੱਗਾ, “ਬੜਾ ਚਿਰ ਹੋ ਗਿਆ ਸੀ ਸਿੰਘਾਂ ਦੇ ਦਰਸ਼ਨ ਕੀਤਿਆਂ ਨੂੰ। ਸਿੰਘ ਦਾ ਦਰਸ਼ਨ ਕੀਤਿਆਂ ਨਾ ਤਾਂ ਸਾਨੂੰ ਕੋਈ ਭੈ ਰਿਹਾ ਕਿ ਸਰਕਾਰੀ ਚਾਟੜੇ ਕੀ ਕਹਿਣਗੇ ਅਤੇ ਨਾ ਹੀ ਸਾਨੂੰ ਮਿਲ ਕੇ ਉਹਨਾਂ ਨੂੰ ਕੋਈ ਭੈ ਆਇਆ ਕਿ ਉਹਨਾਂ ’ਤੇ ਸਖਤੀ ਵਧ ਨਾ ਜਾਵੇ। ਸਿੰਘ ਕਹਿਣ ਲੱਗਾ ਕਿ ਤੁਹਾਨੂੰ ਪ੍ਰਸ਼ਾਦ ਛਕੇ ਬਿਨਾਂ ਨਹੀਂ ਜਾਣ ਦੇਣਾ, ਭਾਵੇਂ ਮੈਨੂੰ ਫਾਂਸੀ ਕਿਉਂ ਨਾ ਲੱਗ ਜਾਏ। ਤੁਸੀਂ ਲੰਗਰ ਤਿਆਰ ਕਰੋ। ਅਸੀਂ ਲੱਖਾ ਸਿੰਘ ਹੋਰਾਂ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰਿਆਂ ਦੇ ਬਚਨ ਬਲਾਸ ਕਰਨ ਲਗ ਪਏ। ਇਸ ਸਿੰਘ ਦੇ ਦਰਸ਼ਨ ਪਿਛੋਂ ਸਾਡੇ ਮਨ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਉਹ ਬਚਨ ਆ ਗਿਆ ਜਿਹੜਾ ਉਹਨਾਂ ਅੰਗ੍ਰੇਜ਼ਾਂ ਨੂੰ ਆਖਿਆ ਸੀ, “ਬਿੱਲਿਆ ਤੂੰ ਇਕ ਰਾਮ ਸਿੰਘ ਨੂੰ ਰੋਨਾਂ ਏਂ ਕਿ ਇਹਨੇ ਸਾਡੇ ਰਾਜ ਵਿਰੁੱਧ ਭੜਥੂ ਪੁਆ ਦਿਤਾ ਹੈ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।”

ਪਿੰਡ ਦੀ ਹੱਦ ਤੱਕ ਭਾਈ ਲੱਖਾ ਸਿੰਘ ਸਾਨੂੰ ਬੇਖੌਫ਼ ਹੋ ਕੇ ਵਿਦਾਅ ਕਰਨ ਵਾਸਤੇ ਆਇਆ। ਹੁਣ ਅਸੀਂ ਇੱਥੋਂ ਦੁਰਗਾਪੁਰ ਨੂੰ ਚਾਲੇ ਮਾਰ ਦਿਤੇ।

**ਬਾਬਾ ਵਸਾਵਾ ਸਿੰਘ ਮਹੰਤ ਦੁਰਗਾਪੁਰ**

ਦੁਰਗਾਪੁਰ ਦੇ ਨਾਮਧਾਰੀ ਗੁਰਦੁਆਰੇ ਦਾ ਮਹੰਤ ਬਾਬਾ ਵਸਾਵਾ ਸਿੰਘ ਹੁੰਦਾ ਸੀ। ਇਹ ਵੀ ਜਲੰਧਰ ਜ਼ਿਲ੍ਹੇ ਵਿਚ ਸੀ ਅਤੇ ਦੁਆਬੇ ਦਾ ਪ੍ਰਸਿੱਧ ਪਿੰਡ ਸੀ। ਕੂਕਿਆਂ ਦਾ ਪੁਰਾਣਾ ਗੜ੍ਹ ਸੀ। ਇਹ ਨਵਾਂ ਸ਼ਹਿਰ ਤੋਂ ਇਕ ਮੀਲ ਦੀ ਵਿੱਥ ’ਤੇ ਹੈ। ਅਸੀਂ ਉੱਥੇ ਪੰਜ ਦਿਨ ਰਹਿਣਾ ਸੀ। ਜਦ ਤਿੰਨ ਦਿਨ ਹੋ ਗਏ ਤਾਂ ਬਾਬੇ ਹੋਰਾਂ ਦੀ ਜ਼ਾਹਰੀ ਕਰਾਮਾਤ ਵੇਖੀ। ਉਨ੍ਹਾਂ ਮੈਨੂੰ ਹੁਕਮ ਕੀਤਾ ਕਿ ਭਾਈ ਤੇਰੇ ਸਾਥੀ ਤਾਂ ਅਗਾਂਹ ਲੰਘ ਗਏ ਹਨ। ਪਰ ਤੂੰ ਇਸ ਗੱਲ ਤੋਂ ਤਾਂ ਡਰੀ ਨਾ ਕਿ ਘੋੜੀਆਂ ਨੂੰ ਦਾਣਾ ਪੱਠਾ ਪਾਉਣਾ ਹੈ। ਇਸ ਦਾ ਕੋਈ ਘਾਟਾ ਨਹੀਂ। ਪਰ ਸਾਨੂੰ ਦਰਗਾਹੀ ਹੁਕਮ ਆਇਆ ਹੈ ਕਿ ਤੇਰੇ ਨਾਲ ਦੇ ਅੱਗੇ ਲੰਘ ਗਏ ਹਨ। ਮੈਂ ਅਨਜਾਣ ਮੱਤ

ਕਾਰਨ ਉਹਨਾਂ ਦਾ ਹੁਕਮ ਤਾਂ ਨਾ ਮੰਨਿਆ ਅਤੇ ਕਿਹਾ ਕਿ ਬਾਬਾ ਜੀ ਮੈਂ ਤਾਂ ਪੂਰੇ ਪੰਜ ਦਿਨ ਰਹਿਣਾ ਹੈ। ਛੇਵੇਂ ਦਿਨ ਜਾਵਾਂਗਾ। ਉਨ੍ਹਾਂ ਆਖਿਆ ਕਿ ਚੰਗਾ ਭਾਈ ਤੈਨੂੰ ਜਿਵੇਂ ਗੁਬਿੰਦ ਜਣਾਉਂਦਾ ਹੈ ਉਵੇਂ ਹੀ ਕਰ। ਅੰਮ੍ਰਿਤਸਰ ਅਤੇ ਭੈਣੀ ਸਾਹਿਬ ਦੇ ਸਾਡੇ ਗੁਰਦੁਆਰਿਆਂ ਜਿਉਂ ਇਥੇ ਵੀ ਇਕ ਸਿਪਾਹੀ ਨਵਾਂ ਸ਼ਹਿਰ ਥਾਣਿਉਂ ਸੁਬ੍ਹਾ ਸ਼ਾਮ ਹਰ ਆਏ ਗਏ ਕੂਕੇ ਦੀ ਹਾਜ਼ਰੀ ਲੈ ਕੇ ਜਾਂਦਾ ਸੀ। ਮੈਨੂੰ ਰੋਜ਼ ਉਹ ਸਿਪਾਹੀ ਆਖੇ ਕਿ ਤੂੰ ਕਦੋਂ ਭੈਣੀ ਸਾਹਿਬ ਜਾਣਾ ਹੈ। ਮੈਂ ਆਖਿਆ ਕਿ ਛੇਵੇਂ ਦਿਨ ਜਾਵਾਂਗਾ। ਜਦੋਂ ਪੰਜਵਾਂ ਦਿਨ ਹੋਇਆ ਤਾਂ ਮੈਂ ਦਸ ਮੀਲ ਤੱਕ ਜਾ ਕੇ ਪਹਾੜ ਦਾ ਰਸਤਾ ਵੇਖ ਆਇਆ।

ਛੇਵੇਂ ਦਿਨ ਮੈਂ ਤੇ ਮੇਰਾ ਸਾਥੀ ਤੜਕੇ ਤਿੰਨੇ ਘੋੜੀਆਂ ਸਣੇ ਚੱਲ ਪਏ ਅਤੇ ਜਿੱਥੋਂ ਤੱਕ ਰਾਹ ਵੇਖਿਆ ਸੀ, ਸੂਰਜ ਦੇ ਚੜ੍ਹਾਅ ਨਾਲ ਉਥੇ ਪੁੱਜ ਗਏ। ਫਿਰ ਅਸੀਂ 'ਸੂਹ' ਨਾਲ ਅੱਗੇ ਤੁਰੇ ਗਏ। ਜਾਂਦੇ ਜਾਂਦੇ ਇਕ ਕੱਚੀ ਪਹਾੜੀ ਲੰਘ ਕੇ ਅਸੀਂ ਦਰਿਆ ਸਤਿਲੁਜ ਬੇੜੀ ਥਾਣੀਂ ਪਾਰ ਕੀਤਾ ਅਤੇ ਫਿਰ ਇੰਦਰਪੁਰੇ ਪੁਜ ਗਏ ਜਿੱਥੇ ਦੂਜੇ ਸਿੰਘਾਂ ਨਾਲ ਸਾਡਾ ਮੇਲ ਹੋਣਾ ਸੀ। ਇੰਦਰਪੁਰੇ ਦੇ ਇਕ ਸਿੰਘ ਨੇ ਸਾਨੂੰ ਦੱਸਿਆ ਕਿ ਤੁਹਾਡੇ ਨਾਲ ਦੇ ਸਿੰਘ ਦੋ ਦਿਨ ਹੋਇਆ ਹੈ ਅੱਗੇ ਲੰਘ ਗਏ ਹਨ। ਇੰਦਰਪੁਰੇ ਦੇ ਸੱਜੇ ਪਾਸੇ ਪਹਾੜ, ਲਾਂਹਦੇ ਬੰਨੇ ਦਰਿਆ ਸਤਿਲੁਜ ਤੇ ਦੱਖਣ ਵੱਲ ਸਰਸਾ ਨਦੀ ਹੈ। ਇੱਥੋਂ ਕੀਰਤਪੁਰ ਸਾਹਿਬ ਪੰਜ ਮੀਲ ਅਤੇ ਅਨੰਦਪੁਰ ਸਾਹਿਬ ਦਸ ਮੀਲ ਦੀ ਦੂਰੀ 'ਤੇ ਹੈ। ਸਾਖੀਆਂ ਵਿਚ ਇਸ ਨਗਰ ਬਾਰੇ ਸੁਣਿਆ ਸੀ ਅਤੇ ਅੱਜ ਇਸ ਦਾ ਭਿਆਨਕ ਦ੍ਰਿਸ਼ ਅੱਖੀਂ ਵੇਖ ਲਿਆ। ਬਾਬੇ ਹੋਰਾਂ ਦਾ ਬਚਨ ਨਾ ਮੰਨਣ ਕਰਕੇ ਹੀ ਸਾਡਾ ਦੋ ਦਿਨਾਂ ਦਾ ਦੂਜੇ ਸਿੰਘਾਂ ਨਾਲੋਂ ਫ਼ਰਕ ਪੈ ਗਿਆ।

**ਮੇਰੀ ਪਹਿਲੀ ਪਹਾੜ ਦੀ ਯਾਤਰਾ:**

ਮੇਰੇ ਨਾਲ ਦੇ ਜਿਹੜੇ ਸਿਖ ਦੋ ਸਨ ਪਹਾੜਾ ਸਿੰਘ ਅਤੇ ਵਰਿਆਮ ਸਿੰਘ ਦਾੜ੍ਹੀ ਵਰਨ (ਸ਼ੇਖੂਪੁਰਾ), ਉਹ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਪਵਿੱਤਰ ਵਸਤਾਂ, ਹੁਕਮਨਾਮੇ, ਚੋਗੇ, ਪਜਾਮੇ, ਪਊਏ ਵਗੈਰਾ ਲੈਣ ਗਏ ਸਨ, ਕਿਉਂਕਿ ਸਤਿਗੁਰੂ ਜੀ ਦਾ ਹੁਕਮ ਸੀ ਇਸ ਸਮੱਗਰੀ ਨੂੰ ਪਹਾੜਾਂ ਵਿਚ ਸੁਰੱਖਿਅਤ ਜਗ੍ਹਾ ਤੇ ਪਹੁੰਚਾਣ ਦਾ। ਜਿਸ ਊਠ 'ਤੇ ਸਮਾਨ ਲੱਦ ਕੇ ਇਹ ਦੋਵੇਂ ਸਿੰਘ ਰੋਪੜ ਪੁੱਜੇ, ਉਸ ਊਠ ਨੂੰ ਜਰਮਨ ਜੰਗ ਕਰਕੇ, ਤਸੀਲਦਾਰ ਨੇ ਰੋਕ ਲਿਆ ਅਤੇ ਕਿਹਾ ਕਿ ਸਰਕਾਰੀ ਹੁਕਮ ਹੈ ਜੋ ਵੀ ਊਠ ਏਧਰ ਮਿਲੇ ਉਸ ਨੂੰ ਫੌਜ ਨਾਲ ਰਾਸ਼ਨ ਤੇ ਗੋਲਾ ਬਾਰੂਦ ਢੋਣ ਵਾਸਤੇ ਭੇਜਣਾ ਹੈ। ਉਸੇ ਵੇਲੇ ਡੇਰਿਓਂ ਇਕ ਸਿੰਘ ਨੂੰ ਭਜਾਇਆ ਜਿਸ ਨੇ ਰੋਪੜ ਜਾ ਕੇ ਊਠ ਨੂੰ ਕਿਸੇ ਢੰਗ ਨਾਲ ਸਰਕਾਰੀ ਕਬਜ਼ੇ ਵਿਚੋਂ ਛੁਡਾ ਕੇ ਊਠ ਵਾਪਸ ਡੇਰੇ ਭੈਣੀ ਸਾਹਿਬ ਵਰਿਆਮ ਸਿੰਘ ਨਾਲ ਭੇਜ

ਦਿੱਤਾ। ਪਵਿੱਤਰ ਵਸਤਾਂ ਰੋਪੜ ਕਿਸੇ ਪਾਸ ਰੱਖੀਆਂ ਅਤੇ ਪਹਾੜਾ ਸਿੰਘ ਸੁਕੇਤ ਮੰਡੀ ਸਤਿਗੁਰੂ ਜੀ ਨੂੰ ਜਾ ਮਿਲਿਆ। ਉਦੋਂ ਸਾਡੇ ਨਾਮਧਾਰੀਆਂ ਤੇ ਇਹ ਖ਼ਾਸ ਪਾਬੰਦੀ ਸੀ ਕਿ ਉਹ ਪੁੱਛੇ ਬਿਨਾਂ ਸਰਕਾਰ ਤੋਂ ਇਕ ਇਲਾਕੇ ਵਿਚੋਂ ਦੂਜੇ ਇਲਾਕੇ ਵਿਚ ਜਾ ਵੀ ਨਹੀਂ ਸਨ ਸਕਦੇ। ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਵੱਡੇ ਆਸ਼ਕ ਸਨ। ਉਹ ਇਸੇ ਲਈ ਇੱਧਰ ਆਏ ਸਨ। ਸਤਿਗੁਰਾਂ ਦਾ ਹੁਕਮ ਸੀ ਕਿ ਭਾਣੇ ਵੇਲੇ ਬਚਾਅ ਜਾਂ ਪਹਾੜਾਂ ਵਿਚ ਜਾਂ ਸੁਹੇਵੇ ਸਾਹਿਬ, ਰੇਗਿਸਤਾਨ ਵਿਚ ਹੋਏਗਾ। ਇਸ ਲਈ ਉਹ ਜਾਨ ਤੋਂ ਵੀ ਪਿਆਰੀਆਂ ਸਤਿਗੁਰਾਂ ਦੀਆਂ ਯਾਦਗਾਰਾਂ ਨੂੰ ਇਧਰ ਕਿਸੇ ਟਿਕਾਣੇ ਲਾਉਣਾ ਚਾਹੁੰਦੇ ਸਨ।

ਅੰਗ੍ਰੇਜ਼ ਸਰਕਾਰ ਦੀ ਸਾਡੇ ਤੇ ਅਜੇ ਕਹਿਰੀ ਅੱਖ ਹੀ ਸੀ। ਕਰੜਾਈ ਬੜੀ ਸੀ। ਇਸ ਕਾਰਨ ਅਸੀਂ ਇਕੱਠੇ ਨਾ ਹੋ ਸਕੇ ਅਤੇ ਮੈਂ ਤੇ ਇੰਦਰ ਸਿੰਘ ਇੰਦਰਪੁਰਿਉਂ ਘੋੜੀਆਂ ਲੈ ਕੇ ਤੁਰ ਪਏ। ਇੱਥੋਂ ਅਸੀਂ ਸਵਾਰ ਘਾਟ ਅਤੇ ਰਾਤ ਨੂੰ ਰਿਆਸਤ ਦੇ ਸਦਰ ਮੁਕਾਮ ਬਿਲਾਸਪੁਰ ਸ਼ਹਿਰ ਵਿਚ ਪੁੱਜ ਗਏ। ਜਦੋਂ ਅਸੀਂ ਇਥੇ ਗਏ ਤਾਂ ਸਾਡੇ ਪਾਸ ਮਾਇਆ ਤਾਂ ਕੋਈ ਸੀ ਨਹੀਂ। ਘੋੜੀਆਂ ਨੂੰ ਦਾਣਾ ਪੱਠਾ ਕਿੱਥੋਂ ਪਾਉਂਦੇ। ਇਕ ਉਮਰ ਵੀ ਅਜੇ ਛੋਟੀ ਸੀ ਮਸਾਂ 17-18 ਵਰ੍ਹਿਆਂ ਦਾ ਹੋਵਾਂਗਾ। ਬਜ਼ਾਰ ਵਿਚ ਚਲੇ ਗਏ। ਇੱਥੇ ਕੋਈ ਸਿੰਘ ਨਿਗ੍ਹਾ ਨਾ ਪਵੇ। ਬਜ਼ਾਰ ਵਿਚ ਅੱਗੇ ਇਕ ਅਕਾਲੀ ਸਿੰਘ ਬੈਠਾ ਸੀ, ਉਸ ਆਖਿਆ, "ਆਓ ਖ਼ਾਲਸਾ ਜੀ, ਕਿਵੇਂ ਆਉਣੇ ਹੋਏ?" ਅਸੀਂ ਆਪਣੀ ਸਮੱਸਿਆ ਦੱਸੀ। ਉਸ ਸਾਨੂੰ ਤਿੰਨਾਂ ਘੋੜੀਆਂ ਲਈ ਦਾਣਾ ਪੱਠਾ ਅਤੇ ਦੋਹਾਂ ਸਿੰਘ ਲਈ ਆਟਾ ਦਾਲ ਵਗੈਰਾ ਲਿਆ ਦਿਤੀ। ਅਸੀਂ ਲੰਗਰ ਪਾਣੀ ਕਰਕੇ ਤੇ ਘੋੜਿਆਂ ਨੂੰ ਪੱਠਾ ਦਾਣਾ ਪਾ ਕੇ ਬਿਰਾਜ ਗਏ। ਤੜਕੇ ਫਿਰ ਅੰਮ੍ਰਿਤ ਵੇਲੇ ਅਗਾਂਹ ਨੂੰ ਚੱਲ ਪਏ। ਸੁਕੇਤ ਪੁੱਜ ਗਏ, ਜਦੋਂ ਅਸੀਂ ਦੋ ਕੁ ਮੀਲ ਡਹਿਰ (ਸਤਿਲੁਜ ਦਾ ਪੁਲ) ਤੋਂ ਪਿੱਛੇ ਰਹਿ ਗਏ, ਉਸ ਵੇਲੇ ਉਸ ਅਕਾਲੀ ਸਿੰਘ ਨੇ ਸਿੱਧੀਆਂ ਟੇਢੀਆਂ ਡੰਡੀਆਂ ਥਾਣੀਂ ਸਾਨੂੰ ਆ ਘੇਰਿਆ। ਉਸ ਆਖਿਆ ਕਿ ਰਾਤ ਵਾਲੇ ਸਮਾਨ ਦੇ ਦੋ ਰੁਪੈ ਤੁਹਾਡੇ ਵੱਲ ਬਣਦੇ ਹਨ, ਦੇ ਦਿਉ। ਨਹੀਂ ਤਾਂ ਮੈਂ ਤੁਹਾਨੂੰ ਪੁਲੀਸ ਨੂੰ ਫੜਾ ਦਿਆਂਗਾ। ਅਸਾਂ ਉਸਦੀ ਬਹੁਤ ਮਿੰਨਤ ਕੀਤੀ ਕਿ ਸਿੰਘ ਸਾਹਿਬ ਮਾਇਆ ਸਾਡੇ ਪਾਸ ਨਹੀਂ, ਵਾਪਸੀ ਸਮੇਂ ਜ਼ਰੂਰ ਦੇ ਕੇ ਹੀ ਤੁਹਾਡੇ ਪਾਸੋਂ ਲੰਘਾਂਗੇ। ਪਰ ਉਹ ਸਿੰਘ ਮੰਨੇ ਹੀ ਨਾ। ਇਕ ਤਾਂ ਅਸੀਂ ਡਰੀਏ ਕਿ ਇਸ ਦਾ ਅੰਨ ਪਾਣੀ ਖਾਧਾ ਹੈ। ਦੂਸਰਾ ਪ੍ਰਦੇਸ ਦਾ ਮਾਮਲਾ ਅਤੇ ਤੀਸਰਾ ਉਮਰ ਬਚਪਨ ਦੀ ਸੀ। ਫਿਰ ਅਸੀਂ ਸੋਚਿਆ ਕਿ ਇਹਨੂੰ ਦਬਕਾ ਮਾਰਦੇ ਹਾਂ ਤਾਂ ਜੁ ਸਾਡਾ ਖਹਿੜਾ ਛੱਡ ਜਾਵੇ। ਜਿਸ ਵੇਲੇ ਅਸਾਂ ਦੋਹਾਂ 'ਕੱਠਿਆਂ ਕਿਹਾ ਕਿ ਸਾਬਾਸ਼ੇ ਬਈ ਹੋ ਤਕੜਾ ਹੱਲਾ ਆਇਆ ਈ। ਉਹ ਹਰਨ ਹੋ ਗਿਆ। ਅਸੀਂ ਵੀ

ਫਿਰ ਤਿੱਖੇ ਕਦਮੀਂ ਹੋ ਗਏ ਕਿਉਂ ਜੁ ਸਾਨੂੰ ਪਤਾ ਸੀ ਕਿ ਅੱਗੇ ਡਹਿਰ ਤੇ ਵੀ ਥਾਣਾ ਹੈ। ਵੇਲਾ ਵਿਚਾਰ ਲਿਆ। ਪੁਲ ਤੇ ਪਹਿਰਾ ਨਹੀਂ ਸੀ। ਅਸੀਂ ਚੁੱਪ ਚਾਪ ਲੰਘ ਗਏ। ਜਦੋਂ ਅਸੀਂ ਡਹਿਰੋਂ ਅੱਗੇ ਗਏ ਤਾਂ ਮਹਿਮਦ ਵਾਲੀਏ ਸੰਤ ਜਗਤ ਸਿੰਘ ਜੀ ਅਤੇ ਸੇਠ ਮਹਿਲ ਸਿੰਘ ਸਾਨੂੰ ਮਿਲ ਪਏ। ਅਸੀਂ ਵੀ ਈਦ ਦੇ ਚੰਦ ਵਾਂਗੂੰ ਉਹਨਾਂ ਦੇ ਦਰਸ਼ਨ ਕਰਕੇ ਖਿੜ ਗਏ। ਉਹਨਾਂ ਸਾਨੂੰ ਦੱਸਿਆ ਕਿ ਸਤਿਗੁਰੂ ਜੀ ਅੱਜ ਦਾ ਦਿਨ ਹੀ ਤੁਹਾਨੂੰ ਉਡੀਕਣਗੇ ਅਤੇ ਜੇ ਤੁਸੀਂ ਅੱਜ ਨਾ ਅੱਪੜੇ ਤਾਂ ਉਹਨਾਂ ਭਲਕੇ ਟੁਰ ਜਾਣਾ ਹੈ। ਉਹ ਦੋਵੇਂ ਸਿੰਘ ਤਾਂ ਪੰਜਾਬ ਨੂੰ ਆ ਗਏ ਅਤੇ ਅਸੀਂ ਬਾਰਾਂ ਵੱਜਦੇ ਨੂੰ ਸੁਕੇਤ ਪਹੁੰਚ ਗਏ। ਉੱਥੇ ਸਾਨੂੰ ਸਤਿਗੁਰੂ ਜੀ ਦੇ ਨਿਵਾਸ ਸਥਾਨ ਦਾ ਚੇਤਾ ਭੁੱਲ ਗਿਆ। ਉਨ੍ਹਾਂ ਪਹਾੜੀਆਂ ਦੀ ਬੋਲੀ ਵੀ ਸਾਡੀ ਸਮਝੋਂ ਦੁਰੇਡੀ ਸੀ। ਅਸੀਂ ਮਨ ਵਿਚ ਵਿਚਾਰ ਲਈ ਕਿ ਹਰਦਿਤ ਸਿੰਘ ਮਿਸਤਰੀ ਭਾਲੋਵਾਲੀ (ਗੁਰਦਾਸਪੁਰ) ਦਾ ਇਥੇ ਰਹਿੰਦਾ ਸੀ ਤੇ ਸੁਕੇਤ ਵਾਲੇ ਰਾਜੇ ਦੀ ਕਾਰ ਚਲਾਉਂਦਾ ਸੀ। ਇਹ ਸਿੰਘ ਉਸ ਭਾਈ ਵਸਾਖਾ ਸਿੰਘ ਦਾ ਪੋਤਰਾ ਸੀ ਜਿਸ ਬਾਰੇ ਬਾਰ੍ਹਵੇਂ ਸਤਿਗੁਰੂ ਜੀ ਕਿਹਾ ਕਰਦੇ ਸਨ, "ਜਿਸ ਸੌ ਸਿੰਘ ਦਾ ਦਰਸ਼ਨ ਕਰਨਾ ਹੈ ਉਹ 'ਕੱਲੇ ਵਸਾਖਾ ਸਿੰਘ ਦਾ ਹੀ ਦਰਸ਼ਨ ਕਰ ਲਵੇ।" ਅਸੀਂ ਇਕ ਸਿਪਾਹੀ ਤੋਂ ਪੁੱਛਿਆ ਕਿ ਰਾਜੇ ਦੀਆਂ ਮੋਟਰਾਂ ਦਾ ਗੈਰਾਜ ਕਿੱਥੇ ਹੈ। ਉਸ ਇਕ ਸੜਕ ਵਲ ਇਸ਼ਾਰਾ ਕੀਤਾ। ਉਧਰ ਤੁਰੇ ਤਾਂ ਅੱਗੋਂ ਮਿਸਤਰੀ ਹਰਦਿੱਤ ਸਿੰਘ ਖ਼ੁਦ ਹੀ ਆਉਂਦਾ ਮਿਲ ਗਿਆ। ਸਾਨੂੰ ਫਤੇਹ ਬੁਲਾ ਕੇ ਉਹ ਸੱਚੇ ਪਾਤਸ਼ਾਹ ਜੀ ਦੇ ਡੇਰੇ ਲੈ ਗਿਆ। ਪਾਤਸ਼ਾਹ ਅਜੇ ਪ੍ਰਸ਼ਾਦ ਪਾਣੀ ਛਕਕੇ ਹਟੇ ਹੀ ਸਨ ਅਸੀਂ ਵੀ ਜਾ ਨਿਮਸ਼ਕਾਰ ਕੀਤੀ। ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਲ ਇਸ਼ਨਾਨ ਪਾਣੀ ਕਰਕੇ ਪ੍ਰਸ਼ਾਦਾ ਪਾਣੀ ਛਕਣ ਦਾ ਹੁਕਮ ਲਾਇਆ। ਅਸੀਂ ਪ੍ਰਸ਼ਾਦ ਪਾਣੀ ਛਕ ਲਿਆ ਤਾਂ ਸਤਿਗੁਰੂ ਜੀ ਪਹਾੜਾ ਸਿੰਘ ਨੂੰ ਕਹਿਣ ਲੱਗੇ ਕਿ ਤੂੰ ਕਹਿੰਦਾ ਸੈਂ, "ਉਹ ਦੋਵੇਂ ਮੁੰਡੇ ਇੱਥੇ ਨਹੀਂ ਅੱਪੜ ਸਕਦੇ। ਆਹ ਵੇਖ ਲੈ ਆਏ ਬੈਠੇ ਨੀ, ਸ਼ੇਰਾਂ ਦੇ ਪੁੱਤ।" ਥੋਹੜੇ ਦਿਨ ਨਾਲ ਹਜ਼ੂਰ ਨੇ ਘੋੜੀਆਂ ਤੇ ਕਾਠੀਆਂ ਪਾਉਣ ਦਾ ਹੁਕਮ ਦਿਤਾ। ਰਾਤ ਮੰਡੀ ਜਾ ਰਹੇ। ਇਹ ਵੈਸਾਖ ਦਾ ਆਖ਼ਰੀ ਪੱਖ ਸੀ। ਸਤਿਗੁਰੂ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਫਿਰ ਬਾਬਾ ਬੰਦਾ ਬਹਾਦਰ ਵੀ ਇਥੇ ਆਏ ਸਨ। ਸਵੇਰੇ ਉਥੋਂ ਫਿਰ ਕਟੌਹਲੇ ਗਏ। ਸਤਿਗੁਰੂ ਜੀ ਤਾਂ ਘੋੜੀਆਂ ਲੈ ਕੇ ਅੱਗੇ ਚਲੇ ਗਏ। ਮੇਰੇ ਕੋਲ ਖੱਚਰ ਸੀ ਜਿਸ 'ਤੇ ਭਾਰ ਲੱਦਿਆ ਸੀ। ਮੈਂ ਪਿੱਛੇ ਰਹਿ ਗਿਆ। ਦੋ ਕੁ ਮੀਲ ਪਹਾੜ ਦੀ ਚੜ੍ਹਾਈ ਰਹਿ ਗਈ ਸੀ। ਅੱਗੇ ਤਸੀਲਦਾਰ ਬੈਠਾ ਸੀ। ਉਸ ਮੈਨੂੰ ਘੇਰ ਲਿਆ ਅਤੇ ਕਹਿਣ ਲੱਗਾ, "ਪ੍ਰਜਾਪਤਾ! ਸਾਡਾ ਭਾਰ ਲੱਦ ਲੈ ਖੱਚਰ ਉੱਤੇ।" ਮੈਂ ਕਿਹਾ ਕਿ ਭਾਰ ਨਹੀਂ ਲੱਦਣਾ, ਅੱਗੇ ਹੀ ਖੱਚਰ ਤੇ ਬੜਾ ਭਾਰ ਹੈ। ਉਸ ਆਖਿਆ ਮੈਂ

ਲੱਦੇ ਬਿਨਾਂ ਤੈਨੂੰ ਜਾਣ ਨਹੀਂ ਦੇਣਾ। ਮੈਂ ਵੀ ਕਟੌਹਲੇ ਜਾਣਾ ਹੈ। ਸਿੰਘ ਨੂੰ ਵੀ ਜੋਸ਼ ਆ ਗਿਆ ਤੇ ਮੈਂ ਕਿਹਾ, 'ਫਿਰ ਆ ਲਦਾ! ਸਿੰਘ ਭੇੜੇ ਲਈ ਤਿਆਰ-ਬਰ-ਤਿਆਰ ਹੈ।' ਮੈਂ ਜਦ ਉਸ ਨੂੰ ਕਿਹਾ ਕਿ ਖ਼ਬਰਦਾਰ! ਰਸਤਾ ਛੱਡ ਦੇ! ਤਾਂ ਉਹ ਪਾਸੇ ਹਟ ਗਿਆ ਤੇ ਮੈਂ ਅਗਾਂਹ ਲੰਘ ਗਿਆ। ਸਵੇਰ ਦੇ ਤੁਰੇ ਅਸੀਂ ਸ਼ਾਮ ਨੂੰ ਕਟੌਹਲੇ 18-19 ਮੀਲ ਦਾ ਪੰਧ ਮੁਕਾ ਕੇ ਅੱਪੜ ਗਏ। ਮਗਰੋਂ ਉਹੋ ਤਸੀਲਦਾਰ ਵੀ ਉਥੇ ਪਹੁੰਚ ਗਿਆ ਅਤੇ ਸਤਿਗੁਰਾਂ ਦਾ ਦਰਸ਼ਨ ਕਰਕੇ ਬੜਾ ਖ਼ੁਸ਼ ਹੋਇਆ ਤੇ ਬਚਨ ਬਿਲਾਸ ਆਪ ਨਾਲ ਕਰਨ ਲੱਗ ਪਿਆ। ਸਤਿਗੁਰੂ ਜੀ ਨੂੰ ਕਹਿਣ ਲੱਗਾ ਕਿ ਤੁਹਾਡੇ ਏਸ ਸਿੰਘ ਨੇ ਮੈਨੂੰ ਆਹ ਲਫ਼ਜ਼ ਬੋਲੇ ਨੇ ਅਤੇ ਭਾਰ ਨਹੀਂ ਲੱਦਿਆ। ਸਤਿਗੁਰੂ ਜੀ ਨੇ ਉਸ ਨੂੰ ਆਖਿਆ, "ਮੈਂ ਤਾਂ ਸ਼ੁਕਰ ਕੀਤਾ ਹੈ, ਜਿਹੜਾ ਤੈਨੂੰ ਉਸ ਨੇ ਮਾਰਿਆ ਨਹੀਂ। ਇਕ ਤਾਂ ਦੁਪਹਿਰ ਦਾ ਮੌਕਾ, ਦੂਜਾ ਪਹਾੜ ਦੀ ਚੜ੍ਹਾਈ, ਤੀਜਾ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ, ਚੌਥਾ ਜ਼ਿਲ੍ਹੇ ਸ਼ੇਖ਼ੂਪੁਰੇ ਦਾ ਵਾਸੀ ਅਤੇ ਗੋਤ ਵੀ ਵਿਰਕ, ਪੰਜਵਾਂ ਮੇਰਾ ਵੀ ਇਹਦੇ 'ਤੇ ਹੱਥ ਸੀ। ਤੇ ਤੂੰ ਜੱਟ ਸਰਦਾਰ ਨੂੰ ਪ੍ਰਜਾਪਤ ਬਣਾ ਦਿਤਾ।" ਤਸੀਲਦਾਰ ਬਚਨ ਬਲਾਸ ਸੁਣ ਕੇ ਹੱਸਦਾ ਰਿਹਾ। ਇਹ ਲੁਧਿਆਣੇ ਜ਼ਿਲ੍ਹੇ ਦਾ ਸੀ। ਅਗਲੇ ਦਿਨ ਉਸੇ ਤਸੀਲਦਾਰ ਨਾਲ ਸਤਿਗੁਰੂ ਜੀ ਬਜੌਰੇ ਚਲੇ ਗਏ ਜੋ ਕਿ ਇੱਥੋਂ 15-16 ਮੀਲ ਸੀ। ਓਦਣ ਵੀ ਮੈਂ ਕੋਈ ਚੀਜ਼ ਲੈਣ ਪਿੱਛੇ ਚਲਾ ਗਿਆ ਸਾਂ ਤੇ ਜਦੋਂ ਮੈਂ ਇਕੱਲਾ ਚੜ੍ਹਾਈ ਉਤਰ ਰਿਹਾ ਸਾਂ ਤਾਂ ਅੱਗੋਂ ਗੱਦੀਆਂ ਦਾ ਹਲਕਾ ਕੁੱਤਾ ਪੈ ਗਿਆ। ਅੱਧਾ ਕੁ ਮਿੰਟ ਉਸ ਨਾਲ ਝੜਪ ਲਈ ਤੇ ਟਕੂਆ ਖਾ ਕੇ ਕੁੱਤਾ ਰਿੜਦਾ ਹੋਇਆ ਖੱਡ ਵਿਚ ਜਾ ਪਿਆ ਤੇ ਮੈਂ ਗੁਰੂ ਦੀ ਕ੍ਰਿਪਾ ਨਾਲ ਅਗਾਂਹ ਤੁਰ ਪਿਆ ਤੇ ਬਜੌਰੇ ਜਾ ਪੁੱਜਾ। ਸਤਿਗੁਰੂ ਜੀ ਇੱਥੇ ਤਿੰਨ ਦਿਨ ਰਹੇ। ਇੱਥੋਂ ਆਪ ਘੋੜੀਆਂ ਤੇ ਕੁੱਲੂ ਦੀ ਸੈਰ ਵੀ ਕਰ ਆਏ ਅਤੇ ਅਸੀਂ ਚੌਥੇ ਦਿਨ ਫਿਰ ਕਟੌਹਲੇ ਆ ਗਏ। ਕਟੌਹਲਿਉਂ ਫਿਰ ਮੰਡੀ ਆ ਗਏ ਅਤੇ ਮੰਡੀਓਂ ਸੁਕੇਤ। ਤੇ ਫਿਰ ਬਿਲਾਸਪੁਰ ਦੇ ਰਾਜੇ ਨੂੰ ਦਰਸ਼ਨ ਦੇ ਕੇ, ਸਤਿਗੁਰੂ ਜੀ ਵਾਪਸ ਸ਼ਹਿਰ ਆ ਗਏ ਆਪਣੇ ਡੇਰੇ ਵਿਚ, ਜੋ ਕਿ ਰਾਜੇ ਦੀ ਕਚਹਿਰੀ ਵਿਚ ਹੀ ਲਾਇਆ ਸੀ ਅਤੇ ਉਹ ਰਾਜਾ ਦਰਿਆ ਸਤਿਲੁਜ ਤੋਂ ਪਾਰ ਆਪਣੀ ਕੋਠੀ ਵਿਚ ਰਹਿੰਦਾ ਸੀ। ਉਥੇ ਫਿਰ ਉਹ ਅਕਾਲੀ ਸਿੰਘ ਵੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਮੈਂ ਉਸ ਨੂੰ ਦੋ ਰੁਪਏ ਦੇਣੇ ਚਾਹੇ ਕਿ ਲੈ ਭਾਈ ਆਪਣਾ ਹਿਸਾਬ ਮੁਕਾ ਲੈ, ਪਰ ਹੁਣ ਉਸ ਬਿਲਕੁਲ ਨਾ ਲਏ।

ਸੁਕੇਤ ਆ ਕੇ ਸਤਿਗੁਰੂ ਜੀ ਨੇ ਕਿਹਾ ਕਿ ਇੰਦਰ ਸਿੰਘ ਤੂੰ ਤੇ ਗੁਰਮੁਖ ਏਥੇ ਘੋੜੇ ਲੈ ਕੇ ਰਹੋ ਤਾਂ ਮੈਂ ਕਿਹਾ ਜੀ ਸੱਤ ਬਚਨ, ਪਰ ਇੰਦਰ ਸਿੰਘ ਥੋੜ੍ਹਾ ਡੋਲ ਗਿਆ, ਬੱਚਾ ਜੁ ਸੀ। ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਜਦੋਂ ਲੁਧਿਆਣੇ

ਗਿਆਨੀ ਸਿੰਘ ਜੀ ਫਾਂਸੀ ਲੱਗਣ ਲੱਗੇ ਤਾਂ ਰਤਨ ਸਿੰਘ ਨਾਈਵਾਲੇ ਵਾਲਾ ਉਹਨਾਂ ਦਾ ਦੂਜਾ ਸਾਥੀ ਰੋ ਪਿਆ। ਗਿਆਨੀ ਜੀ ਕਹਿਣ ਲੱਗੇ, ਭਾਈ ਤੂੰ ਸਰਬਾਲ੍ਹਾ ਬਣਾਉਣ ਦੇ ਲਾਇਕ ਤਾਂ ਨਹੀਂ ਸੈਂ, ਪਰ ਹੁਣ ਬਨਾਉਣਾ ਪੈ ਰਿਹਾ ਹੈ, ਹੋਰ ਜੂ ਕੋਈ ਨਹੀਂ। ਉਵੇਂ ਹੀ ਇੰਦਰ ਸਿੰਘ ਤੂੰ ਤਾਂ ਰਤਨ ਸਿੰਘ ਹੈਂ ਅਤੇ ਗੁਰਮੁਖ ਗਿਆਨੀ ਸਿੰਘ ਹੈ। ਸੋ ਭਾਈ ਹੁਣ ਤੈਨੂੰ ਵੀ ਰੋਂਦੇ ਧੋਂਦੇ ਨੂੰ ਸਰਬਾਲ੍ਹਾ ਬਣਾਵਾਂਗੇ। ਤੁਹਾਨੂੰ ਇੱਥੇ ਨਹੀਂ ਛੱਡਾਂਗੇ।”

ਬਿਲਾਸਪੁਰੋਂ ਸਵਾਰ ਘਾਟ, ਇੰਦਰਪੁਰਾ, ਰੋਪੜ ਪੁੱਜੇ ਅਤੇ ਇੱਥੋਂ ਨਹਿਰ ਸਰਹਿੰਦ ਵਾਲੀ ਕਿਸ਼ਤੀ ਵਿਚ ਬੈਠ ਕੇ ਸਤਿਗੁਰੂ ਜੀ ਤਾਂ ਨਹਿਰ ਵਾਲੇ ਡੇਰੇ ਚਲੇ ਗਏ। ਮੈਂ ਤੇ ਇੰਦਰ ਸਿੰਘ ਅਗਲੇ ਦਿਨ ਉਥੇ ਡੇਰੇ ਤੇ ਘੋੜੇ ਲੈ ਕੇ ਆ ਗਏ। ‘ਕੁੱਲੀ’ ਤੇ ਕੁੱਲੀ ਦੀ ਧੀ ਅਤੇ ‘ਬਲੋਚਣ’, ਇਹ ਤਿੰਨੇ ਘੋੜੀਆਂ ਅਤੇ ਵੱਡੀ ਖੱਚਰ ਇਸ ਦੌਰੇ ਵਿਚ ਰਹੀਆਂ। ਇਹ ਦੌਰਾ ਪਹਿਲੀ ਜੇਠ 1975 ਬਿਕ੍ਰਮੀ ਨੂੰ ਸਮਾਪਤ ਹੋਇਆ ਸੀ।

ਸਤਿਗੁਰੂ ਜੀ ਪਹਿਲੀ ਜੇਠ ਤੋਂ ਭਾਦਰੋਂ ਦੀ ਮੱਸਿਆ ਤੱਕ ਇਥੇ ਹੀ ਟਿਕੇ। ਭਾਦਰੋਂ ਦੀ ਮੱਸਿਆ ਨੂੰ ਆਪ ਰੇਲ ਗੱਡੀ ਦੁਆਰਾ ਤਰਨ ਤਾਰਨ ਜਾ ਕੇ ਆਏ। ਚਾਲ੍ਹੀਆ ਭਾਦਰੋਂ ਦੀ ਮੱਸਿਆ ਤੋਂ ਬਾਦ ਆ ਕੇ ਕੀਤਾ। ਦੁਸਹਿਰੇ ਤੇ ਇੱਥੋਂ ਦੌਰਾ ਤੁਰ ਪਿਆ ਅਤੇ ਆਪ ਪੰਜ ਸੱਤ ਦਿਨ ਸ੍ਰੀ ਭੈਣੀ ਸਾਹਿਬ ਹੀ ਰਹੇ। ਘੋੜਿਆਂ ਵਾਲੇ ਸਿੰਘ ਲੁਧਿਆਣਾ, ਮੁਠੱਡੇ, ਫਗਵਾੜਾ, ਜਲੰਧਰ, ਕਰਤਾਰਪੁਰ ਤੇ ਬਿਆਸ ਹੁੰਦੇ ਹੋਏ ਦੀਵਾਲੀ ਤੇ ਅੰਮ੍ਰਿਤਸਰ ਪੁੱਜ ਗਏ। ਹਜ਼ੂਰ ਸਾਹਨੇਵਾਨ ਜਾਂ ਲੁਧਿਆਣੇ ਦੇ ਸਟੇਸ਼ਨ ਤੋਂ ਗੱਡੀ ’ਤੇ ਅਸਵਾਰ ਹੋਏ ਸਨ। ਫਿਰ ਦੀਵਾਲੀ ਤੋਂ ਬਾਦ ਨਨਕਾਣੇ ਸਾਹਿਬ ਦੇ ਮੇਲੇ ਤੇ ਦਰਸ਼ਨ ਦਿਤੇ। ਚਾਰ ਦਿਨ ਇੱਥੇ ਰਹਿ ਕੇ ਸਤਿਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ (ਅਵਤਾਰ ਧਾਰਨ ਦਾ) ਮਨਾਉਂਦੇ ਸਨ। ਇੱਥੇ ਨਾਮਧਾਰੀ ਸਿੰਘਾਂ ਦਾ ਇਕ ਆਪਣਾ ਗੁਰਦੁਆਰਾ ਸੀ, ਅੰਮ੍ਰਿਤਸਰ, ਮੁਕਤਸਰ ਜਿਉਂ, ਜਿਸ ਦੇ ਮਹੰਤ ਸੰਤ ਸੁੰਦਰ ਸਿੰਘ ਜੀ ਭੂਰੀਵਾਲੇ ਸਨ। ਇਹ ਸਿਆਲਕੋਟ ਦੇ ਇਲਾਕੇ ਦੇ ਸ਼ਮੀਰਪੁਰ ਪਿੰਡ ਦੇ ਸਨ।

**ਨਹਿਰ ਤੇ ਮਾਤਾ ਜੀ ਨੂੰ ਲਿਆਉਣਾ:**

ਇਹ ਪ੍ਰਸੰਗ ਪਹਿਲੋਂ ਦਾ ਹੈ। ਬਾਬਾ ਸੰਤਾ ਸਿੰਘ ਜੀ ਘੁੱਕੇਵਾਲੀਏ ਨੇ 10 ਵੈਸਾਖ 1973 ਬਿਕ੍ਰਮੀ ਨੂੰ ਸਤਿਗੁਰੂ ਜੀ ਪਾਸ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਬੀਬੀ (ਮਾਤਾ ਭੁਪਿੰਦਰ ਕੌਰ ਜੀ) ਇੱਥੇ ਨਹਿਰ ਵਾਲੇ ਡੇਰੇ ’ਤੇ ਆਉਣੀ ਚਾਹੀਦੀ ਹੈ। ਸਤਿਗੁਰੂ ਜੀ ਨੇ ਬਾਬੇ ਹੋਰਾਂ ਨੂੰ ਕਿਹਾ ਕਿ ਸਾਡੇ ਪਾਸ ਤਾਂ ਇਥੇ ਇਕ ਹੀ ਛੱਪਰ ਹੈ ਜਿਸਦੇ ਵਿਚ ਘੋੜੇ ਤੇ ਹੋਰ ਕੱਟੇ ਵੱਛੇ ਵੀ ਵਿਚੇ ਹੀ ਬੱਝਦੇ ਹਨ। ਛਿੱਟ

ਕਣੀ ਆਈ ਤੋਂ ਮੇਰਾ ਵੀ ਇਕ ਮੰਜਾ ਉੱਥੇ ਹੀ ਡੱਠਾ ਹੁੰਦਾ ਹੈ। ਮੇਰੇ ਸਾਥੀ ਭਾਈ ਵਜ਼ੀਰ ਸਿੰਘ, ਗੁਰਮੁਖ ਤੇ ਹੋਰ ਸਭ ਮਾਲ ਡੰਗਰ ਤੇ ਘੋੜਿਆਂ ਵਾਲੇ ਵੀ ਉਸੇ ਹੀ ਛੱਪਰ ਵਿਚ ਹੁੰਦੇ ਹਨ। ਇਸ ਕਰਕੇ ਮੈਂ ਕਹਿਨਾਂ ਕਿ ਉਹਨਾਂ ਨੂੰ ਇਥੇ ਲਿਆ ਕੇ ਬਹਾਓਗੇ ਕਿੱਥੇ ? ਬਾਬਾ ਜੀ ਨੇ ਕਿਹਾ ਕਿ ਤੁਸੀਂ ਸਾਨੂੰ ਉਹਨਾਂ ਨੂੰ ਇੱਥੇ ਲਿਆਉਣ ਦਾ ਹੁਕਮ ਦੇ ਦਿਓ। ਬਾਕੀ ਸਾਰੇ ਕੰਮ ਮੈਂ ਆਪੇ ਹੀ ਕਰ ਲਵਾਂਗਾ।

ਕੁਦਰਤੀ ਇਕ ਕਾਰੀਗਰ ਸਿੰਘ ਵੀ ਸਮੇਤ ਟੱਬਰ ਉੱਥੇ ਆਇਆ ਹੋਇਆ ਸੀ। ਸਤਿਗੁਰੂ ਜੀ ਨੇ ਹੁਕਮ ਦੇ ਦਿਤਾ ਬਾਬੇ ਹੋਰਾਂ ਨੂੰ ਕਿ ਤੁਸੀਂ ਆਪਣੀ ਹਿੰਮਤ ਕਰ ਵੇਖੋ। ਬਾਬਾ ਜੀ ਨੇ ਕਹੀ ਫੜਕੇ, ਸੁਹੇਲ ਸਿੰਘ ਬਿਲਗਾ, ਸਾਧੂ ਸਿੰਘ ਰਵਿਦਾਸੀਆ, ਇਕ ਮਜ਼੍ਹਬੀ ਨਿਹੰਗ ਸਿੰਘ ਤੇ ਕੁਝ ਹੋਰ ਸਿੰਘਾਂ ਨੂੰ ਨਾਲ ਲੈ ਕੇ ਸ਼ਾਮ ਨੂੰ ਤਿੰਨ ਹਜ਼ਾਰ ਇੱਟ ਕੱਚੀ ਪੱਥ ਦਿੱਤੀ। ਅਗਲੇ ਦਿਨ ਪੰਜ ਸੱਤ ਹਜ਼ਾਰ ਤੱਕ ਪੱਥੀ ਗਈ। ਗੱਲ ਕੀ ਸੱਤ ਅੱਠ ਦਿਨਾਂ ਵਿਚ ਸਾਰੀ ਇੱਟ ਤਿਆਰ ਹੋ ਗਈ। ਏਨੇ ਦਿਨਾਂ ਵਿਚ ਹੀ ਉਸ ਕਾਰੀਗਰ ਸਿੰਘ ਨੇ ਸਾਰਾ ਕਾਠ ਤਿਆਰ ਕਰ ਦਿਤਾ। ਇਸੇ ਕੰਮ ਸਮੇਂ ਹੀ ਗੁਰੂ ਜੀ ਨੇ ਮੈਨੂੰ ਹੁਕਮ ਦਿਤਾ ਕਿ ਇਕ ਹਜ਼ਾਰ ਰੁਪੈ ਮਹਾਰਾਜ ਨਿਹਾਲ ਸਿੰਘ ਜੀ ਨੂੰ ਦੇ ਆ ਭੈਣੀ ਸਾਹਿਬ ਜਾ ਕੇ ਅਤੇ ਉਥੋਂ ਆਟੇ ਦਾ ਇਕ ਊਠ ਲੱਦ ਲਿਆ। ਕਿਉਂ ਜੁ ਮੈਂ ਉਦੋਂ ਸੱਚੇ ਪਾਤਸ਼ਾਹ ਦਾ ਲਾਂਗਰੀ ਵੀ ਹੁੰਦਾ ਸਾਂ। ਅਮਲੀਆਂ ਦੀ ਬਾਤ ਅਜੀਬ ਹੈ। ਜਦੋਂ ਮੈ ਗਿਆ ਸਾਂ ਤਾਂ ਇਕ ਅਮਲੀ ਨੇ ਆਖਿਆ ਸੀ ਮੇਰੀ ਅਫ਼ੀਮ ਲਈ ਆਵੀਂ। ਮੈਂ ਉਹਨੂੰ ਹਾਂ ਕਰ ਦਿਤੀ। ਮੈਂ ਆਟਾ ਲੈ ਕੇ ਸ਼ਾਮ ਦੇ ਚਾਰ ਵਜੇ ਤਕ ਵਾਪਸ ਨਹਿਰ ਵਾਲੇ ਡੇਰੇ ਤੇ ਆਉਣਾ ਸੀ। ਉਸ ਅਮਲੀ ਦਾ ਅਫ਼ੀਮ ਛਕਣ ਦਾ ਸਮਾਂ ਬਾਰਾਂ ਵਜੇ ਦਾ ਸੀ। ਉਹ ਵੇਲਾ ਲੰਘ ਗਿਆ। ਉਸ ਜਾ ਕੇ ਸਤਿਗੁਰਾਂ ਪਾਸ ਅਰਜ਼ ਕਰ ਦਿਤੀ ਕਿ ਸੱਚੇ ਪਾਤਸ਼ਾਹ ਗੁਰਮੁਖ ਸਿੰਘ ਜਿਹਨੂੰ ਤੁਸੀਂ ਆਟਾ ਲੈਣ ਭੇਜਿਆ ਹੈ, ਉਹਨੂੰ ਕੋਈ ਮਾਰ ਕੇ ਸੜਕ 'ਤੇ ਸੁੱਟ ਗਿਆ ਹੈ। ਮੈਨੂੰ ਹੁਣੇ ਇਕ ਰਾਹੀ ਦੱਸ ਗਿਆ ਹੈ। ਸਤਿਗੁਰੂ ਜੀ ਮੰਜੇ 'ਤੇ ਬਿਰਾਜੇ ਹੋਏ ਸਨ। ਉਹ ਉਦੋਂ ਹੀ ਉੱਠੇ। ਉਨ੍ਹਾਂ ਭਾਈ ਵਜੀਰ ਸਿੰਘ ਹੋਰਾਂ ਨੂੰ ਵੀ ਉਠਾਇਆ ਤੇ ਬਾਬੇ ਸੰਤਾ ਸਿੰਘ ਹੋਰਾਂ ਨੂੰ ਵੀ ਸੱਦ ਕੇ ਦੱਸਿਆ ਕਿ ਗੁਰਮੁਖ ਚੜ੍ਹ ਗਿਆ ਏ। ਭਾਈ ਹੋਰੀਂ ਵੀ ਕੰਮ ਛੱਡ ਕੇ ਬਹਿ ਗਏ ਕਿਉਂਕਿ ਮੇਰੇ ਨਾਲ ਉਹਨਾਂ ਦਾ ਬੜਾ ਪ੍ਰੇਮ ਸੀ। ਬਾਬੇ ਸੰਤਾ ਸਿੰਘ ਹੋਰੀਂ ਵੀ ਵੈਰਾਗ ਵਿਚ ਹੋ ਗਏ ਅਤੇ ਅੱਥਰੂ ਕੇਰਨ ਲੱਗ ਪਏ ਕਿਉਂਕਿ ਮੈਨੂੰ ਉਹਨਾਂ ਬੱਚਿਆਂ ਜਿਉਂ ਪਾਲਿਆ ਸੀ। ਸਤਿਗੁਰੂ ਜੀ ਨੇ ਉਦੋਂ ਹੀ ਘੋੜਿਆਂ ਤੇ ਕਾਠੀਆਂ ਪੁਆਈਆਂ ਤੇ ਸਿੰਘਾਂ ਨੂੰ ਨਾਲ ਲੈ ਕੇ ਪਤਾ ਕਰਨ ਤੁਰ ਪਏ। ਓਦੋਂ ਰਾਈਆਂ ਵਾਲਾ ਮੁਕੱਦਮਾ ਚੱਲਦਾ ਸੀ ਜਿਸ ਕਾਰਨ ਸਾਡੇ ਤੇ ਉਹਨਾਂ ਦੇ ਬੰਦੇ ਅਕਸਰ ਲੜਦੇ ਝਗੜਦੇ ਰਹਿੰਦੇ ਸਨ। ਸੱਟਾਂ ਵੀ ਕਈ

ਵੇਰ ਦੋਹੀਂ ਪਾਸੀਂ ਲੱਗ ਜਾਂਦੀਆਂ ਸਨ। ਇਸ ਲਈ ਸਭ ਨੇ ਸਮਝ ਲਿਆ ਕਿ ਵਾਕਿਆ ਈ ਦੁਸ਼ਮਣਾਂ ਦਾ ਵਾਰ ਚੱਲ ਗਿਆ ਹੋਣਾ ਹੈ। ਉਧਰ ਮੇਰੇ ਚਿੱਤ ਵਿਚ ਵੀ ਕਾਹਲ ਸੀ ਕਿ ਚਾਰ ਵਜੇ ਸਤਿਗੁਰੂ ਜੀ ਨੂੰ ਸਰਦਾਈ ਛਕਾਉਣੀ ਹੈ। ਮੈਂ ਵੀ ਵਾਹੋ ਦਾਹੀ ਊਠ ਲੈ ਕੇ ਆ ਰਿਹਾ ਸਾਂ। ਜਦੋਂ ਮੈਂ ਡੇਰੇ ਪੁੱਜਾ ਤਾਂ ਸਤਿਗੁਰੂ ਜੀ ਘੋੜੇ ਬਾਹਰ ਕੱਢੇ ਹੋਏ ਸਨ। ਮੈਨੂੰ ਨਿੱਕਾ ਜਿਹਾ ਧੱਫਾ ਮਾਰ ਕੇ ਕਹਿੰਦੇ, "ਐਨਾ ਚਿਰ ਲਾ ਦਿਤਾ ਈ। ਸਰਦਾਈ ਦਾ ਵੇਲਾ ਵੀ ਲੰਘ ਗਿਆ ਏ। ਅਸੀਂ ਵੀ ਤੇਰੇ ਵੱਲ ਤਿਆਰ ਹੋਏ ਸਾਂ। ਮੈਂ ਜਲ ਬਣਾ ਕੇ ਸਤਿਗੁਰੂ ਜੀ ਤੇ ਸੰਗਤ ਨੂੰ ਛਕਾਇਆ। ਫਿਰ ਅਮਲੀ ਸਿੰਘ ਦੀ ਪੇਸ਼ੀ ਹੋਈ ਕਿ ਤੈਨੂੰ ਕਿਸ ਦੱਸਿਆ ਸੀ। ਉਸ ਕਿਹਾ, "ਜੀ ਇਸ ਕਿਹਾ ਸੀ ਕਿ ਮੈਂ ਤੈਨੂੰ 10 ਵਜੇ ਤੱਕ ਅਫ਼ੀਮ ਮਾਈ ਜੀ ਤੋਂ ਲਿਆ ਦਿਆਂਗਾ। ਮੇਰਾ ਵੇਲਾ ਫਾਕੇ ਵਿਚ ਹੀ ਗੁਜ਼ਰਿਆ ਹੈ ਤੇ ਮੇਰੇ ਭਾਅ ਦਾ ਤਾਂ ਇਹ ਮਰ ਹੀ ਗਿਆ ਸੀ। ਬਹੁਤ ਹਾਸਾ ਪਿਆ।

ਪ੍ਰੇਮ ਨਾ ਪੁੱਛੇ ਨੇਮ:

ਇਹ ਬਾਬੇ ਸੰਤਾ ਸਿੰਘ ਹੋਰੀਂ ਉਹ ਸਨ ਜਿਹਨਾਂ ਦਾ ਨਾਂ ਗੁਰੂ ਹਰੀ ਸਿੰਘ ਜੀ ਨੇ ਜਿਗਰਾ ਸਿੰਘ ਰੱਖਿਆ ਸੀ। ਇਕ ਵੇਰ ਭਾਈ ਵਜੀਰ ਸਿੰਘ ਸਤਿਗੁਰੂ ਜੀ ਨੂੰ ਇਸ਼ਨਾਨ ਕਰਵਾ ਰਿਹਾ ਸੀ। ਬਾਬਾ ਸੰਤਾ ਸਿੰਘ ਦੀ ਸੋਧ ਨਹੀਂ ਸੀ। ਇਹ ਹਜ਼ੂਰ ਦੇ ਚਰਨ ਮਲ ਰਿਹਾ ਸੀ। ਜਦੋਂ ਇਹ ਚਰਨ ਮਲੇ ਭਾਈ ਹੋਰੀਂ ਸੋਧ ਦੀ ਮਰਿਆਦਾ ਮੁਤਾਬਿਕ ਜਲ ਦਾ ਹੋਰ ਗੜਵਾ ਡੋਹਲ ਦੇਣ। ਬਾਬੇ ਹੋਰੀਂ ਚਰਨ ਮਲਣੋਂ ਨਾ ਹਟਣ ਤੇ ਭਾਈ ਹੋਰੀਂ ਗੜਵੇ ਜਲ ਦੇ ਪਾਈ ਜਾਣ। ਅਖ਼ੀਰ ਸਤਿਗੁਰੂ ਜੀ ਨੇ ਫੁਰਮਾਇਆ, "ਭਾਈ ਮੈਂ ਇਹਨਾਂ ਦੇ ਹੱਥ ਲਾਇਆਂ ਖੁੱਲ੍ਹਾ ਨਹੀਂ ਹੁੰਦਾ, ਤੂੰ ਨਾ ਪਾਈ ਜਾ ਜਲ ਮੇਰੇ ਸਰੀਰ 'ਤੇ।" ਕਿਉਂਕਿ ਪ੍ਰੇਮ ਸਭ ਤੋਂ ਉੱਤੇ ਹੈ।

...ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ (ਪਾ: ੧੦ਵੀਂ)

ਬਾਬੇ ਹੋਰਾਂ ਦਾ ਪ੍ਰੇਮ ਬੜਾ ਸੀ। ਇਹਨਾਂ ਸੱਚੇ ਪਾਤਸ਼ਾਹ ਦਾ ਹੁਕਮ ਕਦੇ ਵੀ ਨਹੀਂ ਸੀ ਮੋੜਿਆ।

ਉਹ ਨਿਹੰਗ ਸਿੰਘ ਮਜ਼੍ਹਬੀ ਐਡਾ ਹਠੀ ਸੀ ਕਿ ਜਿੱਥੇ ਇੰਚ ਇੰਚ ਲੰਮਾ ਮੱਛਰ ਦਾ ਦਾਣਾ ਹੁੰਦਾ ਸੀ ਉਥੇ ਹੀ ਘਾਹ ਵਿਚ ਪਿਆ ਰਹਿੰਦਾ ਸੀ। ਜਿਹੜਾ ਮੱਛਰ ਉਹਨੂੰ ਡੰਗ ਮਾਰਦਾ ਉੱਥੇ ਹੀ ਮਰ ਜਾਂਦਾ।

ਸੁਹੇਲ ਸਿੰਘ ਹੋਰੀਂ ਕਹਿਣੀ ਤੇ ਕਰਨੀ ਦੇ ਧਨੀ ਸਨ। ਗੁਰੂ ਹਰੀ ਸਿੰਘ ਜੀ ਦੇ ਵੇਲੇ ਤੋਂ ਘੋੜਿਆਂ ਦੇ ਦਰੋਗੇ ਸਨ। ਇੱਥੇ ਤਾਂ ਆਏ ਸਨ ਕਿ ਸਤਿਗੁਰੂ ਜੀ ਦਸਮ ਗ੍ਰੰਥ ਦਾ ਪਾਠ ਖੋਹਲੀ ਰੱਖਦੇ ਸਨ। ਕਦੇ ਆਪ ਪੜ੍ਹਦੇ ਤੇ ਦਰੋਗਾ ਜੀ ਸੁਣਦੇ। ਕਦੇ ਉਹ ਪੜ੍ਹਦੇ ਤੇ ਆਪ ਸੁਣਦੇ। ਆਦਿ ਗ੍ਰੰਥ ਦੇ ਅਨੇਕਾਂ ਹੀ ਪਾਠ

ਹੁੰਦੇ ਰਹਿੰਦੇ। ਇਨ੍ਹਾਂ ਪਾਠਾਂ ਦੀ ਸਰੋਤ ਵਿਚ ਹੀ ਬਾਦ ਵਿਚ ਸਾਡੇ ਪੰਥ ਦੇ ਬਣੇ ਪ੍ਰਸਿੱਧ ਵਿਦਵਾਨ, ਸੰਤ ਇੰਦਰ ਸਿੰਘ ਜੀ ਚੱਕਰਵਤੀ ਇਥੇ ਆਏ ਸਨ। ਉਦੋਂ ਇਹਨਾਂ ਦੀ ਉਮਰ 13-14 ਵਰ੍ਹਿਆਂ ਦੀ ਸੀ। ਮੈਥੋਂ ਦੋ ਕੁ ਵਰ੍ਹੇ ਛੋਟੇ ਸਨ। ਮੈਂ ਇੱਥੇ ਨਹਿਰ ਤੇ ਹੀ ਪਹਿਲਾਂ ਪਹਿਲ ਇਹਨਾਂ ਦਾ ਦਰਸ਼ਨ ਕੀਤਾ ਸੀ।

**ਸਤਿਗੁਰ ਦਾ ਪਹਿਰਾ ਸਭ ਤੋਂ ਵੱਡਾ:**

ਇੱਥੋਂ ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਗੁਰਮੁਖਾ ਤੂੰ ਊਠ ਲੈ ਜਾ ਅਤੇ ਭੈਣੀ ਸਾਹਿਬ ਛੱਡ ਆਵੀਂ। ਲੱਲਾਂ ਦੇ ਪੁੱਲ ਤੋਂ, ਜੋ ਇਹਨਾਂ ਦਾ ਪਿੰਡ ਸੀ, ਇੰਦਰ ਸਿੰਘ ਨੂੰ ਉਤਾਰ ਦੇਵੀਂ। ਜਦੋਂ ਮੈਂ ਪੁਲ ਤੇ ਇਨ੍ਹਾਂ ਨੂੰ ਉਤਾਰਿਆ ਤਾਂ ਕਹਿਣ ਲੱਗੇ ਕਿ ਗੁਰਮੁਖ ਸਿੰਹਾਂ! ਤੂੰ ਮੈਨੂੰ ਰਾਤੀਂ ਦੁੱਧ ਨਹੀਂ ਪਿਆਇਆ। ਮੈਂ ਕਿਹਾ ਦੁੱਧ ਭਾਈ ਸਿੰਘਾ ਪਰਲੇ ਡੇਰੇ ਤੋਂ ਕਾਹੜ ਕੇ ਲਿਆਂਦਾ ਸੀ। ਜਿਹਨਾਂ ਜਿਹਨਾਂ ਸਰੀਰਾਂ ਬਿਰਧਾਂ ਨੂੰ ਹੁਕਮ ਸੀ ਉਹਨਾਂ ਨੂੰ ਮੈਂ ਛਕਾ ਦਿਤਾ। ਨਾ ਮੈਂ ਆਪ ਛਕਿਆ ਤੇ ਨਾ ਤੁਹਾਨੂੰ ਛਕਾਇਆ। ਇਹ ਲੱਲਾਂ ਨੂੰ ਚਲੇ ਗਏ। ਮੈਂ ਭੈਣੀ ਸਾਹਿਬ ਜਾ ਕੇ ਊਠਾਂ ਵਾਲਿਆਂ ਨੂੰ ਊਠ ਸੰਭਾਲ ਦਿਤਾ। ਜਦੋਂ ਮੈਂ ਰਾਮਸਰ ਟਿੱਬਿਆਂ ’ਤੇ ਊਠ ਸੰਭਾਲ ਕੇ ਗੁਰਦੁਆਰੇ ਨੂੰ ਆਇਆ ਅਤੇ ਲੰਗਰ ਦੇ ਪੱਕੇ ਕੋਠੇ ਤੋਂ ਡੇਰੇ ਨੂੰ ਮੁੜਿਆ, ਜਿੱਥੇ ਕਾਰੀਗਰ ਸਿੰਘ ਬੈਠੇ ਹੁੰਦੇ ਸਨ ਤਾਂ ਸਤਿਗੁਰੂ ਜੀ ਨੇ ਪਿਛੋਂ ਮੇਰੀ ਬਾਂਹ ਆ ਫੜੀ ਤੇ ਕਿਹਾ, “ਮੈਂ ਘੋੜੀ ਟਿੱਬੇ ’ਤੇ ਲੰਮੀ ਪਾ ਆਇਆ ਹਾਂ ਤੂੰ ਉਥੇ ਚਲਾ ਜਾਹ।” ਮੈਂ ਉਸ ਘੋੜੀ ਨੂੰ ਜਾ ਕੇ ਉਠਾ ਲਿਆ। ਉਹ ਘੋੜੀ ਐਸੀ ਗਿੱਝੀ ਸੀ ਕਿ ਸਤਿਗੁਰ ਹੁਕਮ ਦਿੰਦੇ ਤਾਂ ਉਠ ਬਹਿੰਦੀ, ਹੁਕਮ ਦਿੰਦੇ ਤਾਂ ਲੰਮੀ ਪੈ ਜਾਂਦੀ ਸੀ। ਉਸ ਦਾ ਨਾਮ ‘ਵੱਡੀ ਵਛੇਰੀ’ ਸੀ। ਸਤਿਗੁਰੂ ਜੀ ਨੇ ਆਲੇ ਦੁਆਲਿਉਂ ਤੁਰ ਫਿਰ ਕੇ ਨਿਗ੍ਹਾ ਮਾਰੀ ਅਤੇ ਤਬੇਲੇ ਵਿਚੋਂ ਇਕ ‘ਕਾਣਾ ਘੋੜਾ’ ਸੀ ਉਹ ਖੋਹਲ ਲਿਆਏ ਚੁਪ ਚਾਪ, ਸਿੱਖ ਗ਼ੈਰ ਹਾਜ਼ਰ ਸਨ ਤਬੇਲੇ ਵਾਲੇ। ਇਸ ਦੌਰਾਨ ਮਾਈ ਜਿਊਣ ਕੌਰ ਜੀ ਨੂੰ ਵੀ ਪਤਾ ਲੱਗਾ ਕਿ ਸਤਿਗੁਰੂ ਜੀ ਆਏ ਹਨ। ਮਾਵਾਂ ਨੂੰ ਪੁੱਤ ਬੜੇ ਪਿਆਰੇ ਹੁੰਦੇ ਹਨ। ਸਤਿਗੁਰੂ ਜੀ ਤਾਂ ਗੁਸਾਈਂ ਆਣੇ ਥਾਣੀ ਹੁੰਦੇ ਹੋਏ ਉਸ ਘੋੜੀ ਤੇ ਸਵਾਰ ਹੋ ਕੇ ਡੇਰੇ ਨਹਿਰ ’ਤੇ ਚਲੇ ਗਏ ਅਤੇ ਮੈਨੂੰ ਘੋੜਾ ਦੇ ਕੇ ਆਖਿਆ ਕਿ ਤੂੰ ਰਤਾ ਕੁ ਠਹਿਰ ਕੇ ਇਸ ਤੇ ਚੜ੍ਹ ਕੇ ਆ ਜਾਈਂ। ਜਦ ਮੈਂ ਤੁਰਨ ਲੱਗਾ ਤਾਂ ਰਾਹ ਵਿਚ ਭੈਣੀ ਸਾਹਿਬੋਂ ਦੋ ਤਿੰਨ ਮੁਰੱਬਿਆਂ ਤੇ ਮਾਈ ਜੀ ਜਾ ਰਹੇ ਸਨ ਹੱਥ ਵਿਚ ਦੁੱਧ ਦਾ ਗੜਵਾ ਤੇ ਕਹਿ ਰਹੇ ਸਨ, “ਅੱਛਾ ਪ੍ਰਤਾਪ ਸਿਹਾਂ! ਜਿੱਥੇ ਜਾਏਂਗਾ ਉਥੇ ਹੀ ਤੈਨੂੰ ਦੁੱਧ ਪਿਆ ਕੇ ਆਵਾਂਗੀ।” ਮੈਂ ਮਾਈ ਜੀ ਨੂੰ ਅਰਜ਼ ਕਰ ਕੇ ਪਿਛਾਂਹ ਮੋੜ ਦਿਤਾ ਕਿ ਉਹ ਤਾਂ ਘੋੜੀ ਤੇ ਚੜ੍ਹਕੇ ਦੂਰ ਚਲੇ ਗਏ ਹਨ। ਇਹ ਵਾਕਿਆ ਜੇਠ ਦੇ ਮਹੀਨੇ ਦਾ ਹੈ ਅਤੇ ਰਾਤ ਦੇ ਕੋਈ ਗਿਆਰਾਂ ਕੁ ਵਜੇ ਦੀ ਘਟਨਾ ਹੈ। ਉਧਰ ਸਵੇਰੇ

ਜਦੋਂ ਇਕ ਘੋੜਾ ਘਟਿਆ ਵੇਖਿਆ ਤਾਂ ਘੋੜਿਆਂ ਦੇ ਦਰੋਗੇ ਊਧਮ ਸਿੰਘ ਚੇਲੇਕਿਆਂ ਵਾਲੇ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਦਿਨ ਦੇ ਚੜ੍ਹਾਅ ਨਾਲ ਡੇਰੇ ਨਹਿਰ 'ਤੇ ਆ ਗਿਆ ਅਤੇ ਘੋੜਾ ਘਟਣ ਦੀ ਗੱਲ ਦੱਸੀ। ਸਤਿਗੁਰੂ ਜੀ ਨੇ ਕਿਹਾ ਕਿ ਭਾਈ ਤੁਹਾਡਾ ਪਹਿਰਾ ਕੀ ਹੈ ਅਤੇ ਅਗੋਂ ਲਈ ਚੰਗੀ ਤਾੜਨਾ ਕੀਤੀ। ਸਤਿਗੁਰੂ ਜੀ ਨੇ ਉਸਨੂੰ ਮੁਆਫ਼ ਕਰਕੇ, ਅੱਗੋਂ ਲਈ ਖ਼ਬਰਦਾਰ ਕਰਕੇ ਘੋੜਾ ਦੇ ਦਿਤਾ।

ਇਸ ਤੋਂ ਅਗਲੇ ਭਲਕ ਕੋਠੇ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ। ਇਕ ਸ਼ਤੀਰ ਦੇ ਕੋਠੇ ਦੇ ਚਾਰ ਚੁਫੇਰੇ ਬਰਾਂਡਾ ਪਾ ਦਿਤਾ ਗਿਆ। ਉਸ ਕੋਠੇ ਦੇ ਉੱਤੇ ਚੁਬਾਰਾ ਪਾ ਦਿਤਾ। ਜਗ੍ਹਾ ਲਿੱਪਣ ਪੋਚਣ ਦੇ ਬਾਦ ਜਦੋਂ ਤਿਆਰ ਹੋ ਗਈ ਤਾਂ ਬੇਬੇ ਭੂਪਿੰਦਰ ਕੌਰ ਜੀ ਨੂੰ ਲਿਆ ਕੇ ਉਥੇ ਉਹਨਾਂ ਦਾ ਡੇਰਾ ਲੁਆ ਦਿਤਾ। ਨਹਿਰ ਤੇ ਘੋੜੀਆਂ ਦੇ ਸੇਵਕ ਬਾਬਾ ਅਰੂੜ ਸਿੰਘ ਪਿੰਡ ਜਰਗ, ਨਿਧਾਨ ਸਿੰਘ ਮਜ਼੍ਹਬੀ ਸਿੰਘ ਪਾਖਰ ਸਿੰਘ ਹੋਰਾਂ ਦਾ ਪਿਤਾ, ਇਹ ਸੂਈਆਂ ਘੋੜੀਆਂ ਚਾਰਦੇ ਹੁੰਦੇ ਸਨ। ਬੇਬੇ ਜੀ ਦੇ ਇੱਥੇ ਰਹਿਣ ਨਾਲ ਨਹਿਰ ਵਾਲੇ ਡੇਰੇ ਦੀਆਂ ਰੌਣਕਾਂ ਵਿਚ ਹੋਰ ਵਾਧਾ ਹੋ ਗਿਆ। ਬੇਬੇ ਦਿਆਲਾਂ ਪਿੰਡ ਵਰਨ (ਸ਼ੇਖੂਪੁਰਾ) ਬੇਬੇ ਭੂਪਿੰਦਰ ਕੌਰ ਜੀ ਦੇ ਸੇਵਕ ਥਾਪੇ ਗਏ। ਆਪ ਦੁਸਹਿਰੇ ਤੱਕ ਇਥੇ ਰਹੇ ਅਤੇ ਫਿਰ ਸ੍ਰੀ ਭੈਣੀ ਸਾਹਿਬ ਡੇਰੇ ਆ ਗਏ।

"ਅਪਨੇ ਜਨ ਕਾ ਪਰਦਾ ਢਾਕੈ"

ਦੀਵਾਲੀ ਤੋਂ ਬਾਅਦ ਨਨਕਾਣਾ ਸਾਹਿਬ ਤੋਂ ਹਜ਼ੂਰ ਦਾ ਦੌਰਾ ਫਿਰ ਅਗਾਂਹ ਤੁਰ ਪਿਆ। ਪਹਿਲਾ ਪੜਾਅ ਨੌਂ ਚੱਕ ਝੱਬਰਾਂ ਵਿਖੇ ਕੀਤਾ। ਦੂਜਾ ਦੁਗੈਚ, ਅਠਾਰਾਂ ਚੱਕ ਤੇ ਉਨੀ ਚੱਕ। ਇੱਥੇ ਇਕ ਆਸਾ ਸਿੰਘ ਨਾਮੀ ਸਿੰਘ ਆਪ ਜੀ ਦਾ ਬਹੁਤ ਪ੍ਰੇਮੀ ਸੀ। ਸਤਿਗੁਰੂ ਜੀ ਵੀ ਉਸ ਨੂੰ ਬਹੁਤ ਸਨੇਹ ਬਖ਼ਸ਼ਦੇ ਸਨ। ਸਿੰਘ ਨੇ ਸੋਚਿਆ ਕਿ ਸਤਿਗੁਰੂ ਜੀ ਸਮੇਤ ਸੰਗਤ ਆ ਰਹੇ ਹਨ ਅਤੇ ਘਰ ਵਿਚ ਰਸਦ ਥੋਹੜੀ ਹੈ। ਉਹ ਆਪਣੀ ਸਿੰਘਣੀ ਦਾ ਗਹਿਣਾ ਲੈ ਕੇ ਹੱਟੀ ਨੂੰ ਤੁਰ ਪਿਆ, ਰਸਦਾਂ ਦੇ ਗਹਿਰੇ ਗੱਫੇ ਖਰੀਦਣ ਵਾਸਤੇ। ਸਤਿਗੁਰੂ ਪ੍ਰਤਾਪ ਸਿੰਘ ਅੰਤਰਜਾਮੀ ਘਟ ਘਟ ਕੀ ਜਾਨਣਹਾਰ ਨੇ ਮੈਨੂੰ ਸੱਦ ਕੇ ਕਿਹਾ, "ਗੁਰਮੁਖਾ! ਆਸਾ ਸਿੰਘ ਨੂੰ ਸੱਦ ਕੇ ਲਿਆ।" ਆਸਾ ਸਿੰਘ ਨੂੰ ਸਤਿਗੁਰੂ ਜੀ ਨੇ ਪੁੱਛਿਆ, "ਕਿੱਧਰ ਚੱਲਾ ਹੈਂ।" ਉਸ ਕਿਹਾ, "ਜੀ ਰਸਦ ਲੈਣ ਹੱਟੀ ਤੋਂ।" "ਘਰ ਨਹੀਂ" ਹਜ਼ੂਰ ਨੇ ਪੁੱਛ ਕੀਤੀ। "ਥੋਹੜੀ ਏ ਸੱਚੇ ਪਾਤਸ਼ਾਹ।" ਗੁਰੂ ਜੀ ਨੇ ਹੁਕਮ ਕੀਤਾ "ਜਿੰਨੀ ਹੈ ਉਤਨੀ ਨਾਲ ਹੀ ਸਾਰੋ।" ਸਿੰਘ ਨੇ ਕਿਹਾ "ਜੀ ਸੰਗਤ ਦੇ ਖ਼ੁਸ਼ੇ ਲੁੱਟਣੇ ਹਨ।" ਸਤਿਗੁਰੂ ਜੀ ਨੇ ਫੁਰਮਾਇਆ, "ਜੇ ਤੂੰ ਕਰਜ਼ੇ ਥੱਲੇ ਆਗਿਉਂ ਤਾਂ ਮੇਰੀ ਖ਼ੁਸ਼ੀ ਜਾਂਦੀ ਰਹੇਗੀ। ਘਰ ਵਿਚ ਜਿੰਨੀ ਰਸਦ ਹੈ ਉਹ ਵਾਧੂ ਹੈ।"

"ਸੱਤ ਬਚਨ" ਕਹਿ ਕੇ ਸਿੰਘ ਘਰ ਨੂੰ ਚਲਾ ਗਿਆ ਅਤੇ ਸਤਿਗੁਰੂ ਜੀ ਨੇ ਉਸ ਵੇਲੇ ਦੇ ਹਜ਼ੂਰੀ ਲਾਂਗਰੀ ਮਹੰਤ ਕੇਸਰ ਸਿੰਘ ਜੀ ਨੂੰ ਹੁਕਮ ਕੀਤਾ ਕਿ ਜਿੰਨੀ ਰਸਦ ਘਰ ਵਿਚ ਹੈ ਉਹੋ ਹੀ ਪਕਾ ਕੇ ਛਕੋ, ਛਕਾਉ, ਬੇਸ਼ਕ ਲੂਣ ਨਾਲ ਛਕਣੇ ਪੈਣ ਪ੍ਰਸ਼ਾਦੇ ਛਕ ਲਵਾਂਗੇ। ਸਤਿਗੁਰੂ ਜੀ ਦਾ ਹੁਕਮ ਵਜਾਇਆ ਗਿਆ ਅਤੇ ਆਪ ਨੇ ਵੀ ਲੰਗਰ ਵਿਚ ਬੈਠ ਕੇ ਉਸ ਰੁੱਖੇ ਮਿੱਸੇ ਭੋਜਨ ਨੂੰ ਛੱਤੀ ਅੰਮ੍ਰਿਤਾਂ ਦਾ ਸੁਆਦ ਬਖ਼ਸ਼ ਦਿਤਾ। ਉਦੋਂ ਦੇਹ ਤੇ ਕ੍ਰਿਪਾ ਸੀ ਅਤੇ ਸਾਂਝੇ ਲੰਗਰ ਦਾ ਪ੍ਰਸ਼ਾਦਾ ਹੀ ਹਜ਼ੂਰ ਛਕਿਆ ਕਰਦੇ ਸਨ। ਆਪ ਲਈ ਵੱਖਰਾ ਨਹੀਂ ਸੀ ਬਣਦਾ।

ਇੱਥੋਂ ਹੁਣ ਆਪ ਜੀ ਨੇ ਰੱਤੇ ਚੋਏ ਜ਼ੈਲਦਾਰ ਸਾਉਣ ਸਿੰਘ ਹੋਰਾਂ ਦਾ ਗ੍ਰਹਿ ਪਵਿੱਤਰ ਕੀਤਾ। ਤਿੰਨ ਦਿਨ ਇੱਥੇ ਰਹੇ। ਇੱਥੋਂ ਉਠ ਕੇ ਤਿੰਨ ਲੰਗਰ ਸੱਦੋਵਾਲ ਭਾਈ ਸਾਉਣ ਸਿੰਘ ਹੋਰਾਂ ਪਾਸ ਕੀਤੇ। ਇਕ ਲੰਗਰ ਕਿਹਰ ਸਿੰਘ ਪਾਸ ਮਾਲੂਵਾਲ ਕੀਤਾ। ਫਿਰ ਖਾਨਪੁਰ, ਨੌ ਚੱਕ, ਇੱਥੇ ਇਕ ਸੂਬੇਦਾਰ ਸਿੰਘ ਹੁੰਦਾ ਸੀ ਉਸ ਪਾਸ ਰਹੇ, ਲਾਇਲਪੁਰ ਦੇ ਹੋਰ ਨਗਰਾਂ ਦਾ ਦੌਰਾ ਕਰਕੇ ਢੋਟੀਆਂ ਆ ਗਏ। ਢੋਟੀਆਂ ਤੋਂ ਦੌਰਾ ਗੁੰਨੇ ਤੇ ਗਿੱਲਾਂ ਆਦਿ ਨਗਰਾਂ ਵੱਲ ਪਰਤ ਗਿਆ। ਮਹਿਮਦ ਵਾਲੀ, ਗਿੱਲ, ਘਣੀਸ਼ਾਮ ਤੇ ਵਰਨਾ ਗਿਰਦੇ ਸਤਿਗੁਰੂ ਜੀ ਆ ਗਏ। ਇੱਥੋਂ ਸਮੇਤ ਘੋੜੀ ਸੰਤ ਆਲਾ ਸਿੰਘ ਜੀ ਵਰਨ ਅਤੇ ਉਹਨਾਂ ਦੇ ਜਥੇ ਨੂੰ ਨਾਲ ਲੈ ਲਿਆ।

**ਸੰਤ ਆਲਾ ਸਿੰਘ 'ਵਰਨ' :**

ਸੰਤ ਆਲਾ ਸਿੰਘ ਦਾ ਪਿਤਾ ਪੱਕਾ ਨਾਮਧਾਰੀ ਸੀ। ਇਹ ਪੰਜ ਭਰਾ ਸਨ। ਖੁੱਲ੍ਹੇ ਲੋਕਾਂ ਦਾ ਪਿੰਡ ਵਿਚ ਜ਼ੋਰ ਸੀ ਗ਼ੈਰ ਨਾਮਧਾਰੀਆਂ ਦਾ। ਉਹਨਾਂ ਨੇ ਬੜੇ ਮਖੌਲ ਕਰਨੇ। ਆਲਾ ਸਿੰਘ ਹੋਰੀਂ ਜਦ ਗੱਭਰੂ ਹੋਏ ਤਾਂ ਸ਼ਰੀਕਾਂ ਦੀਆਂ ਕਾਰਵਾਈਆਂ ਵੇਖ ਵੇਖ ਕੇ ਆਪ ਦਾ ਵੀ ਵਿਰਕਾਂ ਵਾਲਾ ਖ਼ੂਨ ਖੌਲ ਉਠਿਆ। ਜਿਹੜਾ ਇਹਨਾਂ ਦੀ ਇਕ ਮੱਝ ਕੱਢਦਾ ਇਹ ਉਹਦੀਆਂ ਦੋ ਕੱਢ ਲਿਆਉਂਦੇ। ਫਿਰ ਇਹਨਾਂ ਨੂੰ ਵੀ ਸਾਧਾਂ ਦੀ ਸੰਗਤ ਹੋ ਗਈ ਕਿਉਂਕਿ ਪਿਉਂਦ ਤਾਂ ਅੱਗੇ ਹੀ ਹੋਈ ਸੀ। ਫਿਰ ਇਹ ਚੋਰੀ ਚਕਾਰੀ ਛੱਡ ਕੇ ਆਪ ਵੀ ਭਜਨ ਬਾਣੀ ਨੂੰ ਲੱਗ ਗਏ। ਸੰਤ ਜਿਊਣ ਸਿੰਘ ਜੀ ਸਿਰਹਾਲੀ ਵਾਲੇ ਵਿਰਕ ਤਪੇ ਦੇ ਇਸ ਇਲਾਕੇ ਵਿਚ ਕਾਫ਼ੀ ਵਿਚਰਦੇ ਸਨ। ਉਹਨਾਂ ਦੀ ਰੂਹਾਨੀ ਸ਼ਖ਼ਸੀਅਤ ਦਾ ਸੰਤ ਆਲਾ ਸਿੰਘ ਜੀ ਤੇ ਲਾਭ ਸਿੰਘ ਕੱਕੇ ਤੇ ਬਹੁਤ ਪ੍ਰਭਾਵ ਸੀ। ਆਲਾ ਸਿੰਘ ਹੋਰਾਂ ਦੀ ਜ਼ਿੰਦਗੀ ਨੂੰ ਪਲਟਾਉਣ ਵਿਚ ਮੇਰੇ ਪਿਤਾ ਸੰਤ ਜਿਊਣ ਸਿੰਘ ਝੱਬਰ ਦਾ ਵੀ ਕਾਫ਼ੀ ਹੱਥ ਸੀ। ਇਹ ਹਲ ਵਾਹੁੰਦੇ ਹੁੰਦੇ ਤੇ ਬਾਪੂ ਜੀ ਵੱਟ ਤੇ ਖਲੋ ਕੇ ਸ਼ਬਦ ਪੜ੍ਹਦੇ ਹੁੰਦੇ ਸਨ। ਅਖ਼ੀਰ ਆਲਾ ਸਿੰਘ ਹੋਰਾਂ ਕਿਹਾ, "ਤੂੰ ਝੱਬਰਾ ਮੈਨੂੰ ਛੱਡਦਾ ਨਹੀਂ ਇੱਥੋਂ ਪੁੱਟ ਕੇ ਹੀ ਛੱਡੇਂਗਾ। ਸ਼ਾਇਦ ਬਾਪੂ ਹੋਰਾਂ ਪ੍ਰਤੀ ਜਿਹੜਾ ਉਹਨਾਂ ਦੇ ਮਨ ਵਿਚ ਆਦਰ ਭਾਵ

ਸੀ ਉਸੇ ਕਾਰਨ ਸੰਤ ਆਲਾ ਸਿੰਘ ਜੀ ਸਾਰੀ ਉਮਰ ਮੇਰਾ ਬਹੁਤ ਧਿਆਨ ਰੱਖਿਆ ਕਰਦੇ ਸਨ। ਜਿਹਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਜੀ ਤੋਂ ਦੂਰ ਹੋ ਕੇ, 1939 ਈ: ਵਿਚ ਮੈਂ ਡੇਰੇ ਸ੍ਰੀ ਭੈਣੀ ਸਾਹਿਬ ਤੋਂ ਪਿੰਡ ਆ ਗਿਆ ਸਾਂ ਇਸ ਸਾਰੇ ਸਮੇਂ ਦੌਰਾਨ ਸੰਤ ਗਾਹੇ ਬਗਾਹੇ ਦੂਜੇ ਚੌਥੇ ਦਿਨ ਝੱਬਰੀਂ ਆਉਂਦੇ ਅਤੇ ਦਰਸ਼ਨ ਦੇ ਜਾਂਦੇ। ਇਹ ਸੰਤਾ ਦਾ ਹੀ ਡੂੰਘਾ ਸਨੇਹ ਸੀ ਜਿਹਨੇ ਮੈਨੂੰ ਆਪਣੇ ਪੰਥ ਦੀ ਮੁੱਖ ਧਾਰਾ ਨਾਲੋਂ ਇਕ ਅੱਧ ਸਾਲ ਤੋਂ ਜ਼ਿਆਦਾ ਸਮਾਂ ਟੁੱਟਣ ਨਹੀਂ ਦਿਤਾ।

ਸੰਤ ਆਲਾ ਸਿੰਘ ਜੀ ਦੇ ਜਥੇ ਵਿਚ ਇਹ ਸਰੀਰ ਸਨ:

1. ਸੰਤ ਦਿਆਲ ਸਿੰਘ ਆਦੋਕੇ
2. ਸੰਤ ਸੁੰਦਰ ਸਿੰਘ ਜੀ ਫਰੀਦ (ਬਾਦ ਵਿਚ ਸੰਤ ਨਗਰ ਸਥਿਤ ਆਪ ਦੇ ਡੇਰੇ ਦੇ ਉਤਰਅਧਿਕਾਰੀ ਬਣੇ)
3. ਰਤਨ ਸਿੰਘ
4. ਕਰਤਾਰ ਸਿੰਘ
5. ਵਰਿਆਮ ਸਿੰਘ ਮਸਤੇ ਕੋਟੀਆ
6. ਗਿਆਨ ਸਿੰਘ ਸਮਸਾ
7. ਕਰਤਾਰ ਸਿੰਘ ਅਤੇ
8. ਪਾਲਾ ਸਿੰਘ ਜਾਲ੍ਹਣੀ ਏ
9. ਫਤਹਿ ਸਿੰਘ ਮਾਛੀਕੇ
10. ਸੰਤ ਭਾਨ ਸਿੰਘ ਕੁੱਝਰਾਂ ਵਾਲਾ, ਇਹ ਜਥੇ ਦਾ ਲਾਂਗਰੀ ਸੀ
11. ਕਰਮ ਸਿੰਘ ਢੋਲਕੀ ਵਾਲਾ, ਪਿੰਡ ਵਰਨਾ ਦੇ ਹੀ ਸੁੱਖਣਆਣੇ ਵਾਲੇ ਖੂਹ ਤੋਂ।
12. ਸੰਤ ਲਾਭ ਸਿੰਘ ਜੀ ਕੱਕਾ
13. ਬਾਬਾ ਨਾਨਕ, ਜੀਉ ਬੱਗੀਆ
14. ਨਿਹਾਲ ਸਿੰਘ ਕਾਲੋਕੇ
15. ਹਾਕਮ ਸਿੰਘ ਕਾਲੋਕੇ
16. ਰਿਖੀ ਸਿੰਘ ਵਰਨਾ ਦਾ
17. ਭਗਤ ਸਿੰਘ ਸੁੱਖਣਆਣੀਆ
18. ਭਗਵਾਨ ਸਿੰਘ ਦਰਜੀ
19. ਸੰਤ ਬਹਾਦਰ ਸਿੰਘ ਜੀ ਨੱਤ, ਕੱਟਿਆ ਵਾਲੀ (ਸ਼ੇਖੂਪੁਰਾ)
20. ਇਹਨਾਂ ਦਾ ਭਾਈ ਵਰਿਆਮ ਸਿੰਘ ਉਸਤਾਦ ਕੱਟਿਆ ਵਾਲੀਆ

ਇਸ ਪ੍ਰਕਾਰ ਇਹਨਾਂ ਸਿੰਘਾਂ ਸਮੇਤ ਕੋਈ ਪੰਜਾਹ ਸੱਠ ਸਰੀਰ ਸੰਤ

ਆਲਾ ਸਿੰਘ ਹੋਰਾਂ ਦੇ ਜਥੇ ਵਿਚ ਹੁੰਦੇ ਸਨ। ਇਹ ਸਾਰੇ ਸਾਧ ਇਕ ਦੂੰ ਇਕ ਚੜ੍ਹਦੇ ਸਨ। ਭਜਨ ਬਾਣੀ ਕਰਦੇ ਸਨ। ਜ਼ਿਲ੍ਹਾ ਸ਼ੇਖੂਪੁਰਾ ਤੇ ਗੁਜਰਾਂਵਾਲਾ ਵਿਚ ਇਹਨਾਂ ਦਾ ਸੰਗਤਾਂ ਨਾਲ ਬਹੁਤ ਪ੍ਰੇਮ ਸੀ। ਜਿਥੇ ਕੋਈ ਕਿਸੇ ਗ਼ਰੀਬ ਸਿਖ ਨੂੰ ਤੰਗ ਕਰਦਾ ਸੰਤ ਆਲਾ ਸਿੰਘ ਜੀ ਆਪਣੇ ਜਥੇ ਸਮੇਤ ਪੁੱਜਦੇ। ਜੇ ਸੁਣਦੇ ਕਿ ਕੋਈ ਸਿੱਖ ਇਕੱਲਾ ਹੈ ਅਤੇ ਬੀਮਾਰ ਹੋ ਗਿਆ ਹੈ ਅਤੇ ਘਰ ਦੇ ਕੰਮ ਕਾਰ ਤੋਂ ਅਸਮਰੱਥ ਹੈ ਤਾਂ ਸੰਤ ਆਪਣੇ ਜਥੇ ਸਮੇਤ ਉਸ ਦੇ ਖੇਤੀਬਾੜੀ ਦੇ ਕੰਮ ਵਿਚ ਵੀ ਮੱਦਦ ਦਿੰਦੇ। ਕਿੰਨਿਆਂ ਹੀ ਅਜੇਹਿਆਂ ਸਿੱਖਾਂ ਦੀ ਕਣਕ ਆਪਣੇ ਜਥੇ ਸਮੇਤ ਵੱਢਦੇ, ਗਾਹ ਕੇ, ਤੂੜੀ ਦਾਣਾ ਉਸ ਦੇ ਘਰ ਸੁੱਟਦੇ। ਨਾਲੇ ਰੋਜ਼ ਸੁਬ੍ਹਾ ਸ਼ਾਮ ਪਿੰਡ ਵਿਚ ਦੀਵਾਨ ਲਾਉਂਦੇ। ਨਵੇਂ ਸਿੰਘ ਸਜਾਉਂਦੇ ਅਤੇ ਸ਼ਬਦ ਪੜ੍ਹਦੇ ਫਿਰ ਅਗਲੇ ਪਿੰਡ ਚਲੇ ਜਾਂਦੇ। ਲਾਗੇ ਚਾਗੇ ਜੇ ਕੋਈ ਗ਼ਰੀਬ ਸਿੱਖ ਪਾਠ ਦੀ ਅਰਜ਼ ਕਰਦਾ ਤਾਂ ਸੰਤ ਆਪਣੇ ਡੇਰੇ, ਹਲ਼ ਦਾ ਜੋਤਰਾ ਤੜਕੇ ਲਾਕੇ, ਘਰੋਂ ਪ੍ਰਸ਼ਾਦਾ ਛਕਕੇ, ਉਸ ਸਿਖ ਦੇ ਘਰ ਪਾਠ ਕਰਨ ਜਾਂਦੇ ਅਤੇ ਸਭ ਦੀਆਂ ਮੁਸ਼ਕਿਲਾਂ ਦੂਰ ਕਰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਚਾਰ ਚੁਫੇਰੇ ਸੰਤਾਂ ਦੀ ਮਹਿਮਾ ਬਣੀ ਹੋਈ ਸੀ। ਸ਼ਰੀਕੇ ਭਾਈਚਾਰੇ ਵਿਚ ਵੀ ਇਹਨਾਂ ਦਾ ਪੂਰਾ ਮਾਨ ਸਨਮਾਨ ਸੀ। ਇਹ ਪੂਰਨ ਸੰਤ ਸਨ। ਇਹਨਾਂ ਦੀ ਮਹਿਮਾ ਕਹਿਣ ਸੁਨਣ ਤੋਂ ਬਾਹਰੀ ਹੈ।

ਸੰਤ ਇਕ ਦਿਨ ਆਪਣਾ ਜਥਾ ਲੈ ਕੇ ਪਿੰਡ ਜਲ੍ਹਣ ਚਲੇ ਗਏ। ਇਥੇ ਸੰਤਾਂ ਦੀ ਭੈਣ ਵਿਆਹੀ ਸੀ। ਉਹ ਸਾਰੇ ਕੁਸੰਗੀ ਸਨ। ਜਿਸ ਵੇਲੇ ਜਥੇ ਦੇ ਸਿੰਘ ਇਸ਼ਨਾਨ ਪਾਣੀ ਤੋਂ ਨਵਿਰਤ ਹੋ ਪ੍ਰਭੂ ਚਰਨਾਂ ਵਿਚ ਲੀਨ ਹੋ ਬੈਠੇ, ਭਜਨ ਬੰਦਗੀ ਕਰ ਰਹੇ ਸਨ ਤਾਂ ਸੰਤ ਭਾਨ ਸਿੰਘ ਕੁੱਝਰ ਨੂੰ ਗੋਬਿੰਦ ਨੇ ਜਣਾਇਆ ਕਿ ਜਿਸ ਘਰ ਅਸੀਂ ਬੈਠੇ ਹਾਂ, ਇਹਨਾਂ ਇੱਥੇ ਦੋ ਕਤਲ ਕੀਤੇ ਹਨ। ਸੰਤ ਆਲਾ ਸਿੰਘ ਹੋਰਾਂ ਨੂੰ ਭਾਨ ਸਿੰਘ ਹੋਰਾਂ ਨੇ ਕਮਰਕੱਸਾ ਕਰਕੇ ਆਖਿਆ ਪਈ ਮੈਂ ਤੇ ਜਾ ਰਿਹਾ ਹਾਂ। ਮੈਂ ਇਸ ਘਰ ਦਾ ਅੰਨ ਜਲ ਨਹੀਂ ਛਕਣਾ। ਤੁਸੀਂ ਇੱਥੇ ਦੋ ਅਖੰਡ ਪਾਠ ਕਰਨ ਲਈ ਕਹਿੰਦੇ ਹੋ। ਸੰਤਾਂ ਨੇ ਆਖਿਆ ਕਿ ਮੈਨੂੰ ਪੁੱਛ ਲੈਣ ਦਿਉ। ਜੇ ਐਸੀ ਗੱਲ ਹੋਈ ਤਾਂ ਫਿਰ ਸਾਰੇ ਹੀ ਚੱਲਾਂਗੇ। ਮੈਨੂੰ ਵੀ ਕੋਈ ਲੋਕ ਲੱਜਿਆ ਨਹੀਂ, ਇਸ ਮਾਮਲੇ ਵਿਚ ਜੇ ਇਹ ਦੋਸ਼ੀ ਹੋਏ। ਸੰਤਾਂ ਨੇ ਭੈਣ ਨੂੰ ਕਿਹਾ ਕਿ ਸੱਚੋ ਸੱਚ ਦੱਸ ਦੇ। ਮੈਨੂੰ ਇਕ ਸਾਧੂ ਕਹਿ ਰਿਹਾ ਹੈ ਕਿ ਇਸ ਘਰ ਦੋ ਕਤਲ ਹੋਏ ਹਨ। ਦੋ ਕੁੜੀਆਂ ਨਹੀਂ ਇਕ ਕੁੜੀ ਅਤੇ ਇਕ ਲੜਕਾ ਮਾਰ ਕੇ ਦੱਬਿਆ ਸੀ। ਜਦੋਂ ਉਹਨਾਂ ਨੇ ਫਿਰ ਪੁੱਛਿਆ ਕਿ ਕੁੜੀਆਂ ਤਾਂ ਲੋਕ ਮਾਰਦੇ ਸਨ ਪਰ ਮੁੰਡਾ ਕਿਉਂ ਮਾਰਿਆ। ਸੰਤਾਂ ਦੀ ਭੈਣ ਦਾ ਜੁਆਬ ਸੀ ਇਹ ਪਾਪ ਮੇਰੇ ਘਰ ਵਾਲੇ ਨੇ ਕਰਵਾਇਆ, ਅਖੇ ਮੁੰਡਿਆਂ ਦੀ ਜ਼ਮੀਨ ਘਟ ਜਾਏਗੀ। (ਜਸ ਜੀਵਨ, ਜਿਲਦ ਪਹਿਲੀ, ਸਫਾ

176) ਭੈਣ ਨੇ ਆਖਿਆ, "ਜੀ ਸਾਧ ਸੱਚਾ ਏ ਤੇ ਮੈਂ ਝੂਠੀ ਹਾਂ। ਦੋ ਕੁੜੀਆਂ ਮਾਰ ਕੇ ਦੱਬੀਆਂ ਨੇ ਵਿਹੜੇ ਵਿਚ।" ਸੰਤਾਂ ਨੇ ਉਸ ਦੋਸ਼ ਦਾ ਉਹਨਾਂ ਨੂੰ ਡੰਨ ਲਾਇਆ, ਫਿਰ ਉਹਨਾਂ ਨੂੰ ਨਾਮ ਦੀ ਦਾਤ ਬਖ਼ਸ਼ ਕੇ ਭਜਨ ਬਾਣੀ ਵਾਲੇ ਪਾਸੇ ਲਾਏ ਅਤੇ ਫਿਰ ਅਖੰਡ ਪਾਠ ਕੀਤੇ।

ਸ੍ਰੀ ਸਤਿਗੁਰੂ ਜੀ ਨੇ ਜਿਲ੍ਹਾ ਗੁਜਰਾਂ ਵਾਲਾ ਦੀ ਸੰਗਤ ਨੂੰ ਦਰਸ਼ਨ ਦਾਤ ਨਾਲ ਨਿਹਾਲ ਕਰਨ ਬਾਦ ਜ਼ਿਲ੍ਹਾ ਸਿਆਲਕੋਟ ਦੀਆਂ ਸਿੱਕਦੀਆਂ ਰੂਹਾਂ ਦੀ ਸਾਰ ਲਈ। ਇਥੋਂ ਗੁਰਦਾਸਪੁਰ ਜ਼ਿਲ੍ਹੇ 'ਚੋਂ ਬਿਜਲੀਵਾਲ ਥਾਣੀਂ ਹੁੰਦੇ ਹੋਏ ਸਤਿਗੁਰੂ ਜੀ ਬਟਾਲੇ ਤੋਂ ਗੱਡੀ ਚੜ੍ਹ ਕੇ ਸ੍ਰੀ ਭੈਣੀ ਸਾਹਿਬ ਪੁਜ ਗਏ, ਫੱਗਣ ਦੇ ਮਹੀਨੇ ਵਿਚ। ਅਸੀਂ ਵੀ ਘੋੜਿਆਂ 'ਤੇ ਊਠਾਂ ਵਾਲੇ ਸਿੰਘ ਵੀ ਮੰਜ਼ਲਾਂ ਮਾਰਦੇ ਹੋਏ ਡੇਰੇ ਸ੍ਰੀ ਭੈਣੀ ਸਾਹਿਬ ਪੁੱਜ ਗਏ।

**ਦੂਜਾ ਹੋਲਾ ਅਨੰਦਪੁਰ ਸਾਹਿਬ ਦਾ 1975 ਬਿਕ੍ਰਮੀ:**

ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਹੁਕਮ ਦੇ ਦਿਤਾ ਕਿ ਅਨੰਦਪੁਰ ਸਾਹਿਬ ਦੇ ਹੋਲੇ ਤੇ ਚੱਲਣਾ ਹੈ। ਇਹ ਹੋਲਾ ਫਿਲੋਕਿਆਂ ਵਾਲੇ ਸੇਠਾਂ ਗੁਰਮੁਖ ਸਿੰਘ ਮਹਿਲ ਸਿੰਘ ਆਦਿ ਨੇ ਕਰਵਾਇਆ ਸੀ। ਸਤਿਗੁਰੂ ਜੀ ਦਾ ਪਹਿਲਾ ਪੜਾਅ ਪਿੰਡ ਲੱਲ (ਰਿਆਸਤ ਪਟਿਆਲਾ) ਵਿਖੇ ਸੀ। ਦੂਸਰਾ ਡੇਰਾ ਲਖਣਪੁਰ ਜਾ ਲਾਇਆ। ਤੀਜਾ ਲੰਗਰ ਕਕਰਾਲੇ ਕੀਤਾ। ਚੌਥਾ ਡਹਿਰ ਮੂੰਡੀਆਂ ਅਤੇ ਪੰਜਵਾਂ ਲੰਗਰ ਰੋਪੜ ਹੋਇਆ।

ਰੋਪੜ ਜਦੋਂ ਰਾਤ ਦਾ ਦੀਵਾਨ ਲੱਗਾ ਤਾਂ ਨਾਮਬਾਣੀ ਦੀ ਚੋਟ ਨਾਲ ਬਹੁਤ ਸਿੰਘ ਮਸਤਾਨੇ ਹੋਏ। ਸੰਤ ਚੰਦਾ ਸਿੰਘ ਹੋਰਾਂ ਦੇ ਬਾਰਾਂਮਾਂਹ ਦੀਆਂ ਤੁਕਾਂ ਵਰਗੀ ਦੀਵਾਨ ਦੀ ਛਬ ਬਣੀ:

"ਵੱਜੇ ਢੋਲਕ ਛੈਣੇ ਖੜਕਣ
ਹੱਲੇ ਦੇ ਸ਼ਬਦ ਕਲੇਜੇ ਰੜਕਣ
ਬੀਬੀਆਂ ਵਾਂਗ ਕਬੂਤਰ ਫਟਕਣ
ਕਰਦੀਆਂ ਨ੍ਰਿਤ ਰਤਾ ਨਾ ਅਟਕਣ"

ਸੰਤ ਆਲਾ ਸਿੰਘ ਜੀ ਨੇ ਇਥੇ ਆਪਣੀ ਘੋੜੀ ਅਰਦਾਸ ਕਰਾ ਦਿਤੀ। ਰਾਤ ਸੰਗਤਾ ਇਥੇ ਹੀ ਬਰਾਜੀਆਂ। ਸਵੇਰੇ ਜਦੋਂ ਸਾਧ ਸੰਗਤ ਨੇ ਚਾਲੇ ਮਾਰੇ ਤਾਂ ਸਤਿਗੁਰੂ ਜੀ ਨੇ ਸਿੰਘ ਭੇਜਿਆ, ਸੰਤਾਂ ਦੀ ਘੋੜੀ ਦੇ ਕੇ ਕਿ ਇਸ 'ਤੇ ਸੰਤਾਂ ਨੂੰ ਆਖੋ ਅਸਵਾਰੀ ਕਰ ਲੈਣ। ਹੁਕਮ ਵੀ ਰਜ਼ਾ ਵਿਚ ਹੀ ਮੰਨਿਆ ਜਾਂਦਾ ਹੈ। ਜਦੋਂ ਗੋਬਿੰਦ ਦੀ ਰਜ਼ਾ ਨਾ ਹੋਵੇ ਉਦੋਂ ਹੁਕਮ ਵੀ ਨਹੀਂ ਮੰਨਣ ਦਿੰਦਾ। ਸੰਤਾਂ ਜੁਆਬ ਦੇ ਕੇ ਘੋੜੀ ਮੋੜ ਘੱਲੀ ਕਿ ਘੋੜੀ ਹੁਣ ਮੇਰੀ ਨਹੀਂ ਰਹੀ। ਮੈਂ ਇਸ ਤੇ ਨਹੀਂ ਚੜ੍ਹਾਂਗਾ।

ਸਤਿਗੁਰੂ ਜੀ ਨੇ ਸਿੰਘ ਦੀ ਗੱਲ ਸੁਣਕੇ ਕਿਹਾ ਕਿ ਜੱਟ ਬੜੀ ਆਕੜ ਵਿਚ ਹੈ। ਮੇਰਾ ਹੁਕਮ ਵੀ ਨਹੀਂ ਸੂ ਮੰਨਿਆ ਘੋੜੀ ਤੇ ਚੜ੍ਹਣ ਵਾਲਾ। ਨਾਲ ਹੀ ਹਜ਼ੂਰ ਨੇ ਨਾਵੇਂ ਮਹੱਲੇ ਦੇ ਸਲੋਕ ਵੀ ਸੁਣਾ ਦਿਤੇ। ਪਹਿਲਾਂ ਗੁਰੂ ਚੇਲੇ ਦੀ ਬੜੀ ਬਣਦੀ ਸੀ। ਪਰ ਇਸ ਘਟਨਾ ਤੋਂ ਬਾਦ ਮਨਾਂ ਵਿਚ ਕੁਝ ਕੁਝ ਬੇਸੁਆਦੀ ਜਹੀ ਆ ਗਈ। ਹੁਣ ਇਥੋਂ ਚਾਲੇ ਮਾਰਦੇ ਹਨ। ਜਦੋਂ ਸਫ਼ਰ ਦੀ ਵੱਡੀ ਮੰਜ਼ਲ ਹੁੰਦੀ ਸੀ, ਉਦੋਂ ਘੋੜਿਆਂ 'ਤੇ ਹੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਿਆ ਕਰਦੇ ਸਨ। ਸੰਤ ਅਗਾਂਹ ਤੁਰ ਗਏ ਸਨ ਪਹਿਲੋਂ ਹੀ। ਦਿਨ ਚੜ੍ਹਦੇ ਨੂੰ ਸਰਸੇ ਨਦੀ 'ਤੇ ਪੁੱਜ ਗਏ। ਫਿਰ ਕੀਰਤਪੁਰ ਚੱਲ ਕੇ ਸਾਧ ਸੰਗਤ ਨੇ ਜਲ ਪਾਣੀ ਛਕਿਆ। ਇਥੋਂ ਅਨੰਦਪੁਰ ਸਾਹਿਬ ਪੰਜ ਕੋਹ ਸੀ। ਲੌਢੇ ਵੇਲੇ ਨੂੰ ਉਥੇ ਪਹੁੰਚ ਗਏ। ਚਰਨ ਗੰਗਾ ਨਦੀ ਦੇ ਪਾਰਲੇ ਪਾਸੇ ਤੰਬੂ ਲੱਗ ਗਏ, ਗੱਡੇ ਖਲੋ ਗਏ ਅਤੇ ਊਠ ਘੋੜੇ ਬੰਨ੍ਹ ਦਿੱਤੇ। ਉੱਥੇ ਹੀ ਲੰਗਰ ਹੋਏ ਅਤੇ ਦੀਵਾਨ ਸਜਦੇ ਰਹੇ। ਚੌਥੇ ਦਿਨ ਹੋਲੇ ਮਹੱਲੇ ਦਾ ਭੋਗ ਪੈ ਗਿਆ।

ਭਾਈ ਕਾਲੂ ਕੇ ਰਾਗੀ ਅਤੇ ਸੰਤ ਲਾਲ ਸਿੰਘ ਜੀ ਦਾ ਜਥਾ, ਭਾਈ ਹਰਨਾਮ ਸਿੰਘ ਰਾਗੀ ਦਾ ਜਥਾ ਨਾਲ ਮੰਗਲ ਸਿੰਘ, ਗਣੇਸ਼ਾ ਸਿੰਘ, ਪਰਤਾਪ ਸਿੰਘ ਇਹ ਦੂਜਾ ਜਥਾ ਸੀ ਰਾਗੀਆਂ ਦਾ। ਜਦੋਂ ਇਹ ਕੀਰਤਨ ਕਰਦੇ ਮਾਤ ਲੋਕ ਦੇ ਜੀਵ ਤਾਂ ਕੀ ਦੇਵ ਲੋਕ ਦੀਆਂ ਆਤਮਾਵਾਂ ਵੀ ਇਹਨਾਂ ਨੂੰ ਸੁਣਨ ਵਾਸਤੇ ਆ ਜਾਂਦੀਆਂ। ਭਾਈ ਹਰਨਾਮ ਸਿੰਘ ਹੋਰਾਂ ਨੂੰ ਹੀ ਸਤਿਗੁਰੂ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਜੀ ਦਾ ਬਚਪਨ ਵਿਚ ਰਾਗ ਦਾ ਉਸਤਾਦ, ਸਤਿਗੁਰੂ ਜੀ ਨੇ ਥਾਪਿਆ ਸੀ। ਇਹਨਾਂ ਤੇ ਮੁਹਾਵੇ ਵਾਲੇ ਸੰਤ ਕੇਸਰ ਸਿੰਘ ਜੀ ਦੀ ਪੂਰਨ ਕ੍ਰਿਪਾ ਸੀ। ਤੀਜਾ ਜਥਾ ਸੀ ਪ੍ਰਤਾਪ ਸਿੰਘ (ਸੰਤ ਭੂਰੇ ਗਿੱਲੀਏ, ਲਾਲ ਸਿੰਘ ਦਾ ਪੁੱਤਰ) ਜੀ ਦਾ ਨਾਲ ਸਨ ਨੱਥਾ ਸਿੰਘ ਤੇ ਜੋੜੀ ਵਾਲਾ ਤਾਰਾ ਸਿੰਘ। ਇਹ ਪ੍ਰਤਾਪ ਸਿੰਘ ਵੀ ਤਾਊਸ ਦਾ ਵਧੀਆ ਵਜੰਤਰੀ ਸੀ, ਜਦੋਂ ਪ੍ਰੇਮ ਵਿਚ ਆ ਕੇ ਗਾਉਂਦਾ ਸੀ ਤਾਂ ਸਮਾਂ ਬੱਝ ਜਾਂਦਾ ਸੀ। ਚੌਥਾ ਜਥਾ ਰਾਗੀਆਂ ਦਾ ਹੋਰ 7-8 ਸਿੰਘ ਇਕੱਠੇ ਕਰ ਕੇ ਬਣਾਇਆ ਸੀ ਜੋ ਇਕੱਲੇ ਇਕੱਲੇ ਹੋਲਾ ਵੇਖਣ ਆਏ ਸਨ। ਸ਼ਾਮ ਦੇ ਵੇਲੇ ਲਾਭ ਸਿੰਘ ਢਾਡੀ ਤੋਂ ਯੋਧਿਆਂ ਦੀਆਂ ਬੀਰ ਰਸੀ ਵਾਰਾਂ ਸੁਣੀਆਂ ਜਾਂਦੀਆਂ ਤਾਂ ਜੁ ਸੰਗਤ ਸ਼ਹੀਦੀ ਰੰਗ ਵਿਚ ਵੀ ਰੰਗੀ ਰਹੇ। ਕਿਉਂ ਜੁ ਸਤਿਗੁਰੂ ਰਾਮ ਸਿੰਘ ਜੀ ਦਾ ਪੰਥ, ਨਾਮ ਬਾਣੀ ਜਪਣ ਵਾਲਿਆਂ ਅਤੇ ਦੁਸ਼ਟਾਂ ਨੂੰ ਸੋਧਣ ਵਾਲਿਆਂ ਸੰਤ ਸਿਪਾਹੀਆਂ ਦਾ ਪੰਥ ਸੀ, ਨਿਰੋਲ ਆਦਿ ਗ੍ਰੰਥ ਦੀ ਬਾਣੀ ਤੇ ਆਧਾਰਿਤ ਕੀਰਤਨ ਕਰਨ ਵਿਚ ਸੰਤ ਲਾਲ ਸਿੰਘ ਭੂਰੇਗਿੱਲੀਏ ਸਿਰਮੌਰ ਸਨ। ਆਦਿ ਤੇ ਦਸਮ ਦੀ ਬਾਣੀ ਅਤੇ ਬਾਣੀ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਜੁੱਧਾਂ ਦਾ

ਨਕਸ਼ਾ ਪੇਸ਼ ਕਰਨ ਵਿਚ, ਚਵਿੰਡੇ ਵਾਲੇ ਹਰਨਾਮ ਸਿੰਘ ਦਾ ਕੋਈ ਸਾਨੀ ਨਹੀਂ ਸੀ। ਤੀਜੇ ਤੇ ਚੌਥੇ ਜਥੇ ਵਾਲੇ ਵੀ ਸ੍ਰੀ ਆਦਿ ਗ੍ਰੰਥ ਦੀ ਬਾਣੀ ਨੂੰ ਹੀ ਜ਼ਿਆਦਾਤਰ ਆਪਣੇ ਕੀਰਤਨ ਦਾ ਆਧਾਰ ਬਣਾਉਂਦੇ ਸਨ। ਕੀਰਤਨ ਬੱਸ ਐਸਾ ਹੀ ਹੁੰਦਾ ਸੀ। ਸਭ ਸੁੰਨ ਸਮਾਧ ਹੋ ਜਾਂਦੇ। ਇਸੇ ਲਈ ਇਹਨਾਂ ਦੀਵਾਨਾਂ ਵਿਚ ਹੀ ਮਸਤ ਸਿੰਘ ਗਾਉਂਦੇ ਸਨ:

"ਬਾਬੇ ਬਾਣ ਬਾਣੀ ਦੇ ਮਾਰੇ
ਰਾਜੇ ਜੋਗੀ ਹੋ ਗਏ ਨੀ
ਭਰਮ ਭਉ ਸਾਰੇ ਖੋ ਗਏ ਨੀ।"

ਪੰਥ ਦੇ ਪ੍ਰਚਾਰਕ ਇਹ ਸਿੰਘ ਸਨ:

ਬਹਿਸ ਦੇ ਧਨੀ ਸਨ - ਸੰਤ ਭਗਤ ਸਿੰਘ ਜੀ ਦਾਤੇ ਵਾਲੀਏ। ਬਾਣੀ ਦੇ ਪ੍ਰਮਾਣਾਂ ਦੁਆਰਾ ਦੇਹਧਾਰੀ ਗੁਰੂ ਦੇ ਵਿਚਾਰ ਨੂੰ ਸਿੱਧ ਕਰਦੇ ਸਨ। ਸੰਤ ਆਦਿ ਗ੍ਰੰਥ ਤੋਂ ਇਲਾਵਾ ਦਸਮ ਗ੍ਰੰਥ ਜੀ ਦੀ ਬਾਣੀ ਦੇ ਵੀ ਪਰਪੱਕ ਵਿਦਵਾਨ ਸਨ। ਅਰਬੀ ਫ਼ਾਰਸੀ ਦੇ ਵੀ ਮਾਹਿਰ ਸਨ। ਰਾਵੀ ਦੇ ਕੰਢੇ ਦੇ ਪਿੰਡ ਫਤੂਹੀ ਚੱਕ ਦੇ ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤਾ, ਦੁਨੀਆਂ ਨੂੰ ਆਕਾਸ਼ ਪਤਾਲ ਦੀਆਂ ਖ਼ਬਰਾਂ ਲਿਆ ਕੇ ਦੱਸਦੇ ਸਨ, ਆਪਣੇ ਸਤਿਗੁਰ ਦੀ ਕ੍ਰਿਪਾ ਨਾਲ। ਜੇ ਇਹ ਸੰਤ ਆਪਣੇ ਦੀਵਾਨ ਵਿਚ ਗਾਹਲਾਂ ਵੀ ਕੱਢਦੇ ਤਾਂ ਐਸੇ ਰਸ ਵਿਚ ਕੱਢਦੇ ਕਿ ਸਰੋਤੇ ਤਾਂ ਵੀ ਨਿਹਾਲ ਹੁੰਦੇ। ਸੰਤ ਟਹਿਲ ਸਿੰਘ ਜੀ ਸੱਦੋਵਾਲੀਏ, ਇਹ ਗੁਰਮਤ ਫਲਸਫ਼ੇ ਵਿਚ ਨਿਪੁੰਨ ਸਨ। ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ ਨਿਮਰਤਾ ਸਹਿਤ ਪ੍ਰੇਮ ਨਾਲ ਸ਼ਬਦ ਪੜ੍ਹਦੇ। ਸਾਰੀ ਉਮਰ ਹੀ ਕਾਲੀ ਭੂਰੀ ਰੱਖੀ। ਪ੍ਰਦੇਸੀ ਪ੍ਰੀਤਮ ਜੋ ਜਾਂਦੀ ਵੇਰ ਕਾਲੀ ਕੰਬਲੀ ਦੀ ਬੁੱਕਲ ਮਾਰ ਕੇ ਗੱਡੇ 'ਤੇ ਬੈਠੇ ਸਨ, ਉਹਨਾਂ ਦੇ ਆਪਣੀ ਜਨਮ ਭੂਮੀ ਤੋਂ ਉਸ ਅੰਤਿਮ ਸਫ਼ਰ ਦੀ ਯਾਦ ਵਿਚ ਹੀ ਸੰਤ ਇਹ ਕਾਲੀ ਭੂਰੀ ਰੱਖਦੇ। ਇਹਨਾਂ ਦੇ ਜਥੇ ਵਿਚ ਵੀ ਕਈ ਸਿੰਘ ਸ਼ਾਮਲ ਸਨ। ਇਹ ਸ਼ਮੀਰਪੁਰ ਜ਼ਿਲ੍ਹਾ ਸਿਆਲਕੋਟ ਦੇ ਸਨ। ਲੁਧਿਆਣੇ ਬੁੱਢੇ ਦਰਿਆ ਦੇ ਕੰਢੇ ਇਹਨਾਂ ਦਾ ਗੁਰਦੁਆਰਾ ਹੈ। ਭਜਨ ਦੱਸਦਿਆਂ ਹੀ ਮਸਤ ਕਰਨ ਵਾਲੇ ਅਤੇ ਸ਼ਰਾਬੀਆਂ ਕਬਾਬੀਆਂ ਨੂੰ ਕੂਕੇ ਬਨਾਉਣ ਵਾਲੇ ਸਨ, ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ। ਇਹ ਵੀ ਬੜੇ ਸੁਹਣੇ ਪ੍ਰਚਾਰਕ ਸਨ।

ਇੱਥੇ ਸਤਿਗੁਰੂ ਜੀ ਦੇ ਹਜ਼ੂਰੀ ਜਥੇ ਵਿਚ ਸ਼ਾਮਲ ਸਨ: ਸੰਤ ਆਲਾ ਸਿੰਘ ਜੀ ਆਪਣੇ 15-20 ਸਾਥੀਆਂ ਸਮੇਤ, ਸੰਤ ਮੋਹਨ ਸਿੰਘ ਜੀ (ਜੌਹਲਾਂ ਦਾ ਵਡਾਲਾ ਜ਼ਿਲਾ ਅੰਮ੍ਰਿਤਸਰ) 5-7 ਸਾਥੀਆਂ ਸਣੇ, ਸੰਤ ਫਤਹਿ ਸਿੰਘ ਜੀ ਮਾਂਗਾ ਇਹਨਾਂ ਨਾਲ ਵੀ 5-7 ਸਰੀਰ ਹੁੰਦੇ ਸਨ। ਜਦੋਂ ਦੀਵਾਨ ਪੰਡਾਲ ਵਿਚ ਲਾਉਂਦੇ

ਤਾਂ ਆਪੋ ਆਪਣਿਆਂ ਇਲਾਕਿਆਂ ਦੇ ਹੋਰ ਸਿੰਘ ਵੀ ਨਾਲ ਸ਼ਾਮਲ ਕਰ ਲੈਂਦੇ। ਇਹ ਸਿੰਘ ਰਾਤ ਵੀ ਸਤਿਗੁਰੂ ਜੀ ਨਾਲ ਕੀਰਤਨ ਕਰਦੇ ਸਨ, ਜਦੋਂ ਪੰਡਾਲ ਵਿਚ ਦੀਵਾਨ ਦਾ ਹੁਕਮ ਨਾ ਹੁੰਦਾ ਉਦੋਂ ਆਪਣੇ ਡੇਰੇ ਵਿਚ ਹੀ ਹਰ ਜੱਸ ਕਰ ਲੈਂਦੇ ਸਨ।

"ਦੋਹਾਂ ਦਲਾਂ ਭਿੜੰਦਿਆਂ"

ਸਤਿਗੁਰੂ ਜੀ ਦੇ ਘੋੜੇ ਬੱਝੇ ਹੋਏ ਸਨ। ਨਿਹੰਗ ਸਿੰਘਾਂ ਦਾ ਦਲ ਜੈਕਾਰੇ ਛੱਡਦਾ ਆਇਆ ਤੇ ਘੋੜਿਆਂ ਦੇ ਕਿੱਲੇ ਪੁੱਟ ਦਿਤੇ। ਕੁਝ ਚਿਰ ਤਾਂ ਅਸਾਂ ਸਤਿਗੁਰੂ ਜੀ ਦੇ ਹੁਕਮ ਦੀ ਇੰਤਜ਼ਾਰ ਕੀਤੀ, ਪਰ ਆਪ ਜੀ ਤਾਂ ਬਿਰਾਜੇ ਹੋਏ ਸਨ। ਫਿਰ ਸਿੰਘ ਵੀ ਉਠ ਕੇ ਪੈ ਗਏ। ਦੁਪਾਸੀਂ ਖੜਕਣ ਲੱਗ ਪਈਆਂ। ਨਿਹੰਗ ਸਿੰਘ ਹਰਨ ਹੋ ਗਏ। ਆਪਣੇ ਪਾਸਿਉਂ ਲੜਨ ਵਾਲੇ ਸਿੰਘ ਸਨ, ਘੋੜਿਆਂ ਵਾਲੇ ਸਿੰਘ ਅਤੇ ਸਤਿਗੁਰਾਂ ਦੇ ਹਜ਼ੂਰੀ ਜਥੇ ਦੇ ਸਿੰਘ ਕੁਝ ਕੁ, ਕਿਉਂਕਿ ਸੱਚੇ ਪਾਤਸ਼ਾਹ ਦਾ ਤੰਬੂ ਵੀ ਨਜ਼ਦੀਕ ਹੀ ਸੀ। ਉਹਨਾਂ ਦਾ ਊਠਾਂ ਘੋੜਿਆਂ ਵਾਲਿਆਂ ਨਾਲ ਸ਼ੁਰੂ ਤੋਂ ਹੀ ਪਿਆਰ ਸੀ ਇਸ ਲਈ ਆਪਣਾ ਡੇਰਾ ਉਹਨਾਂ ਦੇ ਲਾਗੇ ਹੀ ਰੱਖਦੇ। ਘੋੜਿਆਂ ਵਾਲਾ ਜੱਥਾ; ਇਸ ਵਿਚ ਇਹ ਸਿੰਘ ਸ਼ਾਮਲ ਸਨ:

1. ਊਧਮ ਸਿੰਘ ਚੇਲੇਕਾ ਦਰੋਗਾ, ਤੀਹ ਜੁਆਨ ਇਸ ਦੇ ਥੱਲੇ ਕੰਮ ਕਰਦੇ ਸਨ।

2 ਊਧਮ ਸਿੰਘ ਦਾ ਛੋਟਾ ਭਾਈ ਆਤਮਾ ਸਿੰਘ ਦਾੜ੍ਹੀ

3. ਦਰੋਗੇ ਦੇ ਚਾਚੇ ਦਾ ਪੁੱਤ ਭਰਾ ਅਮਰ ਸਿੰਘ ਤੇ ਉਸਦਾ ਛੋਟਾ ਭਾਈ

4. ਦਿਆਲ ਸਿੰਘ ਚੇਲੇਕੇ (ਅੰਮ੍ਰਿਤਸਰ)

5. ਗੁਰਮੁਖ ਸਿੰਘ ਝੱਬਰ (ਪੇਸ਼ ਕਰਤਾ)

6. ਲਾਭ ਸਿੰਘ ਫੱਤੇਵਾਲਾ (ਸਿਆਲਕੋਟ)

7. ਸ੍ਰ. ਭਗਤ ਸਿੰਘ ਪਿੰਡ ਵੀਲ੍ਹਾ (ਗੁਰਦਾਸਪੁਰ) ਉਪਨਾਮ ਚੀਕੂ

8. ਸੰਤਾ ਸਿੰਘ ਕੰਬੋ ਚੂਹੇਝਾੜ (ਸ਼ੇਖੂਪੁਰਾ)

9. ਉਜਾਗਰ ਸਿੰਘ, ਮੁਖ਼ਤਾਰਪੁਰ (ਸਿਆਲਕੋਟ)

10. ਦਲੀਪ ਸਿੰਘ ਠੇਠਰ ਕੇ (ਗੁਰਦਾਸਪੁਰ)

11. ਸੇਵਾ ਸਿੰਘ ਰੁੜਕਾ (ਲੁਧਿਆਣਾ)

12. ਚਤਰ ਸਿੰਘ, ਅਸ਼ਟਾਵੱਕਰ ਪਿੰਡ ਮਹਿਮਦਵਾਲੀ (ਸਿਆਲਕੋਟ)

13. ਖੜਕ ਸਿੰਘ ਚੁਰਲ ਪਿੰਡ ਤਤਲੇ (ਸਿਆਲਕੋਟ)

14. ਨਰਾਇਣ ਸਿੰਘ 'ਅਮਲੀ' ਖੇਡਾ (ਅੰਮ੍ਰਿਤਸਰ)

15. ਉਜਾਗਰ ਸਿੰਘ ਗੁਲਾਲੀਪੁਰ (ਅੰਮ੍ਰਿਤਸਰ)

16. ਵਰਿਆਮ ਸਿੰਘ ਦਾੜ੍ਹੀ (ਵਰਨ, ਜ਼ਿਲਾ ਸ਼ੇਖੂਪੁਰਾ)
17. ਸੁਰੈਣ ਸਿੰਘ ਗਿੜਧੀ, ਵਰਨ
18. ਹਰਨਾਮ ਸਿੰਘ ਕਾਰੀਗਰ ਪਿੰਡ ਟੁੰਡੇ (ਗੁਜਰਾਂਵਾਲਾ)
19. ਜੱਸਾ ਸਿੰਘ ਮਜ਼੍ਹਬੀ ਅਤੇ 10-12 ਹੋਰ ਸਿੰਘ ਸਨ। ਨਾਮ ਯਾਦ ਨਹੀਂ।

ਊਠਾਂ ਵਾਲੇ ਸਿੰਘ:

1. ਮਹੰਤ ਸਨ ਬਾਬਾ ਸੁਰਜਨ ਸਿੰਘ ਜੀ ਭੋਮੇ ਵਡਾਲੀਏ
2. ਮਸਤਾਨਾ ਟਹਿਲ ਸਿੰਘ ਬੌਰੀਆ ਵਾਲਾ
3. ਹਰਨਾਮ ਸਿੰਘ ਚੁੰਨ੍ਹੀ (ਅੰਬਾਲਾ)
4. ਸੁੰਦਰ ਸਿੰਘ ਬੰਬੂ ਸਹਿੰਸਰਾ
5. ਹਰਨਾਮ ਸਿੰਘ ਮਜ਼੍ਹਬੀ ਸਿੰਘ
6. ਸਮੁੰਦ ਸਿੰਘ ਮਜ਼੍ਹਬੀ ਸਿੰਘ

ਗੱਡਿਆਂ ਦੇ ਸਿਰਤਾਜ ਮਹੰਤ ਤੇ ਬੌਲਦ ਦੁੜਾਉਣ ਵਿਚ ਮਾਹਰ ਸਿੰਘ ਸਨ, ਮਹੰਤ ਕੌਲਾ ਸਿੰਘ ਜੀ ਮੌਲੀ ਦਰਾਲੀ(ਅੰਬਾਲਾ) ਮੈਨ ਦੁਆਬੀਏ। ਹੋਰ ਸਿੰਘ ਗੱਡਿਆਂ ਨਾਲ ਸਨ, ਮਾਘਾ ਸਿੰਘ ਅਲੌੜੀਆ ਅਤੇ ਜੁੱਲੀ ਚੁੱਕ ਵਸਾਖਾ ਸਿੰਘ। ਭਾਈ 'ਜੁੱਲੀ ਚੁੱਕ' ਰਾਤ ਤੁਰੇ ਜਾਂਦਿਆਂ ਨੂੰ ਹੀ ਭਜਨ ਦੇ ਦਿੰਦਾ ਸੀ। ਇਕ ਵੇਰ ਮੁਕਲਾਵੇ ਤੁਰੇ ਜਾਂਦੇ ਕੁੜੀ ਮੁੰਡੇ ਨੂੰ ਵੀ ਇਸ ਭਜਨ ਦੇ ਕੇ ਗੁਰੂ ਵਾਲੇ ਬਣਾ ਦਿਤਾ ਸੀ। ਈਸ਼ਰ ਸਿੰਘ ਗੱਡਿਆਂ ਵਾਲਾ ਰੱਸਾ ਖਿੱਚਣ ਵਿਚ ਕੁੱਲ ਤੋਂ ਅੱਗੇ ਸੀ। ਦੂਜੇ ਗੱਡੇ ਨਾਲ ਸਨ ਬਾਬਾ ਸੰਤਾ ਸਿੰਘ ਬੁਰਜ ਮਾਲਵੇ ਦੇ, ਸਰਦਾਰ ਰਾਇਪੁਰ ਗੁੱਜਰਵਾਲੀਆ, ਗੁਪਾਲ ਸਿੰਘ ਬਿੱਲਾ ਅਤੇ ਵਜੀਦੀਆ ਭਗਵਾਨ ਸਿੰਘ। ਇਹ ਬਾਬਾ ਸੰਤਾ ਸਿੰਘ ਰਾਹ ਵਿਚ ਤੁਰੇ ਜਾਂਦਿਆਂ ਨੂੰ ਕਿਸੇ ਨੂੰ ਬੋਲਣ ਨਹੀਂ ਸੀ ਦਿੰਦਾ ਜਾਂ ਤਾਂ ਮਾਲਾ ਫੇਰਦੇ ਸਨ ਜਾਂ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਨ।

ਨਿਹੰਗਾਂ ਦੇ ਦਲ ਦਾ ਮਹੱਲਾ ਨਿਕਲਣ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਵਿਚ, ਨਾਮਧਾਰੀ ਸਿੰਘ ਘੋੜਿਆਂ ਉਤੇ ਅਤੇ ਪੈਦਲ ਮਹੱਲਾ ਖੇਡਣ ਨਿਕਲੇ। ਨਾਲ ਮਹੰਤ ਕੌਲਾ ਸਿੰਘ ਜੀ ਦਾ ਗੱਡਾ ਸੀ। ਚਰਨ ਗੰਗਾ ਤੇ ਜਾਂਦਿਆਂ ਹੀ ਨੇਜ਼ੇਬਾਜ਼ੀ ਸ਼ੁਰੂ ਹੋ ਗਈ। ਜਿਸ ਵਿਚ ਸ੍ਰੀ ਸਤਿਗੁਰੂ ਜੀ ਅੱਬਲ ਰਹੇ ਕੁੱਲ ਤੋਂ ਜੋ ਉਥੇ ਜੁੜੇ ਸਨ ਨੇਜੇਬਾਜ, ਪੰਜਾਬ ਅਤੇ ਹੋਰ ਇਲਾਕਿਆਂ ਦੇ। ਘੋੜਾ ਸਿਰਪੱਟ ਦੌੜਾਕੇ ਰੁਮਾਲੀ ਚੁੱਕਣ ਵਿਚ ਵੀ ਆਪ ਤੋਂ ਬਿਨਾਂ ਹੋਰ ਕੋਈ ਕਾਮਯਾਬ ਨਾ ਹੋਇਆ। ਘੋੜੇ 'ਤੇ ਚੜ੍ਹਿਆਂ ਹੀ, ਸਿਰ ਮੈਦਾਨ ਘੋੜਾ ਦੁੜਾਉਂਦਿਆਂ ਆਪ, ਜ਼ਮੀਨ ਤੇ ਪਿਆ ਨਿੰਬੂ ਤਲਵਾਰ ਮਾਰ ਕੇ ਕੱਟ ਦਿੰਦੇ ਸਨ। ਇਸ ਹੋਲੇ ਮਹੱਲੇ ਸਮੇਂ ਦੋਵੇਂ ਛੋਟੇ ਭਰਾਤਾ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਵੀ ਹਜ਼ੂਰ ਦੇ ਨਾਲ ਹੀ

ਬਾਬੇ ਜੱਸੇ ਦੇ ਪ੍ਰਵਾਰ ਦੀ ਕੀਰਤੀ ਨੂੰ ਬਿਖੇਰ ਰਹੇ ਸਨ।

ਰਾਤ ਨੂੰ ਹੱਲੇ ਦਾ ਦੀਵਾਨ ਲੱਗਾ ਹੋਇਆ ਸੀ ਜਦੋਂ ਨਿਹੰਗ ਸਿੰਘਾਂ ਦੇ ਦਲ ਵਲੋਂ ਚਿਠੀ ਆਈ ਕਿ ਆਪਾਂ ਦੋਵੇਂ ਦਲ ਜਿਹਨਾਂ ਬਾਰੇ ਗਿਆਨੀ ਗਿਆਨ ਸਿੰਘ ਹੋਰਾਂ ਵੀ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਨਿਰਮਲਿਆਂ ਦੇ ਨਾਲ:

"ਨਿਰਮਲੇ ਨਿਹੰਗ ਕੂਕੇ
ਤੀਨੋ ਸਿੰਘ ਹੈਂ ਅਚੂਕੇ।"

ਆਪੋ ਵਿਚੀਂ ਖਹਿਬੜਦੇ ਚੰਗੇ ਨਹੀਂ ਲਗਦੇ, ਅਸੀਂ ਵੀ ਆਪਣੇ ਸਿੰਘਾਂ ਨੂੰ ਸਮਝਾਉਂਦੇ ਹਾਂ, ਤੁਸੀਂ ਵੀ ਆਪਣੇ ਸਿੰਘਾਂ ਨੂੰ ਸਮਝਾਓ ਅਤੇ ਸਮਝੌਤਾ ਕਰ ਲਈਏ। ਸਤਿਗੁਰ ਸੱਚੇ ਪਾਤਸ਼ਾਹ ਤਾਂ

"ਨਿਵੈ ਸੁ ਗਉਰਾ ਹੋਇ।"

ਦੇ ਮਹਾਂਵਾਕ ਦੇ ਪਹਿਲੋਂ ਹੀ ਅਨੁਯਾਈ ਸਨ। ਪੰਜ ਸਿੰਘ ਆਪ ਨੇ ਨਿਹੰਗ ਸਿੰਘਾਂ ਦੇ ਦਲ ਵਿਚ ਆਪਣੇ ਵਲੋਂ ਪਹਿਲ ਕਰਕੇ ਭੇਜ ਦਿਤੇ। ਹੋਈ ਬੀਤੀ ਤੇ ਪਸ਼ਚਾਤਾਪ ਕੀਤਾ। ਅਗੋਂ ਤੋਂ ਰਲ ਮਿਲ ਕੇ ਇਕ ਦੂਜੇ ਦੀ ਮਾਣ ਮਰਿਯਾਦਾ ਦਾ ਸਤਿਕਾਰ ਕਰਨ ਦੀ ਲੋੜ ਤੇ ਜ਼ੋਰ ਦਿਤਾ ਗਿਆ। ਇਉਂ ਦੋਹਾਂ ਪੰਥਾਂ ਦਾ ਪ੍ਰੇਮ ਪੂਰਬਕ ਸਮਝੌਤਾ ਹੋ ਗਿਆ।

ਸਵੇਰੇ ਨਾਮਧਾਰੀ ਦਲ ਦੀ ਵਾਰੀ ਸੀ ਗੁਰਦੁਆਰੇ ਸਾਹਿਬ ਜਾ ਕੇ ਮੱਥਾ ਟੇਕਣ ਦੀ। ਉਸੇ ਗੁਰਦੁਆਰੇ ਜਿੱਥੇ ਅੱਜ ਤੋਂ 52 ਵਰ੍ਹੇ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸੂਬਿਆਂ, ਮਹੰਤਾਂ, ਸੰਤਾਂ ਅਤੇ ਸਿੰਘਾਂ ਸਮੇਤ, ਹੁਣ ਵਾਂਗੂੰ ਹੀ, ਹਜ਼ਾਰਾਂ ਦੀ ਸੰਖਿਆ ਵਿਚ, ਪੂਰੇ ਰਾਜਸੀ ਠਾਠ ਬਾਠ ਨਾਲ ਆਏ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਇਸ ਸਮੇਂ ਤੀਹ ਹਜ਼ਾਰ ਤੋਂ ਵੱਧ ਨਾਮਧਾਰੀ ਸਿੰਘ ਸਨ। ਇਹ ਇਸ ਗੱਲ ਦਾ ਵੀ ਪ੍ਰਤੀਕ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪੂਰਬ ਕ੍ਰਿਪਾ ਸਦਕਾ, ਤੰਗੀਆਂ ਤੁਰਸ਼ੀਆਂ ਦਾ ਦੌਰ ਹੁਣ ਮੁੱਕਦਾ ਜਾਂਦਾ ਸੀ, ਜਿਸ ਪੰਥ ਦੇ ਪੰਜ ਬੰਦੇ ਵੀ ਅੱਜ ਤੋਂ ਕੁਝ ਸਾਲ ਪਹਿਲਾਂ ਜੇ ਜੁੜਦੇ ਤਾਂ ਗੋਰਾਸ਼ਾਹੀ ਦਾ ਕਾਲਾ ਕਾਨੂੰਨ ਫੌਰਨ ਹਰਕਤ ਵਿਚ ਆ ਜਾਂਦਾ ਸੀ। ਅੱਜ ਉਸੇ ਬਦੇਸ਼ੀ ਹਕੂਮਤ ਦੇ ਰਾਜ ਵਿਚ ਹੀ ਫਿਰ ਨਾਮਧਾਰੀ ਸਿੰਘਾਂ ਦੇ ਐਡੇ ਐਡੇ ਵਿਸ਼ਾਲ ਇਕੱਠ ਹੋਣੇ ਸ਼ੁਰੂ ਹੋ ਗਏ ਸਨ। ਦੇਸ਼ ਕੌਮ ਦੀ ਤਕਦੀਰ ਦੇ ਬਦਲ ਰਹੇ ਲੱਛਣ, ਪੜ੍ਹਨ ਵਾਲਿਆਂ ਨੂੰ ਕੰਧ 'ਤੇ ਸਾਫ਼ ਲਿਖੇ ਨਜ਼ਰ ਆ ਰਹੇ ਸਨ।

ਕੀਰਤਨ ਕਰਦੇ ਹੋਏ ਸਾਰੇ ਜਥੇ ਸਤਿਗੁਰੂ ਜੀ ਦੇ ਪਿੱਛੇ ਪਿੱਛੇ ਗੁਰਦੁਆਰੇ ਨੂੰ ਤੁਰ ਪਏ। ਸੰਤ ਭਗਤ ਸਿੰਘ ਜੀ ਦਾਤੇਵਾਲੀਏ ਨੇ ਤ੍ਰੈ-ਰੰਗਾ ਚੋਲਾ ਪਹਿਨਿਆ ਹੋਇਆ ਸੀ। ਦੋ ਢੋਲਕੀਆਂ ਤੇ ਖਲੋ ਕੇ ਆਪ ਪ੍ਰਚਾਰ ਕਰਦੇ ਸਨ। ਦਸਮ ਦੀ

ਬਾਣੀ ਪੜ੍ਹਦੇ ਜਾਂ ਵੀਰ ਸਿੰਘ ਦੇ ਬਾਰਾਂਮਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਰੰਗ ਬੰਨ੍ਹਦੇ ਸਨ:

"ਚੜ੍ਹੇ ਵੈਸਾਖ ਮਨ ਮਸਤਾਨਾ
ਸਤਿਗੁਰ ਸੁਧ ਕੀਆ ਪਿਆਨਾ
ਧੌਂਸਾ ਘਣੀਅਰ ਜਿਉਂ ਘੁਰਰਾਨਾ
ਕੜ ਕੜ ਕੜਕਣ ਸ਼ਬਜ਼ ਕਮਾਨਾਂ
ਕੜ ਕੜ ਕੜਕਦੀਆਂ।"

ਜਦੋਂ ਮੱਥਾ ਟੇਕਣ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪੁੱਜੇ ਤਾਂ ਪਉੜੀਆਂ ਪਾਸ ਇਕ ਨਿਹੰਗ ਸਿੰਘ ਜੀ ਖਲੋਤੇ ਸਨ। ਸੁੱਖੇ ਦੇ ਰੱਜੇ ਹੋਏ ਹੱਥ ਵਿਚ ਨੰਗੀ ਸ੍ਰੀ ਸਾਹਿਬ ਮੂੰਹੋਂ ਇਹੋ ਬੋਲਾ ਕਰਨ "ਕੂਕਿਆਂ ਦੇ ਗੁਰੂ ਨੂੰ ਮੱਥਾ ਨਹੀਂ ਟੇਕਣ ਦਿਆਂਗਾ, ਉਸਦਾ ਸਿਰ ਵੱਢ ਦਿਆਂਗਾ।"

ਜਦੋਂ ਅਸੀਂ ਡਾਂਗਾ ਸੂਤੀਆਂ ਅਤੇ ਆਪੋ ਆਪਣੇ ਸ਼ਸ਼ਤਰਾਂ ਨੂੰ ਜੋਹਿਆ ਤਾਂ ਸਤਿਗੁਰੂ ਜੀ ਨੇ ਇਸ਼ਾਰੇ ਨਾਲ ਸ਼ਾਂਤੀ ਰੱਖਣ ਦੀ ਹਦਾਇਤ ਕੀਤੀ ਅਤੇ ਫੁਰਮਾਇਆ ਕਿ ਤੁਹਾਡੇ ਵਿਚੋਂ ਕਿਸੇ ਕੋਈ ਹਰਕਤ ਨਹੀਂ ਕਰਨੀ, ਇਹਨਾਂ ਸਿੰਘ ਜੀ ਨਾਲ ਮੈਂ ਆਪੇ ਹੀ ਸੁਲਝ ਲਵਾਂਗਾ। ਜਿਵੇਂ ਪਰਸ ਰਾਮ ਦੇ ਪੈਰੀਂ ਹੱਥ ਲਾ ਕੇ ਭਗਵਾਨ ਰਾਮ ਚੰਦਰ ਜੀ ਨੇ ਉਸਦੀ ਸੱਤਿਆ ਖਿੱਚ ਲਈ ਸੀ, ਤਿਵੇਂ ਹੀ ਸ੍ਰੀ ਸਤਿਗੁਰੂ ਜੀ ਨੇ ਜਿਉਂ ਹੀ ਥੋਹੜਾ ਝੁਕ ਕੇ ਉਸ ਨਿਹੰਗ ਸਿੰਘ ਦੇ ਚਰਨੀਂ ਹੱਥ ਲਾਉਣ ਦੀ ਕੋਸ਼ਿਸ਼ ਕੀਤੀ, ਉਹ ਅਹਿੱਲ ਹੋ ਗਿਆ, ਅੱਖਾਂ ਟੱਡੀਆਂ ਹੀ ਰਹਿ ਗਈਆਂ ਅਤੇ ਤਲਵਾਰ ਹੱਥੋਂ ਛੁਟਕ ਕੇ ਪਰ੍ਹੇ ਜਾ ਪਈ। ਸਾਰੀ ਸੰਗਤ ਤਾਂ ਮੱਥਾ ਟੇਕ ਕੇ ਆਪਣੇ ਡੇਰੇ ਆ ਗਈ, ਪਰ ਜਦੋਂ ਮੱਥਾ ਟੇਕ ਕੇ ਆਉਣ ਵਾਲਿਆਂ ਦੀ ਭੀੜ ਦਾ ਧੱਕਾ ਵੱਜਿਆ ਤਾਂ ਸਾਡੀਆ ਤਿੰਨੇ ਮਾਤਾਵਾਂ ਮਾਤਾ ਭੂਪਿੰਦਰ ਕੌਰ, ਬੇਬੇ ਸਤਵੰਤ ਕੌਰ (ਮਹਾਰਾਜ ਨਿਹਾਲ ਸਿੰਘ ਜੀ ਦੇ ਮਹਿਲ) ਖ਼ੁੰਝ ਗਈਆਂ। ਕੁਦਰਤ ਨਾਲ ਜਿਸ ਗਲੀਏ, ਇਹ ਪੈ ਗਈਆਂ, ਉਸੇ ਗਲੀਏ ਮੈਂ ਤੇ ਤਿੰਨ ਚਾਰ ਹੋਰ ਸਿੰਘ ਵੀ ਭੁਲੇਖੇ ਨਾਲ ਪੈ ਗਏ। ਅਸੀਂ ਵੀ ਉਨ੍ਹਾਂ ਨਾਲ ਜਾ ਰਲੇ ਅਤੇ ਫਿਰ ਸ਼ਹੀਦੀ ਬਾਗ਼ ਵੇਖਿਆ। ਡੇਰੇ ਜਦੋਂ ਪਤਾ ਲੱਗਾ ਮਾਈਆਂ ਦੇ ਖੁੰਝਣ ਦਾ ਤਾਂ ਸਤਿਗੁਰੂ ਜੀ ਨੇ ਸਿੰਘ ਭਜਾ ਦਿਤੇ। ਲਭਦੇ ਲਭਾਉਂਦੇ ਹੀ ਸਨ ਉਹ ਅਜੇ ਜਦੋਂ ਅਸੀਂ ਪੁੱਜ ਗਏ। ਸਤਿਗੁਰੂ ਜੀ ਕੁਝ ਨਾਰਾਜ਼ ਹੋਏ ਕਿ ਇਤਨਾ ਚਿਰ ਲਾ ਦਿਤਾ। ਪਰ ਉਹਨਾਂ ਦੇ ਵੀ ਕੀ ਵੱਸ ਸੀ ਹੋਲੇ ਦੇ ਸਮੇਂ ਅਨੰਦਪੁਰ ਸਾਹਿਬ ਤਾਂ ਮਾਨੋ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ ਹੀ ਬਣ ਜਾਂਦਾ ਹੈ। ਐਨੀ ਭੀੜ ਵਿਚ ਬੰਦਾ ਖੁੰਝਣ ਲੱਗਿਆਂ ਕੋਈ ਪਤਾ ਥੋੜ੍ਹਾ ਲੱਗਦਾ ਹੈ।

ਹੋਲੇ ਦੇ ਭੋਗ ਤੋਂ ਅਗਲੀ ਸਵੇਰ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾਏ। ਜਦੋਂ ਤੁਰਨ ਲੱਗੇ ਤਾਂ ਸੰਤ ਆਲਾ ਸਿੰਘ ਜੀ ਨਾ ਲੱਭਣ। ਸਤਿਗੁਰੂ ਜੀ ਨੇ ਆਪਣਾ ਦਲ ਤਾਂ ਤੋਰ ਦਿਤਾ। ਰਾਹ ਵਿਚ ਚੰਬੀ ਘੋੜੀ "ਕੱਕੂ" ਕਰਤਾਰ ਸਿੰਘ ਤੋਂ ਛੁੱਟ ਕੇ ਭੱਜ ਗਈ। ਹਜ਼ੂਰ ਨੇ ਆਪਣੀ ਘੋੜੀ ਉਸਦੇ ਮਗਰ ਲਾ ਦਿਤੀ। ਤਿੰਨ ਵੇਰਾਂ ਸਤਿਲੁਜ ਤੋਂ ਪਾਰ ਗਏ ਅਤੇ ਤਿੰਨ ਵੇਰਾਂ ਹੀ ਉਰਾਰ ਆਏ। ਫਿਰ ਕਿਤੇ ਜਾ ਕੇ ਉਹ ਘੋੜੀ ਕਾਬੂ ਆਈ। ਰਾਤ ਨੂੰ ਜਦੋਂ ਮਹੰਤ ਕੇਸਰ ਸਿੰਘ ਮਜਾਧ, ਰੋਪੜ ਵਾਲੇ ਪੜਾਅ ਤੇ, ਪ੍ਰਸ਼ਾਦ ਛਕਾਉਣ ਲੱਗਾ ਤਾਂ ਬਚਨ ਕੀਤਾ, "ਇਕ ਤਾਂ ਸੰਤ ਆਲਾ ਸਿੰਘ ਜੀ ਕਿਤੇ ਤੁਰ ਗਏ ਨੇ, ਚਿੱਤ ਨੂੰ ਬੜੀ ਤਕਲੀਫ਼ ਆਈ ਹੈ। ਇਕ ਸਵੇਰੇ ਗੁਰਮੁਖ ਵੀ ਨਹੀਂ ਮਿਲਿਆ, ਉਹ ਵੀ ਰਾਤ ਦਾ ਨਾਰਾਜ਼ ਹੋ ਗਿਆ ਸੀ। ਮੈਂ ਘੋੜਾ ਉੱਥੇ ਛੱਡ ਆਇਆ ਹਾਂ, ਪਤਾ ਨਹੀਂ ਵੈਸਾਖੀ ਤੇ ਲੈ ਜਾਣ ਲਈ ਅੰਮ੍ਰਿਤਸਰ ਨੂੰ ਗੁਰਮੁਖ ਤੁਰਿਆ ਹੈ ਕਿ ਨਹੀਂ।" ਫਿਰ ਫੁਰਮਾਇਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਤਾਂ ਇੱਥੇ ਰਾਤ ਦੇ ਸਮੇਂ ਭਾਜੜ ਪਈ ਸੀ, ਸਾਨੂੰ ਅੱਜ ਦਿਨੇ ਹੀ ਭਾਜੜ ਪਈ ਰਹੀ ਹੈ। ਖ਼ਰਾਬ ਹੋਏ ਹਾਂ। ਫਿਰ ਬਚਨ ਕੀਤਾ ਕਿ ਹੁਣ ਇੱਥੇ ਦੋ ਹੋਲੇ ਕਰ ਲਏ ਹਨ, ਸੱਤਾਂ ਸਾਲਾਂ ਦੇ ਵਿੱਚ ਵਿੱਚ। ਹੁਣ ਅੱਗੋਂ ਹੋਰ ਕੋਈ ਹੋਲਾ ਨਹੀਂ ਹੋਵੇਗਾ ਸਾਡੇ ਵੱਲੋਂ ਇਸ ਅਸਥਾਨ 'ਤੇ।

ਸਤਿਗੁਰੂ ਜੀ ਭੈਣੀ ਸਾਹਿਬ ਪਹੁੰਚ ਗਏ। ਸੰਤ ਆਲਾ ਸਿੰਘ ਜੀ ਤੇ ਮੈਂ ਦੁਰਗਾਪੁਰ ਚਲੇ ਗਏ। ਸੰਤ ਦੁਰਗਾਪੁਰੋਂ ਗੱਡੀ ਚੜ੍ਹ ਕੇ ਪਿੰਡ ਨੂੰ ਚਲੇ ਗਏ। ਮੈਂ ਮੰਜ਼ਲੋ ਮੰਜ਼ਲੀ ਘੋੜਾ ਲੈ ਕੇ ਵਿਸਾਖੀ ਤੇ ਅੰਮ੍ਰਿਤਸਰ ਪੁਜ ਗਿਆ। ਉਥੇ ਉਹ ਘੋੜਾ ਵਿਕ ਗਿਆ। ਸਤਿਗੁਰੂ ਜੀ ਨੇ ਮੈਨੂੰ ਕਿਹਾ, "ਤੂੰ ਵੀ ਝੱਬਰਾਂ ਨੂੰ ਚਲਾ ਜਾਹ। ਨਾਲੇ ਆਪਣਾ ਜ਼ਮੀਨ ਦਾ ਹਿੱਸਾ ਠੇਕਾ ਲੈ ਆਵੀਂ ਤੇ ਨਾਲੇ ਸੰਤ ਆਲਾ ਸਿੰਘ ਹੋਰਾਂ ਨੂੰ ਮਨਾ ਲਿਆਵੀਂ।" ਮੈਂ ਸੰਤਾਂ ਨੂੰ ਅਰਜ਼ ਕੀਤੀ। ਉਹਨਾਂ ਨਿਮਾਣੀ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਪਹੁੰਚਣ ਦਾ ਬਚਨ ਮੇਰੇ ਨਾਲ ਕੀਤਾ ਜੋ ਬਾਦ ਵਿਚ ਪੂਰਾ ਹੋ ਗਿਆ। ਮੈਂ ਵੀ ਡੇਰੇ ਸ੍ਰੀ ਭੈਣੀ ਸਾਹਿਬ ਪੁਜ ਕੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਨਿਮਾਣੀ ਦਾ ਮੇਲਾ ਜੋ ਜੇਠ ਵਦੀ ਦਸਵੀਂ ਨੂੰ ਹੁੰਦਾ ਸੀ, ਸ੍ਰੀ ਭੈਣੀ ਸਾਹਿਬ ਉਸ ਵਿਚ ਬਹੁਤ ਸੰਗਤ ਸਭ ਇਲਾਕਿਆਂ ਤੋਂ ਆ ਕੇ ਜੁੜਦੀ ਸੀ। ਐਤਕੀਂ ਨਹਿਰ ਤੇ ਸੰਤ ਆਲਾ ਸਿੰਘ ਜੀ ਅਤੇ ਸੰਤ ਮੋਹਨ ਸਿੰਘ ਜੀ ਵਡਾਲੇ ਜੌਹਲਾਂ ਵਾਲੇ ਵੀ ਟਿਕੇ ਰਹੇ। ਬੜੀ ਸੰਗਤ ਆਉਂਦੀ ਰਹੀ ਹੋਰ ਵੀ, ਦੁਸਹਿਰੇ ਤੱਕ। ਪਿਛਲੇ ਸਾਲਾਂ ਵਾਂਗ ਹੀ ਸਾਰੇ ਪ੍ਰੋਗਰਾਮ ਸਫਲਤਾਪੂਰਵਕ ਸਿਰੇ ਚੜ੍ਹਾਏ ਗਏ।

ਦੁਸਹਿਰੇ ਨੂੰ ਸ੍ਰੀ ਸਤਿਗੁਰੂ ਜੀ, ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਫਿਰ

ਦੀਵਾਲੀ ਤੇ ਸਭ ਸ੍ਰੀ ਅੰਮ੍ਰਿਤਸਰ ਜੁੜ ਗਏ। ਲਾਹੌਰ, ਸ਼ੇਖੂਪੁਰਾ ਜ਼ਿਲ੍ਹੇ ਨੂੰ ਤਾਰਦੇ ਨਨਕਾਣੇ ਸਾਹਿਬ ਚਾਰ ਦਿਨ ਰਹਿ ਕੇ ਮੇਲਾ ਕੀਤਾ। ਫਿਰ ਲਾਹੌਰ ਦੇ ਪਿੰਡਾਂ ਵਿਚਦੀ ਹੁੰਦੇ ਹੋਏ ਆਪ ਫ਼ੀਰੋਜ਼ਪੁਰ ਜ਼ਿਲ੍ਹਾ ਮਾਲਵੇ ਵਿਚ ਪੁੱਜ ਗਏ। ਰੋਡੇ, ਖੋਟੇ, ਮਧੇ, ਸੈਦੋ, ਭਦੌੜ, ਬਿਲਾਸਪੁਰ, ਤਖ਼ਤੂਪੁਰਾ, ਨੰਗਲ, ਨਥਾਣਾ, ਭਗਤਾ ਭਾਈ ਕਾ, ਢਿੱਲਵਾਂ, ਮੌੜੇ, ਰਾਇਸਰ, ਬਰਨਾਲਾ, ਧਨੌਲਾ, ਪਿੱਥੋ, ਗੁਮਟੀ, ਕਰਾਈਵਾਲਾ, ਮਲੋਟ, ਗੁਰੂਸਰ, ਅਬੁਲ ਖੁਰਾਣਾ, ਮੁਕਤਸਰ, ਡੂਲੇ ਵਾਲਾ, ਝਾੜੀ ਵਾਲਾ, ਕੰਗਣਪੁਰ, ਦਾਓਕੇ ਆਦਿ ਥਾਣੀਂ ਮਾਲਵੇ ਦਾ ਦੌਰਾ ਮੁਕੰਮਲ ਕਰਕੇ ਫਿਰ ਮਾਝੇ ਵਿਚ ਦਾਖ਼ਲ ਹੋ ਗਏ। ਇੱਥੋਂ ਫਿਰ ਆਪ ਪੱਤੋ, ਜਮਸ਼ੇਰ, ਨਥੇਹ ਤੋਂ ਰਾਵੀ ਲੰਘ ਕੇ ਅਠਾਰਾਂ ਚੱਕ ਦੁਗੈਚ, ਉਨੀ ਚੱਕ ਦੁਗੈਚ, ਰੱਤਾ ਚੋਆ, ਬੁਰਜ, ਸਿਰਹਾਲੀ (ਬਾਰ ਵਾਲੀ), ਚੂਹੇਝਾੜ, ਕੱਟਿਆਂ ਵਾਲੀ, ਪੰਨਵਾ, ਮਾਨਾਂਵਾਲਾ, ਮੱਖੀ ਆਦਿ ਨਗਰਾਂ ਨੂੰ ਭਾਗ ਲਾਉਂਦੇ ਹੋਏ ਪਿੰਡ ਵਰਨ ਜ਼ਿਲ੍ਹਾ ਸ਼ੇਖੂਪੁਰਾ ਵਿਚ ਹੋਲੇ ਮਹੱਲੇ ਦੇ ਪੁਰਬ ਸਮੇਂ ਜਾ ਦਰਸ਼ਨ ਦਿਤੇ।

ਕੁਝ ਵਰਨਾ ਵਿਰਕਾਂ ਬਾਰੇ ਹੋਲਾ ਵਰਨਾਂ ਦਾ, 1976 ਬਿ:

ਜਿਵੇਂ ਅਸੀਂ ਬਜ਼ੁਰਗਾਂ ਤੋਂ ਸੁਣਿਆ ਹੈ, ਜੰਮੂ ਦੇ ਰਾਜੇ ਉਗਰਸੈਨ ਦੀ ਗ਼ੈਰ ਰਾਜਪੂਤ ਰਾਣੀ ਵਿਚੋਂ ਜੋ ਤਿੰਨ ਪੁੱਤਰ ਹੋਏ ਬਾਰ੍ਹਵੀਂ ਸਦੀ ਈਸਵੀ ਵਿਚ, ਉਹਨਾਂ ਦੇ ਨਾਮ ਕ੍ਰਮ ਅਨੁਸਾਰ ਵਰਨ, ਧਰੰਗੜ ਤੇ ਵਿਰਕ ਸਨ। ਵਰਨਾਂ ਦਾ ਇਹ ਇਕ ਹੀ ਪਿੰਡ ਸੀ ਸ਼ੇਖੂਪੁਰੇ ਜ਼ਿਲ੍ਹੇ ਵਿਚ, ਧਰੰਗੜ ਦੀ ਉਲਾਦ ਇਸਲਾਮ ਧਾਰਨ ਕਰ ਗਈ ਸੀ ਅਤੇ ਜੱਟਾਂ ਸਿੱਖਾਂ ਵਿਚ ਵਧੇਰੇ ਪ੍ਰਸਿੱਧੀ ਵਿਰਕ ਦੀ ਉਲਾਦ ਨੂੰ ਹੀ ਮਿਲੀ। ਉਂਜ ਵਿਰਕ ਕੁਝ ਹਿੰਦੂ ਅਤੇ ਚੋਖੇ ਮੁਸਲਮਾਨ ਜੱਟਾਂ ਵਿਚ ਵੀ ਹਨ। ਜ਼ਿਆਦਾ ਤਪ ਤੇਜ ਵਿਰਕ ਦਾ ਹੀ ਫੈਲਿਆ ਜਿਸ ਦੀ ਉਲਾਦ ਦੇ ਗੁਜਰਾਂਵਾਲੇ ਸ਼ੇਖੂਪੁਰਾ ਜ਼ਿਲ੍ਹਿਆਂ ਵਿਚ ਕੋਈ 150 ਦੇ ਕਰੀਬ ਪਿੰਡ ਸਨ, ਕੁਝ ਵਿਰਕ ਮਾਝੇ, ਦੁਆਬੇ ਅਤੇ ਮਾਲਵੇ ਵਿਚ ਵੀ ਵਿਕੋਲਿੱਤਰੇ ਪਿੰਡਾਂ ਜਾਂ ਟਾਂਵੇਂ ਟਾਂਵੇਂ ਇਕ ਦੋ ਸਾਲਮ ਪਿੰਡਾਂ ਵਿਚ ਖਿਲਰ ਗਏ ਸਨ। ਲੋਕੋਕਤੀ ਹੈ:

"ਘਰ ਵਰਨ ਬਾਹਰ ਧਰੰਗੜ,<br>
ਸੱਥਾਂ ਵਿਚ ਵਿਰਕ"

ਵਿਰਕ ਦਾ ਨਾਉਂ ਪ੍ਰਸਿੱਧ ਹੋਣ ਕਾਰਨ ਉਸਦੇ ਵੱਡੇ ਭਾਈ ਵਰਨ ਦੀ ਉਲਾਦ ਨੇ ਵੀ ਆਪਣਾ ਗੋਤ ਵਿਰਕ ਹੀ ਦੱਸਣਾ ਅਰੰਭਿਆ। ਜੰਮੂ ਤੋਂ ਆ ਕੇ ਵਿਰਕਾਂ ਨੇ ਇਹ ਇਲਾਕੇ, ਜੋ ਪਹਿਲਾਂ ਭੱਟੀਆਂ ਦੇ ਕਬਜ਼ੇ ਵਿਚ ਸੀ, ਉਹਨਾਂ ਤੋਂ ਖੋਹ ਕੇ ਆਪਣੇ ਪਿੰਡ ਵਸਾਏ ਸਨ। ਸਾਂਦਲ ਜਿਸ ਦੇ ਨਾਂ 'ਤੇ, ਸਾਡੀ ਬਾਰ ਦਾ ਨਾਂ ਸਾਂਦਲਬਾਰ ਪਿਆ ਹੈ, ਉਸ ਦੀ ਅਗਲੀ ਪੀੜ੍ਹੀ ਦੁੱਲਾ ਭੱਟੀ ਬਹੁਤ ਸੂਰਮਾ ਹੋਇਆ

ਹੈ। ਜਹਾਂਗੀਰ, ਜਿਸ ਨੂੰ ਛੋਟੀ ਉਮਰ ਵਿਚ ਸ਼ੇਖੂ ਆਖਦੇ ਸਨ, ਉਸਨੇ ਦੁੱਲੇ ਨਾਲ ਰਲ ਕੇ ਆਪਣੀ ਮਾਂ ਦੇ ਮਰਨ ਬਾਦ, ਦੁੱਲੇ ਦੀ ਮਾਂ ਦਾ ਹੀ ਦੁੱਧ ਚੁੰਘਿਆ ਸੀ, ਉਸੇ ਨੇ ਹੀ ਸ਼ੇਖੂਪੁਰਾ, ਆਪਣੇ ਬਚਪਨ ਦੇ ਨਾਂ ਤੇ ਸ਼ਹਿਰ ਵਸਾਇਆ ਸੀ। ਦੁੱਲਾ, ਦਿੱਲੀ ਦਰਬਾਰ ਤੋਂ ਆਕੀ ਸੀ। ਇਸੇ ਲਈ ਜਹਾਂਗੀਰ ਦੇ ਹੁਕਮ ਨਾਲ ਹੀ ਉਹਨੂੰ ਲਾਹੌਰ ਵਿਚ ਸੂਫ਼ੀ ਕਵੀ ਸ਼ਾਹ ਹੁਸੈਨ ਦੀ ਮੌਜੂਦਗੀ ਵਿਚ ਹੀ ਸੂਲੀ ਤੇ ਟੰਗਿਆ ਗਿਆ ਸੀ। ਇਹ ਕੁਝ ਪ੍ਰਸੰਗ ਵੱਸ ਇਲਾਕੇ ਦੇ ਲੋਕਾਂ ਦੇ ਸੁਭਾਉ ਤੇ ਇਤਿਹਾਸ ਬਾਰੇ ਦੱਸਿਆ ਹੈ।

ਵਰਨਾਂ ਵਾਲਾ ਇਹ ਹੋਲਾ ਸਾਡੇ ਪੰਥ ਵਿਚ ਕੁਝ ਨਵੇਂ ਮੋੜਾਂ ਦਾ ਸੂਚਕ ਸੀ। ਇੱਥੇ ਲੰਗਰ ਪਾਣੀ ਦਾ ਪ੍ਰਬੰਧ ਅਤੇ ਦੀਵਾਨਾਂ ਦਾ ਪ੍ਰਬੰਧ ਪਿਛਲੇ ਕੁਝ ਹੋਲਿਆਂ ਨਾਲੋਂ ਸਲਾਹੁਣਯੋਗ ਸੀ। ਇਸ ਹੋਲੇ ਦੇ ਮੋਢੀ ਸੰਤ ਆਲਾ ਸਿੰਘ ਜੀ ਸਨ। ਵਰਨਾਂ ਦੀ ਹੋਰ ਸਾਰੀ ਸੰਗਤ ਵੀ ਇਸ ਵਿਚ ਸਹਿਯੋਗੀ ਸੀ। ਭਿੱਖੀਆਣੇ ਖੂਹ ਅਤੇ ਸੁੱਖਣ ਆਣੇ ਖੂਹਾਂ ਦੇ ਵਿਚਾਲੇ ਹੋਲੇ ਦਾ ਬੰਦੋਬਸਤ ਸੀ। ਲਾਂਗਰੀ ਸਾਰੇ ਇਸੇ ਹੀ ਇਲਾਕੇ ਦੇ ਸਨ। ਲੰਗਰ ਦਾ ਪ੍ਰਬੰਧ ਨਵੇਂ ਮਿਆਰਾਂ ਨੂੰ ਛੋਂਹਦਾ ਸੀ। ਸਰਦਾਈ ਦਾ ਪ੍ਰਬੰਧ ਢੋਟੀਆਂ ਵਾਲੇ ਰੱਸਾ ਬਹਾਦਰ ਸਿੰਘਾਂ ਪਾਸ ਸੀ। ਮਾਤਾ ਜਿਊਣ ਕੌਰ ਜੀ ਲੰਗਰ ਵਾਲੇ ਸਿੰਘਾਂ ਦੀ ਵੇਖ ਭਾਲ ਕਰਦੇ ਸਨ ਅਤੇ ਮਾਤਾ ਫਤਹਿ ਕੌਰ ਜੀ ਸ਼ਰਦਾਈ ਦੇ ਪ੍ਰਬੰਧ ਨੂੰ ਨਿਗ੍ਹਾ ਵਿਚ ਰੱਖਦੇ ਸਨ। ਹੋਲੇ ਤਾਂ ਸਾਡੇ ਪੰਥ ਦੇ ਸਾਰੇ ਹੀ ਸ਼ਾਨਦਾਰ ਅਤੇ ਸਫ਼ਲ ਹੋਏ ਹਨ ਪਰ ਇਹ ਹੋਲਾ ਸਭਨਾਂ ਤੋਂ ਸਿਰਮੌਰ ਹੋਲਾ ਹੋ ਨਿੱਬੜਿਆ।

ਜ਼ਿਲ੍ਹਾ ਸ਼ੇਖੂਪੁਰਾ ਦੇ ਵਿਰਕਾਂ ਦਾ ਜਸ, ਇਸ ਕਰਕੇ ਕੀਤਾ ਜਾਂਦਾ ਹੈ ਕਿ ਇਕ ਤਾਂ, ਜੋ ਨਾਮਧਾਰੀ ਸਾਧ ਇਸ ਇਲਾਕੇ ਦਾ ਸੀ, ਉਹ ਤਨੋਂ ਮਨੋਂ ਧਨੋਂ ਹੋ ਕੇ ਸੇਵਾ ਕਰ ਹੀ ਰਿਹਾ ਸੀ, ਦੂਜਾ ਹੋਰ ਕੁੱਲ ਵਿਰਕ ਤੱਪੇ ਦੇ ਗ਼ੈਰ ਨਾਮਧਾਰੀ ਜੱਟ ਸਿੱਖਾਂ ਨੇ, ਦੀਵਾਨਾਂ ਅਤੇ ਹੋਲੇ ਦੇ ਪ੍ਰਬੰਧ ਵਿਚ ਸਾਥ ਦਿਤਾ ਅਤੇ ਯਥਾਸ਼ਕਤ ਰਸਦ ਪਾਣੀ ਦੀ ਸੇਵਾ ਵੀ ਕੀਤੀ।

**ਮੰਗਲ ਸਿੰਘ ਖਿਆਲਾ**

ਮੰਗਲ ਸਿੰਘ ਖਿਆਲਾ ਜਦੋਂ ਦਾ ਸਿੰਘ ਸਜਿਆ ਸੀ, ਘਰ ਆਏ ਹਰ ਸਿੱਖ ਸਾਧ ਦੀ ਸੇਵਾ ਤਨੋਂ ਮਨੋਂ ਹੋ ਕੇ ਕਰਦਾ ਸੀ। ਘਰ ਦੇ ਸਾਰੇ ਜੀਅ ਆਪਸ ਵਿਚ ਪ੍ਰੇਮ ਭਗਤੀ ਦੇ ਸੂਤਰ ਵਿਚ ਬੱਝੇ ਹੋਏ ਸਨ। ਇਹਨਾਂ ਆਪਣੇ ਪਿੰਡ ਦੇ ਹੀ ਸੰਤ ਜਵੰਦ ਸਿੰਘ ਜੀ 'ਜਿੰਦਾ ਸ਼ਹੀਦ' ਤੋਂ ਭਜਨ ਲਿਆ ਸੀ। ਇਹਨਾਂ ਵਿਚ ਦਾਤਾ, ਭਗਤ ਅਤੇ ਸੂਰਮਾ ਤਿੰਨਾਂ ਦੇ ਹੀ ਗੁਣ ਸ਼ਾਮਲ ਸਨ। ਇਹਨਾਂ ਦੇ ਘਰੋਂ ਬੇਬੇ ਹਰਨਾਮ ਕੌਰ ਵੀ ਵੱਡੇ ਵੇਲੇ ਉੱਠ ਕੇ ਨਾਂ ਲੈਣ ਵਾਲੀ ਸੀ। ਇਹਨਾਂ ਦੇ ਚਾਰ

ਸਪੁੱਤਰ ਸਨ:

1. ਠਾਕੁਰ ਸਿੰਘ (ਬੀਬੀ ਪ੍ਰੀਤਮ ਕੌਰ ਗੁਰੂ ਘਰ ਵਿਖੇ ਸੇਵਾ ਕਰਨ ਵਾਲੀ ਦੇ ਪਤੀ)

2. ਗੁਰਦਿਤ ਸਿੰਘ

3. ਗੁਰਬਚਨ ਸਿੰਘ ਅਤੇ

4. ਜੀਤ ਸਿੰਘ

ਇਹਨਾਂ ਚਹੁੰਆਂ ਦੇ ਮਨ ਵਿਚ ਵੀ ਇਹ ਕਦੇ ਨਹੀਂ ਸੀ ਆਇਆ ਕਿ ਸਾਡਾ ਪਿਉ ਐਵੇਂ ਹੀ ਸਿੱਖਾਂ ਸਾਧਾਂ ਨੂੰ ਛਕਾ ਛਕਾ ਕੇ ਸਾਡਾ ਘਰ ਲੁਟਾ ਰਿਹਾ ਹੈ। ਵਰਨਾਂ ਦੇ ਹੋਲੇ ਸਮੇਂ ਸੰਤਾਂ ਮੰਗਲ ਸਿੰਘ ਹੋਰਾਂ ਦੇ ਚਿੱਤ ਵਿਚ ਇਹ ਉਮੰਗ ਉਠੀ ਕਿ ਝੂਠੀ ਮਾਇਆ ਦੇ ਨਾਲ ਪਿਆਰ ਨਹੀਂ ਕਰਨਾ। ਇਸਨੂੰ ਸਤਿਗੁਰੂ ਜੀ ਦੇ ਸੀਸ ਤੋਂ ਵਾਰ ਕੇ ਸੁੱਟ ਕੇ ਵੇਖੀਏ ਕਿ ਕਹੀ ਕੁ ਸੋਹਣੀ ਲੱਗਦੀ ਹੈ। ਫ਼ਸਲ ਵੇਚ ਕੇ ਆਇਆ ਸੀ। ਰੁਪੈ ਉਦੋਂ ਚਾਂਦੀ ਦੇ ਹੀ ਹੁੰਦੇ ਸਨ ਤੇ ਇਕ ਰੁਪੈ ਦਾ ਵੀ ਉਦੋਂ ਚੋਖਾ ਮੁੱਲ ਹੁੰਦਾ ਸੀ। ਤਿੰਨ ਮੁੱਠਾਂ ਰੁਪਇਆਂ ਦੀਆਂ ਭਰਕੇ ਸਤਿਗੁਰਾਂ ਦੇ ਸਿਰ ਤੋਂ ਵਾਰ ਕੇ ਪੰਡਾਲ ਵਿਚ ਸੁੱਟ ਦਿੱਤੀਆਂ। ਚੌਥੀ ਵਾਰ ਸਤਿਗੁਰਾਂ ਦੇ ਹੁਕਮ ਨਾਲ ਰੁਪੈ ਫੜ ਲਏ ਗਏ। ਪੰਡਾਲ ਵਿਚ ਮਾਇਆ ਉਸੇ ਤਰ੍ਹਾਂ ਪਈ ਰਹੀ, ਕਿਸੇ ਹੱਥ ਨਹੀਂ ਲਾਇਆ। ਸ਼ਾਇਦ ਇੱਥੇ ਸਾਰੇ ਉਹ ਹੀ ਬੈਠੇ ਸਨ, ਜੋ ਕਬੀਰ ਜੀ ਮੁਤਾਬਿਕ ਇਹਨੂੰ ਸੰਤਾਂ ਦੀ ਵੈਰਨ ਸਮਝਦੇ ਸਨ। ਫਿਰ ਜਦੋਂ ਗੁਰੂ ਜੀ ਨੇ ਹੁਕਮ ਦਿਤਾ ਤਾਂ ਸੰਗਤ ਨੇ ਉਹ ਮਾਇਆ ਇਕੱਠੀ ਕਰ ਦਿਤੀ। ਸਤਿਗੁਰੂ ਜੀ ਨੇ ਉਹ ਪੰਜ ਸੌ ਰੁਪੈ ਜਦੋਂ ਸੰਤਾਂ ਨੂੰ ਦੇਣੇ ਚਾਹੇ ਤਾਂ ਉਹਨਾਂ ਨੇ ਨਾ ਲਏ ਅਤੇ ਇਹ ਕਹਿ ਕੇ ਮੱਥਾ ਟੇਕ ਦਿਤਾ ਕਿ ਮੈਂ ਘਰੋਂ ਇਹਨੂੰ ਗੁਰੂ ਕੇ ਲੰਗਰ ਨਮਿਤ ਮਿਥ ਕੇ ਤੁਰਿਆ ਸਾਂ।

ਹੋਲੇ ਦੇ ਮੇਲੇ ਦਾ ਭੋਗ ਚੌਥੇ ਦਿਨ ਸ਼ਾਮ ਨੂੰ ਪਿਆ ਅਤੇ ਸਾਧ ਸੰਗਤ ਆਪੋ ਆਪਣੇ ਨਗਰਾਂ ਨੂੰ ਚਲੀ ਗਈ ਅਤੇ ਸਤਿਗੁਰੂ ਜੀ ਦੌਰਾ ਕਰਦੇ ਕਰਦੇ ਅੰਮ੍ਰਿਤਸਰ ਵੈਸਾਖੀ ਦੇ ਮੇਲੇ ਤੇ ਪੁੱਜ ਗਏ। ਇੱਥੋਂ ਆਪ ਗੱਡੀ ਚੜ੍ਹ ਕੇ ਸ੍ਰੀ ਭੈਣੀ ਸਾਹਿਬ ਪੁੱਜ ਗਏ ਅਤੇ ਬਾਕੀ ਊਠਾਂ ਘੋੜਿਆਂ ਵਾਲੇ ਪੜਾਉ ਪੜਾਈ ਡੇਰੇ ਆ ਗਏ।

10 ਵਿਸਾਖ 1977 ਬਿਕ੍ਰਮੀ ਨੂੰ ਸੱਚੇ ਪਾਤਸ਼ਾਹ ਨਹਿਰ ਵਾਲੇ ਡੇਰੇ 'ਤੇ ਚਲੇ ਗਏ। ਸਾਰੇ ਜਥੇ ਸਮੇਤ ਨਹਿਰ 'ਤੇ ਹੀ ਰਹੇ, ਨਿਮਾਣੀ ਦੇ ਮੇਲੇ ਤੱਕ। ਇਸ ਮੇਲੇ 'ਤੇ ਸੰਗਤਾਂ ਨੂੰ ਤਰੀਕਾਂ ਦਾ ਕੁਝ ਟਪਲਾ ਲੱਗ ਗਿਆ ਸੀ। ਸੰਤ ਆਲਾ ਸਿੰਘ ਜੀ ਦਾ ਜਥਾ, ਭੋਗ ਤੋਂ ਇਕ ਦਿਨ ਬਾਦ ਵਿਚ ਆਇਆ। ਪਹਿਲਾਂ ਤਾਂ ਸੰਤ ਸਿੱਧੇ ਨਹਿਰ ਨੂੰ ਲੰਘ ਗਏ ਫਿਰ ਸਤਿਗੁਰੂ ਜੀ ਨੇ ਸਿੰਘ ਭੇਜ ਕੇ ਭੈਣੀ ਸਾਹਿਬ ਹੀ ਮੰਗਾ ਲਏ। ਸਤਿਗੁਰੂ ਜੀ ਬਾਗ ਵਿਚ ਬੈਠੇ ਸਨ ਤੇ ਸੰਤ ਜੀ, ਢੋਲਕੀ ਛੈਣਿਆਂ ਸਮੇਤ

ਕੀਰਤਨ ਕਰਦੇ ਹੋਏ ਆ ਪੁੱਜੇ। ਸਤਿਗੁਰੂ ਜੀ ਦਰਵਾਜੇ ਅੱਗੇ ਆ ਗਏ। ਮੋਢਿਆਂ ਤੇ ਪਰਨਾਂ ਤੇ ਤੇੜ ਕਛਹਿਰਾ ਹਜ਼ੂਰ ਦੇ, ਸਿਰੋਂ ਪੈਰੋਂ ਨੰਗੇ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਝਨਾਂ ਲੰਘਣ ਵੇਲੇ ਦੇ ਦ੍ਰਿਸ਼ ਨਾਲ ਰਲਦਾ ਮਿਲਦਾ ਆਪ ਜੀ ਦਾ ਦਰਸ਼ਨ ਸੀ। ਕਾਫ਼ੀ ਚਿਰ ਤੱਕ ਇਸ ਤਰ੍ਹਾਂ ਹੀ ਕੀਰਤਨ ਹੁੰਦਾ ਰਿਹਾ। ਸੰਗਤ ਦੇ ਮੋਢਿਆਂ ’ਤੇ ਗੜਵੇ, ਭੂਰੇ, ਲੱਕਾਂ ਨਾਲ ਬੱਧੇ ਬਿਸਤਰੇ, ਖੱਦਰ ਦੇ ਕੁੜਤੇ ਤੇ ਖੱਦਰ ਦੇ ਹੀ ਪਰਨੇ ਸਿਰਾਂ ’ਤੇ। ਗਾਤਰੇ ਤਲਵਾਰ ਦੀ ਥਾਂ ਨਿਤਨੇਮ ਦਾ ਗੁਟਕਾ, ਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਬਿਹਬਲ ਸੰਗਤਾਂ ਦਾ ਇਹ ਨਜ਼ਾਰਾ ਵੇਖਣ ਹੀ ਵਾਲਾ ਸੀ। ਫਿਰ ਅੰਦਰ ਗਏ ਤਾਂ ਕੋਠੀ ਵਿਚ ਬੈਠ ਕੇ ਚਾਰ ਪੰਜ ਘੰਟੇ ਸਤਿਗੁਰੂ ਰਾਮ ਸਿੰਘ ਜੀ ਦੇ ਹੀ ਬਚਨ ਬਿਲਾਸ ਹੁੰਦੇ ਰਹੇ। ਅਗਲੇ ਦਿਨ ਸਤਿਗੁਰੂ ਜੀ ਸਣੇ, ਇਹ ਸਾਰੇ ਹੀ ਸਿੰਘ ਨਹਿਰ ’ਤੇ ਚਲੇ ਗਏ। ਭਾਦਰੋਂ ਦੀ ਮੱਸਿਆ ਤੱਕ ਇਹ ਸਾਰੇ ਸਿੰਘ ਅਤੇ ਸੰਤ ਮੋਹਨ ਸਿੰਘ ਵਡਾਲੇ ਜੌਹਲਾਂ ਵਾਲਿਆਂ ਦਾ ਜਥਾ ਵੀ ਨਹਿਰ ’ਤੇ ਹੀ ਰਿਹਾ।

ਨਹਿਰ ’ਤੇ ਰਹਿਣ ਵਾਲੇ ਸਿੰਘਾਂ ਦਾ ਨਿੱਤ ਕਰਮ

ਅੰਮ੍ਰਿਤ ਵੇਲੇ ਤਿੰਨ ਵਜੇ ਉੱਠ ਕੇ ਆਸਾ ਜੀ ਦੀ ਵਾਰ ਲਾਉਣੀ। ਜਲ ਪਾਣੀ ਛਕਣ ਤੋਂ ਬਾਦ ਸਿੰਘਾਂ ਨੇ ਫਿਰ ਭਜਨ ਕਰਨਾ। ਸੰਤਾਂ ਦੋਹਾਂ ਦੇ ਜਥੇ ਦਿਆਂ ਸਿੰਘਾਂ ਅਤੇ ਸਤਿਗੁਰੂ ਜੀ ਦੇ ਹਜ਼ੂਰੀ ਜਥੇ ਦੇ ਸਿੰਘਾਂ ਨੇ ਫਿਰ ਅਖਾੜੇ ਵਿਚ ਜ਼ੋਰ ਕਰਨਾ। ਸਰੀਰ ਬਨਾਉਣਾ। ਉਸ ਅਖਾੜੇ ਦੇ ਮੱਲਾਂ ਦੇ ਨਾਮ ਇਸ ਪ੍ਰਕਾਰ ਹਨ:

1. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਆਪ ਗੁਸਾਈਂ
2. ਭਾਈ ਸਾਹਿਬ ਭਾਈ ਵਜੀਰ ਸਿੰਘ ਜੀ ਚੱਕ (ਰਿਆਸਤ ਮਲੇਰ ਕੋਟਲਾ)
3. ਸੰਤ ਬਹਾਦਰ ਸਿੰਘ ਜੀ ਕੱਟਿਆਂ ਵਾਲੀ
4. ਕਰਤਾਰ ਸਿੰਘ ਕੱਕੂ ਗਿੱਲ (ਸ਼ੇਖ਼ੂਪੁਰਾ)
5. ਵਰਿਆਮ ਸਿੰਘ ਗੰਜਾ ਮਸਤਾਕੋਟ (ਗੁਜਰਾਂਵਾਲਾ)
6. ਧਰਮ ਸਿੰਘ, ਵਡਾਲਾ ਜੌਹਲਾਂ ਦਾ (ਅੰਮ੍ਰਿਤਸਰ)
7. ਨਰਾਇਣਾ ਸਿੰਘ ਖੇਡਾ (ਅੰਮ੍ਰਿਤਸਰ)
8. ਆਤਮਾ ਸਿੰਘ ਖਿਆਲਾ (ਅੰਮ੍ਰਿਤਸਰ)

ਜੋਰ ਕਰਨ ਤੋਂ ਬਾਅਦ ਮੱਲਾਂ ਸਮੇਤ ਸੱਚੇ ਪਾਤਸ਼ਾਹ ਨਹਿਰ ਵਿਚ ਇਸ਼ਨਾਨ ਕਰਦੇ। ਫਿਰ ਡੇਰੇ ਆ ਕੇ ਪ੍ਰਸ਼ਾਦ ਪਾਣੀ ਛਕਦੇ। ਮਾਲ ਦੇ ਛੇੜੂ ਮਾਲ ਚਾਰਦੇ। ਦੁਪਹਿਰੇ ਸਾਰੇ ਆਰਾਮ ਕਰਦੇ। ਕਿਉਂਕਿ ਗਰਮੀ ਕਾਫ਼ੀ ਹੁੰਦੀ ਸੀ। ਨਹਿਰ ਦਾ ਪਾਣੀ ਬਹੁਤ ਠੰਢਾ ਸੀ। ਦੁਪਹਿਰ ਬਾਦ ਦੋ ਤੋਂ ਤਿੰਨ ਵਜੇ ਤੱਕ ਫਿਰ ਸ੍ਰੀ ਸਤਿਗੁਰੂ ਜੀ ਆਪਣੇ ਪ੍ਰੇਮੀ ਸਿੰਘਾਂ ਸਮੇਤ ਨਹਿਰ ਵਿਚ ਇਸ਼ਨਾਨ ਕਰਦੇ। ਸਿੱਧੀ ਪੁੱਠੀ ਤਾਰੀ, ਭਾਂਤ ਭਾਂਤ ਦੀਆਂ ਪਾਣੀ ਦੀਆਂ ਖੇਡਾਂ ਕਰਦੇ।

ਤਿੰਨ ਤੋਂ ਚਾਰ ਵਜੇ ਤੱਕ ਫਿਰ ਇਕ ਘੰਟਾ ਨਾਮ ਸਿਮਰਨ ਹੁੰਦਾ। ਚਾਰ ਵਜੇ ਤੋਂ ਪੰਜ ਵਜੇ ਤੱਕ ਫਿਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਹਨਾਂ ਹੁਕਮਨਾਮਿਆਂ ਦੀ ਕਥਾ ਕੀਤੀ ਜਾਂਦੀ ਜੋ ਆਪ ਨੇ ਪ੍ਰਦੇਸ ਵਿਚੋਂ ਆਪਣੇ ਸਿੰਘਾਂ ਪਿਆਰਿਆਂ ਹਮਵਤਨੀਆਂ ਨੂੰ, ਸੱਤ ਮਾਰਗ ਤੋਂ ਨਾ ਥਿੜਕਣ ਵਾਸਤੇ ਲਿਖੇ ਸਨ। ਜਿਹਨਾਂ ਜਿਹਨਾਂ ਸਿੰਘਾਂ ਨੂੰ ਇਹ ਹੁਕਮਨਾਮੇ ਪ੍ਰਾਪਤ ਹੋਏ, ਜੋ ਕਸ਼ਟ ਝੱਲ ਕੇ ਪ੍ਰਦੇਸ ਵਿਚੋਂ ਲਿਆਏ, ਉਹਨਾਂ ਤੋਂ ਫਿਰ ਹੋਰ ਸਿੰਘ ਉਤਾਰੇ ਕਰਕੇ ਇਹਨਾਂ ਪਵਿੱਤਰ ਹਰਫ਼ਾਂ ਨੂੰ ਪ੍ਰਦੇਸੀ ਪ੍ਰੀਤਮ ਦੀ ਯਾਦ ਸਮਝ ਕੇ ਸ਼ੂਮ ਦੇ ਧਨ ਜਿਉਂ, ਹਿੱਕ ਨਾਲ ਲਾਈ ਫਿਰਦੇ ਸਨ। ਸ੍ਰੀ ਸਤਿਗੁਰੂ ਜੀ ਨੇ ਇਹ ਕੁਲ ਸਿੰਘਾਂ ਤੋਂ ਮੰਗਵਾ ਕੇ ਇਕੱਠੇ ਕਰ ਲਏ ਸਨ ਤਾਂ ਕਿ ਅਨਮਤੀਏ ਇਨ੍ਹਾਂ ਵਿਚ ਕੋਈ ਮਿਲਾਵਟ ਨਾ ਕਰ ਸਕਣ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਾਣੀ ਦੀ ਲਗਨ ਅਤੇ ਸ੍ਰੀ ਆਦਿ ਗ੍ਰੰਥ ਦੇ ਸਾਧਾਰਨ ਅਤੇ ਅਖੰਡ ਪਾਠਾਂ ਦਾ ਪ੍ਰਵਾਹ ਚਲਾਉਣ ਦੀ ਲਗਨ ਇਹਨਾਂ ਹੁਕਮਨਾਮਿਆਂ ਤੋਂ ਹੀ ਲੱਗੀ ਸੀ। ਸਤਿਗੁਰੂ ਜੀ ਦਾ ਹੁਕਮ ਸੀ ਕਿ ਜਿਹੜਾ ਵੀ ਵੱਧ ਤੋਂ ਵੱਧ ਪਾਠਾਂ ਦੇ ਭੋਗ ਪੁਆਏਗਾ ਮੈਂ ਉਸਨੂੰ ਆਪਣੇ ਦਰਸ਼ਨ ਅਤੇ ਖੁਸ਼ੀਆਂ ਬਖ਼ਸ਼ਾਂਗਾ। ਬਾਣੀ ਦਾ ਜੋ ਅਦਬ ਸਤਿਕਾਰ ਕੂਕਿਆਂ ਕੀਤਾ ਹੈ, ਉਹ ਹੋਰ ਕੋਈ ਵੀ ਭੇਖ ਨਹੀਂ ਕਰ ਸਕਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਰਾਮ ਵਿਓਗੀ ਸਨ ਅਤੇ ਅੱਠੇ ਪਹਿਰ ਸਤਿਗੁਰਾਂ ਦੇ ਦਰਸ਼ਨ ਇਸ ਸੜਦੀ ਬਲਦੀ ਪ੍ਰਿਥਵੀ ਨੂੰ ਕਿਵੇਂ ਹੋਣ, ਇਹੋ ਮਨਸੂਬੇ ਸੰਗਤ ਨਾਲ ਮਿਲਕੇ, ਬਣਾਉਂਦੇ ਰਹਿੰਦੇ ਸਨ। ਪੁਰਾਣੇ ਰਾਮ ਵਿਓਗੀਆਂ ਵਿਚੋਂ ਅਜੇ ਸੰਤ ਜਿਊਣ ਸਿੰਘ ਜੀ ਸਿਰਹਾਲੀ ਵਾਲੇ ਜਿੰਦਾ ਸਨ। ਉਹਨਾਂ ਦੀਆਂ ਆਹਾਂ ਸੁਣ ਸੁਣ ਕੇ ਅਤੇ ਹੋਰ ਪੁਰਾਤਨ ਸਿੰਘਾਂ ਦੇ ਤਰਲੇ ਲਿਲਕੜੀਆਂ ਦਰਸ਼ਨਾਂ ਪ੍ਰਥਾਇ ਸੁਣ ਸੁਣ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਿਰਦੇ ਵਿਚ ਵੀ ਚੀਨੀ ਵਾਲੇ ਪਾਤਸ਼ਾਹ ਦਾ ਇਸ਼ਕ ਨਿਤ ਤਰੋ ਤਾਜ਼ਾ ਰਹਿੰਦਾ ਸੀ। ਇਹੋ ਹਾਲ ਸੰਤ ਆਲਾ ਸਿੰਘ ਵਰਨ ਦਾ ਵੀ ਸੀ। ਉਹੋ ਦਸ਼ਾ ਮੋਹਣ ਸਿੰਘ ਹੋਰਾਂ ਦੀ। ਆਲਾ ਸਿੰਘ ਜੀ ਦੋ ਤਿੰਨ ਮਹੀਨਿਆਂ ਬਾਦ ਸੰਤ ਜਿਊਣ ਸਿੰਘ ਸਿਰਹਾਲੀ ਦੀ ਸੰਗਤ ਜ਼ਰੂਰ ਕਰਿਆ ਕਰਦੇ ਸਨ। ਸ਼ਾਮ ਨੂੰ ਪੰਜ ਵਜੇ ਤੋਂ ਛੇ ਵਜੇ ਤੱਕ ਫਿਰ ਸਰੀਰਕ ਕਸਰਤ ਹੁੰਦੀ। ਛਾਲਾਂ ਮਾਰੀਆਂ ਜਾਂਦੀਆਂ। ਅਖਾੜੇ ਗੋਡੇ ਜਾਂਦੇ। ਏਨੇ ਨੂੰ ਲੰਗਰ ਤਿਆਰ ਹੋ ਜਾਂਦਾ। ਰਾਤ ਨੂੰ ਦੋ ਘੰਟੇ ਅਜਿਹਾ ਨਜ਼ਾਰਾ ਬੱਝਦਾ ਸੀ ਕਿ ਇੰਦਰ ਅਖਾੜੇ ਦੀਆ ਅਪੱਛਰਾਵਾਂ ਵੀ ਉਸ ਅਗੰਮੀ ਰਸ ਨੂੰ ਮਾਨਣ ਲਈ ਮਾਨੋ ਧਰਤੀ ’ਤੇ ਉਤਰ ਆਉਂਦੀਆਂ ਸਨ। ਸੰਗਤ ਨੇ ਜਦੋਂ ਢੋਲਕੀ ਤੇ ਧੱਫਾ ਮਾਰਨਾ, ਛੈਣਿਆਂ ਨਾਲ ਛੈਣੇ ਖੜਕਾਉਣੇ, ਇਸ ਪ੍ਰੇਮ ਦੀਵਾਨਿਆਂ ਦੀ ਟੋਲੀ ਦੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਆਪਣੇ ਤਾਊਸ ਨੂੰ ਸੁਰ ਕਰਕੇ ਉਸ ਤੇ ਗਜ ਫੇਰਨਾ

ਤਾਂ ਫਿਰ ਪ੍ਰਦੇਸੀ ਪ੍ਰੀਤਮ ਦੀ ਯਾਦ ਵਿਚ, ਬਿਰਹੋਂ ਕੁੱਠੇ ਹਿਰਦਿਆਂ ਦੀ ਵੇਦਨਾ, ਬਾਣੀ ਦੇ ਸ਼ਬਦਾਂ ਵਿਚ ਪ੍ਰਗਟ ਹੁੰਦੀ ਸੀ। ਸਭ ਦਾ ਕਲੇਜਾ ਮੂੰਹ ਨੂੰ ਆਉਣ ਵਾਲਾ ਹੋ ਜਾਂਦਾ ਸੀ। ਪੱਤਾ ਪੱਤਾ ਆਲੇ ਦੁਆਲੇ ਦਾ ਵੈਰਾਗਮਈ ਹੋ ਜਾਂਦਾ ਸੀ ਅਤੇ ਨਹਿਰ ਸਰਹਿੰਦ ਦਾ ਵਗਦਾ ਪਾਣੀ ਵੀ ਰਾਮ ਦੀਵਾਨਿਆਂ ਦੇ ਰੁਦਨ ਕਰੰਦਨ ਵਿਚ ਸ਼ਾਮਲ ਹੋਣ ਲਈ ਮਾਨੋ ਰੁਕ ਜਾਂਦਾ ਸੀ। ਇਹਨਾਂ ਅਲੌਕਿਕ ਘੜੀਆਂ ਦਾ ਵਰਣਨ ਦੱਸਣ ਲਿਖਣ ਨਾਲ ਗੱਲ ਨਹੀਂ ਬਣ ਸਕਦੀ, ਇਹ ਤੇ ਜਿਹਨਾਂ ਵੇਖਿਆ ਹੈ, ਉਹ ਹੀ ਜਾਣਦੇ ਹਨ। ਇਹ ਗੂੰਗੇ ਦੇ ਗੁੜ ਖਾਣ ਵਾਲੀ ਗੱਲ ਹੈ। ਕਈ ਵੇਰ ਅੱਧੀ ਰਾਤ ਦੇ ਸਮੇਂ ਵੀ ਸਤਿਗੁਰੂ ਜੀ ਤਾਊਸ ਚੁੱਕ ਕੇ ਨਹਿਰ ਦੇ ਕੰਢੇ ਨੂੰ ਸੁਸ਼ੋਭਿਤ ਕਰ ਦਿੰਦੇ ਸਨ।

ਭਾਦਰੋਂ ਦੀ ਮੱਸਿਆ ਨੂੰ ਜਥੇ ਸਮੇਤ ਤਰਨ ਤਾਰਨ ਆ ਕੇ ਦਰਸ਼ਨ ਦਿਤੇ। ਫਿਰ ਦੀਵਾਲੀ ਤੱਕ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡਾਂ ਦੀ ਸੰਗਤ ਨੂੰ ਨਿਹਾਲ ਕੀਤਾ। ਦੀਵਾਲੀ ਦੇ ਮੇਲੇ ਤੋਂ ਬਾਅਦ ਜ਼ਿਲਾ ਲਾਹੌਰ ਦੀਆਂ ਸੰਗਤਾਂ ਨੂੰ ਨਿਵਾਜਦੇ, ਪੜਾਉ ਪੜਾਈ ਨਨਕਾਣੇ ਸਾਹਿਬ, ਕੱਤਕ ਪੁੰਨਿਆਂ ਤੇ ਆਦਿ ਗੁਰੂ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਹਿਤ ਪੁੱਜ ਗਏ। ਜਿਹੜੇ ਨਗਰ ਵਿਖੇ ਦੌਰਾ ਜਾਂਦਾ ਆਪ ਜੀ ਉਥੋਂ ਦੇ ਪੁਰਾਤਨ ਬਜ਼ੁਰਗਾਂ ਨੂੰ ਸੱਦਦੇ। ਉਹਨਾਂ ਦਾ ਸਤਿਕਾਰ ਕਰਦੇ ਕਿ ਤੁਸੀਂ ਧੰਨ ਹੋ ਜਿਹਨਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪਵਿਤਰ ਦਰਸ਼ਨ ਕੀਤਾ ਹੈ ਅਤੇ ਫਿਰ ਉਹਨਾਂ ਤੋਂ ਸਤਿਗੁਰੂ ਜੀ ਸੰਬੰਧੀ ਬਚਨ ਬਿਲਾਸ ਵੱਡੇ ਉਮਾਹ ਨਾਲ ਸਰਵਣ ਕਰਦੇ। ਗੁਰਪੁਰਬ ਤੋਂ ਦੌਰਾ ਕਰਦੇ ਕਰਦੇ ਸਤਿਗੁਰੂ ਜੀ ਗੁਜਰਾਂਵਾਲਾ ਜ਼ਿਲ੍ਹੇ ਵਿਚ ਦਾਖ਼ਲ ਹੋ ਗਏ।

**ਸੁਹੇਵੇ ਸਾਹਿਬ ਅਖੰਡ ਪਾਠਾਂ ਦਾ ਮੁੱਢ**

ਸੰਤ ਆਲਾ ਸਿੰਘ ਜੀ ਨੇ ਆਪਣੇ ਜਥੇ ਸਮੇਤ ਪਿੰਡਾਂ ਵਿਚ ਜਾ ਕੇ ਸਾਧ ਸੰਗਤ ਨੂੰ ’ਕੱਠਿਆਂ ਕਰਕੇ ਹੋਕਾ ਦਿਤਾ ਕਿ ਅਸੀਂ ਅਨਚੋਪੜੇ ਪ੍ਰਸ਼ਾਦੇ ਵੀ ਛਕ ਲਵਾਂਗੇ ਜਥੇ ਸਮੇਤ, ਪਰ ਜਿਹੜਾ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਅਖੰਡ ਪਾਠ ਕਰਵਾਏਗਾ, ਉਹ ਕਰ ਦਿਆਂਗੇ। ਦੌਰਾ ਕਰਦਿਆਂ ਸਤਿਗੁਰੂ ਜੀ ਦਾ ਇਕ ਨਗਰ ਵਿਖੇ ਆਪ ਨਾਲ ਮੇਲ ਹੋ ਗਿਆ, ਜਿੱਥੇ ਸੰਤਾਂ ਨੇ ਅਖੰਡ ਪਾਠ ਰੱਖੇ ਹੋਏ ਸਨ। ਸਤਿਗੁਰੂ ਜੀ ਨੇ ਸੰਤਾਂ ਨੂੰ ਦੌਰੇ ’ਤੇ ਨਾਲ ਚੱਲਣ ਵਾਸਤੇ ਕਿਹਾ। ਸੰਤਾਂ ਆਖਿਆ ਕਿ ਮੈਂ ਤਾਂ ਜੀ ਜਿੱਥੇ ਹੁਣ ਕੋਈ ਸਤਿਗੁਰਾਂ ਨਮਿੱਤ ਅਖੰਡ ਪਾਠ ਜਾਂ ਸਾਧਾਰਨ ਪਾਠ ਕਰਵਾਉਂਦਾ ਹੈ ਸਿੰਘ, ਉਥੇ ਜਾਂਦਾ ਹਾਂ। ਸਤਿਗੁਰੂ ਜੀ ਨੇ ਫੁਰਮਾਇਆ ਕਿ ਫਿਰ ਤਾਂ ਸੰਤ ਜੀ ਆਪਾਂ ਨੂੰ ਸੁਹੇਵੇ ਸਾਹਿਬ (ਰਿਆਸਤ ਬੀਕਾਨੇਰ) ਵਿਚ ਜਾ ਕੇ ਅਖੰਡ ਪਾਠ ਕਰਨੇ ਚਾਹੀਦੇ ਹਨ ਕਿਉਂਕਿ ਸਤਿਗੁਰੂ ਜੀ

ਦਾ ਉਥੇ ਪਾਠ ਕਰਨ ਦਾ ਹੁਕਮ ਹੈ। ਸੰਤਾਂ ਕਿਹਾ, "ਸੱਚੇ ਪਾਤਸ਼ਾਹ, ਤੁਸਾਂ ਦੌਰਾ ਨਹੀਂ ਡੱਕ ਸਕਣਾ। ਪਾਠਾਂ ਲਈ ਇਕ ਥਾਂ ਟਿਕ ਕੇ ਬੈਠਣਾ ਪੈਣਾ ਹੈ।" ਸਤਿਗੁਰੂ ਜੀ ਨੇ ਜੁਆਬ ਦਿਤਾ ਕਿ ਮੈਂ ਇਸ ਕੰਮ ਦੀ ਪੂਰਤੀ ਲਈ ਦੌਰਾ ਵੀ ਛੱਡਣ ਨੂੰ ਤਿਆਰ ਹਾਂ।

ਸੰਤਾਂ ਨੇ ਫਿਰ ਅਰਜ਼ ਕੀਤੀ ਕਿ ਜਦੋਂ ਉੱਥੇ ਚੱਲਣਾ ਹੋਵੇ, ਮੈਨੂੰ ਹੁਕਮ ਕਰ ਦੇਣਾ। ਦਾਸ ਆਪਣੇ ਜਥੇ ਸਮੇਤ ਹਾਜ਼ਰ ਹੋ ਜਾਏਗਾ। ਸਤਿਗੁਰੂ ਜੀ ਫਿਰ ਗੁਜਰਾਂ ਵਾਲੇ ਤੋਂ ਗਿੱਲੀਂ ਆ ਕੇ ਦੌਰਾ ਡੱਕ ਦਿਤਾ। ਹੋਰ ਸੰਗਤ ਇੱਥੇ ਹੀ ਰਹੀ। ਆਪ ਪੰਜ ਸੱਤ ਸਰੀਰਾਂ ਸਮੇਤ, ਧਰਮ ਹੇਤ ਸੀਸ ਵਾਰਨ ਵਾਲਿਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੇ ਸ਼ਹੀਦੀ ਜੋੜ ਮੇਲੇ 'ਤੇ ਸਰਹਿੰਦ ਪੁੱਜੇ।

ਇਸ ਮੇਲੇ ਦੇ ਦੀਵਾਨ ਵਿਚ ਲੁਧਿਆਣਾ, ਅੰਬਾਲਾ, ਹੁਸ਼ਿਆਰਪੁਰ, ਜਲੰਧਰ, ਰਿਆਸਤ ਪਟਿਆਲਾ, ਨਾਭਾ ਅਤੇ ਮਲੇਰਕੋਟਲਾ ਦੀ ਸੰਗਤ ਨੂੰ ਹੁਕਮ ਦਿਤਾ ਕਿ ਜੋ ਵੀ ਯਥਾ ਸ਼ਕਤ ਮਾਇਆ ਦਾਨ ਕਰ ਸਕਦਾ ਹੈ ਕਰ ਦਿਓ, ਜੋ ਵੀ ਪਾਠੀ ਸਿੰਘ ਹੈ ਸਭ ਆ ਜਾਉ। ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਮਿਤ ਸੁਹੇਵੇ ਸਾਹਿਬ ਵਿਖੇ ਅਖੰਡ ਪਾਠਾਂ ਦੀ ਲੜੀ ਤੋਰਨੀ ਹੈ। ਇੱਥੋਂ ਹੀ ਆਪ ਨੇ ਹਜ਼ੂਰੀ ਲਾਂਗਰੀ ਭਾਈ ਧਾਰਾ ਸਿੰਘ ਜੀਏ ਬੱਗੀਏ ਨੂੰ, ਕੁਝ ਸਿੰਘ ਦੇ ਕੇ ਸੁਹੇਵੇ ਸਾਹਿਬ ਭੇਜ ਦਿਤਾ ਕਿ ਜਾ ਕੇ ਜਗ੍ਹਾ ਤਿਆਰ ਕਰੋ ਅਖੰਡ ਪਾਠਾਂ ਵਾਸਤੇ। ਇਹ ਸਿੰਘ ਸਿਰਸੇ ਜਾ ਕੇ ਗੱਡੀਉਂ ਉਤਰੇ ਅਤੇ ਅੱਗੋਂ ਪੈਦਲ ਹੀ ਨੌਹਰ ਅਤੇ ਉਥੋਂ ਅੱਗੇ ਸੁਹੇਵਾ ਸਾਹਿਬ ਪੁੱਜ ਗਏ। ਨੌਹਰ ਤੋਂ ਇਹ ਅਸਥਾਨ ਕੋਈ 24 ਕੁ ਮੀਲ ਦੇ ਕਰੀਬ ਹੈ ਅਤੇ ਨੌਹਰ, ਸਿਰਸੇ ਤੋਂ 30 ਮੀਲ ਦੀ ਵਿੱਥ ਤੇ ਹੈ। ਆਪਣੀ ਦੱਖਣ ਦੇਸ਼ ਦੀ ਯਾਤਰਾ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਸਿਰਸੇ ਤੋਂ ਨੌਹਰ ਹੁੰਦੇ ਹੋਏ ਇੱਥੇ ਸੁਹੇਵਾ ਸਾਹਿਬ ਪਹੁੰਚੇ ਸਨ। ਇੱਥੇ ਹੀ ਆਪ ਨੇ ਕਮਰ ਕੱਸਾ ਖੋਹਲਿਆ ਸੀ ਅਤੇ ਇੱਥੇ ਹੀ ਆਪ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਵੀ ਹੈ।

ਧਾਰਾ ਸਿੰਘ ਹੋਰਾਂ ਦੇ ਜਥੇ ਦੇ ਨਾਲ ਹੀ ਸੰਤ ਬਿਸ਼ਨ ਸਿੰਘ ਜੀ ਧਰਮੂਕੋਟੀਏ ਵੀ ਆ ਰਲੇ ਸਨ ਜਿਹਨਾਂ ਨੇ ਮਹਾਰਾਜ ਜੰਗ ਸਿੰਘ ਹੋਰਾਂ ਨੂੰ ਪਾਲਿਆ ਸੀ ਅਤੇ ਉਹ ਇਸ ਇਲਾਕੇ ਅਤੇ ਰਸਤੇ ਦੇ ਵਾਕਿਫ਼ ਸਨ। ਇਹਨਾਂ ਦੇ ਨਾਲ ਹੀ ਇਲਾਕਾ ਸਿਰਸਾ ਦਾ ਮੰਨਿਆ ਪ੍ਰਮੰਨਿਆਂ ਮਾਤਾ ਜੀਵਣ ਕੌਰ ਜੀ ਦਾ ਭਤੀਜਾ ਕੂਕਿਆਂ ਅਤੇ ਬਾਹਰੇ ਵਿਚ ਅਸਰ ਰਸੂਖ ਵਾਲਾ, ਭਾਈ ਦਿਆਲ ਸਿੰਘ ਥਰਾਜੀਆ ਵੀ ਸੀ।

ਫਤਹਿਗੜ੍ਹ ਸਾਹਿਬ ਦੇ ਮੇਲੇ ਤੋਂ ਬਾਅਦ ਸਤਿਗੁਰੂ ਜੀ ਗਿੱਲ ਪਿੰਡ ਵਿਖੇ, ਜ਼ਿਲ੍ਹਾ ਸ਼ੇਖੂਪੁਰਾ ਵਿਚ ਦੌਰੇ ਵਿਚ ਜਾ ਸ਼ਾਮਲ ਹੋਏ। ਇੱਥੋਂ ਰਸਤੇ ਦੇ ਨਗਰਾਂ

ਨੂੰ ਤਾਰਦੇ ਹੋਏ ਆਪ ਦਾ ਦੌਰਾ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਢੋਟੀਆਂ ਵਿਚ ਪੁੱਜ ਗਿਆ। ਇੱਥੇ ਦੌਰਾ ਸਮਾਪਤ ਕਰ ਦਿਤਾ ਅਤੇ ਘੋੜੇ ਛੱਡ ਦਿਤੇ। ਸਤਿਗੁਰੂ ਜੀ ਮੁਕਤਸਰ ਦੀ ਮਾਘੀ ਤੇ ਚਲੇ ਗਏ ਸਨ। ਮੈਂ ਵੀ ਸਤਿਗੁਰੂ ਜੀ ਦੇ ਹੁਕਮ ਤੋਂ ਬਿਨਾਂ ਜੈ ਸਿੰਘ ਅਤੇ ਸੁਰੈਣ ਸਿੰਘ 'ਗਿੜਧੀ' ਨਾਲ ਉਹਦੇ ਪਿੰਡ 'ਮੱਖੀ' ਚਲਾ ਗਿਆ ਕਿਉਂ ਜੁ ਉਸਦਾ ਭਾਈ ਉਹਨੂੰ ਜ਼ਮੀਨ ਨਹੀਂ ਦਿੰਦਾ ਸੀ। ਮੈਂ ਤਾਂ ਉਸਦੇ ਭਰਾ ਤੋਂ ਗਿੜਧੀ ਨੂੰ ਜ਼ਮੀਨ ਦਿਵਾ ਕੇ, ਦੋਹਾਂ ਭਰਾਵਾਂ ਦੀ ਸੁਲ੍ਹਾ ਕਰਵਾ ਕੇ, ਵਰਨੀ ਆ ਗਿਆ। ਸ੍ਰੀ ਸਤਿਗੁਰੂ ਜੀ ਨੇ ਮੁਕਤਸਰੋਂ ਮਾਲਵੇ ਦੀ ਸੰਗਤ ਨਾਲ ਲੈ ਕੇ, ਸੁਹੇਵੇ ਸਾਹਿਬ ਜਾ ਕੇ, ਅਖੰਡ ਪਾਠ ਆਰੰਭ ਕਰਵਾ ਦਿਤੇ।

ਸੁਹੇਵੇ ਸਾਹਿਬ ਜਿਹੜੇ ਵੀ ਸਿੰਘ ਰਹਿੰਦੇ ਸਨ, ਉਹਨਾਂ ਨੂੰ ਹੁਕਮ ਕੀਤਾ ਕਿ ਹਰ ਸਿੰਘ, ਰੋਜ਼ ਜੰਗਲ ਵਿਚੋਂ ਬਾਲਣ ਦੀ ਇਕ ਪੰਡ ਲਿਆਏ। ਸਤਿਗੁਰੂ ਜੀ ਆਪ ਵੀ ਆਪਣੇ ਹਿੱਸੇ ਦੀ ਬਾਲਣ ਦੀ ਪੰਡ, ਹਰ ਰੋਜ਼ ਵੱਢ ਕੇ ਲਿਆਉਂਦੇ। ਬੋਲਣਾ ਘੱਟ ਜਾਂ ਭਜਨ ਕਰਨਾ ਜਾਂ ਪਾਠ ਕਰਨਾ। ਹੱਥ ਚੱਕੀ ਨਾਲ ਆਟਾ ਵੀ ਸਭ ਪੀਂਹਦੇ ਸਮੇਤ ਸਤਿਗੁਰੂ ਜੀ, ਰੋਜ਼ ਆਪੋ ਆਪਣੀ ਵਾਰੀ 'ਤੇ।

ਨੋਟः ਇਸ ਨਨਕਾਣੇ ਸਾਹਿਬ ਦੇ ਮੇਲੇ 'ਤੇ ਹੀ 1977 ਬਿਕ੍ਰਮੀ ਨੂੰ ਸ੍ਰੀ ਸਤਿਗੁਰੂ ਜੀ ਨੂੰ ਇਹ ਸ਼ੁਭ ਸਮਾਚਾਰ ਮਿਲਿਆ ਸੀ ਕਿ ਮਾਤਾ ਭੂਪਿੰਦਰ ਕੌਰ ਜੀ ਦੇ ਘਰ ਆਪ ਜੀ ਦੇ ਵੱਡੇ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ ਜੀ) ਪ੍ਰਗਟ ਹੋਏ ਸਨ, ਅੱਠ ਮੱਘਰ ਵਾਲੇ ਦਿਨ।

ਹੁਣ ਸੁਹੇਵਾ ਸਾਹਿਬ ਵਿਖੇ ਮਾਇਆ ਦੀ ਕੁਝ ਤੋਟ ਆ ਗਈ ਸੀ। ਸ੍ਰੀ ਸਤਿਗੁਰੂ ਜੀ ਫੱਗਣ ਵਿਚ ਫਿਰ ਸ਼ੇਖ਼ੂਪੁਰੇ ਦੇ ਪਿੰਡਾਂ ਦਾ, 5-7 ਦਿਨਾਂ ਦਾ ਦੌਰਾ ਕੀਤਾ ਅਤੇ ਨਾਲੇ ਸੰਗਤ ਤੋਂ ਸਮਰੱਥਾ ਮੁਤਾਬਿਕ ਅਖੰਡ ਪਾਠਾਂ ਲਈ ਮਾਇਆ ਉਗਰਾਹ ਲਈ ਸੀ। ਮਦਾਰ, ਭਾਈ ਘਸੀਟਾ ਸਿੰਘ ਹੋਰਾਂ ਦੇ ਪਿੰਡ ਮੇਲਾ ਸੀ, ਜਿਸ ਦਿਨ ਸੁਰੈਣ ਸਿੰਘ 'ਗਿੜਧੀ' ਉੱਥੇ ਸਚੇ ਪਾਤਸ਼ਾਹ ਦੇ ਦਰਸ਼ਨ ਕੀਤੇ। ਆਪ ਜੀ ਨੇ ਫੁਰਮਾਇਆ ਕਿ ਤੂੰ ਮੁਕਤਸਰੋਂ ਸਾਡਾ ਬੰਦਾ ਲੈ ਗਿਆ ਹੈਂ, ਉਸ ਨੂੰ ਵਾਪਸ ਲਿਆ ਦੇਹ। ਮੈਨੂੰ ਹੁਕਮ ਹੋਇਆ, ਜਦੋਂ ਮੈਂ ਗਿੜਧੀ ਨਾਲ ਜਾ ਮੱਥਾ ਟੇਕਿਆ ਪਿੰਡੋਂ ਆਪਣਿਉਂ ਜਾ ਕੇ, ਕਿ ਕਾਣਾ ਘੋੜਾ ਲੈਕੇ ਤੂੰ ਮੁਕਤਸਰ ਹੋਲੇ ਤੇ ਚਲੇ ਜਾਣਾ ਹੈ। ਜਦੋਂ ਅਸੀਂ ਉਥੇ ਪਹੁੰਚੀਏ ਤੂੰ ਘੋੜੇ ਸਮੇਤ ਸਿੱਧਾ ਸਟੇਸ਼ਨ ਤੇ ਆ ਜਾਈਂ। ਮੈਂ ਪਿੰਡੋ ਪਿੰਡ, ਰਾਹ ਦੇ ਸਿੰਘਾਂ ਪਾਸ ਰੁਕਦਾ ਹੋਇਆ, ਸਤਿਗੁਰੂ ਜੀ ਦੇ ਆਉਣ ਤੋਂ ਦੋ ਦਿਨ ਪਹਿਲਾਂ ਮੁਕਤਸਰ ਪੁਜ ਗਿਆ। ਸਤਿਗੁਰੂ ਜੀ ਵੀ ਅਖੰਡ ਪਾਠਾਂ ਦੇ ਭੋਗ ਪਾ ਕੇ ਸੁਹੇਵੇ ਸਾਹਿਬ ਤੋਂ ਸਿੱਧੇ ਮੁਕਤਸਰ ਹੀ ਆਏ। ਮੈਂ ਜਦੋਂ ਘੋੜੇ ਸਮੇਤ ਹਾਜ਼ਰ ਹੋਇਆ ਅਤੇ ਸਤਿਗੁਰੂ ਜੀ ਦਾ ਦਰਸ਼ਨ ਕੀਤਾ ਤਾਂ ਉਹ ਰੂਪ

ਅੱਜ ਵੀ 40-45 ਵਰ੍ਹੇ ਬੀਤਣ ਬਾਦ ਉਵੇਂ ਹੀ ਅੱਖਾਂ ਅੱਗੇ ਹੈ। ਆਪ ਨੇ ਵੈਰਾਗੀਆਂ ਵਾਲਾ ਰੂਪ ਧਾਰਿਆ ਹੋਇਆ ਸੀ। ਚਾਦਰ ਦੀ ਗਾਤੀ ਮਾਰੀ ਹੋਈ ਸੀ। ਪੈਰੀਂ ਪਊਏ ਸਨ। ਨਾਲ ਦੀ ਸੰਗਤ ਵੀ ਵੈਰਾਗੀ ਦਸ਼ਾ ਵਿਚ ਹੀ ਸੀ। ਜਿਹਨਾਂ ਸੱਜਣਾਂ ਉਹ ਹਾਲ ਵੇਖਿਆ ਹੈ, ਉਨ੍ਹਾਂ ਨੂੰ ਅੱਜ ਵੀ ਨਹੀਂ ਭੁੱਲ ਰਿਹਾ। ਸਤਿਗੁਰੂ ਜੀ ਘੋੜੇ 'ਤੇ ਸਵਾਰ ਹੋ ਕੇ ਜਿੱਥੇ ਉਹਨਾਂ ਦਾ ਡੇਰਾ ਸੀ, ਨਾਮਧਾਰੀ ਧਰਮਸ਼ਾਲਾ ਵਿਚ, ਉਥੇ ਪੁੱਜ ਗਏ।

**ਹੋਲਾ ਮੁਕਤਸਰ ਸੰਬਤ 1977 ਬਿਕ੍ਰਮੀ**

ਇਸ ਹੋਲੇ ਸਮੇਂ ਮਾਤਾ ਭੂਪਿੰਦਰ ਕੌਰ ਜੀ, ਨਵ ਜਨਮੇ ਸਾਹਿਬਜ਼ਾਦੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ), ਜੋ ਉਦੋਂ ਅਜੇ ਤਿੰਨਾਂ ਕੁ ਮਹੀਨਿਆਂ ਦੇ ਸਨ, ਨੂੰ ਲੈ ਕੇ ਆਏ ਸਨ। ਸਾਰੇ ਘੋੜਿਆਂ ਵਾਲੇ ਸਿੰਘ ਮਾਤਾ ਜੀ ਨੂੰ ਮੱਥਾ ਟੇਕਣ ਅਤੇ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਗਏ ਤਾਂ ਮਾਤਾ ਜੀ ਨੇ ਮਹੰਤ ਕੇਸਰ ਸਿੰਘ ਮਜਾਧ ਵਾਲਿਆਂ ਨੂੰ ਕਿਹਾ ਕਿ ਗੁਰਮੁਖ ਸਿੰਘ ਨੂੰ ਫੜਾ ਦੇ ਇਹਦਾ ਭਰਾ, ਖਿਡਾ ਲਿਆਵੇਗਾ। ਮੈਂ ਬਾਲ ਗੋਪਾਲ ਨੂੰ, ਸਾਰਾ ਦੀਵਾਨ ਅਤੇ ਘੋੜੇ ਊਠਾਂ ਵਾਲਿਆਂ ਦੇ ਡੇਰਿਆਂ ਵਿਚ ਘੁੰਮਾ ਲਿਆਇਆ।

ਇਸ ਹੋਲੇ ਸਮੇਂ ਸਤਿਗੁਰੂ ਜੀ ਨੇ ਪੰਥਕ ਉੱਨਤੀ, ਆਪਣੇ ਪ੍ਰਚਾਰ ਦੀ ਬਿਹਤਰੀ ਤੇ ਹੋਰ ਕਈ ਮਾਮਲਿਆਂ ਨੂੰ ਨਜਿੱਠਣ ਲਈ ਰਾਇ ਮਸ਼ਵਰੇ ਸੰਗਤ ਨਾਲ ਕੀਤੇ। ਪੰਥ ਦੇ ਸਾਰੇ ਹੀ ਮੁਖੀ ਜਥੇਦਾਰਾਂ ਤੇ ਵਿਦਵਾਨਾਂ ਤੋਂ, ਪੰਥਕ ਭਲਾਈ ਲਈ ਵਿਚਾਰਾਂ ਸੁਣੀਆਂ।

ਸਤਿਗੁਰੂ ਜੀ ਨੇ ਪੰਥ ਦੇ ਸਨਮੁਖ, ਕਈ ਸਮਾਜੀ ਅਤੇ ਰਾਜਸੀ ਮਾਮਲੇ ਨਜਿੱਠਣ ਲਈ, 'ਨਾਮਧਾਰੀ ਦਰਬਾਰ' ਦੀ ਸਥਾਪਨਾ ਕੀਤੀ ਜੋ ਮੁਕਤਸਰ ਦੇ ਹੋਲੇ ਦੀ ਯਾਦਗਾਰੀ ਘਟਨਾ ਹੈ। ਕਈ ਸੂਬੇ ਪੁਰਾਣੇ ਵੀ ਗੁਜ਼ਰ ਚੁੱਕੇ ਸਨ ਅਤੇ ਉਹਨਾਂ ਦੀ ਥਾਂ ਨਵੇਂ ਸੂਬੇ ਵੀ ਥਾਪਣੇ ਸਨ। ਕੂਕਿਆਂ ਵਿਚ ਰਾਜਸੀ ਜਾਗਰਤ ਨੇ ਇਕ ਹੋਰ ਪਾਸਾ ਬਦਲਿਆ। "ਨਾਮਧਾਰੀ ਦਰਬਾਰ" ਦੇ ਬਾਨੀ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਸਨ, ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਾਸਤੇ, ਕਾਂਗ੍ਰਸ ਪਾਰਟੀ ਨਾਲ ਮਿਲ ਕੇ ਆਪਣਾ ਕੰਮ ਆਰੰਭ ਦਿਤਾ ਸੀ, ਪਰ ਉਮਰ ਨੇ ਉਹਨਾਂ ਨਾਲ ਵਫ਼ਾ ਨਾ ਕੀਤੀ ਸੀ। ਫਿਰ ਵੀ ਉਨ੍ਹਾਂ ਦੇ ਕਈ ਕੰਮ ਯਾਦਗਾਰੀ ਹੋ ਨਿਬੜੇ। ਅੰਗ੍ਰੇਜ਼ੀ ਦੇ ਵਿਦਵਾਨ ਸਨ, ਅੰਗ੍ਰੇਜ਼ਾਂ ਦੀਆਂ ਲਿਖਤਾਂ ਫੋਲ ਕੇ ਆਪਣੇ ਇਤਿਹਾਸ ਨੂੰ ਲੋਕਾਂ ਵਿਚ ਪੇਸ਼ ਕਰਨ ਦੀ ਚੇਟਕ ਉਹਨਾਂ ਹੀ, ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਨਿਧਾਨ ਸਿੰਘ ਆਲਮ ਜੀ ਨੂੰ ਲਾਈ ਸੀ। ਉਹ ਪੰਜਾਬ ਕਾਂਗ੍ਰਸ ਕਮੇਟੀ ਦੇ ਉੱਚੇ ਅਹੁਦਿਆਂ ਤੇ ਵੀ ਰਹੇ। ਮਹਾਰਾਜ ਨਿਹਾਲ ਸਿੰਘ ਹੋਰਾਂ ਨੇ ਖੁੱਲ੍ਹੇ ਰੂਪ ਵਿਚ

ਉਹਨਾਂ ਤੋਂ ਬਾਦ ਕਾਂਗ੍ਰਸ ਦਾ ਕੰਮ ਜਾਰੀ ਰਖਿਆ ਸੀ। ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਹ ਮਾਨਤਾ ਸੀ ਕਿ ਸਾਡਾ ਪਹਿਲਾ ਕੰਮ ਧਰਮ ਦਾ ਹੈ। ਅਸੀਂ ਉਸ ਤਰ੍ਹਾਂ ਦੀ ਸਿਆਸਤ ਨਾਲ ਤਾਂ ਨਿਭ ਸਕਦੇ ਹਾਂ, ਜਿੱਥੇ ਸਾਡੇ ਧਰਮ ਦੀ ਮੂਲ ਭਾਵਨਾ ਨੂੰ ਕੋਈ ਠੇਸ ਨਾ ਪਹੁੰਚੇ। ਦੇਸ਼ ਵਾਸਤੇ ਲੜਨ ਵਾਲੇ ਕੀ ਕਾਂਗ੍ਰਸੀ, ਕੀ ਕਮਿਊਨਿਸਟ, ਕੀ ਕਿਰਤੀ ਕਿਸਾਨ ਅਤੇ ਕੀ ਅਕਾਲੀ ਸੱਭੇ ਹੀ ਸਮੇਂ ਸਮੇਂ ਸਿਰ ਆਪ ਜੀ ਦੀ ਕ੍ਰਿਪਾ ਦੇ ਪਾਤਰ ਬਣਦੇ ਰਹੇ ਸਨ। ਆਪ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਸ ਸਿੱਖਿਆ ਨੂੰ ਹਮੇਸ਼ਾ ਸਾਹਵੇਂ ਰੱਖਿਆ ਸੀ ਕਿ ਸਾਡੇ ਲੰਗਰ ਦੇ ਬੂਹੇ ਤਾਂ ਉਸ ਗਊਘਾਤੀ ਵਾਸਤੇ ਵੀ ਖੁੱਲ੍ਹੇ ਹਨ, ਜੋ ਗਾਂ ਕਤਲ ਕਰਕੇ ਹੱਥ ਵਿਚ ਲਹੂ ਨੁੱਚੜਦੀ ਛੁਰੀ ਫੜ ਕੇ ਆਇਆ ਹੋਵੇ। ਇਸੇ ਲਈ ਗੁਰਦੁਆਰਾ ਭੈਣੀ ਸਾਹਿਬ ਹਰ ਰੰਗ ਦੇ ਇਨਕਲਾਬੀਆਂ, ਜੁਗ ਗਰਦਾਂ, ਦੇਸ਼ ਭਗਤਾਂ ਅਤੇ ਸਰਕਾਰ ਬਰਤਾਨੀਆਂ ਦੇ ਵਿਰੋਧੀਆਂ ਦੀ ਬੜੀ ਵਧੀਆ ਠਾਹਰ ਬਣਦਾ ਰਿਹਾ ਹੈ।

ਨਾਮਧਾਰੀ ਦਰਬਾਰ ਦੇ ਪਹਿਲੇ ਪ੍ਰਧਾਨ ਸਨ ਪਿੰਡ ਗੰ੍ਥਗੜ੍ਹ ਜ਼ਿਲ੍ਹਾ ਅੰਮ੍ਰਿਤਸਰ ਦੇ ਸ੍. ਲਛਮਣ ਸਿੰਘ, ਸ੍. ਸ਼ੇਰ ਸਿੰਘ ਜੀ, ਜਿਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਇਕ ਘੋੜਾ ਅਤੇ ਉਸ ਨੂੰ ਸਾਂਭਣ ਵਾਲਾ ਸਾਉਣ ਸਿੰਘ ਨਾਂ ਦਾ ਸਾਈਸ ਵੀ ਭੇਟਾ ਕੀਤਾ ਸੀ। ਉਸ ਸਰਦਾਰ ਦੇ ਸਪੁੱਤਰ ਸ. ਲਛਮਣ ਸਿੰਘ ਜੀ ਸਨ। ਜੱਸ ਜੀਵਨ ਜਿਲਦ ਪਹਿਲੀ ਮੁਤਾਬਿਕ ਪਹਿਲ ਪਰਧਾਨ, ਰਾਜਾ ਧਿਆਨ ਸਿੰਘ ਕੱਕੜ ਸਨ। ਦਰਬਾਰ ਦੇ ਮੈਂਬਰਾਂ ਅਤੇ ਸੂਬਿਆਂ ਦੀ ਪੂਰੀ ਸੂਚੀ ਜੱਸ ਜੀਵਨ ਵਿਚ ਦਰਜ ਹੈ। (ਇਹ ਲਿਖਤ ਕਿਉਂਕਿ ਇਕ ਵਿਅਕਤੀ ਦੀ ਯਾਦਾਸ਼ਤ 'ਤੇ ਆਧਾਰਿਤ ਹੈ, ਜੋ ਪੜ੍ਹ ਲਿਖ ਵੀ ਨਹੀਂ ਸਕਦਾ। ਇਸ ਲਈ ਕੁਝ ਅੰਤਰ ਸੁਭਾਵਿਕ ਹੈ।) ਦਰਬਾਰ ਦੇ ਬਾਕੀ ਮੈਂਬਰਾਂ ਦਾ ਵੇਰਵਾ ਇਉਂ ਹੈ:

1. ਸੰਤ ਜਵੰਦ ਸਿੰਘ ਜੀ ਜਿੰਦਾ ਸ਼ਹੀਦ ਖ਼ਿਆਲਾ
2. ਸੰਤ ਨੱਥਾ ਸਿੰਘ ਜੀ ਚੇਲੇਕਾ (ਸੰਤ ਪ੍ਰੀਤਮ ਸਿੰਘ ਜੀ ਦੇ ਪਿਤਾ)
3. ਸੰਤ ਇੰਦਰ ਸਿੰਘ ਜੀ 'ਚੱਕਰਵਰਤੀ' ਪਿੰਡ ਲੱਲ (ਰਿਆਸਤ ਪਟਿਆਲਾ)
4. ਬੁੱਢਾ ਸਿੰਘ ਜੀ ਖਾਨਪੁਰ (ਸਿਆਲਕੋਟ)
5. ਪੰਡਿਤ ਅਮਰ ਸਿੰਘ ਜੀ....
6. ਸੂਰਤ ਸਿੰਘ ਭਿਕਸ਼ੂ ਪਿੰਡ ਖਤਰਾ ਉੱਚੇ (ਅੰਮ੍ਰਿਤਸਰ)
7. ਸੂਬਾ ਗੁਰਬਖ਼ਸ਼ ਸਿੰਘ ਜੀ ਚੱਕ (ਰਿਆਸਤ ਮਲੇਰਕੋਟਲਾ)
8. ਸੰਤ ਅਣਖਾ ਸਿੰਘ ਜੀ ਦਾਤੇਵਾਲ (ਸਿਆਲਕੋਟ)
9. ਮਹਾਰਾਜ ਗੁਰਦਿਆਲ ਸਿੰਘ ਜੀ ਇਤਿਆਦਿ।

ਹੋਰ ਸੂਬੇ ਇਸ ਪ੍ਰਕਾਰ ਥਾਪੇ ਗਏ ਸਨ:

1. ਦੁਆਬੇ ਦਾ ਸੂਬਾ ਮਾਹੂਵਾਲੀਆ ਬਾਬਾ ਖੇਮ ਸਿੰਘ
2. ਰਿਆਸਤ ਮਲੇਰਕੋਟਲਾ ਦਾ ਸੂਬਾ ਗੁਰਬਖ਼ਸ਼ ਸਿੰਘ ਚੱਕ
3. ਮੁਕਤਸਰ ਦੇ ਇਲਾਕੇ ਦਾ ਸੂਬਾ ਮੀਹਾਂ ਸਿੰਘ 'ਗੁਰੂਸਰ'
4. ਜ਼ਿਲ੍ਹਾ ਫੀਰੋਜ਼ਪੁਰ ਦਾ ਸੂਬਾ ਇੰਦਰ ਸਿੰਘ ਰੋਡੇ
5. ਰਿਆਸਤ ਪਟਿਆਲਾ ਸੂਬਾ ਬਿਸ਼ਨ ਸਿੰਘ ਭਦੌੜ
6. ਰਿਆਸਤ ਪਟਿਆਲਾ ਦਾ ਸੂਬਾ ਮਸਤਾਨ ਸਿੰਘ ਰਾਇਸਰ
7. ਰਿਆਸਤ ਨਾਭਾ ਦਾ ਸੂਬਾ, ਸੂਬਾ ਲਾਲ ਸਿੰਘ ਢਿੱਲਵਾਂ ਮੌੜ
8. ਰਿਆਸਤ ਬਹਾਵਲਪੁਰ ਦਾ ਸੂਬਾ ਮਾਹੀ ਸਿੰਘ
9. ਜ਼ਿਲ੍ਹਾ ਮਿੰਟਗੁਮਰੀ (ਸਾਹੀਵਾਲ) ਸੂਬਾ ਲੱਧਾ ਸਿੰਘ ਮਹੰਤ ਖ਼ਿਆਲੀਆ
10. ਜ਼ਿਲ੍ਹਾ ਅੰਮ੍ਰਿਤਸਰ ਸੂਬਾ ਹਰਨਾਮ ਸਿੰਘ ਭੋਇਵਾਲੀ
11. ਜ਼ਿਲ੍ਹਾ ਲਾਹੌਰ ਸੂਬਾ ਲਾਭ ਸਿੰਘ ਜੀ, ਡੱਫਰਕੇ
12. ਜ਼ਿਲ੍ਹਾ ਸ਼ੇਖ਼ੂਪੁਰਾ ਸੂਬਾ ਮਤਾਬ ਸਿੰਘ ਜੀ ਦਾਤੇਵਾਲ
13. ਜ਼ਿਲ੍ਹਾ ਗੁਜਰਾਂਵਾਲਾ ਸੂਬਾ ਅਰੂੜ ਸਿੰਘ
14. ਜ਼ਿਲ੍ਹਾ ਸਿਆਲਕੋਟ ਸੂਬਾ ਭਗਤ ਸਿੰਘ ਜੀ ਦਾਤੇਵਾਲੀਏ
15. ਜ਼ਿਲ੍ਹਾ ਲਾਇਲਪੁਰ, ਸੂਬਾ ਟਹਿਲ ਸਿੰਘ ਸਦੋਵਾਲ
16. ਜ਼ਿਲ੍ਹਾ ਗੁਰਦਾਸਪੁਰ...

ਪ੍ਰਚਾਰਕ ਅਤੇ ਜਥੇਦਾਰ ਜੋ ਨਾਮਧਾਰੀ ਦਰਬਾਰ ਦੇ ਆਦੇਸ਼ ਮੁਤਾਬਿਕ ਭਿੰਨ ਭਿੰਨ ਇਲਾਕਿਆਂ ਵਿਚ ਸਿਖੀ ਪ੍ਰਚਾਰ ਪ੍ਰਸਾਰ ਵਾਸਤੇ ਥਾਪੇ ਗਏ ਉਹਨਾਂ ਦੇ ਨਾਮ ਗ੍ਰਾਮ ਇਹ ਹਨਃ

1. ਸੰਤ ਆਲਾ ਸਿੰਘ ਵਰਨ
2. ਸੰਤ ਫਤਹਿ ਸਿੰਘ ਮਾਂਗਾ
3. ਸੰਤ ਮੋਹਨ ਸਿੰਘ ਵਡਾਲਾ ਜੌਹਲਾਂ
4. ਸੰਤ ਤੇਜਾ ਸਿੰਘ ਸਮਸਾ (ਸ਼ੇਖ਼ੂਪੁਰਾ)
5. ਸੰਤ ਬੰਤਾ ਸਿੰਘ ਜੀ ਬੂੜੇ ਡੱਲਾ (ਗੁਰਦਾਸਪੁਰ)
6. ਅਰੂੜ ਸਿੰਘ ਜੀ ਖਿਆਲਾ (ਅੰਮ੍ਰਿਤਸਰ)
7. ਸੰਤ ਅਤਰ ਸਿੰਘ ਜੀ ਸੰਬੜ੍ਹ ਵਾਲ

(ਇਹ ਕੁਝ ਚਿਰ ਤੋਂ ਹੀ ਉਠੇ ਸਨ, ਪਹਿਲਾਂ ਜਥੇਦਾਰ ਬੰਤਾ ਸਿੰਘ ਬੂੜੇ ਡੱਲੀਏ ਦੇ ਜਥੇ ਵਿਚ ਸਨ।)

8. ਸੰਤ ਖਜ਼ਾਨ ਸਿੰਘ ਜੀ ਮਜ਼੍ਹਬੀ
9. ਸੰਤ ਟਹਿਲ ਸਿੰਘ ਜੀ ਸੱਦੋਵਾਲ (ਸਿਆਲਕੋਟ)

10. ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ

11. ਸੰਤ ਨੱਥਾ ਸਿੰਘ ਜੀ ਲੋਪੋਕੇ

ਇਹਨਾਂ ਦੇ ਚੇਲੇ ਨਿਧਾਨ ਸਿੰਘ ਆਲਮ ਸਨ ਜੋ ਇਸ ਹੋਲੇ ਤੇ ਹੀ ਪਹਿਲੀ ਵੇਰ ਆਏ ਸਨ ਅਤੇ ਵਾਜਾ ਵਜਾਉਂਦੇ ਸਨ ਸੰਤਾਂ ਦੇ ਜਥੇ ਵਿਚ।

12. ਸੰਤ ਭਗਤ ਸਿੰਘ ਜੀ ਦਾਤੇਵਾਲੀਏ

ਇਹ ਸਭ ਪ੍ਰਚਾਰਕਾਂ ਦੇ ਮੁਖੀ ਥਾਪੇ ਗਏ ਸਨ। ਪ੍ਰਚਾਰ ਦੇ ਮਾਮਲੇ ਵਿਚ ਕੋਈ ਸ਼ੰਕਾ, ਪੁਛ ਪੜਤਾਲ ਬਾਕੀ ਜਥੇਦਾਰ ਇਹਨਾਂ ਤੋਂ ਨਵਿਰਤ ਕਰ ਸਕਦੇ ਸਨ। ਸੰਤ ਗਿਆਨ ਦਾ ਸਮੁੰਦਰ ਸਨ।

ਇਸ ਹੋਲੇ ਸਮੇਂ ਹੀ ਸਤਿਗੁਰੂ ਜੀ ਨੇ ਐਲਾਨ ਕੀਤਾ ਕਿ ਨਾਮਧਾਰੀ ਪੰਥ ਨਾਲ ਸਬੰਧਿਤ ਕਿਸੇ ਵੀ ਮਸਲੇ ਬਾਰੇ ਮੈਂ ਅੱਜ ਤੋਂ ਬਾਦ ਸਰਕਾਰੀ ਅਦਾਲਤਾਂ ਵਿਚ ਨਹੀਂ ਜਾਵਾਂਗਾ। ਇਹ ਕੰਮ ਦਰਬਾਰ ਦੇ ਜ਼ਿੰਮੇ ਹੈ। ਮੈਂ ਤਾਂ ਸਤਿਗੁਰੂ ਰਾਮ ਸਿੰਘ ਦੀ ਸੰਗਤ ਦੇ ਦਰਸ਼ਨ ਲਈ ਜਾਂ ਦੌਰੇ ਕਰਾਂਗਾ ਜਾਂ ਉਹਨਾਂ ਨਮਿਤ ਪਾਠਾਂ ਦੇ ਭੋਗ ਪੁਆਵਾਂਗਾ। ਉਹਨਾਂ ਹਰ ਸਿੰਘ ਨੂੰ ਯਥਾ ਸ਼ਕਤ ਇਸ ਪਾਠ ਪ੍ਰਵਾਹ ਵਿਚ ਹਿੱਸਾ ਲੈਣ ਲਈ ਵੀ ਆਖਿਆ। ਜੇ ਕੋਈ ਸਰਦਾ ਪੁੱਜਦਾ ਸਿੰਘ ਹੋਵੇ ਤਾਂ ਉਹ ਚਾਲੀ ਰੁਪੈ ਦੇਵੇ, ਇਕ ਅਖੰਡ ਪਾਠ ਦੀ ਭੇਟਾ। ਜੇ ਕੋਈ ਜ਼ਿਆਦਾ ਕਮਜ਼ੋਰ ਹੋਵੇ ਤਾਂ ਉਹ ਭਾਵੇਂ ਇਕ ਪੈਸਾ ਹੀ ਦੇ ਦੇਵੇ, ਅਸੀਂ ਉਹਦੇ ਵਲੋਂ ਸਤਿਗੁਰੂ ਜੀ ਨਮਿਤ ਅਖੰਡ ਪਾਠ ਕਰ ਦਿਆਂਗੇ।

ਹੋਲੇ ਦੇ ਭੋਗ ਤੋਂ ਬਾਦ ਨਾਮਧਾਰੀ ਦਰਬਾਰ ਦੇ ਮੈਂਬਰ ਤਾਂ ਭੈਣੀ ਸਾਹਿਬ ਚਲੇ ਗਏ, ਡੇਰੇ ਦਾ ਕੰਮ ਸੰਭਾਲਣ ਵਾਸਤੇ ਅਤੇ ਸੂਬੇ, ਜਥੇਦਾਰ, ਪ੍ਰਚਾਰਕ ਆਪੋ ਆਪਣੇ ਇਲਾਕਿਆਂ ਵਿਚ ਨਾਮਧਾਰੀ ਦਰਬਾਰ ਦੀ ਹਦਾਇਤ ਮੁਤਾਬਿਕ ਪੰਥਕ ਪ੍ਰਚਾਰ ਦੇ ਕਾਰਜ ਵਿਚ ਜੀ ਜਾਨ ਨਾਲ ਜੁਟ ਗਏ।

ਸ੍ਰੀ ਸਤਿਗੁਰੂ ਜੀ ਮਾਲਵੇ ਦੇ ਪਿੰਡਾਂ ਵਿਚ ਦੀ ਸੰਗਤਾਂ ਨੂੰ ਦਰਸ਼ਨ ਮੇਲੇ ਦਿੰਦੇ ਹੋਏ ਝਾੜੀਵਾਲ, ਫੀਰੋਜ਼ਪੁਰ ਛਾਉਣੀ, ਚੀਮੇ, ਵਲਟੋਹਾ, ਸਿੰਘਪੁਰਾ, ਮੱਖੀਆਂ ਦੋਵੇ, ਸਿਰਹਾਲੀ ਵਰਿਆਂਹ ਸੰਘੇ, ਨੁਸ਼ਹਿਰਾ ਪੰਨੂਆਂ, ਦੀਨ ਪੁਰ ਆਦਿ ਮਾਝੇ ਦੇ ਪ੍ਰਸਿੱਧ ਪਿੰਡਾਂ ਥਾਣੀਂ ਹੁੰਦੇ ਹੋਏ ਚੇਤ ਚੌਦੇ ਦੀ ਮੱਸਿਆ ਦੇ ਮੇਲੇ ਤੇ ਤਰਨਤਾਰਨ ਪੁੱਜ ਗਏ। ਇਥੇ ਨਾਮਧਾਰੀ ਧਰਮਸ਼ਾਲਾ ਵਿਖੇ ਡੇਰਾ ਲੱਗਦਾ ਸੀ।

ਮੱਸਿਆ ਤੋਂ ਬਾਦ ਫਿਰ ਮਾਝੇ ਦੇ ਨਗਰਾਂ ਨੂੰ ਤਾਰਦੇ ਹੋਏ ਵੈਸਾਖੀ ਸਮੇਂ ਸ੍ਰੀ ਅੰਮ੍ਰਿਤਸਰ ਜਾ ਦਰਸ਼ਨ ਦਿਤੇ। ਸੰਗਤਾਂ ਪਾਸੋਂ ਅਖੰਡ ਪਾਠਾਂ ਲਈ ਮਾਇਆ ਆਪ ਜੀ ਦੇ ਹੁਕਮ ਅਨੁਸਾਰ ਇਕੱਤਰ ਕੀਤੀ ਗਈ ਅਤੇ ਇੱਥੋਂ ਸ੍ਰੀ ਭੈਣੀ ਸਾਹਿਬ ਆਉਂਦਿਆਂ ਹੀ ਆਪ ਨੇ ਅਖੰਡ ਪਾਠਾਂ ਦਾ ਪ੍ਰਵਾਹ ਤੋਰ ਦਿਤਾ। ਹਾੜ ਦੇ ਪਿਛਲੇ

ਪੱਖ ਜਦੋਂ ਮੀਂਹ ਸ਼ੁਰੂ ਹੋ ਗਏ ਅਤੇ ਪਤੰਗਿਆਂ ਨੇ ਜੋਤਾਂ ਤੇ ਡਿੱਗਣਾ ਸ਼ੁਰੂ ਕੀਤਾ ਉਦੋਂ ਅਖੰਡ ਪਾਠ ਰੋਕ ਦਿਤੇ ਗਏ। ਇਸੇ ਸਮੇਂ ਹੀ ਕੁਝ ਦਿਨਾਂ ਲਈ ਸਤਿਗੁਰੂ ਜੀ ਨਹਿਰ ਵਾਲੇ ਡੇਰੇ 'ਤੇ ਜਾ ਟਿਕੇ।

### ਮਹਾਰਾਜਾ ਹੀਰਾ ਸਿੰਘ ਨਾਭਾ ਅਤੇ ਕੂਕਿਆਂ ਦੇ ਸਬੰਧ

ਨਾਭੇ ਦੀ ਗੱਦੀ ਤੇ ਬਹਿਣ ਤੋਂ ਪਹਿਲਾਂ ਜੋ ਉਸਨੂੰ, ਗੁਜ਼ਰ ਗਏ ਰਾਜੇ ਦੇ ਸ਼ਰੀਕੇ ਭਾਈਚਾਰੇ ਵਿਚੋਂ ਮਿਲੀ ਸੀ, ਹੀਰਾ ਸਿੰਘ ਬਡਰੁੱਖੇ ਵਾਲਾ, ਕੂਕਾ ਸੀ। ਮਲੇਰ ਕੋਟਲੇ ਤੋਂ ਨਾਭਾ ਨੇੜੇ ਹੀ ਸੀ ਅਤੇ ਜਦੋਂ ਬੁੱਚੜ ਬੱਧ ਹੋਣ ਤੋਂ ਬਾਦ ਸਿੰਘਾਂ ਨੂੰ ਉੱਥੇ ਸ਼ਹੀਦ ਕਰਨ ਲਈ ਰਿਆਸਤਾਂ ਨੇ ਆਪਣੀਆਂ ਤੋਪਾਂ ਅਤੇ ਫੌਜਾਂ ਭੇਜੀਆਂ ਸਨ ਤਾਂ ਤੀਜੇ ਨੰਬਰ ਤੇ ਜਿਹੜੀ ਤੋਪ ਬੀੜੀ ਗਈ ਸੀ ਉਹ ਨਾਭੇ ਰਿਆਸਤ ਦੀ ਹੀ ਸੀ ਜਿਸ ਦਾ ਹੁਣ ਮਹਾਰਾਜਾ ਹੀਰਾ ਸਿੰਘ ਸੀ। ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਸੁਣਿਆ ਕਿ ਨਾਭੇ ਦੀ ਤੋਪ ਵੀ ਸਿੰਘਾਂ ਨੂੰ ਸ਼ਹੀਦ ਕਰਨ ਲਈ ਆਈ ਹੈ ਤਾਂ ਉਹਨਾਂ ਹੁਕਮ ਕੀਤਾ ਸੀ ਕਿ ਹੀਰਾ ਸਿੰਘ ਵੀ ਪਾਪ ਦੀ ਬੇੜੀ ਵਿਚ ਚੜ੍ਹ ਗਿਆ ਹੈ। ਇਸ ਬਚਨ ਤੋਂ ਵੀ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਹੀਰਾ ਸਿੰਘ ਪਹਿਲੋਂ ਕੂਕਾ ਸੀ, ਤਾਂ ਹੀ ਸਤਿਗੁਰੂ ਜੀ ਨੂੰ ਉਸ ਤੇ ਗਿਲਾ ਆਇਆ ਸੀ ਕਿਉਂਕਿ ਦੂਜੀਆਂ ਰਿਆਸਤਾਂ ਪਟਿਆਲਾ, ਜੀਂਦ ਆਦਿ ਲਈ ਆਪ ਨੇ ਇਸ ਤਰ੍ਹਾਂ ਦਾ ਕੋਈ ਸ਼ਬਦ ਨਹੀਂ ਵਰਤਿਆ ਸੀ। ਸਤਿਗੁਰੂ ਜੀ ਜਾਣਦੇ ਸਨ ਕਿ ਅੰਗ੍ਰੇਜ਼ਾਂ ਪ੍ਰਤੀ ਆਤਮ ਸਮਰਪਣ ਕਰਕੇ ਅਤੇ ਪੰਜਾਬ ਦਾ ਸੁਤੰਤਰ ਰਾਜ ਖੋਹਣ ਵਿਚ ਅੰਗ੍ਰੇਜ਼ਾਂ ਦੀ ਮੱਦਦ ਕਰਨ ਸਦਕਾ ਪਟਿਆਲੇ ਵਾਲੇ ਤਾਂ ਪਹਿਲਾਂ ਹੀ ਦੋਸ਼ੀ ਸਨ, ਪੰਜਾਬ ਦੀ ਜਨਤਾ ਦੇ। ਕਸਰ ਸਿਰਫ਼ ਹੀਰਾ ਸਿੰਘ ਦੀ ਰਤਾ ਰਹਿੰਦੀ ਸੀ ਉਹ ਵੀ ਇਸ ਸਾਕੇ ਵਿਚ ਨਿਕਲ ਗਈ। ਪਰ ਹੀਰਾ ਸਿੰਘ ਦੇ ਮਨ ਵਿਚ ਆਪਣੀ ਇਸ ਕਾਰਵਾਈ ਪ੍ਰਤੀ ਗਿਲਾਨੀ ਰਹੀ ਅਤੇ ਮੁਕਤਸਰ ਦੀ ਕਿਸੇ ਮਾਘੀ ਤੇ ਅੰਗ੍ਰੇਜ਼ਾਂ ਤੋਂ ਚੋਰੀ ਚੋਰੀ ਉਹ ਇਹਨਾਂ ਕੂਕੇ ਆਗੂਆਂ ਨੂੰ ਮਿਲਿਆ। 1. ਨਰਾਇਣ ਸਿੰਘ ਰੋਡਿਆਂ ਵਾਲਾ, 2. ਗੋਧਾ ਸਿੰਘ ਅਬਲੂ, 3. ਜਵੰਦ ਸਿੰਘ ਜਿੰਦਾ ਸ਼ਹੀਦ ਖਿਆਲੀਆ, 4. ਦਰਬਾਰਾ ਸਿੰਘ ਰਾਏਪੁਰੀਆ, 5. ਦਾਨ ਸਿੰਘ ਅਤੇ 6. ਮਾਈ ਹੁਕਮੀ ਵਰਿਆਂਹ ਵਾਲੀ। ਕੁਝ ਸਿੰਘ ਹੋਰ ਵੀ ਸਨ। ਉਸ ਆਪਣੀ ਕੀਤੀ ਨੂੰ ਮਜਬੂਰੀ ਵਸ ਦੱਸਿਓ ਸੂ, ਦਾ ਪਸ਼ਚਾਤਾਪ ਕੀਤਾ ਅਤੇ ਸਿੰਘਾਂ ਨੂੰ ਕਿਹਾ ਕਿ ਉਹ ਗੁਰੂ ਹਰੀ ਸਿੰਘ ਜੀ ਨੂੰ ਬੇਨਤੀ ਕਰਕੇ ਉਸਦੀ ਭੁੱਲ ਬਖ਼ਸ਼ਾਉਣ। ਤਨਖ਼ਾਹ ਸਰੂਪ ਕੁਝ ਘੋੜੇ ਵੀ ਉਸ ਚੋਰੀ ਛਿਪੇ ਡੇਰੇ ਸ੍ਰੀ ਭੈਣੀ ਸਾਹਿਬ ਅਰਦਾਸ ਕਰਵਾਏ। ਅੰਗ੍ਰੇਜ਼ ਦਾ ਡਰ ਵੀ ਰਿਆਸਤੀ ਰਾਜਿਆਂ ਨੂੰ ਰਹਿੰਦਾ ਸੀ ਕਿਉਂਕਿ ਇਹ ਰਾਜੇ ਲੋਕਾਂ ਦੇ ਮਾਈ ਬਾਪ ਸਨ ਅਤੇ ਆਪ ਇਹ ਅੰਗ੍ਰੇਜ਼ ਸਰਕਾਰ ਨੂੰ ਆਪਣਾ ਮਾਈ ਬਾਪ ਸਮਝਦੇ ਸਨ। ਡੇਰੇ ਦੇ ਇਕ

ਇਕ ਸਿੰਘ ਦੀ ਸੁੱਖ ਸਾਂਦ, ਹੀਰਾ ਸਿੰਘ ਫਿਰ ਵੀ ਕਈ ਵੇਰ ਮਾਘੀ ਦੇ ਮੇਲੇ ਤੇ ਮੁਕਤਸਰ, ਆਪਣੇ ਪਾਸ ਕੁਝ ਚੁਣਵੇਂ ਸਿੰਘਾਂ ਨੂੰ ਚੋਰੀ ਸੱਦ ਕੇ ਪੁੱਛ ਲਿਆ ਕਰਦਾ ਸੀ। ਮਨੋਂ ਇਸ ਰਾਜੇ ਦੀ ਸ਼ਰਧਾ ਮਰਦੇ ਦਮ ਤਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ 'ਤੇ ਹੀ ਬਣੀ ਰਹੀ। ਗੁਰੂ ਘਰ ਪ੍ਰਤੀ ਸ਼ਰਧਾ ਭਾਵਨਾ ਦਾ ਹੀ ਕਾਰਣ ਸੀ ਕਿ ਜਦੋਂ ਅਸੀਂ ਨਾਭਾ ਅਤੇ ਪਟਿਆਲਾ ਰਿਆਸਤ ਦੇ ਮਗਰਲੇ ਰਾਜਿਆਂ ਦੀਆਂ ਕਾਰਵਾਈਆਂ ਦਾ ਜ਼ਿਕਰ ਕਰਦੇ ਹਾਂ ਤਾਂ ਉਹਨਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਮਿਲਦਾ ਹੈ।

ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਜਿੱਥੇ ਆਪਣੀ ਅੱਯਾਸ਼ੀ ਲਈ ਦੁਨੀਆਂ ਭਰ ਵਿਚ ਬਦਨਾਮ ਸੀ, ਉਥੇ ਉਸੇ ਦਾ ਸਮਕਾਲੀ, ਮਹਾਰਾਜਾ ਹੀਰਾ ਸਿੰਘ ਦਾ ਪੁੱਤਰ ਮਹਾਰਾਜਾ ਰਿਪੁਦਮਨ ਸਿੰਘ ਆਪਣੀ ਦੇਸ਼ ਭਗਤੀ ਲਈ ਪ੍ਰਸਿੱਧ ਸੀ। ਪੰਜਾਬ ਤਾਂ ਕੀ ਸ਼ਾਇਦ ਸਾਰੇ ਭਾਰਤ ਦਿਆਂ ਇਸ ਸਮੇਂ ਦੇ ਰਾਜਿਆਂ ਰਾਜਕੁਮਾਰਾਂ ਵਿਚੋਂ ਉਸ ਨੂੰ ਹੀ 'ਦੇਸ਼ ਭਗਤ ਰਾਜਕੁਮਾਰ' (ਪੈਟਿਰਿਓਟ ਪ੍ਰਿੰਸ) ਦੀ ਲੋਕਾਂ ਵਲੋਂ ਉਪਾਧੀ ਦਿਤੀ ਗਈ ਸੀ। ਉਸ ਦਾ ਬਾਦ ਦਾ ਜੀਵਨ ਜਦੋਂ ਉਸਨੂੰ ਪੰਜਾਬ ਵਿਚ ਸਰਕਾਰ ਵਿਰੋਧੀ ਤਾਕਤਾਂ ਨਾਲ ਮੇਲ ਗੇਲ ਰੱਖਣ ਸਦਕਾ, ਗੱਦੀਓਂ ਲਾਹ ਕੇ ਕੋਡਾਈ ਕਨਾਲ (ਮਦਰਾਸ ਪ੍ਰਾਂਤ) ਵਿਚ ਨਜ਼ਰਬੰਦ ਕੀਤਾ ਗਿਆ ਸੀ, ਇਸੇ ਗੱਲ ਦੀ ਸਾਖੀ ਭਰਦਾ ਹੈ ਕਿ ਉਸ ਦੀਆਂ ਰਗਾਂ ਵਿਚ ਇਕ ਪੁਰਾਣੇ ਕੂਕੇ ਹੀਰਾ ਸਿੰਘ ਦਾ ਖ਼ੂਨ ਵਹਿੰਦਾ ਸੀ ਜੋ ਆਪਣੇ ਦੇਸ਼ ਅਤੇ ਲੋਕਾਂ ਪ੍ਰਤੀ ਬੇਮੁੱਖ ਨਹੀਂ ਸੀ ਹੋਇਆ।

ਜਦੋਂ ਰਿਪੁਦਮਨ ਸਿੰਘ ਗੱਦੀ 'ਤੇ ਬੈਠਾ ਤਾਂ ਉਸਨੂੰ ਆਪਣੀ ਮਾਤਾ ਤੋਂ ਪਤਾ ਲੱਗਾ ਕਿ ਉਸਦਾ ਪਿਤਾ ਮਹਾਰਾਜਾ ਹੀਰਾ ਸਿੰਘ ਨਾਮਧਾਰੀ ਪੰਥ 'ਤੇ ਭਰੋਸਾ ਰੱਖਣ ਵਾਲਾ ਸੀ। ਉਸ ਨੇ ਆਪਣੀ ਮਾਤਾ ਨਾਲ ਸਲਾਹ ਕਰਕੇ ਕੂਕਿਆਂ ਦੇ ਇਕ ਦੋ ਸਿਆਣੇ ਸਰੀਰ ਆਪਣੇ ਰਾਜ ਦਰਬਾਰ ਵਿਚ ਰੱਖਣ ਦੀ ਇੱਛਿਆ ਪ੍ਰਗਟਾਈ ਜੋ ਉਸਨੂੰ ਸਮੇਂ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿਖਿਆਵਾਂ ਬਾਰੇ ਦੱਸਦੇ ਰਹਿਣ। ਉਸ ਦੀ ਮਾਤਾ ਹੀਰਾ ਸਿੰਘ ਦੀ ਵਿਧਵਾ ਮਹਾਰਾਣੀ ਨੇ ਇਸ ਮਤਲਬ ਦਾ ਇਕ ਸੁਨੇਹਾ ਗੁਪਤ ਰੂਪ ਵਿਚ ਸ੍ਰੀ ਭੈਣੀ ਸਾਹਿਬ ਮਾਈ ਜਿਊਣ ਕੌਰ ਜੀ ਪਾਸ ਭੇਜ ਦਿਤਾ। ਅਹਿਲਕਾਰ ਜੋ ਇਹ ਸੁਨੇਹਾ ਲੈ ਕੇ ਆਇਆ ਸੀ ਉਸਦੀ ਬੇਨਤੀ ਤੇ ਮਾਈ ਜੀ ਨੇ ਮਹਾਰਾਣੀ ਅਤੇ ਰਾਜ ਦਰਬਾਰ ਦੀਆਂ ਹੋਰ ਬੀਬੀਆਂ ਨੂੰ ਗੁਰਬਾਣੀ ਵਿਚਾਰ ਅਤੇ ਸੱਤ ਮਾਰਗ ਦੀ ਸਿੱਖਿਆ ਦੇਣ ਲਈ ਪੰਥ ਦੀ ਪ੍ਰਸਿੱਧ ਇਸਤਰੀ ਪ੍ਰਚਾਰਕ ਮਾਈ ਹੁਕਮੀ ਵਰਿਆਂਹ (ਅੰਮ੍ਰਿਤਸਰ) ਵਾਲੀ ਨੂੰ ਇਕ ਦੋ ਸਰੀਰਾਂ ਸਮੇਤ ਨਾਭੇ ਭੇਜ ਦਿਤਾ। ਭਾਈ ਸੰਤੋਖ ਸਿੰਘ ਬਾਹੋਵਾਲ ਮੁਤਾਬਿਕ ਮਹਾਰਾਜਾ ਹੀਰਾ ਸਿੰਘ ਹੀ ਸੂਬਾ ਹੁਕਮੀ ਨੂੰ ਸ੍ਰੀ ਭੈਣੀ ਸਾਹਿਬੋਂ ਆਪਣੇ ਪਾਸ ਨਾਭੇ ਲੈ ਗਿਆ ਸੀ

ਜਿੱਥੇ ਉਹਨਾਂ ਨੇ 40-50 ਹੋਰ ਨਾਮਧਾਰੀ ਪਰਿਵਾਰ ਵੀ ਆਪਣੇ ਪਾਸ ਨਾਭੇ ਬੁਲਾ ਕੇ ਇਕ ਧਰਮ ਸਿੰਘ ਸੰਭੜਿਆਲ (ਸਿਆਲਕੋਟ) ਦੇ ਨਾਮਧਾਰੀ ਨੂੰ ਨਾਜਮ ਵੀ ਨਿਯੁਕਤ ਕਰਵਾ ਦਿੱਤਾ ਸੀ। ਨਾਭੇ ਵਿਚ 'ਹੀਰਾ ਮਹੱਲ' ਦੇ ਪਾਸ ਹੀ ਮਾਈ ਹੁਕਮੀ ਨੂੰ ਨਿਵਾਸ ਵਾਸਤੇ ਇਕ ਕੋਠੀ ਦੇ ਦਿਤੀ ਗਈ।

ਇਕ ਦਿਨ ਮਹਾਰਾਜ ਰਿਪੁਦਮਨ ਸਿੰਘ ਨੇ ਮਾਈ ਹੁਕਮੀ ਨੂੰ ਮਹਿਲਾਂ ਵਿਚ ਆ ਕੇ ਉਸਨੂੰ ਅਤੇ ਬਾਕੀ ਸ਼ਾਹੀ ਘਰਾਣੇ ਨੂੰ ਰੋਜ਼ਾਨਾ ਕਥਾ ਸੁਨਾਉਣ ਦੀ ਬੇਨਤੀ ਕੀਤੀ। ਮਾਈ ਜੀ ਨੇ ਕਦੇ ਸੂਰਜ ਪ੍ਰਕਾਸ਼, ਕਦੇ ਸੌ ਸਾਖੀ, ਕਦੇ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਆਦਿ ਗ੍ਰੰਥਾਂ ਦੀ ਕਥਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਸੁਨਾਉਣੇ ਸ਼ੁਰੂ ਕਰ ਦਿਤੇ। ਇਕ ਦਿਨ ਰਾਜੇ ਨੇ ਮਾਈ ਜੀ ਨੂੰ ਅਰਜ਼ ਕੀਤੀ ਕਿ ਮੇਰੇ ਲੜਕੀਆਂ ਹੀ ਹਨ ਇਕ ਲੜਕੇ ਦੀ ਦਾਤ ਵੀ ਬਖਸ਼ੋ। ਮਾਈ ਜੀ ਨੇ ਆਖਿਆ ਕਿ ਸਤਿਗੁਰਾਂ ਨੂੰ ਅਰਜ਼ ਕਰਕੇ ਪੁੱਛਾਂਗੇ, ਜੋ ਹੁਕਮ ਹੋਏਗਾ ਤੁਹਾਨੂੰ ਦੱਸ ਦਿਆਂਗੇ। ਰਾਤ ਜਦੋਂ ਆਪਣੇ ਡੇਰੇ ਵਿਚ ਬਰਾਜੇ ਤਾਂ ਗੁਰੂ ਰਾਮ ਸਿੰਘ ਜੀ ਨੂੰ ਅਰਜ਼ ਕੀਤੀ ਕਿ ਆਪਣੇ ਸੇਵਕ ਰਾਜੇ ਨੂੰ ਪੁੱਤਰ ਬਖਸ਼ੋ। ਸਵੇਰੇ ਮਾਈ ਜੀ ਨੂੰ ਹੁਕਮ ਹੋਇਆ ਕਿ ਰਾਜੇ ਨੂੰ ਆਖ ਦਿਓ ਪੁੱਤਰ ਹੋਏਗਾ।

ਅਗਲੇ ਭਲਕ ਕਥਾ ਵਿਚ ਮਾਈ ਹੁਕਮੀ ਨੇ ਮਹਾਰਾਜੇ ਨੂੰ ਕਿਹਾ ਕਿ ਰਾਜਾ ਸਾਹਿਬ ਘਾਬਰਣ ਦੀ ਕੋਈ ਲੋੜ ਨਹੀਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤੁਹਾਨੂੰ ਇਕ ਪੁੱਤਰ ਬਖਸ਼ ਦਿਤਾ ਹੈ। ਰਾਜੇ ਨੂੰ ਤਾਂ ਪੂਰਾ ਯਕੀਨ ਹੋ ਗਿਆ। ਬੱਚਾ ਪੈਦਾ ਹੋਣ ਤੋਂ ਕੋਈ ਸਵਾ ਮਹੀਨਾ ਪਹਿਲਾਂ ਅੰਗ੍ਰੇਜ਼ ਲੇਡੀ ਡਾਕਟਰਾਂ ਨੇ ਸ਼ੀਸ਼ਾ ਵਗੈਰਾ ਯੰਤਰ ਲਾ ਕੇ ਵੇਖਿਆ ਅਤੇ ਆਖਿਆ ਕਿ ਲੜਕੀ ਹੈ। ਰਾਜੇ ਨੇ ਮਾਈ ਹੁਕਮੀ ਪਾਸ ਅਰਜ਼ ਕੀਤੀ ਕਿ ਡਾਕਟਰਾਂ ਦਾ ਕਹਿਣਾ ਲੜਕੀ ਬਾਰੇ ਹੈ। ਮਾਈ ਜੀ ਨੇ ਦ੍ਰਿੜ੍ਹ ਵਿਸ਼ਵਾਸ ਨਾਲ ਆਖਿਆ ਕਿ ਜਦੋਂ ਸਤਿਗੁਰੂ ਜੀ ਲੜਕਾ ਦੇ ਗਏ ਹਨ, ਲੜਕੀ ਨਹੀਂ ਹੋ ਸਕਦੀ, ਭਾਵੇਂ ਤਿੰਨੇ ਲੋਕ ਉਲਟ ਜਾਣ, ਮੇਰੇ ਸਤਿਗੁਰੂ ਜੀ ਦਾ ਬਚਨ ਨਹੀਂ ਉਲਟ ਸਕਦਾ।

ਦਿਨ ਪੂਰੇ ਹੋਣ ਤੇ ਮਹਾਰਾਨੀ ਦੀ ਕੁੱਖੋਂ ਲੜਕਾ ਪੈਦਾ ਹੋਇਆ। ਇਸ ਰਾਜਕੁਮਾਰ ਦਾ ਜਨਮ 5 ਅੱਸੂ ਸੰਬਤ 1976 ਨੂੰ ਹੋਇਆ ਸੀ। ਉਸ ਵੇਲੇ ਨਾਮਧਾਰੀ ਪੰਥ ਦੀ ਗੱਦੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ ਅਤੇ ਮਹਾਰਾਜੇ ਨੇ ਨਾਮਧਾਰੀ ਪੰਥ ਨਾਲ ਆਪਣੀ ਸਾਂਝ ਹੋਰ ਪੀਡੀ ਕਰਨ ਵਾਸਤੇ ਸਤਿਗੁਰੂ ਜੀ ਦੇ ਨਾਮ ਤੇ ਹੀ ਆਪਣੇ ਯੁਵਰਾਜ ਦਾ ਨਾਮ ਪ੍ਰਤਾਪ ਸਿੰਘ ਰੱਖਿਆ। ਖ਼ੁਸ਼ੀਆਂ ਕੀਤੀਆਂ ਗਈਆਂ ਮਹਿਲਾਂ ਵਿਚ ਬੜੀਆਂ। ਰਾਜ ਦਰਬਾਰ ਜਗਮਗਾ ਉਠੇ। ਤੋਪਾਂ ਦੀਆਂ ਸ਼ਲਕਾਂ ਹੋਈਆਂ। ਮਾਈ ਹੁਕਮੀ ਨੂੰ ਵਿਸ਼ੇਸ਼ ਮਾਨ ਸਨਮਾਨ ਨਾਲ ਬੁਲਾ ਕੇ

ਰਾਜੇ ਨੇ ਵਧਾਈ ਦਿਤੀ ਅਤੇ ਬੇਨਤੀ ਕੀਤੀ ਕਿ ਮਾਈ ਜੀ ਸਮੇਂ ਦੇ ਮਾਲਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਥੇ ਆਉਣ ਦੀ ਅਰਜ਼ ਕਰੋ ਅਤੇ ਪਾਠੀ ਸਿੰਘ ਲਿਆ ਕੇ ਨਾਮਧਾਰੀ ਮਰਿਆਦਾ ਨਾਲ ਨਵ ਜਨਮੇ ਬਾਲਕ ਦੀ ਖੁਸ਼ੀ ਵਿਚ ਇੱਥੇ ਅਖੰਡ ਪਾਠ ਹੋਣ ਅਤੇ ਸਤਿਗੁਰੂ ਜੀ ਦਰਸ਼ਨ ਦੇਣ।

ਮਾਈ ਹੁਕਮੀ ਨੇ ਇਕ ਸਿੰਘ ਸਤਿਗੁਰੂ ਜੀ ਵੱਲ ਭੇਜ ਦਿਤਾ ਬੇਨਤੀ ਲਿਖ ਕੇ ਰਾਜੇ ਵਲੋਂ। ਇਹ ਸਿੰਘ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਕੱਕੜ ਵਿਚ ਸਤਿਗੁਰੂ ਜੀ ਨੂੰ ਮਿਲਿਆ। ਸਤਿਗੁਰੂ ਜੀ ਨੇ ਮਾਈ ਹੁਕਮੀ ਅਤੇ ਰਾਜੇ ਦੇ ਪ੍ਰੇਮ ਵੱਸ ਹੋ ਕੇ ਦੌਰਾ ਉਥੇ ਹੀ ਬੰਦ ਕਰ ਦਿਤਾ। ਨਾਭੇ ਜਥੇ ਸਮੇਤ ਸਤਿਗੁਰੂ ਜੀ ਪਹੁੰਚੇ। ਪੰਜ ਅਖੰਡ ਪਾਠਾਂ ਦੇ ਭੋਗ ਪਾਏ ਗਏ। ਭੋਗ ਤੋਂ ਬਾਦ ਬੱਚੇ ਨੂੰ ਅੰਮ੍ਰਿਤ ਛਕਾਇਆ ਅਤੇ ਭਜਨ ਦੱਸਿਆ ਗਿਆ। ਸਤਿਗੁਰੂ ਜੀ ਤਾਂ ਭੋਗ ਤੋਂ ਬਾਦ ਫਿਰ ਆਪਣੇ ਜਥੇ ਸਮੇਤ ਦੌਰਾ ਸ਼ੁਰੂ ਕਰ ਦਿਤਾ। ਰਾਜੇ ਨੇ ਮਾਈ ਹੁਕਮੀ ਨੂੰ ਬੇਨਤੀ ਕੀਤੀ ਕਿ ਜੋ ਵੀ ਤੁਸੀਂ ਮੈਨੂੰ ਹੁਕਮ ਕਰੋਗੇ, ਮੈਂ ਉਹ ਵਸਤ ਆਪ ਦੀ ਭੇਟਾ ਕਰਾਂਗਾ। ਮਾਈ ਹੁਕਮੀ ਦਾ ਪਿਆਰ ਤਾਂ ਗੁਰੂ ਘਰ ਨਾਲ ਹੀ ਸੀ। ਮਾਈ ਨੇ ਰਾਜੇ ਨੂੰ ਕਿਹਾ ਕਿ ਨਹਿਰ ਤੇ ਸਾਡੀਆਂ ਗਊਆਂ ਦੇ ਚੁਗਣ ਵਾਸਤੇ ਜਗ੍ਹਾ ਥੋੜ੍ਹੀ ਹੈ। ਸੱਚੇ ਪਾਤਸ਼ਾਹ ਦੀਆਂ ਗਾਈਆਂ ਲਈ ਇਕ ਬੀੜ ਅਰਦਾਸ ਕਰਾ ਦਿਓ। ਮਹਾਰਾਜੇ ਨੇ ਮਾਈ ਜੀ ਨੂੰ ਕਿਹਾ ਕਿ ਮੇਰੀ ਰਿਆਸਤ ਦਾ ਜਿਹੜਾ ਵੀ ਬੀੜ ਸਤਿਗੁਰੂ ਜੀ ਪਸੰਦ ਕਰਨ ਮੈਂ ਭੇਟਾ ਕਰਨ ਦੀ ਖ਼ੁਸ਼ੀ ਲਵਾਂਗਾ। ਮਾਈ ਹੁਕਮੀ ਨੇ ਫਿਰ ਭੈਣੀ ਸਾਹਿਬ ਅਰਜ਼ ਭੇਜੀ ਕਿ ਬੀੜ ਪਸੰਦ ਕੀਤਾ ਜਾਵੇ। ਉਹਨਾਂ ਬੀੜਾਂ ਦਾ ਫਿਰ ਤੁਰ ਕੇ ਮੁਆਇਨਾ ਕੀਤਾ ਗਿਆ। ਕੋਈ ਸੌ ਮੁਰੱਬੇ ਦਾ ਸੀ, ਕੋਈ ਡੇਢ ਸੌ ਮੁਰੱਬੇ ਦਾ, ਇਹ ਮਰਾਰੜੂ ਦਾ ਬੀੜ ਇਕਵੰਜਾ ਮੁਰੱਬਿਆਂ ਦਾ ਸੀ। ਇਸ ਵਿਚ ਇਕ ਨਾਲਾ ਵੀ ਸਦਾ ਵਗਦਾ ਰਹਿੰਦਾ ਸੀ ਅਤੇ  ਕੱਖ ਪੱਠਾ ਵੀ ਕਦੇ ਨਹੀਂ ਸੀ ਮੁੱਕਿਆ। ਸੋ ਇਸੇ ਬੀੜ ਵਾਸਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਜੋ ਕਿ ਨਾਭਾਪਤੀ ਨੇ ਆਪ ਨੂੰ ਮੱਥਾ ਟੇਕ ਦਿਤਾ। ਇਸ ਬੀੜ ਵਿਚ 15 ਸਾਉਣ 1978 ਬਿਕ੍ਰਮੀ ਨੂੰ ਸਾਧ ਸੰਗਤ, ਗਾਈਂ, ਮੱਝੀਂ, ਘੋੜੇ ਅਤੇ ਊਠਾਂ ਦੇ ਡੇਰੇ ਲਗ ਗਏ। ਨਹਿਰ ਵਾਲੇ ਡੇਰੇ ਤੇ ਗੁਰਮੁਖ ਸਿੰਘ ਝੱਬਰ, ਵਰਿਆਮ ਸਿੰਘ ਦਾਹੜੀ, ਅਰਜਨ ਸਿੰਘ ਨਾਂਗਾ ਅਤੇ ਸੰਤਾ ਸਿੰਘ ਢਾਡੀ ਨੂੰ ਛੱਡ ਆਏ ਸਨ। ਇੰਤਜ਼ਾਮ ਦੀ ਘਾਟ ਵੇਖ ਕੇ ਇਹਨਾਂ ਚਹੁੰਆਂ ਨੂੰ ਵੀ ਬੀੜ ਵਿਚ ਹੀ ਸੱਦ ਭੇਜਿਆ। ਨਹਿਰ ਵਾਲੇ ਡੇਰੇ ਦੀਆਂ ਰੌਣਕਾਂ ਹੁਣ ਸਦਾ ਲਈ ਬੀੜ ਵਿਚ ਚਲੀਆਂ ਗਈਆਂ।

ਇਸੇ ਨਿਮਾਣੀ ਦੇ ਮੇਲੇ ਸੰਬਤ 1978 ਬਿਕ੍ਰਮੀ ਨੂੰ ਹੀ ਦਸ ਹਜ਼ਾਰ ਰੁਪੈ ਨਗਦ ਅਤੇ ਇਕ ਰੋਲਜ਼ ਰਾਈਸ ਕਾਰ ਜੋ ਉਦੋਂ ਸੱਤਰ ਹਜ਼ਾਰ ਰੁਪਏ ਦੀ ਆਉਂਦੀ

ਸੀ, ਸ੍ਰੀ ਭੈਣੀ ਸਾਹਿਬ ਵਿਖੇ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੇ ਅਰਦਾਸ ਕਰਾਈ। ਏਨੀ ਭੇਟਾ ਦਿਤੀ ਸੁਣਕੇ ਬੀੜ ਆਦਿ ਦਾ ਦੇਣਾ ਕੂਕਿਆਂ ਨੂੰ, ਅੰਗ੍ਰੇਜ਼ਾਂ ਦੇ ਦਿਲ ਵਿਚ ਮਹਾਰਾਜਾ ਨਾਭਾ ਵਾਸਤੇ ਸੱਪ ਲੇਟਣ ਲੱਗ ਪਿਆ ਅਤੇ ਭਾਵੇਂ ਉਦੋਂ ਹੋਰ ਵੀ ਦੋਸ਼ ਉਸ 'ਤੇ ਲਾਏ ਪਰ ਮਹਾਰਾਜੇ ਪਟਿਆਲੇ ਨਾਲ ਸਰਹੱਦ ਦਾ ਨਿਗੂਣਾ ਜਿਹਾ ਝਗੜਾ ਖੜਾ ਕਰਕੇ, ਉਸ ਦੇਸ਼ ਭਗਤ ਮਹਾਰਾਜੇ ਨੂੰ ਗੱਦੀਉਂ ਲਾਹ ਕੇ ਪਹਿਲਾਂ ਡੇਹਰਾਦੂਨ ਅਤੇ ਫਿਰ ਦੱਖਣ ਦੇ ਦੁਰਾਡੇ ਇਲਾਕੇ ਵਿਚ, ਸ੍ਰੀ ਲੰਕਾ ਦੇ ਨੇੜੇ ਕੌਡਾਈ ਕਨਾਲ ਵਿਚ ਨਜ਼ਰਬੰਦ ਕਰ ਦਿਤਾ। ਇਸ ਤਰ੍ਹਾ ਕੂਕਿਆਂ ਨਾਲ ਮੇਲ ਜੋਲ ਵਧਾਉਣ ਦੀ ਉਸ ਦੀ ਨੀਤੀ ਵਿਰੁੱਧ ਬਦਲੇ ਦੀ ਕਾਰਵਾਈ ਕਰਕੇ, ਅੰਗ੍ਰੇਜ਼ ਹਕੂਮਤ ਨੇ ਆਪਣੀ ਛਾਤੀ ਠੰਢੀ ਕੀਤੀ।

ਇਸ ਵੇਰ ਚਾਲ੍ਹੀਆ ਵੀ ਬੀੜ ਵਿਚ ਹੀ ਹੋਇਆ। ਪੰਜ ਅੱਸੂ ਨੂੰ ਚਾਲ੍ਹੀਏ ਦਾ ਭੋਗ ਪਾਇਆ ਗਿਆ। ਇਸ ਵੇਰ ਦੀਵਾਲੀ ਜਾਂ ਨਨਕਾਣੇ ਸਾਹਿਬ ਦੇ ਮੇਲੇ ਤੇ ਸਤਿਗੁਰੂ ਜੀ ਨੇ ਦਰਸ਼ਨ ਨਹੀਂ ਦਿਤੇ। ਸਗੋਂ ਇੱਥੇ ਬੀੜ ਵਿਚ ਹੀ ਰਹਿ ਕੇ, ਮੱਘਰ ਦੇ ਮਹੀਨੇ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸੱਤ ਅਖੰਡ ਪਾਠ ਖੋਹਲ ਦਿਤੇ ਗਏ। ਹਰ ਜ਼ਿਲ੍ਹੇ ਵਿਚੋਂ 5-5, 7-7, ਸਰੀਰ ਇਹਨਾਂ ਪਾਠਾਂ ਵਾਸਤੇ ਪੁੱਜੇ ਹੋਏ ਸਨ।

**ਰਾਵਲ ਪਿੰਡੀ ਦਾ ਹੋਲਾ ਸੰਬਤ 1978 ਬਿਕ੍ਰਮੀ**

ਜਦੋਂ ਰਾਵਲਪਿੰਡੀ ਦਾ ਹੋਲਾ ਆਇਆ ਤਾਂ ਸਤਿਗੁਰੂ ਜੀ ਮਾਤਾ ਭੂਪਿੰਦਰ ਕੌਰ ਜੀ ਅਤੇ ਸਵਾ ਕੁ ਸਾਲ ਦੇ ਬਿਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ) ਨੂੰ ਉਥੇ ਬੀੜ ਵਿਚ ਹੀ ਛੱਡ ਗਏ ਕਿਉਂ ਜੁ ਉੱਥੇ ਇਕ ਅਖੰਡ ਪਾਠ ਵੀ ਖੁੱਲ੍ਹਾ ਹੋਇਆ ਸੀ। ਸ੍ਰੀ ਸਤਿਗੁਰੂ ਜੀ ਨੇ ਰਾਵਲਪਿੰਡੀ ਦੇ ਪ੍ਰਸਿੱਧ ਰਈਸ ਸ. ਆਤਮਾ ਸਿੰਘ ਨਾਮਧਾਰੀ ਦੇ ਕਰਵਾਏ ਹੋਲੇ ਸਮੇਂ ਸੰਗਤਾਂ ਨੂੰ ਜਾ ਨਿਵਾਜਿਆ।

**ਹੋਲਾ ਤੇ ਮਸਤਾਂ ਦਾ ਟੋਲਾ**

ਹੋਲੇ ਸਮੇਂ ਇੱਥੇ ਮਸਤਾਂ ਦਾ ਇਕ ਟੋਲਾ ਵੀ ਵਿਚਰ ਰਿਹਾ ਸੀ। ਜਿਸਦੇ ਮੁਖੀ ਸਨ ਮਿਲਖਾ ਸਿੰਘ ਜੀ ਪਿੰਡ ਢੇ (ਸਿਆਲਕੋਟ), ਕੁੰਦਨ ਸਿੰਘ ਜੀ ਪਿੰਡ ਭਾਂਡੇਵਾਲ (ਸਿਆਲਕੋਟ), ਝੰਡਾ ਸਿੰਘ ਜੀ ਪਿੰਡ ਕਿਲ੍ਹਾ ਸੰਤਾਂ ਵਾਲਾ ਤੇ ਫੌਜਾ ਸਿੰਘ ਮੱਕੀ ਵਾਲਾ। ਸ਼ਰੱਈਆਂ ਨੇ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਦੇ ਪਾਸ ਜਾ ਕੇ ਬੇਨਤੀ ਕੀਤੀ ਕਿ ਇਹ ਮਸਤ ਟੋਲਾ ਝੂਠਾ ਹੈ। ਦੀਵਾਨ ਵਿਚ ਐਵੇਂ ਰੌਲਾ ਪਾਉਂਦੇ ਫਿਰਦੇ ਹਨ। ਇਹਨਾਂ ਨੂੰ ਬੰਦ ਕਰਨਾ ਚਾਹੀਦਾ ਹੈ। ਇਸ ਤੇ ਸਤਿਗੁਰੂ ਜੀ ਨੇ ਸੰਤ ਬਹਾਦਰ ਸਿੰਘ ਜੀ ਚੌਰੀ ਬਰਦਾਰ ਕੱਟਿਆਂ ਵਾਲੀਏ ਅਤੇ ਸੂਬਾ ਗੁਰਬਖ਼ਸ਼ ਸਿੰਘ ਜੀ

ਚੱਕ ਵਾਲਿਆਂ ਨੂੰ ਭੇਜ ਕੇ, ਘੋੜਿਆ ਵਾਲਿਆਂ ਸਿੰਘਾਂ ਨੂੰ ਹੁਕਮ ਕਰਕੇ ਇਹਨਾਂ ਮਸਤਾਨਿਆਂ ਨੂੰ ਇਕ ਕਮਰੇ ਵਿਚ ਬੰਦ ਕਰਵਾ ਦਿਤਾ। ਮਸਤਾਨਿਆਂ ਨੇ ਉਸੇ ਕਮਰੇ ਦੇ ਵਿਚ ਦੀਵਾਨ ਲਾ ਦਿਤਾ। ਬਹੁਤ ਸਾਰੀ ਸੰਗਤ ਉਸ ਕਮਰੇ ਦੇ ਗਿਰਦੇ ਹੀ ਜਮ੍ਹਾ ਹੋ ਗਈ ਅਤੇ ਸਾਰੀ ਰਾਤ ਉੱਥੇ ਰੰਗ ਬਣਿਆ ਰਿਹਾ। ਸਵੇਰੇ ਆਸਾ ਦੀ ਵਾਰ ਲੱਗੀ। ਸਤਿਗੁਰੂ ਜੀ ਨੇ ਦਰਸ਼ਨ ਦਿਤੇ ਪਰ ਮਸਤਾਨਿਆਂ ਬਿਨਾਂ ਰਸ ਨਾ ਬਣਿਆ। ਮਸਤਾਨੇ ਅੰਦਰੋਂ ਹੀ ਭਾਤੋਂ ਭਾਂਤ ਦੇ ਬੋਲੇ ਬੋਲ ਰਹੇ ਸਨ। ਮਾਤਾ ਜਿਊਣ ਕੌਰ ਜੀ ਨੇ ਆਪ ਜਾ ਕੇ ਮਸਤਾਨਿਆਂ ਦਾ ਇਸ਼ਨਾਨ ਕਰਵਾਇਆ ਅਤੇ ਜਦੋਂ ਲੰਗਰ ਖੁੱਲ੍ਹਿਆ ਤਾਂ ਇਹਨਾਂ ਨੂੰ ਪ੍ਰਸ਼ਾਦਾ ਜਲ ਪਾਣੀ ਵੀ ਛਕਾਇਆ। ਸ਼ਾਮ ਦਾ ਦੀਵਾਨ ਜਦੋਂ ਰਾਗੀਆਂ ਦਾ ਲੱਗਿਆ ਤਾਂ ਉਹ ਵੀ ਇਹਨਾਂ ਮਸਤਾਨਿਆਂ ਬਿਨਾਂ ਸੁੰਞਾ ਸੁੰਞਾ ਭਾਸਦਾ ਰਿਹਾ। ਸਤਿਗੁਰੂ ਜੀ ਨੇ ਸਾਧ ਸੰਗਤ ਵਿਚ ਬਚਨ ਕੀਤਾ, "ਤੁਸੀਂ ਦੱਸਦੇ ਹੋ ਮਸਤਾਨਿਆਂ ਨੂੰ ਕਿ ਇਹ ਖਰੂਦ ਮਚਾਉਂਦੇ ਹਨ, ਪਰ ਮੈਂ ਵੇਖਿਆ ਹੈ ਕਿ ਨਾ ਸਵੇਰੇ ਤੇ ਨਾ ਹੁਣ ਹੀ ਦੀਵਾਨ ਵਿਚ ਕੋਈ ਅਨੰਦ ਆ ਰਿਹਾ।" ਸੁਆਦ ਕਿਸ ਤਰ੍ਹਾਂ ਆ ਸਕਦਾ ਹੈ ਜਦ ਤੱਕ ਮਾਤਾ ਦੀ ਗੋਦ ਵਿਚ ਬਾਲ ਨਾ ਖੇਡੇ। ਮਸਤਾਨੇ ਤਾਂ ਹਜ਼ੂਰ ਦੇ ਪੁੱਤਰ ਸਨ। ਸਤਿਗੁਰੂ ਜੀ ਨੇ ਫੁਰਮਾਇਆ, "ਉਹਨਾਂ ਬਿਨਾਂ ਦੀਵਾਨ ਸ਼ੋਭਾ ਨਹੀਂ ਪਾਏਗਾ। ਜਿਹੜੇ ਉਹਨਾਂ ਨੂੰ ਡੱਕ ਕੇ ਆਏ ਸਨ ਅੰਦਰ, ਉਹਨਾਂ ਨੂੰ ਹੁਕਮ ਦਿਤਾ ਕਿ ਜਾਓ ਜਿਵੇਂ ਵੀ ਉਹ ਆਉਂਦੇ ਹਨ ਉਸ ਤਰ੍ਹਾਂ ਹੀ ਲਿਆਓ ਮਸਤਾਨਿਆਂ ਨੂੰ।" ਸਿੰਘਾਂ ਨੇ ਜਾ ਕੇ ਅਰਜ਼ ਕੀਤੀ ਤਾਂ ਉਹ ਸਤਬਚਨ ਆਖ ਕੇ ਤੁਰ ਪਏ। ਉਸ ਤਰ੍ਹਾਂ ਹੀ ਜਿਵੇਂ ਨੰਗਲ ਦੀ ਢਾਬ ਤੇ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਮਸਤਾਨਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਡਾਂਗਾਂ ਖਾ ਕੇ ਕੋਈ ਰੋਸ ਨਹੀਂ ਸੀ ਕੀਤਾ। ਜਿਉਂ ਹੀ ਮਸਤਾਨੇ ਦੀਵਾਨ ਵਿਚ ਆਏ ਦੀਵਾਨ ਦੀ ਛਬ ਬਣ ਗਈ। ਦਸ ਯਾਰਾਂ ਵਜੇ ਰਾਤ ਤੱਕ ਦੀਵਾਨ ਲੱਗਾ ਰਿਹਾ, ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਉਹ ਕਿੱਥੇ ਬੈਠਾ ਹੋਇਆ ਹੈ। ਸਾਰੀ ਸੰਗਤ ਵਿਚ 'ਧੰਨ ਗੁਰੂ ਰਾਮ ਸਿੰਘ! ਧੰਨ ਗੁਰੂ ਰਾਮ ਸਿੰਘ!! ਦੇ ਆਵਾਜ਼ੇ ਗੂੰਜਦੇ ਰਹੇ।

ਇਸੇ ਹੋਲੇ ਸਮੇਂ ਇਕ ਦਿਨ ਸ਼ਾਮ ਦੇ ਦੀਵਾਨ ਵਿਚ ਅੰਗ੍ਰੇਜ਼ ਡਿਪਟੀ ਕਮਿਸ਼ਨਰ ਵੀ ਆਇਆ ਸੀ। ਸਤਿਗੁਰੂ ਜੀ ਨੇ ਸੰਤ ਭਗਤ ਸਿੰਘ ਦਾਤੇ ਵਾਲਿਆਂ ਨੂੰ ਕਿਹਾ, "ਅੱਜ ਸ਼ਾਮ ਦੇ ਦੀਵਾਨ ਵਿਚ ਡੀ.ਸੀ. ਗੋਰਾ ਆ ਰਿਹਾ ਹੈ। ਥੋਹੜਾ ਜਿਹਾ ਧਿਆਨ ਰੱਖ ਲਿਆ ਜੇ।" ਪਰ ਜਿਉਂ ਹੀ ਡੀ.ਸੀ. ਤੇ ਉਹਦਾ ਅਮਲਾ ਫੈਲਾ ਦੀਵਾਨ ਵਿਚ ਦਾਖ਼ਲ ਹੋਏ ਸੰਤਾਂ ਭਗਤ ਸਿੰਘ ਹੋਰਾਂ ਤੇ ਅਗੰਮੀ ਮਸਤੀ ਦਾ ਆਲਮ ਤਾਰੀ ਹੋ ਗਿਆ ਤੇ ਉਹਨਾਂ ਸ਼ਬਦ ਦੀ ਧਾਰਨਾ ਚੁੱਕ ਲਈ

"ਭੱਜੇ ਜਾਣ ਫਰੰਗੀ, ਵੱਜੇ ਘੁੰਗਰੂ

ਦਿਨ ਤਾਂ ਰਹਿ ਗਏ ਥੋਹੜੇ, ਹੁਣ ਕੀ ਵੇਖਨੈਂ।"

ਕੂਕੇ ਉਸ ਮਿਟੀ ਦੇ ਨਹੀਂ ਬਣੇ ਸਨ ਜਿਹੜੇ ਗੋਰਾਸ਼ਾਹੀ ਦੀ ਫੌਜ ਜਾਂ ਪੁਲੀਸ ਵੇਖ ਕੇ ਡਰ ਜਾਂਦੇ। ਇਹਨਾਂ ਦਾ ਜੋਸ਼ ਸਗੋਂ ਅੰਗ੍ਰੇਜ਼ਾਂ ਨੂੰ ਵੇਖ ਕੇ ਦੂਣ ਸਵਾਇਆ ਹੁੰਦਾ ਸੀ। ਜਿਹਨਾਂ ਦੀ ਜ਼ਾਲਮ ਸਰਕਾਰ ਨੇ ਸਿੰਘ ਸ਼ਹੀਦ ਕੀਤੇ ਅਤੇ ਬਾਰ੍ਹਵੇਂ ਸਤਿਗੁਰੂ ਜੀ ਨੂੰ ਪ੍ਰਦੇਸ ਭੇਜਿਆ ਸੀ। ਨਾ ਹੀ ਕੂਕੇ ਉਹਨਾਂ ਸਰਕਾਰ ਭਗਤ ਸਿਖਾਂ ਵਿਚੋਂ ਸਨ ਜਿਹੜੇ ਦੋਵੇਂ ਵੇਲੇ ਗੁਰਦੁਆਰਿਆਂ ਵਿਚ ਅਰਦਾਸੇ ਤੋਂ ਬਾਦ "ਜੁਗ ਜੁਗ ਰਾਜ ਸਵਾਇਆ, ਟੋਪੀ ਵਾਲੇ ਦਾ।" ਦੀ ਧਾਰਨਾ ਪੜ੍ਹਿਆ ਕਰਦੇ ਸਨ।

**ਵਖਰੇਵੇਂ ਦਾ ਮੁੱਢ**

ਹੋਲੇ ਦਾ ਭੋਗ ਪੈ ਗਿਆ। ਸਾਰੀ ਸਾਧ ਸੰਗਤ ਨਾਲ ਸਤਿਗੁਰੂ ਜੀ ਨੇ ਵੀਚਾਰਾਂ ਕੀਤੀਆਂ। ਜਿਹੜੇ ਸੱਜਣ, ਰਾਮ ਵਿਓਗੀ ਸਤਿਗੁਰੂ ਜੀ ਦੀ ਮਸਤ ਬ੍ਰਿਤੀ ਅਤੇ ਅਖੰਡ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਜਾਰੀ ਰੱਖਣ ਦੀ ਨੀਤੀ ਨੂੰ ਚੰਗਾ ਨਹੀਂ ਸਮਝਦੇ ਸਨ ਅਤੇ ਨਿਰੋਲ ਸਿਆਸੀ ਤੌਰ ਤੇ ਚਲਣਾ ਚਾਹੁੰਦੇ ਸਨ, ਉਹਨਾਂ ਸਤਿਗੁਰੂ ਜੀ ਨਾਲ ਕਈ ਬਚਨ ਵੱਧ ਘੱਟ ਵੀ ਕੀਤੇ। ਜਿਸ ਦੀ ਨਰਾਜ਼ਗੀ ਮਨ ਵਿਚ ਆਉਣ ਕਰਕੇ ਹਜ਼ੂਰ ਆਪਣੇ ਸਾਥੀਆਂ ਸਮੇਤ ਰਾਵਲਪਿੰਡੀ ਸਟੇਸ਼ਨ ਤੇ ਚੁੱਪ ਚਾਪ ਚਲੇ ਗਏ। ਵਿਰੋਧੀ ਸੁਰ ਵਾਲੇ ਸੱਜਣਾਂ ਦੇ ਨਾਮ ਸਨ, ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ, ਅਣਖਾ ਸਿੰਘ ਜੀ ਦਾਤੇਵਾਲ, ਸੰਤ ਟਹਿਲ ਸਿੰਘ ਸੱਦੋਵਾਲ, ਸੰਤ ਨਿਧਾਨ ਸਿੰਘ ਜੀ ਆਲਿਮ, ਸੁਦਾਗਰ ਸਿੰਘ ਕੱਕੇ ਕਿਆਂ ਵਾਲਾ, ਪੰਡਿਤ ਬਸੰਤ ਸਿੰਘ, ਦੇਵਾ ਸਿੰਘ ਤਤਲਿਆਂ ਵਾਲਾ, ਮੰਗਲ ਸਿੰਘ 'ਭੂਤਨਾ' (ਅਰਸ਼ੀ ਫ਼ਰਿਸ਼ਤਾ)। ਇਹ ਅਰਸ਼ੀ ਫਰਿਸ਼ਤਾ ਜੀ ਦੋਹਾਂ ਪਾਸਿਆਂ ਨਾਲ ਹੀ ਸਹਿਮਤ ਸਨ। ਕੁਝ ਹੋਰ ਵੀ ਇਹਨਾਂ ਦੇ ਸਾਥੀ ਸਨ ਦਸਾਂ ਦੇ। ਜਿਹੜੇ ਸਤਿਗੁਰਾਂ ਦੇ ਪਾਸੇ ਵੱਲ ਸਨ ਉਹ ਸਨਃ ਸੰਤ ਭਗਤ ਸਿੰਘ ਜੀ ਦਾਤੇਵਾਲ, ਸੰਤ ਆਲਾ ਸਿੰਘ ਵਰਨ, ਸੰਤ ਬੰਤਾ ਸਿੰਘ ਜੀ ਬੂੜੇ ਡਲੀਏ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਅਰੂੜ ਸਿੰਘ ਜੀ ਤੇ ਸੰਤ ਜਵੰਦ ਸਿੰਘ ਜੀ ਖਿਆਲਾ। ਹੋਰ ਸਭ ਸੂਬਿਆਂ ਖ਼ਾਸ ਕਰ ਮਾਲਵੇ ਦੇ ਸੂਬਿਆਂ, ਜਥੇਦਾਰਾਂ, ਪ੍ਰਚਾਰਕਾਂ ਅਤੇ ਬਾਕੀ ਸਾਰੀ ਸੰਗਤ ਦੀ ਇਹ ਰਾਇ ਸੀ ਕਿ ਵਧ ਤੋਂ ਵੱਧ ਅਖੰਡ ਪਾਠ ਦਰਸ਼ਨਾਂ ਨਮਿਤ ਕੀਤੇ ਜਾਣ ਤਾਂਕਿ ਮਹਾਂ ਮਲੇਛ ਦਾ ਨਾਸ ਹੋਵੇ ਅਤੇ ਕਲੂ ਕਾਲ ਦਾ ਬੋਲ ਬਾਲਾ ਘਟ ਕੇ, ਬੰਦੀ ਖ਼ਾਨੇ ਵਿਚ ਪਿਆਂ ਦੇਸ਼ ਭਗਤਾਂ ਦੀ ਬੰਦ ਖਲਾਸ ਹੋਵੇ। ਅਸੀਂ ਜੋ ਘੋੜਿਆਂ ਅਤੇ ਊਠਾਂ ਵਾਲੇ ਸਿੰਘ ਸਾਂ, ਸਾਨੂੰ ਪਤਾ ਨਹੀਂ ਸੀ ਕਿ ਕੀ ਕਸ਼ਮਕਸ਼ ਚੱਲ ਰਹੀ ਹੈ ਅਤੇ ਕੀ ਮਾਜਰਾ

ਹੈ, ਨਾ ਹੀ ਸਤਿਗੁਰਾਂ ਦੇ ਨਾਲ ਦਾ ਕੋਈ ਸਿੰਘ ਸਟੇਸ਼ਨ ਤੇ ਸਾਨੂੰ ਮਿਲਿਆ ਜਿਸ ਟਿਕਟਾਂ ਲੈ ਕੇ ਦੇਣੀਆਂ ਸਨ। ਵੈਸੇ ਖ਼ਜ਼ਾਨਾ ਗੁਰੂ ਜੀ ਗਰਮੀ ਵਿਚ ਉਥੇ ਡੇਰੇ ਹੀ ਛੱਡ ਆਏ ਸਨ। ਸੋ ਗੱਡੀ ਚੱਲਣ ਲਗੀ ਤਾਂ ਇਹ ਸਾਰੇ ਸਿੰਘ ਬੇਟਿਕਟੇ ਹੀ ਸੁਆਰ ਹੋ ਗਏ। ਜਿਸ ਵੇਲੇ ਗੱਡੀ ਵਜ਼ੀਰਾਬਾਦ ਆ ਗਈ ਤਾਂ ਇਕ ਸਿੰਘ ਨੇ ਸਟੇਸ਼ਨ ਤੇ ਆ ਕੇ ਮੱਥਾ ਟੇਕ ਕੇ ਅਰਜ਼ ਕੀਤੀ ਕਿ ਸਚੇ ਪਾਤਸ਼ਾਹ ਕੋਈ ਸੇਵਾ ਬਖਸ਼ੋ। ਆਪ ਨੇ ਹੁਕਮ ਕੀਤਾ ਕਿ ਮੇਰੇ ਨਾਲ ਦੇ ਸਿੰਘ ਬੇਟਿਕਟੇ ਹਨ। ਉਹਨੇ ਊਠਾਂ ਘੋੜਿਆਂ ਵਾਲਿਆਂ, ਲਾਂਗਰੀਆਂ ਤੇ ਹੋਰ ਹਜ਼ੂਰੀ ਜਥੇ ਦੇ ਸਿੰਘਾਂ ਨੂੰ ਸ਼ੇਖੂਪੁਰਾ ਬਗਦਾਦ ਦੇ ਲਾਗੇ ਇਕ ਸਟੇਸ਼ਨ ਸੀ, ਉਥੋਂ ਦੀਆਂ ਟਿਕਟਾਂ ਲੈ ਦਿਤੀਆਂ। ਸੰਗਤ ਉਥੇ ਉਤਰ ਗਈ। ਬਾਕੀ ਸੰਗਤ ਵੀ ਸਾਰੀ ਸ਼ੇਖੂਪੁਰ ਬਗਦਾਦ ਆ ਰਲੀ। ਗੁਜਰਾਂ ਵਾਲਾ, ਸ਼ੇਖੂਪੁਰਾ, ਲਾਹੌਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦਾ ਦੌਰਾ ਕਰਕੇ, ਸ੍ਰੀ ਅੰਮ੍ਰਿਤਸਰ ਦੀ ਵੈਸਾਖੀ ਤੇ ਸੰਗਤਾ ਨੂੰ ਦਰਸ਼ਨ ਦੇ ਕੇ, ਦੋ ਵੈਸਾਖ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਗਏ।

ਇਕ ਮਹੀਨਾ ਸ੍ਰੀ ਭੈਣੀ ਸਾਹਿਬ ਦੋਹਾਂ ਮਾਤਾਵਾਂ ਪਾਸ ਰਹਿ ਕੇ ਨਿਮਾਣੀ ਦਾ ਮੇਲਾ ਕਰਕੇ ਬੀੜ ਨੂੰ ਚਲੇ ਗਏ। ਇਸ ਤੋਂ ਪਹਿਲਾਂ ਜੇਠ ਦਾ ਸਾਰਾ ਮਹੀਨਾ ਨਹਿਰ ’ਤੇ ਰਹੇ। ਨਾਲ ਇਹ ਸਿੰਘ ਆਪੋ ਆਪਣੇ ਜਥਿਆਂ ਸਮੇਤ ਸਨਃ ਸੰਤ ਆਲਾ ਸਿੰਘ ਜੀ ਵਰਨ, ਸੰਤ ਮੋਹਣ ਸਿੰਘ ਜੀ ‘ਵਡਾਲਾ ਜੌਹਲਾਂ’, ਸੰਤ ਫਤਹਿ ਸਿੰਘ ਜੀ ਮਾਂਗਾ ਆਦਿ। ਮੀਂਹ ਪੈਣ ਤੋਂ ਬਾਦ ਸਾਰਾ ਮਾਲ ਡੰਗਰ ਲੈ ਕੇ ਬੀੜ ਵਿਚ ਪੁੱਜ ਗਏ। ਪਿਛਲੇ ਵਰ੍ਹਿਆਂ ਜਿਉਂ, ਐਤਕੀਂ ਅਖੰਡ ਪਾਠ ਨਹੀਂ ਹੋਏ ਸਗੋਂ ਬੀੜ ਵਿਚ ਸਾਰੇ ਜਥਿਆਂ ਸਮੇਤ ਚਾਲ੍ਹੀਆ ਕੱਟਿਆ। ਬੀੜ ਤੋਂ ਦੀਵਾਲੀ ਸਮੇਂ ਸ੍ਰੀ ਅੰਮ੍ਰਿਤਸਰ ਪੁੱਜੇ। ਓਥੋਂ ਨਨਕਾਣੇ ਸਾਹਿਬ ਦੇ ਮੇਲੇ ’ਤੇ। ਵਿਰਕ ਤੱਪੇ ਦਾ ਦੌਰਾ ਕਰਦੇ ਹੋਏ, ਲਾਹੌਰ ਦੇ ਇਲਾਕੇ ਨੂੰ ਨਿਵਾਜਦੇ ਹੋਏ, ਅੰਮ੍ਰਿਤਸਰ ਦਿਆਂ ਪਿੰਡਾਂ ਥਾਣੀਂ ਹੋ ਕੇ ਹਰੀਕੇ ਪੱਤਣ ਤੋਂ ਲੰਘ ਕੇ ਜ਼ਿਲ੍ਹਾ ਫੀਰੋਜ਼ਪੁਰ ਦੇ ਪਿੰਡਾਂ ਵਿਚ ਦੀ ਹੁੰਦੇ ਹੋਏ, ਮੁਕਤਸਰ ਮਾਘੀ ਦੇ ਮੇਲੇ ਨੂੰ ਜਾ ਭਾਗ ਲਾਏ। ਉਥੋਂ ਫਿਰ ਰਿਆਸਤ ਨਾਭਾ ਅਤੇ ਪਟਿਆਲਾ ਦਾ ਦੌਰਾ ਕੀਤਾ। ਪਿੱਥੋ ਵਿਖੇ ਸੂਬਾ ਸ਼ੇਰ ਸਿੰਘ ਜੀ ਨੂੰ ਦਰਸ਼ਨ ਦਿਤੇ। ਅਬਲੂ, ਬੱਲੂਆਣਾ, ਮਲੋਟ ਆਦਿ ਨਗਰਾਂ ਥਾਣੀਂ ਹੁੰਦੇ ਹੋਏ ਗੁਰੂ ਸਰ (ਗੱਦਾਂ ਡੋਬ) ਵਿਖੇ ਦਰਸ਼ਨ ਦਿਤੇ। ਰਿਆਸਤ ਬਹਾਵਲਪੁਰ ਦਾ ਦੌਰਾ ਵੀ ਇਸੇ ਗੇੜ ਵਿਚ ਕੀਤਾ ਤੇ ਫਿਰ ਜ਼ਿਲ੍ਹਾ ਪਾਕਪਟਨ ਤੇ ਸਾਹੀਵਾਲ ਦੀ ਸੁਧ ਲਈ।

**ਭਗਤ ਸਿੰਘ ਸੋਟੀ ਲੈ ਕੇ ਆਇਆ**

ਸਾਹੀਵਾਲ ਤੋਂ ਅੱਠ ਮੀਲ ਤੇ ਜ਼ਿਲ੍ਹੇ ਸਿਆਲਕੋਟ ਦੇ ਸਿੱਖਾਂ ਦਾ ਇਕ ਚਕ ਸੀ। ਸਤਿਗੁਰੂ ਜੀ ਉਥੇ ਪੁੱਜੇ। ਸਿੰਘ ਤਾਂ ਘਰ ਨਹੀਂ ਸੀ ਸਿੰਘਣੀ ਨੇ ਸਾਰੀ ਸਾਧ ਸੰਗਤ ਨੂੰ ਡੱਕ ਕੇ ਪ੍ਰਸ਼ਾਦ ਪਾਣੀ ਦੀ ਸੇਵਾ ਜਿਵੇਂ ਬਣ ਆਈ ਕੀਤੀ। ਦੌਰਾ

ਅਜੇ ਘੋੜਿਆਂ 'ਤੇ ਹੁੰਦਾ ਸੀ। ਸਾਹੀਵਾਲ ਤੋਂ ਦੋ ਮੀਲ ਤੇ ਆਏ ਤਾਂ ਪਤਾ ਲੱਗਾ ਕਿ ਸਤਿਗੁਰੂ ਜੀ ਦੀ ਬੈਂਤ ਦੀ ਸੋਟੀ ਉਥੇ ਰਹਿ ਗਈ ਹੈ। ਸ. ਭਗਤ ਸਿੰਘ 'ਚੀਕੂ' ਨੂੰ ਹੁਕਮ ਹੋਇਆ ਕਿ ਲਿਆ ਜਾ ਕੇ। ਉੱਥੋਂ ਇਹ ਦੋ ਮੀਲ ਪਿਛਾਂਹ ਗਿਆ ਪੈਦਲ ਅਤੇ ਅਜੇ ਅਸੀਂ ਮੰਜ਼ਿਲ ਤੋਂ ਦੋ ਮੀਲ ਉਰੇ ਹੀ ਸਾਂ ਜਦੋਂ ਸਾਨੂੰ ਆ ਮਿਲਿਆ। ਸਤਿਗੁਰੂ ਜੀ ਉਸ 'ਤੇ ਬਹੁਤ ਖ਼ੁਸ਼ ਹੋਏ।

**ਪਿੰਡ ਵਾਲਿਆਂ ਨਾਲ ਲੜਾਈ**

ਉਸ ਪਿੰਡ ਰਾਤ ਦੀਵਾਨ ਲੱਗਾ। ਪਿੰਡ ਵਾਲਿਆਂ ਨੇ ਇਕ ਡਾਚੀ ਸਿੰਘਾਂ ਪਾਸ ਲਿਆਂਦੀ ਕਿ ਊਠ ਛੱਡੋ। ਸਿੰਘਾਂ ਆਖਿਆ ਕਿ ਦਿਨ ਭਰ ਦੀ ਮਜ਼ਲ ਗਾਹੀ ਹੈ, ਕੱਲ੍ਹ ਫਿਰ ਚੋਖੀ ਵੱਡੀ ਮਜ਼ਲ ਹੈ। ਊਠ ਲਗਾਤਾਰ ਸਫ਼ਰ ਦੀ ਥਕਾਵਟ ਵਿਚ ਹਨ। ਅਸਾਂ ਊਠ ਨਹੀਂ ਛੱਡਣਾ। ਜਦੋਂ ਰਾਤ ਨੂੰ ਸੌਣ ਬਹਿਣ ਲੱਗੇ ਤਾਂ ਸਾਰਾ ਪਿੰਡ ਡਾਂਗਾਂ ਲੈ ਕੇ ਆ ਪਿਆ। ਮੈਂ ਪਹਿਰੇ 'ਤੇ ਜਾਗਦਾ ਸਾਂ, ਦੂਜੇ ਸਿੰਘ ਤਾਂ ਬਿਰਾਜੇ ਸਨ। ਮੈਂ ਉਸ ਸਮੇਂ ਘੋੜਿਆਂ ਦਾ ਦਰੋਗਾ ਸਾਂ। ਸਿਆਲੇ ਦਿਨ ਸਨ। ਮੈਨੂੰ ਘਰ ਵਾਲੀ ਮਾਈ ਨੇ ਦੱਸਿਆ ਕਿ ਇਹ ਲਲਕਾਰ ਅਤੇ ਗਾਹਲਾਂ ਤੁਹਾਨੂੰ ਕੱਢ ਰਹੇ ਹਨ। ਮੈਂ ਘੋੜਿਆਂ ਵਾਲਿਆਂ ਤੇ ਲਾਂਗਰੀਆਂ ਸਿੰਘਾਂ ਨੂੰ ਕਿਹਾ ਕਿ ਸਾਵਧਾਨ ਹੋਕੇ ਤੁਰੰਤ ਆਪੋ ਆਪਣੇ ਸ਼ਸ਼ਤਰ ਸੰਭਾਲ ਕੇ ਤਿਆਰ-ਬਰ-ਤਿਆਰ ਹੋ ਜਾਓ। ਹੱਲਾ ਹੋ ਗਿਆ ਹੈ। ਸਤਿਗੁਰੂ ਜੀ ਤੋਂ ਆਗਿਆ ਲੈ ਕੇ ਮੈਂ ਆਉਂਦਾ ਹਾਂ, ਮੇਰੇ ਆਉਂਦਿਆਂ ਹੀ ਤੁਰੰਤ ਆਪਾਂ ਜੁਆਬੀ ਹੱਲਾ ਬੋਲ ਦੇਣਾ ਹੈ। ਉਹਨਾਂ ਦੀ ਵਿਉਂਤ ਦਾ ਸਾਨੂੰ ਕੋਈ ਪਤਾ ਨਹੀਂ ਸੀ। ਕਿਉਂ ਜੁ ਹਨੇਰੀ ਰਾਤ ਸੀ। ਡਾਂਗਾਂ ਵਾਲਿਆਂ ਮਸਤ ਸ਼ਰਾਬੀ ਕੋਤਲ ਜੱਟਾਂ ਨੇ, ਸਾਰਾ ਬਾਜ਼ਾਰ ਮੱਲਿਆ ਸੀ ਅਤੇ ਦਬਾ ਸੱਟ ਗਾਹਲਾਂ ਬਕੀ ਜਾ ਰਹੇ ਸਨ। ਸਤਿਗੁਰੂ ਜੀ ਦਾ ਡੇਰਾ ਊਠਾਂ ਵਾਲਿਆਂ ਸਿੰਘਾਂ ਵਾਲੀ ਹਵੇਲੀ ਵਿਚ ਸੀ। ਛੋਟਾ ਜਿਹਾ ਦਰਵਾਜ਼ਾ ਸੀ ਹਵੇਲੀ ਦਾ, ਜਿਸ ਮੂਹਰੇ ਪੰਜ ਸਿੰਘ ਡਾਂਗਾਂ ਵਾਲੇ ਉਸ ਸਾਰੇ ਹਜੂਮ ਨੂੰ ਠੱਲੀ ਖੜ੍ਹੇ ਸਨ। ਪੇਂਡੂਆਂ ਦੀ ਗਿਣਤੀ ਸੌ ਤੋਂ ਘੱਟ ਨਹੀਂ ਸੀ। ਹੁਣ ਗਲੀ ਵਿਚ ਤੇ ਮੁਲਖੱਈਆ ਸੀ। ਸੱਚੇ ਪਾਤਸ਼ਾਹ ਦੀ ਹਵੇਲੀ ਘਿਰੀ ਹੋਈ ਸੀ। ਮੇਰਾ ਬਾਹਰ ਜਾਣਾ ਖਤਰੇ ਤੋਂ ਖ਼ਾਲੀ ਨਹੀਂ ਸੀ। ਗੁਰੂ ਕ੍ਰਿਪਾ ਨਾਲ ਮੈਂ ਮਾਈ ਘਰ ਵਾਲੀ ਦੀ ਲਾਲ ਫੁਲਕਾਰੀ ਉਤੇ ਲੈ ਕੇ, ਲੰਮਾ ਸਾਰਾ ਘੁੰਡ ਕੱਢ ਕੇ, ਉਸ ਹਜੂਮ ਵਿਚੋਂ ਦੀ ਲੰਘ ਕੇ ਹਵੇਲੀ ਵਿਚ ਚਲਾ ਗਿਆ ਅਤੇ ਗੁਰੂ ਜੀ ਨੂੰ ਜਾ ਜਗਾਇਆ। ਸਾਰੀ ਵਾਰਤਾ ਦੱਸੀ ਕਿ ਇਉਂ ਪਿੰਡ ਵਾਲੇ ਸ਼ਰਾਬ ਪੀ ਕੇ ਖਰਮਸਤੀ ਕਰ ਰਹੇ ਹਨ। ਹੁਕਮ ਹੋਇਆ ਕਿ ਮੇਰੇ ਪਾਸ ਸਿਰਫ਼ ਭਾਈ ਵਜ਼ੀਰ ਸਿੰਘ ਹੋਰੀਂ ਰਹਿਣ ਅਤੇ ਬਾਕੀ ਸਰੀਰ ਸਾਰੇ ਬਾਹਰ ਨਿਕਲ ਕੇ ਉਹਨਾਂ ਮਸਤੀ ਬੋਤਿਆਂ ਨੂੰ ਸੋਧ ਦੇਣ। ਬੱਸ ਫਿਰ ਕੀ ਸੀ। ਇਕ ਪਾਸਿਉਂ ਊਠਾਂ ਵਾਲਿਆਂ ਅਠ ਦਸ ਸਿੰਘਾਂ ਨੇ ਜੈਕਾਰਾ ਛੱਡ ਕੇ

ਹੱਲਾ ਬੋਲਿਆ ਅਤੇ ਦੂਜੇ ਪਾਸਿਉਂ ਮੈਂ ਹਜ਼ੂਰੀ ਜਥੇ ਸਮੇਤ ਅਤੇ ਘੋੜਿਆ ਵਾਲੇ ਸਿੰਘਾਂ ਭਾਈ ਲਾਭ ਸਿੰਘ ਫੱਤਾ ਹੋਰਾਂ ਸਮੇਤ ਅਕਾਲ ਪੁਰਖ ਦੀ ਓਟ ਲੈ ਕੇ ਬਾਹਰ ਧਾਵਾ ਬੋਲ ਦਿੱਤਾ। ਗੁਰੂ ਜੀ ਦੀ ਕ੍ਰਿਪਾ ਨਾਲ ਪੰਜ ਸੱਤ ਮਿੰਟਾਂ ਵਿਚ ਹੀ ਸਾਰੀ ਸ਼ਰਾਬ ਲਾਹ ਦਿਤੀ ਅਤੇ ਉਹ ਮੈਦਾਨ ਵਿਚੋਂ ਹਰਨ ਹੋ ਗਏ। ਡਾਂਗਾਂ ਦੀ ਕਾੜ ਕਾੜ ਦਾ ਰੌਲਾ ਸੁਣ ਕੇ ਪਿੰਡ ਦੇ ਪੰਜ ਸੱਤ ਭਲੇਮਾਣਸ ਸ੍ਰੀ ਸਤਿਗੁਰੂ ਜੀ ਪਾਸ ਆਏ ਅਤੇ ਅਰਜ਼ ਕੀਤੀ ਕਿ ਉਹਨਾਂ ਸ਼ਰਾਬੀਆਂ ਨਾਲ ਬਥੇਰੀ ਹੋ ਗਈ ਹੈ। ਉਹ ਹੁਣ ਕੁਝ ਦਿਨ ਸਰੀਰਾਂ ਨੂੰ ਸੇਕ ਕਰਦੇ ਰਹਿਣਗੇ। ਤੁਸੀਂ ਹੁਣ ਕ੍ਰਿਪਾ ਕਰਕੇ ਆਪਣੇ ਸਿੰਘਾਂ ਨੂੰ ਸ਼ਾਂਤ ਕਰੋ। ਸਤਿਗੁਰੂ ਜੀ ਨੇ ਕਿਹਾ, "ਭਾਈ ਅਸੀਂ ਤੇ ਤੁਹਾਡੇ ਨਗਰ ਖੇੜਿਆਂ ਵਿਚ ਹੀ ਵਿਚਰਨਾ ਹੈ। ਸਾਡਾ ਕਿਸੇ ਨਾਲ ਕੋਈ ਵੈਰ ਨਹੀਂ। ਨਾ ਕਿਸੇ ਨੂੰ ਡਰਾਉਂਦੇ ਹਾਂ, ਨਾ ਕਿਸੇ ਤੋਂ ਡਰਦੇ ਹਾਂ। ਨਜਾਇਜ਼ ਤੰਗ ਕਰਨ ਤੋਂ ਹੀ ਸਾਡੇ ਸਿੰਘ ਜੋਸ਼ ਵਿਚ ਆਏ ਹਨ। ਜਾਓ ਪ੍ਰਮੇਸ਼ਰ ਦਾ ਸਿਮਰਨ ਕਰਕੇ ਧਰਮ ਦੀ ਕਿਰਤ ਕਰੋ। ਸਿੰਘ ਵਾਪਸ ਆ ਜਾਂਦੇ ਹਨ।" ਹੁਕਮ ਹੋ ਗਿਆ ਤੇ ਮੈਂ ਸਿੰਘਾਂ ਸਮੇਤ ਆ ਚਰਨ ਬੰਦਨਾ ਕੀਤੀ। ਰਾਤ ਦਾ ਤੀਜਾ ਪਹਿਰ ਲੱਗ ਗਿਆ ਸੀ। ਸਾਡੇ ਸਿੰਘਾਂ ਨੂੰ ਕੋਈ ਸੱਟ ਫੇਟ ਨਹੀਂ ਸੀ। ਉਹਨਾਂ ਦੇ ਪਤਾ ਨਹੀਂ ਕਿੰਨੇ ਜ਼ਖ਼ਮੀ ਹੋਏ। ਅਸੀਂ ਅਗਲੇ ਦਿਨ ਚਾਲ੍ਹੀ ਕੋਹ ਦੀ ਮਜ਼ਲ ਮੁਕਾਉਣੀ ਸੀ। ਸੋ ਓਦੋਂ ਹੀ ਕਮਰਕੱਸੇ ਕਰ ਲਏ। ਬਿਰਧ ਸਿੰਘਾਂ ਨੂੰ ਅੱਗੇ ਲਾ ਦਿਤਾ। ਅਸੀਂ ਨੌਜੁਆਨ ਪਿੱਛੇ ਸਾਂ। ਪਿੰਡੋਂ ਨਿਕਲਣ ਵੇਲੇ ਚੁੱਪ ਨਹੀਂ ਨਿਕਲੇ ਸਗੋਂ ਜੈਕਾਰੇ ਛੱਡਦੇ ਨਿਕਲੇ। ਸੂਰਜ ਉੱਗਦੇ ਨੂੰ ਅਸੀਂ ਰਾਵੀ ਦੇ ਪੱਤਣ ਤੇ ਬੇੜੇ ਵਿਚ ਊਠ ਘੋੜੇ ਆਦਿ ਲੱਦ ਕੇ ਦਰਿਆ ਤੋਂ ਪਾਰ ਹੋ ਗਏ। ਵੀਹ ਕੋਹ ਪੈਂਡਾ ਦਰਿਆ ਤੱਕ ਮੁਕਾ ਲਿਆ ਸੀ ਅਤੇ ਏਨਾ ਪੰਧ ਹੋਰ ਕਰਕੇ ਜ਼ਿਲ੍ਹਾ ਲਾਇਲਪੁਰ ਦੀ ਤਸੀਲ ਸਮੁੰਦਰੀ ਦੇ ਪਿੰਡ ਨਾਰੋਵਾਲ ਵਿਚ ਅੱਪੜੇ। ਇਹ ਵਾਰਤਾ ਅਖ਼ੀਰ ਫੱਗਣ ਦੀ ਹੈ। ਉਸ ਲੜਾਈ ਵਾਲੇ ਦਿਨ ਉਥੋਂ ਚਾਰ ਵਜੇ ਸ਼ਾਮ ਸ. ਭਗਤ ਸਿੰਘ ਨੂੰ ਘੋੜੀ ਦੇ ਕੇ ਭੇਜਿਆ ਸੀ ਕਿ ਅੱਗੇ ਦੌਰੇ ਦੇ ਆਉਣ ਦੀ ਖ਼ਬਰ ਕਰੇ। ਸੂਰਜ ਡੁੱਬਦੇ ਨੂੰ ਉਹ ਰਾਵੀ ਟੱਪ ਗਿਆ ਸੀ। ਇਕ ਚੰਗਾ ਘੋੜ ਸੁਆਰ ਹੀ ਏਨਾ ਪੰਧ ਏਨੀ ਛੇਤੀ ਕਰ ਸਕਦਾ ਸੀ। ਰਾਵੀ ਦੇ ਪਾਰ ਉਸ ਸੋਚਿਆ ਮੁਸਲਮਾਨੀ ਇਲਾਕਾ ਆ ਗਿਆ ਹੈ। ਰਾਤ ਪੈ ਗਈ ਹੈ। ਸਿਆਲੀ ਰਾਤ ਆਸਰੇ ਬਿਨਾਂ ਕੱਟਣੀ ਔਖੀ ਹੈ। ਸੋ ਉਸ ਨੇ ਸਤਿਗੁਰੂ ਜੀ ਨੂੰ ਯਾਦ ਕੀਤਾ। ਉਹਨਾਂ ਇਕ ਜਾਂਗਲੀ ਦਾ ਮਨ ਪ੍ਰੇਰਿਆ। ਉਹ ਸਰਦਾਰ ਨੂੰ ਆਪਣੇ ਘਰ ਲੈ ਗਿਆ। ਰੋਟੀ ਪਾਣੀ ਇਹਨੇ ਉਹਦੇ ਘਰ ਦਾ ਛਕਣਾ ਨਹੀਂ ਸੀ। ਸੋ ਉਸ ਖ਼ੁਦਾ ਦੇ ਪ੍ਰੇਮੀ, ਸਤਿਗੁਰੂ ਜੀ ਦੇ ਗੁੱਝੇ ਆਸ਼ਕ ਨੇ, ਮੱਝ ਚੋ ਦਿਤੀ। ਅੱਲਾ ਦਾ ਉਹ ਐਡਾ ਪਿਆਰਾ ਸੀ ਕਿ ਆਪਣੇ ਰਿਹਾਇਸ਼ ਵਾਲੇ ਘਰ ਵਿਚ ਇਹਨੂੰ ਸਵਾਇਆ ਅਤੇ

ਆਪ ਘੋੜੀ ਲੈ ਕੇ ਬਾਹਰ ਪੱਠੇ ਪਾਉਣ ਚਲਾ ਗਿਆ। ਤੜਕੇ ਰਜਾ ਕੇ ਘੋੜੀ ਆਂਹਦਾ, "ਸਰਦਾਰਾ, ਆਹ ਲੈ ਘੋੜੀ ਤੇ ਆਹ ਈ ਰਸਤਾ ਨਾਰੋਵਾਲ ਦਾ।" ਬਾਰਾਂ ਵਜੇ ਨੂੰ ਇਸ ਉੱਥੇ ਜਾ ਕੇ ਖ਼ਬਰ ਦਿਤੀ। ਜਦੋਂ ਸ਼ਾਮੀਂ ਪੰਜ ਕੁ ਵਜੇ ਅਸੀਂ ਨਾਰੋਵਾਲ ਅੱਪੜੇ ਸਾਂ ਤਾਂ ਉਦੋਂ ਨੂੰ ਲੰਗਰ ਪਾਣੀ ਦਾ ਪ੍ਰਬੰਧ ਸਿੰਘਾਂ ਕਰ ਲਿਆ ਸੀ।

ਨਾਰੋਵਾਲ ਤੋਂ ਭੜੋਲਿਆਂ ਵਾਲੀ, ਚੁਗਾਵਾਂ, ਕੱਕੜ, ਜਾਹਮਣ, ਪੱਧਰੀ, ਪੈੜਾ, ਸੀਹੋਵਾਲ, ਜਹਾਂਗੀਰ ਆਦਿ ਨਗਰਾਂ ਨੂੰ ਤਾਰਦੇ ਹੋਏ ਸਤਿਗੁਰੂ ਜੀ ਲਾਇਲਪੁਰ ਆ ਗਏ। ਸਤਿਗੁਰੂ ਜੀ ਇਕ ਪਿੰਡ ਤੋਂ ਗੱਡੀ ਚੜ੍ਹ ਕੇ ਕਿਤੇ ਗਏ ਸਨ, ਉਹਨਾਂ ਦਸ ਵਜੇ ਨੂੰ ਉਸ ਰੇਲਵੇ ਸਟੇਸ਼ਨ ਤੇ ਉਤਰਨਾ ਸੀ। ਸੋ ਸਾਡੇ ਸਾਰੇ ਦਲ ਦਾ ਉਥੇ ਹੀ ਇਕੱਠ ਹੋ ਗਿਆ। ਹੋਰ ਨਾਮਧਾਰੀ ਸੰਗਤ ਵੀ ਆਉਣੀ ਸ਼ੁਰੂ ਹੋ ਗਈ ਆਸ ਪਾਸ ਦੀ।

### ਮਹਾਰਾਜਾ ਨਿਹਾਲ ਸਿੰਘ ਨਾਲ ਨਰਾਜ਼ਗੀ ਸ਼ੁਰੂ ਹੋਈ

ਲਾਇਲਪੁਰ ਕਾਂਗ੍ਰਸ ਸੇਵਾ ਸੰਮਤੀ ਅਤੇ ਨਾਮਧਾਰੀਆਂ ਨੇ ਰਲਕੇ ਸਰਕਾਰ ਬਰਤਾਨੀਆਂ ਦੇ ਖਿਲਾਫ਼ ਜਲੂਸ ਕੱਢਣਾ ਸੀ, ਸਰਕਾਰ ਨੂੰ ਦੱਸਣ ਲਈ ਕਿ ਸਾਰੇ ਲੋਕ ਹੁਣ ਉਹਦੇ ਖਿਲਾਫ਼ ਇਕਮੁੱਠ ਹੋ ਰਹੇ ਸਨ ਤੇ ਉਹ ਇੱਥੋਂ ਚਲੇ ਜਾਣ। ਆਜ਼ਾਦੀ ਦੀ ਲਹਿਰ ਜੋਰਾਂ 'ਤੇ ਚਲ ਰਹੀ ਸੀ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਉਦੋਂ ਡੇਰਾ ਸ੍ਰੀ ਭੈਣੀ ਸਾਹਿਬ ਦੇ ਮੁੱਖ ਪ੍ਰਬੰਧਕ ਸਨ। ਉਹਨਾਂ ਨੇ ਜੋ ਬਸਤਰ ਊਠਾਂ ਘੋੜਿਆਂ ਵਾਲਿਆਂ ਸਿੰਘਾਂ ਲਈ ਲਿਆਂਦੇ, ਉਹ ਨਾ ਤਾਂ ਚੰਗੇ ਸਾਫ਼ ਸਨ ਅਤੇ ਨਾ ਹੀ ਵਧੀਆ ਸੀਤੇ ਹੋਏ ਸਨ। ਸਾਨੂੰ ਜਦੋਂ ਉਹ ਬਸਤਰ ਪਹਿਨਣ ਦਾ ਹੁਕਮ ਹੋਇਆ ਤਾਂ ਅਸੀਂ ਜੋ ਸਦਾ ਸਾਫ਼ ਬਸਤਰ ਪਹਿਨਣ ਵਾਲੇ ਸਾਂ, ਸਾਨੂੰ ਇਹ ਗੱਲ ਜਚੀ ਨਾ। ਸਤਿਗੁਰੂ ਜੀ ਪਾਸ ਅਰਜ਼ ਕੀਤੀ। ਉਹਨਾਂ ਮਹਾਰਾਜ ਜੀ ਨੂੰ ਕਿਹਾ, "ਤੁਸੀਂ ਆਪਣੇ ਮੁਖਤਿਆਰਾਂ ਵਾਸਤੇ ਤਾਂ ਵਧੀਆ ਤੋਂ ਵਧੀਆ ਪੁਸ਼ਾਕੇ ਅਤੇ ਚੋਲੇ ਤਿਆਰ ਕਰਵਾਏ ਹਨ ਅਤੇ ਸਾਡੇ ਸਿੰਘਾਂ ਨੂੰ ਕਿਹੋ ਜਿਹੇ ਕੁੜਤੇ ਦਿੰਦੇ ਹੋ?" ਮਹਾਰਾਜ ਜੀ ਨੇ ਅੱਗੋਂ ਆਖਿਆ ਕਿ ਇਹ ਕੁੜਤੇ ਕਿਹੜੇ ਇਹਨਾਂ ਨੂੰ ਦੰਦੀ ਵੱਢਦੇ ਨੇ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਮਹਾਰਾਜ ਜੀ ਤੁਸੀਂ ਭੁੱਲੇ ਫਿਰਦੇ ਹੋ। ਮੈਂ ਆਪਣੇ ਊਠਾਂ ਘੋੜਿਆਂ ਵਾਲਿਆਂ ਨੂੰ ਆਪਣੇ ਪੁੱਤਰਾਂ ਤੋਂ ਵੀ ਪਿਆਰਾ ਸਮਝਦਾ ਹਾਂ। ਇਹ ਮੇਰੀ ਜਿੰਦ ਜਾਨ ਹਨ। ਇਸ ਤਰ੍ਹਾ ਸਤਿਗੁਰੂ ਜੀ ਨੇ ਸਾਨੂੰ ਆਦਰ ਮਾਣ ਬਖ਼ਸ਼ਿਆ।

### ਘੋੜਿਆਂ ਵਾਲੇ ਅੱਗੇ

ਫਿਰ ਮਹਾਰਾਜ ਜੀ, ਆਲਿਮ ਜੀ, ਸ੍ਰ. ਦਯਾ ਸਿੰਘ ਕੱਕੜ, ਸ. ਆਤਮਾ ਸਿੰਘ ਰਾਵਲਪਿੰਡੀ, ਅਣਖਾ ਸਿੰਘ, ਟਹਿਲ ਸਿੰਘ ਸੱਦੋਵਾਲੀਆ ਵਗੈਰਾ ਨੇ

ਸਾਡਾ ਹੱਕ ਖੋਹਣ ਲਈ, ਇਹ ਵਿਉਂਤ ਘੜੀ ਕਿ ਜਲੂਸ ਵਿਚ ਸਤਿਗੁਰੂ ਜੀ ਦੇ ਘੋੜੇ ਮੂਹਰੇ ਸੇਵਾ ਸੰਮਤੀ ਵਾਲਿਆਂ ਨੂੰ ਲਾਇਆ ਜਾਵੇ। ਜਦੋਂ ਰਾਗੀ ਰਬਾਬੀ ਆਦਿ ਅੱਗੇ ਲੱਗੇ ਤੇ ਜਲੂਸ ਤੁਰਨ ਲੱਗਾ ਤਾਂ ਅਸਾਂ ਸਾਰੇ ਸਿੰਘਾਂ ਨੇ ਵਿਚਾਰਿਆ ਜੁ ਪੰਥਕ ਆਗੂ ਸਾਡਾ ਹੱਕ ਟੋਪੀਆਂ ਵਾਲਿਆਂ ਨੂੰ ਦੇ ਰਹੇ ਹਨ। ਮੈਂ ਸ. ਆਤਮਾ ਸਿੰਘ ਨੂੰ ਕਿਹਾ, "ਜਿਵੇਂ ਬੰਦੇ ਤੋਂ ਤਲਵਾਰ ਖੋਹ ਕੇ ਸਿਖਾਂ ਦਸਮ ਪਾਤਸ਼ਾਹ ਨੂੰ ਕਿਹਾ ਸੀ ਕਿ ਇਸ ਤੇ ਸਾਡਾ ਹੱਕ ਹੈ। ਇਸੇ ਤਰ੍ਹਾਂ ਅਸੀਂ ਵੀ ਆਪਣਾ ਬਣਦਾ ਹੱਕ ਲਏ ਬਿਨਾਂ ਨਹੀਂ ਰਹਿਣਾ।" ਜਦੋਂ ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ ਉਹਨਾ ਫੁਰਮਾਇਆ ਕਿ ਇਹ ਠੀਕ ਕਹਿ ਰਹੇ ਹਨ। ਮੇਰੇ ਘੋੜੇ ਅੱਗੇ ਤੁਰਨ ਦਾ ਹੱਕ ਸਾਡੇ ਊਠਾਂ ਘੋੜਿਆਂ ਵਾਲਿਆਂ ਸਿੰਘਾਂ ਦਾ ਹੀ ਬਣਦਾ ਹੈ। ਇਕ ਸੌ ਘੁੜ ਸਵਾਰ ਸਿੰਘਾਂ ਨੇ ਸਤਿਗੁਰੂ ਜੀ ਦੀ ਅਗਵਾਨੀ ਕੀਤੀ।

ਇਹ ਜਲੂਸ ਸਵੇਰੇ ਦਸ ਵਜੇ ਤੋਂ ਰਾਤ ਅੱਠ ਵਜੇ ਤੱਕ ਰਿਹਾ। ਦੋ ਮੀਲ ਲੰਮਾ ਜਲੂਸ ਸੀ। ਰਾਹ ਵਿਚ ਖਲੋ ਕੇ ਦੀਵਾਨ ਲੱਗਦੇ ਸਨ। ਪ੍ਰਚਾਰ ਹੁੰਦਾ ਸੀ ਕਿ ਇਹ ਫਰੰਗੀ ਸਾਡੇ ਦੇਸ਼ ਨੂੰ ਘੁਣ ਵਾਂਗ ਚੰਬੜਿਆ ਹੈ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤੇ ਦੇ ਬੋਲਾਂ ਵਿਚ ਕਹਿਰ ਭਰਿਆ ਹੋਇਆ ਸੀ। ਉਹ ਫਰੰਗੀ ਨੂੰ ਬਿੱਲੇ ਤੋਂ ਘੱਟ ਬੋਲਦੇ ਨਹੀਂ ਸਨ। ਸੂਬਾ ਭਗਤ ਸਿੰਘ ਜੀ ਦਾਤੇਵਾਲੀਆ ਪੜ੍ਹ ਰਹੇ ਸਨ "ਭੱਜੇ ਜਾਣ ਫਰੰਗੀ ਵੱਜੇ ਘੁੰਗਰੂ।" ਆਲਮ ਜੀ, ਫਤੇਹ ਸਿੰਘ ਮਾਂਗਾ ਤੇ ਹੋਰ ਸਭ ਪ੍ਰਚਾਰਕ, ਨਾਮਧਾਰੀ ਜਥੇਦਾਰ, ਵਾਰੋ ਵਾਰੀ ਆਪਣਾ ਸਮਾਂ ਬੜੇ ਸੁਹਣੇ ਢੰਗ ਨਾਲ ਨਿਭਾਉਂਦੇ ਰਹੇ।

ਰਾਤ ਲੰਗਰ ਪਾਣੀ ਸ਼ਹਿਰ ਵਿਖੇ ਛਕਿਆ ਅਤੇ ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਇੱਥੋਂ ਦਸ ਕੋਹ ਦੇ ਫਾਸਲੇ ਤੇ ਪਿੰਡ ਢੋਟੀਆਂ ਪੁੱਜ ਗਏ ਜਿੱਥੇ 1979 ਬਿਕ੍ਰਮੀ ਮੁਤਾਬਿਕ 1923 ਈ. ਦਾ ਹੋਲਾ ਮਹੱਲਾ ਹੋਇਆ ਸੀ।

**–ਇਤੀ–**

# ਸੰਤ ਕਰਮ ਸਿੰਘ ਪਟਵਾਰੀ

## ਸਰਸਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਦੱਸਿਆ ਸੀ ਕਿ ਕਰਮ ਸਿੰਘ ਪਟਵਾਰੀ ਨੂੰ ਬਹੁਤ ਸਾਰੀਆਂ ਗੱਲਾਂ ਦਾ ਪਤਾ ਹੋ ਸਕਦਾ ਹੈ। ਉਹਨੇ ਅਵਤਾਰ ਸਿੰਘ ਝੱਬਰ ਨਾਲ ਮੋਢਾ ਜੋੜ ਕੇ ਜੀਵਨ ਨਗਰ ਵਾਲੀ ਜ਼ਮੀਨ ਤੇ ਪਾਕਿਸਤਾਨੋਂ ਆਏ ਸਿੰਘਾਂ ਦੇ ਕਲੇਮਾਂ ਬਾਰੇ ਕੰਮ ਕੀਤਾ ਹੈ, ਉਸਨੂੰ ਜਾ ਕੇ ਮਿਲੋ। ਮੈਂ 25.9.79 ਨੂੰ 9.00 ਵਜੇ ਸਵੇਰੇ ਉਸ ਦੇ ਘਰ ਪਹੁੰਚਾ ਤਾਂ ਕਰਮ ਸਿੰਘ ਮੈਨੂੰ ਬੜੇ ਤਪਾਕ ਨਾਲ ਮਿਲਿਆ। ਆਦਰ ਭਾ ਉਪਰੰਤ ਉਸ ਦੱਸਿਆ ਕਿ ਅੱਜ ਉਸਦੇ ਅਫ਼ਸਰਾਂ ਦੀ, ਕਚਹਿਰੀ ਵਿਚ ਤਾਰੀਖ ਹੈ ਤੇ ਉਸ ਨੇ ਵੀ ਉਨ੍ਹਾਂ ਦੇ ਕੋਲ ਹੋਣਾ ਹੈ ਇਸ ਲਈ ਆਪਾਂ ਜੋ ਗੱਲਬਾਤ ਕਰਨੀ ਹੈ, ਉਹ ਬਾਅਦ ਦੁਪਹਿਰ ਹੀ ਕਰ ਸਕਾਂਗੇ।

ਪਰ ਉਹ ਸ਼ਾਮੀਂ ਮਸਾਂ 5.30–6.00 ਵਜੇ ਹੀ ਆ ਸਕਿਆ। ਮੈਂ ਉਸਨੂੰ ਕੁਝ ਸੁਆਲ ਕੀਤੇ, ਉਸਨੇ ਜੋ ਕੁਝ ਉਤਰ ਵਿਚ ਆਖਿਆ, ਉਹ ਰੀਕਾਰਡ ਕਰ ਲਿਆ ਤੇ ਰੀਕਾਰਡ ਵਿਚ ਇਹ ਕੁਝ ਆਖਿਆ ਗਿਆ:

**ਸੁਆਗਤ:**

ਮੈਂ ਅੱਜ ਦਾ ਇਹ ਸਮਾਂ ਬੜਾ ਸੁਭਾਗਾ ਸਮਝਦਾ ਹਾਂ ਕਿ ਤੁਸੀਂ ਅੱਜ ਮੇਰੇ ਗ੍ਰਹਿ ਵਿਖੇ 25.09.1979 ਨੂੰ ਆਉਣ ਦੀ ਕਿਰਪਾ ਕੀਤੀ ਹੈ ਅਤੇ ਖ਼ਾਸ ਤੌਰ ਤੇ ਮੈਨੂੰ ਏਸ ਗੱਲ ਦੀ ਖ਼ੁਸ਼ੀ ਹੈ ਤੇ ਕੁਝ ਥੋੜ੍ਹਾ ਜਿਹਾ ਮਨ ਇਸ ਵੇਲੇ, ਛੇਤੀ ਛੇਤੀ ਦੀ ਸ. ਅਵਤਾਰ ਸਿੰਘ ਦੀ ਮੌਤ ਦੀ ਖ਼ਬਰ, ਜੁ ਸਾਡੇ ਕੋਲ ਹੈ, ਕਾਰਨ ਉਦਾਸ ਵੀ ਹੈ। ਮੈਂ ਹੁਣੇ ਹੁਣੇ ਹੀ ਉਹਨਾਂ ਦੇ ਘਰ ਕਰੀਵਾਲੇ ਤੋਂ ਆਇਆ ਹਾਂ। ਉਹਨਾਂ ਦੇ ਨਾਲ ਮੇਰਾ ਪਿਆਰ ਇਸ ਕਾਰਨ ਸੀ, ਜਿਹੜੀ ਕਿ ਗੁਰੂਘਰ ਦੇ ਕੰਮ ਦੀ ਸਾਂਝ, ਤੇ ਉਹਨਾਂ ਦੇ ਨਾਲ ਰਲ ਕੇ ਉਹਨਾਂ ਦੇ ਨਾਲ ਹੋ ਕੇ, ਉਹਨਾਂ ਦੀ ਸੁਪਰਵੀਅਨ ਥੱਲੇ ਕੰਮ ਕੀਤਾ।

ਮੇਰੀ ਉਨ੍ਹਾਂ ਦੀ ਕੋਈ ਪਹਿਲੇ, ਵਾਕਫ਼ੀ ਨਹੀਂ ਸੀ। ਕਿਉਂਕਿ ਮੈਂ ਜ਼ਿਲ੍ਹਾ ਮਿੰਟਗੁਮਰੀ ਦੇ ਰਹਿਣ ਵਾਲਾ ਤੇ ਉਹ ਝੱਬਰ ਪਿੰਡ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਰਹਿਣ ਵਾਲੇ ਸਨ। ਮੇਰਾ ਪਿੰਡ ਹਵੇਲੀ ਲੱਖਾ ਜ਼ਿਲ੍ਹਾ ਮਿੰਟਗੁਮਰੀ ਦੇ ਇਕ ਨਾਮਧਾਰੀ ਖ਼ਾਨਦਾਨ ਵਿਚੋਂ ਸਾਂ। ਮੇਰੇ ਪਿਤਾ ਜੀ ਛੋਟੀ ਅਵਸਥਾ ਵਿਚ ਨਾਮਧਾਰੀ ਨਹੀਂ ਸਨ।

**ਪਿਛੋਕੜ:**

ਮੇਰੇ ਨਾਨਾ ਬਾਬਾ ਗੁਰਮੁਖ ਸਿੰਘ ਜੀ ਨਾਮਧਾਰੀ ਸਨ, ਜਿਨ੍ਹਾਂ ਉਤੇ ਸਤਿਗੁਰੂ ਹਰੀ ਸਿੰਘ ਜੀ ਦੀ ਕਿਰਪਾ ਹੋਈ, ਉਹ ਨਾਮਧਾਰੀ ਸਜੇ। ਉਹਨਾਂ ਦਾ ਹੀ ਇਹ ਅੱਗੇ ਸਾਰਾ ਪਰਵਾਰ ਬਣਿਆ। ਉਹਨਾਂ ਦੀ ਕਿਰਪਾ ਨਾਲ ਹੀ ਸਾਡੇ ਪਿਤਾ

ਜੀ ਨਾਮਧਾਰੀ ਬਣੇ ਅਤੇ ਅਸੀਂ ਉਹਨਾਂ ਦੀ ਔਲਾਦ ਨਾਮਧਾਰੀ ਬਣੇ ਰਹੇ।

ਮੇਰੇ ਪਿਤਾ ਜੀ ਦਾ ਨਾਮ ਸੰਤ ਲਛਮਣ ਸਿੰਘ ਸੀ ਅਤੇ ਮਾਤਾ ਪ੍ਰੇਮ ਕੌਰ ਜੀ ਸਨ। ਸਰਸੇ ਵਿਚ ਹੀ ਮੇਰੇ ਪਿਤਾ ਜੀ 66-67 ਦੀ ਆਯੂ ਭੋਗ ਕੇ ਗੁਜ਼ਰੇ ਹਨ ਤੇ ਮਾਤਾ ਸਾਡੇ, ਆਪਣੇ ਛੋਟੇ ਪੁੱਤਰ ਕਿਰਪਾਲ ਸਿੰਘ ਪਾਸ ਦਿੱਲੀ ਹਨ। ਉਹਨਾਂ ਦੀ ਸਿਹਤ ਐਸ ਵੇਲੇ ਬਿਲਕੁਲ ਠੀਕ ਹੈ। ਅਸੀਂ ਚਾਰ ਭਾਈ ਹਾਂ, ਮੇਰੇ ਤੋਂ ਵੱਡੇ ਸ. ਪ੍ਰਤਾਪ ਸਿੰਘ ਜੀ, ਛੋਟੇ ਮੇਰੇ ਤੋਂ ਸ. ਓਅੰਕਾਰ ਸਿੰਘ ਤੇ ਚੌਥੇ ਕਿਰਪਾਲ ਸਿੰਘ ਸਭ ਤੋਂ ਛੋਟੇ। ਇਹ ਦੋਵੇਂ ਦਿੱਲੀ ਰਹਿੰਦੇ ਹਨ।

**ਦਸਤਾਰ ਦੀ ਕਰਾਮਾਤ:**

ਮੇਰਾ ਜਨਮ ਚੂੰਕਿ ਨਾਮਧਾਰੀ ਘਰ ਵਿਚ ਹੀ ਹੋਇਆ ਤੇ ਮੈਂ ਜੋ ਵੀ ਤਾਲੀਮ ਪਹਿਲੀ ਤੋਂ ਲੈ ਕੇ ਦਸਵੀਂ ਤੱਕ, ਪਾਕਿਸਤਾਨ ਵਿਚ ਪਾਈ, ਸਤਿਗੁਰਾਂ ਦੀ ਕਿਰਪਾ ਨਾਲ ਮੈਂ ਏਸੇ ਹੀ ਲਿਬਾਸ (ਨਾਮਧਾਰੀ ਪਹਿਰਾਵੇ) ਵਿਚ ਰਿਹਾ ਤੇ ਜਦੋਂ ਮੇਰੀ ਸਲੈਕਸ਼ਨ ਫ਼ੀਰੋਜ਼ਪੁਰ ਹੋਈ, ਉਸ ਵੇਲੇ ਵੀ ਮੈਂ ਏਸੇ ਪੁਸ਼ਾਕ-ਦਸਤਾਰ ਵਿਚ ਅਧਿਕਾਰੀਆਂ ਪਾਸ ਗਿਆ ਕਿਉਂਕਿ ਉਸ ਵੇਲੇ ਮੈਂ ਪੌਣੇ ਅਠਾਰਾਂ ਸਾਲਾਂ ਦਾ ਸਾਂ, ਮੈਨੂੰ ਉਨ੍ਹਾਂ ਪਟਵਾਰ ਦੀ ਸਲੈਕਸ਼ਨ ਵਿਚ ਨਾ ਲਿਆ (ਉਮਰ ਚਾਰ ਮਹੀਨੇ ਛੋਟੀ ਸਮਝ ਕੇ) ਮੁਕਤਸਰ ਇਲਾਕੇ ਦੇ ਇਕ ਡਿਪਟੀ ਕਲੈਕਟਰ ਗੁਰਚਰਨ ਸਿੰਘ ਸਨ, ਉਨ੍ਹਾਂ ਨੇ ਮੇਰੇ ਵਲ ਵੇਖ ਕੇ ਕਿਹਾ: ਕੇਹੀ ਸੁਹਣੀ ਸਿਹਤ, ਕਿਹੀ ਸੋਹਣੀ ਪੱਗ, ਕਿਹਾ ਸੁਹਣਾ ਚਿਹਰਾ, ਜੇ ਇਹ ਵੀ ਅਸਾਂ ਨਹੀਂ ਲੈਣਾ ਤਾਂ ਫੀਲਡ ਵਰਕ ਕੌਣ ਕਰੇਗਾ। ਸਾਨੂੰ ਤਕੜੇ ਬੰਦਿਆਂ ਦੀ ਲੋੜ ਹੈ, ਮਾੜਿਆਂ ਦੀ ਨਹੀਂ। ਜਿਸ ਉਪਰ ਇਹਨਾਂ ਤੋਂ ਉਪਰਲੇ ਅਫ਼ਸਰ ਨੇ ਕਿਹਾ ਕਿ ਇਸ ਦੀ ਉਮਰ ਛੋਟੀ ਹੈ, ਅਸੀਂ ਇਸ ਨੂੰ ਨਹੀਂ ਲੈ ਸਕਦੇ। ਸ. ਗੁਰਚਰਨ ਸਿੰਘ ਨੇ ਫਿਰ ਕਿਹਾ ਕਿ ਛੇ ਮਹੀਨੇ ਤਾਂ ਟ੍ਰੇਨਿੰਗ ਵਿਚ ਲਗ ਜਾਣੇ ਨੇ, ਉਦੋਂ ਇਸਦੀ ਉਮਰ ਦੋ ਮਹੀਨੇ ਉਪਰ ਹੋ ਜਾਵੇਗੀ। ਮੈਂ ਇਹ ਵੀ ਵਿਸ਼ਵਾਸ ਰੱਖਦਾ ਹਾਂ ਕਿ ਇਸ ਦਸਤਾਰ ਦੀ ਕਿਰਪਾ ਨਾਲ ਹੀ ਮੇਰੀ ਸਲੈਕਸ਼ਨ ਹੋਈ।

**ਇਕ ਵਾਰ ਫਿਰ ਕਰਾਮਾਤ:**

ਪਾਕਿਸਤਾਨ ਵਿਚ ਰਹਿੰਦਿਆਂ, ਆਪਣੀ ਟ੍ਰੇਨਿੰਗ ਪੂਰੀ ਕਰਕੇ ਇਮਤਿਹਾਨ ਦੇ ਕੇ ਆਪਣੇ ਘਰ ਤੋਂ ਥੋੜ੍ਹੀ ਹੀ ਦੂਰ ਪਾਕਪਟਨ ਵਿਚ ਮੈਂ ਆਪਣੀ ਡਿਊਟੀ ਸੰਭਾਲੀ। ਮੈਂ ਆਪਣੀ ਸਰਕਾਰੀ ਡਿਊਟੀ 1.08.1945 ਨੂੰ ਪਾਕਿਸਤਾਨ ਵਿਚ ਸੰਭਾਲੀ ਸੀ। ਉਸ ਤੋਂ ਬਾਅਦ ਪਾਰਟੀਸ਼ਨ ਹੋਈ ਜਿਸ ਕਾਰਨ ਆਪਾਂ ਸਾਰਿਆਂ ਨੂੰ ਹੀ ਹਿੰਦੁਸਤਾਨ ਵਿਚ ਆਉਣਾ ਪਿਆ। ਸਾਡਾ ਪਰਵਾਰ ਅਗਸਤ 1947 ਵਿਚ ਸਰਸੇ ਆ ਗਏ। ਉਸ ਵੇਲੇ ਲੋਕ ਰੋਟੀ ਤੋਂ ਵੀ ਤੰਗ ਸਨ ਤੇ ਪੈਸਾ ਵੀ ਕਿਸੇ ਦੇ

ਹੱਥ ਪੱਲੇ ਨਹੀਂ ਸੀ। ਕੁਦਰਤੀ ਤੌਰ ਤੇ ਮੈਂ ਏਥੇ ਕੈਨਾਲ ਰੈਸਟ ਹਾਊਸ ਵਿਚ ਚਲਾ ਗਿਆ ਕਿ ਮੈਂ ਨਹਿਰ ਦਾ ਪਟਵਾਰੀ ਹਾਂ, ਏਥੇ ਨਹਿਰਾਂ ਹਨ, ਖਉਰੇ ਮੈਨੂੰ ਕੋਈ ਨੌਕਰੀ ਮਿਲ ਜਾਏ।

ਕੁਦਰਤੀ ਤੌਰ ਤੇ ਉਹੀ ਐਕਸੀਅਨ ਸਾਹਿਬ ਜਿਨ੍ਹਾਂ ਫ਼ੀਰੋਜ਼ਪੁਰ ਵਿਚ ਸਲੈਕਸ਼ਨ ਲਈ ਹੋਈ ਸੀ, ਉਹੀ ਸਰਸੇ ਰੈਸਟ ਹਾਊਸ ਵਿਚ ਆਏ ਹੋਏ ਸਨ। ਉਹਨਾਂ ਨੇ ਮੇਰੀ ਪੱਗ ਵੇਖ ਕੇ ਫੌਰਨ ਮੈਨੂੰ ਪਛਾਣ ਲਿਆ ਤੇ ਮੈਨੂੰ ਉਹਨਾਂ ਦੂਜੇ ਦਿਨ ਹੀ, ਨਾਲੀ ਤੇ ਇਕ ਵੱਡਾ ਪਿੰਡ ਸੀ ਤੇ ਮੁਸਲਮਾਨ ਪਿੰਡ ਸੀ, ਅਜੇ ਉਹ ਏਥੇ ਹੀ ਸਨ ਕਿ ਮੈਨੂੰ ਇਸਦਾ ਚਾਰਜ ਸੰਭਾਲ ਦਿਤਾ ਤੇ ਮੇਰੀ ਸਰਕਾਰੀ ਨੌਕਰੀ ਮਿਲ ਗਈ। ਮੈਨੂੰ ਇਸ ਗੱਲ ਦਾ ਪੂਰਾ ਵਿਸ਼ਵਾਸ ਹੈ ਕਿ ਮਾਰਚ 1949 ਵਿਚ ਸਰਕਾਰੀ ਡਿਊਟੀ ਤੇ ਇਸ ਦਸਤਾਰ ਕਰਕੇ ਹੀ ਰਿਹਾ।

ਮੇਰਾ ਵਿਆਹ ਸੰਤ ਨਗਰ ਵਿਚ 1948 ਵਿਚ ਹੋਇਆ ਕਿਉਂਕਿ ਮੇਰਾ ਵਿਆਹ ਸਤਿਗੁਰਾਂ ਦੀ ਹਜ਼ੂਰੀ ਵਿਚ ਹੋਇਆ। ਉਹਨਾਂ ਮੈਨੂੰ ਪਛਾਣ ਕੇ ਕਿਹਾ: ਕਿਉਂ ਭਾਈ ਤੂੰ ਸਗੋਂ ਸੰਤ ਲਛਮਣ ਸਿੰਘ ਹਵੇਲੀ ਵਾਲਿਆਂ ਦਾ ਲੜਕਾ ਹੈਂ? ਮੇਰੇ ਹਾਂ ਵਿਚ ਉਤਰ ਦੇਣ ਤੇ ਉਨ੍ਹਾਂ ਕਿਹਾ: ਤੂੰ ਤਾਂ ਪਟਵਾਰੀ ਲਗਾ ਹੋਇਆ ਸੈਂ। ਮੈਂ ਦੱਸਿਆ ਕਿ ਮੈਂ ਅੱਜ ਕੱਲ੍ਹ ਵੀ ਮੰਗਾਲੇ ਲੱਗਾ ਹੋਇਆ ਹਾਂ।

ਹੁਕਮ ਹੋਇਆ: ਭਾਈ ਸਾਨੂੰ ਵੀ ਬੜੀ ਭਾਰੀ ਲੋੜ ਰਹਿਣੀ ਹੈ ਪਟਵਾਰੀਆਂ ਦੀ ਏਸ ਵਾਸਤੇ ਤੂੰ ਸਾਨੂੰ ਆਪਣਾ ਪਤਾ ਦਿੰਦਾ ਰਹੀਂ।

**ਜੀਵਨ ਨਗਰ ਬਾਰੇ:**

ਸਤਿਗੁਰੂ ਜੀ ਨੇ ਚਾਰ ਪਿੰਡ, ਚਚਾਲ ਕੋਠੀ (ਜੀਵਨ ਨਗਰ), ਇਸਦਾ ਨਾਮ ਇਕ ਅੰਗਰੇਜ਼ ਦੇ ਨਾਮ ਤੇ ਹੈ ਚਚਾਲ ਕੋਠੀ, ਜਿਸਨੂੰ ਸਾਡੇ ਨਾਮਧਾਰੀ ਕੋਠੀ ਵੀ ਕਹਿੰਦੇ ਹਨ, ਜੱਗ ਮਲੇਰਾ ਜਿਸ ਨੂੰ ਅੱਜ ਕਲ੍ਹ ਸੰਤ ਲਗਰ ਦੇ ਤੌਰ ਤੇ ਵਾਚਿਆ ਜਾਂਦਾ ਹੈ। ਅਲੀਪੁਰ, ਜੋ ਕਿ ਹਰੀ ਪੁਰ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਕੰਜਰ ਵਾਲਾ, ਜਿਸਨੂੰ ਸਤਿਗੁਰਾਂ ਦੀ ਕਿਰਪਾ ਨਾਲ ਦਮਦਮਾ ਕਿਹਾ ਜਾਂਦਾ ਹੈ। ਇਹਨਾਂ ਚਾਰੇ ਪਿੰਡਾਂ ਦਾ ਰਕਬਾ 500 ਮੁਰੱਬਾ, ਇਕ ਹੀ ਮਾਲਿਕ ਤੋਂ, ਪਾਕਿਸਤਾਨ ਬਣਨ ਤੋਂ 5-6 ਮਹੀਨੇ ਪਹਿਲਾਂ ਖ਼ਰੀਦਿਆ। ਚੂਰੂ ਦੇ ਉਸ ਸੇਠ ਦਾ ਨਾਮ ਕਰੋੜੀ ਮਲ (ਸੰਭਵ) ਹੈ। ਸਤਿਗੁਰਾਂ ਨੇ ਇਹ ਰਕਬਾ ਪੂਰੇ 26,00,000/- ਦਾ ਖ਼ਰੀਦਿਆ। ਕਰੋੜੀ ਮੱਲ ਨੇ ਇਹ ਰਕਬਾ ਅੰਗਰੇਜ਼ ਤੋਂ ਖਰੀਦਿਆ ਸੀ, ਇਹ ਪਤਾ ਨਹੀਂ ਕਿੰਨੇ ਦਾ।

ਪਾਕਿਸਤਾਨ ਬਣਨ ਤੋਂ ਪਹਿਲੋਂ, ਪਾਕਪਟਨ ਜਿੱਥੇ ਕਿ ਮੇਰੀ ਪੱਕੀ ਨੌਕਰੀ ਸੀ, ਸਤਿਗੁਰੂ ਪ੍ਰਤਾਪ ਸਿੰਘ ਜੀ ਕਾਰ ਸਵਾਰ ਮੈਨੂੰ ਮਿਲੇ, ਮੈਂ ਸਾਈਕਲ ਤੇ

ਆ ਰਿਹਾ ਸੀ। ਉਹਨਾਂ ਮੈਨੂੰ ਹੁਕਮ ਕੀਤਾ: ਭਾਈ, ਆਪਣੇ ਮਾਤਾ-ਪਿਤਾ ਨੂੰ ਇਹ ਗੱਲ ਕਹਿ ਦੇਈਂ ਕਿ ਤੁਹਾਨੂੰ ਇਹ ਦੇਸ ਛੱਡਣਾ ਪਏਗਾ, ਉਹ ਆਪਣੀ ਤਿਆਰੀ ਰੱਖਣ, ਜਿੱਥੇ ਆਪਾਂ ਮੁਰੱਬੇ ਖਰੀਦੇ ਹਨ, ਉਥੇ ਜਾਣਾ ਪਏਗਾ।

ਇਕ ਮੁਰੱਬੇ ਪਿੱਛੇ ਸਿਖਾਂ ਤੋਂ 5000/- ਲਿਆ ਗਿਆ ਤਾਂ ਕਿ ਅਦਲਾ ਬਦਲੀਆਂ ਦੌਰਾਨ ਲੰਗਰ ਦਾ ਖਰਚ ਨ ਹੋਵੇ, ਸਾਰੇ ਆਪੋ ਆਪਣਾ ਖ਼ਰਚਾ ਕਰਨ।

ਸਰਕਾਰੀ ਕਾਗਜ਼ਾਂ ਵਿਚ ਇਸਨੂੰ ਕਿਸ਼ਤਵਾਰ ਕਹਿੰਦੇ ਹਨ ਕਿ ਖੇਤਾਂ ਦੀਆਂ ਸ਼ਕਲਾਂ ਤੇ ਨੰਬਰ ਬੜੇ ਬੇਢੰਗੇ ਜਿਹੇ ਹੁੰਦੇ ਹਨ। ਕੋਈ ਚੌਰਸ, ਕੋਈ ਲੰਮੇ, ਕੋਈ ਗੋਲ, ਕੋਈ ਤਿਕੋਨੀ ਇਸਤਰ੍ਹਾਂ। ਇਹ ਕਿਉਂਕਿ ਨਾਲੀ ਦਾ ਇਲਾਕਾ ਸੀ, ਏਥੇ ਜੰਗਲ ਵੀ ਸੀ, ਸੱਪ, ਹਿਰਨ, ਬਘਿਆੜ ਆਦਿ ਸਨ। ਕੋਈ ਕੋਈ ਰਕਬਾ ਕਾਸ਼ਤ ਕਰਨ ਦੇ ਯੋਗ ਹੋ ਜਾਂਦਾ ਸੀ। ਨਾਲੀ ਵਿਚ ਪਾਣੀ ਆ ਜਾਣ ਨਾਲ ਸਭ ਥਾਂ ਪਾਣੀ ਹੀ ਪਾਣੀ ਹੁੰਦਾ ਸੀ। ਹਾੜ੍ਹੀ ਤਾਂ ਹੋ ਜਾਂਦੀ ਸੀ ਪਰ ਸਾਉਣੀ ਦਾ ਕਿਤੇ ਕਿਤੇ ਕਮਾਦ ਤੇ ਝੋਨਾ ਹੀ ਹੁੰਦਾ ਸੀ।

ਸਤਿਗੁਰਾਂ ਨੇ ਪੰਜ ਸੌ ਮੁਰੱਬੇ ਦੀ ਤਕਸੀਮ ਕਰਨ ਵਾਸਤੇ ਸਾਨੂੰ ਲਾਇਆ। ਜਿਸ ਵਿਚ ਮੈਂ, ਸ. ਸਰਦੂਲ ਸਿੰਘ ਪਟਵਾਰੀ, ਗਿੱਲ ਜ਼ਿਲ੍ਹਾ ਸਿਆਲਕੋਟ ਦੇ ਐਸ ਵੇਲੇ ਉਹ ਨੰਗ ਥਲਾ (ਜ਼ਿਲ੍ਹਾ ਹਿਸਾਰ) ਰਹਿੰਦੇ ਹਨ ਉਥੇ ਉਹਦੀ ਜ਼ਮੀਨ ਹੈ। ਉਹਨਾਂ ਮੇਰੇ ਨਾਲ ਸਾਥ ਦੇ ਕੇ ਜੰਗਲ ਕਟਾ ਕੇ, ਖੇਤ ਸਿੱਧੇ ਕਰਨ ਤੇ ਕਿਲੇਬੰਦੀ ਦਾ ਕੰਮ ਸਿਰੇ ਚਾੜ੍ਹਿਆ। ਇਸਦੀ ਸੁਪਰਵੀਜ਼ਨ ਸ. ਅਵਤਾਰ ਸਿੰਘ ਝੱਬਰ ਦੀ ਸੀ। ਮੇਰੀ ਜਾਣ ਪਛਾਣ ਭਾਵੇਂ 1949 ਵਿਚ ਹੀ ਉਹਨਾਂ ਨਾਲ, ਇਸ ਕੰਮ ਵਿਚ ਹੋਈ ਪਰ ਸਤਿਗੁਰਾਂ ਦਾ ਕੰਮ ਉਹਨਾਂ ਨੇ ਪਾਕਿਸਤਾਨ ਵੇਲੇ ਤੋਂ ਹੀ ਸੰਭਾਲਿਆ ਹੋਇਆ ਸੀ। ਹੁਕਮ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੀ ਸੀ ਕਿ ਸਾਰੇ ਜੰਗਲ ਤੇ ਝਾੜ ਬੂਟਾਂ ਨੂੰ ਅਤੇ ਸਾਰੇ ਵਿੰਗੇ ਟੇਢੇ ਖੇਤਾਂ ਨੂੰ ਮੁਰੱਬੇ ਬੰਦੀ ਦੀ ਤਰਤੀਬ ਦਿਤੀ ਜਾਵੇ। ਮੁਰੱਬਿਆਂ ਤੇ ਖੇਤਾਂ ਦੇ ਮਾਲਕਾਂ ਨੂੰ ਸਤਿਗੁਰਾਂ ਵਲੋਂ ਇਹ ਹੁਕਮ ਸੀ ਕਿ ਉਹ ਆਪਣੇ ਘਰਾਂ ਵਿਚੋਂ ਇਕ ਇਕ ਜੀਅ ਜ਼ਰੂਰ ਏਥੇ ਭੇਜਣ। ਏਥੇ ਸਾਰੇ ਹੀ ਮੁਸਲਮਾਨ ਵਸਨੀਕ ਸਨ ਤੇ ਮੁਸਲਮਾਨ ਹੀ ਏਥੇ ਕਾਸ਼ਤ ਕਰਦੇ ਸਨ। ਕੁਝ ਰਕਬਾ ਜ਼ਰੂਰ ਐਸਾ ਸੀ ਜੋ ਸਾਡੀ ਖ਼ੁਦ ਕਾਸ਼ਤ ਸੀ, ਸਤਿਗੁਰਾਂ ਨੇ ਸਖ਼ਤ ਹੁਕਮ ਦੇ ਕੇ ਘਰ ਘਰ ਦਾ ਇਕ ਜੀ ਪਾਕਿਸਤਾਨ ਤੋਂ ਪਹਿਲੋਂ ਹੀ ਏਥੇ ਮੰਗਵਾ ਲਿਆ ਸੀ। ਉਹਨਾਂ ਵਿਚੋਂ ਵੀ ਮੁਅਤਬਰ ਸ. ਅਵਤਾਰ ਸਿੰਘ ਝੱਬਰ ਹੀ ਸੀ।

ਝੱਬਰ ਖ਼ਾਨਦਾਨ ਨੇ ਏਥੇ ਦੋ ਮੁਰੱਬੇ ਤਾਂ ਖਰੀਦੇ ਹੀ ਹੋਏ ਸਨ। ਮੈਂ ਤੇ ਸਰਦੂਲ ਸਿੰਘ ਤੇ ਇਕ ਦੋ ਹੋਰ ਪ੍ਰਾਈਵੇਟ ਪਟਵਾਰੀਆਂ ਨਾਲ ਸ. ਅਵਤਾਰ ਸਿੰਘ ਦੀ ਸੁਪਰਵੀਜ਼ਨ ਹੇਠ ਕੰਮ ਕੀਤਾ। ਸ. ਝੱਬਰ ਦਾ ਬੜਾ ਸੁਹਣਾ ਸਮਝਣ ਦਾ ਢੰਗ

ਤੇ ਸਾਨੂੰ ਸਮਝਾਣ ਦਾ ਤਰੀਕਾ ਬੜਾ ਵਧੀਆ ਸੀ ਭਾਵੇਂ ਕਿ ਇਹ ਹੋਰ ਕਿਸੇ ਵਾਸਤੇ ਔਖਾ ਵੀ ਹੁੰਦਾ! ਉਨ੍ਹਾਂ ਸਾਨੂੰ ਗਾਹੇ ਬਗਾਹੇ ਹਦਾਇਤਾਂ ਵੀ ਦੇਣੀਆਂ। ਅਸਾਂ ਮੁਰੱਬੇ ਲਾਈਨ, ਕਿੱਲੇ ਬੰਦੀ ਦਾ ਕੰਮ, ਜੰਗਲ ਸਾਫ਼ ਕਰਕੇ, ਕੋਈ 7-8 ਮਹੀਨਿਆਂ ਵਿਚ ਚੌਰਸ ਖੇਤ ਬਣਾਨ ਦਾ ਕੰਮ ਪੂਰਾ ਕੀਤਾ।

ਉਸ ਤੋਂ ਬਾਅਦ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਾਰੇ ਹੀ ਮੁਅਤਬਰ ਆਦਮੀਆਂ ਨੂੰ ਸੱਦ ਕੇ ਜਿਸਨੂੰ ਕੈਨਾਲ ਰੈਸਟ ਹਾਊਸ ਕਹਿੰਦੇ ਹਨ, ਜਗ ਮਲੇਰੇ ਵਿਚ ਇਕ ਗਰੁੱਪਬੰਦੀ ਬਣਾਈ। ਜਿਨ੍ਹਾਂ ਨੇ ਪੰਜ ਸੌ ਮੁਰੱਬੇ ਖਰੀਦਣ ਵਿਚ ਹਿੱਸਾ ਪਾਇਆ ਸੀ ਉਹਨਾਂ ਦੇ ਗਰੁੱਪ ਬਣਾਏ ਜਿਵੇਂ ਸੰਤ ਆਲਾ ਸਿੰਘ ਗਰੁੱਪ, ਚੰਨਣ ਸਿੰਘ ਥਰਾਜੀਆ ਗਰੁੱਪ, ਘਸੀਟਾ ਸਿੰਘ ਗਰੁੱਪ, ਲਹੌਰੀਆਂ ਦਾ ਗਰੁੱਪ, ਮਿੰਟਗੁਮਰੀ ਗਰੁੱਪ, ਸ. ਅਵਤਾਰ ਸਿੰਘ ਗਰੁੱਪ, ਅਜਿਹੇ 10-11 ਗਰੁੱਪਾਂ ਦੀ ਸ਼ਕਲ ਵਿਚ ਜ਼ਮੀਨ ਗਿਣਕੇ ਵੰਡਕੇ, ਫਿਰ ਉਸਦੇ ਅੰਦਰ ਜਿੰਨੀ ਕਿਸੇ ਦੀ ਸੀ, ਉਸਦੀ ਤਕਸੀਮ ਕੀਤੀ।

ਸਤਿਗੁਰੂ ਜੀ ਨੇ ਇਸ 'ਚੋਂ ਬਚੀ ਜ਼ਮੀਨ ਉਹਨਾਂ ਬੰਦਿਆਂ ਨੂੰ ਵੀ ਪੰਜ ਪੰਜ ਏਕੜ ਦਿਤੀ ਜਿਨ੍ਹਾਂ ਪਾਸ ਪਾਕਿਸਤਾਨ ਵਿਚ ਜ਼ਮੀਨ ਹੈ ਨਹੀਂ ਸੀ ਤੇ ਏਥੇ ਵੀ ਉਹ ਖ਼ਰੀਦ ਨਹੀਂ ਸਨ ਸਕਦੇ। ਇਹਨਾਂ ਨੂੰ ਬ਼ਗੈਰ ਕੀਮਤ ਤੋਂ ਜਾਂ ਹੋਰ ਲਾਗਤ ਤੋਂ ਪੰਜ ਪੰਜ ਕਿਲੇ ਜ਼ਮੀਨ ਦਿਤੀ।

ਇਸ ਗੱਲ ਵਿਚ ਦੁਨਿਆਵੀ ਤੌਰ ਤੇ ਥੋੜ੍ਹੀ ਜਿਹੀ ਔਖਿਆਈ ਵੀ ਆਈ ਕਿਉਂਕਿ ਏਥੇ ਦੋ ਗਰੁੱਪ, ਸੈਣੀ ਗਰੁੱਪ ਅਤੇ ਕੰਬੋ ਗਰੁੱਪ ਜਿਨ੍ਹਾਂ 'ਚੋਂ ਸੈਣੀ ਗਰੁੱਪ ਦਮਦਮੇ ਨਾਲ ਸਬੰਧਿਤ ਸੀ, ਜੋ ਹੁਣ ਸੰਤੋਖਪੁਰਾ ਧਰਮ ਪੁਰਾ ਪਿੰਡਾਂ ਵਿਚ ਬੈਠਾ ਹੋਇਆ ਹੈ। ਜਗਜੀਤ ਪੁਰਾ ਇਸ ਵਿਚ ਨਹੀਂ ਗਿਣਿਆ ਜਾਂਦਾ, ਇਹ ਮਗਰੋਂ ਤਬਦੀਲੀਆਂ ਹੋਈਆਂ ਹਨ। ਦੂਜਾ ਕੰਬੋ ਗਰੁੱਪ ਜੁ ਆਸਾ ਸਿੰਘ ਗਰੁੱਪ ਕਰਕੇ ਜਾਣਿਆ ਜਾਂਦਾ ਸੀ, ਤੇ ਇਹ ਸ੍ਰੀ ਜੀਵਨ ਨਗਰ ਕੋਲ ਸੰਤਾਂ ਵਾਲੀ ਦੇ ਨਾਮ ਨਾਲ ਵਸਾਇਆ ਗਿਆ। ਇਹਨਾਂ ਦੋਹਾਂ ਗਰੁੱਪਾਂ ਨਲ ਸਤਿਗੁਰਾਂ ਨੇ ਰਿਆਇਤ ਕੀਤੀ ਕਿਉਂਕਿ ਸੈਣੀਆਂ ਤੇ ਕੰਬੋਆਂ ਦੀ ਪਾਕਿਸਤਾਨ ਵਿਚ ਕੋਈ ਜ਼ਮੀਨ ਨਹੀਂ ਸੀ। ਇਹਨਾਂ ਬੜੀ ਮੁਸ਼ਕਲ ਨਾਲ ਪੈਸੇ ਕੱਠੇ ਕਰਕੇ ਦਿਤੇ ਸਨ।

ਸਤਿਗੁਰਾਂ ਨੇ ਇਹਨਾਂ ਨਾਲ ਕੋਈ ਵਾਅਦਾ ਨਹੀਂ ਸੀ ਕੀਤਾ ਕਿ ਤੁਹਾਨੂੰ ਬੜੀ ਚੰਗੀ ਜ਼ਮੀਨ ਲੋਕਾਂ ਨਾਲੋਂ ਉਚੇਰੀ ਦਿਤੀ ਜਾਵੇਗੀ ਪਰ ਤਕਸੀਮ ਕਰਨ ਵੇਲੇ ਸਤਿਗੁਰਾਂ ਹੁਕਮ ਕੀਤਾ ਕਿ ਇਹਨਾਂ ਨੂੰ ਉਚੇ ਦਰਜੇ ਦੀ ਜ਼ਮੀਨ ਇਕੋ ਜਗਹ ਤੇ ਸਿਰਫ਼ ਨਹਿਰੀ ਦਿਤੀ ਜਾਵੇਗੀ। ਜਦੋਂ ਕਿ ਦੂਜਿਆਂ ਸਭ ਨੂੰ ਦੋ ਦੋ ਥਾਵਾਂ ਤੇ ਜ਼ਮੀਨ ਦਿਤੀ ਜਾਣੀ ਸੀ - ਨਹਿਰੀ ਤੇ ਬਾਰਾਨੀ।

ਫਿਰ ਕੁਝ ਮੁਅਤਬਰ ਨਾਮਧਾਰੀ ਭਰਾਵਾਂ ਨੇ ਕੁਝ ਮੁਖ਼ਾਲਫ਼ਤ ਕਰਨ ਦੀ ਕੋਸ਼ਿਸ਼ ਕੀਤੀ ਪਰ ਸਤਿਗੁਰਾਂ ਨੇ ਇਹਨਾਂ ਕੰਬੋਆਂ ਤੇ ਸੈਣੀਆਂ ਦੀ ਰਿਆਇਤ ਬਰਕਰਾਰ ਰਖੀ। ਅਸਾਂ ਸੰਨ 1950 ਤੱਕ ਨਾਮਧਾਰੀਆਂ ਨੂੰ ਨਿਸ਼ਾਨਦੇਹੀ ਦੇਕੇ, ਜ਼ਮੀਨ ਹਵਾਲੇ ਕਰ ਦਿਤੀ। ਇਹ ਵੰਡ ਅਸਾਂ ਅਕਤੂਬਰ 1949 ਵਿਚ ਕਰ ਦਿਤੀ ਸੀ। 1950 ਤਕ ਦਖ਼ਲ ਦੇ ਕੇ ਜ਼ਮੀਨਾਂ ਸੰਭਾਲ ਦਿਤੀਆਂ। ਲੋਕ ਫਿਰ ਜੰਗਲ ਸਾਫ਼ ਕਰਨ ਤੇ ਜ਼ਮੀਨ ਨੂੰ ਪੱਧਰਿਆਂ ਕਰਨ ਵਿਚ ਜੁਟ ਗਏ।

**ਪਾਕਿਸਤਾਨੋਂ ਆਈ ਜ਼ਮੀਨ ਬਾਰੇ:**

ਮੁਰੱਬੇ-ਵੰਡ ਤੋਂ ਅਸੀਂ ਵਿਹਲੇ ਹੀ ਹੋਏ ਸਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਲਾਟਮੈਂਟ ਬਾਰੇ ਸੋਚਿਆ(ਅਰਥਾਤ ਪਾਕਿਸਤਾਨੋਂ ਆਏ ਲੋਕਾਂ ਦੀ ਜ਼ਮੀਨ ਬਾਰੇ) ਕਿ ਕਿਉਂ ਨਾ ਨਾਮਧਾਰੀ ਸਿੱਖਾਂ ਦੀ ਪਾਕਿਸਤਾਨੋਂ ਆਈ ਜ਼ਮੀਨ ਏਥੇ ਲਿਆਂਦੀ ਜਾਏ ਤੇ ਇਸਦੀ ਅਲਾਟਮੈਂਟ ਨਾਲ ਦੇ ਪਿੰਡਾਂ ਵਿਚ ਕੀਤੀ ਜਾਏ। ਸਤਿਗੁਰੂ ਜੀ ਨੇ ਇਸ ਬਾਰੇ ਵਿਚ ਸਰਕਾਰੀ ਅਫ਼ਸਰਾਂ ਕੋਲ ਜਾ ਕੇ ਜਤਨ ਕੀਤਾ। ਰੀਹੈਬਲੀਟੇਸ਼ਨ ਦੇ ਡਾਇਰੈਕਟਰ ਜਨਰਲ ਸ. ਤ੍ਰਿਲੋਕ ਸਿੰਘ ਨਾਲ ਮਿਲ ਕੇ ਉਹਨਾਂ ਇਸ ਚੀਜ਼ ਦਾ ਫ਼ੈਸਲਾ ਕਰਵਾਇਆ ਕਿ ਸਾਡੇ ਜਿਹੜੇ ਨਾਮਧਾਰੀਆਂ ਦੇ ਚਾਰ ਪਿੰਡ ਖਰੀਦੇ ਹੋਏ ਨੇ, ਇਹਨਾਂ ਦੇ ਆਲੇ ਦੁਆਲੇ ਦੇ ਪਿੰਡ ਜਿਵੇਂ ਕਿ ਅੰਮ੍ਰਿਤਸਰ, ਮਿਰਜ਼ਾਪੁਰ, ਪੱਟੀ ਕਿਰਪਾਲ, ਨਕੌੜਾ, ਕਰੀਵਾਲਾ ਅਤੇ ਹਾਰਨੀ ਇਹ ਪਿੰਡ ਸਾਡੇ ਵਾਸਤੇ ਰੀਜ਼ਰਵ ਕਰ ਦਿਤੇ ਜਾਣ ਅਤੇ ਜਿਹੜੇ ਸਾਡੇ ਨਾਮਧਾਰੀ ਪਾਕਿਸਤਾਨ ਵਿਚ ਜ਼ਮੀਨ ਛੱਡ ਕੇ ਆਏ ਹਨ, ਉਹਨਾਂ ਨੂੰ ਇਹਨਾਂ ਪਿੰਡਾਂ ਵਿਚ ਜ਼ਮੀਨ ਅਲਾਟ ਕੀਤੀ ਜਾਵੇ। ਇਹ ਪਿੰਡ ਨਾਲੀ ਦੇ ਸੈਕਿੰਡ ਗਰੇਡ ਦੇ ਸਨ। ਸਾਰੇ ਨਾਮਧਾਰੀ ਗੁਜਰਾਂਵਾਲਾ, ਸਿਆਲਕੋਟ, ਸ਼ੇਖ਼ੂਪੁਰਾ, ਲਾਹੌਰ, ਲਾਇਲਪੁਰ, ਮੁਲਤਾਨ, ਸਰਗੋਧਾ, ਕੈਂਬਲਪੁਰ ਆਦਿਕ ਜ਼ਿਲ੍ਹਿਆਂ ਦੇ ਸਨ, ਜਿਹੜੇ ਸਰਕਾਰੀ ਤੌਰ ਤੇ ਸਲੈਕਸ਼ਨ ਦੇ ਲਿਹਾਜ਼ ਨਾਲ ਇਥੇ ਨਹੀਂ ਸਨ ਆ ਸਕਦੇ, ਪਰ ਸਤਿਗੁਰਾਂ ਨੇ ਜਨਰਲ ਤੌਰ ਤੇ ਇਹ ਆਰਡਰ ਕਰਵਾਇਆ ਕਿ ਨਾਮਧਾਰੀ ਗਰੁਪ ਤਹਿਸੀਲ ਸਰਸਾ ਵਿਚ ਬਗ਼ੈਰ ਅਲੈਕਸ਼ਨ ਅਤੇ ਸਲੈਕਸ਼ਨ ਫਿਟ ਕੀਤਾ ਜਾਵੇ। ਅਤੇ ਸਾਡੇ ਸਾਰੇ ਨਾਮਧਾਰੀ ਇਸ ਥਾਂ ਤੇ ਇਕੱਠੇ ਕੀਤੇ ਜਾਣ। ਗਵਰਨਮਿੰਟ ਤੋਂ ਇਸ ਗੱਲ ਦੀ ਮਨਜ਼ੂਰੀ ਕਰਵਾਈ ਗਈ।

ਇਹ ਪਿੰਡ ਨਾਮਧਾਰੀਆਂ ਦੀ ਅਲਾਟਮੈਂਟ ਵਾਸਤੇ, ਅੰਮ੍ਰਿਤਸਰ, ਮਿਰਜ਼ਾਪੁਰ, ਹਾਰਨੀ ਪੱਟੀ ਕਿਰਪਾਲ, ਨਕੌੜਾ, ਕਰੀਵਾਲਾ, ਰੀਜ਼ਰਵ ਕਰਵਾ ਲਿਆ ਗਿਆ। ਉਸ ਵੇਲੇ ਬਹੁਤ ਘੱਟ ਨਾਮਧਾਰੀਆਂ ਦੇ ਕਲੇਮ ਮਿਲੇ। ਕਿਉਂਕਿ ਉਸ ਸਮੇਂ ਇਹਨਾਂ ਪਿੰਡਾਂ ਵਿਚ ਵੀ ਜੰਗਲ ਹੀ ਜੰਗਲ ਪਏ ਹੋਏ ਸਨ। ਲੋਕਾਂ ਨੇ

ਪਿਛੇ ਅਲਾਟਮੈਂਟਾਂ ਕਰਵਾ ਲਈਆਂ ਸਨ ਤੇ ਕਈਆਂ ਨੂੰ ਸਰਕਾਰ ਨੇ ਰਕਬਾ ਅਲਾਟ ਕਰ ਦਿਤਾ ਹੋਇਆ ਸੀ। ਇਸ ਕੰਮ ਲਈ ਸਾਨੂੰ ਬਹੁਤ ਜਦੋਜਹਿਦ ਕਰਨੀ ਪਈ। ਜਲੰਧਰੋਂ ਅਲਾਟਮੈਂਟ ਕਰਵਾਣ ਦੀ, ਕਲੇਮ ਲਿਆਉਣ ਦੀ ਅਤੇ ਹੋਰ ਸਬੰਧਤ ਕੰਮਾਂ ਲਈ ਸਾਰੀ ਸੁਪਰਵੀਜ਼ਨ ਸ. ਅਵਤਾਰ ਸਿੰਘ ਦੇ ਸਿਰ ਹੀ ਸੀ। ਏਥੋਂ ਦੇ ਪਟਵਾਰੀਆਂ ਦੀ ਸੰਭਾਲ ਦੀ ਡਿਊਟੀ ਵੀ ਉਹਨਾਂ ਦੀ ਸੀ। ਉਦੋਂ ਕੋਈ 700 ਘਰਾਂ ਦੀ ਅਲਾਟਮੈਂਟ ਕੀਤੀ ਗਈ ਸੀ।

ਇਸ ਅਲਾਟਮੈਂਟ ਬਾਰੇ ਜਲੰਧਰ ਆਉਣ ਜਾਣ ਦਾ ਖ਼ਰਚਾ, ਅਲਾਟਮੈਂਟ ਕਰਨ ਦਾ ਖ਼ਰਚਾ, ਦੂਜੇ ਜ਼ਿਲ੍ਹਿਆਂ ਵਿਚੋਂ ਪਰਚਾ ਕਲੇਮ ਕੁਲੈਕਟ ਕਰਨ ਦਾ ਖ਼ਰਚਾ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਹੱਥੀਂ ਅਤੇ ਸਾਡੇ ਹੱਥੀਂ ਹੋਇਆ। ਇਸ ਕੰਮ ਨੂੰ ਅਸਾਂ 1954 ਵਿਚ ਖ਼ਤਮ ਕੀਤਾ ਤੇ ਨਾਮਧਾਰੀਆਂ ਨੂੰ ਸਾਰੀ ਹੀ ਅਲਾਟਮੈਂਟ ਇਹਨਾਂ ਪਿੰਡਾਂ ਵਿਚ ਕਰ ਦਿਤੀ ਗਈ। ਇਕ ਪਿੰਡ ਸਰਸੇ ਦੇ ਨੇੜੇ, ਕੰਗਣਪੁਰ ਵੀ ਸਤਿਗੁਰਾਂ ਅਲਾਟ ਕਰਵਾਇਆ ਜਿਸ ਵਿਚ ਬਹੁਤ ਸਾਰੇ ਘਰ ਲਾਇਲਪੁਰ ਜ਼ਿਲੇ ਦੇ ਅਲਾਟ ਕੀਤੇ।

**ਸ. ਅਵਤਾਰ ਸਿੰਘ ਝੱਬਰ:**

ਇਸ ਤਰ੍ਹਾਂ ਸ. ਅਵਤਾਰ ਸਿੰਘ ਨਾਲ ਅੱਜ ਤੱਕ ਕਾਫ਼ੀ ਵਾਸਤਾ ਰਿਹਾ। ਇਹਨਾਂ ਨੇ ਮਗਰਲੇ ਕੀਤੇ ਸਾਰੇ ਕੰਮ ਨੂੰ ਹੱਥ ਵਿਚ ਰਖਿਆ। ਜੋ ਲੋੜ ਸਰਕਾਰੀ ਜਾਂ ਗ਼ੈਰ-ਸਰਕਾਰੀ ਕੰਮ ਦੀ ਪਈ ਇਹਨਾਂ ਨੇ ਆਪਣੇ ਹੱਥੀਂ ਕੀਤਾ ਤੇ ਸੰਭਾਲਿਆ। ਜਿਸ ਵੇਲੇ ਸਤਿਗੁਰਾਂ ਨੇ ਜ਼ਮੀਨਾਂ ਵੰਡੀਆਂ ਸਨ ਕਈਆਂ ਨੂੰ ਇਨਾਮ ਦਿਤੇ ਸਨ, ਇਹਨਾਂ ਵਿਚ ਸ. ਅਵਤਾਰ ਸਿੰਘ ਦਾ ਵੀ ਇਕ ਮੁਰੱਬਾ ਇਨਾਮ ਰੱਖਿਆ ਸੀ, ਲੇਕਿਨ ਸ. ਝੱਬਰ ਨੇ ਉਹ ਇਨਾਮ ਲੈਣ ਤੋਂ ਇਨਕਾਰ ਕਰ ਦਿਤਾ ਸੀ। ਸਤਿਗੁਰਾਂ ਨੇ ਇਕ ਵਾਰ ਅਵਤਾਰ ਸਿੰਘ ਨੂੰ ਤਨਖ਼ਾਹ ਬਾਰੇ ਵੀ ਕਿਹਾ, ਪਰ ਇਸ ਨੇ ਇਸ ਗੱਲੋਂ ਵੀ ਬਿਲਕੁਲ ਇਨਕਾਰ ਕੀਤਾ। ਇਹਨਾਂ ਨੇ ਮੇਰੇ ਵੇਖਦਿਆਂ ਸਾਰੀ ਉਮਰ ਏਸੇ ਕੰਮ ਵਿਚ ਬਿਤਾਈ। ਇਹ ਸਾਰੀ ਸੇਵਾ ਤਨ ਮਨ ਧਨ ਨਾਲ ਕੀਤੀ ਹੈ। ਹੁਣ ਵੀ ਕਈ ਵਾਰ ਜਦੋਂ ਵੀ ਗੁਰੂਘਰ ਨੂੰ ਸਰਕਾਰੀ ਰੀਕਾਰਡ ਦੀ ਜਾਂ ਹੋਰ ਦੇਖ ਭਾਲ ਦੀ ਲੋੜ ਪਈ ਹੈ ਤਾਂ ਸ. ਅਵਤਾਰ ਸਿੰਘ ਨੇ ਬਿਨਾਂ ਹੀਲ ਹੁਜਤ ਤੋਂ ਜ਼ਿਮੇਵਾਰੀ ਲਈ ਹੈ। ਸਭ ਤੋਂ ਵੱਡੀ ਚੀਜ਼ ਇਹ ਹੈ ਕਿ ਸੰਨ 1947 ਤੋਂ ਲੈ ਕੇ ਅੱਜ 1979 ਤੱਕ ਜੋ ਵੀ ਜ਼ਮੀਨ ਬਾਰੇ ਕੰਮ ਹੋਇਆ, ਜ਼ਮੀਨ ਦੇ ਰੀਕਾਰਡ ਬਾਰੇ, ਅਫ਼ਸਰਾਂ ਦੇ ਫ਼ੈਸਲੇ ਬਾਰੇ, ਗੱਲਬਾਤ ਬਾਰੇ ਵਿਚ, ਅਲਾਟਮੈਂਟ ਦੇ ਅਸੂਲਾਂ ਬਾਰੇ ਸਭ ਕੁਝ ਇਹਨਾਂ ਨੂੰ ਜ਼ੁਬਾਨੀ ਯਾਦ ਸੀ।

ਕਿਸੇ ਅਫ਼ਸਰ ਨੇ ਵੀ ਜਦੋਂ ਅਲਾਟਮੈਂਟ ਬਾਰੇ ਕੋਈ ਐਕਸ਼ਨ ਲਿਆ ਹੈ

ਜਾਂ ਲੈਣ ਦੀ ਕੋਸ਼ਿਸ਼ ਕੀਤੀ ਹੈ ਇਹਨਾਂ ਨੇ ਆਪਣੀ ਗੱਲਬਾਤ ਨਾਲ ਆਪਣੇ ਤਜਰਬੇ ਨਾਲ ਉਸਨੂੰ ਸੰਭਾਲਿਆ ਹੈ, ਗੁਰੂ ਘਰ ਦੀ ਹਰ ਕਿਸਮ ਦੀ ਜਾਇਦਾਦ ਨੂੰ ਸ. ਅਵਤਾਰ ਸਿੰਘ ਨੇ ਕਿਸੇ ਤਰ੍ਹਾਂ ਦੀ ਕੋਈ ਆਂਚ ਨਹੀਂ ਆਉਣ ਦਿਤੀ।

ਖ਼ਰਚਾ ਵੀ ਉਨ੍ਹਾਂ ਨੇ ਗੁਰੂ ਘਰ ਜਾਣ ਕੇ ਇਸ ਢੰਗ ਨਾਲ ਕੀਤਾ ਹੈ ਕਿ ਕੋਈ ਇਤਰਾਜ਼ ਨਹੀਂ ਕੀਤਾ ਜਾ ਸਕਦਾ। ਦੂਜੀ ਗੱਲ ਇਹ ਕਿ ਉਹਨਾਂ 1947 ਤੋਂ 1972 ਤੱਕ ਜ਼ਮੀਨ ਜਾਇਦਾਦ ਬਾਰੇ ਜੋ ਵੀ ਖ਼ਰਚਾ ਕੀਤਾ, ਉਹਨਾਂ ਨੂੰ ਹਿਸਾਬ ਕਿਤਾਬ ਰਖਣ ਦਾ ਸੁਭਾਅ ਨਹੀਂ ਸੀ ਇਸ ਲਈ ਖ਼ਰਚ ਉਹ ਕਰਦੇ ਹੀ ਇੰਨਾ ਯੋਗ ਸਨ ਕਿ ਕਿੰਤੂ ਨਹੀਂ ਕੀਤਾ ਜਾ ਸਕਦਾ। ਉਹਨਾਂ ਕਦੇ ਹਿਸਾਬ ਕਿਤਾਬ ਰਖਿਆ ਨਹੀਂ, ਨਾ ਹੀ ਉਹਨਾਂ ਨੂੰ ਕਿਸੇ ਕਿਹਾ ਹੈ। ਸਾਨੂੰ ਯਕੀਨ ਹੈ ਕਿ ਉਹਨਾਂ ਜੋ ਵੀ ਖ਼ਰਚ ਕੀਤਾ ਹੈ ਦੂਜਿਆਂ ਦੀ ਸੇਵਾ ਲਈ ਕੀਤਾ ਹੈ ਤੇ ਕੋਈ ਨਾਜਾਇਜ਼ ਖ਼ਰਚ ਨਹੀਂ ਕੀਤਾ।

ਦੂਜੀ ਗੱਲ ਇਹ ਹੈ ਕਿ ਸਾਡੇ ਉਤੇ ਕੋਈ ਮਾਮੂਲੀ ਕੰਮ, ਕੋਈ ਜ਼ਿਮੇਵਾਰੀ ਵਾਲਾ ਕੰਮ ਸੌਂਪਿਆ ਜਾਵੇ ਤਾਂ ਉਹਦੇ ਵਿਚ ਕਈ ਤਰੁੱਟੀਆਂ, ਤੇ ਕਈਆਂ ਦੀ ਮੁਖ਼ਾਲਫ਼ਤ ਸਹੇੜਨ ਵਾਲਾ ਕੰਮ ਹੋ ਸਕਦਾ ਹੈ, ਇਹ ਸਭ ਨਾਲ ਹੀ ਵਾਪਰਦੀ ਹੈ, ਪਰ ਮੈਂ ਹੈਰਾਨ ਇਸ ਗੱਲੋਂ ਹਾਂ ਕਿ ਏਨੇ ਕਾਰਕੁਨ ਹੁੰਦਿਆਂ, ਗੁਰੂ ਘਰ ਦੇ ਆਗੂ ਹੁੰਦਿਆਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁਖ਼ਤਾਰ ਆਮ ਹੁੰਦਿਆਂ ਅਤੇ ਸਾਹਿਬੇ ਜਾਇਦਾਦ ਤੇ ਕਰੀਵਾਲੇ ਦੇ ਨੰਬਰਦਾਰ ਹੁੰਦਿਆਂ, ਇਹਨਾਂ ਵਿਚ ਬਰਦਾਸ਼ਤ ਦਾ ਮਾਦਾ ਬਹੁਤ ਸੀ। ਮੈਂ ਅੱਜ ਤੱਕ ਇਹਨਾਂ ਦੇ ਹੱਥ ਵਿਚ ਇਕ ਸੋਟੀ ਤੱਕ ਵੀ ਨਹੀਂ ਵੇਖੀ ਜਾਂ ਇਹਨਾਂ ਨੂੰ ਕੋਈ ਕਿਸੇ ਤੋਂ ਡਰ ਲਗਦਾ ਹੋਵੇ। ਜਿਹੜੀ ਗੱਲ ਕਿ ਅੱਜ ਕੱਲ੍ਹ ਸਾਡੇ ਨਾਲ ਆਮ ਵਾਪਰਦੀ ਹੈ। ਅੱਜ ਵੀ ਜਦੋਂ ਉਹਨਾਂ ਦੇ ਅਖ਼ੀਰਲੇ ਸਮੇਂ ਬਾਬਤ ਸੁਣਿਆ ਹੈ, ਮਨ ਵਿਚ ਬੜੀ ਹੀ ਗੱਲ ਆਉਂਦੀ ਹੈ, ਕਿ ਉਹਨਾਂ ਕਿਵੇਂ ਕੱਲਿਆਂ ਹੋ ਕੇ, ਸਭ ਕੁਝ ਨੂੰ ਤਿਆਗ ਕੇ ਜਾ ਕੇ ਕਿਥੇ ਇਕਾਂਤ ਜਗ੍ਹਾ ਵਿਚ ਚੜ੍ਹਾਈ ਕੀਤੀ ਤੇ ਸਾਨੂੰ ਸਦਾ ਲਈ ਵਿਛੋੜਾ ਦੇ ਗਏ।

ਜਿੰਨਾ ਅਰਸਾ ਵੀ ਮੈਂ ਉਹਨਾਂ ਨਾਲ ਰਿਹਾ ਹਾਂ, ਉਹਨਾਂ ਦੀ ਸ਼ਖ਼ਸੀਅਤ ਦੇ ਬਾਰੇ ਵਿਚ, ਉਹਨਾਂ ਦੀ ਸ਼ਰਾਫ਼ਤ, ਉਹਨਾਂ ਦਾ ਅਫ਼ਸਰਾਂ ਕੋਲੋਂ ਕੰਮ ਲੈਣ ਦਾ ਢੰਗ, ਬੜਾ ਹੀ ਸੁਹਣੇ ਤਰੀਕੇ ਦਾ ਜਾਪਿਆ ਹੈ। ਉਹ ਤਾਂ ਆਪਣੀ ਸਾਰੀ ਉਮਰ ਸਤਿਗੁਰਾਂ ਦੇ ਘਰ ਦੀ ਸੇਵਾ ਕਰਦਿਆਂ ਲੰਘਾ ਗਏ ਹਨ ਤੇ ਸਾਨੂੰ ਵੀ ਸਤਿਗੁਰੂ ਜੀ ਆਪਣੇ ਕੰਮ ਆਉਣ ਦਾ ਬਲ ਬਖ਼ਸ਼ਣ।

ਮੇਰੀ ਇਸ ਵੇਲੇ ਚੁਰੰਜਾ ਸਾਲ ਦੀ ਉਮਰ ਹੈ ਤੇ ਪੱਚੀ ਸਾਲ ਮੈਂ ਨਹਿਰੀ ਪਟਵਾਰੀ ਦੇ ਤੌਰ ਤੇ ਸਰਸੇ ਦੇ ਹਲਕਿਆਂ ਵਿਚ ਕੰਮ ਕਰ ਰਿਹਾ ਹਾਂ, ਅੱਜ ਕਲ੍ਹ ਵੀ

ਬਾਜੇਕਿਆਂ ਵਿਚ ਲੱਗਾ ਹੋਇਆ ਹਾਂ। ਅਵਤਾਰ ਕੌਰ ਮੇਰੇ ਘਰ ਵਾਲੀ ਦਾ ਨਾ ਹੈ, ਉਮਰ 48 ਸਾਲ ਹੈ। ਮੈਂ ਸੰਤ ਗੁਰਮੁਖ ਸਿੰਘ ਹੁਰਾਂ ਦਾ ਦੁਹਤਰਾ ਹਾਂ। ਬਾਬਾ ਜੈਮਲ ਸਿੰਘ ਟੇਹੀ ਵਾਲੇ ਜੋ ਗੁਰੂ ਘਰ ਵਿਚ ਲੰਬੜਦਾਰ ਕਰਕੇ ਪ੍ਰਸਿੱਧ ਸਨ, ਉਹਨਾਂ ਦੀ ਪੁੱਤਰੀ ਮੇਰੇ ਘਰ ਵਿਚ ਹੈ। ਬਾਬਾ ਜੈਮਲ ਸਿੰਘ ਜੀ 90-91 ਸਾਲ ਦੇ ਹੋ ਕੇ ਗੁਜ਼ਰੇ ਹਨ, ਅਜੇ ਕੁਝ ਹੀ ਮਹੀਨਿਆਂ ਵਿਚ ਭੋਗ ਪਾਇਆ ਹੈ।

ਸ. ਕਰਮ ਸਿੰਘ ਪਟਵਾਰੀ - ਬੀਬੀ ਅਵਤਾਰ ਕੌਰ

ਲੜਕੇ ਸੁਰਿੰਦਰ ਸਿੰਘ - ਤੇਜਿੰਦਰ ਕੌਰ ਸਪੁੱਤਰੀ ਸ. ਰਜਵੰਤ ਸਿੰਘ ਪਹਾੜ ਗੰਜ ਵਾਲੇ

ਜਤਿੰਦਰ ਸਿੰਘ

ਬਲਵਿੰਦਰ ਸਿੰਘ

ਲੜਕੀਆਂ: ਰਜਿੰਦਰ ਕੌਰ - ਨਿਰਜਸ ਸਿੰਘ ਖੈਰਪੁਰ

ਸੁਖਵਿੰਦਰ ਕੌਰ - ਸਤਨਾਮ ਸਿੰਘ ਦਿੱਲੀ (ਰਮੇਸ਼ ਨਗਰ)

ਨਰਿੰਦਰ ਕੌਰ

# ਗਿਆਨੀ ਗੁਰਦਿਆਲ ਸਿੰਘ

## ਸਰਸਾ

ਸੰਤ ਗੁਰਦਿਆਲ ਸਿੰਘ ਟੇਹੀ ਵਾਲੇ, ਜਿਨ੍ਹਾਂ ਨੂੰ ਅਸੀਂ ਬਚਪਨ ਵਿਚ ਝਾਟੂ ਕਰਕੇ ਬੁਲਾਇਆ ਕਰਦੇ ਸਾਂ, ਜਿਨ੍ਹਾਂ ਨੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਅਤੇ ਮੇਰੇ ਵਰਗੇ ਕਈ ਹੋਰ ਵਿਦਿਆਰਥੀਆਂ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਤਾਲੀਮ ਹਾਸਲ ਕੀਤੀ। ਇਹ ਬਚਪਨ ਤੋਂ ਹੀ ਬੜੇ ਸਾਊ, ਸ਼ਰਧਾਲੂ ਤੇ ਗੁਰੂ ਪਿਆਰ ਦੇ ਰੰਗੇ ਵਿਅਕਤੀ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਪ ਇੰਨੇ ਵਿਸ਼ਵਾਸ ਪਾਤਰ ਸਨ ਕਿ ਜਦੋਂ 'ਸਤਿਜੁਗ' ਦੇ ਪ੍ਰਿੰਟਰ ਤੇ ਪ੍ਰਕਾਸ਼ਕ ਸੰਤ ਬਲਵੰਤ ਸਿੰਘ ਸੁਰਤਹੀਨ ਹੋ ਗਏ, ਆਪ ਨੂੰ ਗੁਰਦਿਆਲ ਸਿੰਘ ਜੀ ਦੀ ਯਾਦ ਆਈ ਅਤੇ ਆਪ ਨੇ ਇਨ੍ਹਾਂ ਨੂੰ ਪ੍ਰਿੰਟਰ ਪਬਲਿਸ਼ਰ ਹੋਣ ਦਾ ਮਾਣ ਦਿਤਾ। ਪਿਛਲੇ ਸਤਾਈ ਕੁ ਸਾਲ ਤੋਂ ਆਪ 'ਸਤਿਜੁਗ' ਨਾਲ ਸੰਬੰਧਿਤ ਹਨ।

ਮੈਂ ਇਹਨਾਂ ਨੂੰ 25 ਸਤੰਬਰ, 1979 ਨੂੰ ਇਹਨਾਂ ਦੇ ਘਰ ਸਰਸਾ ਵਿਖੇ ਮਿਲਿਆ। ਦੋਹਾਂ ਪਤੀ-ਪਤਨੀ, ਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ। ਉਹ ਉਸ ਦਿਨ ਗਵਰਨਮੈਂਟ ਨੈਸ਼ਨਲ ਕਾਲਜ ਦੇ ਸਾਹਮਣੇ ਕ੍ਰਿਸ਼ਨਾ ਗੁਡਜ਼ ਟ੍ਰਾਂਸਪੋਰਟ ਦੇ ਪਿਛਵਾੜੇ ਵਾਲੇ ਘਰ ਦੀ ਕੁਝ (ਸ਼ਾਇਦ ਟੁੱਟੀ ਖੂਹੀ ਦੀ) ਤਿਆਰੀ ਕਰਵਾ ਰਹੇ ਸਨ। ਉਂਜ ਮਕਾਨ ਸੁਹਣਾ, ਖੁੱਲ੍ਹਾ ਤੇ ਵਿਉਂਤਬੱਧ ਸੀ। ਇਕ ਹੋਰ ਨਾਮਧਾਰੀ ਪਰਿਵਾਰ ਕਿਰਾਏਦਾਰ ਵੀ ਸੀ। ਸੰਤ ਗੁਰਦਿਆਲ ਸਿੰਘ ਦੀ ਰਿਹਾਇਸ਼ ਚਿਰਾਂ ਤੋਂ ਸਰਸੇ ਹੀ ਹੈ ਅਤੇ ਇਹ ਟਰੱਕ-ਮਾਲਕ ਹੋਣ ਕਰਕੇ ਅਤੇ ਟਰੱਕਾਂ ਵਾਲਿਆਂ ਵਿਚ ਗਿਆਨ ਚਰਚਾ ਕਰਨ ਕਰਕੇ 'ਗਿਆਨੀ' ਨਾਮ ਨਾਲ ਪ੍ਰਸਿੱਧ ਹਨ। ਇਹਨਾਂ ਨੂੰ ਮਿਲ ਕੇ ਜੋ ਜਾਣਕਾਰੀ ਪਰਵਾਰ ਤੇ ਹੋਰ ਗੁਰੂਘਰ ਦੀ ਵਾਕਫ਼ੀ ਲਈ, ਉਹ ਉਹਨਾਂ ਦੇ ਸ਼ਬਦਾਂ ਵਿਚ ਹੀ ਹੇਠ ਲਿਖੀ ਜਾਂਦੀ ਹੈ ਤਾਂਕਿ ਬਵਕਤਿ ਜ਼ਰੂਰਤ ਵੇਲੇ ਸਿਰ ਵਰਤੀ ਜਾ ਸਕੇ।

ਗੁਰਦਿਆਲ ਸਿੰਘ ਜੀ ਮਧਰੇ ਸਰੀਰ ਦੇ, ਅੱਜ ਕਲ੍ਹ ਕੁਝ ਫੁਲਬਹਿਰੀ ਦੇ ਸ਼ਿਕਾਰ ਹਨ, ਲੰਬੀ ਭਰਵੀਂ ਦਾਹੜੀ, ਖ਼ੁਸ਼ ਬੋਲ ਅਤੇ ਬੇਮੁਹਤਾਜ ਅਵਸਥਾ ਦੇ ਹਨ। ਉਹਨਾਂ ਇਸ ਪ੍ਰਕਾਰ ਆਪਣੀ ਵਿਥਿਆ ਦੱਸੀ:

ਅਰਜ਼ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਥੋੜ੍ਹਾ ਸਮਾਂ ਬਾਅਦ ਜਿਸ ਵਕਤ, ਸਤਿਗੁਰੂ ਹਰੀ ਸਿੰਘ ਜੀ ਦਾ ਪਹਿਲਾ ਦੌਰਾ ਮੁਕਤਸਰ ਦੇ ਇਲਾਕੇ ਵਿਚ ਆਇਆ, ਉਸ ਵਕਤ ਸਾਡੇ ਪਿਤਾ ਸੰਤ ਗੁਰਮੁਖ ਸਿੰਘ ਜੀ, ਸ੍ਰੀ ਸੁਜਾਨਾ ਰਾਮ ਦੇ ਸਪੁੱਤਰ ਪਿੰਡ ਅਬੁਲ ਖੁਰਾਣਾ ਇਲਾਕਾ ਮਲੋਟ ਵਿਚ ਰਹਿਣ ਵਾਲੇ ਸਨ। ਸਾਡੇ ਦਾਦਾ ਸੁਜਾਨਾ ਰਾਮ ਜੀ ਦੇ ਚਾਰ ਭਰਾ ਸਨ ਤੇ ਇਹ ਇਕੱਠੇ ਹੀ ਕੰਮ ਕਰਦੇ ਸਨ।

ਸਾਡੇ ਪਿਤਾ ਸੰਤ ਗੁਰਮੁਖ ਸਿੰਘ ਜੀ ਬਾਰੇ ਉਨ੍ਹਾਂ ਦਾ ਵਿਚਾਰ ਸੀ ਕਿ ਇਹ ਕਾਰੋਬਾਰ ਵਿਚ ਸ਼ਾਇਦ ਅਨਫਿਟ ਸਾਬਤ ਹੋਣ। ਆਪਣੇ ਗੁਜ਼ਰਨ ਤੋਂ 7-8 ਦਿਨ ਪਹਿਲਾਂ ਆਪਣੇ ਭਰਾਵਾਂ ਨੂੰ ਸੱਦ ਕੇ ਅਲਹਿਦਾ ਕੀਤਾ ਕਿ ਸ਼ਾਇਦ ਉਹਨਾਂ ਦੀ ਮੁੰਡੇ ਨਾਲ ਨਾ ਬਣ ਆਵੇ। ਕੁਦਰਤੀ ਖੇਡ, ਉਹ ਗੁਜ਼ਰ ਗਏ। ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਜੀ ਦਾ ਦੌਰਾ ਇਸ ਇਲਾਕੇ ਵਿਚ ਆਇਆ ਤਾਂ ਬਾਬਾ ਗੁਲਾਬ ਸਿੰਘ ਜੀ ਤੇ ਹੋਰ ਜੋ ਪੰਜ ਚਾਰ ਘਰ ਅਬੁਲ ਖੁਰਾਣੇ ਵਿਚ ਮਸ਼ਹੂਰ ਸਨ, ਇਹ (ਮੇਰੇ ਪਿਤਾ ਜੀ) ਵੀ ਨਾਲ ਰੁਪਾਣੇ (ਮੁਕਤਸਰ) ਗਏ ਜਿਥੇ ਸਤਿਗੁਰੂ ਹਰੀ ਸਿੰਘ ਜੀ ਆਏ ਹੋਏ ਸਨ। ਬਾਬਾ ਗੁਲਾਬ ਸਿੰਘ ਜਾਤੀ ਦੇ ਛੀਂਬੇ ਸਿੰਘ ਸਨ।

ਉਸ ਵੇਲੇ ਇਸ ਇਲਾਕੇ ਦੇ ਸੂਬੇ ਬਾਬਾ ਨੱਥਾ ਸਿੰਘ ਜੀ ਹੁੰਦੇ ਸਨ, ਉਹਨਾਂ ਦਾ ਪਿੰਡ ਨਗਰ ਇਸ ਵੇਲੇ ਯਾਦ ਨਹੀਂ, ਉਹਨਾਂ ਨੂੰ ਗੁਰੂ ਹਰੀ ਸਿੰਘ ਜੀ ਨੇ ਹੁਕਮ ਦਿਤਾ ਕਿ ਉਹ ਗੁਰਮੁਖ ਸਿੰਘ ਨੂੰ ਭਜਨ ਦੇਣ। ਉਹਨਾਂ ਨੇ ਮੇਰੇ ਪਿਤਾ ਜੀ ਨੂੰ ਭਜਨ ਦੱਸਿਆ। ਉਸ ਵੇਲੇ ਤੋਂ ਮੇਰੇ ਪਿਤਾ ਜੀ ਦੀ ਬਿਰਤੀ ਐਸੀ ਹੋਈ ਤੇ ਲਗਨ ਐਸੀ ਲਗੀ ਕਿ ਸਾਡੇ ਦਾਦਾ ਜੀ ਦਾ ਸ਼ਾਹੂਕਾਰਾ ਬੜਾ ਵਿਸਤਾਰ ਵਿਚ ਸੀ, ਇਸ ਵੇਲੇ ਗੋਪੀ ਚੰਦ ਟੈਕਸਟਾਈਲ (ਸਰਸਾ) ਮਿਲ ਵਾਲਿਆਂ ਦਾ ਜੋ ਘਰਾਣਾ ਹੈ, ਇਹਨਾਂ ਦੇ ਮੁਕਾਬਲੇ ਦਾ ਸਾਡਾ ਘਰ ਸੀ। ਪਰ ਸਾਡੇ ਪਿਤਾ ਜੀ ਨੇ ਉਸ ਵੇਲੇ ਸਭ ਕੁਝ ਨਾਮਧਾਰੀ ਸਮਾਜ ਦੇ ਪਰਚਾਰ ਤੇ ਪਰਸਾਰ ਉੱਤੇ ਲਾ ਦਿਤਾ। ਏਥੋਂ ਤਕ ਕਿ ਸਾਡੇ ਪਿਤਾ ਜੀ ਨੂੰ ਕੂਕਾ ਹੋਣ ਦੇ ਦੋਸ਼ ਤੋਂ ਕਾਠ-ਬੰਦ ਦੀ ਸਜ਼ਾ ਮਿਲੀ। ਸਾਡੇ ਪਿਤਾ ਜੀ ਦੇ ਪਹਿਲੇ ਸਹੁਰੇ ਸਰਕਾਰੀ ਮਸ਼ੀਨਰੀ ਵਿਚ ਸਨ, ਉਹਨਾਂ ਤੇ ਦਬਾਅ ਪਿਆ ਤਾਂ ਉਹਨਾਂ ਕਿਹਾ, ਸਾਡੇ ਤਾਂ ਇਹ ਆਖੇ ਨਹੀਂ ਲਗਦਾ, ਤੁਸੀਂ ਜੋ ਮਰਜ਼ੀ ਸਜ਼ਾ ਦਿਓ। ਤਾਂਕਿ ਇਹ ਘਰ ਰਹੇ ਤੇ ਖਾਵੇ ਕਮਾਵੇ ਅਤੇ ਸਾਡੀ ਲੜਕੀ ਸੁਖੀ ਵਸੇ। ਪਰ ਸਾਡੇ ਪਿਤਾ ਜੀ ਆਪਣੀ ਲਗਨ ਤੋਂ ਨਾ ਮੁੜੇ ਅਤੇ ਸਾਡੀ ਪਹਿਲੀ ਮਾਂ ਦਾ ਛੱਡ ਛੁਡਾ ਹੋ ਗਿਆ। ਉਸ ਦਾ ਨਾਂ ਯਾਦ ਨਹੀਂ। ਸਤਿਗੁਰੂ ਹਰੀ ਸਿੰਘ ਜੀ ਨੇ ਬੜਾ ਜਤਨ ਕੀਤਾ ਕਿ ਲੜਕੀ ਆਪਣੇ ਘਰ ਆ ਜਾਏ ਪਰ ਉਹ ਬਜ਼ਿਦ ਰਹੇ ਕਿ ਅਸਾਂ ਨਹੀਂ ਘੱਲਣੀ। ਸਗੋਂ ਉਹਨਾਂ ਦੇ ਘਰ ਵਾਲਿਆਂ ਕਿਹਾ ਕਿਹਾ ਕਿ ਜਦੋਂ ਇਸ ਮਲੰਗ ਨਾਲ ਕੋਈ ਵਿਆਹ ਕਰਵਾਏਗਾ ਉਦੋਂ ਵੇਖਾਂਗੇ ਕਿ ਕਿਵੇਂ ਹੁੰਦਾ ਹੈ।

ਸਤਿਗੁਰਾਂ ਦੀ ਕਿਰਪਾ ਨਾਲ ਰਿਸ਼ਤਾ ਵੀ ਫਿਰ ਛੇਤੀ ਹੀ ਹੋ ਗਿਆ। ਸਾਡੇ ਪਿਤਾ ਜੀ ਜਦੋਂ ਪਿੰਡ ਟੇਹੀ ਜਵੰਦ ਸਿੰਘ (ਤਹਿਸੀਲ ਪਾਕਪਟਨ, ਜ਼ਿਲ੍ਹਾ ਮਿੰਟਗੁਮਰੀ, ਪਾਕਿਸਤਾਨ) ਵੱਲ ਗਏ ਕਿਸੇ ਅਸਾਮੀ ਤੋਂ 32 ਰੁਪਏ ਲੈਣ ਵਾਸਤੇ, ਤਾਂ ਸਾਡੇ ਨਾਨਾ ਬਾਬਾ ਜਵਾਹਰ ਸਿੰਘ ਜੀ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਸਮੇਂ ਤੋਂ ਪਿੱਛੋਂ ਦੇ ਸਿੱਖ ਸਨ। ਹੋਰ ਵੀ ਕਈ ਪਰਵਾਰ ਉਦੋਂ ਸਿੰਘ

ਸਜੇ, ਕੋਟ ਹੀਰਾ ਸਿੰਘ ਵਾਲੇ ਦੇ; ਜਿਨ੍ਹਾਂ ਦੀ ਔਲਾਦ ਸ. ਹਰਨਾਮ ਸਿੰਘ, ਸੁੱਖਾ ਸਿੰਘ, ਹਰ ਸਿੰਘ ਆਦਿ ਹੈ, ਉਸ ਵੇਲੇ ਮੇਰੇ ਮਾਸੜ ਜੀ ਬਾਬਾ ਵਸਾਵਾ ਸਿੰਘ, ਸਾਵਣ ਸਿੰਘ, ਹਜ਼ਾਰਾ ਸਿੰਘ, ਸ਼ੇਰ ਸਿੰਘ ਆਦਿ ਹਰਿਦੁਆਰ ਦੀ ਯਾਤਰਾ ਤੋਂ ਮੁੜਦਿਆਂ ਭੈਣੀ ਸਾਹਿਬ ਲਈ ਖੰਨੇ ਤੋਂ ਗੱਡੀਓਂ ਉਤਰੇ। ਇਹਨਾਂ ਨੂੰ ਪਤਾ ਲਗਾ ਸੀ ਕਿ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਗੁਰੂ ਰਾਮ ਸਿੰਘ ਭੈਣੀ ਸਾਹਿਬ ਵਿਚ ਪਰਗਟੇ ਤੇ ਜਲਵਾਤਨ ਹੋ ਗਏ ਤੇ ਹੁਣ ਉਨ੍ਹਾਂ ਦੇ ਏਥੇ ਭਾਈ ਹਨ, ਤੇ ਭੈਣੀ ਸਾਹਿਬ ਏਥੋਂ ਨੇੜੇ ਹੈ।

ਉਹ ਦਰਸ਼ਨ ਮੇਲੇ ਕਰਨ ਵਾਸਤੇ ਭੈਣੀ ਸਾਹਿਬ ਗਏ। ਉਹ ਉਥੋਂ ਨਾਮਧਾਰੀ ਬਣ ਕੇ ਆਏ। ਉਸ ਵੇਲੇ ਨਾਮਧਾਰੀ ਲਹਿਰ ਜ਼ੋਰਾਂ ਤੇ ਸੀ । ਨਾਮਧਾਰੀ, ਨਾਮਧਾਰੀ ਨੂੰ ਮਿਲ ਕੇ ਬਹੁਤ ਖ਼ੁਸ਼ ਹੁੰਦਾ ਸੀ। ਸਾਡੇ ਨਾਨਾ ਬਾਬਾ ਜਵਾਹਰ ਸਿੰਘ ਜੀ, ਉਹਨਾਂ ਸਾਡੀ ਨਾਨੀ ਨੂੰ ਆਖਿਆ ਕਿ ਸਿਖ ਤਾਂ ਲੱਭਦੇ ਨਹੀਂ, ਸੁਭਾਵਕ ਹੀ ਅੱਜ ਇਕ ਜਣਾ ਆਇਐ, ਮੇਰੇ ਕੋਲ ਤੇ ਸੱਤ ਲੜਕੀਆਂ, ਇਹਦਾ ਅਨੰਦ ਕਾਰਜ ਅਸੀਂ ਇਹਦੇ ਨਾਲ ਕਰ ਦੇਈਏ। ਮੇਰੇ ਪਿਤਾ ਨੂੰ ਉਨ੍ਹਾਂ ਵਿਆਹ ਕਰਵਾਣ ਲਈ ਆਖਿਆ। ਪਿਤਾ ਜੀ ਨੇ ਆਖਿਆ: ਮੈਂ ਤਾਂ ਅੱਗੇ ਹੀ ਘਰ ਪਰਵਾਰ ਛੱਡ ਕੇ ਆਇਆਂ, ਮੈਂ ਤਾਂ ਸਾਧ ਸੰਗਤ ਨਾਲ ਹੀ ਚੱਲਾਂ, ਫਿਰਾਂਗਾ। ਮੇਰਾ ਵਿਹਾਰ ਕਿਵੇਂ ਚੱਲੇਗਾ। ਮੇਰੇ ਨਾਨਾ ਜੀ ਨੇ ਕਿਹਾ ਕਿ ਚਲੋ ਸਲਾਹ ਕਰ ਲੈਂਦੇ ਹਾਂ। ਪੁਰਾਣੇ ਰੀਤੀ ਰਿਵਾਜ ਸਨ। ਨਾਨਾ ਜੀ ਨੇ ਕਿਹਾ ਕਿ ਉਹ ਤਾਂ ਸੰਕਲਪ ਕਰ ਬੈਠੇ ਹਨ ਲੜਕੀ ਗੁਰਮੁਖ ਸਿੰਘ ਨਾਲ ਵਿਆਹੁਣ ਦਾ। ਪਿਤਾ ਜੀ ਨੇ ਫਿਰ ਕਿਹਾ: ਮੈਂ ਸਾਧ ਸੰਗਤ ਦੀ ਸੇਵਾ ਕਰਨੀ ਹੈ। ਮੈਂ ਇਸ ਪਾਸੇ ਸਭ ਕੁਝ ਲਾ ਬੈਠਾਂ, ਕਬੀਲਦਾਰੀ ਵਿਚ ਖ਼ਰਚੇ ਦੀ ਜ਼ਰੂਰਤ ਹੁੰਦੀ ਹੈ। ਅੰਤ ਨੂੰ ਗੁਰੂ ਹਰੀ ਸਿੰਘ ਜੀ ਤਕ ਇਹ ਗੱਲ ਗਈ। ਨਾਨਾ ਜੀ ਨੇ ਆਪਣੇ ਕੀਤੇ ਹੋਏ ਸੰਕਲਪ ਬਾਰੇ ਦੱਸਿਆ।

ਗੁਰੂ ਹਰੀ ਸਿੰਘ ਜੀ ਨੇ ਆਖਿਆ ਕਿ ਇਹ (ਮੇਰਾ ਪਿਤਾ) ਤਾਂ ਪਹਿਲਾਂ ਵੀ ਵਿਆਹਿਆ ਹੋਇਆ ਹੈ, ਸਾਨੂੰ ਟੋਹ ਲੈਣ ਦਿਓ, ਫਿਰ ਵਿਚਾਰ ਕਰਾਂਗੇ। ਸਤਿਗੁਰੂ ਜੀ ਨੇ ਪਹਿਲੇ ਸੰਬੰਧੀਆਂ ਵਲ ਸਿੱਖ ਘੱਲੇ। ਉਹਨਾਂ ਵਲੋਂ ਖ਼ੁਸ਼ਕ ਜਵਾਬ ਆਉਣ ਤੇ ਫਿਰ ਸਤਿਗੁਰੂ ਜੀ ਨੇ ਮੇਰੇ ਪਿਤਾ ਦਾ ਅਨੰਦ ਕਾਰਜ ਕਰ ਹੀ ਦਿਤਾ। ਇਸ ਸਾਡੀ ਮਾਤਾ ਦਾ ਨਾਮ ਲਛਮੀ ਬਾਈ ਸੀ। ਇਹਨਾਂ ਦੇ ਸਨ ਚਾਰ ਸਪੁੱਤਰ: ਸਾਡੇ ਵੱਡੇ ਭਾਈ ਨਰਾਇਣ ਸਿੰਘ ਜੀ (ਸਵਰਗਵਾਸੀ), ਇਹਨਾਂ ਦੇ ਲੜਕੇ ਹਨ ਦਿੱਲੀ ਵਿਚ ਸੰਤ ਰਤਨ ਸਿੰਘ ਜੀ ਜੋ ਕਿ ਮੰਡੀ (ਹਿਮਾਚਲ) ਜ਼ਿਲੇ ਦੇ ਸੁਕੇਤ ਨਾਮੀ ਥਾਂ ਤੇ ਰਹਿੰਦੇ ਅਤੇ ਸਤਿਗੁਰੂ ਜੀ ਦੇ ਲਾਂਗਰੀ ਦੇ ਤੌਰ ਤੇ ਵੀ ਕੁਝ ਸਮਾ ਸੇਵਾ ਕਰਦੇ ਰਹੇ। ਵਿਹਾਰ ਆਪਣਾ ਕਰਕੇ ਸੁਕੇਤ ਹੀ ਸੇਵਾ ਕਰਦੇ ਸਨ ਗੁਰੂ ਘਰ

ਦੀ। ਉਹਨਾਂ ਤੋਂ ਛੋਟੇ ਸਨ ਸ. ਕਰਤਾਰ ਸਿੰਘ ਮਿੰਟਗੁਮਰੀ ਟ੍ਰਾਂਸਪੋਰਟ ਵਾਲੇ। ਇਹਨਾਂ ਤੋਂ ਛੋਟਾ ਮੈਂ ਹਾਂ।

ਚਾਰ ਸਾਡੀਆਂ ਭੈਣਾਂ ਸਨ। ਦੋ ਹਵੇਲੀ ਲੱਖਾ ਜ਼ਿਲਾ ਮਿੰਟਗੁਮਰੀ ਵਿਚ ਵੱਡੀ ਬੁੱਧਾਂ ਸ. ਟੇਕ ਸਿੰਘ ਹਵੇਲੀ ਲੱਖਾ (ਸ. ਭਗਤ ਸਿੰਘ ਮਹਿੰਦਰ ਸਿੰਘ ਸਰਨਾ ਦੇ ਪਿਤਾ) ਬੇਬੇ ਹਰ ਕੋਰ ਕੋਟ ਹੀਰਾ ਸਿੰਘ ਵਿਆਹੇ ਸਨ। ਪ੍ਰੇਮ ਕੌਰ, ਹਵੇਲੀ ਟੇਕ ਸਿੰਘ ਹੁਰਾਂ ਦੇ ਛੋਟੇ ਭਰਾ ਸ. ਲਛਮਣ ਸਿੰਘ ਹੁਰਾਂ ਨਾਲ ਵਿਆਹੀ ਸੀ ਜਿਨ੍ਹਾਂ ਦੇ ਐਸ ਵੇਲੇ ਲੜਕੇ ਸ. ਕਰਮ ਸਿੰਘ ਪਟਵਾਰੀ, ਸ. ਓਅੰਕਾਰ ਸਿੰਘ ਦਿੱਲੀ ਆਦਿ ਹਨ। ਇਨ੍ਹਾਂ ਤੋਂ ਛੋਟੀ ਸੀ ਬੀਬੀ ਕਾਹਨੋਂ ਬਾਈ। ਇਸਨੂੰ ਨਾਮਧਾਰੀ ਪੰਥ ਵਿਚ ਬਹੁਤ ਲੋਕ ਜਾਣਦੇ ਹਨ।

## ਸੰਤ ਸੁੰਦਰ ਸਿੰਘ ਜੀ ਫਰੀਦ

## ਸੰਤ ਨਗਰ

ਬਾਬਾ ਫ਼ਰੀਦ ਦੇ ਨਾਂ ਨਾਲ ਨਾਮਧਾਰੀਆਂ ਵਿਚ ਪ੍ਰਸਿੱਧ ਇਸ ਵਿਅਕਤੀ ਨੂੰ ਮੈਂ 27 ਸਤੰਬਰ, 1979 ਨੂੰ, ਉਹਨਾਂ ਦੇ ਡੇਰੇ ਸੰਤ ਨਗਰ ਵਿਚ ਜਾ ਕੇ ਮਿਲਿਆ। ਕੱਚੇ ਕੋਠਿਆਂ ਤੇ ਬਣੇ ਕੱਚੇ ਚੁਬਾਰੇ ਵਿਚ ਉਹ ਸੰਖੇਪ ਜਿਹੇ ਸਾਮਾਨ ਵਿਚ ਬੈਠੇ ਸਨ। ਫਰੀਦ ਜੀ ਨੂੰ ਮੈਂ ਆਪਣੇ ਬਚਪਨ ਤੋਂ ਜਾਣਦਾ ਹਾਂ। ਉਹ ਸੰਤ ਆਲਾ ਸਿੰਘ ਜੀ ਦੇ ਜਥੇ ਨਾਲ ਭੈਣੀ ਸਾਹਿਬ ਆਉਂਦੇ। ਕਥਾ ਵਾਰਤਾ ਤੇ ਪਾਠ ਆਦਿ ਦਸਮ ਦੇ ਕਰਨ ਵਿਚ ਉਹਨਾਂ ਦੀ ਦਿਲਚਸਪੀ ਸੀ। ਫਿਰ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੀਵਾਨਾਂ ਵਿਚ ਆਪ ਪੁਸਤਕ ਪਾਠ ਕਰਦੇ, ਸਤਿਗੁਰੂ ਜੀ ਉਸ ਦੀ ਵਿਆਖਿਆ ਕਰਦੇ। ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਨੇਹ ਵੀ ਉਹਨਾਂ ਨੂੰ ਪ੍ਰਾਪਤ ਹੋਇਆ। ਅੱਜ ਉਹ 85 ਸਾਲ ਉਮਰ ਦੇ ਹਨ। ਸੰਤ ਨਗਰ ਵਿਚ ਉਹਨਾਂ ਦਾ ਡੇਰਾ ਸਾਧੂਆਂ ਦੇ ਡੇਰੇ ਦੇ ਤੌਰ ਤੇ ਜਾਣਿਆ ਜਾਂਦਾ ਹੈ ਜਿਥੇ ਦੁਪਹਿਰੇ ਨਿਤਨੇਮ ਤੇ ਕਥਾ ਨਿਰੰਤਰ ਹੁੰਦੀ ਹੈ। ਸ਼ਰਧਾਲੂ ਜਾ ਕੇ ਉਸ ਤੋਂ ਲਾਭ ਉਠਾਉਂਦੇ ਹਨ।

ਮੈਂ ਉਹਨਾਂ ਨੂੰ ਮਿਲ ਕੇ ਕੁਝ ਸਵਾਲ ਕੀਤੇ। ਉਹਨਾਂ ਦੇ ਜਵਾਬਾਂ ਦਾ ਸਿਲਸਿਲਾ ਇਸ ਪ੍ਰਕਾਰ ਹੈਃ

**ਜਨਮ ਤੇ ਜਨਮ ਨਗਰਃ**

ਮੇਰੇ ਪਿਤਾ ਦਾ ਨਾਂ ਲਾਲ ਸਿੰਘ ਅਤੇ ਮਾਤਾ ਦਾ ਨਾ ਜਮਨਾ ਦੇਈ ਸੀ। ਰਹਿਣ ਦਾ ਨਗਰ ਮੱਕੀ ਜ਼ਿਲਾ ਸ਼ੇਖ਼ੂਪੁਰਾ ਹੈ।

ਮੈਂ ਛੋਟਾ ਹੁੰਦਾ ਸਿਆਮ ਗਿਆ ਸੀ। ਬੈਂਕੌਂਕ ਵਿਚ। ਉਸ ਵੇਲੇ ਮੇਰੀ ਉਮਰ ਅਠਾਰਾਂ ਸਾਲ ਸੀ। ਉਥੇ ਮੈਂ ਪੰਜ ਸਾਲ ਰਿਹਾ। ਇਹਨਾਂ ਸਾਲਾਂ ਵਿਚ ਸੰਤ ਧਿਆਨ ਸਿੰਘ ਜੀ ਵਰਨਾ ਵਾਲੇ ਉਥੇ ਗਏ ਸਨ। ਇਹ ਸੁਨਿਆਰੇ ਸਿਖ ਸਨ। ਮਾਤਾ ਜੀਵਣ ਕੌਰ ਜੀ ਇਹਨਾਂ ਨੂੰ ਭਾਈ ਗੁਰਦਾਸ ਦਾ ਅਵਤਾਰ ਸਮਝਦੇ ਹੁੰਦੇ ਸਨ। ਮੇਰੇ ਦੋ ਸਾਲ ਰਹਿਣ ਪਿੱਛੋਂ ਸੰਤ ਧਿਆਨ ਸਿੰਘ ਜੀ ਬੈਂਕੋਕ ਗਏ। ਤਿੰਨ ਸਾਲ ਮੈਂ ਉਹਨਾਂ ਦੇ ਨਾਲ ਰਿਹਾ ਹਾਂ। ਉਹਨਾਂ ਤੋਂ ਭਜਨ ਪੁਛਿਆ ਸੀ ਮੈਂ। ਉਹ ਕਥਾ ਏਡੀ ਸੁਹਣੀ ਕਰਦੇ ਸਨ, ਪਾਠ ਏਡਾ ਸੁਹਣਾ ਕਰਦੇ ਸਨ ਕਿ ਦੂਰ ਦੂਰ ਤੱਕ ਸੁਣਿਆ ਜਾਂਦਾ ਸੀ। ਅਵਾਜ਼ਾ ਇੰਨਾ ਸੁਹਣਾ ਸੀ ਕਿ ਲੋਕ ਕੋਲ ਬੈਠਿਆਂ ਸੁਣ ਕੇ ਪ੍ਰਸੰਨ ਹੁੰਦੇ। ਸਿਆਮੀ ਲੋਕ ਜਿਨ੍ਹਾਂ ਨੂੰ ਸਾਡੀ ਬੋਲੀ ਦੀ ਸਮਝ ਨਹੀਂ, ਉਹ ਵੀ ਜਦੋਂ ਸੰਤ ਕਥਾ ਕਰਦੇ, ਗਲੀਆਂ ਵਿਚ ਖਲੋ ਕੇ ਉਹਨਾਂ ਦੀ ਆਵਾਜ਼ ਸੁਣਦੇ। ਓਥੇ ਜਾ ਕੇ ਉਹਨਾਂ ਨੇ ਜਿੰਨੇ ਸਰੀਰ ਪੰਜਾਬੀ ਗਏ ਹੋਏ ਸਨ, ਨਾਮਧਾਰੀਏ ਵੀ

ਜਿਹੜੇ ਸਨ, ਸਾਰੇ ਹੀ ਖਾਂਦੇ ਪੀਂਦੇ ਸਨ ਕਿਸੇ ਕਿਸੇ ਦਾ ਹੀ ਪ੍ਰਹੇਜ਼ ਸੀ। ਸੰਤਾਂ ਨੇ ਜਾ ਕੇ ਉਥੇ ਸਿੱਧੀਆਂ ਦਸਤਾਰਾਂ ਕਰਵਾਈਆਂ, ਸੰਤਾਂ ਨੇ ਉਥੇ ਦੀਵਾਨ ਲਾਣੇ, ਕਥਾ ਸੁਣਾਉਣੀ, ਉਥੋਂ ਫਿਰ ਨਾਮਧਾਰੀਆਂ ਦਾ ਕੰਮ ਜ਼ਿਆਦਾ ਵਧਿਆ ਸੀ। ਮੇਰੇ ਭਾਈ ਇਕਬਾਲ ਸਿੰਘ ਨੇ ਦੱਸਿਆ ਸੀ ਕਿ ਉਸ ਵੇਲੇ ਸੰਨ ਈ: 1909 ਸੀ ਜਦੋਂ ਮੈਂ ਬੈਂਕਾਕ ਪਹੁੰਚਾ ਸੀ।

**ਭਜਨ ਪੁੱਛਣਾ:**

ਮੈਂ ਇਕ ਵਾਰ ਸੰਤਾਂ ਅਗੇ ਪ੍ਰਸ਼ਨ ਕੀਤਾ ਕਿ ਜਦੋਂ ਤੁਸੀਂ ਦੀਵਾਨ ਲਾਉਂਦੇ ਓ, ਮਸਤਾਨੇ ਕਿਵੇਂ ਹੋ ਜਾਂਦੇ ਓ? ਉਹ ਆਂਹਦੇ ਨੇ ਤੈਨੂੰ ਦਸਨੇ ਆਂ, ਨੇੜੇ ਕਰਕੇ, ਮੈਨੂੰ ਕੰਨ ਵਿਚ ਭਜਨ ਦੱਸਿਆ। ਆਖਣ ਲੱਗੇ: ਇਹ ਚੀਜ਼ ਏ, ਜੇ ਤੂੰ ਜਪਣ ਲੱਗੇਂਗਾ ਤਾਂ ਤੈਨੂੰ ਪਤਾ ਲਗ ਜਾਵੇਗਾ ਕਿ ਕਿਸ ਤਰ੍ਹਾਂ ਮਸਤਾਨੇ ਹੁੰਦੇ ਨੇ ਨਾਮਧਾਰੀ। ਮੈਂ ਫਿਰ ਉਧਰ ਲਗ ਪਿਆ। ਫਿਰ ਉਹ ਵੀ ਬਚਨ ਪੂਰਾ ਹੋ ਗਿਆ, ਮੇਰੀ ਹਾਲਤ ਮਸਤਾਨਿਆਂ ਵਾਲੀ ਹੋ ਜਾਇਆ ਕਰੇ, ਜਦੋਂ ਉਹ ਕੀਰਤਨ ਕਰਨ, ਸਾਧ ਸੰਗਤ ਕੀਰਤਨ ਕਰਿਆ ਕਰੇ।

ਤਿੰਨ ਸਾਲ ਮੈਂ ਉਹਨਾਂ ਦੀ ਸੰਗਤ ਉਥੇ ਕੀਤੀ। ਉਸ ਤੋਂ ਬਾਅਦ ਫਿਰ ਏਥੇ (ਭਾਰਤ) ਆ ਗਏ। ਹਾਲਾਂਕਿ ਸੰਤ ਧਿਆਨ ਸਿੰਘ ਜੀ ਬੜਾ ਪਿਆਰ ਕਰਿਆ ਕਰਦੇ ਸਨ, ਮੈਂ ਓਥੋਂ ਆ ਕੇ ਰਾਜ਼ੀ ਨਹੀਂ ਸਾਂ, ਸਾਰੇ ਸੰਬੰਧੀ ਤੁਰ ਆਏ ਸਨ। ਮੇਰੇ ਚਾਚਾ ਈਸ਼ਰ ਸਿੰਘ ਜੀ, ਜਿਨ੍ਹਾਂ ਦੇ ਪੁੱਤਰ ਸਿਆਮ ਵਿਚ ਨੇ, ਇਕਬਾਲ ਸਿੰਘ ਕਿਰਪਾਲ ਸਿੰਘ, ਉਹ ਆਉਣ ਲਗੇ ਤਾਂ ਮੇਰਾ ਜੀ ਨਾ ਕਰੇ ਆਉਣ ਨੂੰ, ਮੈਂ ਕਿਤੇ ਛੁਪ ਰਿਹਾ। ਬਹਿਰੀ ਜਹਾਜ਼ ਹੀ ਉਦੋਂ ਆਉਂਦੇ ਸਨ, ਮੈਂ ਕਿਹਾ ਤੁਰ ਜਾਏਂਗਾ ਤਾਂ ਫਿਰ ਕਿਸ ਨੇ ਆਉਣਾ ਏਂ, ਸੰਤਾਂ ਨਾਲ ਏਨਾ ਪਿਆਰ ਸੀ। ਪਰ ਮੇਰੇ ਚਾਚਾ ਜੀ ਨੇ ਮੈਨੂੰ ਲੱਭ ਲਿਆ ਤੇ ਨਾਲ ਲੈ ਆਏ। ਦੇਸ ਆਪਣੇ ਪਿੰਡ ਮੱਕੀ ਆ ਗਿਆ ਤਾਂ ਸੰਤ ਵੱਡੇ ਸੰਤ ਆਲਾ ਸਿੰਘ ਜੀ, ਸੰਤ ਲਾਭ ਸਿੰਘ, ਸੰਤ ਉਤਮ ਸਿੰਘ ਗੁਰਪੀਰ, ਸੰਤ ਹਾਕਮ ਸਿੰਘ ਏਹ ਸਾਰੇ ਧਿਆਨ ਸਿੰਘ ਜੀ ਦੇ ਉਪਾਸ਼ਕ ਸਨ, ਇਹਨਾਂ ਨੂੰ ਪਤਾ ਲਗਾ ਕਿ ਮੁੰਡਾ ਉਹਨਾਂ ਦੇ ਪਾਸੋਂ ਆਇਆ ਹੈ ਤਾਂ ਇਹ ਮੈਨੂੰ ਮਿਲਣ ਆਏ। ਮੈਂ ਸੰਤ ਆਲਾ ਸਿੰਘ ਹੁਰਾਂ ਨੂੰ ਸੰਤ ਧਿਆਨ ਸਿੰਘ ਜੀ ਦੇ ਬਚਨ ਦੱਸਣੇ, ਇਹ ਵੀ ਮੈਨੂੰ ਕਈ ਵਾਰ ਮਿਲਣ ਆਏ। ਏਸ ਗੱਲੋਂ ਮੇਰਾ ਇਹਨਾਂ ਨਾਲ ਪਿਆਰ ਹੋ ਗਿਆ। ਦੂਜੇ ਦਿਨ ਦਸਵੇਂ ਦਿਨ ਜ਼ਰੂਰ ਮੇਲ ਹੋ ਜਾਣਾ। ਮੇਰਾ ਸੰਤਾਂ (ਆਲਾ ਸਿੰਘ) ਨਾਲ ਏਨਾ ਪਿਆਰ ਹੋ ਗਿਆ ਕਿ ਇਹਨਾਂ ਜਦੋਂ ਵੀ ਮਿਲਣਾ ਮੈਂ ਚਰਨਾਂ ਤੇ ਡਿਗ ਕੇ ਰੋਈ ਜਾਣਾ। ਸੰਤਾਂ ਤੇ ਨਾਲ ਦੇ ਸਾਧਾਂ ਨੇ ਆਖਣਾ: ਸੰਤ ਜੀ, ਇਹ ਤਾਂ ਰੋਂਦਾ ਏ, ਵੈਰਾਗੀ ਹੋ ਜਾਂਦਾ ਏ ਜਦੋਂ ਮਿਲਦਾ ਏ ਇਹਨੂੰ ਨਾਲ ਲੈ ਚੱਲੀਏ, ਸੰਤਾਂ ਆਖਣਾ:

ਹੈ ਤਾਂ ਗੱਲ ਏਸੇ ਤਰ੍ਹਾਂ ਈ। ਪਰ ਕੁਝ ਚਿਰ ਇਹਦਾ ਅੰਨਜਲ ਏਥੇ ਦਾ ਈ ਏ, ਫਿਰ ਇਸ ਨੇ ਸਾਡੇ ਨਾਲ ਹੀ ਰਹਿਣਾ ਏ।

**ਸੰਤ ਆਲਾ ਸਿੰਘ ਨਾਲਃ**

ਫਿਰ ਸੰਤਾਂ ਨਾਲ ਰਹਿਣ ਦਾ ਸੰਬੰਧ ਬਣ ਗਿਆ ਉਦੋਂ 1976 (ਬਿ: ਵਿਚ) ਤੇ ਵੈਸਾਖ ਦਾ ਮਹੀਨਾ ਸੀ ਜਦੋਂ ਮੈਂ ਸੰਤਾਂ ਪਾਸ ਆ ਗਿਆ। ਵਰਨਾਂ ਵਿਚ ਸੰਤਾਂ ਨੇ ਹੋਲਾ ਕੀਤਾ ਸੀ, ਘਰ ਬਾਰ ਛੱਡ ਕੇ ਉਦੋਂ ਆਇਆ ਸਾਂ (ਭਾਵ 1976 ਬਿ: ਵਿਚ) 1919 ਈ.

ਸਤਿਗੁਰਾਂ ਨਾਲ ਮਿਲਾਪ ਇਹਨਾਂ ਦੀ ਕਿਰਪਾ ਨਾਲ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਿਰ ਏਨਾ ਪਿਆਰ ਕੀਤਾ ਕਿ ਜਿਸ ਮੇਲੇ ਮੈਂ ਨਾ ਜਾਣਾ, ਸੰਤਾਂ ਆਖਣਾ: ਤੁਸੀਂ ਕਿਉਂ ਨਹੀਂ ਨਾਲ ਲਿਆਏ। ਸਤਿਗੁਰਾਂ ਜ਼ਰੂਰ ਆਖਣਾ ਉਹਨੂੰ ਨਾਲ ਲਿਆਇਆ ਕਰੋ। ਇਸ ਤੋਂ ਸਤਿਗੁਰਾਂ ਨਾਲ ਪਿਆਰ ਹੋ ਗਿਆ।

ਮੇਰੀ ਪੜ੍ਹਾਈ ਬਿਲਕੁਲ ਥੋੜ੍ਹੀ ਸੀ ਜਦੋਂ ਮੈਂ ਸੰਤਾਂ ਪਾਸ ਆਇਆ। ਮੈਂ ਅਜੇ ਗ੍ਰੰਥ ਸਾਹਿਬ ਦਾ ਪਾਠ ਨਹੀਂ ਸੀ ਕੀਤਾ ਹੋਇਆ। ਸੰਤਾਂ ਆਲਾ ਸਿੰਘ ਹੁਰਾਂ ਸਰਸੇ ਪਾਠ ਕੀਤਾ। ਉਥੇ ਹੋਰ ਵੀ ਸਾਧ ਸਨ। ਪਰ ਪਾਠੀ ਨਾ ਮਿਲਣ ਕਰਕੇ, ਇਕ ਪਾਠੀ ਦੀ ਥੁੜ ਸੀ। ਸੰਤਾਂ ਮੈਨੂੰ ਪੁੱਛਿਆ: ਤੂੰ ਕਿੰਨਾ ਕੁ ਪੜ੍ਹਿਆ ਹੋਇਆ ਏਂ? ਅਖੰਡ ਪਾਠ ਵਿਚ ਲਗ ਸਕਦੈ?" ਮੈਂ ਆਖਿਆ: ਗਰੀਬ ਨਿਵਾਜ, ਮੈਂ ਤਾਂ ਹਾਲੀ ਇਕ ਪਾਠ ਵੀ ਨਹੀਂ ਕੀਤਾ ਹੋਇਆ। ਥੋੜ੍ਹਾ ਥੋੜ੍ਹਾ ਪੜ੍ਹਿਆ ਹੋਇਆ ਜ਼ਰੂਰ ਹਾਂ ਪੰਜ ਗਰੰਥੀ, ਦਸ ਗਰੰਥੀ। ਆਖਣ ਲੱਗੇ: ਇਹਦਾ ਪਾਠ ਸੁਣੋ। ਸਾਧਾਂ ਪਾਠ ਸੁਣਿਆ ਤਾਂ ਆਖਣ ਲੱਗੇ: ਪਾਠ ਏਹਦਾ ਚੰਗਾ ਏ, ਇਹਨੂੰ ਲਾ ਲਈਏ। ਸੰਤਾਂ ਮੈਨੂੰ ਪਾਠ ਤੇ ਲਾ ਲਿਆ। ਸਾਧ ਸੰਗਤ ਨੂੰ ਪਾਠ ਸੁਣਕੇ ਖ਼ੁਸ਼ੀ ਹੋਈ। ਸਤਿਗੁਰਾਂ ਕਿਰਪਾ ਕਰਨੀ ਹੁੰਦੀ ਏ ਨਾ। ਸਤਿਗੁਰੂ ਜੀ ਹਰ ਸਾਲ ਪਰਯੋਗ ਕੀਤਾ ਕਰਦੇ ਸਨ। ਸਾਉਣ ਵਿਚ ਸ਼ੁਰੂ ਕਰਦੇ ਸਨ ਤੇ ਭਾਦਰੋਂ ਦੀ ਮੱਸਿਆ ਤੋਂ ਪਹਿਲਾਂ ਭੋਗ ਪਾ ਲੈਂਦੇ ਸਨ। ਤਰਨ ਤਾਰਨ ਦੀ ਮੱਸਿਆ ਜ਼ਰੂਰ ਜਾਂਦੇ ਸਨ।

**ਸਤਿਗੁਰੂ ਪ੍ਰਤਾਪ ਸਿੰਘ ਜੀ:**

ਜਦੋਂ ਸਤਿਗੁਰਾਂ ਪਾਸ ਪਰਯੋਗ ਦੇ ਮੇਲੇ ਸਮੇਂ ਨਹਿਰ ਸਰਹੰਦ ਤੇ ਗਏ ਤਾਂ (1980 ਬਿ:) ਸਤਿਗੁਰਾਂ ਨੇ ਇਕ ਪਾਠੀ ਦੀ ਮੰਗ ਕੀਤੀ। ਸੰਤਾਂ ਕਿਹਾ: ਸਾਡੇ ਪਾਸ ਤਾਂ ਇਹੋ ਪਾਠੀ ਹੈ ਜੀ। ਸਤਿਗੁਰੂ ਜੀ ਨੇ ਮੈਨੂੰ ਕਿਹਾ: ਦੂਜੇ ਪਾਠੀ ਪੰਜਾਹ ਪੱਤਰੇ ਪੜ੍ਹ ਆਇਆ ਕਰਨਗੇ ਤੂੰ ਪੰਝੀ ਹੀ ਪੜ੍ਹ ਆਇਆ ਕਰੀਂ, ਸਾਨੂੰ ਬੜੇ ਨੇ। ਮੈਂ ਅਜੇ ਸਾਧਾਰਨ ਪਾਠ ਨਹੀਂ ਸੀ ਕੀਤਾ ਪਰ ਮੈਂ ਜਾ ਕੇ ਇਸ਼ਨਾਨ ਕਰਕੇ ਰੌਲ ਲਾਈ ਤਾਂ 40 ਪੱਤਰੇ ਪੜ੍ਹੇ। ਮੇਰਾ ਇਹ ਸੁਭਾਅ ਸੀ ਜਦੋਂ ਉਠਣਾ ਜਾਂ ਪਾਠ ਕਰਨ

ਬੈਠਣਾ ਪਹਿਲਾਂ ਸਤਿਗੁਰੂ ਜੀ ਦੇ ਜਾ ਕੇ ਦਰਸ਼ਨ ਕਰਨੇ। ਜਦੋਂ ਮੈਂ ਉੱਠ ਕੇ ਪਾਠ ਤੋਂ ਦਰਸ਼ਨ ਕਰਨ ਗਿਆ ਤਾਂ ਅਗੋਂ ਸਤਿਗੁਰੂ ਜੀ, ਸੰਤ ਵੱਡੇ (ਆਲਾ ਸਿੰਘ ਜੀ), ਸੰਤ ਬਹਾਦਰ ਸਿੰਘ ਜੀ, ਭਾਈ ਵਜ਼ੀਰ ਸਿੰਘ ਜੀ ਨਹਿਰ ਦੇ ਕੰਢੇ ਕੰਢੇ ਤੁਰੇ ਆਉਂਦੇ ਸਨ। ਮੈਂ ਜਾ ਕੇ ਚਰਨਾਂ 'ਤੇ ਮੱਥਾ ਟੇਕਿਆ। ਸਤਿਗੁਰਾਂ ਪੁਛਿਆਃ ਕਿੰਨੇ ਪੱਤਰੇ ਪੜ੍ਹੇ ਨੇ ? ਮੈਂ ਕਿਹਾਃ ਚਾਲੀ ਜੀ। ਮੈਨੂੰ ਥਾਪੜਾ ਦੇ ਕੇ ਕਹਿਣ ਲੱਗੇਃ ਹੁਣ ਸਾਡਾ ਪਾਠੀ ਬਣ ਗਿਆ ਏਂ, ਚਿੰਤਾ ਦੀ ਲੋੜ ਨਹੀਂ। ਮੇਰਾ ਪਾਠੀ ਪੁਣਾ ਤੇ ਕਥਾ ਵਾਰਤਾ ਇਹ ਸਭ ਕੁਝ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰ ਨਾਲ ਹੋਇਆ ਹੋਇਆ ਹੈ।

ਮੈਨੂੰ ਇਹਨਾਂ ਗ੍ਰੰਥਾਂ ਦਾ ਪਤਾ ਵੀ ਨਹੀਂ ਸੀ, ਜੋ ਪੜ੍ਹਦਾ ਹਾਂ। ਸੰਤਾਂ ਪਾਸ ਕਥਾ ਕਰਨੀ, ਭਾਵਰਸਿੰਮ੍ਰਤ, ਜੈਮਨੀਅਸਮੇਧ ਆਦਿ ਗ੍ਰੰਥ ਜਿਹੜੇ ਮੇਰੇ ਪਿਉ ਦਾਦੇ ਵੀ ਨਹੀਂ ਸਨ ਪੜ੍ਹੇ ਹੋਏ।

ਸਤਿਗੁਰੂਆਂ ਦੀ ਸਤਿਗੁਰਾਂ ਨਾਲ ਤੁਲਨਾ ਨਹੀਂ ਹੋ ਸਕਦੀ। ਇਹ ਪ੍ਰੀਖਿਆ ਕੌਣ ਕਰੇ, ਪਰ ਮੇਰੇ ਮਨ ਵਿਚ ਜੋ ਹੈ ਸੋ ਇਹ ਹੈ ਕਿ ਮੈਨੂੰ ਉਹ ਪਿਛਲਿਆਂ ਨਾਲੋਂ ਬਹੁਤੇ ਹੀ ਚੰਗੇ ਲਗਦੇ ਸਨ। (ਸਿੱਖ ਗੁਰੂਆਂ ਦਾ ਇਤਿਹਾਸ ਤਾਂ ਮੈਂ ਕਈ ਵਾਰ ਵਾਚਿਆ ਹੈ) ਮੇਰੇ ਵਰਤਾਉ ਵਿਚ, ਪਿਛਲਿਆਂ ਨਾਲ ਮੇਰਾ ਵਰਤਾਉ ਤਾਂ ਨਹੀਂ ਸੀ ਨਾ, ਵਰਤਾਉ ਤਾਂ ਇਹਨਾਂ ਨਾਲ ਰਿਹੈ ਨਾ। ਏਨੀ ਉਹਨਾਂ ਬਖਸ਼ਸ਼ ਕੀਤੀ ਏ, ਏਨੀ ਕਿਰਪਾ ਕੀਤੀ ਏ ਕਿ ਪਿਛਲਿਆਂ ਸਾਰਿਆਂ ਨਾਲੋਂ ਬਹੁਤਾ ਉਹਨਾਂ ਨੂੰ ਜਾਣਦਾ ਹਾਂ, ਏਨੀ ਪ੍ਰਤੀਤ ਦਿਤੀ ਏ।

ਸਤਿਗੁਰੂ ਜੀ ਜਦੋਂ ਮਿਲਦੇ ਪਿਆਰ ਕਰਦੇ ਤੇ ਅਜਿਹੀਆਂ ਅੰਦਰਲੀਆਂ ਗੱਲਾਂ ਕਰਨੀਆਂ ਜੋ ਕਿਸੇ ਨਾਲ ਨਾ ਕਰਨੀਆਂ ਹੋਣ। ਗੁਪਤ ਬਚਨ ਵੀ ਕਰਨੇ ਪ੍ਰਗਟ ਵੀ ਕਰਨੇ। ਏਨੀ ਕਿਰਪਾ ਏਨੀ ਬਖਸ਼ਸ਼ ਉਹ ਕਰਦੇ ਕਿ ਮੈਨੂੰ ਉਹ ਸਭਨਾਂ ਨਾਲੋਂ ਵੱਡੇ ਤੇ ਪਿਆਰੇ ਲਗਦੇ ਸਨ।

**ਸਤਿਗੁਰੂ ਜਗਜੀਤ ਸਿੰਘ ਜੀਃ**

ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਰਗਾ ਸਮਝਦਾ ਹਾਂ, ਓਨਾ ਪਿਆਰ ਤੇ ਓਨਾ ਹੀ ਸਤਿਕਾਰ ਦਿੰਦੇ ਹਨ। ਤੇ ਏਥੋਂ ਤਕ ਕਿ ਮੇਰੇ ਭੁਲੇਖੇ ਕਢਣ ਵਾਸਤੇ ਕਈ ਬਚਨ ਕਰਦੇ ਹਨ।

ਕੋਈ ਮਾਈ ਬੀਬੀ ਆਂਹਦੀ ਏ ਸ਼ਬਦ ਲਿਖ ਦਿਓ, ਕਿਸੇ ਕਾਰਜ ਲਈ। ਮੈਂ ਇਕ ਦਿਨ ਇਕ ਸ਼ਬਦ ਲਿਖ ਕੇ ਦੇਣ ਲੱਗਾ। ਉਤੇ ਮੈਂ ਲਿਖਿਆਃ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ। ਏਨੇ ਅਖਰ ਲਿਖੇ। ਮੁੜਕੇ ਪੜ੍ਹੇ ਤਾਂ ਲਿਖਿਆ ਹੋਇਆ ਸੀਃ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਇਸ ਤਰ੍ਹਾਂ ਕਈ ਵਾਰ ਮੇਰੇ

ਨਾਲ ਵਰਤਿਐ। ਮੈਂ ਸਮਝਦਾ ਹਾਂ ਉਹਨਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੇ ਥਾਂ ਇਹਨਾਂ ਹੀ ਕਿਰਪਾ ਕੀਤੀ ਹੈ। ਸੰਤ ਆਲਾ ਸਿੰਘ ਜੀ ਦੇ ਥਾਂ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਥਾਂ ਵੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਸ਼ ਤੇ ਸਨੇਹ ਦਾ ਜ਼ਿਕਰ ਕਰਦਿਆਂ ਸੰਤ ਫਰੀਦ ਜੀ ਦਾ ਗੱਚ ਭਰ ਆਇਆ। ਅੱਖੀਆਂ 'ਚੋਂ ਪਾਣੀ ਜਾਣ ਲਗ ਪਿਆ ਤੇ ਚਿਹਰੇ ਉਤੇ ਵੈਰਾਗ ਦੇ ਚਿੰਨ੍ਹ ਉਭਰ ਆਏ। ਬੁਲ੍ਹ ਬਿਨਾ ਕੁਝ ਕਹਿਣ ਤੋਂ ਫਰਕਣ ਲਗ ਪਏ। ਏਨਾ ਸਮਾਂ ਮੈਂ ਹੀ ਏਧਰਲੇ ਉਧਰਲੇ ਵਿਚਾਰ ਪਰਗਟ ਕਰਦਾ ਰਿਹਾ।

ਪੰਜ ਸੱਤ ਮਿੰਟ ਇੰਜ ਹੀ ਬੀਤ ਗਏ। ਫਿਰ ਮੈਂ ਸੰਤ ਆਲਾ ਸਿੰਘ ਜੀ ਤੇ ਉਹਨਾਂ ਦੇ ਸੰਤ ਨਗਰ ਆਉਣ ਬਾਰੇ ਪੁੱਛਿਆ। ਫਰੀਦ ਜੀ ਨੇ ਦੱਸਿਆ:

**ਉਜਾੜਾ-ਵਸੇਵਾ:**

ਦੇਸ ਵਿਚੋਂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤਾਂ (ਆਲਾ ਸਿੰਘ) ਨੂੰ ਹੁਕਮ ਕੀਤਾ ਸੀ ਪਾਕਿਸਤਾਨ ਬਣਨ ਤੋਂ ਤੁਸੀਂ ਪਹਿਲਾਂ ਹੀ ਚਲੇ ਜਾਓ, ਦੇਸ ਛੱਡ ਦਿਓ। ਬਹੁਤ ਰੌਲਾ ਪੈਣਾ ਏਂ, ਬੜਾ ਕੁਝ ਹੋਣਾ ਏ। ਏਨਾ ਕੁਝ ਹੋਣਾ ਏ ਕਿ ਤੁਸਾਂ ਜਰ ਨਹੀਂ ਸਕਣਾ। ਸੰਤਾਂ ਨੇ ਆਖਿਆ: ਸਤਿ ਬਚਨ। ਸਤਿ ਬਚਨ ਕਹਿ ਕੇ ਸੰਮਤ 1997 ਬਿ: 1940 ਈ. ਵਿਚ, ਹਾੜ੍ਹ ਦੇ ਮਹੀਨੇ ਅਸੀਂ ਉਥੋਂ (ਵਰਨ, ਜ਼ਿਲ੍ਹਾ ਸ਼ੇਖ਼ੂਪੁਰਾ ਤੋਂ) ਆ ਗਏ। ਸਤਿਗੁਰਾਂ ਦਾ ਬਚਨ ਸੰਤਾਂ ਮੰਨ ਲਿਆ। ਸੰਤ ਤੁਰ ਪਏ, ਨਾਲ ਮੈਂ ਵੀ ਸਾਂ, ਭੈਣ ਸਾਹਿਬ ਕੌਰ ਵੀ ਸਣੇ ਪਰਵਾਰ ਨਾਲ ਤੁਰ ਪਈ ਚੂਹੜਕਾਣਿਓਂ। ਹਰਨਾਮ ਸਿੰਘ ਹੁਰੀਂ ਸੀ ਲੱਧੇ ਤਰੱਗਿਉਂ ਨਾਲ ਉਹ ਵੀ ਤੇ ਹੋਰ ਵੀ ਜਿਨ੍ਹਾਂ ਜਿੰਨ੍ਹਾਂ ਸਰੀਰਾਂ ਬਚਨ ਮੰਨਿਆ; ਭੂਆ ਈਸ਼ਰ ਕੌਰ ਫਿਲੇਕਿਆਂ ਵਾਲੀ ਉਹ ਵੀ ਸਾਡੇ ਨਾਲ। ਅਸੀਂ ਨੌਂ ਸਰੀਰ ਸਾਂ ਜਦੋਂ ਚੂੜ੍ਹਕਾਣਿਓਂ ਤੁਰੇ। ਭੈਣ ਸਾਹਿਬ ਕੌਰ ਦਾ ਨਗਰ ਚੂੜਕਾਣਾ ਮੰਡੀ ਜ਼ਿਲ੍ਹਾ ਸ਼ੇਖ਼ੂਪੁਰਾ। ਉਥੋਂ ਤੁਰੇ ਤਾਂ ਸ਼ੇਖ਼ੂਪੁਰੇ ਆਗਏ। ਗੱਡੀ (ਰੇਲ) ਚੜ੍ਹੇ। ਸਾਮਾਨ ਸਾਡੇ ਪਾਸ ਬੜਾ ਸੀ। ਚੱਕੀਆਂ ਆਦਿਕ ਵੀ ਨਾਲ ਲੈ ਆਏ ਸਾਂ। ਛੱਡਣ ਵਾਲਾ ਛੱਡਿਆ ਬਾਕੀ ਸਭ ਲੈ ਆਏ ਸਾਂ।

ਓਥੋਂ ਜਦੋਂ ਆਏ ਲਾਹੌਰ। ਸਾਮਾਨ ਲਾਹਿਆ ਤਾਂ ਕਰਮਚਾਰੀ ਕਹਿਣ ਲਗੇ ਸਾਮਾਨ ਬਹੁਤਾ ਏ, ਤੁਹਾਡੀਆਂ ਟਿਕਟਾਂ ਕਿੱਥੇ ਨੇ? ਟਿਕਟਾਂ ਵਿਖਾਈਆਂ। ਸਾਮਾਨ ਦੋ ਥਾਈਂ ਪਿਆ ਹੋਇਆ ਸੀ। ਉਹ ਕਹਿਣ ਲਗੇ ਸਾਮਾਨ ਚੋਖਾ ਏ। ਮੈਂ ਕਿਹਾ: ਤੁਹਾਡਾ ਕਾਨੂੰਨ ਮੰਜੇ ਤੇ ਬਿਸਤਰੇ ਤੋਂ ਬਿਨਾਂ 25 ਸੇਰ ਸਾਮਾਨ ਲੈ ਜਾਣ ਦਾ ਏ। ਅਸੀਂ ਨੌਂ ਸਰੀਰ ਹਾਂ, ਸਾਡੇ ਹਿੱਸੇ ਆਉਂਦਾ ਸਾਮਾਨ ਤੋਲ ਕੇ ਜੋ ਵਾਧੂ ਏ, ਉਸਦਾ ਮੁੱਲ ਲੈ ਲਓ। ਉਹਨਾਂ ਸਾਮਾਨ ਛੱਡ ਦਿਤਾ। ਇਹ ਸਤਿਗੁਰੂ ਦੀ ਕਿਰਪਾ ਹੀ ਸੀ ਕਿ ਇਕੋ ਥਾਂ ਦੇ ਵੇਖੇ ਸਾਮਾਨ ਤੇ ਹੀ ਗੱਲ ਮੁਕ ਗਈ। ਸੰਤਾਂ ਨੇ ਉਹ

ਸਾਮਾਨ ਗੱਡੀ ਵਿਚ ਧਰ ਲਿਆ ਸੀ।

**ਧੰਨ ਗੁਰੂ ਨਾਨਕ:**

ਏਥੋਂ ਫ਼ੀਰੋਜ਼ਪੁਰ ਜਾ ਕੇ ਫਿਰ ਗੱਡੀ ਬਦਲਣੀ ਸੀ। ਏਥੋਂ ਬਦਲਕੇ ਮਕਲੋਡ ਗੰਜ ਰਿਆਸਤ ਬਹਾਵਲਪੁਰ ਦੀ ਗੱਡੀ ਲੈਣੀ ਸੀ। ਉਥੇ ਸਾਡੇ ਸੰਬੰਧੀ ਅੱਗੇ ਗਏ ਹੋਏ ਸਨ, ਉਹਨਾਂ ਕੋਲ ਜਾਣਾ ਸੀ। ਸਾਮਾਨ ਸਾਡੇ ਪਾਸ ਜ਼ਰੂਰ ਚੋਖਾ ਸੀ। ਉਸ ਗੱਡੀ ਦੇ ਗਾਰਡ ਨੇ ਸਾਨੂੰ ਆਖਿਆ ਤੁਸਾਂ ਕਿੱਧਰ ਜਾਣਾ ਹੈ? ਜਦੋਂ ਅਸਾਂ ਮਕਲੋਡ ਗੰਜ ਬਾਰੇ ਦੱਸਿਆ, ਉਸ ਆਖਿਆ: ਧਰੋ ਸਾਮਾਨ ਗੱਡੀ ਵਿਚ। ਤੇ ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਕਹਿੰਦਾ ਸਾਨੂੰ ਸਾਮਾਨ ਧਰਨ ਨੂੰ ਕਹਿ ਅੱਗੇ ਲੰਘ ਗਿਆ। ਸਿੱਖ ਸੀ। ਉਸ ਦਾ ਆਮ ਬੋਲਾ ਧੰਨ ਗੁਰੂ ਨਾਨਕ ਹੀ ਸੀ। ਉਸ ਨੇ ਸਮਾਨ ਦੇ ਘਾਟੇ ਵਾਧੇ ਬਾਰੇ ਕੁਝ ਨਹੀਂ ਕਿਹਾ।

ਜਦੋਂ ਅਸੀਂ ਓਥੇ ਜਾ ਕੇ ਉਤਰਨ ਲੱਗੇ, ਮਕਲੋਡ ਗੰਜ, ਗਾਰਡ ਆਖਣ ਲੱਗਾ: ਤੁਸੀਂ ਸਾਮਾਨ ਬਾਹਰ ਨਾ ਕੱਢਿਓ। ਮੈਂ ਏਥੇ ਹੀ ਰਹਿਣਾ ਏ, ਅੱਗੇ ਨਹੀਂ ਜਾਣਾ। ਤੁਸੀਂ ਸਾਮਾਨ ਅੰਦਰੇ ਪਿਆ ਰਹਿਣ ਦਿਓ, ਮੈਂ ਆਪੇ ਬਾਹਰ ਕਢਾ ਲਵਾਂਗਾ। ਫਿਰ ਉਸ ਨੇ ਆਪ ਸਾਡਾ ਸਾਮਾਨ ਚੁੱਕ ਚੁੱਕ ਕੇ ਬਾਹਰ ਕਢਵਾਇਆ, ਕਿਸੇ ਪੁੱਛਿਆ ਹੀ ਨਹੀਂ। ਬਾਹਰ ਸਾਮਾਨ ਧਰਵਾ ਕੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਕਹਿਣ ਲੱਗਾ: ਹੁਣ ਤੁਸਾਂ ਜਲ ਪਾਣੀ ਛਕਣਾ ਏ ਤਾਂ ਡੋਲ ਮੇਰੇ ਪਾਸੋਂ ਲਓ, ਅਹੁ ਖੂਹ ਜੇ। ਓਥੋਂ ਜਲ ਪਾਣੀ ਛਕਿਆ।

**ਇੰਦਰ ਸਿੰਘ ਭੇਡਵਾਲੀ:**

ਇੰਦਰ ਸਿੰਘ ਭੇਡਵਾਲੀ ਦਾ ਇਥੇ (ਮਕਲੋਡ ਗੰਜ ਪਾਸ) ਰਹਿੰਦਾ ਸੀ। ਇਕ ਦੋ ਹੋਰ ਨਾਮਧਾਰੀ ਵੀ ਸਨ। ਸਾਨੂੰ ਦੱਸਿਆ ਗਿਆ ਕਿ ਅਸੀਂ ਉਸਦੇ ਪਾਸ ਚਲੇ ਜਾਈਏ। ਸੰਤ (ਆਲਾ ਸਿੰਘ ਜੀ) ਇੰਦਰ ਸਿੰਘ ਦੇ ਪਾਸ ਗਏ। ਉਹਨਾਂ ਜਾ ਕੇ ਗੱਡਾ ਲਿਆਂਦਾ। ਸਾਮਾਨ ਵਿਚ ਧਰ ਕੇ ਅਸੀਂ ਭੇਡਵਾਲੀ ਇੰਦਰ ਸਿੰਘ ਕੋਲ ਜਾ ਕੇ ਰਾਤ ਰਹੇ। ਇਹ ਰਿਆਸਤ ਬੀਕਾਨੇਰ ਸੀ ਤੇ ਜਾਣਾ ਅਸੀਂ ਸਵੇਲੇ ਰਿਆਸਤ ਬਹਾਵਲਪੁਰ ਵਿਚ ਸੀ। ਰਸਤੇ ਵਿਚ ਬਾਰਡਰ ਬਣਿਆ ਹੋਇਆ ਸੀ। ਸਾਮਾਨ ਕਿਥੋਂ ਲਿਆਂਦਾ ਕਿੱਥੇ ਜਾਣਾ ਹੈ, ਆਦਿ ਪੁੱਛ ਗਿੱਛ ਹੁੰਦੀ ਸੀ। ਬਿਨਾਂ ਡਿਊਟੀ ਤੋਂ ਅੱਗੇ ਨਹੀਂ ਸਨ ਜਾਣ ਦਿੰਦੇ।

ਓਥੇ ਮਹਾਰਾਜ ਨੇ ਇਕ ਤਰ੍ਹਾਂ ਰਛਿਆ ਕੀਤੀ। ਇੰਦਰ ਸਿੰਘ ਹੁਰੀਂ ਕਹਿਣ ਲਗੇ: ਰਾਤ ਰਹੋ, ਅੰਨ ਪਾਣੀ ਛਕੋ, ਦਿਨੇ ਮੈਂ ਤੁਹਾਨੂੰ ਛੱਡ ਆਵਾਂਗਾ । ਰਸਤੇ ਵਿਚ ਇਕ ਪਿੰਡ ਸੀ ਘੁੱਦਾਂ। ਘੁੱਦਾਂ ਦਾ ਇਕ ਸਾਧ ਸੀ ਉਹ ਵੀ ਨਾਮਧਾਰੀ ਸੀ। ਉਹ ਏਨਾ ਮੰਨਿਆ ਪਰਮੰਨਿਆ ਸੀ ਕਿ ਉਸਦੇ ਸਾਹਮਣੇ ਕੋਈ ਨਹੀਂ ਸੀ ਆ

ਸਕਦਾ। ਮਤਲਬ ਕੋਈ ਸਰਕਾਰੀ ਆਦਮੀ ਵੀ ਉਸਦੇ ਨਾਲ ਟਾਕਰਾ ਨਹੀਂ ਸੀ ਲੈ ਸਕਦਾ। ਇੰਦਰ ਸਿੰਘ ਹੁਰੀਂ ਕਹਿਣ ਲੱਗੇ ਤੁਹਾਨੂੰ ਉਹਨਾਂ ਕੋਲ ਲੈ ਚਲਦੇ ਹਾਂ, ਉਹ ਲੰਘਾ ਦੇਣਗੇ, ਕੋਈ ਫ਼ਿਕਰ ਵਾਲੀ ਗੱਲ ਨਹੀਂ। ਅਸੀਂ ਉਹਦੇ ਕੋਲ ਆ ਗਏ। ਉਸਨੇ ਕਿਹਾ ਮੈਂ ਤੁਹਾਨੂੰ ਬਾਰਡਰ (ਪੁਲ ਤੋਂ ਪਾਰ) ਲੰਘਾ ਦਿਆਂਗਾ, ਫ਼ਿਕਰ ਨਾ ਕਰੋ। ਓਥੇ ਸਿਪਾਹੀ ਖਲੋਤੇ ਹੁੰਦੇ ਨੇ, ਕੋਈ ਕੁਝ ਨਹੀਂ ਆਖਦਾ। ਸਾਡੇ ਜਾਣ ਤਕ ਓਥੇ ਸਿਪਾਹੀ ਵੀ ਕੋਈ ਨਹੀਂ ਸੀ। ਅਸੀਂ ਸੁਖੀ ਸਾਂਦੀ ਲੰਘ ਗਏ।

**ਦਰਸ਼ਨ ਸਤਿਗੁਰਾਂ ਦੇ:**

ਓਥੇ ਚੱਕ 9 ਐੱਚ ਸੀ। ਕੁਝ ਦਿਨ ਉਥੇ ਰਹੇ। ਸੰਤਾਂ ਦਾ ਭਤੀਜਾ ਸ਼ੇਰ ਸਿੰਘ ਇੱਥੇ ਸੀ, ਕੁਝਰਾਂ ਵਾਲੇ ਤੇ ਘਰਜਾਖੀਏ ਸਿੰਘ ਵੀ ਕੁਝ ਏਥੇ ਸਨ। ਏਨਾ ਪਾਸ ਰਹੇ। ਮਾਤਾ ਜੀਉਣ ਕੌਰ ਜੀ ਉਹਨੀਂ ਦਿਨੀਂ ਨੌਹਰ ਹੁੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਉਨ੍ਹਾਂ ਨੂੰ ਦਰਸ਼ਨ ਦੇਣ ਜਾਣਾ ਸੀ। ਉਹ ਏਥੇ ਸਾਡੇ ਪਾਸ ਆਏ। ਸਤਿਗੁਰਾਂ ਦਰਸ਼ਨ ਦੇਕੇ ਆਖਿਆ: ਤੁਹਾਨੂੰ ਹੋਰ ਕਿਸੇ ਥਾਂ ਰਹਿਣ ਵਾਸਤੇ ਨਹੀਂ ਭੇਜਿਆ। ਤੁਸਾਂ ਟਿਬੀ ਰਹਿਣਾ ਏ। ਏਥੇ ਆਪਣਾ ਨਗਰ ਆਪ ਵਸਾਣਾ ਏਂ। ਖੂਹ ਆਪ ਲਾਣਾ ਏ। ਇਹ ਸੰਮਤ 1997 ਦੀ ਗੱਲ ਏ।

ਫਿਰ ਅਸੀਂ 9 ਐਚ ਵਿਚੋਂ ਸਾਮਾਨ ਲੈ ਆਏ। ਸਤਿਗੁਰਾਂ ਆਖਿਆ ਸੀ: ਆਪਣੀ ਜ਼ਮੀਨ ਲੈ ਕੇ ਉਸ ਵਿਚ ਡੇਰਾ ਲਾਓ, ਪਿੰਡ ਵਿਚ ਨਹੀਂ ਡੇਰਾ ਲਾਉਣ ਦੇਣਾ। ਫੇਰ ਅੱਠ ਵਿੱਘੇ ਜ਼ਮੀਨ ਲੈ ਕੇ ਪਿੰਡ ਵਸਾਣ ਦਾ ਆਰੰਭ ਕਰ ਦਿਤਾ। ਸਤਿਗੁਰੂ ਸੱਚੇ ਪਾਤਸ਼ਾਹ ਜਦੋਂ ਦੇਸ ਜਾਂਦੇ ਸਨ, ਆਖੇ ਲੱਗਣ ਵਾਲਿਆਂ ਨੂੰ ਕਹਿੰਦੇ ਸਨ ਕਿ ਸੰਤਾਂ ਪਾਸ ਚਲੇ ਜਾਓ ਤੇ ਖਾਣ ਪੀਣ ਦਾ ਵਸੀਲਾ ਬਣਾ ਕੇ ਉਥੇ ਰਹੋ। ਥੋੜ੍ਹੇ ਸਰੀਰ ਸਾਡੇ ਪਾਸ ਆ ਵੀ ਗਏ ਕੁਝ ਮਾਲਵੇ ਦੇ, ਕੁਝ ਮਾਝੇ ਦੇ।

ਪਾਕਿਸਤਾਨ ਬਣ ਗਿਆ ਤਾਂ ਬਹੁਤ ਸਾਰੇ ਆ ਗਏ। ਉਸ ਨਗਰ ਦਾ ਨਾਂ ਹਾਲੀ ਢਾਣੀ ਹੀ ਰੱਖਿਆ ਹੋਇਆ ਸੀ। ਖੂਹ ਵੀ ਲਾਇਆ, ਹਲਟ ਵੀ ਪਾਇਆ, ਹੁਕਮ ਅਨੁਸਾਰ ਸਾਰੇ ਕੰਮ ਕੀਤੇ। ਪੰਜ ਸਾਲ ਅਸੀਂ ਏਥੇ ਹੀ ਰਹੇ।

**ਸੰਤ ਨਗਰ ਨੂੰ:**

ਫਿਰ ਸਤਿਗੁਰਾਂ ਨੂੰ ਨਾਲ ਲਿਆ ਕੇ ਜੀਵਨ ਨਗਰ ਦੇ ਇਲਾਕੇ ਦੀ ਸਾਰੀ ਜ਼ਮੀਨ ਵਿਖਾਈ ਤੇ ਸਲਾਹ ਕੀਤੀ ਕਿ ਇਹ ਚੰਗੀ ਹੈ ਤੇ ਖਰੀਦ ਲਈਏ। ਸੰਤਾਂ ਨੇ ਆਖਿਆ: ਇਹ ਜ਼ਮੀਨ ਐਸੀ ਏ ਕਿ ਕੱਲੇ ਕੱਲੇ ਸਿਖ ਏਥੇ ਹੋਲਾ ਪਏ ਕਰਨਗੇ। ਅਜੇ ਤਾਂ ਇਹ ਜ਼ਮੀਨ ਬਹੁਤ ਸਸਤੀ ਏ। ਮੈਨੂੰ ਵੀ ਸਤਿਗੁਰੂ ਜੀ ਨੇ ਉਦੋਂ ਜੀਪ ਤੇ ਨਾਲ ਲਿਆਂਦਾ ਸੀ। ਏਥੇ ਸਭ ਪਾਸੇ ਜੰਗਲ ਸੀ, ਆਹ ਪਿੰਡ ਕਿੱਥੇ ਸਨ, ਓਦੋਂ ਇਸ ਸਾਰੀ ਜ਼ਮੀਨ ਦੀ ਕੀਮਤ 25 ਲੱਖ ਰੁਪਏ ਪਾਈ ਸੀ।

ਜਦੋਂ ਸਤਿਗੁਰਾਂ ਨੇ ਇਹ ਥਾਂ ਖਰੀਦ ਲਿਆ, ਕਬਜ਼ਾ ਲੈ ਲਿਆ, ਫੇਰ ਅਸੀਂ ਟਿੱਬੀ ਤੋਂ ਏਥੇ ਆਏ। ਸਤਿਗੁਰਾਂ ਸਾਡਾ ਏਥੇ ਹੀ ਡੇਰਾ ਲੁਆਇਆ। ਆਹ ਜੁ ਚਾਰ ਪੰਜ ਮਕਾਨ ਹਨ, ਇਹ ਵੀ ਸਤਿਗੁਰਾਂ ਆਪ ਸੰਤਾਂ ਨੂੰ ਦਿਤੇ। ਸੰਤਾਂ ਨੂੰ ਪਿੱਛੋਂ ਜ਼ਮੀਨ ਆਈ ਸੀ ਸਾਢੇ ਛੇ ਕਿੱਲੇ। ਸਾਡੇ ਛੇ ਕਿੱਲੇ ਖੂਹ ਵਾਲੀ ਸਤਿਗੁਰਾਂ ਨੇ ਦਿੱਤੀ ਸੀ। ਸੰਤਾਂ ਨੇ ਸਤਿਗੁਰਾਂ ਨੂੰ ਅਰਜ਼ ਕੀਤੀ ਏ ਇਹ ਜਿੰਨਾ ਚਿਰ ਸਾਡਾ ਸਰੀਰ ਏ, ਅਸੀਂ ਵਾਹਵਾਂ, ਖਾਵਾਂਗੇ ਤੇ ਫਿਰ ਬਾਕੀ ਸਭ ਕੁਝ ਤੁਹਾਡਾ, ਘਰ ਬਾਰ ਵੀ। ਹੋਰ ਜੋ ਚੰਗੀ ਚੀਜ਼ ਆਉਣ ਗਊ, ਮੱਝ, ਉਹ ਕਦੇ ਉਹਨਾਂ ਏਧਰ ਭੇਜ ਦੇਣੀ ਕਦੇ ਇਹਨਾਂ ਉਧਰ ਭੇਜ ਦੇਣੀ। ਏਸ ਤਰ੍ਹਾਂ ਵਰਤਾਉ ਹੁੰਦਾ ਰਹਿੰਦਾ ਸੀ।

ਸੰਤਾਂ ਸਰੀਰ ਛੱਡਣ ਤੋਂ ਪਹਿਲੋਂ ਆਖਿਆ: ਮੇਰਾ ਕੀ ਪਤਾ ਮੈਂ ਰਹਿਣੈ ਕਿ ਨਹੀਂ, ਮੇਰਾ ਜੀਅ ਕਰਦਾ ਮੈਂ ਸਾਰੀ ਜ਼ਮੀਨ ਤੇਰੇ ਨਾਂ ਲੁਆ ਛੱਡਾਂ।

# ਅੰਤਿਕਾ-I

## ਸੰਤ ਗੁਰਮੁਖ ਸਿੰਘ ਝੱਬਰ, ਕਰੀਵਾਲਾ

ਮੈਂ 24 ਸਤੰਬਰ, 1979 ਨੂੰ, ਸ. ਅਵਤਾਰ ਸਿੰਘ ਝੱਬਰ ਦੇ (18.9.79) ਗੁਜ਼ਰ ਜਾਣ 'ਤੇ ਕਰੀਵਾਲੇ ਪਹੁੰਚ ਕੀਤੀ। ਏਸੇ ਦਿਨ ਹੀ ਦਮਦਮੇ (ਸਰਸਾ) ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣਾ ਸਾਲਾਨਾ ਨਿਤਨੇਮ ਆਰੰਭ ਕੀਤਾ ਸੀ। ਅਵਤਾਰ ਸਿੰਘ ਜੀ ਦੇ ਵੱਡੇ ਭਾਈ ਸ. ਰਜਵੰਤ ਸਿੰਘ ਝੱਬਰ ਨੂੰ ਕੁਆ ਬੁਲਾ ਕੇ ਕਰੀਵਾਲੇ ਦੇ ਹੀ ਇਕ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਵਿਅਕਤੀ ਸੰਤ ਗੁਰਮੁਖ ਸਿੰਘ ਝੱਬਰ ਨੂੰ ਮਿਲਿਆ। ਇਕ ਘੰਟਾ ਉਸ ਨਾਲ ਬੈਠ ਕੇ, ਇਸ ਮੌਕੇ ਸੰਤ ਸੁੰਦਰ ਸਿੰਘ ਪਾਜੀ ਵਾਲਿਆਂ ਦੇ ਲੜਕੇ ਸੰਤ ਤਾਰਾ ਸਿੰਘ ਤੇ ਦੋ ਹੋਰ ਸਰੀਰ ਮੌਜੂਦ ਸਨ, ਉਹਨਾਂ ਦੇ ਜੀਵਨ ਬਾਰੇ ਕੁਝ ਵਾਕਫ਼ੀ ਲਈ।

ਇਕ ਸਮੇਂ ਗੁਰਮੁਖ ਸਿੰਘ ਝੱਬਰ ਦੇ ਸ੍ਰੀ ਭੈਣੀ ਸਾਹਿਬ ਵਿਚ ਵੱਧਰ ਘੂਕਦੇ ਸਨ, ਸਾਰੇ ਪਿੰਡ ਤੇ ਉਸਦੀ ਤੀਖਣ ਬੁੱਧੀ, ਹਮਲਾ ਕਰਨ ਦੀ ਸਮਰੱਥਾ ਦੀ ਧਾਂਕ ਸੀ। ਨਾਮਧਾਰੀ ਜੋ ਇਸ ਨਗਰ ਵਿਚ ਰਹਿੰਦੇ ਸਨ, ਉਹ ਵੀ ਇਹਦੇ ਹੁਕਮ ਬਿਨਾ ਪੱਤਾ ਨਹੀਂ ਸੀ ਤੋੜ ਸਕਦੇ। ਦੇਸ਼ ਭਗਤਾਂ ਦਾ ਕਦਰਦਾਨ ਸੀ ਤੇ ਇਲਾਕੇ ਦੇ ਧੜਵੈਲ ਆਦਮੀਆਂ ਦਾ ਵੀ ਯਾਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਦੀ ਸੁਰਖਿਆ ਲਈ ਇਸਨੂੰ ਫੁੱਲ ਅਥਾਰਿਟੀ ਦੇ ਛੱਡੀ ਸੀ। ਮੇਰੀ ਭੈਣੀ ਸਾਹਿਬ ਦੀ ਪੜ੍ਹਾਈ ਸਮੇਂ ਦਾ ਇਹ ਵੀ ਇਕ ਮੁਖੀ ਸੀ। ਇਸ ਸੱਜਣ ਕੋਲ ਨਾਮਧਾਰੀਆਂ ਨਾਲ ਸਬੰਧਿਤ ਬਹੁਤ ਸਾਰਾ ਇਤਿਹਾਸ ਹੈ, ਮੈਂ ਇਸ ਨੂੰ ਮਿਲਣ ਦਾ ਅੱਜ ਏਸੇ ਲਈ ਪ੍ਰੋਗਰਾਮ ਬਣਾਇਆ ਹੋਇਆ ਸੀ।

ਸੰਤ ਗੁਰਮੁਖ ਸਿੰਘ ਅੱਸੀਓਂ ਉੱਪਰ ਦੀ ਉਮਰ ਦਾ ਘਰ ਵਿਚ ਬੂਹੇ ਨਾਲ ਦੀ ਬੈਠਕ ਵਿੱਚ ਇਕ ਮੰਜੇ ਉਪਰ ਬੈਠਾ ਸੀ, ਦੋ ਕੁ ਸਰੀਰ ਹੋਰ ਵੀ ਉਸਦੇ ਨਾਲ ਸਨ। ਸਾਫ਼ੇ ਦੀ ਦਸਤਾਰ ਬੰਨ੍ਹੀ, ਕੁਰਤੇ ਕਛਹਿਰੇ ਨਾਲ ਹੀ। ਉਸਨੇ ਆਪਣੀ ਗੱਲ ਸ਼ੁਰੂ ਕੀਤੀ। ਮੇਰੇ ਪਹਿਲੇ ਕੀਤੇ ਗਏ ਸਵਾਲਾਂ ਦੇ ਉਤਰ ਵਿਚ ਹੀ ਉਸਦੀ ਰਾਮ ਕਹਾਣੀ ਸ਼ੁਰੂ ਹੋਈ:

**ਪਿਛੋਕੜ:**

ਜੀ ਤਾਂ ਮੇਰਾ ਵੀ ਕਰਦਾ ਸੀ ਕਿ ਮੈਂ ਕਿਤੇ ਤੇਰੇ ਕੋਲ ਜਾਵਾਂ ਤੇ ਦੋ ਦਿਨ ਰਹਾਂ, ਪਹਿਲਾਂ ਤੈਨੂੰ ਦੱਸ ਕੇ ਕੁਛ ਲਿਖਾਵਾਂ, ਫਿਰ ਤੂੰ ਜੋ ਮੋਟੇ ਮੋਟੇ ਅੱਖਰਾਂ ਵਿਚ ਲਿਖੇਂ, ਉਹ ਪੜ੍ਹ ਕੇ ਫੇਰ ਤੈਨੂੰ ਟੇਪ ਕਰਵਾਵਾਂ।

ਮੇਰਾ ਦਾਦਾ ਅੱਧ-ਬੁੱਢ ਹੋ ਕੇ ਗੁਰੂ ਰਾਮ ਸਿੰਘ ਦੇ ਵੇਲੇ ਕੂਕਾ ਹੋਇਆ ਸੀ। ਉਸਦਾ ਨਾਂ ਸੀ ਸੌਣ ਸਿੰਘ ਉਰਫ਼ ਸਾਉਲ ਸਿੰਘ। ਅਗੋਂ ਉਸਦੇ ਪੁੱਤਰ ਸਨ ਜਿਊਣ ਸਿੰਘ ਤੇ ਵਧਾਵਾ ਸਿੰਘ। ਪਿੰਡ ਸੀ ਸਾਡਾ ਝੱਬਰ, ਜ਼ਿਲ੍ਹਾ ਸ਼ੇਖੂਪੁਰ, ਨ ਸੱਚ ਗੁਜਰਾਂ ਵਾਲਾ। ਮੇਰਾ ਬਾਪ (ਸੰਤ ਜਿਉਣ ਸਿੰਘ) ਓਦੋਂ ਤੇਰਾਂ ਸਾਲਾਂ ਦਾ ਸੀ ਜਦੋਂ ਕੂਕਿਆਂ ਨਾਲ ਰਲ ਗਿਆ। ਘਰੋਂ ਨਿਕਲ ਗਿਆ। ਮੇਰੇ ਪਿਤਾ ਜੀ ਆਪਣੇ ਪਿਤਾ ਦੇ ਛੋਟੇ ਪੁੱਤਰ ਸਨ, ਤਾਇਆ ਵਧਾਵਾ ਸਿੰਘ ਵੱਡਾ ਸੀ। ਇਹ ਗੁਰੂ ਹਰੀ ਸਿੰਘ ਜੀ ਦਾ ਵੇਲਾ ਸੀ। ਮੇਰਾ ਬਾਪ ਤਾਂ ਸਾਧਾਂ ਦੇ ਜਥਿਆਂ ਵਿਚ ਸ਼ਾਮਲ ਹੋ ਗਿਆ। ਢੋਲਕ ਵਜਾਣੀ ਸ਼ਬਦ ਪੜ੍ਹਨੇ। ਤੀਹ ਕੁ ਵਰ੍ਹਿਆਂ ਦੀ ਉਮਰ ਵਿਚ ਉਹਦਾ ਵਿਆਹ ਸੰਬੰਧ ਸੇਖਮ ਘੁਮਾਣ ਜ਼ਿਲ੍ਹਾ ਗੁਜਰਾਂ ਵਾਲਾ ਵਿਚ ਬਣ ਗਏ। ਬਾਪ ਦੇ ਸਹੁਰੇ ਦਾ ਨਾਂ ਯਾਦ ਨਹੀਂ। ਇਕ ਸਾਲਾ ਜਿਉਣ ਸਿੰਘ ਸੀ।

ਵਿਆਹ ਕਰਵਾ ਕੇ ਬਾਪ ਸਾਡਾ ਭੈਣੀ ਸਾਹਿਬ ਆ ਗਿਆ। ਭੈਣੀ ਸਾਹਿਬ ਹੀ ਰਹਿੰਦਾ ਰਿਹਾ। ਬਿਕਰਮੀ ਦੇ ਸਤਵੰਜਵੇਂ (1900 ਈ:) ਵਿਚ ਕਿਸੇ ਗੱਲੋਂ ਗੁੱਸੇ ਹੋਕੇ ਅੰਮ੍ਰਿਤਸਰ ਤੁਰ ਗਿਆ। ਮੈਂ ਪੈਦਾ ਹੋਣਾ ਸੀ। ਬੁੱਢੇ ਥੇਹ (ਅੰਮ੍ਰਿਤਸਰ) ਦਾ ਇਕ ਬਾਬਾ ਸੀ ਗੁਰਮੁਖ ਸਿੰਘ। ਉਸ ਨੇ ਮੇਰੇ ਬਾਪ ਨੂੰ ਆਖਿਆ: "ਹੁਣ ਤਕ ਤੂੰ ਰਿਹਾ ਏਂ ਬਿਹੰਗਮ, ਪਰ ਹੁਣ ਤੂੰ ਗ੍ਰਿਸਤੀ ਹੋ ਗਿਆ ਏਂ। ਏਸ ਤਰ੍ਹਾਂ ਚਲਨਾ ਫਿਰਨਾ ਠੀਕ ਨਹੀਂ, ਡੇਰਾ ਵੀ ਤੂੰ ਛਡ ਆਇਆ ਏਂ। ਮੇਰੀ ਮਰਜ਼ੀ ਏ ਹੁਣ ਤੂੰ ਮੇਰੇ ਕੋਲ ਚੱਲ।" ਇਸਦਾ ਅਸਲ ਪਿੰਡ ਉਮਰਪੁਰਾ ਸੀ, ਭੋਮੇ ਵਡਾਲੇ ਦੇ ਕੋਲ, ਬੁੱਢਾ ਥੇਹ ਵੀ ਲਾਗੇ ਈ ਹੈ। ਉਹ ਸਾਨੂੰ ਲੈ ਗਿਆ। ਓਥੇ ਮੈਂ ਪੈਦਾ ਹੋਇਆ। ਦੋ ਸਾਲ ਮੈਂ ਉਥੇ ਰਿਹਾ। ਫੇਰ ਮਹੰਤ ਖ਼ੁਸ਼ਹਾਲ ਸਿੰਘ ਖਤਰਾਈਆ ਜਾ ਕੇ ਸਾਨੂੰ ਲੈ ਆਇਆ ਕਿ ਤੁਸੀਂ ਸਾਡੇ ਕੋਲ ਰਹੋ।

**ਭੈਣੀ ਸਾਹਿਬ:**

ਏਥੋਂ (ਖਤਰਾਵਾਂ ਤੋਂ) ਗੁਰੂ ਹਰੀ ਸਿੰਘ ਜੀ ਨੂੰ ਪਤਾ ਲਗਾ। ਉਹ ਸਾਨੂੰ ਭੈਣੀ ਸਾਹਿਬ ਲੈ ਗਏ। ਉਹਨਾਂ ਮੇਰੇ ਬਾਪ ਨੂੰ ਆਖਿਆ: ਤੂੰ ਚੰਗਾ ਏਂ, ਜਿਉਂ ਗਿਆ ਏਂ, ਮੁੜ ਕੇ ਆਇਆ ਈ ਨਹੀਂ। ਫੇਰ ਮੈਂ ਭੈਣੀ ਸਾਹਿਬ ਹੀ ਰਿਹਾ। ਮੈਂ ਓਦੋਂ ਛਿਆਂ ਸਾਲਾਂ ਦਾ ਸਾਂ ਜਦੋਂ ਗੁਰੂ ਹਰੀ ਸਿੰਘ ਜੀ ਚੜ੍ਹਾਈ ਕੀਤੇ। ਮੈਨੂੰ ਓਦੋਂ ਦੀ ਚੰਗੀ ਸੰਭਾਲ ਏ। ਇਕ ਦਿਨ ਦੀਵਾਨ ਲਗਾ ਹੋਇਆ ਸੀ। ਮੈਂ ਦੀਵਾਨ ਵਿਚ ਗਿਆ। ਮੈਂ ਮੱਥਾ ਟੇਕਿਆ। ਬਾਬਾ ਬੂਟਾ ਸਿੰਘ ਲਾਖਣੇ ਵਾਲੇ ਨੂੰ ਹੁਕਮ ਹੋਇਆ: ਇਹਨੂੰ ਪਤਾਸੇ ਦਿਓ। ਮੈਂ ਅੱਗੇ ਹੱਥ ਕੀਤੇ। ਮੇਰੇ ਤੇੜ ਕੱਛਾ ਨਹੀਂ ਸੀ। ਮਹਾਰਾਜ ਜੀ ਆਂਹਦੇ ਨੇ: ਝੱਗਾ ਕਰ ਆਪਣੀ ਝੋਲੀ ਵਿਚ ਪੁਆ। ਮੈਂ ਡਰਦਾ ਝੋਲੀ ਨਾ ਕਰਾਂ। ਇਕ ਸਿਖ ਸੀ ਉਸਨੇ ਮੇਰਾ ਝੱਗਾ ਅਗੋਂ ਫੜ ਕੇ ਝੋਲੀ ਬਣਾਈ। ਮੈਂ ਨੰਗਾ ਹੋ

ਗਿਆ। ਮਹਾਰਾਜ ਕਹਿਣ ਲੱਗੇ: "ਹੈਂਹ, ਕੱਛ ਵੀ ਨਹੀਂ ਤੇੜ।" ਮੈਂ ਪਤਾਸੇ ਝੋਲੀ ਵਿਚ ਪੁਆ ਭੱਜ ਗਿਆ।

ਓਦੋਂ ਗੁਰਦੇਈ ਮੁਖਤਿਆਰ ਸੀ। ਉਹ ਸਤਿਗੁਰਾਂ ਦੇ ਪਿਛਲੇ ਪਾਸੇ ਬੈਠੀ ਹੋਈ ਸੀ। ਸਤਿਗੁਰਾਂ ਅਵਾਜ਼ ਮਾਰੀ: "ਗੁਰਦੇਈਏ! ਬਿਹੰਗਮਾਂ ਦੇ ਪੁੱਤ ਕੱਛਾਂ ਤੋਂ ਏਵੇਂ, ਲੀੜੇ ਪਾਟੇ ਹੋਏ, ਤੂੰ ਕਿਸ ਮਰਜ਼ ਦੀ ਦਵਾ ਏਂ।" ਜ਼ਮੀਨ ਵੇਚ ਕੇ ਸਾਡੇ ਪਿਓ ਨੇ ਗੁਰਦੁਆਰੇ ਪਾ ਦਿਤੀ ਸੀ।

ਅਗਲੇ ਦਿਨ ਮੈਂ ਨਵੇਂ ਲੀੜੇ ਪਾ ਕੇ ਫਿਰ ਮੱਥਾ ਟੇਕਿਆ। ਆਖਣ ਲੱਗੇ: "ਠੀਕ ਏ। ਵੇਹਖਾਂ ਹੁਣ ਕਿਡਾ ਸੁਹਣਾ ਲਗਦਾ ਏਂ।" ਫਿਰ ਪਤਾਸੇ ਦਿਤੇ ਸਤਿਗੁਰਾਂ।

ਫਿਰ ਭੈਣੀ ਸਾਹਿਬ ਹੀ ਰਹੇ ਹਾਂ, ਕਦੇ ਊਠਾਂ ਵਿਚ, ਕਦੇ ਘੋੜਿਆਂ ਵਿਚ (ਲੇਖਕ ਨੇ ਤਰਤੀਬ ਪੁੱਛੀ ਤਾਂ ਗੁਰਮੁਖ ਸਿੰਘ ਬੋਲੇ) ਪਹਿਲਾਂ ਖੇਡੇ ਮਹਾਰਾਜ ਗੁਰਦਿਆਲ ਸਿੰਘ ਨਾਲ, ਫਿਰ ਚਾਰੇ ਕੱਟੇ ਵੱਛੇ, ਜ਼ਰਾ ਕੁ ਤਕੜਾ ਹੋਇਆ ਤਾਂ ਬਾਬਾ ਵੀਰ ਸਿੰਘ ਭੋਮੇ ਵਡਾਲੇ ਦਾ, ਬਾਬਾ ਸੰਤਾ ਸਿੰਘ ਘੁੱਕੇਵਾਲੀ ਵਾਲਿਆਂ ਪਾਸ ਊਠਾਂ ਵਿਚ ਆ ਗਿਆ। ਊਠਾਂ ਵਿਚ ਕਾਫ਼ੀ ਚਿਰ ਰਿਹਾ। ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੇੜ ਕਰ ਲਿਆ। ਇਹਨਾਂ ਫਿਰ ਘੋੜਿਆਂ ਵਿਚ ਲਾ ਲਿਆ। ਉਂਜ ਛੋਟੀ ਅਵਸਥਾ ਵਿਚ ਹੀ 13-14 ਸਾਲ ਦੀ ਉਮਰ ਵਿਚ ਕਦੇ ਕਦੇ ਮੇਰੇ ਕੋਲੋਂ ਪ੍ਰਸ਼ਾਦੇ ਪਕਵਾ ਲੈਂਦੇ ਸਨ। ਘੋੜਿਆਂ ਵਿਚ ਲਾ ਕੇ ਪਹਿਲਾਂ ਮੈਨੂੰ ਕੁੱਤੇ ਸੰਭਾਲੇ ਨੇ। ਓਦੋਂ ਅਗਲੇ ਸਾਲ ਖੱਚਰ ਸੰਭਵਾਈ। ਓਦੂੰ ਅਗਲੇ ਸਾਲ ਕੁੱਲੀਆਂ ਘੋੜੀਆਂ ਦੀ ਸੰਭਾਲ ਤੇ ਲਾ ਦਿਤਾ। ਜਦੋਂ ਮੈਂ ਚੰਗਾ ਭੱਜਣ ਨਠਣ ਨੂੰ ਬਰਕਰਾਰ ਹੋ ਗਿਆ ਤਾਂ ਉਹਨਾਂ ਆਪਣੀ ਸਵਾਰੀ ਵਾਲੀ ਘੋੜੀ ਸੰਭਾਲ ਦਿਤੀ।

ਪਿਆਰ ਹੋ ਗਿਆ:

ਫਿਰ, ਜਦੋਂ ਨਹਿਰ ਤੇ ਡੇਰਾ ਚਲਾ ਜਾਂਦਾ ਸੀ, ਓਦੋਂ ਮੈਂ ਘੋੜੀਆਂ ਚਾਰਦਾ ਹੁੰਦਾ ਸਾਂ। ਜਦੋਂ ਉਹਨਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੀ ਦਲੀਲ ਹੋਵੇ, ਉਦੋਂ ਕਹਿ ਦਿੰਦੇ: "ਜਾਹ ਗੁਰਮੁਖਾ, ਦੁੱਧ ਕਾੜ੍ਹ ਲਿਆ।" ਫਿਰ ਉਹਨਾਂ ਨਾਲ ਬਹਿਣ ਉਠਣ ਲਗ ਪਏ। ਪਿਆਰ ਹੋ ਗਿਆ। ਏਸੇ ਦੌਰਾਨ ਮੈਂ ਉਗਰਾਹੀ ਕਰਦਾ ਰਿਹਾ ਹਾਂ। ਜਿਸ ਨਾਲ ਮੈਨੂੰ ਉਗਰਾਹੀ ਤੇ ਲਾਇਆ ਓਦੋਂ ਸਤਿਗੁਰੂ ਜੀ ਉਗਰਾਹਿਆਂ ਨਾਲ ਨਾਰਾਜ਼ ਹੋ ਗਏ ਸਨ। ਮੈਨੂੰ ਉਹਨਾਂ ਆਖਿਆ: ਤੈਨੂੰ ਮੈਂ ਕਾਕਾ ਉਗਰਾਹੀ ਘੱਲਣੈਂ। ਤੂੰ ਊਠ, ਘੋੜੇ, ਖੱਚਰਾਂ, ਜੋ ਕੁਝ ਤੈਨੂੰ ਚਾਹੀਦੈ ਲੈ ਲੈ, ਮੈਂ ਤੈਨੂੰ ਮਹੰਤ ਬਣਾਉਣੈਂ। ਮੈਂ ਅਰਜ਼ ਕੀਤੀ: ਜੀ ਮਹੰਤ ਬਣਾਓ ਤੁਸੀਂ ਕੇਸਰ ਸਿੰਘ ਨੂੰ, ਉਹਨੂੰ ਮੈਂ ਨਾਲ ਲੈ ਜਾਵਾਂਗਾ। ਅਸੀਂ ਉਸ ਸਾਲ ਉਗਰਾਹੀ ਕੀਤੀ ਏ, ਗੁਰਦਾਸ ਪੁਰ ਦੀ, ਅੰਮ੍ਰਿਤਸਰ ਦੀ, ਸਿਆਲ ਕੋਟ, ਗੁਜਰਾਂ ਵਾਲਾ, ਸ਼ੇਖ਼ੂਪੁਰੇ ਤੇ ਲਾਇਲਪੁਰ ਦੀ।

ਸਾਰੀ ਉਗਰਾਹੀ ਕੀਤੀ। ਤਿੰਨ ਸਾਲ ਉਗਰਾਹੀ ਕੀਤੀ ਏ।

ਜਿਨ੍ਹਾਂ ਉਗਰਾਹੀਆਂ ਨਾਲ ਨਾਰਾਜ਼ਗੀ ਸੀ ਦਲੀਪ ਸਿੰਘ ਠੇਠਰ, ਸੁੰਦਰ ਸਿੰਘ ਬਿਸਕੁਟ, ਅਰਜਨ ਸਿੰਘ ਨਾਂਗਾ, ਲਾਭ ਸਿੰਘ ਘੋੜਿਆਂ ਵਾਲਾ, ਸੰਤਾ ਸਿੰਘ ਘੁੱਕੇਵਾਲੀਆ, ਨਰਾਇਣ ਸਿੰਘ ਖੇਡਾ।

ਇਸ ਤਰ੍ਹਾਂ ਮੇਰੇ ਕੰਮ ਬਦਲਦੇ ਰਹੇ।

ਜ਼ਿੰਮੇਵਾਰੀ:

ਜਦੋਂ ਅਕਾਲੀਆਂ ਨੇ (ਨਾਮਧਾਰੀ) ਸਿੰਘਾਂ ਨੂੰ ਤਰਨਤਾਰਨ ਮਾਰਿਆ, ਓਦੋਂ ਸਤਿਗੁਰਾਂ ਨੇ ਮੈਨੂੰ ਅੰਮ੍ਰਿਤਸਰ ਸੁਨੇਹਾ ਭੇਜਿਆ ਕਿ ਛੇਤੀ ਤੋਂ ਛੇਤੀ ਭੈਣੀ ਸਾਹਿਬ ਆ ਜਾਵਾਂ। ਭੈਣੀ ਸਾਹਿਬ ਗਿਆ ਤਾਂ ਸਤਿਗੁਰਾਂ ਨੇ ਮਸਤਾਨ ਸਿੰਘ ਕਿਆਮਪੁਰੀਏ ਨੂੰ ਆਗੂ ਬਣਾ ਕੇ ਬੇਬੇ (ਭੁਪਿੰਦਰ ਕੌਰ) ਜੀ ਨੂੰ, ਕੂੰਡਾ ਹਰਨਾਮ ਸਿੰਘ ਨੂੰ, ਦਰਜੀ ਭਗਵਾਨ ਸਿੰਘ ਨੂੰ; ਖੇਮੀ ਤੇ ਗੁਰਦਿਤੀ ਨੂੰ ਖੇਮੀ ਮਸਤਾਨ ਸਿੰਘ ਦੀ ਮਾਂ ਸੀ ਤੇ ਗੁਰਦਿਤੀ ਸਿੰਘਣੀ – ਧਾਰਾ ਸਿੰਘ ਦੋਧੀ ਲਾਂਗਰੀ ਸੀ – ਸਭ ਨੂੰ ਪਹਾੜਾਂ ਨੂੰ ਤੋਰਿਆ। ਜਾਣ ਤੋਂ ਪਹਿਲਾਂ ਸਤਿਗੁਰਾਂ ਨੇ ਸਭ ਨੂੰ ਬੈਠਾ ਕੇ ਆਖਿਆ: "ਆਹ ਮੇਰੇ ਹੱਥ ਜੋੜੇ ਵੇਖਣੇ ਤੁਹਾਨੂੰ ਘੱਲਣ ਲੱਗਾਂ, ਕਿਸੇ ਵਖੇਪਤਾ ਵਿਚ ਨਹੀਂ ਪੈਣਾ। ਖ਼ਿਆਲ ਨਾਲ ਰਹਿਣਾ।"

ਮਗਰੋਂ ਆ ਗਏ ਮੈਂ ਅਤੇ ਵਰਿਆਮ ਸਿੰਘ ਦਾੜ੍ਹੀ। ਸਾਰਿਆਂ ਦੀ ਆਪੋ ਆਪਣੀ ਸ਼ਰਧਾ ਹੁੰਦੀ ਏ। ਮੇਰੀ ਇਹ ਗੱਲ ਸੀ ਕਿ ਮੈਨੂੰ ਉਂਜ ਨਾ ਆਖਣ, ਹੁਕਮ ਦੇਣ ਕਿ ਅਹਿ ਕਰਨਾ ਜਾਂ ਅਹੁ ਕਰਨਾ ਏਂ। ਮੈਂ ਭਾਈ (ਵਜੀਰ ਸਿੰਘ) ਨੂੰ ਆਖਿਆ: ਜੇ ਉਹਨਾਂ ਸਾਡੇ ਮੂਹਰੇ ਹੱਥ ਜੋੜੇ ਤਾਂ ਮੈਂ ਕੋਈ ਨਹੀਂ ਜਾਣਾ। ਜੇ ਹੁਕਮ ਦੇਣ ਤਾਂ ਭਾਵੇਂ ਦਸ ਸਾਲ ਹੀ ਪਹਾੜਾਂ ਵਿਚ ਰੱਖ ਲੈਣ। ਭਾਈ ਨੇ ਸਤਿਗੁਰਾਂ ਨੂੰ ਅਰਜ਼ ਕੀਤੀ। ਉਹਨਾਂ ਕਿਹਾ: ਜੇ ਘੱਲਾਂ ਗੇ ਤਾਂ ਜੁੱਤੀਆਂ ਨਾਲ ਹੀ ਘੱਲਾਂਗੇ। ਹੱਸਦੇ ਰਹੇ। ਸਾਨੂੰ ਦੋਹਾਂ ਨੂੰ ਬੁਲਾ ਕੇ ਆਖਿਆ: ਤੁਸਾਂ ਦੋਹਾਂ ਪਹਾੜਾਂ ਵਿਚ ਜਾਣਾ ਤੇ ਰਹਿਣਾ ਏਂ।

ਸੁਕੇਤ (ਹਿ: ਪ੍ਰ:) ਨੂੰ:

ਮਸਤਾਨ ਸਿੰਘ ਨੂੰ ਸਤਿਗੁਰਾਂ ਇਹ ਗੱਲ ਆਖੀ ਸੀ ਕਿ ਜਿਹੜੀ ਚਿੱਠੀ ਮੈਨੂੰ ਭੇਜੋ ਉਹਦੇ ਤੇ ਸਾਰਿਆਂ ਦੇ ਦਸਖ਼ਤ ਹੋਏ ਹੋਣ, ਉਹ ਚਿੱਠੀ ਮੈਂ ਮੰਨਣੀ ਏਂ। ਜਿਨ੍ਹਾਂ ਤੇ ਦਸਖ਼ਤ ਥੋੜ੍ਹੇ ਹੋਣਗੇ, ਉਹ ਨਹੀਂ ਮੰਨਣੀ। ਸਾਡੇ ਜ਼ਿੰਮੇ ਕੰਮ ਸੀ ਕਿ ਅਸਾਂ ਦੁਹਾਂ ਗਾਂ ਸਾਂਭਣੀ ਸੀ, ਹੋਰ ਕੰਮ ਨਹੀਂ ਸੀ ਤੇ ਉਂਜ ਸਭ ਕਾਸੇ ਦਾ ਧਿਆਨ ਰੱਖਣਾ (ਦੂਜੇ ਅਰਥਾਂ ਵਿਚ ਇਹ ਜਸੂਸੀ ਦਾ ਡਿਪਾਰਟਮੈਂਟ ਸੀ)

ਏਥੋਂ ਤੁਰ ਕੇ ਗਏ ਸਰਹੰਦ। ਓਦੋਂ ਸਾਡੇ ਨਾਲ ਨਾ ਮਸਤਾਨ ਸਿੰਘ ਸੀ

ਨਾ ਵਰਿਆਮ ਸਿੰਘ। ਓਦੋਂ ਸਾਂ ਮੈਂ, ਹਰਨਾਮ ਸਿੰਘ ਕੂੰਡਾ ਤੇ ਭਗਵਾਨ ਸਿੰਘ। ਪਹਿਲਾ ਹੱਲਾ ਤਾਂ ਏਥੇ ਹੀ ਬੋਲ ਗਿਆ ਕਿ ਚੋਰ ਆ ਗਏ। ਉਹਨਾਂ ਮਾਰੀਆਂ ਦੋ ਡਾਂਗਾਂ। ਸਾਡਾ ਡੇਰਾ ਸੀ ਖੱਤਰੀਆਂ ਦੇ ਨਾਲ। ਉਹਨਾਂ ਬਾਂ ਬਾਂ ਕਰ ਦਿਤੀ। ਮੈਂ ਉਠਿਆ ਤੇ ਸੋਟਾ ਫੜ ਲਿਆ, ਭਗਵਾਨ ਸਿੰਘ ਨਾ ਉਠਿਆ। ਹਰਨਾਮ ਸਿੰਘ ਦੇ ਹੱਥ ਵੀ ਸੋਟਾ ਸੀ। ਚੋਰ ਤਾ ਨੱਠ ਗਏ। ਫਿਰ ਠਾਣੇਦਾਰ ਆ ਗਿਆ। ਸਾਨੂੰ ਦਬਾਣ ਲੱਗ ਪਿਆ। ਅਸਾਂ ਆਖਿਆ: ਅਸਾਂ ਤਾਂ ਆਪਣਾ ਘਰ ਸਾਂਭਿਆ ਏ।

ਏਥੋਂ ਅਗਲੇ ਦਿਨ ਅਸੀਂ ਤਾਂਗਿਆਂ 'ਤੇ ਰੋਪੜ ਗਏ। ਰੋਪੜੋਂ ਅਸਾਂ ਕੀਤੀਆਂ ਖੱਚਰਾਂ। ਅਗੇ ਅਸੀਂ ਇਕ ਘੁਮਿਆਰ ਦੇ ਘਰ ਰਹੇ। ਮਹਾਰਾਜ ਜਗਜੀਤ ਸਿੰਘ ਆਖਣ ਮੈਂ ਖੱਚਰ ਤੇ ਨਹੀਂ ਚੜ੍ਹਨਾ। ਓਦੋਂ ਇਹ ਅਜੇ ਪੌਣੇ ਤਿੰਨ ਕੁ ਸਾਲਾਂ ਦੇ ਸਨ। ਮੈਂ ਫਿਰ ਇਹਨਾਂ ਨੂੰ ਮੋਢੇ 'ਤੇ ਚੁੱਕ ਲਿਆ। ਓਥੋਂ ਅਸੀਂ ਗਏ ਸਵਾਰ ਘਾਟ। ਏਥੋਂ ਪਹੁੰਚੇ ਬਲਾਸਪੁਰ। ਫੇਰ ਖੱਡ ਲੰਘ ਕੇ ਚੰਦੀਪੁਰ ਰਹੇ। ਓਥੋਂ ਤੁਰੇ ਤਾਂ ਸੁਕੇਤ ਅੱਪੜ ਗਏ।

ਫਿਰ ਇਹ ਮੇਰੇ ਜ਼ਿੰਮੇ ਕੰਮ ਲਗ ਗਿਆ ਕਿ ਮੈਂ ਬੇਬੇ ਜੀ ਕੋਲ ਰਹਿਣਾ, ਮੈਂ ਹੀ ਉਹਨਾਂ ਦੇ ਬਸਤਰ ਧੋਣੇ, ਮੈਂ ਹੀ ਇਹਨਾਂ ਬਿਅੰਤ ਜੀ ਨੂੰ ਖਿਡਾਣਾ। ਵਰਿਆਮ ਸਿੰਘ ਨੇ ਗਾਂ ਸਾਂਭਣੀ। ਫਿਰ ਇਹਨਾਂ ਸਾਰਿਆਂ ਨੂੰ ਤਾਪ ਚੜ੍ਹਨ ਲਗ ਪਿਆ। ਤਾਪ ਵੀ ਏਨਾ ਚੜ੍ਹਿਆ ਕਿ ਬਿਨਾ ਬੇਬੇ ਜੀ ਤੋਂ ਕੋਈ ਨਹੀਂ ਸੀ ਬਚਿਆ।

ਰਿਹਾਇਸ਼ ਓਦੋਂ ਸੁਕੇਤ ਦੇ ਭੋਜਪੁਰ ਬਾਜ਼ਾਰ 'ਚੋਂ ਲੰਘ ਕੇ ਕੁਛ ਪੈਲੀਆਂ ਦੀ ਵਾਟ 'ਤੇ ਇਕ ਬੰਗਲਾ ਸੀ, ਉਸ ਜਗਹ ਸੀ। ਅੱਗੇ ਬੇਬੇ ਜੀ ਦੇ ਬਸਤਰ ਗੁਰਦਿਤੀ ਖੇਮੀ ਹੁਰੀਂ ਧੋਂਦੀਆਂ ਸਨ। ਉਹਨਾਂ ਦੇ ਬਿਮਾਰ ਹੋ ਜਾਣ ਨਾਲ ਫਿਰ ਬਸਤਰ ਮੈਂ ਧੋਣੇ ਸ਼ੁਰੂ ਕਰ ਦਿਤੇ। ਮੇਰੇ ਇਹ ਕੰਮ ਕਰਦਿਆਂ ਬਿਅੰਤ ਜੀ ਨੂੰ ਵੀ ਬੁਖਾਰ ਹੋਣਾ ਸ਼ੁਰੂ ਹੋ ਗਿਆ। ਬੁਖਾਰ ਏਨਾ ਜ਼ਬਰਦਸਤ ਕਿ ਦੰਦਣਾਂ ਪੈ ਪੈ ਜਾਂਦੀਆਂ ਸਨ। ਇਕ ਦਿਨ ਤਾਂ ਬੇਬੇ ਜੀ ਦੀ ਉਂਗਲ ਦੰਦਾਂ 'ਚੋਂ ਕੱਢਣ ਲਈ ਪੱਖੀ ਦੀ ਡੰਡੀ ਵੀ ਦੰਦਾਂ ਵਿਚ ਅੜਾਣੀ ਪਈ। ਲੰਗਰ ਪਾਣੀ ਵੀ ਅਸੀਂ ਆਪ ਹੀ ਕਰਦੇ ਸਾਂ, ਧਾਰਾ ਸਿੰਘ ਲਾਂਗਰੀ ਵੀ ਬਿਮਾਰ ਸੀ। ਫਿਰ ਇਕ ਦਿਨ ਮੈਨੂੰ ਬੇਬੇ ਜੀ ਆਖਿਆ: ਹੋਰ ਤਾਂ ਕੋਈ ਆਖੇ ਲਗਦਾ ਨਹੀਂ। ਤੂੰ ਹੀ ਜਾਹ ਤੇ ਮੁੜਕੇ ਆਈਂ। ਜਦੋਂ ਪ੍ਰਸ਼ਾਦ ਪਾਣੀ ਪਕਾ ਕੇ ਮੈਂ ਤਿਆਰ ਹੋ ਗਿਆ। 22 ਭਾਦਰੋਂ ਨੂੰ ਮੈਂ ਤੁਰਦਾ ਹਾਂ ਉਥੋਂ।

**ਸੰਦੇਸ਼ ਵਾਹਕ:**

(ਸਤਿਗੁਰੂ ਜੀ ਨੂੰ ਏਥੋਂ ਸੁਕੇਤ ਦੀ ਹਾਲਤ ਦੱਸਣ ਜਾਣਾ ਸੀ) ਇਹਨਾ (ਬਿਅੰਤ ਜੀ) ਨੂੰ ਮੈਂ ਮੋਢੇ ਲਾ ਲਿਆ। ਕੂੰਡਾ ਮੇਰੇ ਨਾਲ ਆਇਆ। ਫਿਰ ਮੈਂ ਜੰਗਲ ਦੇ ਪੱਜ ਇਹਨਾਂ ਨੂੰ ਕੂੰਡੇ ਹੱਥ ਦੇ ਮੈਂ ਭੈਣੀ ਸਾਹਿਬ ਵਲ ਤੁਰ ਪਿਆ। ਜਗਾਤਖ਼ਾਨੇ

ਰਾਤ ਰਿਹਾ, ਫਿਰ ਰੋਪੜ ਆ ਗਿਆ। ਅੱਡੇ ਵਾਲਿਆਂ ਨੂੰ ਮੋਟਰ ਆਈ ਤੇ ਦੱਸਣ ਬਾਰੇ ਕਹਿ ਮੈਂ ਸੌਂ ਗਿਆ। ਜਦੋਂ ਉਠਿਆ ਤਾਂ ਮੋਟਰ ਜਾ ਚੁੱਕੀ ਸੀ। ਮੈਂ ਪੈਦਲ ਹੀ ਬਾਗਾਂ ਵਾਲੇ (ਮੁਰਿੰਡੇ) ਵਾਸਤੇ ਤੁਰ ਪਿਆ। ਪੰਜਾਂ ਮੀਲਾਂ ਤੇ ਇਕ ਮੋਟਰ, ਨਾਲੇ ਵਿਚ ਫਸੀ ਹੋਈ ਕਢਾਈ। ਉਸਦੇ ਮਾਲਕ ਤਾਂ ਨਹੀਂ ਸਨ ਚਾਂਹਦੇ ਪਰ ਡਰਾਈਵਰ ਸਿੱਖ ਸੀ, ਉਸ ਨੇ ਮੈਨੂੰ ਬਾਗਾਂ ਵਾਲੇ ਤਕ ਨਾਲ ਬਹਾਕੇ ਲੈ ਆਂਦਾ। ਏਥੇ ਮੈਂ ਅੱਡੇ ਵਾਲਿਆਂ ਨੂੰ ਮੋਨੋ ਦੇ ਚੱਲਣ ਦਾ ਵਕਤ ਪੁੱਛਿਆ। ਇਸਦੇ ਅੱਗੇ ਇਕ ਘੋੜਾ ਜੁਪਦਾ ਸੀ। ਇਕ ਪਹੀਆ ਪੱਕੀ ਅਤੇ ਇਕ ਕੱਚੀ ’ਤੇ ਜਾਂਦਾ ਸੀ। ਪੰਦਰਾਂ ਵੀਹ ਸਵਾਰੀਆਂ ਲੈ ਜਾਂਦੀ ਸੀ। ਉਹ ਮੈਨੂੰ ਆਂਹਦੈ: ਸਰਦਾਰਾ, ਅਜੇ ਅੱਧਾ ਫਰਲਾਂਗ ਨਹੀਂ ਗਈ। ਜਿਉਂ ਮੈਂ ਭੱਜਿਆ, ਉਹਨੂੰ ਦੋ ਫਰਲਾਂਗਾਂ ਤੇ ਆ ਫੜਿਆ। ਉਹ ਮੈਨੂੰ ਲੈ ਗਈ ਬੱਸੀ। ਬੱਸੀ ਵਾਲੇ ਅੱਗੇ ਜਾਣ ਨੂੰ ਤਿਆਰ ਨਹੀਂ ਸਨ। ਫਿਰ ਮੈਂ ਤੁਰ ਪਿਆ। ਦੋ ਮੀਲ ਤੁਰ ਗਿਆ ਹੋਵਾਂਗਾ ਕਿ ਅੱਗੇ ਗੱਡਿਆਂ ਵਾਲੇ ਮਿਲ ਪਏ। ਗੱਡੇ ਵਾਲਿਆਂ ਮੈਨੂੰ ਗੱਡੇ ’ਤੇ ਬਹਾ ਲਿਆ। ਮੈਂ ਦੱਸਿਆ ਕਿ ਸਰਹੰਦ ਬੱਸੀ ਜਾਣਾ ਹੈ। ਮੈਨੂੰ ਕਿਹੋ ਨੇ: ਗੱਡੇ ’ਤੇ ਲੰਮਾ ਪੈ ਜਾਹ। ਜਿਸ ਵੇਲੇ ਗਏ ਜੋਤੀ ਸਰੂਪ ਕੋਲ, ਉਥੋਂ ਮੁੜਦੈ ਮੋੜ ਸੜਕ ਦਾ, ਓਦੂੰ ਪਿਛੇ ਹੀ ਸਾਂ ਥੋੜ੍ਹਾ ਕੁ ਕਿ ਚੋਰ ਮਿਲ ਪਏ, ਉਹਨਾਂ ਮਾਰੀ ਜ਼ੋਰ ਦੀ ਡਾਂਗ ਮੂਹਰਲੇ ਨੂੰ। ਉਸ ਨੇ ਚੀਕ ਮਾਰੀ, “ਮੈਂ ਮਰ ਗਿਆ।” ਮੈਂ ਛੇਤੀ ਨਾਲ ਉਠਿਆ ਤੇ ਸੋਟਾ ਸੰਭਾਲ ਕੇ ਨਾਲ ਦੇ ਨੂੰ ਉਠਾਇਆ। ਮੈਂ ਅਗਲੇ ਨੂੰ ਹੱਲਾਸ਼ੇਰੀ ਦਿਤੀ, ਡਾਂਗ ਮਾਰ ਖਿੱਚ ਕੇ, ਅਸੀਂ ਵੀ ਆਏ। ਚੋਰ ਸੁਣ ਕੇ ਨੱਸ ਗਏ। ਉਹ ਸਾਨੂੰ ਕਹਿਣ ਲੱਗੇ: ਲੋ ਜੀ, ਸਾਡਾ ਹੱਕ ਤੁਸਾਂ ਮੋੜ ਦਿਤੈ। ਸਰਹੰਦ ਦੇ ਟੇਸ਼ਨ ’ਤੇ ਜਾ ਲੱਥਾ। ਮੈਂ ਪੁਲ ਉਪਰ ਜਾ ਕੇ ਥੋੜ੍ਹਾ ਚਿਰ ਸੌਂ ਗਿਆ। ਉਥੋਂ ਛੇ ਕੋਹ ਬੀੜ ਸੀ। ਸਤਿਗੁਰੂ ਉਥੇ ਨਿੱਤਨੇਮ ਕਰ ਰਹੇ ਸਨ। ਮੈਂ ਲੋਅ ਲਗਦੀ ਨੂੰ ਬੀੜ ਵਿਚ ਪਹੁੰਚ ਗਿਆ। ਸਤਿਗੁਰੂ ਨਿਤਨੇਮ ਕਰਕੇ ਉੱਠੇ ਸਨ। ਸਾਰਿਆਂ ਵਿਚ ਮੈਂ ਮਿਲਣਾ ਨਹੀਂ ਸੀ। ਹੁਕਮ ਈ ਏਸ ਤਰ੍ਹਾਂ ਦਾ ਸੀ। ਮੈਂ ਦੂਰੋਂ ਪੱਲਾ ਹਿਲਾਇਆ ਸਤਿਗੁਰੂ ਜੀ ਵੇਖ ਲਿਆ, ਦੂਜੀ ਸੰਗਤ ਇਹਨਾਂ ਤੋਰ ਦਿਤੀ। ਇਹ ਤੇ ਭਾਈ (ਵਜ਼ੀਰ ਸਿੰਘ) ਮੇਰੇ ਕੋਲ ਆਏ। ਮਿਲੇ ਤੇ ਮੈਂ ਇਕ ਚਿੱਠੀ ਦਿਤੀ। ਬੇਬੇ ਜੀ ਦੀ ਲਿਖੀ ਚਿੱਠੀ ਪੜ੍ਹੀਓ ਨੇ ਤੇ ਕਹਿਣ ਲੱਗੇ: “ਆ ਡੇਰੇ ਨੂੰ ਚੱਲੀਏ, ਫਿਰ ਸਲਾਹ ਕਰਦੇ ਆਂ।”

ਭਾਈ ਵਜ਼ੀਰ ਸਿੰਘ ਨੂੰ (ਸਤਿਗੁਰੂ ਜੀ) ਕਹਿਣ ਲੱਗੇ: “ਵਜ਼ੀਰ ਸਿੰਘਾ, ਮਰਨੋਂ ਨਹੀਂ ਡਰਿਆ ਚੌਧਾਂ ਪਹਿਰਾਂ ਵਿਚ ਆ ਗਿਆ ਏ। ਮੈਂ ਨਹਾ ਧੋ ਲਿਆ।” ਪਰਸ਼ਾਦਾ ਛਕ ਕੇ ਆਖਿਆ: “ਤੁਸੀਂ ਸਲਾਹ ਕਰ ਲਉ ਜੋ ਕਰਨੀ ਏ। ਤੁਸਾਂ ਮੈਨੂੰ ਘੋੜੇ ਤੇ ਚੜ੍ਹਾ ਕੇ ਸਰਹੰਦ ਭੇਜਣਾ ਏਂ, ਮੈਂ ਅੱਜ ਰੋਪੜ ਅਪੜਨਾ ਏਂ, ਮੈਂ ਵਾਹਦਾ ਕੀਤਾ ਹੋਇਆ ਏ।”

ਸਲਾਹ ਕਰਕੇ ਮੈਨੂੰ ਸੁੱਤੇ ਨੂੰ ਉਠਾਇਓ ਨੇ। ਕਹਿਣ ਲੱਗੇ: ਤੇਰੀ ਮਰਜ਼ੀ ਕੀ ਆਂਹਦੀ ਏ? ਮੈਂ ਆਖਿਆ: "ਜੀ ਮੇਰੀ ਮਰਜ਼ੀ ਤਾਂ ਆਂਹਦੀ ਏ ਕਿ ਰੂਸ ਤਾਂ ਜਦੋਂ ਆਊਣੈ, ਉਦੋਂ ਈ ਆਉਣੈਂ, ਸਾਡੇ ਭਾ ਦਾ ਤਾਂ ਹੁਣੇ ਈ ਆਇਆ ਪਿਐ। ਉਹ ਬਿਮਾਰ ਨੇ ਤੁਸੀਂ ਉਹਨਾਂ ਨੂੰ ਏਥੇ ਸੱਦ ਲਉ।" ਮੈਨੂੰ ਆਖਿਓ ਨੇ: "ਤੂੰ ਤੇ ਪੈ ਜਾ ਲੰਮਾ, ਸੁਖ ਲੈ, ਉਹਨਾਂ ਨੂੰ ਅਸੀਂ ਤਾਰ ਲਿਖ ਦਿੰਦੇ ਹਾਂ।"

ਤਾਰ ਚਲੀ ਗਈ। ਉਹ ਤਾਂ ਆ ਗਏ। ਬਿਅੰਤ ਜੀ ਤੇ ਬੇਬੇ ਜੀ ਪਾਲਕੀ, ਜਿਸਨੂੰ ਚਾਰ ਬੰਦੇ ਉਠਾ ਕੇ ਲਿਆਉਂਦੇ ਨੇ, ਵਿਚ ਬੈਠ ਕੇ ਰੋਪੜ ਆ ਗਏ। ਅਗੇ ਬੇੜੀ ਵਿਚ ਬਹਿ ਕੇ ਦੁਰਾਹੇ ਆ ਗਏ (ਸਰਹੰਦ ਨਹਿਰ ਵਿਚ ਦੀ) ਦੁਰਾਹਿਓਂ ਗੱਡੀ ਚੜ੍ਹ ਕੇ ਬੀੜ ਪਹੁੰਚ ਗਏ।

ਨੇੜਤਾ ਹੋਰ:

ਸਿੰਘ ਬੀੜ ਵਿਚ ਵੀ ਬਿਮਾਰ ਸਨ। ਮਹੀਨਾ ਭਰ ਰਹਿ ਕੇ ਕੱਤਕ ਵਿਚ ਸਤਿਗੁਰੂ ਜੀ ਕਹਿਣ ਲੱਗੇ: ਤੂੰ ਚੱਲ ਸਾਡੇ ਨਾਲ, ਮੈਂ ਦੌਰੇ ਜਾਣਾ ਏਂ। ਫਿਰ ਅਸੀਂ ਤੁਹਾਡੇ ਇਲਾਕੇ (ਜ਼ਿਲਾ ਲਾਹੌਰ) ਵਿਚ ਦੌਰਾ ਕੀਤਾ। ਇਕ ਦੋ ਮੇਲੇ ਸਨ ਉਹ ਹੋਏ। ਫਿਰ ਅਸੀਂ ਲਾਹੌਰ ਆਏ। ਰਾਤ ਨੂੰ ਬੈਠਿਆਂ ਸਤਿਗੁਰਾਂ ਆਖਿਆ: ਕਾਕਾ! ਕੰਮ ਤਾਂ ਕਈ ਕੀਤੇ ਨੇ, ਮੈਂ ਤੈਨੂੰ ਇਕ ਕੰਮ ਹੋਰ ਆਖਦਾ ਹਾਂ, ਤੂੰ ਭੈਣੀ ਸਾਹਿਬ ਜਾਣਾ ਏਂ। ਮੈਂ ਆਖਿਆ: ਜੀ, ਭੈਣੀ ਸਾਹਿਬ ਮੇਰਾ ਕੋਈ ਕੰਮ ਨਹੀਂ। ਮੈਂ ਤੁਹਾਡੇ ਕੋਲ ਰਹਿੰਦਾ ਹਾਂ ਕਦੇ ਊਠਾਂ ਵਿਚ, ਕਦੇ ਘੋੜਿਆਂ ਵਿਚ, ਆਜ਼ਾਦ ਬੰਦਾ ਹਾਂ, ਮੈਂ ਭੈਣੀ ਸਾਹਿਬ ਨਹੀਂ ਰਹਿਣਾ। ਮੈਂ ਦੋ ਵਾਰ ਜਵਾਬ ਦਿਤਾ ਤਾਂ ਆਖਣ ਲੱਗੇ: ਚੰਗਾ ਕੱਛ ਪਰਨਾ ਫੜ ਲੈ ਤੇ ਪਿੰਡ ਚਲਾ ਜਾਹ।

ਮੁਖ਼ਤਾਰੀ ਦਾ ਮੁੱਢ:

ਬਾਦਸ਼ਾਹੀ ਹੁਕਮ ਸੀ ਕੋਈ ਮਖ਼ੌਲ ਤਾਂ ਨਹੀਂ ਸੀ। ਮੈਂ ਕੱਛ ਪਰਨਾ ਲਿਆ, ਗੜਵਾ ਫੜਿਆ ਤੇ ਉਠ ਕੇ ਤੁਰ ਪਿਆ। ਮੇਰਾ ਦਿਲ ਨਾ ਮੰਨੇ ਭੈਣੀ ਸਾਹਿਬ ਆਉਣ ਵਾਸਤੇ। ਜਦੋਂ ਮੈਂ ਬਾਦਾਮੀ ਬਾਗੋਂ ਟਿਕਟ ਲੈਣ ਲੱਗਾ ਨਾ ਪਿੰਡ ਦੀ, ਫਿਰ ਵਜ਼ੀਰ ਸਿੰਘ ਨੂੰ ਕਹਿਓ ਨੇ ਕਿ ਜਦੋਂ ਟਿਕਟ ਲੈਣ ਲੱਗੇ ਨਾ ਪਿੰਡ ਦੀ, ਫੜ ਕੇ ਮੇਰੇ ਕੋਲ ਲੈ ਆਵੀਂ। ਉਹ ਖਿੱਚ ਲਿਆਇਆ। ਤਕੜਾ ਸੀ। ਮਹਾਰਾਜ ਜੀ ਕੋਲ ਫੇਰ ਆ ਗਏ। ਉਹਨਾਂ ਫਿਰ ਆਖਿਆ: ਤੈਨੂੰ ਭੈਣੀ ਸਾਹਿਬ ਈ ਜਾਣਾ ਪਊ। ਮੈਂ ਨਾਂਹ ਨੁੱਕਰ ਕੀਤੀ ਤਾਂ ਸਤਿਗੁਰਾਂ ਕਿਹਾ: ਮੈਂ ਜਦੋਂ ਵਿਆਹ ਕਰਵਾਇਆ ਸੀ ਓਦੋਂ ਈ ਸੋਚਿਆ ਸੀ ਕਿ ਜਦੋਂ ਮੇਰੇ ਪੁੱਤਰ ਜੰਮੂ ਮੈਂ ਗੁਰਮੁਖ ਸਿੰਘ ਨੂੰ ਸੰਭਾਲਾਂਗਾ। ਤੂੰ ਮੇਰੇ ਆਖੇ ਕਿਉਂ ਨਹੀਂ ਲੱਗਦਾ। ਫਿਰ ਭਾਈ ਨੇ ਵੀ ਜ਼ੋਰ ਦਿਤਾ।

ਮੈਂ ਸਤਿਗੁਰਾਂ ਨੂੰ ਅਰਜ਼ ਕੀਤੀ: ਜੇ ਮੈਂ ਜਾਣਾ ਏਂ ਤਾਂ ਕਿਸੇ ਜੱਟ ਦੀ ਬੋਲੀ

ਨਹੀਂ ਸਹਾਰਨੀ। ਕਈ ਜੱਟ ਨੇ ਜਿਹੜੇ ਤੁਹਾਡੇ ਰੁਕਦੇ ਨੇ। ਸਾਥੋਂ ਜੇ ਕਿਸੇ ਨਾਲ ਵਾਧਾ ਘਾਟਾ ਹੋ ਗਿਆ ਫਿਰ ਤੁਸੀਂ ਆਖੋ ਨਿਕਲ, ਤਾਂ ਅੱਜ ਈ ਨਾ ਘੱਲੋ। ਉਹਨਾਂ ਆਖਿਆ: ਜੋ ਮਰਜ਼ੀ ਊ ਕਰ, ਵਾਧਾ ਘਾਟਾ ਕਰ, ਪਰ ਕਾਕੇ ਨੂੰ ਸਾਂਭ ਜਾ ਕੇ। ਤੂੰ ਉਹਦੀ ਸੇਵਾ ਕਰਨੀ ਏਂ।

ਮੈਂ ਆਖਿਆ: ਚੰਗਾ ਫਿਰ ਜੇ ਤੁਸੀਂ ਏਸ ਤਰ੍ਹਾਂ ਹੀ ਆਖਦੇ ਹੋ। ਮੈਂ ਬਾਰਾਂ ਇਕ ਵਜੇ ਡੇਰੇ (ਭੈਣੀ ਸਾਹਿਬ) ਅੱਪੜ ਪਿਆ ਹਾਂ। ਲੰਗਰੋਂ ਪ੍ਰਸ਼ਾਦਾ ਛਕ ਕੇ ਗੱਦੀ ਸਾਹਿਬ ਵਾਲੇ ਚੁਬਾਰੇ ਜਾ ਪਿਆ।

ਜਿਸ ਦਿਨ ਮੈਂ ਜਾਨਾਂ ਉਸ ਤੜਕੇ ਵਾਲੇ ਦਿਨ ਮਹਾਰਾਜ ਬੀਰ ਸਿੰਘ ਦਾ ਜਨਮ ਐ।

ਅਗਲੇ ਦਿਨ ਮੈਂ ਗੱਦੀ ਸਾਹਿਬ ਵਾਲੇ ਚੁਬਾਰੇ ਵਿਚੋਂ ਉਠਿਆ। ਇਸ਼ਨਾਨ ਪਾਣੀ ਕੀਤੈ। ਪਰਸ਼ਾਦਾ ਛਕ ਕੇ ਤਬੇਲੇ ਚਲਿਆ ਜਾਨਾਂ। ਫੇਰ ਬੇਬੇ (ਭੁਪਿੰਦਰ ਕੌਰ) ਜੀ ਨੂੰ ਪਤਾ ਲਗਾ ਕਿ ਗੁਰਮੁਖ ਆ ਗਿਆ। ਉਹਨਾਂ ਸਿੰਘ ਘੱਲ ਕੇ ਸੱਦ ਲਿਆ। ਮੈਂ ਮੱਥਾ ਟੇਕਿਆ। ਮੈਨੂੰ ਓਹਨਾਂ ਆਖਿਆ: ਕਾਕਾ! ਤੂੰ ਸਾਂਭਣੈ ਆਪਣੇ ਭਰਾ ਨੂੰ, ਜਿਹੜਾ ਅਗੇ ਸੇਵਾ ਤੇ ਹੈ ਉਸ ਜਾਣਾ ਦੌਰੇ ਨਾਲ। ਉਹਨੂੰ ਲੈ ਜਾ ਬਾਹਰ, ਖਿਡਾ।

**ਜੱਟ ਖੜਕਾਈ:**

ਮੇਰੀ ਅੱਗੇ ਜਮਾਤ ਓਥੇ (ਭੈਣੀ ਸਾਹਿਬ) ਹੈ ਗੀ ਸੀ, ਐਵੇਂ ਆਖਾਂ ਪਿਆ ਨਹੀਂ। ਮੈਂ ਦੋ ਤਿੰਨ ਜੱਟ ਖੜਕਾ ਕੱਢੇ।

ਹਰਨਾਮ ਸਿੰਘ ਨੱਢਾ ਮਹੀਂ ਤੇ ਹੁੰਦਾ ਸੀ। ਉਸ ਖੇਲ ਧੋ ਬਣਾ ਕੇ ਪਾਣੀ ਦੀ ਭਰੀ (ਹਲਟੀ ਵਾਲੇ ਖੂਹ ਦੀ), ਜੁਆਹਰੇ ਨੇ ਆ ਕੇ ਮਹੀਆਂ ਆਪਣੀਆਂ ਲਾ ਦਿੱਤੀਆਂ (ਪਾਣੀ ਪੀਣ)। ਨੱਢਾ ਕਹਿੰਦਾ: ਵੇਖੋ ਜੱਟ ਹਟਦਾ ਨਹੀਂ। ਸਾਡਾ ਵੀ ਕੋਈ ਮੁੰਡਾ ਹੋਵੇ ਤਾਂ ਹਟਾਵੇ। ਮੈਂ ਇਹਨਾਂ (ਬਿਅੰਤ ਜੀ) ਨੂੰ ਉਂਗਲ ਲਾ ਕੇ ਖਿਡਾਨਾ ਪਿਆਂ। ਜਦੋਂ ਨੱਢੇ ਆਖਿਆ ਨਾ ਕਿ ਸਾਡਾ ਵੀ ਕੋਈ ਮੁੰਡਾ ਹੋਵੇ, ਮੈਂ ਇਹਨਾਂ (ਸਤਿਗੁਰਾਂ) ਨੂੰ ਆਖਿਆ: ਤੁਸੀਂ ਜ਼ਰਾ ਏਥੇ ਖਲੋ ਜਾਓ।

ਮੈਂ ਜੁਆਹਰੇ ਨੂੰ ਜਾ ਆਖਿਆ: ਜੁਆਹਰਿਆ! ਪਾਣੀ ਸਾਨੂੰ ਪਿਆ ਲੈਣ ਦਿਆ ਕਰੋ, ਜਦੋਂ ਅਸੀਂ ਪਾਣੀ ਪਿਆ ਲਿਆ ਕਰੀਏ, ਫਿਰ ਤੁਸੀਂ ਪਾਣੀ ਡਾਹ ਲਿਆ ਕਰੋ। ਅਸੀਂ ਸਾਰੇ ਪਿੰਡ ਨੂੰ ਨਹੀਂ ਡੱਕਦੇ। ਮੈਨੂੰ ਆਂਹਦੈ: ਤੁਸੀਂ ਕਿਹੜੇ ਹੁੰਦੇ ਓ, ਸੌ ਸੌ ਥਾਂ ਦੀ ਠੀਕਰੀ ਜੁੜੇ ਹੋਏ ਓ ਏਥੇ, ਚਵਲ ਜ਼ਮਾਨੇ ਦੀ ਰੋਅਬ ਪਾਂਦੈ ਜੱਟ। ਮੇਰੇ ਕੋਲ ਤਾਂ ਸੋਟਾ ਵੀ ਨਹੀਂ ਸੀ। ਨੱਢੇ ਕੋਲ ਸੀ ਦੋ ਕੁ ਹੱਥ ਦੀ ਪਰਾਣੀ। ਮੈਂ ਫੜ ਕੇ ਕੁੱਟ ਕੱਢਿਆ, ਉਹ ਬੰਦਾ ਸੀ ਮਾਈ ਜੀਊਣ ਕੌਰ ਦਾ। ਗੁਲਾਬੂ ਕਾ

ਟੱਬਰ ਵੱਜਦੈ ਉਹ। ਅੰਦਰੋਂ ਮਾਈ ਜੀ ਭੱਜੇ ਆਏ: ਉਹਦੀ ਪੱਗ ਲਹਿ ਗਈ, ਉਹਦੇ ਗਲ ਪੈ ਗਿਐਂ। ਤੂੰ ਆਂਦਿਆਂ ਹੀ ਚੰਨ ਚਾਹੜ ਦਿਤੈ। ਮੈਂ ਕਿਹਾ: ਜੀ ਜੇ ਰਹਿਣੈ ਤਾਂ ਗਾਲ੍ਹ ਨਹੀਂ ਲੈਣੀ। ਨਹੀਂ ਤਾਂ ਨਹੀਂ ਰਹਿਣਾ।

ਉਹਨਾਂ (ਮਾਈ ਜੀ) ਨੂੰ ਵੀ ਪਤਾ ਸੀ ਕਿ ਸਤਿਗੁਰੂ ਜੀ ਦਾ ਘੱਲਿਐ।

**ਗੁੱਜਰ ਦੀ ਸੇਵਾ:**

ਫੇਰ ਇਕ ਗੁੱਜਰ ਸੀ ਮੁਸਲਮਾਨ। ਉਹ ਬਾਗ਼ ਵਿਚ ਕੁੱਟ ਘੱਤਿਆ। ਉਸ ਕੀ ਕੀਤਾ? ਬਾਗ਼ ਵਾਲੇ ਖ਼ੂਹ ਵਿਚ ਸਾਡਾ ਗੜਵਾ ਸੀ। ਉਸਨੇ ਪਾਣੀ ਕੱਢ ਕੇ ਪੀਕੇ ਗੜਵਾ ਫਿਰ ਖ਼ੂਹ ਵਿਚ ਵਗਾ ਦਿਤਾ। ਮੈਨੂੰ ਬਾਗ ਵਾਲੇ ਦੱਸਿਆ ਕਿ ਰੌਸ਼ਨ ਗੜਵਾ ਕੱਢ, ਪਾਣੀ ਪੀ, ਫਿਰ ਖ਼ੂਹ ਵਿਚ ਸੁੱਟ ਗਿਆ ਹੈ। ਪਰ੍ਹਾਂ ਘੁਮੰਡੇ ਕੇ ਹਲ਼ ਵਗਦੇ ਸਨ। ਉਹ ਘੁਮੰਡੇ ਕਿਆਂ ਦਾ ਹਾਲੀ ਸੀ। ਮੈਂ ਉਥੇ ਜਾ ਚੰਬੜਿਆ। ਮੈਂ ਜਾ ਪਿਆ ਉਥੇ ਹੀ। ਉਹਦੇ ਹੱਥ ਵਿਚ ਪਰਾਣੀ ਸੀ। ਮੈਂ ਉਸੇ ਨਾਲ ਕੁੱਟ ਕਢਿਆ। ਫਿਰ ਉਹਦੀ ਪੱਗ ਈ ਉਹਦੇ ਗਲ ਪਾ ਕੇ ਇਕ ਥੰਮੇ ਨਾਲ ਲਿਆ ਬੰਨ੍ਹਿਆ। ਕਿੜ ਮੇਰੀ ਉਸ ਨਾਲ ਅੱਗੇ ਵੀ ਸੀ। ਮੈਂ ਵਾਹਵਾ ਉਸ ਨੂੰ ਕੁੱਟਿਆ। ਘੁਮੰਡੇ ਕੇ ਤਾਂ ਨਾ ਆਏ। ਹੋਰ ਜੱਟਾਂ ਆਕੇ ਛੁਡਾਇਆ। ਮੈਂ ਉਹਨਾਂ ਨੂੰ ਆਖਿਆ: ਇਹ ਏਨਾ ਵਧਿਐ ਕਿ ਸਾਡੇ ਖ਼ੂਹ ਤੇ ਆਕੇ ਸਾਡਾ ਈ ਸੁੱਚਾ ਗੜਵਾ ਕੱਢ ਕੇ ਮੁੜ ਸੁੱਟ ਦੇਵੇ।

**ਦਸੌਂਧੀ ਨਾਲ ਦੋ ਹੱਥ:**

ਆਥਣ ਨੂੰ ਬੈਠੇ ਆਂ ਬੰਚ 'ਤੇ। ਦਸੌਂਧੀ ਸਾਡਾ ਰਾਈਆਂ ਵਾਲੇ ਕੇਸ ਦਾ ਮੁਖ਼ਤਾਰ ਸੀ। ਉਹ ਵੀ ਬੈਠਾ ਹੋਇਆ ਸੀ। ਇਹ ਦਸੌਂਧੀ ਜੱਟ ਤੇ ਹਕੀਮ ਸੀ। ਮੈਨੂੰ ਆਂਹਦੈ: ਤੂੰ ਆਉਂਦੇ ਨੇ ਭੜਥੂ ਪਾ ਦਿਤਾ ਏ। ਗੁੱਜਰ ਮਗਰ ਸੌ ਡਾਂਗ ਏ। ਆਪਣਾ ਸਾਮਾ ਕਰ ਲੈ। ਮੈਂ ਕਿਹਾ: ਸੌ ਡਾਂਗ ਦਾ ਡਰ ਨਹੀਂ ਰਖਿਆ ਹੋਇਆ। ਗੱਲ ਇਹ ਐ ਕਿ ਉਸ ਸਾਡਾ ਖ਼ੂਹ ਵਿਚ ਵਗਿਆ ਗੜਵਾ ਕਿਉਂ ਕੱਢਿਐ। ਏਨਾ ਵਧੋਗੇ ਤਾਂ ਅਸੀਂ ਵੀ ਵਧਾਂਗੇ। ਝਗੜਦੇ ਝਗੜਦੇ ਝਗੜ ਪਏ। ਉਸ ਆਖਿਆ: ਤੈਨੂੰ ਪਤਾ ਲੱਗੇਗਾ ਜਦੋਂ ਠੁਕੀਆਂ। ਉਸ ਗੱਲ ਇਕ ਕੱਬੀ ਆਖੀ। ਮੈਂ ਲਾਹ ਕੇ ਸਿਰੋਂ ਪੱਗ ਥੱਲੇ ਸੁੱਟ ਲਿਆ ਤੇ ਚੰਗਾ ਠੋਕਿਆ। ਭਈਆ ਤੁਲਸਾ ਸਿੰਘ ਹੁੰਦਾ ਸੀ। ਉਹ ਉਠ ਕੇ ਛੁਡਾਣ ਆਇਆ। ਪੇਸ਼ ਨਾ ਜਾਂਦੀ ਵੇਖ ਮਾਈ ਜੀ ਕੋਲ ਗਿਆ। ਮਾਈ ਜੀ ਭੱਜੇ ਆਏ। ਮੈਂ ਛੱਡ ਦਿੱਤਾ। ਉਹ ਆਖੇ, ਮੈਂ ਤੈਨੂੰ ਦੱਸਾਂਗਾ ਪਤਾ, ਮੈਂ ਆਖਾਂ ਮੈਂ ਤੈਨੂੰ ਦੱਸਾਂਗਾ ਪਤਾ।

**ਮੁਖ਼ਤਾਰਨਾਮਾ ਟੁੱਟਾ:**

ਮੈਂ ਪਿਛੇ ਹਟ ਕੇ ਮਾਸਟਰ ਬਲਵੰਤ ਸਿੰਘ ਨੂੰ ਆਖਿਆ ਕਿ ਸਤਿਗੁਰਾਂ ਨੂੰ ਤਾਰ ਪਾ ਦਏ। ਓਦੋਂ ਗੁਰੂ ਕੇ ਖਜ਼ਾਨੇ ਦਾ ਮਾਲਕ ਮਾ: ਬਲਵੰਤ ਸਿੰਘ ਹੀ ਸੀ।

ਇਸ ਤੋਂ ਪਹਿਲੋਂ ਗੁਰਬਖ਼ਸ਼ ਸਿੰਘ ਮਾਲਕ ਸੀ। ਤਾਰ ਮਿਲਣ ਤੇ ਸਤਿਗੁਰੂ ਜੀ ਸੰਤ ਮੰਗਲ ਸਿੰਘ (ਮਸਤਾਨੇ) ਨੂੰ ਲੈ ਕੇ ਆ ਗਏ। ਆਉਂਦਿਆਂ ਸਾਰ ਸਤਿਗੁਰਾਂ ਨੇ ਮੰਗਲ ਸਿੰਘ ਨੂੰ ਵੀ ਵੀਰਮ ਦਾਸ ਨੂੰ ਨਾਲ ਲਿਜਾ ਕੇ ਦਸੌਂਧੀ ਦਾ ਮੁਖ਼ਤਾਰਨਾਮਾ ਤੁੜਾ ਦਿਤਾ ਤੇ ਮੰਗਲ ਸਿੰਘ ਨੂੰ ਮੁਖ਼ਤਾਰ ਬਣਾ ਦਿਤਾ।

**ਸ਼ਕਤੀ ਦਾ ਸਮਰਥਨ** :

ਫਿਰ ਇਹਨਾਂ (ਸਤਿਗੁਰਾਂ) ਮਾਈ ਜੀ ਦੀ ਗੱਲ ਸੁਣੀ। ਉਹਨਾਂ ਕਿਹਾ ਇਨ ਆਹ ਕੀਤਾ ਕਿ ਇਨ ਅਹੁ ਕੀਤਾ। ਸਤਿਗੁਰ ਆਖਣ ਲੱਗੇ: ਇਹ ਤਾਂ ਵਾਧੇ ਹੁਣ ਹੋਣਗੇ ਹੀ। ਤੁਸੀਂ ਇਸ ਗੱਲ 'ਤੇ ਨਾ ਘਬਰਾਓ। ਪਿੰਡ ਵਾਲੇ ਵੀ ਬਥੇਰੇ ਵਾਧੇ ਕਰਦੇ ਨੇ। ਜਿਹੜੇ ਸਿੱਖ ਨੇ ਮੇਰੇ, ਮੇਰੇ ਘਰ ਰਹਿੰਦੇ ਨੇ, ਉਹ ਮਾਲਕ ਨੇ ਇਸ ਘਰ ਦੇ। ਜੇ ਉਹ (ਪਿੰਡ ਦੇ ਜੱਟ) ਇਹਨਾਂ ਨੂੰ ਸੌ ਸੌ ਥਾਂ ਦੀ ਠੀਕਰੀ ਦੱਸਦੇ ਨੇ, ਤਾਂ ਇਹ ਗੱਲਾਂ ਹੋਣਗੀਆਂ ਹੀ। ਫੇਰ ਮੰਗਲ ਸਿੰਘ ਨੂੰ ਸਾਰਾ ਕੰਮ ਸੰਭਾਲ ਕੇ ਚਲੇ ਗਏ।

ਜਦੋਂ ਫੇਰ ਆਏ ਤਾਂ ਮੈਂ ਕਿਹਾ: ਮੈਨੂੰ ਦੌਰੇ ਲੈ ਚੱਲੋ। ਮੈਨੂੰ ਨਾਲ ਲੈ ਗਏ। ਫਿਰ ਦੌਰਾ ਕਰਦਿਆਂ ਕਰਦਿਆਂ ਅਸੀਂ ਭੈਣੀ ਸਾਹਿਬ ਆ ਗਏ। ਉਸ ਸਾਲ ਬੇਬੇ ਜੀ ਦਾ ਸਰੀਰ ਬਿਮਾਰ ਹੋ ਗਿਆ। ਮਹਾਰਾਜ ਬੀਰ ਸਿੰਘ ਦੇ ਜੰਮਣ ਸਾਰ ਹੀ ਬੁਖਾਰ ਹੋ ਗਿਆ। ਉਸ ਸਾਲ ਬਿਜਲੀਵਾਲ ਦਾ ਹੋਲਾ ਸੀ। ਬੇਬੇ ਜੀ ਨੂੰ ਲੈ ਕੇ ਨਹਿਰ 'ਤੇ ਚਲੇ ਗਏ। ਨਹਿਰ ਤੋਂ ਪਹਾੜ ਵਿਚ ਲੈ ਗਏ ਸਲੋਗੜ੍ਹੇ। ਸਾਨੂੰ ਤਾਂ ਹੁਕਮ ਹੋ ਗਿਆ ਫਿਰ ਅਮਰ ਸਿੰਘ 'ਮਾਲੂਵਾਲ', (ਇਹ ਤੇ ਗੁਰਦੇਵ ਸਿੰਘ ਢੋਟੀਆਂ ਹੁਣ ਵੀ ਕੋਲ ਬੈਠਾ ਸੀ) ਕੋਲ ਜਾਣ ਦਾ। ਪਹਾੜ ਵਿਚ ਅਸਾਂ ਫਿਰ ਬੇਬੇ ਜੀ ਦੀ ਸੇਵਾ ਕੀਤੀ। ਬਸਤਰ ਧੋਂਦੇ ਰਹੇ ਹਾਂ। ਉਹਨਾਂ ਦੀ ਮਾਂ ਬਿਰਧ ਸੀ ਉਸ ਨੂੰ ਆਖਿਆ: ਤੂੰ ਨਾ ਹੁਣ ਧੋ। ਅਗਲੀ ਗੱਲ ਤੁਹਾਨੂੰ ਦੱਸੀ ਏ।

ਫਿਰ ਮੈਂ ਭੈਣੀ ਸਾਹਿਬ ਦਾ ਮੁਖ਼ਤਾਰ ਬਣਿਆਂ। ਸਾਢੇ ਅੱਠ ਸਾਲ ਪਹਿਲਾਂ ਸਾਢੇ ਅੱਠ ਸਾਲ ਪਿੱਛੋਂ, ਸਤਾਰਾਂ ਸਾਲ ਮੈਂ ਡੇਰੇ ਦਾ ਮੁਖ਼ਤਾਰ ਰਿਹਾਂ। ਮੇਰੀ ਪਹਿਲੀ ਮੁਖ਼ਤਾਰੀ ਤੋਂ ਪਿਛੋਂ ਭਗਤ ਸਿੰਘ (ਘੋੜਿਆਂ ਵਾਲਾ) ਮੁਖ਼ਤਾਰ ਹੋਇਆ, ਚੱਠਾ ਹਜ਼ਾਰਾ ਸਿੰਘ ਹੋਇਆ, ਕਈ ਹੋਏ। ਮੈਂ ਸਾਢੇ ਅੱਠ ਸਾਲ ਪਹਿਲੇ ਭੁਗਤਾ ਕੇ ਜਦੋਂ ਪਿੰਡ ਜਾ ਰਿਹਾ ਫਿਰ ਹੀ ਇਹ ਮੁਖ਼ਤਾਰ ਹੋਏ।

ਮਹਾਰਾਜ ਨਿਹਾਲ ਸਿੰਘ ਤਿੰਨ ਵਾਰ ਮੁਖਤਾਰ ਬਣੇ। ਫਿਰ ਮੈਂ ਸਾਰੀ ਉਮਰ ਹੀ ਭੈਣੀ ਸਾਹਿਬ ਰਿਹਾ। ਦੂਜੀ ਮੁਖਤਾਰੀ ਪਿਛੋਂ ਮੈਂ ਸਿੱਧਾ ਕਰੀਵਾਲੇ ਆ ਗਿਆ। ਕਲੇਮਾਂ ਵਿਚ ਮੇਰੀ ਜ਼ਮੀਨ ਏਥੇ ਆ ਗਈ ਸੀ। ਦੋ ਮੁਰੱਬੇ ਜ਼ਮੀਨ ਸੀ। ਸਰੀਰ ਮੇਰਾ ਬਿਰਧ ਹੋ ਗਿਆ ਸੀ। ਅਸੀਂ ਓਧਰੋਂ ਮਾਰ ਖਾ ਕੇ ਨਿਕਲੇ ਸਾਂ। ਮੈਂ ਸਤਿਗੁਰਾਂ ਨੂੰ ਦੋ ਚਿੱਠੀਆਂ ਲਿਖੀਆਂ ਕਿ ਸਰੀਰ ਮੇਰਾ ਬਿਰਧ ਹੋ ਗਿਐ ਡੇਰੇ ਦਾ

ਕੰਮ ਜ਼ਿਆਦਾ ਏ।

ਮੈਂ ਫਿਰ ਓਥੋਂ ਬੰਨ੍ਹ ਕੇ ਸਾਮਾਨ ਤੇ ਬਿਸਤਰਾ ਗੱਡੇ 'ਤੇ ਧਰ ਕੇ ਤਾਰਾ ਸਿੰਘ ਬੱਲ੍ਹੂਆਣਾ (ਮਾਨਸਾ) ਤੋਂ ਗੱਡਾ ਜੁਆ ਲੁਧਿਆਣੇ ਆ ਗਿਆ।

**ਪਰਿਵਾਰਕ ਵੇਰਵਾ:**

ਜਥੇਦਾਰ ਗੁਰਮੁਖ ਸਿੰਘ ਝੱਬਰ –(79) – ਬੀਬੀ ਪ੍ਰੀਤਮ ਕੌਰ ਧਰਮ ਪਤਨੀ (ਸਪੁੱਤਰੀ) ਸੰਤ ਆਤਮਾ ਸਿੰਘ ਬੁਰਜਾਂ ਵਾਲੇ ਨੂੰਹਾਂ ਵੱਡੀ ਕਿਰਪਾਲ ਕੌਰ ਸਪੁੱਤਰੀ ਲਾਲ ਸਿੰਘ ਕੱਟਿਆਂ ਵਾਲੇ, ਛੋਟੀ ਅੰਮ੍ਰਿਤ ਕੌਰ ਪੁੱਤਰੀ ਚੰਨਣ ਸਿੰਘ, ਸੁਹੇਲ ਸਿੰਘ ਦੀ ਪੋਤਰੀ ਢੋਟੀਆਂ ਵਾਲੇ ਦੀ

ਲੜਕੇ: ਗੁਰਚਰਨ ਸਿੰਘ

ਸਵਰਨ ਸਿੰਘ

ਲੜਕੀਆਂ : ਜੀਤੋ, ਲੱਖੋ

**ਪ੍ਰੀਤਮ ਸਿੰਘ ਕਵੀ**

ਮੁਲਾਕਾਤ : 24.9.79

# ਅੰਤਿਕਾ-II

## ਜਥੇਦਾਰ ਗੁਰਮੁਖ ਸਿੰਘ ਝੱਬਰ ਨਾਲ ਦੋ ਮੁਲਾਕਾਤਾਂ

**ਮੁਲਾਕਾਤੀ : ਸ੍ਰੀ ਦਲੀਪ ਸਿੰਘ**

**ਪਹਿਲੀ ਮੁਲਾਕਾਤ : 27 ਮਾਘ, 2037 ਬਿਕ੍ਰਮੀ**

**ਮੁਤਾਬਿਕ 8 ਫਰਵਰੀ, 1981**

**ਸਥਾਨ : ਕਰੀਵਾਲਾ, ਜ਼ਿਲ੍ਹਾ ਸਿਰਸਾ (ਹਰਿਆਣਾ)**

? ਸੰਤ ਜੀ ਤੁਹਾਡਾ ਨਾਂ ਕੀ ਹੈ ?

– ਗੁਰਮੁਖ ਸਿੰਘ ਪਿਤਾ ਦਾ ਨਾਂ ਜਿਊਣ ਸਿੰਘ। ਮਾਤਾ ਹਰ ਕੌਰ। ਮੇਰਾ ਜਨਮ 1957 ਬਿਕ੍ਰਮੀ (20 ਹਾੜ), ਝੱਬਰ (ਜ਼ਿਲ੍ਹਾ ਸ਼ੇਖ਼ੂਪੁਰਾ, ਪਾਕਿਸਤਾਨ)। ਪਿਛਲਾ ਪਿੰਡ।

? ਭੈਣੀ ਸਾਹਿਬ ਕਦੋਂ ਆਏ ? ਕਿੰਨੇ ਸਾਲ ਸੇਵਾ ਕੀਤੀ ?

– ਮੇਰੀ ਪੈਦਾਇਸ਼ ਬੁੱਢੇ ਥੇਹ ਦੀ (ਭੋਮੇ ਵਡਾਲੇ ਕੋਲ ਉਮਰ ਪੁਰੇ ਦੇ ਨੇੜੇ ਪਿੰਡ ਸੀ, ਜ਼ਿਲ੍ਹਾ ਅੰਮ੍ਰਿਤਸਰ ਵਿਚ)। ਮੇਰੇ ਮਾਤਾ-ਪਿਤਾ ਉੱਥੋਂ ਮੈਨੂੰ ਲੈ ਆਏ। ਅੱਠਾਂ ਸਾਲਾਂ ਦਾ ਸਾਂ, ਜਦੋਂ ਮਾਤਾ ਪੂਰੀ ਹੋਈ (ਨਹੀਂ 6 ਸਾਲ ਦੇ ਸਨ ਬ੍ਰਿਧ ਅਵਸਥਾ ਕਾਰਨ ਵਰ੍ਹਿਆਂ ਦਾ ਟਪਲਾ ਲੱਗਦਾ ਹੈ) ਭੈਣੀ ਸਾਹਿਬ ਮੈਂ 7-8 ਸਾਲ ਦੀ ਉਮਰ ਵਿਚ ਗਿਆ। ਉਥੇ ਸੇਵਾ ਕਰਦਾ ਰਿਹਾ 7 ਜਾਂ ਸਾਢੇ ਸੱਤ ਸਾਲ, ਰੌਲੇ ਤੋਂ ਪਹਿਲਾਂ ਪਿੰਡ ਝੱਬਰੀਂ ਚਲਾ ਗਿਆ ਅਤੇ ਏਨਾ ਕੁ ਸਮਾਂ ਰੌਲੇ ਤੋਂ ਬਾਅਦ ਭੈਣੀ ਸਾਹਿਬ ਗੁਰੂ ਘਰ ਦੀ ਸੇਵਾ ਕੀਤੀ ਸਾਢੇ ਕੁ ਸੱਤ ਸਾਲਾਂ ਤੋਂ ਕੁਝ ਸਮਾਂ ਵੱਧ। (ਭਾਵ ਇਹ ਕਿ 40 ਸਾਲ ਗੁਰੂ ਘਰ ਦੀ ਸੇਵਾ ਕੀਤੀ)।

ਦਸ ਸਾਲਾਂ ਦੇ ਬੱਚੇ ਨੂੰ ਸਮਝ ਹੁੰਦੀ ਏ ਥੋੜ੍ਹੀ। ਦਸ ਸਾਲਾਂ ਦਾ ਸਾਂ ਦਰਸ਼ਨ ਕਰਨ ਜਾਣਾ ਚਲੇ ਜਾਣਾ। (1910 ਈਸਵੀ ਵਿਚ)। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ (ਸਤਿਗੁਰੂ ਪਰਤਾਪ ਸਿੰਘ ਜੀ) ਘੋੜਿਆਂ ਤੇ ਸਵਾਰ ਹੁੰਦੇ ਸੀ। ਨੇਜ਼ੇ ਬਾਜ਼ੀ ਦਾ ਬੜਾ ਸ਼ੌਂਕ ਸੀ। ਰਾਈਆਂ (ਭੈਣੀ ਸਾਹਿਬ ਦਾ ਗੁਆਂਢੀ ਪਿੰਡ) ਦਾ ਇਕ ਸਿੰਘ ਮੇਵਾ ਸਿੰਘ ਸੀ। ਉਹ ਫ਼ੌਜ ਵਿਚੋਂ ਆਇਆ ਤੇ ਸਤਿਗੁਰ ਉਸ ਨਾਲ ਖੇਡਾਂ ਕਰਦੇ। ਨੇਜ਼ੇਬਾਜ਼ੀ ਕਰਦੇ। ਭੱਜੇ ਜਾਂਦਿਆਂ ਘੋੜਿਆਂ ਤੋਂ ਹੀ ਬਾਂਹ ਲੰਮੀ ਕਰਕੇ ਰੁਮਾਲੀ ਚੁੱਕਣੀ। ਦਸ ਕਾਨੇ ਗੱਡ ਕੇ, ਉੱਤੇ ਨਿੰਬੂ ਰੱਖ ਕੇ, ਤਿੰਨਾਂ ਤੇ ਕਿਰਪਾਨ ਨਾਲ ਨਿੰਬੂ ਕੱਟ ਦੇਂਦੇ। ਘੋੜੇ ਨੂੰ ਕਿੱਡਾ ਖੱਬੀ ਖ਼ਾਨ ਹੋਵੇ, ਉਹਦੇ 'ਤੇ ਚੜ੍ਹਨਾ, ਹੱਥ

ਜਿੱਥੇ ਵੀ ਪੈ ਜਾਏ, ਧੌਣ ਤੇ ਵਾਲਾਂ ਤੇ ਉਹਨੂੰ ਫੜ ਲੈਣ।

"ਨਹਿਰ ਤੇ ਨਿੱਤਨੇਮ – ਪਹਿਲਾ ਚਾਲ੍ਹੀਆਂ"

ਬਾਬਾ ਬੀਰ ਸਿੰਘ ਚੁੰਨ੍ਹੀ ਵਾਲੇ ਨੂੰ ਸੱਦ ਲਿਆ। ਪੁਰਾਣੇ ਸਿੱਖ ਸੱਦ ਕੇ ਸੰਤਾ ਸਿੰਘ ਵੀਰ ਸਿੰਘ ਘੁੱਕੇ ਵਾਲੀਆ। ਪਹਿਲਾ ਨਿੱਤਨੇਮ 1910 ਜਾਂ 11 ਈਸਵੀ ਵਿਚ ਹੋਇਆ। (ਮੁਲਾਕਾਤ ਵਿਚ ਗੁਰਗੱਦੀ ਤੇ ਬੈਠਣ ਦੇ ਹਿਸਾਬ ਵਰ੍ਹੇ ਗਿਣਦੇ ਹਨ)।

ਨਥਾਣੀਆਂ ਹਰਨਾਮ ਸਿੰਘ ਸੇਵਕ ਸੀ ਇਸ ਸਮੇਂ ਸਤਿਗੁਰੂ ਜੀ ਦਾ। ਇਕ ਕਿਸ਼ਨ ਸਿੰਘ ਕੱਟੀ ਭੂਰੇ ਗਿੱਲਾਂ ਦਾ ਵੀ ਸੇਵਾ ਵਿਚ ਸੀ। ਸਤਿਗੁਰਾਂ ਦੇ ਕੁੱਪ ਦਾ ਮੂੰਹ (ਸਰਹੰਦ) ਨਹਿਰ ਵੱਲ ਸੀ। ਉਹਦੇ ਵਿਚ ਬਹਿ ਕੇ ਨਿਤਨੇਮ ਕਰਦੇ। ਫਿਰ ਅਖਾੜਾ। ਇੱਥੋਂ ਦੂਜੇ ਮੀਲ ਵਿਚ ਸੀ। ਉਸ ਵਿਚ ਜਾ ਕੇ ਕਸਰਤ ਕਰਨੀ। ਦੋ ਕਿੱਲੇ ਜ਼ਮੀਨ ਸੀ ਪਹਿਲਾਂ ਇਸ ਨਹਿਰ ਵਾਲੇ ਡੇਰੇ ਦੀ।

ਬਾਬੇ ਸੁੰਦਰ ਸਿੰਘ ਬੁਰਜ (ਮਾਲਵਾ) ਦੇ ਨੂੰ ਗੁਰੂ ਹਰੀ ਸਿੰਘ ਸੋਟੀ ਫੜਾਈ, ਗਾਂਈਂ ਨਹਿਰ 'ਤੇ ਚਾਰਨ ਲਈ। ਇਸ ਸ਼ਖ਼ਸ ਨੇ ਉੱਥੇ ਰੁੱਖ ਲਾਏ। ਸੜਕਾਂ ਬੰਨ੍ਹ ਦਿੱਤੀਆਂ। ਉਦੋਂ ਬਾਅਦ ਉਰਲਾ ਡੇਰਾ। ਫੇਰ ਪਹਿਲੇ ਡੇਰੇ ਤੇ ਜਿੱਥੇ ਬੜਾ ਚਿਰ ਰਹੇ ਫਸਾਦ ਹੋ ਗਿਆ। ਸਤਿਗੁਰ ਆਂਹਦੇ ਛੱਡ ਦੇਈਏ ਸਾਨੂੰ ਨਹੀਂ ਲੋੜ ਏਥੇ ਰਹਿਣ ਦੀ। ਫਿਰ ਮੁਕੱਦਮਾ ਚੱਲਦਾ ਸੀ, ਉਹ ਅਸੀਂ ਜਿੱਤ ਗਏ। ਫਿਰ ਉੱਥੇ ਬੜਾ ਚਿਰ ਰਹੇ। ਜਦੋਂ ਇਸਤੇਮਾਲ ਆਈ ਪੂਨੀਏ ਦੀ, ਉਦੋਂ ਅਸੀਂ ਡੇਰਾ ਉਹ ਛੱਡਿਆ ਤੇ ਜ਼ਮੀਨ ਉਰ੍ਹਾਂ ਲਿਆਏ।

ਜਿੰਨਾ ਚਿਰ ਬੀੜ ਨਹੀਂ ਮਿਲਿਆ, ਨਿੱਤਨੇਮ ਨਹਿਰ 'ਤੇ ਹੁੰਦਾ ਰਿਹਾ। ਜਦੋਂ ਬੀੜ ਮਿਲਿਆ ਫਿਰ ਨਿੱਤਨੇਮ ਉੱਥੇ ਹੋਣ ਲੱਗਾ।

ਬੀੜ (ਮਾਈ–ਸੂਬਾ) ਹੁਕਮੀ ਵਰਿਆਂਹ ਵਾਲੀ ਨੇ ਦੁਆਇਆ। ਉਹ ਭੈਣੀ ਸਾਹਿਬ ਰਹਿੰਦੀ ਸੀ। ਪੜ੍ਹੀ ਚੰਗੀ ਸੀ। (ਉਹਦੇ ਬਾਰੇ ਚੱਕਰਵਰਤੀ ਨੇ ਲਿਖਿਆ ਹੈ।) ਜਿੱਦਣ ਬੱਚਾ ਹੋਇਆ, ਸਤਿਗੁਰ ਕੱਕੜੀਂ ਬਾਰ ਵਾਲੇ ਸਨ। ਸਤਿਗੁਰਾਂ ਨੂੰ ਤਾਰ ਮਿਲੀ। ਦੌਰਾ ਵਿੱਚੇ ਛੱਡ ਕੇ ਸਤਿਗੁਰ ਨਾਭੇ ਗਏ। ਸਭ ਭੇਖ ਸੱਦੇ ਸਨ। ਓਥੇ ਪਾਠਾਂ ਦੇ ਭੋਗ ਪਏ। ਜਦੋਂ ਸਾਰੇ ਚਲੇ ਗਏ ਨਾਭੇ ਵਾਲੇ (ਮਹਾਰਾਜਾ) ਰਿਪੁਦਮਨ ਸਿੰਘ ਨੇ ਮਾਈ ਨੂੰ ਪੁੱਛਿਆ (ਕਿ ਉਹ ਕੀ ਸਤਿਕਾਰ ਭੇਟ ਸਤਿਗੁਰੂ ਜੀ ਦੀ ਕਰੇ ਜਿਹਨਾ ਦੀ ਕਿਰਪਾ ਨਾਲ ਉਹਦੇ ਘਰ ਬੱਚਾ ਹੋਇਆ ਸੀ, ਜੋ ਬਾਅਦ ਵਿਚ ਮਹਾਰਾਜਾ ਬਣਿਆ ਪਰਤਾਪ ਸਿੰਘ)। ਕੂਕਿਆਂ ਦੀ ਇਕ ਗੱਲ ਮੈਂ ਦੱਸਾਂ ਇਹ ਭਾਵੇਂ (ਇੱਥੋਂ) ਲੜ ਝਗੜ ਕੇ ਵੀ ਜਾਣ ਇਹਨਾਂ ਨੂੰ ਆਪਣਾ ਘਰ (ਭੈਣੀ ਸਾਹਿਬ) ਹੀ ਚੰਗਾ ਲਗਦਾ ਹੈ। ਮਾਈ (ਹੁਕਮੀ) ਆਖਿਆ ਬੀੜ ਦੇਹ। ਉਸ ਕਿਹਾ – ਪਸੰਦ ਕਰ ਲਉ। ਕੋਈ 200 ਮੁਰੱਬੇ ਦਾ ਬੀੜ ਸੀ ਕੋਈ 300 ਮੁਰੱਬੇ ਦਾ ਸੀ। ਇਹ 51

ਮੁਰੱਬਿਆਂ ਦਾ ਬੀੜ ਸੀ। ਸਤਿਗੁਰੂ ਜੀ (ਸੰਤ) ਆਲਾ ਸਿੰਘ (ਵਰਨ), (ਭਾਈ) ਵਜੀਰ ਸਿੰਘ, ਸੰਤ ਬਹਾਦਰ ਸਿੰਘ (ਕੱਟਿਆਂ ਵਾਲੇ), (ਸਾਰਾ ਹਜ਼ੂਰੀ ਜੱਥਾ) ਵੇਖਣ ਗਏ। ਇਸ ਵਿਚ ਇਕ ਚੋਅ ਵਗਦਾ ਰਹਿੰਦਾ ਸੀ – ਸੋ ਇਹ ਪਸੰਦ ਕੀਤਾ।

– ਪਹਿਲੇ ਕਈ ਕੰਮਾਂ ਤੋਂ ਮੈਨੂੰ ਹਟਾ ਕੇ, ਸੱਚੇ ਪਾਤਸ਼ਾਹ ਨੇ ਮੈਨੂੰ ਮਹਾਰਾਜ ਜਗਜੀਤ ਸਿੰਘ ਜੀ (ਜੋ ਉਦੋਂ ਬਾਲ–ਬੇਅੰਤ ਜੀ ਸਨ) ਦੀ ਸੇਵਾ ਵਿਚ ਲਾਇਆ। ਜਿਸ ਸਾਲ ਅਕਾਲੀਆਂ ਸਾਡੇ ਸਿੰਘਾਂ ਨੂੰ ਤਰਨ ਤਾਰਨ ਕੁੱਟਿਆ, ਪਹਾੜ ਵਿਚ ਗਏ ਆਂ ਮਹਾਰਾਜ ਜਗਜੀਤ ਸਿੰਘ ਨੂੰ ਲੈ ਕੇ। ਕੱਤੇ ਵਿਚ ਅਸੀਂ ਭੈਣੀ ਸਾਹਿਬ ਆਏ ਹਾਂ। ਸਾਢੇ ਚਹੁੰ ਸਾਲਾਂ ਦੇ ਸਨ ਜਦੋਂ ਰਾਗੀ ਹਰਨਾਮ ਸਿੰਘ ਦੇ ਸ਼ਗਿਰਦ ਬਣੇ। ਦੋ ਮਹੀਨੇ ਚਵਿੰਡੇ (ਅੰਮ੍ਰਿਤਸਰ ਜ਼ਿਲ੍ਹਾ) ਰਹੇ ਰਾਗੀ ਜੀ ਕੋਲ। ਫੇਰ ਗੜ੍ਹਦੀਵਾਲੇ ਦੋ ਸਾਲ ਰਹੇ। ਹੁਣ ਇਕ ਗੱਲ ਚੇਤੇ ਆਈ ਕਿ ਜਦੋਂ ਮਹਾਰਾਜ ਬੀਰ ਸਿੰਘ ਦਾ ਜਨਮ ਹੋਇਆ, ਤੁਹਾਡੀ ਦਾਦੀ (ਮਾਤਾ ਭੁਪਿੰਦਰ ਕੌਰ) ਨੂੰ ਸੂਤਕੀ ਬੁਖਾਰ ਹੋ ਗਿਆ। ਅਸੀਂ ਹਾੜ ਵਿਚ ਪਹਾੜ ’ਤੇ ਗਏ ਆਂ ਬੇਬੇ ਭੁਪਿੰਦਰ ਕੌਰ ਜੀ ਨਾਲ। ਸਾਉਣ ਵਿਚ ਅਸੀਂ ਆਏ। ਸਤਿਗੁਰਾਂ ਨੇ ਕਿਹਾ ਅਸੀਂ ਖੁਸ਼ਕ ਰਸਤੇ ਚੀਨ ਥਾਣੀਂ ਸਿਆਮ ਚਲੇ ਜਾਣਾ ਹੈ। ਮੈਨੂੰ ਮਾਲੂਵਾਲ (ਲਾਇਲਪੁਰ) ਮਹਾਰਾਜ ਜਗਜੀਤ ਸਿੰਘ ਦੇ ਕੇ ਤੋਰ ਦਿਤਾ। ਸਤਿਗੁਰਾਂ ਨਾਲ ਬਹਾਦਰ ਸਿੰਘ, ਮਸਤਾਨ ਸਿੰਘ (ਕਿਆਮਪੁਰ–ਸਿਆਲਕੋਟ), (ਇੰਦਰ ਸਿੰਘ) ਚੱਕਰਵਰਤੀ ਗਏ। ਭਾਈ ਵਜ਼ੀਰ ਸਿੰਘ ਨੂੰ ਛੱਡ ਗਏ। ਉਹਨੂੰ ਬੁਖਾਰ ਚੜ੍ਹ ਗਿਆ ਸੀ। ਉਹਨੂੰ ਕਹਿੰਦੇ – ਤੈਨੂੰ ਮੁਹਕਮ ਸਿੰਘ ਸਾਂਭੇਗਾ। ਪਰ ਮੈਨੂੰ ਭਾਈ (ਵਜ਼ੀਰ ਸਿੰਘ) ਕਹਿੰਦਾ – ਮੈਨੂੰ ਇਹਨੇ ਨਹੀਂ ਸਾਂਭਣਾ। ਸੋ ਮੈਂ (ਭਾਈ ਪਾਸ) ਭਗਤ ਸਿੰਘ ਨੂੰ ਛੱਡਿਆ। ਜਿੱਥੇ ਇਹਨਾਂ ਜਾਣਾ ਸੀ ਉੱਥੇ ਇਹਨਾਂ ਦੋਹਾਂ ਨੇ, ਸਤਿਗੁਰਾਂ ਨੂੰ ਮਿਲਣਾ ਸੀ। ਅੱਗੇ (ਪਹਾੜ ਵਿਚ) ਕਿਤੇ ਡਾਕਾ ਵੱਜਾ ਸੀ। ਅਫ਼ਸਰਾਂ ਨੇ ਆਖਿਆ ਕਿ ਹਰ ਨਵੇਂ ਆਉਣ ਵਾਲੇ ਦੀ ਤਫ਼ਤੀਸ਼ ਹੁੰਦੀ ਏ। ਪਿਛਾਂਹ ਮੁੜ ਜਾਉ। ਸੋ ਇਉਂ ਇਹ ਸਫ਼ਰ ਵਿਚੇ ਰਿਹਾ।

ਪੌਂਡਾਂ ਦਾ ਕਿੱਸਾ: ਪੌਂਡ ਸੋਨੇ ਦੇ ਹੁੰਦੇ ਸਨ। ਖਜ਼ਾਨੇ ਵਿਚ ਹੁੰਦੇ ਸਨ। ਖ਼ਜ਼ਾਨੇ ਦੀਆਂ ਕੁੰਜੀਆਂ, ਮਾਈ ਜੀਊਣ ਕੌਰ ਜੀ ਸਿਰਹਾਣੇ ਰੱਖ ਕੇ ਸੌਂਦੇ ਸਨ। ਖ਼ਜ਼ਾਨੇ ਵਿਚੋਂ ਪੌਂਡ ਚੋਰੀ ਹੋ ਗਏ। ਮਸਤਾਨ ਸਿੰਘ ਕਿਆਮਪੁਰੀਆ ਡੇਰੇ ਦਾ ਮੁਖ਼ਤਿਆਰ ਸੀ। ਸਤਿਗੁਰੂ ਜੀ ਨੇ ਉਹਨੂੰ ਪੁੱਛਿਆ ਤਾਂ ਉਸ ਕਿਹਾ ਕਿ ਮਾਈ ਜੀ ਦੇ ਸਿਰਹਾਣਿਉਂ ਕੁੰਜੀਆਂ ਮਹਾਰਾਜ ਨਿਹਾਲ ਸਿੰਘ ਹੋਰਾਂ ਤੋਂ ਬਿਨਾਂ ਹੋਰ ਕੌਣ ਚੁੱਕ ਸਕਦਾ ਹੈ। ਝੂਠਾ ਦੋਸ਼ ਉਸ ਮਹਾਰਾਜ ਜੀ ’ਤੇ ਲਾ ਦਿੱਤਾ। ਉਹ ਰੁੱਸ ਕੇ ਭੈਣੀ ਸਾਹਿਬ ਤੋਂ ਲਾਹੌਰ ਚਲੇ ਗਏ। ਬਾਅਦ ਵਿਚ ਗੱਲ ਸਾਫ਼ ਹੋਣ ਤੇ ਮਸਤਾਨ ਸਿੰਘ ਹੋਰਾਂ ਦੀ ਵੀ ਡੇਰੇ ਵਿਚੋਂ ਛੁੱਟੀ ਹੋ ਗਈ।

ਸਤਿਗੁਰ ਬੀੜ ਤੋਂ ਆ ਕੇ ਬੇਬੇ ਜੀ ਨੂੰ ਮਿਲੇ ਅਤੇ ਫਿਰ ਬਿਨਾਂ ਕਿਸੇ ਨੂੰ ਦੱਸਿਆਂ, ਗੜ੍ਹਦੀਵਾਲੇ ਚਲੇ ਗਏ। ਮਾਈ (ਜਿਊਣ ਕੌਰ) ਜੀ ਨੇ ਸੰਤਾ ਸਿੰਘ ਘੁਮਿਆਰ ਸਿੱਖ, ਬੇਬੇ ਦਿਆਲਾਂ ਦੇ ਪੁੱਤਰ ਨੂੰ ਮੋਟਰ ਸਾਈਕਲ 'ਤੇ ਭੇਜਿਆ ਕਿ ਸਤਿਗੁਰੂ ਜੀ ਨੂੰ ਖ਼ਬਰ ਕਰੇ – ਬੇਬੇ ਭੁਪਿੰਦਰ ਕੌਰ ਜੀ ਚੜ੍ਹ ਗਏ ਹਨ। ਸੰਤਾ ਸਿੰਘ ਜਲੰਧਰ ਜਾ ਕੇ ਹੈਜੇ ਨਾਲ ਮਰ ਗਿਆ। ਗੜ੍ਹਦੀਵਾਲੇ ਦਾ ਹੋਰ ਕਿਸੇ ਨੂੰ ਪਤਾ ਨਹੀਂ ਸੀ ਸਤਿਗੁਰਾਂ ਤੋਂ ਬਿਨਾਂ। ਸਤਿਗੁਰ ਤੇ ਉਹਨਾਂ ਦਾ ਜੱਥਾ ਗੜ੍ਹਦੀਵਾਲੇ ਸੀ। ਕੋਠੀ (ਬਾਗ ਵਾਲੀ) ਵਾਲੇ ਲੰਗਰ ਦੇ ਕੋਠੇ ਵਿਚ, ਮਾਤਾ ਭੁਪਿੰਦਰ ਕੌਰ ਨੇ ਚੜ੍ਹਾਈ ਕੀਤੀ। ਸਤਿਗੁਰੂ ਜੀ ਸਸਕਾਰ ਤੇ ਨਹੀਂ ਪੁੱਜੇ।

ਹਰਨਾਮ ਸਿੰਘ ਰਾਗੀ ਤੇ ਅਸੀਂ ਬੇਅੰਤ ਜੀ ਸਣੇ ਤਿੰਨ ਸਾਲ ਹੀ ਗੜ੍ਹਦੀਵਾਲੇ ਰਹੇ। ਮਹਾਰਾਜ ਬੀਰ ਸਿੰਘ, ਮਹੰਤ ਸੇਵਾ ਸਿੰਘ, ਮਾਈ ਕਿਸ਼ਨ ਕੌਰ ਤੇ ਦਾਦੀ (ਮਾਤਾ ਜਿਊਣ ਕੌਰ), ਕੋਲ ਭੈਣੀ ਸਾਹਿਬ ਹੀ ਰਹੇ। ਮਾਤਾ ਜਿਊਣ ਕੌਰ (ਮੈਨੂੰ) ਕਹਿੰਦੇ ਸਨ ਕਿ ਤੂੰ ਇਹਨਾਂ ਨੂੰ ਆਂਹਦਾ ਨਹੀਂ ਘਰ ਆਉਣ। ਬਾਹਰ ਬਾਹਰ ਫਿਰਦੇ ਹੋ।

ਇਕ ਗਊ, ਇਕ ਮੱਝ, ਡੇਰੇ ਗੜ੍ਹਦੀਵਾਲੇ ਰੱਖਦੇ ਸਾਂ। ਮੈਂ ਬਾਜ਼ਾਰ ਗਿਆ ਕੋਈ ਸੌਦਾ ਸੂਤ ਲੈਣ ਵਾਸਤੇ। ਗਾਂ ਬਸੰਤੇ ਦੇ ਖੇਤ 'ਚ ਪੈ ਗਈ। ਉਸ ਰੱਸਾ ਲਾਹ ਲਿਆ। ਇਕ ਲਾਲ ਸਿੰਘ ਹੁੰਦਾ ਸੀ 'ਤੁਸ਼ਈ', ਤੂਸ਼ ਵਜਾਉਣ ਕਾਰਨ ਇਹ ਨਾਂ ਉਹਦਾ ਪਿਆ ਸੀ। ਉਹ ਤੇ ਮਹਾਰਾਜ ਜਗਜੀਤ ਸਿੰਘ ਰੱਸਾ ਲੈਣ ਗਏ। ਬਸੰਤੇ ਦਾ ਨਾਲ ਹੀ ਖੇਤ ਸੀ। ਰੱਸਾ ਨਾ ਲੱਭਿਆ। ਮੈਂ ਆਇਆ ਤਾਂ (ਸਾਰੀ ਗੱਲ ਸੁਣਕੇ) ਮੈਂ ਵੀ ਉਹਦੀ ਪੈਲੀ ਵਿਚ ਅੱਪੜ ਗਿਆ ਤੇ ਉਹਦੀ ਹਲ਼ ਪੰਜਾਲੀ ਚੁੱਕ ਲਿਆਇਆ।

ਅਗਲੇ ਦਿਨ ਸਵੇਰੇ ਬਸੰਤੇ ਦੇ ਮੋਢੇ ਤੇ ਕੁਹਾੜੀ, ਗਾਹਲਾਂ ਕੱਢਦਾ ਆਵੇ। ਭਾਈ ਹਰਨਾਮ ਸਿੰਘ ਰਾਗੀ ਸਾਡੇ ਵਿਚ ਮੰਨਿਆ ਪਰਮੰਨਿਆ ਲੜਾਕਾ ਸੀ। (ਪਰ ਉਸ ਇਲਾਕੇ ਵਿਚ ਬਸੰਤੇ ਦਾ – ਜਿਹਨੂੰ ਬਸੰਤਾ ਅਕਾਲੀ ਕਹਿੰਦੇ ਸਨ – ਭੈਅ ਹੀ ਏਨਾ ਸੀ ਕਿ ਉਹ ਆਪਣੀ ਡਾਂਗ ਕਿਸੇ ਹੱਥ ਬਾਜ਼ਾਰ ਵਿਚ ਭੇਜ ਦਿੰਦਾ ਤੇ ਮੂੰਹ ਮੰਗੀ ਰਸਦ ਦੁਕਾਨਦਾਰ ਬਿਨਾਂ ਕੁਝ ਲਿਆਂ ਡਾਂਗ ਨਾਲ ਬੰਨ੍ਹ ਦਿਆ ਕਰਦੇ ਸਨ) – ਸੋ ਭਾਈ ਹਰਨਾਮ ਸਿੰਘ ਵੀ ਅੱਗੇ ਨਾ ਹੋਇਆ। ਮੈਂ ਬਾਲੀ ਤੇ ਰਾਮ ਚੰਦਰ ਜੀ ਦੀ ਕਥਾ ਸੁਣੀ ਸੀ, ਕਿਵੇਂ ਤੀਰ ਉਹਨਾਂ ਬਾਲੀ ਨੂੰ ਰੁੱਖ ਦੇ ਉਹਲੇ ਹੋ ਕੇ ਮਾਰਿਆ ਸੀ। ਸਾਡੇ ਡੇਰੇ ਵਿਚ ਵੀ ਤੂਤ ਦਾ ਰੁੱਖ ਸੀ। ਮੈਂ ਉਹਦੇ ਉਹਲੇ ਹੋ ਗਿਆ। ਜਦੋਂ ਕੋਲੋਂ ਲੰਘਣ ਲੱਗਾ, ਸੋਟਾ ਮਾਰਿਆ। ਡਿੱਗ ਪਿਆ। ਦੋ-ਤਿੰਨ ਹੋਰ ਮਾਰੇ। ਮੈਂ ਦਬਕਾਇਆ। ਓਥੇ ਇਕ ਬੂੜ ਸਿੰਘ ਚੌਧਰੀ, ਸਤਿਗੁਰ ਮੇਰਾ ਜਾਣੂ

ਕਰਵਾ ਆਏ ਸੀ। ਮੈਂ ਉਹਨੂੰ ਜਾ ਕਿਹਾ – ਬਸੰਤੇ ਨੂੰ ਕੁੱਟ ਕੱਢਿਆ ਏ। ਉਸ ਕਿਹਾ – ਕੋਈ ਗੱਲ ਨਹੀਂ। ਇਹ ਸਾਰੇ ਗੜ੍ਹਦੀਵਾਲੇ ਨੂੰ ਕੁੱਟਦਾ ਸੀ। ਫਿਰ ਸਤਿਗੁਰ ਆਏ। ਅਸੀਂ ਅਰਜ਼ ਕਰਕੇ ਭੈਣੀ ਸਾਹਿਬ ਆ ਗਏ।

ਫੇਰ ਸਾਢੇ ਅੱਠ ਵਰ੍ਹੇ ਭੈਣੀ ਸਾਹਿਬ (ਰਹਿੰਦਿਆਂ) ਰਾਈਆਂ ਦਾ ਮੁਕਦਮਾ ਮੈਂ ਮੁਖਤਿਆਰ ਸਤਿਗੁਰਾਂ ਵਲੋਂ ਬਣ ਕੇ ਲੜਿਆ। ਅਸੀਂ ਮੁਕੱਦਮਾ ਅਦਾਲਤੋਂ (ਪੰਜਾਬ ਹਾਈਕੋਰਟ ਲਾਹੌਰ) ਹਾਰ ਗਏ। ਇਕ ਮਾਘੀ ਚਮਿਆਰ ਸੀ ਭੈਣੀ ਸਾਹਿਬ ਦੇ ਰਵਿਦਾਸੀਆਂ ਸਿੰਘਾਂ ਦਾ ਵਡੇਰਾ। ਭੈਣੀ ਸਾਹਿਬ ਦੇ ਆਲੇ ਦੁਆਲੇ ਪੰਜ ਪਿੰਡ ਰਾਇ ਗੋਤ ਦੇ ਜੱਟਾਂ ਦੇ ਹਨ: ਰਾਈਆਂ, ਭੈਣੀ ਸਾਹਿਬ, ਚੱਕ ਸਰਬਨ ਨਾਥ ਹੀਰਾਂ ਅਤੇ ਮੰਜਾਲੀਆਂ...। ਮੈਨੂੰ ਮਾਘੀ ਆਖਣ ਲੱਗਾ ਜੇ ਅਸੀਂ ਪੰਜਾਂ ਹੀ ਪਿੰਡਾਂ ਦੀਆਂ ਪੰਚਾਇਤਾਂ ਲੈ ਆਈਏ ਤੁਸੀਂ ਮੰਨ ਜਾਓਗੇ। ਮੈਂ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਇਹ ਲੋਕ ਹੁਣ ਇਸ ਤਰ੍ਹਾਂ ਆਂਹਦੇ ਹਨ। ਉਹਨਾਂ ਕਿਹਾ – ਤੇਰੀ ਕੀ ਰਾਇ ਹੈ। ਮੈਂ ਆਖਿਆ ਜੀ ਮੁਕੱਦਮਾ ਤਾਂ ਹੁਣ ਆਪਾਂ ਨੂੰ ਵਲਾਇਤ (ਪ੍ਰੀਵੀ ਕੌਂਸਲ) ਵਿਚ ਕਰਨਾ ਪਵੇਗਾ। ਜੇ ਉਹ ਸ਼ਰਨ ਆ ਜਾਣ ਤਾਂ ਆਪ ਬਖ਼ਸ਼ਿੰਦ ਹੋ। ਸਾਧ ਸੰਗਤ ਦਾ ਭਜਨ ਬਾਣੀ ਦਾ ਸਮਾਂ, ਲੜਾਈ ਝਗੜਿਆਂ ਵਿਚ ਤੇ ਲੰਗਰ ਦੀ ਮਾਇਆ ਮੁਕੱਦਮੇਬਾਜ਼ੀ ਵਿਚ ਲੱਗਦੀ ਹੈ। ਮੈਨੂੰ ਹੁਕਮ ਹੋ ਗਿਆ। ਮੈਂ ਮਾਘੀ ਨੂੰ ਕਿਹਾ ਕਿ ਸਾਧ ਪੰਚਾਇਤਾਂ ਸਣੇ ਦੀਵਾਨ ਵਿਚ ਆ ਜਾਵੇ। ਪੰਜਾਂ ਪਿੰਡਾਂ ਦੀਆਂ ਪੰਚਾਇਤਾਂ ਆਈਆਂ ਅਤੇ ਗੋਪਾਲ ਦਾਸ ਨੇ ਕੁੰਜੀਆਂ (ਡੇਰੇ ਰਾਈਆਂ ਵਾਲੇ ਦੀਆਂ, ਜਿਸ ਦੀ 1400 ਕੱਚਾ ਵਿੱਘਾ ਜ਼ਮੀਨ ਸੀ) ਮੱਥਾ ਟੇਕ ਕੇ ਕਿਹਾ – ਜੀ ਭਾਵੇਂ ਮੈਨੂੰ ਦੇ ਦਿਉ ਭਾਵੇਂ ਵੀਰਮ ਦਾਸ ਨੂੰ। (ਵੀਰਮ ਦਾਸ ਉਰਫ਼ ਵੀਰ ਸਿੰਘ 'ਜਹਾਨ' ਜੋ ਸੰਤ ਗੁਰਦੇਵ ਸਿੰਘ 'ਮਾਂਗਟ ਪਿੰਡ ਰਾਮਪੁਰ ਦਾ ਤਾਇਆ ਸੀ, ਨਾਮਧਾਰੀਆਂ ਵੱਲੋਂ ਇਹ ਮੁਕੱਦਮਾ ਮੁਖਤਿਆਰ ਬਣ ਕੇ ਲੜਦਾ ਸੀ)। ਸਤਿਗੁਰਾਂ ਨੇ ਕੁੰਜੀਆਂ ਗੋਪਾਲ ਦਾਸ ਨੂੰ ਫੜਾ ਦਿੱਤੀਆਂ। ਫਿਰ ਮੈਂ ਅਰਜ਼ ਕੀਤੀ – ਜੀ ਤੁਹਾਡੇ ਦਰਬਾਰ ਵਿਚੋਂ ਹੁਣ ਸਾਧ ਨੂੰ, ਜ਼ਰਾ ਮਾਣ ਤਾਣ ਨਾਲ ਵਾਪਸ ਮੋੜੀਏ। ਅਰਜ਼ ਪਰਵਾਨ ਹੋਈ। ਇਕ ਗੱਡਾ ਜਿਸ ਤੇ 20 ਮਣ ਕਣਕ ਲੱਦੀ, ਬੈਲਾਂ ਦੀ ਜੋੜੀ, ਮੱਝ ਸਣੇ ਦਿਤਾ ਅਤੇ ਇਕ ਘੋੜੀ 'ਤੇ ਚੜ੍ਹਾ ਕੇ ਮਹੰਤ (ਗੋਪਾਲ ਦਾਸ) ਨੂੰ ਵਾਪਸ ਘੱਲਿਆ।

ਪਹਿਲੇ ਹਵਨ ਯੱਗ ਦੀ ਲੀਲ੍ਹਾ ਕਹੀ ਨਹੀਂ ਜਾਂਦੀ। ਬੜੇ ਬੜੇ ਮੇਲੇ ਹੋਏ। ਫਿਰ ਨਾਨਕ ਸੰਪਰਦਾ (ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ – ਸ੍ਰੀ ਭੈਣੀ ਸਾਹਿਬ, 1934 ਈ.)। ਲਉਢੇ ਵੇਲੇ ਦੇ ਦੀਵਾਨ ਵਿਚ ਜੋਧ ਸਿੰਘ ਪ੍ਰੋਫ਼ੈਸਰ, ਪੰਡਾਲ ਵਿਚ ਕਥਾ ਕਰਦਾ ਤੇ ਅਰਦਾਸ ਪਾਤਸ਼ਾਹੀ ਦਸਵੀਂ ਦੀ। ਪਹਿਲੇ ਪਹਿਰ ਦੇ ਦੀਵਾਨ ਵਿਚ ਅਰਦਾਸ ਪਾਤਸ਼ਾਹੀ ਬਾਰ੍ਹਵੀਂ ਦੀ ਹੁੰਦੀ। ਉਹ ਗਿਆਰਾਂ ਦਿਨ

ਸੱਚਖੰਡ ਬਣਿਆ ਰਿਹਾ। ਉਂਜ ਤੇ ਭੈਣੀ ਸਾਹਿਬ ਸਦਾ ਹੀ ਸੱਚਖੰਡ ਹੁੰਦਾ ਹੈ।

ਫੇਰ ਜਦੋਂ ਭੈਣੀ ਸਾਹਿਬ ਫਤੇਹ ਸਿੰਘ ਮੰਗਈ (ਮਾਂਗਾ- ਜ਼ਿਲ੍ਹਾ ਲਾਹੌਰ) ਆਦਿ ਦੇ ਜਥੇ ਆਉਣੇ। ਇਕ ਨੱਥਾ ਸਿੰਘ ਲੋਪੋਕਿਆਂ ਦਾ ਹੁੰਦਾ ਸੀ। ਉਸ (ਦਰੋਗਾ) ਦੁੰਮਣ ਸਿੰਘ ਹੋਰੀਂ ਸਿੱਖ ਸਜਾਏ। ਇਕ ਜੌਹਲਾਂ ਦੇ ਵਡਾਲੇ (ਅੰਮ੍ਰਿਤਸਰ) ਦਾ ਮੋਹਨ ਸਿੰਘ ਵੀ ਸਿੱਖ ਸਜਾਇਆ। ਸਤਿਗੁਰਾਂ ਨੂੰ ਤੂਸ਼ (ਤਾਊਸ਼) ਦਾ ਅਸ਼ਕ ਲੱਗਾ। ਤੜਕੇ ਸਤਿਗੁਰਾਂ ਤੂਸ਼ ਵਜਾਉਣਾ। ਮੋਹਨ ਸਿੰਘ ਵਡਾਲੇ ਵਾਲੇ ਘੁੰਗਰੂ ਬੰਨ੍ਹ ਕੇ ਨੱਚਣਾ। ਉਹਦੀ ਸੁਰ ਉਤੋਂ ਤੱਕ ਜਾਂਦੀ ਸੀ। (ਸੰਤ) ਆਲਾ ਸਿੰਘ ਹੋਰਾਂ ਦੀ ਵੀ ਚੰਗੀ ਸੁਰ ਸੀ। ਏਨੀ ਮੈਂ ਮੋਹਨ ਸਿੰਘ ਦੀ ਸਤਿਗੁਰਾਂ ਨਾਲ ਬਣੀ ਵੇਖੀ। ਜਿਹਦੇ ਨਾਲ ਖਲੋ ਜਾਣ, ਉਹਨੂੰ ਬਖ਼ਸ਼ ਦੇਂਦੇ ਸਨ ਭਾਵੇਂ ਦੂਜੇ ਕਹਿਣ ਇਹਨੂੰ ਨਹੀਂ ਬਖ਼ਸ਼ਣਗੇ। ਸੱਦੋ ਵਾਲ (ਲਾਇਲਪੁਰ) ਸੂਏ ਤੇ ਬੈਠੇ - ਉਹਦੇ ਤੇ ਬੜੀ ਕਿਰਪਾ ਸੀ। ਇਕ ਤੁਹਾਡਾ - ਗੁਰੂ-ਪੀਰਾਂ ਦਾ ਯਾਰ ਵੀ ਹੁੰਦਾ ਹੈ। ਉਹਨੂੰ ਕਹਿੰਦੇ - ਆ ਮੋਹਨ ਸਿੰਘ! ਅੱਜ ਤੇਰੇ ਨਾਲ ਰਲ ਕੇ ਪਰਸ਼ਾਦਾ ਛਕੀਏ। ਉਸ ਕਿਹਾ - ਅਸੀਂ ਕਿੰਨੇ ਬੈਠੇ ਹਾਂ, ਸਾਰੇ ਮੇਰੇ ਵਰਗੇ ਈ ਨੇ। ਜੇ ਅਸੀਂ ਸਾਰੇ ਆ ਗਏ (ਤੁਹਾਡੇ ਨਾਲ ਛਕਣ) ਸਾਨੂੰ ਇਕ ਇਕ ਬੁਰਕੀ ਵੀ ਨਹੀਂ ਆਉਣੀ।' ਇਹ ਦੂਜਾ ਮੋਹਨ ਸਿੰਘ (ਭਾਗੋਵਾਲ -ਗੁਰਦਾਸਪੁਰ) ਫੇਰ ਆਇਆ ਹੈ। ਬੜਾ ਰੰਗ ਰਿਹਾ।

ਜਦੋਂ ਮੋਹਨ ਸਿੰਘ ਤੇ ਪੂਰੀ ਬਿਰਤੀ ਸੀ, ਇਸ ਛਾਲ ਹਵਨ ਵਿਚ ਮਾਰੀ। ਮੈਂ ਬਾਹਰਲੀ ਫਿਰਨੀ ਤੇ ਸਾਂ ਸ੍ਰ. ਭਗਤ ਸਿੰਘ (ਘੋੜ ਸਵਾਰ), ਅੰਦਰਲੇ ਪਾਸੇ ਸੀ। ਮਾਮੂਲੀ ਸੇਕ ਲੱਤ ਤੇ। ਇਸ ਕਿਹਾ - "ਮੈਂ ਕੁੱਲ ਬਖ਼ਸ਼ੀ।" ਸਤਿਗੁਰਾਂ ਕਿਹਾ (ਗਾਹਲ ਕੱਢ ਕੇ) "ਬਖ਼ਸ਼ਣ ਵਾਲਾ ਮੈਂ ਤੂੰ ਕਿਵੇਂ ਬਖ਼ਸ਼ ਦਏਂਗਾ?" ਪਰ ਇਹਦੀ ਕਿਰਪਾ ਨਾਲ ਫਿਰ ਸਾਰੀ ਬਖ਼ਸ਼ੀ ਗਈ।

ਅਸੀਂ ਅਨੰਦਪੁਰ ਦੇ ਪਹਿਲੇ ਹੋਲੇ 'ਤੇ ਨਹੀਂ ਗਏ। ਦੂਜੇ ਤੇ ਗਏ ਹਾਂ। (ਸੰਨ 1919 ਈ:) ਡੇਰਾ ਲੱਗ ਗਿਆ। ਲੰਗਰ ਪਾਣੀ ਚੱਲਦਾ। ਕੀਰਤਨ ਹੁੰਦਾ। ਬਹੁਤ ਸੰਗਤਾਂ। ਪੁਜਾਰੀਆਂ ਨੇ ਕਿਹਾ - ਤੁਹਾਡੇ ਮੱਥਾ ਟੇਕਣ ਦਾ ਫਲਾਣਾ ਟਾਇਮ ਹੈ। ਸੰਤ ਭਗਤ ਸਿੰਘ ਦਾਤੇਵਾਲੀਆ ਤੇ ਮੰਗਲ ਸਿੰਘ - ਅਰਸ਼ੀ ਫ਼ਰਿਸ਼ਤਾ -ਫਤੂਹੀ ਚੱਕੀਆ, ਉਸ ਸਮੇਂ ਮਸ਼ਹੂਰ ਸਨ। ਤਿੰਨ ਰੰਗਾ ਚੋਲਾ ਭਗਤ ਸਿੰਘ ਦਾ। ਦੋਹਾਂ ਢੋਲਕੀਆਂ ਤੇ ਚਰਨ ਰੱਖ ਕੇ, ਉੱਚੇ ਹੋ ਕੇ ਬਾਣੀ ਦਸਮ ਦੀ ਪੜ੍ਹੀ। ਬਹੁਤ ਰੰਗ ਵਿਚ। ਪਉੜੀਆਂ ਕੋਲ ਨਿਹੰਗ ਸਿੰਘ - ਇਕ ਬਾਹੀ ਨਿਹੰਗ ਸਿੰਘ, ਰੱਜਿਆ ਸੁੱਖੇ ਨਾਲ। ਮੂੰਹੋਂ ਥੁੱਕਾਂ ਜਾਣ। ਆਖੇ -ਮੈਂ ਪਰਤਾਪ ਸਿੰਘ ਦਾ ਸਿਰ ਵੱਢ ਲੈਣਾ ਏ। ਸੱਚੇ ਪਾਤਸ਼ਾਹ, ਦੂਜੀ ਬਾਹੀਓਂ ਉਹਦੇ ਵੱਲ ਆ ਕੇ ਚਰਨੀਂ ਹੱਥ ਲਾਇਆ। ਕਿਤੇ ਕਿਰਪਾਨ ਜਾ ਪਈ। ਮੂਰਛਾ ਹੋ ਗਿਆ। ਪੱਗ ਕਿਤੇ। ਆਪ ਕਿਤੇ।

ਜਵੰਦ ਸਿੰਘ 'ਸੰਤ ਖ਼ਾਲਸਾ' ਠੱਟੇ (ਅੰਮ੍ਰਿਤਸਰ) ਦਾ ਨਿਹੰਗ ਸਿੰਘ, ਮਾਸ ਨਹੀਂ ਖਾਂਦਾ ਸੀ। ਉਸ ਕਿਹਾ – "ਸੱਚੇ ਪਾਤਸ਼ਾਹ ਜੀ! ਮਹੱਲਾ ਖੇਡੋ!!" ਸਤਿਗੁਰਾਂ ਕਿਹਾ – ਖੇਡ ਤੇ ਲਈਏ ਪਰ ਗੜਬੜ ਹੋ ਜਾਂਦੀ ਏ, ਮਹੱਲਿਆਂ ਵਿਚ। ਉਸ ਕਿਹਾ – ਕੋਈ ਦਿੱਕਤ ਨਹੀਂ। ਇਸ ਹੋਲੇ ਤੇ ਮਹੱਲਾ ਕੱਢਿਆ। ਪੰਜ ਘੋੜੇ ਜਵੰਦ ਸਿੰਘ ਦੇ। 20-25 ਨਿਹੰਗਾਂ ਦੇ, ਬਾਕੀ ਸਾਡੇ ਘੋੜੇ।

ਮੁਕਤਸਰ, ਟਿੱਬੀ ਸਾਹਿਬ, ਮਹੱਲਾ ਕੱਢਿਆ। ਉਹ ਘੋੜੀ (ਜਿਸ ਤੋਂ ਜਦੋਂ ਮਾਤਾ ਜਿਊਣ ਕੌਰ ਜਾਂ ਮਾਤਾ ਫਤੇਹ ਕੌਰ ਜਾਂ ਬੇਬੇ ਭੁਪਿੰਦਰ ਕੌਰ ਸੁਆਰੀ ਕਰਨ ਉਹਨਾਂ ਨੂੰ ਨਹੀਂ ਸੀ ਡੇਗਦੀ – ਹੋਰ ਕਿਸੇ ਨੂੰ ਚੜ੍ਹਨ ਨਾ ਦੇਵੇ ਬਿਨਾਂ ਸਤਿਗੁਰਾਂ ਤੋਂ – ਜਦੋਂ ਮਾਤਾਵਾਂ ਸੁਆਰ ਹੋਣ ਤਾਂ ਮੱਝ ਵਾਂਗ ਤੁਰਦੀ ਸੀ।) ਉਸ ਘੋੜੀ 'ਤੇ ਆਏ। ਪਹਿਲੀ ਵੇਰ ਨੇਜ਼ਾ ਨਹੀਂ ਫੁੰਡਿਆ ਗਿਆ। ਦੁਬਾਰਾ ਸਤਿਗੁਰਾਂ ਜਵੰਦ ਸਿੰਘ ਹੋਰਾਂ ਨੂੰ ਕਹਿ ਕੇ ਮੈਦਾਨ ਖੁਲ੍ਹਾ ਕਰਵਾ ਦਿੱਤਾ – ਕਿੱਲਾ ਉਂਗਲ ਭਰ ਦਾ ਕਰਵਾ ਦਿੱਤਾ ਪਹਿਲਾਂ ਚਾਰ ਉਂਗਲਾਂ ਦਾ ਸੀ। ਜਦੋਂ ਘੋੜੀ ਛੱਡੀ ਸਰਪੱਟ ਆਖਿਆ ਉੱਚੀ – 'ਸਤਿ ਸ੍ਰੀ ਅਕਾਲ' ਤੇ ਨੇਜ਼ੇ ਨਾਲ ਕਿੱਲਾ ਫੁੰਡ ਦਿੱਤਾ। ਜਵੰਦ ਸਿੰਘ ਜਦੋਂ ਤੱਕ ਰਿਹਾ 'ਨਿਹੰਗ ਸਿੰਘ' ਮਹੱਲਾ ਖੇਡਦੇ ਰਹੇ।

ਪਹਿਲਾਂ ਬੇਬੇ ਭੁਪਿੰਦਰ ਕੋਰ ਦੀ ਵੱਡੀ ਭੈਣ ਦੇ ਰਿਸ਼ਤੇ ਦੀ ਗੱਲ ਚੱਲੀ ਸੀ, ਉਹ ਸਤਿਗੁਰਾਂ ਪਰਵਾਨ ਨਾ ਕੀਤੀ। ਜਦੋਂ ਇਹਨਾਂ ਦੀ ਗੱਲ ਤੁਰੀ ਉਦੋਂ ਤਾਇਆ (ਬੇਬੇ ਭੁਪਿੰਦਰ ਕੌਰ ਜੀ ਦਾ) ਸੱਦਾ ਸਿੰਘ ਅੜ ਗਿਆ। (ਸੰਤ) ਜਵੰਦ ਸਿੰਘ ਜ਼ਿੰਦਾ ਸ਼ਹੀਦ (ਪਿੰਡ ਖ਼ਿਆਲਾ-ਅੰਮ੍ਰਿਤਸਰ) ਜਦੋਂ ਅਤਰੀ ਵਾਲੇ ਕੇਸ ਵਿਚ ਮਫ਼ਰੂਰ ਸੀ, ਤਾਂ ਆਪਣੇ ਦਿਨ ਇੱਥੇ ਗੱਦਾਂ ਡੋਬ (ਗੁਰੂ ਸਰ) ਕੱਟਦਾ ਰਿਹਾ ਸੀ। (ਜਦੋਂ ਸਤਿਗੁਰੂ ਜੀ ਦੇ ਅਨੰਦ ਦੀ ਤਿਆਰੀ ਹੋਈ ਤਾਂ ਸੱਦਾ ਸਿੰਘ ਦੇ ਵਿਰੋਧ ਨੂੰ ਵੇਖਦਿਆਂ ਪੰਜਾਬ ਭਰ ਦੇ ਸੂਰਮੇ ਕੂਕਿਆਂ ਨੇ ਗੁਰੂ ਸਰ ਵੱਲ ਮੁਹਾਰਾਂ ਮੋੜ ਲਈਆਂ) ਜਵੰਦ ਸਿੰਘ ਦੇ ਆਏ ਤੋਂ ਸੱਦਾ ਸਿੰਘ ਪਿੰਡ ਛੱਡ ਗਿਆ। (ਇਸ ਅਨੰਦ ਸਮੇਂ) ਅੰਮਰਿਤ (ਬਾਬਾ) ਵੀਰ ਸਿੰਘ ਭੋਮੇ ਵਡਾਲੀਏ ਛਕਾਇਆ। ਇਸ ਅਨੰਦ ਕਾਰਜ ਤੋਂ ਦੋ-ਤਿੰਨ ਸਾਲ ਬਾਅਦ, ਸਤਿਗੁਰੂ ਪਰਤਾਪ ਸਿੰਘ ਜੀ ਨੇ ਬਹਾਵਲਪੁਰ ਰਿਆਸਤ ਦਾ ਦੌਰਾ ਕੀਤਾ ਸੀ। (ਕਿਉਂਕਿ ਮਾਤਾ ਜੀ ਦਾ ਤਾਇਆ ਸੱਦਾ ਸਿੰਘ, ਇਸ ਰਿਆਸਤ ਦੇ ਪਿੰਡ ਨੀਲਿਆਂ ਵਾਲੀ ਦੇ ਜ਼ੈਲਦਾਰ ਗੁਰਮੁਖ ਸਿੰਘ ਵੱਲ ਮਾਤਾ ਜੀ ਦਾ ਰਿਸ਼ਤਾ ਕਰਨਾ ਚਾਹੁੰਦਾ ਸੀ ਤੇ ਸਤਿਗੁਰੂ ਜੀ ਦੇ ਅਨੰਦ ਤੋਂ ਬਾਅਦ ਜ਼ੈਲਦਾਰ ਵੀ ਆਕੜਿਆ ਫਿਰਦਾ ਸੀ। ਉਹ ਸਤਿਗੁਰੂ ਜੀ ਦੇ ਬਹਾਵਲਪੁਰ ਰਿਆਸਤ ਦੇ ਦੌਰੇ ਵਿਚ ਰੁਕਾਵਟਾਂ ਖੜੀਆਂ ਕਰਦਾ ਰਿਹਾ। ਧਮਕੀਆਂ ਦਿੰਦਾ ਰਿਹਾ ਪਰ ਉਹਦੀ ਦਾਲ ਨਾ ਗਲੀ)। ਸਤਿਗੁਰੂ ਜੀ ਦੌਰਾ ਲੈ ਕੇ ਭੇਡ ਵਾਲੀ

ਇਕ ਜੈਤਾ ਸਿੰਘ ਨਾਮੀ ਸਿੱਖ ਵੱਲ ਗਏ (ਉਸ ਸਿੱਖ ਦੇ ਘਰ ਉਹਨੂੰ ਡਰਾਉਣ ਲਈ ਜ਼ੈਲਦਾਰ ਗੁਰਮੁਖ ਸਿੰਘ ਨੇ ਇਕ ਮੁਸਲਮਾਨ ਥਾਣੇਦਾਰ ਭੇਜ ਦਿੱਤਾ। ਉਹ ਹਮਕੀ ਤੁਮਕੀ ਕਰਦਾ ਰਿਹਾ। ਭਾਈ ਜੈਤਾ ਸਿੰਘ ਤਾਂ ਥੋਹੜਾ ਘਬਰਾਇਆ। ਪਰ ਉਹਦੀ ਸਿੰਘਣੀ ਬਲਧਾਰ ਗਈ।) ਜੈਤਾ ਸਿੰਘ ਦੀ ਸਿੱਖਣੀ ਮੁਸਲਮਾਨ ਥਾਣੇਦਾਰ ਨੂੰ ਆਖੇ – "ਜਾਹ ਉਇ ਸੂਰ ਖਾਨਿਆ! ਦੌਰਾ ਮੈਂ ਸੱਦਿਆ ਈ ਤੇ ਮੈਂ ਹੀ ਕਰਵਾਂਵਾਂਗੀ।"

(ਇਸ ਰਿਆਸਤ ਵਿਚ ਰਹਿਣ ਵਾਲੇ ਇਕ ਹੋਰ ਨਾਮਧਾਰੀ ਸਿੰਘ) ਹਰਨਾਮ ਸਿੰਘ ਘੁੱਦਾਂ ਵਾਲੀਏ ਦਾ ਪਿਛਲਾ ਪਿੰਡ ਸਿਆਹੜ (ਲੁਧਿਆਣਾ) ਸੀ। (ਸਤਿਗੁਰ ਜੀ ਨੇ) ਹਰਨਾਮ ਸਿੰਘ ਨੂੰ ਸੱਦਣ ਲਾਲ ਸਿੰਘ ਬੱਲੂਆਲੀਏ ਨੂੰ ਭੇਜਿਆ। (ਹਰਨਾਮ ਸਿੰਘ ਉੱਥੇ ਰਿਆਸਤ ਵਿਚ ਕਾਫ਼ੀ ਅਸਰ ਰਸੂਖ਼ ਰੱਖਦਾ ਸੀ। ਉਹ ਸਿੱਧਾ ਨਵਾਬ ਨੂੰ ਬਹਾਵਲਪੁਰ ਜਾ ਮਿਲਿਆ ਅਤੇ ਸਤਿਗੁਰੂ ਜੀ ਦੇ ਦੌਰੇ ਬਾਰੇ ਦੱਸ ਕੇ, ਰੋਕ ਟੋਕ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੇ ਹੁਕਮ ਲੈ ਆਇਆ ਸੀ। ਇਉਂ ਦੌਰਾ ਨਿਰਵਿਘਨ ਸਮਾਪਤ ਹੋਇਆ।)

ਹੁਣ ਮੈਂ ਮਹਾਰਾਜ ਜਗਜੀਤ ਸਿੰਘ ਦੀ (ਵਾਰਤਾ) ਦੱਸਾਂਗਾ। ਮਹਾਰਾਜ ਜਗਜੀਤ ਸਿੰਘ ਜਿਸ ਦਿਨ ਤੋਂ ਪੈਦਾ ਹੋਇਆ ਏ ਚੜ੍ਹਦੀਆਂ ਕਲਾਂ ਵਿਚ ਹੀ ਗਿਆ ਏ। ਹਰ ਇਕ ਚੀਜ਼ ਨੇ ਆ ਕੇ ਮੱਥਾ ਟੇਕਿਆ। ਜਿਵੇਂ ਜਿਵੇਂ ਉਮਰ ਵਿਚ ਵਧਦੇ ਗਏ ਤੇਜ਼ ਪਰਤਾਪ ਵੀ ਵਧਦਾ ਗਿਆ। ਤੇ ਘਰ ਵਿਚ, ਡੇਰੇ ਵਿਚ, ਕਿਸੇ ਸ਼ੈ ਦੀ ਕਮੀ ਨਹੀਂ ਰਹੀ।

ਸਤਿਗੁਰਾਂ (ਸਤਿਗੁਰੂ ਪਰਤਾਪ ਸਿੰਘ) ਨੇ ਸਾਰੇ ਰੱਛ ਰੱਖੇ ਸਨ ਥਾਂ-ਪਰ-ਥਾਂ। ਘੋੜੇ-ਘੋੜੀਆਂ ਮੰਡੀਆਂ ਵਿਚ ਦਰੋਗੇ ਦੁੰਮਣ ਸਿੰਘ ਨੇ ਵੇਚੇ ਸਨ।

ਘੋੜੇ ਸਰਦਾਰ ਭਗਤ ਸਿੰਘ ਨੇ ਹੀ ਭਜਾਏ। ਕਿਸੇ ਸ਼ੈ ਤੇ ਧਾਰ ਨਹੀਂ ਮਾਰੀ। (ਭਾਵ ਕਿਸੇ ਤਰ੍ਹਾਂ ਦੇ ਲੋਭ ਲਾਲਚ ਵਿਚ ਨਹੀਂ ਆਏ। ਜਿਸ ਦੀਆਂ ਕਈ ਪੇਸ਼ਕਸ਼ਾਂ ਘੋੜ ਦੌੜਾਂ ਵਿਚ ਉਹਨਾਂ ਨੂੰ ਆਉਂਦੀਆਂ ਰਹਿੰਦੀਆਂ ਸਨ।)

ਮੈਂ ਪਹਿਲੀ ਵੇਰ ਘੋੜਿਆਂ ਵਾਲਿਆਂ ਸਣੇ ਦਰਸ਼ਨ ਮਾਘੀ ਮੁਕਤਸਰ (1921 ਈ:) ਮਹਾਰਾਜ ਜਗਜੀਤ ਸਿੰਘ ਦੇ ਕੀਤੇ। ਮੈਂ ਜਦੋਂ ਵਾਪਸ ਜਾਣ ਲੱਗਾ ਬੇਬੇ ਭੁਪਿੰਦਰ ਕੌਰ ਜੀ ਨੇ ਕਿਹਾ – ਲੈ ਫੜ ਆਪਣੇ ਭਰਾ ਨੂੰ ਤੇ ਇਹਨੂੰ ਜ਼ਰਾ ਸਾਧ ਸੰਗਤ ਦਾ ਦਰਸ਼ਨ ਮੇਲਾ ਕਰਾ ਲਿਆ। ਮੈਂ ਲੈ ਕੇ ਉਹਨਾਂ ਨੂੰ ਘੋੜਿਆਂ ਵਾਲਿਆਂ ਵਿਚ ਆ ਗਏ। ਸਾਰੇ ਦਰਸ਼ਨ ਮੇਲਾ ਕਰ ਕਰ ਕੇ ਬਾਗ਼ੋ-ਬਾਗ਼ ਹੋ ਗਏ। ਇਸ ਸਮੇਂ ਮਾਤਾ (ਭੁਪਿੰਦਰ ਕੋਰ) ਜੀ ਦਾ ਸੇਵਕ ਸੰਤ ਕੇਸਰ ਸਿੰਘ ਹੁੰਦਾ ਸੀ ਮਜਾਧ ਸਿਆਲਕੋਟ ਦਾ। (ਬੇਅੰਤ ਜੀ ਦਾ ਝੱਬਰ ਜੀ ਤੋਂ ਪਹਿਲਾਂ ਸੇਵਕ ਵੀ ਇਹੋ ਕੇਸਰ ਸਿੰਘ ਮਜਾਧ ਸੀ)। ਉਹ ਇਸ ਤਰ੍ਹਾਂ ਸਿੱਖ ਬਣਿਆ ਸੀ – ਉਹਨੂੰ (ਨਾਮਧਾਰੀ ਪੰਥ

ਵਿਚ) ਸੰਤ ਸੁੰਦਰ ਸਿੰਘ ਪੂੰਗਾਂ ਵਾਲਿਆਂ ਨੇ ਲਿਆਂਦਾ ਸੀ। ਉਸਨੇ ਭਜਨ ਕਰਨ ਬੈਠਣਾ ਤਾਂ ਦਰਸ਼ਨ ਸਤਿਗੁਰੂ ਪਰਤਾਪ ਸਿੰਘ ਦੇ ਹੁੰਦੇ ਸਨ। (ਉਹ ਬੜੀ ਦੁਬਿਧਾ ਵਿਚ ਰਹੇ ਕਿ ਭਜਨ ਤਾਂ ਹੋਰ ਕਿਸੇ ਤੋਂ ਲਿਆ ਹੈ ਅਤੇ ਦਰਸ਼ਨ ਹੋਰ ਕਿਸੇ ਦੇ ਹੁੰਦੇ ਹਨ)

(ਅੰਮ੍ਰਿਤਸਰ) ਦੀਵਾਲੀ ਦੇ ਮੇਲੇ ਤੇ (ਪੂੰਗਾਂ ਵਾਲਿਆਂ ਨਾਲ) ਗਿਆ। (ਸਵੇਰੇ) ਆਸਾ ਦੀ ਵਾਰ ਵਿਚ ਮੱਥਾ ਟੇਕ ਕੇ ਆਂਹਦਾ ਹੈ –ਦਰਸ਼ਨ ਤਾਂ ਇਸ ਰੂਹ ਦੇ ਹੁੰਦੇ ਸਨ। ਜਦੋਂ ਮੇਲੇ ਦਾ ਭੋਗ ਪੈ ਗਿਆ ਸੰਗਤ ਤਿਆਰੀਆਂ ਵਿਚ ਹੋ ਗਈ, ਕੇਸਰ ਸਿੰਘ ਨਾ ਤੁਰੇ। ਪੂੰਗਾਂ ਵਾਲੇ ਉਹਨੂੰ ਲੱਭਦੇ ਫਿਰਨ। ਸਤਿਗੁਰਾਂ ਆਖਿਆ – ਪੂੰਗਾਂ ਵਾਲਿਉ ਜਾਓ! ਇਹ ਮੇਰਾ ਹੈ ਮੈਂ ਸਾਂਭ ਲਿਆ ਹੈ। ਪੰਦਰਾਂ ਸਾਲ ਸੇਵਾ ਕੀਤੀ ਏ (ਮਜਾਧ ਵਾਲੇ ਕੇਸਰ ਸਿੰਘ ਹੋਰਾਂ) ਮਹਾਰਾਜ ਜਗਜੀਤ ਸਿੰਘ ਦੀ ਸੇਵਾ ਢਾਈ ਸਾਲ ਦੀ ਉਮਰ ਤਕ ਕੀਤੀ ਹੈ। ਫਿਰ ਡੇਰੇ ਵਿਚ ਜਿੱਥੇ ਲਾ ਦਿਤਾ, ਉੱਥੇ ਹੀ ਸੇਵਾ ਕੀਤੀ। ਕਦੇ ਹੱਟੀ ਤੇ ਕਦੇ ਹੋਰ ਥਾਵਾਂ ’ਤੇ। (ਸੇਵਾ ਕਰਦਿਆਂ) ਕਿਸੇ ਦਾ ਦਿਲ ਨਹੀਂ ਦੁਖਾਇਆ।

ਮਾਤਾ ਭੁਪਿੰਦਰ ਕੌਰ ਜੀ ਦਾ ਬਚਨ

ਸਤਿਗੁਰੂ ਸੱਚੇ ਪਾਤਸ਼ਾਹ ਅਖੰਡ ਪਾਠ ਸ਼ੁਰੂ ਕਰ ਦਿੱਤੇ ਬੀੜ ਵਿਚ। ਮਾਤਾ ਜੀ ਭੈਣੀ ਸਾਹਿਬ ਰਹਿੰਦੇ ਸਨ। ਬੀੜ ਵਿਚ ਘੋੜਿਆਂ ਵਾਲਿਆਂ ਅਰਜ਼ ਕਰਨੀ ਚਾਹੀ ਕਿ ਮਾਤਾ ਜੀ ਨੂੰ ਇੱਥੇ ਬੀੜ ਵਿਚ ਲਿਆਈਏ, ਬੇਅੰਤ ਜੀ ਨਾਲ ਖੇਡਿਆਂ ਕਰਾਂਗੇ। ਘੋੜਿਆਂ ਤੇ ਚੜ੍ਹਾਵਾਂਗੇ। (ਸੰਤ) ਮੋਹਨ ਸਿੰਘ, (ਸੰਤ) ਬਹਾਦਰ ਸਿੰਘ ਨੂੰ (ਨਾਲ) ਲੈ ਕੇ ਅਰਜ਼ ਕੀਤੀ।

ਸਤਿਗੁਰ ਪਰਤਾਪ ਸਿੰਘ ਰਾਜ ਜੋਗੀ ਹੋਏ ਨੇ। ਜੇ ਢਾਬ ਤੇ ਬਹਿ ਗਏ ਤਾਂ ਉੱਥੇ ਹੀ ਇਸ਼ਨਾਨ ਕਰਨਾ ਤੇ ਉੱਥੇ ਹੀ ਬਹਿ ਰਹਿਣਾ। ਗੁਰੂ ਪੀਰ ਕਰਾਮਾਤਾਂ ਵੀ ਵਿਖਾਉਂਦੇ ਹਨ। ਢਾਬ ਤੇ ਜਿਸ ਵੇਲਾ ਡੇਰਾ ਸਤਿਗੁਰ ਜੀ ਦਾ ਲੱਗਾ ਸੀ – ਮਿਲਖਾ ਸਿੰਘ (ਢੇਅ –ਸਿਆਲਕੋਟ) ਤੇ ਕੁੰਦਨ ਸਿੰਘ () ਦੋਵੇਂ ਮਸਤਾਨੇ ਵੀ ਆ ਗਏ। ਜਦੋਂ ਇਸ਼ਨਾਨ ਪਾਣੀ ਦਾ ਵੇਲਾ ਹੋਇਆ ਤਾਂ ਦੋਵੇਂ ਮਸਤਾਨੇ ਆਂਹਦੇ ਕਿ ਅਸਾਂ ਢਾਬ ਵਿਚ ਸ਼ਰਲਾ ਛੱਡਣਾ ਏ? ਸਤਿਗੁਰ ਆਂਹਦੇ ਜਿੱਥੇ ਏਨੀਆਂ ਮੱਝੀਂ ਗਾਂਈਂ ਮੂਤਦੀਆਂ ਨੇ ਤੁਸੀ ਵੀ ਮੂਤ ਲਉ।

ਸਤਿਗੁਰਾਂ ਇਹ ਸਾਰਾ ਸਿਆਲ (ਬੀੜ ਵਿਚ) ਢਾਬ ਦੇ ਕੰਢੇ ਹੀ ਕੱਟਿਆ। ਜਦੋਂ ਅਸੀਂ ਅਰਜ਼ ਬੇਅੰਤ ਜੀ ਨੂੰ ਲਿਆਉਣ ਦੀ ਕੀਤੀ, ਸਤਿਗੁਰ ਆਂਹਦੇ – ਗੁਰਮੁਖਾ! ਮੇਰੇ ਕੋਲ ਕੱਖਾਂ ਦੀ ਕੁੱਲੀਏ ਤੇਰੇ ਕੋਲ ਪੱਕਾ ਕੋਠਾ ਏ। ਦੇਵੇਂਗਾ ਤੇ ਲੈ ਆ। ਵੇਖ ਲਉ! ਗੁਰੂ ਤਿਆਗੀ ਕਿੰਨਾ ਏ! ਮੈਂ ਕਿਹਾ ਜੀ ਮੈਂ ਕੋਠਾ ਦਿਆਂਗਾ।

ਆਂਹਦੇ ਲੈ ਆਉ! ਗੱਡੀ ਲੈ ਜਾਉ! ਮਾਤਾ (ਜਿਊਣ ਕੌਰ) ਜੀ ਨੇ ਆਉਣ ਨਹੀਂ ਦੇਣਾ। ਉਹ ਚਾਹੁੰਦੇ ਸਨ (ਸਤਿਗੁਰ ਜੀ) ਭੈਣੀ ਸਾਹਿਬ ਰਹਿਣ। ਮੈਂ ਕਿਹਾ – ਜੀ ਝੂਠ ਸੱਚ ਬੋਲ ਕੇ ਲੈ ਆਵਾਂਗੇ। ਮਾਤਾ ਜੀ ਨੂੰ ਜਾ ਕਿਹਾ – ਨਾਭਿਉਂ ਸਰਦਾਰ ਆਏ ਨੇ, ਦਰਸ਼ਨ ਕਰਨਾ ਚਾਹੁੰਦੇ ਨੇ ਤੁਹਾਡਾ ਤੇ ਸਾਹਿਬਜ਼ਾਦੇ ਦਾ। ਕਿਹਾ ਵੱਡੇ ਬਿਸਤਰੇ ਨਾ ਚੁੱਕਣ। (ਇਸ ਤਰ੍ਹਾਂ ਮਾਤਾ ਜੀਊਣ ਕੌਰ ਜੀ ਨੂੰ ਆਉਣ ਬਾਰੇ ਸ਼ੱਕ ਹੋਣਾ ਸੀ) ਆਉਣ ਅਸਾਂ ਤੁਹਾਨੂੰ (ਉਥੋਂ) ਨਹੀਂ ਦੇਣਾ। ਮਾਤਾ ਜਿਊਣ ਕੋਰ ਜੀ ਨੂੰ ਇਕੋ ਰਾਤ ਦਾ ਵਾਅਦਾ ਕੀਤਾ। (ਪਰ ਉੱਥੇ ਜਾ ਕੇ ਫਿਰ ਸਤਿਗੁਰ ਜੀ ਤੋਂ ਉਹਨਾਂ ਦੇ ਉੱਥੇ ਰਹਿਣ ਦੀ ਆਗਿਆ ਲੈ ਲਈ)– ਬੇਅੰਤ ਜੀ ਪੌਣੇ ਕੁ ਮੀਲ ਤੇ ਖੂਹ ਸੀ, ਕਦੇ ਇਧਰ ਕਦੇ ਉਧਰ। ਸਤਿਗੁਰ ਦੌਰੇ ’ਤੇ ਚਲੇ ਗਏ। ਬੀੜ ਦਾ ਪਰਬੰਧ ਬੇਬੇ ਜੀ ਨੂੰ ਸਉਂਪ ਗਏ। ਬੇਬੇ ਭੁਪਿੰਦਰ ਕੌਰ ਜੀ ਨੇ ਹੁਕਮ ਮਾਤਾ ਜਿਊਣ ਕੋਰ ਦਾ ਬਹੁਤ ਮੰਨਿਆਏ। ਸਿੱਖ ਚਾਹੁੰਦੇ ਸਨ ਮਾਤਾ ਜੀ ਬਿਰਧ ਹੋ ਗਏ ਹਨ, ਹੁਣ ਘਿਉ ਬੇਬੇ ਜੀ ਵਰਤਾਉਣ। ਲਛਮਣ ਸਿੰਘ ਸਰਦਾਰ ਮੁਖਤਿਆਰ ਸੀ (ਗ੍ਰੰਥ ਗੜ੍ਹ –ਅੰਮ੍ਰਿਤਸਰ ਵਾਲਾ) ਉਹਨੇ ਘਿਓ ਦਾ ਤਾਂਬੀਆ ਭਰਾ ਕੇ ਰੱਖ ਦਿੱਤਾ ਅਤੇ ਬੇਬੇ ਭੁਪਿੰਦਰ ਕੌਰ ਜੀ ਵਰਤਾਉਣ ਲੱਗ ਪਏ। ਪਰ ਜਦੋਂ ਹੀ ਮਾਤਾ ਜਿਊਣ ਕੌਰ ਜੀ ਆ ਗਏ ਇਹ ਕਹਿ ਕੇ ਆਪਣੇ ਚੁਬਾਰੇ ਵਿਚ ਬੇਬੇ ਜੀ ਚਲੇ ਗਏ ਕਿ ਇਹ ਉਹਨਾਂ ਦਾ ਹੀ ਕੰਮ ਹੈ।

(ਇਤੀ)

## ਮੁਲਾਕਾਤ ਦੂਸਰੀ – ਪਿੰਡ ਕਰੀਵਾਲਾ

### ਸ਼ਾਮ ਦੇ ਪੌਣੇ ਛੇ ਵਜੇ

### 12 ਵੈਸਾਖ 2038 ਬਿਕ੍ਰਮੀ

ਸਤਿਗੁਰੂ ਜੀ ਸੱਚੇ ਪਾਤਸ਼ਾਹ, ਮੁਖਸਰ (ਮੁਕਤਸਰ) ਦੇ ਹੋਲੇ ਨੂੰ ਜਦੋਂ ਸੁਹੇਵੇ ਸਾਹਿਬੋਂ ਆਏ ਨੇ, ਉਹ ਹਾਲਤ ਮਸਤਾਨਿਆਂ ਵਾਲੀ ਸੀ। ਇਕ ਵੇਰ ਜਦੋਂ ਗੱਦੀ ਤੇ ਬਹਿੰਦੇ ਨੇ...ਪਹਿਲਾਂ ਅਵਸਥਾ ਹੋਰ ਸੀ ਜਦੋਂ ਦੂਜੀ ਅਵਸਥਾ ਬਦਲੀ ਫਿਰ ਮਸਤ ਬਿਰਤੀ ਵਿਚ ਰਹਿਣਾ। ਸਤਿਗੁਰਾਂ (ਸਤਿਗੁਰੂ ਰਾਮ ਸਿੰਘ) ਦੇ ਵੇਲੇ ਦੇ ਸਿੰਘ ਨਾਲ ਰੱਖਣੇ, ਉਹਨਾਂ ਦੇ ਬਚਨ ਸੁਣਨੇ। ਪਊਏ ਚਰਨਾਂ ਵਿਚ। ਬੜਾ ਰੰਗ ਸੀ ਜਦੋਂ ਆਏ।

ਕਾਣੇ ਘੋੜੇ 'ਤੇ ਸਨ। ਮਾਂਗੇ ਦੇ (ਉਸ ਸਮੇਂ ਦੇ ਪੰਜਾਬ ਦੇ ਖਾੜਕੂ ਸਿੱਖ) ਲਾਲ ਸਿੰਘ ਗਿੱਲ ਨੇ ਦਿੱਤਾ ਸੀ। (ਇਹ ਮਾਂਗਾ ਜ਼ਿਲ੍ਹਾ ਲਾਹੌਰ ਦਾ ਸਤਿਗੁਰੂ ਰਾਮ ਸਿੰਘ ਦੇ ਸਮੇਂ ਤੋਂ ਕੂਕਿਆਂ ਦਾ ਪ੍ਰਸਿੱਧ ਪਿੰਡ ਸੀ) ਲਾਲ ਸਿੰਘ ਗਿੱਲ ਦੇ ਪਿਉ ਦਾ ਭਰਾ ਧੰਨਾ ਸਿੰਘ ਸੀ। ਇਕ ਦਿਨ ਘੋੜੇ 'ਤੇ ਚੜ੍ਹਿਆ ਜਾ ਰਿਹਾ ਸੀ। ਮਨ ਵਿਚ ਫੁਰਨਾ ਆਇਆ ਕਿ ਸਤਿਗੁਰੂ ਰਾਮ ਸਿੰਘ ਨੇ ਸਾਨੂੰ ਗੁਰੂ ਨਾਨਕ ਵਾਲਾ ਭਜਨ ਤਾਂ ਦਿੱਤਾ ਹੀ ਨਹੀਂ ਕਿਉਂ ਜੁ ਗੁਰੂ ਨਾਨਕ ਤਾਂ ਉੱਡ ਜਾਂਦਾ ਸੀ। ਧੰਨਾ ਸਿੰਘ ਵੀ ਸਮੇਤ ਘੋੜੇ ਗਿਆ ਜਦੋਂ 'ਤਾਂਹ ਨੂੰ। ਆਂਹਦਾ ਬੱਸ ਬਈ ਬੱਸ, ਮੇਰੀ ਨਿਸ਼ਾ ਹੋ ਗਈ ਭਜਨ ਇਹ ਵੀ ਉਹੋ ਹੀ ਹੈ। ਲਾਲ ਸਿੰਘ ਹੈ ਤਾਂ ਅਜੀਬ ਹੀ ਸੀ (ਕਿਸੇ ਛੋਟੇ ਮੋਟੇ ਡਾਕੇ ਆਦਿ ਦੇ ਕੇਸ ਵਿਚਸੱਤ ਵਰ੍ਹੇ ਕੈਦ ਹੋ ਕੇ ਜਿਹਲ ਵਿਚ ਗਿਆ ਸੀ, ਫਿਰ ਅੰਦਰ ਹੀ ਅੰਦਰ ਐਸੇ ਐਸੇ ਕਾਰਨਾਮੇ ਕਰ ਕਰ ਕੇ ਸਜ਼ਾ ਵਧਾ ਲੈਂਦਾ ਰਿਹਾ। ਪੂਰੇ ਵੀਹ ਵਰ੍ਹੇ ਜਿਹਲ ਵਿਚ ਹੀ ਰਿਹਾ। ਇਤਨੇ ਵਰ੍ਹੇ ਹੀ ਉਹਦੀ ਮੰਗੇਤਰ ਵੀ ਘਰੇ ਬੈਠੀ ਰਹੀ। ਬਾਹਰ ਆ ਕੇ ਉਸਨੇ ਵਿਆਹੀ। ਸਿੱਖ ਕੈਦੀਆਂ ਨੂੰ ਜਿਹਲ ਵਿਚ ਪੱਗਾਂ ਨਹੀਂ ਸੀ ਮਿਲਦੀਆਂ। ਉਸ ਲੰਮਾ ਸਮਾਂ ਹਾੜ ਸਿਆਲ ਕਛਹਿਰੇ ਵਿਚ ਹੀ ਕੱਟਿਆ, ਨੰਗੇ ਪਿੰਡੇ ਅਤੇ ਪੱਗਾਂ ਦੁਆਈਆਂ। ਪਠਾਣ ਕੈਦੀ ਜਿਹਲ ਵਿਚ ਮੁੰਡੇਬਾਜ਼ੀ ਕਰਦੇ ਸਨ। ਲਾਲ ਸਿੰਘ ਨੇ ਬਾਲਣ ਲੈਣ ਜਾਣ ਵਾਲੇ ਇਧਰਲੇ ਕੈਦੀਆਂ ਨੂੰ, ਹੱਥ ਸਵਾ ਹੱਥ ਦੇ ਟਾਹਲੀ ਦੇ ਡੰਡੇ ਵੱਢ ਕੇ, ਬਾਲਣ ਵਿਚ ਲੁਕਾ ਲਿਆਉਣ ਦਾ ਢੰਗ ਦੱਸਿਆ ਅਤੇ ਅਗਲੇ ਭਲਕ ਗਿਣਤੀ ਵਿਚ ਬੈਠੇ ਪਠਾਣ ਕੈਦੀਆਂ ਉੱਤੇ ਯਕ ਦਮ ਹੱਲਾ ਬੋਲ ਕੇ ਉਹ ਗਿੱਦੜ ਕੁੱਟ ਕਰਵਾਈ ਕਿ ਪੰਜਾਬ ਸਰਕਾਰ ਨੇ ਅਟਕ ਤੋਂ ਪੂਰਬ ਦੀਆਂ ਜਿਹਲਾਂ ਵਿਚ ਪਠਾਣ ਕੈਦੀ ਨਾਂ ਭੇਜਣ ਦਾ ਹੁਕਮ ਜਾਰੀ ਕੀਤਾ। ਇਕ ਵੇਰ ਪੁਲਿਸ ਕਪਤਾਨ ਉਹਦੇ ਪਿੰਡ ਆ ਕੇ ਕਹਿੰਦਾ, ਲਾਲ ਸਿੰਘ ਡਾਕੇ

ਮਾਰਨੇ ਛੱਡ ਦੇ। ਉਹਨੂੰ ਕੋਠੇ 'ਤੇ ਨਾਲ ਲੈ ਗਿਆ। ਦੂਰ ਤੱਕ ਜਿੱਥੋਂ ਤੱਕ ਨਜ਼ਰ ਜਾਂਦੀ ਸੀ ਉਸ ਦੀ ਪੈਲੀ ਸੀ ਜਿਹੜੀ ਉਜਾੜ ਜੰਗਲ ਬਣ ਚੁੱਕੀ ਸੀ। ਕਹਿੰਦਾ- ਤੇਰੀ ਪੁਲਿਸ ਨੇ ਹਲ਼ ਵਾਹੁਣ ਜੋਗੀ ਤਾਂ ਪੈਲੀ ਨਹੀਂ ਰਹਿਣ ਦਿਤੀ ਮੈਨੂੰ ਘਰੋਂ ਭਜਾ ਭਜਾ ਕੇ। ਹੁਣ ਰੋਟੀ ਤਾਂ ਅਸਾਂ ਵੀ ਖਾਣੀ ਹੈ। ਬੇਸ਼ਕ ਹੈ ਡਾਕੂ ਸੀ ਪਰ ਕੂਕਾ ਅੰਦੋਲਨ ਨਾਲ ਜੁੜੇ ਪਰਿਵਾਰ ਵਿਚੋਂ ਹੋਣ ਕਾਰਨ, ਦੇਸ਼ ਭਗਤ ਵੀ ਸੀ ਅਤੇ ਲੋਕ ਭਗਤ ਵੀ ਸੀ। ਢਲੀ ਉਮਰੇ ਦੁਸ਼ਮਣਾਂ ਹੱਥੋਂ ਕਤਲ ਹੋ ਗਿਆ ਸੀ।) ਪਰ ਇਸ ਲਾਲ ਸਿੰਘ ਗਿੱਲ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਇਹ ਕਾਣਾ ਘੋੜਾ ਮੱਥਾ ਟੇਕਿਆ ਸੀ। ਜਦੋਂ ਉਹਦੇ ਤੇ ਸਵਾਰ ਹੋ ਕੇ, ਗਏ ਦੀਵਾਨ ਵਿਚ, ਬੜੀ ਲੀਲ੍ਹਾ ਸੀ।

ਦੂਜੀ ਅਰਜ਼, ਮੁਕਤਸਰ ਦੇ ਹੋਲੇ ਤੇ ਸਾਡਾ ਦਰਬਾਰ ਬਣਦਾ ਹੈ। ਉਦੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ, ਸੂਬੇ ਮਹੰਤ ਆਦਿ ਥਾਪੇ ਜਾਂਦੇ ਸਨ। ਇਸ ਸਮੇਂ ਨੱਥਾ ਸਿੰਘ (ਚੇਲੇ ਕੇ -ਅੰਮ੍ਰਿਤਸਰ) ਸੰਤ ਪ੍ਰੀਤਮ ਸਿੰਘ ਦਾ ਪਿਉ, ਬੁੱਢਾ ਸਿੰਘ (ਖਾਨਪੁਰੀਆ...?) ਸੂਰਤ ਸਿੰਘ ਭਿਕਸ਼ੂ (ਖਤਰਾਇ ਕਲਾਂ - ਅੰਮ੍ਰਿਤਸਰ) ਵਗੈਰਾ ਡੇਰੇ ਵਿਚ ਕੰਮ ਕਰਦੇ ਸਨ।

ਉਦੋਂ ਬਾਅਦ ਮਸਤਾਨੀ ਬਿਰਤੀ ਕਈਆਂ ਹੋਰਨਾਂ ਸਿੰਘਾਂ ਦੀ ਵੀ ਸੀ। ਇਕ ਸੁਆਦ ਹੋਰ ਮੈਂ ਕੂਕਿਆਂ ਵਿਚ ਵੇਖਿਆ ਸੀ। ਸੰਤ ਆਲਾ ਸਿੰਘ, ਜਿੱਥੇ ਹੁਣ ਜੀਤਾ ਦਰਜ਼ੀ ਬੈਠਾ ਹੈ (ਸ੍ਰੀ ਭੈਣੀ ਸਾਹਿਬ ਵਿਚ ਇਹਨਾਂ ਦੀ ਦੁਕਾਨ ਸੀ) ਉੱਥੇ ਕੁ ਅੱਪੜੇ ਹਨ, ਆਪਣੇ ਜਥੇ ਸਮੇਤ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦੇ- ਸਤਿਗੁਰੂ ਪਰਤਾਪ ਸਿੰਘ ਹੋਰਾਂ ਬਸਤਰਾਂ ਲਾਹੇ ਨੇ ਸ਼ਾਇਦ ਇਸ਼ਨਾਨ ਲਈ, ਤੇੜ ਕਛਹਿਰਾ ਈ ਹੈ ਸਿਰ ਤੇ ਪਰਨਾ - ਡਿਉਢੀ ਵਿਚ ਮੇਲ ਹੋਇਆ - ਸ਼ਬਦ ਦੀ ਆਵਾਜ਼ ਤੇ ਸਤਿਗੁਰ ਬਾਹਰ ਆ ਗਏ। ਫਿਰ ਬਰਾਂਡੇ ਵਿਚ ਬਹਿਕੇ ਗੁਰੂ ਰਾਮ ਸਿੰਘ ਦੇ ਬਚਨ ਬਿਲਾਸ ਕੀਤੇ -ਸ਼ਰਦਈ ਫੜਾਈਏ, ਹਰ ਕੋਈ ਅਗਲੇ ਵੱਲ ਤੋਰ ਦੇਵੇ। ਛਕੇ ਕੋਈ ਨਾ ਫਿਰ ਜਦੋਂ ਸਤਿਗੁਰਾਂ ਹੁਕਮ ਕੀਤਾ, ਹੁਣ ਜਲ ਪਾਣੀ ਛਕੋ ਉਦੋਂ ਉੱਠੇ ਤੇ ਛਕਿਆ।

ਭੈਣੀ ਸਾਹਿਬ, ਲਉਢੇ ਵੇਲੇ ਦੇ ਦੀਵਾਨ ਵਿਚ, ਜਦੋਂ ਪਰਕਾਸ਼ ਹੁੰਦਾ ਸੰਗਤ ਬੈਠੀ ਹੁੰਦੀ ਸੀ। ਉਸ ਦਰਸ਼ਨ ਦਾ ਸੁਆਦ ਜੋ ਮਨ ਵਿਚ ਪੁੜਿਆ ਏ, ਅੱਜ ਤੱਕ ਯਾਦ ਏ, ਮੈਂ ਉਹ ਸੁਆਦ ਦੱਸ ਈ ਨਹੀਂ ਸਕਦਾ।

ਇਹ ਹੰਸਾਂ ਦਾ ਬਾਣਾ (ਨਾਮਧਾਰੀ ਪਹਿਰਾਵਾ)। ਮੈਂ ਉਗਰਾਹੀ (ਸ੍ਰੀ ਭੈਣੀ ਸਾਹਿਬ, ਗੁਰੂ ਕੇ ਲੰਗਰ ਦੀ) ਕਰਦਾ ਰਿਹਾ। ਘਰਾਂ ਵਿਚ ਕੁਝ ਛਿਪੇ, ਅਪ੍ਰਗਟ ਸਾਧ ਹੁੰਦੇ ਸਨ ਅਪ੍ਰਸਿੱਧ, ਜਿਹਨਾਂ ਦੇ ਮੈਂ ਦਰਸ਼ਨ ਕਰਕੇ ਪ੍ਰਸੰਨਤਾ ਹਾਸਲ ਕੀਤੀ।

(ਸਰਹੰਦ) ਨਹਿਰ 'ਤੇ ਚਾਲ੍ਹੀਆ। ਹਾਕਮ ਸਿੰਘ, ਚਵਿੰਡੇ ਵਾਲੇ ਹਰਨਾਮ

ਸਿੰਘ, ਆਲਾ ਸਿੰਘ ਵਰਨ, ਸਤਿਗੁਰ ਤਾਊਸ਼ ਵਜਾਉਂਦੇ। ਟਹਿਲ ਸਿੰਘ ਮਜ੍ਹਬੀ ਨੇ ਸ਼ਬਦ ਪੜ੍ਹਨੇ। ਇਸ ਬਾਰੇ ਚੱਕਰਵਰਤੀ ਨੇ ਲਿਖਿਆ ਏ (ਸੰਤ ਅੰਕ –1998 ਬਿਕਰਮੀ, ਵਿਚ 'ਬੌਰੀਆਂ ਵਾਲਾ' ਸਿਰਲੇਖ ਹੇਠ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦਾ ਲੇਖ ਹੈ।), ਜਦੋਂ ਟਹਿਲ ਸਿੰਘ ਨੇ (ਸ਼ਬਦ ਪੜ੍ਹਦਿਆਂ–ਪੜ੍ਹਦਿਆਂ) ਚੁਟਕੀ ਮਾਰਨੀ ਸਤਿਗੁਰਾਂ ਤਾਊਸ਼ ਰੱਖ ਦੇਣਾ। ਉਸ ਰਾਹੇ ਪੈ ਜਾਣਾ। ਗ਼ਰੀਬ ਤੋਂ ਗ਼ਰੀਬ ਤੇ ਅਮੀਰ ਤੋਂ ਅਮੀਰ ਨਾਲ ਵੀ ਸਾਥ (ਸਤਿਗੁਰ ਪਰਤਾਪ ਸਿੰਘ ਹੋਰਾਂ ਨੇ ਕੀਤਾ)

ਜਦੋਂ ਬੇਅੰਤ ਜੀ 9–10 ਵਰ੍ਹਿਆਂ ਦੇ ਹੋ ਗਏ, ਫਿਰ ਸਤਿਗੁਰਾਂ ਵੀ ਨਹਿਰ, ਬੀੜ ਦੇ ਡੇਰੇ ਛੱਡ ਕੇ, ਡੇਰਾ ਭੈਣੀ ਸਾਹਿਬ ਲਾ ਲਿਆ।

ਬਾਬਾ ਸੰਤਾ ਸਿੰਘ ਬੁਰਜ ਨੂੰ (ਗਊਆਂ ਚਾਰਨ ਲਈ) ਸੋਟੀ ਗੁਰੂ ਹਰੀ ਸਿੰਘ ਨੇ ਫੜਾਈ ਸੀ। ਇਕ ਲਾਂਗਰੀ (ਸਿੰਘ) ਦੇ ਦਿੱਤਾ। ਉਸ ਡੇਰੇ ਦੀ ਮੋਹੜੀ ਗੱਡੀ (ਨਹਿਰ 'ਤੇ) ਬੀਕਾਨੇਰ ਦਾ ਇਕ ਛੇੜੂ ਐਸਾ ਸੀ (ਲੇਖਾ ਸਿੰਘ ?), ਜਿਸ ਪੂਰੇ 60 ਵਰ੍ਹੇ ਮਾਲ (ਚਰਾਉਣ) ਦੀ ਸੇਵਾ ਕੀਤੀ। ਅਰੂੜ ਸਿੰਘ ਬੱਲੂਆਣੀਏ ਇਧਰ (ਇਲਾਕਾ ਜੀਵਨ ਨਗਰ – ਨਾਲੀ ਤੇ ਟਿੱਬੀ ਵਗੈਰਾ ਦੇ ਆਸ ਪਾਸ – ਦੇਸ਼ ਵੰਡ ਤੋਂ ਬਹੁਤ ਚਿਰ ਪਹਿਲਾਂ) ਆਪਣੀਆਂ (ਡੇਰੇ ਦੀਆਂ) ਗਾਂਈਂ ਚਾਰ ਮਹੀਨੇ ਰੱਖੀਆਂ। ਫਿਰ ਠੇਠਰਕੇ ਰਹਿ ਕੇ ਭੈਣੀ ਸਾਹਿਬ ਪੁੱਜੇ।

ਜਿੱਥੇ ਹੁਣ ਬੈਠੇ ਹਾਂ, (ਭਾਵ ਇਲਾਕਾ ਸ੍ਰੀ ਜੀਵਨ ਨਗਰ) ਏਥੇ ਤਾਂ ਕੋਈ ਘਾਟਾ ਨਹੀਂ, ਨਾ ਭੋਇੰ, ਨਾ ਪੈਲੀ, ਨਾ ਫ਼ਸਲ, ਨਾ ਧਨ ਦਾ।

ਇਹ ਵਜ੍ਹਾ ਇਉਂ ਬਣੀ

(ਭਾਣੇ ਨੂੰ ਮੁੱਖ ਰੱਖ ਕੇ) ਕਦੇ ਕਦੇ ਸਤਿਗੁਰੂ ਜੀ ਕਹਿੰਦੇ ਸਨ, ਅਸੀਂ ਪਹਾੜ ਨੂੰ ਜਾਣਾ ਏ।' ਮਾਤਾ ਜਿਊਣ ਕੌਰ ਜੀ ਕਹਿੰਦੇ – "ਨਹੀਂ ਅਸੀਂ ਸੁਹੇਵੇ ਸਾਹਿਬ ਜਾਣਾ ਏ।" ਸਤਿਗੁਰਾਂ ਆਖਣਾ – "ਉਧਰ ਪਾਣੀ ਨਹੀਂ ਮਿਲਦਾ।" ਇਹ ਇਲਾਕਾ ਜੀਵਨ ਨਗਰ ਆਬਾਦ ਹੋਣ ਦਾ ਕਾਰਨ ਮਾਤਾ ਜੀਵਨ ਕੌਰ ਦਾ ਸੰਕਲਪ ਫਲੀਭੂਤ ਹੋਇਆ। ਇਕ ਇਕ ਸਰੀਰ ਨਾਲ ਘਰ ਚੱਲਦਾ ਏ ਇਕ ਇਕ ਨਾਲ ਕੰਮ ਚੱਲਦੇ ਨੇ।

ਜੇ ਸਾਡੇ ਘੋੜੇ ਮੰਡੀ (ਪਸ਼ੂਆਂ ਜਾਂ ਘੋੜਿਆਂ ਦੀ ਮੰਡੀ) 'ਚ ਨਾ ਵਿਕਦੇ ਤਾਂ ਦਰੋਗਾ ਦੁੰਮਣ ਸਿੰਘ ਜ਼ਰਾ ਕੁ ਦਰਸ਼ਨ ਦਿੰਦਾ ਤਾਂ ਵਿਕ ਜਾਂਦੇ। ਭਗਤ ਸਿੰਘ ਨੇ ਘੋੜੇ ਦੁੜਾਉਣ ਦਾ ਕੰਮ ਸਾਂਭਿਆ। ਜੇ ਲਾਟ ਦੀ ਘੋੜੀ ਵਾਲਿਆਂ ਆਖਿਆ ਕਿ ਰਤਾ ਕੁ ਪਿੱਛੇ ਹੋ ਜਾਈਂ, ਇਹ ਨਾ ਵਿਕਿਆ, ਨਾ ਡਰਿਆ, ਘੋੜਾ ਸਤਿਗੁਰਾਂ ਦਾ ਹੀ ਜਿਤਾਇਆ।

ਨਾਰਲੀ ਦੇ ਇਕ ਸਿੰਘ ਬਿਬੇਕਾ ਸਿੰਘ ਦੀ ਬੜੀ ਸ਼ਾਨ ਸੀ।

ਭੈਣੀ ਸਾਹਿਬ ਦੇ ਮੰਦਰ ਜਗ੍ਹਾ ਜੋ ਬਣੀਆਂ ਹਨ, ਹੁਣ ਮਹਾਰਾਜ ਜਗਜੀਤ

ਸਿੰਘ ਦੁਆਰਾ, ਇਹ ਹੁਣ ਹੀ ਬਣਨੇ ਸਨ। ਮੈਂ ਸੁਪਨੇ ਵਿਚ ਵੇਖਿਆ ਸੀ, ਇੱਥੇ ਬਹੁਤ ਮੰਦਰ ਬਣੇ ਸਨ, ਜਿਵੇਂ ਸੱਚਖੰਡ ਹੋਵੇ।

(ਆਪਣੇ ਸਿੰਘ) ਇਕ ਗੁਰਮੁਖ ਸਿੰਘ ਨੂੰ, ਦੂਜੇ ਲੋਕ ਨਹਿਰ ਦੇ ਡੇਰੇ ਤੇ ਕੁੱਟ ਰਹੇ ਸਨ, ਹੀਰਾ ਸਿੰਘ ਕੂਹਣੀ ਮਾਰ ਖੁੱਡੀ ਅਤੇ .... ਬੇੜੀ ਮੱਲ ਸਿੰਘ ਠੇਠਰ ਸੀ ਵਾਲਾ ਬਹਾ ਲੈ ਗਿਆ ਕਾਕੂ ਨਾਲ -(ਦੋਹਾਂ ਸਿੰਘਾਂ ਨੇ) ਢੰਡਿਆਂ ਵਾਲੇ (ਸਰਹਿੰਦ ਨਹਿਰ ਦੇ ਡੇਰੇ ਨੇੜੇ ਇਕ ਪਿੰਡ) ਸਾਰੇ ਅੱਗੇ ਲਾ ਲਏ।

ਕਾਕੂ ਬੇੜੀ ਵਾਲੇ ਨੇ, ਸਤਿਗੁਰੂ ਪਰਤਾਪ ਸਿੰਘ ਨੂੰ ਇਹ ਬਚਨ ਸੁਣਾਇਆ ਕਿ ਜਦੋਂ ਇਹ ਦੋਵੇਂ ਸਿੱਖ ਕਿਸ਼ਤੀ ਵਿਚ ਚੜ੍ਹੇ ਤਾਂ ਥੋੜ੍ਹਾ ਅੱਗੇ ਇਉਂ ਲੱਗਾ ਕਿ ਕਿਸ਼ਤੀ ਸਾਰੀ ਹੀ ਸ਼ਹੀਦ ਸਿੰਘਾਂ ਦੀ ਭਰੀ ਹੋਵੇ।

ਅੱਗੇ ਸਾਖੀ ਮੱਲ ਸਿੰਘ ਠੇਠਰ ਕੀ ਚਲੀ (ਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਸਿੱਖ)

- ਪਹਿਲੇ ਦਿਨ ਪੂਨੀਆ ਦਾ ਮੁੰਡਾ, ਡੇਰੇ ਦਾ ਰਾਖਿਆਂ ਤੋਂ ਜਬਰੀ ਘਾਹ ਵੱਢਣ ਵਾਲਾ ਕੁੱਟ ਕੇ ਉਹਨੂੰ ਤਾਪ ਚੜ੍ਹਾਇਆ।

- ਉਦੋਂ ਅਗਲੇ ਦਿਨ (ਡੇਰੇ ਦੇ ਘਾਹ ਦਾ ਉਜਾੜਾ ਕਰਨ ਵਾਲੇ) ਝੋਟੇ ਨਾਲ ਮੁਕਾਬਲਾ।

- ਫਿਰ ਗੜ੍ਹੀ ਵੱਲ ਗਿਆ। ਕੁੜੀਆਂ ਡੇਰੇ ਦਾ ਘਾਹ ਖੋਦਦੀਆਂ ਨੇ ਧੱਕੇ ਨਾਲ ਪੰਝੀ-ਪੰਝੀ, ਤੀਹ-ਤੀਹ ਦੇ ਟੋਲੇ। ਦੇਹ ਦਾ ਬਹੁਤ ਭਾਰਾ ਸੀ। ਕੋਈ ਆਖੇ, "ਰਿੱਛ ਆਇਆ ਹੈ ਸੁੱਟੋ ਇਹਨੂੰ ਨਹਿਰ ਵਿਚ। (ਕੁੜੀਆਂ ਨੂੰ) ਨਹਿਰ ਵਿਚ ਸੁੱਟ ਕੇ ਗੋਤੇ ਦਿੱਤੇ। ਫਿਰ ਗੜ੍ਹੀ ਪਿੰਡ ਵਿਚ ਗਿਆ (ਉਲਾਂਭਾ ਦੇਣ), ਸਾਡੇ ਸਿੰਘ ਆਉਂਦੇ ਹਨ (ਰਾਖੇ, ਬੁੱਢੇ-ਠੇਰੇ) ਇਹ ਬਾਹੀਂ ਪਿੱਛਾਂਹ ਬੰਨ੍ਹ ਦਿੰਦੀਆਂ ਹਨ (ਹੁਣ ਸੰਭਾਲ ਲਵੋ ਮੈਂ ਮੋੜ ਚੱਲਿਆਂ ਹਾਂ - ਗੁਰੂ ਹਰੀ ਸਿੰਘ ਦੇ ਡਰ ਤੋਂ - ਜੇ ਫਿਰ ਨਾ ਹਟੀਆਂ ਤਾਂ ਆਪਣਾ ਪੜ੍ਹਿਆ ਵਿਚਾਰ ਲੈਣਾ। ਡੇਰੇ ਦਾ ਘਾਹ ਨਾ ਵੱਢਣ)

- ਫਿਰ ਵਾਰੀ ਆਈ ਰੋਹਣਿਆਂ ਵਾਲੇ ਗੁੱਜਰਾਂ ਨਾਲ। ਨੀਲੋਂ ਨਹਿਰ ਦੇ ਪੁਲ ਤੋਂ ਉਤਰ ਕੇ ਜਿਧਰ ਨੂੰ ਪਾਣੀ ਜਾਂਦਾ ਸੀ, ਇਕ ਵਾਹਵਾ ਸਾਹਨ ਗੁੱਜਰ ਸੀ, (ਬਾਬਾ ਮੱਲ ਸਿੰਘ ਦੱਸਿਆ ਕਰਦਾ ਸੀ), ਉਸ ਮੈਨੂੰ ਜੱਫਾ ਪਾ ਲਿਆ। ਮੈਂ ਸੋਟੀ ਛੁਡਾ ਕੇ ਦੋਹਾਂ ਨੂੰ ਇਕ ਇਕ ਲਾਈ। ਉਹਦਾ ਸਾਹਨ ਗੁੱਜਰ ਦਾ ਗੁੱਟ ਫੜੀ ਰੱਖਿਆ। ਸਤਾਰਾਂ ਸੋਟੀਆਂ ਮਾਰੀਆਂ। (ਫਿਰ ਨਹੀਂ ਕਦੇ ਉਹਨਾਂ ਸਾਡੇ ਡੇਰੇ ਦੇ ਘਾਹ ਦਾ ਉਜਾੜਾ ਕੀਤਾ)

ਗੁਰੂ ਹਰੀ ਸਿੰਘ ਵਿਚ ਦੋ ਤਾਕਤਾਂ ਸਨ, ਮੀਰੀ ਪੀਰੀ ਦੀਆਂ। ਘਰ ਦੀ ਗੱਲ ਕਰੀਏ (ਮੇਰਾ ਪਿਤਾ ਜਿਊਣ ਸਿੰਘ ਝੱਬਰ ਸੁਣਾਇਆ ਕਰਦਾ ਸੀ) - ਮੈਨੂੰ ਗੁਰੂ

ਹਰੀ ਸਿੰਘ ਆਂਹਦੇ – ਨੱਥਾ ਸਿੰਘ ਮਜ਼ਬੀ ਸਰਕੜਾ ਵੱਢਦਾ ਏ, ਉਹਨੂੰ ਪਰਸ਼ਾਦਾ ਦੇ ਆ। ਜੇਠ ਦੇ ਦਿਨ ਸਨ। ਮੈਂ ਨਾਂਹ ਕੀਤੀ। ਸਤਿਗੁਰ ਆਂਹਦੇ, "ਤੁਰ ਜਾਹ ਫਿਰ ਪਿੰਡ।" (ਮੈਂ ਤੁਰ ਪਿਆ) ਅਕਾਲ ਬੁੰਗੇ ਤੋਂ ਅੱਗੇ ਰਾਹ ਨਾ ਦਿਸਿਆ।

ਵੀਰ ਸਿੰਘ ਭੋਮੇ ਵਡਾਲੀਆ, ਤਿੰਨ ਖੂਹ ਤੇ ਸਾਰਾ ਮਾਲ ਡੰਗਰ ਵੇਚ ਕੇ, ਸਾਧ ਹੋ ਕੇ, ਭੈਣੀ ਸਾਹਿਬ ਆ ਗਿਆ। ਗੁਰੂ ਹਰੀ ਸਿੰਘ ਉਹਨੂੰ ਦਲਿੱਦਰੀ ਹੋਣ ਦਾ ਸਰਾਪ ਦਿੱਤਾ। ਦਲਿੱਦਰੀ ਹੋ ਗਿਆ। (ਫਿਰ ਮਾਤਾ ਜਿਊਣ ਕੌਰ ਦੇ ਕਹਿਣ ਤੇ ਆਪ ਨੇ "ਸ਼ੇਰਾ ਬੱਗਿਆ!" ਆਖ ਕੇ ਆਵਾਜ਼ ਮਾਰੀ। ਤੁਰਤ ਤਿਆਰ-ਬਰ-ਤਿਆਰ ਹੋ ਗਿਆ)। ਜੇ ਕਿਸੇ ਨੂੰ ਬੁਖ਼ਾਰ ਹੋ ਜਾਣਾ ਗੁਰੂ ਹਰੀ ਸਿੰਘ ਜੀ ਨੇ ਕਹਿਣਾ, ਇਹਦੇ ਸਿਰ ਵਿਚ ਦਸ ਗਾਗਰਾਂ ਜਲ ਦੀਆਂ ਪਾ ਦਿਉ। ਤੁਰਤ ਰਾਜ਼ੀ ਹੋ ਜਾਣਾ।

ਚੇਤ ਸਿੰਘ ਆਸਲਾਂ ਦਾ ਤੇ ਆਲਾ ਸਿੰਘ ਦਾਲਮ ਉਹਦਾ ਸੇਵਕ। ਸ਼ਹੀਦੀ ਬੁੰਗਾ ਬਾਬੇ ਚੇਤ ਸਿੰਘ ਹੋਰਾਂ ਬਣਾਇਆ ਸੀ। ਉਦੋਂ ਇੱਥੇ ਸ਼ਹੀਦੀ ਦੇਗਾਂ ਰਗੜਦੇ ਸਨ। ਨਮਾਣੀ ਦੇ ਮੇਲੇ 'ਤੇ ਸਾਰੀ ਮਾਝੇ ਦੀ ਸੰਗਤ ਇੱਥੇ ਰੇਤ ਦੇ ਟਿੱਬਿਆਂ 'ਤੇ ਹੀ ਰੁਕਦੀ ਸੀ। ਲਾਗੇ ਚਾਗੇ ਰੁੱਖ ਲਾਉਂਦੇ ਰਹਿਣਾ। ਇਹਨਾਂ ਦਾ ਕੰਮ ਸੀ ਵਿਹਾਰ ਕਰਨਾ ਅੜੋ ਅੜੀ।

(ਬੜੇ ਬੜੇ) ਸੂਰਮੇ ਸਿੱਖ ਭੈਣੀ ਸਾਹਿਬ ਗਏ। ਚੇਤ ਸਿੰਘ (ਬੁੱਲ੍ਹੇ ਸ਼ਾਹ) ਸਹਿੰਸਰਾ (ਅੰਮ੍ਰਿਤਸਰ-ਦੇ ਛੇ ਭਰਾ) ਸੁੰਦਰ ਸਿੰਘ ਬੰਬੂ, ਗੰਡਾ ਸਿੰਘ, ਝੰਡਾ ਸਿੰਘ, ਸੋਹਣ ਸਿੰਘ, ਮੋਹਣ ਸਿੰਘ, ਛੇ ਭਰਾ ਸਤਿਗੁਰਾਂ ਕੋਲ ਰਹਿੰਦੇ। ਬੰਬੂ ਛਕਣ ਨੂੰ ਵੀ ਤਕੜਾ ਤੇ ਸੇਵਾ ਕਰਨ ਨੂੰ ਵੀ ਤਕੜਾ।

ਝੰਡਾ ਸਿੰਘ ਸੂਰਮਾ, ਸੋਹਣ ਸਿੰਘ ਤੇ ਅਮਰ ਸਿੰਘ ਚੇਲੇਕਾ (ਨਾਨੂੰ ਸਿੰਘ ਅਤੇ ਸੰਤ ਪ੍ਰੀਤਮ ਸਿੰਘ ਹੋਰਾਂ ਦਾ ਭਰਾ) ਬੜਾ ਜ਼ੋਰਵਾਰ ਸੀ। ਚੂਹੜਕਾਣੇ ਮਾਲੀ ਸੀ ਬਿਨਾਂ ਨੱਥ ਤੋਂ। ਸਤਿਗੁਰ ਪਰਤਾਪ ਸਿੰਘ ਜੀ ਅਮਰ ਸਿੰਘ ਨੂੰ ਅੰਨ੍ਹਾ ਆਂਹਦੇ ਸਨ। ਆਂਹਦੇ, "ਅੰਨ੍ਹਿਆ! ਮਾਲੀ ਦੇ ਦੰਦ ਤਾਂ ਵਿਖਾ ਕੇ।" ਉਸ ਦੇ ਕੇ ਬਾਹਾਂ ਮਾਲੀ ਦੀ ਧੌਣ ਵਿਚ, ਉਲਟਾ ਕੇ ਮਾਰਿਆ ਆਂਹਦਾ – "ਵੇਖ ਲਉ ਜੀ ਦੰਦ!"

(ਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਉਗਰਾਹੀਆ) ਮਹੰਤ ਕੌਲਾ ਸਿੰਘ (ਮੌਲੀ ਦਰਾਲੀ-ਅੰਬਾਲਾ) ਤੇ ਸਾਧੂ ਸਿੰਘ ਰਵਿਦਾਸੀਆ। (ਜ਼ੋਰ ਅਜ਼ਮਾਈ ਕਰਨ ਵਾਸਤੇ) ਆਪਸ ਵਿਚ ਡੰਡਾ ਸੋਟਾ ਫੜ ਕੇ ਟੱਕਰੇ ਰਹਿੰਦੇ ਸਨ।

ਦੁਆਬੇ ਦੇ ਪਿੰਡ ਬਿਲਗੇ ਦੇ ਤਿੰਨ ਸਕੇ ਭਰਾਵਾਂ ਵੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਦੀ ਸੇਵਾ ਕੀਤੀ। ਅਰਬੇਲ ਸਿੰਘ ਬਿਲਗਾ (ਲੰਗਰ ਵਿਚ), ਸੁਹੇਲ ਸਿੰਘ ਇਹ ਘੋੜਿਆਂ ਦਾ ਦਰੋਗਾ ਅਤੇ ਪਾਠੀ ਵੀ ਅਵੱਲ ਦਰਜ਼ੇ ਦਾ ਸੀ। ਕਨ੍ਹਈਆ ਸਿੰਘ ਬਿਲਗਾ, ਇਹ ਦੀਵਾਨ ਲਾਇਆ ਕਰਦਾ ਸੀ। ਅਰਬੇਲ ਸਿੰਘ ਦਾ ਮੁੰਡਾ

ਸੀ, ਬਿਸ਼ਨ ਸਿੰਘ ਰਪਟੀਆ। (ਭੈਣੀ ਸਾਹਿਬ ਦੇ ਲਾਗੇ ਚਾਗੇ ਦਰਸ਼ਨਾਂ ਨੂੰ ਆਏ ਸਿੰਘ ਕਿਤੇ ਬੈਠੇ ਹੋਣ), ਮਾਤਾ ਜਿਊਣ ਕੌਰ ਜੀ ਪਰਸ਼ਾਦੇ ਪਕਾ ਕੇ ਉਹਦੇ ਸਿਰ 'ਤੇ ਰੱਖ ਦੇਣ, ਤਾਂ ਰਪਟੀਆ ਏਨਾਂ ਭੱਜਦਾ ਸੀ ਕਿ ਚੌਂਕੀ ਵਾਲੀ ਪੁਲਿਸ ਨੂੰ ਡਾਹ ਨਹੀਂ ਦਿੰਦਾ ਸੀ। ਪਰਸ਼ਾਦੇ ਸਿੰਘਾਂ ਤਕ ਪਚਾ ਕੇ ਰੁਕਦਾ ਸੀ।

ਇਕ ਰਾਮਗੜ੍ਹੀਆ ਸਿੰਘ, ਗੱਜਣ ਸਿੰਘ ਬਰਨਾਲੇ ਦਾ, ਗੱਡੇ ਬਣਾਉਂਦਾ ਸੀ, ਭੈਣੀ ਸਾਹਿਬ। ਉਸ ਦਰਬਾਰ ਸਾਹਿਬ ਦੇ ਬਹੁਤ ਨੁਕਤੇ ਸਿੱਖਾਂ ਨੂੰ, ਸਣੇ ਸੁਹੇਲ ਸਿੰਘ ਸਿਖਾਏ। ਸੁਹੇਲ ਸਿੰਘ ਤਕੜਾ ਏਨਾ ਸੀ, ਡੇਰੇ ਦੇ ਸਾਰੇ ਮਾਲ ਨੂੰ, ਪਾਣੀ ਇਕੱਲਾ ਖੂਹ ਤੋਂ ਕੱਢ ਕੇ ਡਾਹ ਦਿੰਦਾ ਸੀ। ਘੋੜੇ ਕਿੰਨੇ ਲੜਦੇ ਹੋਣ, ਛੱਤ ਤੇ ਖਲੋਤਾ ਈ ਹੋਕਰਾ ਮਾਰਦਾ, ਉਹ ਹਟ ਜਾਂਦੇ। ਇਕ ਛੋਟੇ ਜਿਹੇ ਕੱਦ ਦਾ ਸਿੱਖ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਰਹਿੰਦਾ ਸੀ, ਉਹ 100 ਮਣ ਕਣਕ ਦਾ ਪੀਹਣ 'ਕੱਲਾ ਕਰ ਦਿੰਦਾ ਸੀ ਛੱਜ ਨਾਲ। ਚੁਬਾਰੇ ਤੋਂ ਉੱਤਰਿਆ। ਲਾਂਗਰੀ ਨੂੰ ਆਂਹਦਾ, "ਲੈ ਬਈ ਕੁਝ ਛਕਾ ਲੈ।" ਉਹ ਆਂਹਦਾ, "ਕਿਉਂ ਬਈ ਮਰਨ ਲੱਗਾ ਏ ?" ਉਸ ਆਖਿਆ, "ਕੋਈ ਘੋੜੇ ਲੱਦਣੇ ਨੇ।" ਸ਼ਰਦਈ ਛਕ ਕੇ ਮੈਦਾਨ ਗਿਆ। ਰਾਹ ਵਿਚ ਆਉਂਦਾ ਈ ਡਿੱਗ ਪਿਆ। (ਲਾਂਗਰੀ ਵੀ ਹੈਰਾਨ ਕਿ ਚੰਗਾ ਭਲਾ ਗੱਲਾਂ ਬਾਤਾਂ ਕਰਦਾ ਗਿਆ ਸੀ।)

ਇਹ ਜਿਹੜੀ ਸਤਿਗੁਰੂ ਜਗਜੀਤ ਸਿੰਘ ਨੂੰ ਵਾਦੀ ਏ, ਇਹ ਕਿਤੇ ਕੋਈ ਬੂਟਾ ਵੇਖਣ ਪੁੱਟ ਕੇ ਲੈ ਜਾਂਦੇ ਨੇ, ਜਾ ਭੈਣੀ ਸਾਹਿਬ ਲਾਉਂਦੇ ਨੇ। ਅਸੀਂ, ਤੁਸੀਂ ਸਾਰੇ ਇਹਨਾਂ ਦੇ ਬੂਟੇ ਹਾਂ। ਸੁੰਦਰ ਸਿੰਘ "ਪੂੰਗਾਂ ਵਾਲਾ" ਆਪਣੇ (ਮਕਾਨ ਦੇ) ਬਾਲਿਆਂ ਤੇ 'ਸੁੰਦਰ ਸਿੰਘ ਗੁਰੂ' ਲਿਖਵਾਉਂਦਾ ਸੀ। ਕੇਸਰ ਸਿੰਘ 'ਮਜਾਧ' ਉਹਦਾ ਬੂਟਾ ਸੀ, ਜੋ ਸਤਿਗੁਰ ਪਰਤਾਪ ਸਿੰਘ ਨੇ ਪੁੱਟ ਕੇ ਭੈਣੀ ਸਾਹਿਬ ਲੈ ਆਂਦਾ।

ਦੋ-ਤਿੰਨ ਬੰਦਿਆਂ ਵਿਚ ਭੈਣੀ ਸਾਹਿਬ ਗੁੱਸਾ ਨਹੀਂ ਸੀ (ਕਦੀ ਆਇਆ ਵੇਖਿਆ) ਇਕ ਮਹੰਤ ਕੇਸਰ ਸਿੰਘ ਮਜਾਧ, ਦੂਜਾ ਭਾਈ ਸੋਹਣ ਸਿੰਘ 'ਲੰਮਾ ਗੁੰਨਾ', ਤੀਜਾ (ਦੁੱਧ ਰਿੜਕਣ ਦੀ ਸੇਵਾ ਕਰਨ ਵਾਲਾ) ਭਾਈ ਪ੍ਰੇਮ ਸਿੰਘ 'ਚਾਟੀ'। ਇਹਨਾਂ ਵਿਚ ਅੱਬਲ ਤੇ ਗੁੱਸਾ ਆਉਂਦਾ ਈ ਨਹੀਂ ਸੀ ਜੇ ਆਵੇ ਤਾਂ ਏਨਾ ਹੀ ਗੁੱਸੇ ਵਿਚ ਕਹਿਣਾ- 'ਛੱਡ ਓਇ ਭਾਈਚਾਰਿਆ।'

ਸੰਤ ਆਲਾ ਸਿੰਘ ਦੇ ਜਥੇ ਵਿਚ ਹੁੰਦੇ ਸਨ ਸੂਬਾ ਵਰਿਆਮ ਸਿੰਘ ਦਾ ਭਣਵਈਆ ਵਰਿਆਮ ਸਿੰਘ ਮਸਤੇ ਕੋਟੀਆ, ਬਹਾਦਰ ਸਿੰਘ ਕੱਟਿਆਂ ਵਾਲਾ, ਜਾਲਣੀਆਂ ਕਰਤਾਰ ਸਿੰਘ, ਇਹ ਸਾਰੇ ਸਤਿਗੁਰੂ ਪਰਤਾਪ ਸਿੰਘ ਨੇ ਭੈਣੀ ਸਾਹਿਬ ਲੈ ਆਂਦੇ ਸਨ।

ਜਦੋਂ ਇਹਨਾਂ (ਸਤਿਗੁਰੂ ਜੀ) ਨਾਲ ਸਿੱਖ ਯਾਰੀ ਪਾਉਂਦਾ ਏ, ਸਿੱਖ ਦੇ

ਅੰਦਰ ਪੂਰੀ ਸ਼ਰਧਾ ਹੁੰਦੀ ਹੈ। ਜਦੋਂ ਮੈਂ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਦੌਰੇ 'ਤੇ ਜਾਣਾ ਤਾਂ ਗੁਰੂ ਜੀ ਦਾ ਨੇੜ ਕਰਨ ਦੀ ਮੇਰੀ ਵੀ ਬੜੀ ਸ਼ਰਧਾ ਸੀ। ਜਿੱਥੇ ਖਾਲ ਤੇ ਇਸ਼ਨਾਨ ਕਰਨ ਮੈਂ ਪਾਸੇ ਜਾ ਬਹਿਣਾ। ਉਸ ਵੇਲੇ ਮੈਨੂੰ ਝੱਬਰ ਆਂਹਦੇ ਸਨ। ਭਾਈ ਵਜ਼ੀਰ ਸਿੰਘ ਕਿਤੇ ਗਏ ਸਨ। ਆਂਹਦੇ –"ਝੱਬਰਾ! ਉੱਠ!! ਮੈਨੂੰ ਇਸ਼ਨਾਨ ਕਰਾ।" ਮੈਂ ਛੋਟੀ ਅਵਸਥਾ ਵਿਚ ਸਾਂ। ਗੜਵਾ ਮੈਥੋਂ ਭਾਰਾ ਤਾਂ ਸੀ। ਮੈਂ ਖਾਲ ਵਿਚ ਇਸ਼ਨਾਨ ਕਰਦਿਆਂ 'ਤੇ ਗੜਵੇ ਪਾਉਣੇ ਸ਼ੁਰੂ ਕਰ ਦਿੱਤੇ। ਇਹ ਗੁਰੂਆਂ ਪੀਰਾਂ ਦਾ ਇਹ ਸਿਲਸਿਲਾ ਏ, ਗੁਰੂ ਇਹਨੂੰ ਉਦੋਂ ਹੀ ਛੱਡਦਾ ਏ, ਜਦੋਂ ਇਹ ਪਾਸੇ ਫਸ ਜਾਂਦਾ ਏ। ਜਿੰਨਾ ਚਿਰ ਤਾਰ ਸਿੱਧੀ ਜੁੜੀ ਏ, ਕੋਈ ਖ਼ਤਰਾ ਨਹੀਂ।

ਫਿਰ ਸਾਰੇ ਰੰਗ ਵੇਖੇ। ਭਗਤ ਸਿੰਘ ਨੂੰ ਚੀਕੂ ਆਂਹਦੇ ਸਨ। ਸਤਿਗੁਰਾਂ ਆਖਿਆ – 'ਸਰਦਾਰ ਏ।' ਉਹ ਸਰਦਾਰੀ ਬਣਾ ਕੇ ਰਿਹਾ। ਬੱਚਿਆਂ ਦੀ ਵੀ ਸਰਦਾਰੀ ਬਣਾ ਕੇ ਗਿਆ।

ਇਕ ਸੁਥਰਾ ਭਗਤ ਸੀ ਸਤਿਗੁਰਾਂ ਕੋਲ। ਸਭ ਫ਼ੌਜਾਂ ਰੱਖੀਆਂ ਹੁੰਦੀਆਂ ਸਨ। ਖਮਾਣੋ ਦਾ ਸਰਦਾਰ... ਸੀ। ਪੰਜ ਸੌ ਰੁਪਏ ਖਮਾਣੋ ਵਾਲਾ ਸਰਦਾਰ ਗੁਰੂ ਹਰੀ ਸਿੰਘ ਜੀ ਤੋਂ ਉਧਾਰ ਲੋੜ ਲਈ ਲੈ ਗਿਆ। ਫਿਰ ਮੋੜੇ ਨਾ। ਫਿਰ ਸੁਥਰਾ ਗਿਆ। ਉਹਦਾ ਲੰਗਰ ਨਾ ਪੱਕਣ ਦਿੱਤਾ ਦੋ ਦਿਨ। ਘਰ ਵਿਚ ਬਹਿ ਰਿਹਾ। ਪੈਸੇ ਲੈ ਕੇ ਆਇਆ ਗੁਰੂ ਕੇ ਲੰਗਰ ਦੇ।

ਸ੍ਰ. ਸ਼ਾਮ ਸਿੰਘ ਮਾਨਾਂ ਵਾਲਾ (ਸ਼ੇਖੂਪੁਰਾ) ਆਪਣੀ ਸੱਸ ਦੀ ਜ਼ਮੀਨ ਤੇ ਰਹਿੰਦਾ ਸੀ। ਉਹਨੂੰ ਹਾਫਜਾਬਾਦ ਦੇ ਸੰਤ ਈਸ਼ਰ ਸਿੰਘ ਨੇ ਸਿਖ ਬਣਾਇਆ ਸੀ। ਉਹ ਘੋੜਿਆਂ ਦਾ ਬੜਾ ਸ਼ੁਕੀਨ ਸੀ। ਸਤਿਗੁਰਾਂ ਨੇ ਉਸ ਪਾਸ ਸ੍ਰ. ਭਗਤ ਸਿੰਘ ਨੂੰ ਘੱਲਿਆ, ਘੋੜਿਆਂ ਦਾ ਕੰਮ ਸਿੱਖਣ।

ਬਿਸ਼ਨ ਸਿੰਘ ਹੋਰੀਂ ਗੱਡਿਆਂ ਵਾਲੇ, ਗੱਡਿਆਂ ਦੇ ਅੱਗੇ ਝੋਟੇ ਜੌਂਦੇ ਸਨ ਤੇ ਸਤਿਗੁਰਾਂ ਦੇ ਟਾਂਗੇ ਨੂੰ ਲਾਟੋਂ ਤੋਂ ਭੈਣੀ ਸਾਹਿਬ ਤੱਕ ਪਿੱਛੇ ਛੱਡ ਗਏ ਸਨ ਕਿਉਂ ਜੁ ਅੱਗੇ ਰੇਤ ਆ ਗਈ ਸੀ।

# ਅੰਤਿਕਾ-III

ਪਿਤਾ ਸ੍ਰੀ ਨੂੰ ਯਾਦ ਕਰਦਿਆਂ:

## ਜਥੇਦਾਰ ਗੁਰਮੁਖ ਸਿੰਘ ਝੱਬਰ

ਚੇਤੇ ਦੇ ਘੁਸਮੁਸੇ ਹਨੇਰਿਆਂ ਵਿਚੋਂ ਜਿਹੜਾ ਬਿੰਬ ਉਭਰਦਾ ਹੈ ਉਹ ਬਾਪੂ ਜੀ ਦਾ ਹੈ ਜਦੋਂ ਉਹ ਆਪਣੀ ਉਮਰ ਦੇ ਸੱਠਵਿਆਂ ਦੇ ਤੀਜੇ ਚੌਥੇ ਵਰ੍ਹੇ ਵਿਚ ਸਨ, ਕਰੜ ਬਰੜੀ ਭਰਵੀਂ ਦਾੜ੍ਹੀ, ਗੋਰਾ ਨਿਛੋਹ ਰੰਗ, ਛੇ ਫੁੱਟ ਤੋਂ ਪੋਟਾ ਅੱਧਾ ਉੱਚਾ ਕੱਦ, ਸਰੀਰ ਛਾਂਟਿਆ ਹੋਇਆ ਅਤੇ ਫੁਰਤੀਲਾ। ਅੱਖਾਂ ਛੋਟੀਆਂ ਵੀ ਨਹੀਂ ਤੇ ਜਿਆਦਾ ਵੱਡੀਆਂ ਵੀ ਨਹੀਂ। ਤੱਕਣੀ ਇਹੋ ਜਿਹੀ ਕਿ ਅਗਲੇ ਦੇ ਧੁਰ ਅੰਦਰਲੇ ਤਕ ਡੂੰਘੀ ਲਹਿ ਜਾਣ ਵਾਲੀ। ਨੱਕ ਦੀ ਘੋੜੀ ਰਤਾ ਕੁ ਖੱਬੇ ਪਾਸੇ ਨੂੰ ਮੁੜੀ ਹੋਈ। ਮੱਥਾ ਚੌੜਾ। ਸਿਰ ਤੇ ਨਾਮਾਤਰ ਕੇਸਾਂ ਦਾ ਜੂੜਾ ਜਿਹਨਾਂ ਦਾ ਰੰਗ ਅੰਤ ਸਮੇਂ ਤੱਕ ਵੀ ਅੱਧਿਆਂ ਦਾ ਕਾਲਾ ਹੀ ਰਿਹਾ। ਜਦੋਂ ਉਹ ਚੌਂਕੀ ਤੇ ਬੈਠ ਕੇ ਇਸ਼ਨਾਨ ਕਰਦੇ ਸਨ ਤਾਂ ਉਸ ਸਮੇਂ ਉਹਨਾਂ ਦੀ ਸ਼ਕਲ, ਅੰਮ੍ਰਿਤਸਰ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਲੱਗੇ ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਦੇ ਚਿੱਤਰ ਨਾਲ ਮਿਲਣ ਦਾ ਭੁਲੇਖਾ ਪਾਉਂਦੀ ਸੀ। ਬਸਤਰਾਂ ਦੇ ਤੌਰ ਤੇ ਗਰਮੀਆਂ ਵਿਚ ਨਾਮਧਾਰੀ ਕਾਟ ਦਾ ਕੁੜਤਾ, ਸ਼ੁੱਧ ਖੱਦਰ ਦਾ ਅਤੇ ਕਛੈਹਰਾ। ਸਿਆਲ ਵਿਚ ਜਾਂ ਕਿਤੇ ਆਉਣ ਜਾਣ ਸਮੇਂ ਰੇਬ ਪਜਾਮਾ। ਦਸਤਾਰ ਸਮੇਤ ਬਾਕੀ ਬਸਤਰ ਸਦਾ ਹੀ ਚਿੱਟੇ ਰੰਗ ਦੇ ਹੁੰਦੇ ਸਿਵਾਏ ਕਿਸੇ ਇਕ ਅੱਧ ਗਰਮ ਸਿਆਲੂ ਪਹਿਰਾਵੇ ਦੇ। ਅੱਤ ਸਾਦਾ ਪਹਿਰਾਵੇ ਵਿਚ ਉਹਨਾਂ ਨੂੰ ਵੇਖਿਆ ਹੈ। ਪੈਰੀਂ ਸਦਾ ਹੀ ਚਮੜੇ ਦੀ ਦੇਸੀ ਜੁੱਤੀ ਹੁੰਦੀ। ਪਹਿਰਾਵੇ ਜਿਉਂ ਉਹਨਾਂ ਦੀ ਖ਼ੁਰਾਕ ਵੀ ਅੰਤ ਸਮੇਂ ਤੱਕ ਸ਼ੁੱਧ ਸਾਤਵਿਕ ਅਤੇ ਮੋਟੀ ਠੁੱਲ੍ਹੀ ਹੀ ਰਹੀ। ਵਿਅਸਨਾਂ ਅਤੇ ਵਿਅੰਜਨਾਂ ਤੋਂ ਉਮਰ ਭਰ ਦੂਰ ਰਹਿਣ ਵਾਲੇ ਸਾਡੇ ਬਾਪੂ ਜੀ ਨੂੰ ਨਾਮਧਾਰੀ ਜਗਤ ਵਿਚ ਜਥੇਦਾਰ ਗੁਰਮੁਖ ਸਿੰਘ "ਝੱਬਰ" ਦੇ ਨਾਉਂ ਨਾਲ ਜਾਣਿਆ ਜਾਂਦਾ ਹੈ।

ਪੁਸਤਕ "ਸਾਂਦਲ ਬਾਰ ਦਾ ਇਤਿਹਾਸ -ਵਿਰਕ ਅਤੇ ਹੋਰ" ਮੁਤਾਬਿਕ ਜੰਮੂ ਦੇ ਰਾਜੇ ਉਧਰ ਸੈਨ ਦੀ ਗੈਰ ਰਾਜਪੂਤ ਰਾਣੀ ਵਿਚੋਂ ਜੋ ਵਰਨ, ਧਰੰਗੜ ਅਤੇ ਵਿਰਕ ਤਿੰਨ ਪੁੱਤਰ ਬਾਰ੍ਹਵੀਂ ਸਦੀ ਈਸਵੀ ਵਿਚ ਹੋਏ ਉਹ ਜੰਮੂ ਤੋਂ ਹੇਠਾਂ ਉਤਰ ਕੇ ਗੁਜਰਾਂਵਾਲਾ, ਸ਼ੇਖ਼ੂਪੁਰਾ ਆਦਿ ਦੇ ਇਲਾਕੇ ਵਿਚ ਕੋਈ ਡੇਢ ਸੌ ਪਿੰਡਾਂ ਵਿਚ ਸਮਾਂ ਪਾ ਕੇ ਆਬਾਦ ਹੋ ਗਏ। ਇਹ ਇਲਾਕਾ ਆਪਣੀ ਰਾਜਪੂਤ ਬਰਾਦਰੀ ਦੀ ਤਾਕਤ ਨਾਲ ਉਹਨਾਂ ਭੱਟੀਆਂ ਤੋਂ ਖੋਹ ਲਿਆ ਸੀ। ਸਾਂਦਲ ਲੋਕ ਨਾਇਕ

ਦੁੱਲੇ ਭੱਟੀ ਦਾ ਦਾਦਾ ਸੀ ਜਿਸ ਦੇ ਨਾਂ ’ਤੇ ਇਸ ਬਾਰ ਦਾ ਨਾਂ ਸਾਂਦਲ ਬਾਰ ਪਿਆ ਸੀ। ਕਾਲਾਂਤਰ ਵਿਚ ਤਿੰਨਾਂ ਭਰਾਵਾਂ ਵਿਚੋਂ ਪਰਾਕਰਮੀ ਵਿਰਕ ਦੀ ਉਲਾਦ ਹੀ ਕੌੜੀ ਵੇਲ ਜਿਉਂ ਵਧੀ। ਪੰਦਰਵੀਂ ਸਦੀ ਵਿਚ ਪਿੰਡ ਝੱਬਰ ਇਸੇ ਨਾਉਂ ਦੇ ਇਕ ਵਿਅਕਤੀ ਦੇ ਨਾਂ ਤੇ ਜੰਡਿਆਲਾ ਸ਼ੇਰ ਖ਼ਾਂ, ਵਰਨ, ਮਦਾਰ, ਸਮਸਾ ਆਦਿ ਪਿੰਡਾਂ ਦੇ ਕੋਲ ਆਬਾਦ ਹੋਇਆ। ਇਸ ਦੇ ਵੰਸ਼ਿਜ ਸਾਗਰ ਨੂੰ ਭੱਟੀਆਂ ਵਿਰੁਧ ਲੜਦਿਆਂ ਵੀਰਗਤੀ ਪ੍ਰਾਪਤ ਹੋਈ। ਸਾਗਰ ਤੋਂ ਉਸਦੇ ਨਾਂ ਦੀ ਪੱਤੀ ਝੱਬਰ ਪਿੰਡ ਵਿਚ ਚੱਲੀ। ਸਾਗਰ ਦੀ ਪੱਤੀ ਵਿਚੋਂ ਤਿੰਨ ਕੁ ਸਦੀਆਂ ਪਹਿਲਾਂ ਅਲੀ ਸ਼ੇਰ ਅਤੇ ਦਿਆਲ ਜਾਂ ਲਾਲ ਚੰਦ ਨਾਂ ਦੇ ਦੋ ਭਾਈ ਸਨ। ਮਗਰਲਾ ਜੋ ਕੁਆਰਾ ਸੀ ਉਸ ਤੋਂ ਕਤਲ ਹੋ ਗਿਆ ਤਾਂ ਵੱਡੇ ਭਾਈ ਅਲੀ ਸ਼ੇਰ ਨੇ (ਵਿਰਕਾਂ ਵਿਚ ਵੱਡੇ ਪੁੱਤਰ ਦਾ ਨਾਂ ਅਲੀ ਸ਼ੇਰ ਰੱਖਣ ਦਾ ਰਿਵਾਜ ਸੀ) ਛੋਟੇ ਦੀ ਜੜ੍ਹ ਤੋਰਨ ਲਈ ਇਕਬਾਲੀ ਹੋਕੇ ਫਾਂਸੀ ਕਬੂਲ ਲਈ। ਦਿਆਲ ਦੀ ਛੇਵੀਂ ਪੀੜ੍ਹੀ ਨਨਕਾਣਾ ਸਾਹਿਬ ਦੇ ਸਾਕੇ ਦਾ ਹੀਰੋ ਕਰਤਾਰ ਸਿੰਘ ਝੱਬਰ ਸੀ। ਅਲੀ ਸ਼ੇਰ ਦੀ ਸਤਵੀਂ ਪੀੜ੍ਹੀ ਮੇਰਾ ਦਾਦਾ ਸੰਤ ਜਿਊਣ ਸਿੰਘ ‘ਝੱਬਰ’ ਸੀ। ਨਾਮਧਾਰੀਪੁਣਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਮੇਰੇ ਪੜਦਾਦੇ ਸਾਉਣ ਸਿੰਘ (ਸਰਕਾਰੀ ਕਾਗ਼ਜ਼ਾਂ ਵਿਚ ਸਾਵਣ ਸਿੰਘ) ਦੇ ਸਮੇਂ ਤੋਂ ਸਾਡੇ ਘਰ ਵਿਚ ਸੀ। ਦਾਦੇ ਜਿਊਣ ਸਿੰਘ ਨੇ ਅੱਧਾ ਮੁਰੱਬਾ ਉਪਜਾਊ ਭੋਇੰ ਵੇਚ ਕੇ ਘਰ ਦਾ ਭਾਂਡਾ ਟੀਂਡਾ, ਲੀੜਾ ਕੱਪੜਾ ਅਤੇ ਹੋਰ ਸਾਜ਼ ਸਮਾਨ ਵੀ ਉਗਰਾਹਿਆਂ ਦੇ ਗੱਡਿਆਂ ਤੇ ਲਦਵਾ ਕੇ ਭੈਣੀ ਸਾਹਿਬ ਭੇਜ ਦਿਤਾ ਪੈਲੀ ਦੀ ਕੀਮਤ ਗੁਰੂ ਕੇ ਲੰਗਰ ਵਿਚ ਪਾ ਦਿੱਤੀ ਅਤੇ ਆਪ ਵੀ ਆਪਣੀ ਉਮਰ ਦਾ ਜ਼ਿਆਦਾ ਹਿੱਸਾ ਉਸ ਸਮੇਂ ਦੀਆਂ ਨਾਮਧਾਰੀ ਸੰਤ ਮੰਡਲੀਆਂ ਨਾਲ ਭਰਮਣ ਕਰਦਿਆਂ ਜਾਂ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਦੀ ਸੰਗਤ ਵਿਚ ਬਤੀਤ ਕੀਤਾ। ਗੁਰੂ ਹਰੀ ਸਿੰਘ ਜੀ ਸ਼ਾਮ ਨੂੰ ਸਾਧਾਂ ਵਿਚ ਬਹਿ ਕੇ ਜੋਟੀਆਂ ਦੇ ਸ਼ਬਦ ਸੁਣਿਆ ਕਰਦੇ ਸਨ ਅਤੇ ਅਜਿਹੇ ਸਮੇਂ ਜਿਊਣ ਸਿੰਘ ਦੀ ਹਾਜ਼ਰੀ ਲਾਜ਼ਮੀ ਹੁੰਦੀ ਸੀ ਜੋ ਬਾਕੀ ਸਮਾਂ ਗੁਰਬਾਣੀ ਦੇ ਅਧਿਐਨ ਵਿਚ ਬਤੀਤ ਕਰਦੇ।

ਬਾਪੂ ਜੀ ਉਮਰ ਕਰਕੇ ਵੀਹਵੀਂ ਸਦੀ ਦੇ ਹਾਣੀ ਸਨ। ਉਹਨਾਂ ਦਾ ਜਨਮ 20 ਹਾੜ 1957 ਬਿਕ੍ਰਮੀ (1900 ਈ.) ਨੂੰ ਪਿੰਡ ਬੁੱਢਾ ਥੇਹ (ਨੇੜੇ ਉਮਰਪੁਰਾ) ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਾਤਾ ਹਰ ਕੌਰ ਦੀ ਕੁੱਖੋਂ ਹੋਇਆ। ਮਾਤਾ ਦਾ ਪਿੰਡ ਸੇਖਮ ਘੁਮਾਣ ਅਤੇ ਜ਼ਿਲ੍ਹਾ ਗੁਜਰਾਂਵਾਲਾ ਜਾਂ ਸਿਆਲਕੋਟ ਸੀ। ਬਾਪੂ ਜੀ ਨੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਆਪ ਵੀ ਬਾਲ ਅਵਸਥਾ ਵਿਚ ਕੀਤੇ ਸਨ ਤੇ ਦੱਸਿਆ ਕਰਦੇ ਸਨ ਕਿ ਉਹ ਕਾਹਲੇ ਕਾਹਲੇ ਬਚਨ ਕਰਿਆ ਕਰਦੇ ਸਨ ਅਤੇ ਡੇਰੇ ਵਿਚ ਰਹਿਣ ਵਾਲੇ ਸਿੰਘਾਂ ਦੇ ਬੱਚਿਆਂ ਨਾਲ ਵਿਸ਼ੇਸ਼ ਸਨੇਹ ਪ੍ਰਗਟ ਕਰਿਆ

ਕਰਦੇ ਸਨ। ਗੁਰੂ ਹਰੀ ਸਿੰਘ ਜੀ ਨਾਮਧਾਰੀ ਪੰਥ ਦੀ ਵਾਂਗ ਡੋਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੌਂਪ ਕੇ 1906 ਈਸਵੀ ਵਿਚ ਦੇਹ ਦਾ ਓਹਲਾ ਕਰ ਗਏ ਸਨ ਅਤੇ ਉਸੇ ਸਾਲ ਹੀ ਛੇ ਕੁ ਵਰ੍ਹਿਆਂ ਦੇ ਬਾਲ ਗੁਰਮੁਖ ਨੂੰ ਛੱਡ ਕੇ, ਦਾਦੀ ਜੀ ਵੀ ਅਕਾਲ ਚਲਾਣਾ ਕਰ ਗਏ ਸਨ।

ਦਾਦਾ ਜੀ ਦੇ ਤਿੰਨ ਅੰਤਰੰਗ ਮਿੱਤਰ ਸਨ। ਸ੍ਰੀ ਭੈਣੀ ਸਾਹਿਬ ਡੇਰੇ ਵਿਖੇ ਰਹਿਣ ਵਾਲੇ, ਗੁਰੂ ਹਰੀ ਸਿੰਘ ਜੀ ਦੇ ਉਗਰਾਹੀਏ ਅਤੇ ਉਨ੍ਹਾਂ ਦੇ ਮਹੰਤ ਬਾਬਾ ਸੁਰਜਨ ਸਿੰਘ ਤੇ ਬਾਬਾ ਵੀਰ ਸਿੰਘ ਦੋਵੇਂ ਪਿੰਡ ਭੋਮਾ ਵਡਾਲਾ ਤੇ ਬਾਬਾ ਸੰਤਾ ਸਿੰਘ ਘੁੱਕੇ ਵਾਲਾ ਤਿੰਨਾਂ ਦਾ ਹੀ ਜ਼ਿਲਾ ਅੰਮ੍ਰਿਤਸਰ ਸੀ। ਇਹਨਾਂ ਬਾਬਿਆਂ ਦੇ ਸਾਥ ਵਿਚ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਪਨ ਬਤੀਤ ਹੋਇਆ ਸੀ ਅਤੇ ਹੁਣ ਇਹਨਾਂ ਨੇ ਦਾਦਾ ਜੀ ਨੂੰ ਕਿਹਾ, "ਜਿਊਣ ਸਿੰਘ ਜੀ! ਤੁਸੀਂ ਜ਼ਿਆਦਾ ਬਿਹੰਗਮ ਅਵਸਥਾ ਵਿਚ ਵਿਚਰੇ ਹੋ। ਜੇ ਬੀਬੀ ਹਰ ਕੌਰ ਜਿਊਂਦੀ ਰਹਿੰਦੀ ਤਾਂ ਹੋਰ ਗੱਲ ਸੀ। ਅਸੀਂ ਸਮਝਦੇ ਹਾਂ ਕਿ ਗੁਰਮੁਖ ਸਿੰਘ ਨੂੰ ਤੁਸੀਂ ਸਾਨੂੰ ਸੌਂਪ ਦਿਓ। ਸਾਡੀਆਂ ਨਜ਼ਰਾਂ ਸਾਹਵੇਂ ਇਹਦੀ ਸਾਂਭ ਸੰਭਾਲ ਦੀ ਕੋਈ ਦਿੱਕਤ ਨਹੀਂ ਆਏਗੀ।" ਦਾਦਾ ਜੀ ਮੰਨ ਗਏ।

ਇਉਂ ਇਸ ਮਾਂ ਮਹਿੱਟਰ ਬਾਲ ਨੂੰ, ਤਿੰਨਾਂ ਬਾਬਿਆਂ ਨੇ ਕੁਕੜੀ ਜਿਉਂ ਆਪਣੇ ਖੰਭਾਂ ਹੇਠ ਲੈ ਲਿਆ। ਮਗਰਲੀ ਉਮਰ ਵਿਚ ਬਾਪੂ ਜੀ ਜਦੋਂ ਵੀ ਸਾਨੂੰ ਆਪਣੇ ਬਚਪਨ ਦੀਆਂ ਘਟਨਾਵਾਂ ਬਾਰੇ ਦੱਸਿਆ ਕਰਦੇ ਸਨ ਤਾਂ ਉਹਨਾਂ ਤਿੰਨਾਂ ਬਾਬਿਆਂ ਦੀ ਯਾਦ ਦੇ ਸਾਹਵੇਂ ਉਹਨਾਂ ਦਾ ਸਿਰ ਝੁਕ ਜਾਂਦਾ ਅਤੇ ਨੇਤਰ ਨਮ ਹੋ ਜਾਂਦੇ ਸਨ। ਉਹਨਾਂ ਨੂੰ ਤਿੰਨਾਂ ਬਾਬਿਆਂ ਦੇ ਰੂਪ ਵਿਚ ਇਕ ਟਕਸਾਲ ਪ੍ਰਾਪਤ ਹੋ ਗਈ ਸੀ, ਜਿਸ ਵਿਚੋਂ ਇਕ ਭਾਵੀ ਜੀਵਨ ਦੇ ਨੈਣ ਨਕਸ਼ ਘੜੇ ਜਾਣੇ ਸਨ, ਇਕ ਸ਼ਖ਼ਸੀਅਤ ਦੀ ਸਿਰਜਣਾ ਹੋਣੀ ਸੀ ਅਤੇ ਸੇਵਾ ਤਿਆਗ ਅਤੇ ਸਤਿਗੁਰੂ ਜੀ ਪ੍ਰਤੀ ਸਮਰਪਣ ਭਾਵ ਸਦਕਾ ਇਕ ਚਰਿਤਰ ਦਾ ਨਿਰਮਾਣ ਹੋਣਾ ਸੀ।

ਬਾਪੂ ਜੀ ਦੱਸਦੇ ਸਨ ਕਿ ਜਦੋਂ ਕਦੇ ਅੰਮ੍ਰਿਤਸਰ ਜਾਂ ਹੋਰ ਸ਼ਹਿਰਾਂ ਵਿਚੋਂ ਲੰਘਦੇ ਹੋਣਾ ਤਾਂ ਮੈਂ ਜੇ ਕਹਿਣਾ ਕਿ ਬਾਬਾ ਜੀ ਗੰਨਾ ਲੈਣਾ ਹੈ ਤਾਂ ਉਹਨਾਂ ਆਖਣਾ ਕਿ ਆਪਾਂ ਸ਼ਾਮ ਤੱਕ ਫਲਾਣੇ ਪਿੰਡ ਪੁੱਜ ਜਾਣਾ ਹੈ, ਜਿੰਨੇ ਮਰਜ਼ੀ ਗੰਨੇ ਚੂਪਣੇ। ਉਹਨਾਂ ਕਹਿਣਾ ਕਿ ਆਪਾਂ ਗੁਰੂ ਕੇ ਲੰਗਰ ਦੀ ਮਾਇਆ ਵਿਚੋਂ ਪੈਸਾ ਜਾਂ ਟਕਾ ਕਿਉਂ ਖ਼ਰਚੀਏ। ਇਸ ਗੱਲ ਦਾ ਐਨਾ ਲਾਭ ਹੋਇਆ ਕਿ ਸਾਰੀ ਉਮਰ ਬਿਨਾਂ ਅੱਤ ਲੋੜ ਤੋਂ ਉਹਨਾਂ ਪੈਸਾ ਨਹੀਂ ਖਰਚਿਆ ਸਗੋਂ ਕੁਝ ਨਾ ਕੁਝ ਹਿੱਸੇ ਠੇਕੇ ਜ਼ਮੀਨ ਦੀ ਮਾਇਆ ਨੂੰ ਔਖੇ ਸਮੇਂ ਲਈ ਬਚਾ ਕੇ ਰੱਖਿਆ। ਮਾਇਆ ਨੂੰ ਉਹ ਸੰਤਾਂ ਦੀ ਵੈਰਨ ਸਮਝਕੇ ਸਿਰਫ਼ ਗੁਰੂ ਕ੍ਰਿਪਾ ਦੀ ਪਰਾਪਤੀ ਨੂੰ ਹੀ ਜੀਵਨ ਮਨੋਰਥ

ਸਮਝਦੇ ਸਨ।

ਦਾਦਾ ਜੀ ਦੀ ਰੁਚੀ ਸੀ ਕਿ ਗੁਰਮੁਖ ਸਿੰਘ ਨੂੰ ਪਰੰਪਰਾਗਤ ਸਿੱਖ ਧਾਰਮਿਕ ਵਿਦਿਆ ਵਿਚ ਪਾਰੰਗਤ ਕੀਤਾ ਜਾਵੇ। ਇਸ ਲਈ ਉਹਨਾਂ ਨੂੰ 10–12 ਸਾਲਾਂ ਦੀ ਉਮਰ ਵਿਚ ਕਈ ਥਾਵਾਂ 'ਤੇ ਭੇਜਿਆ ਗਿਆ। ਸਿਆਲਕੋਟ ਜ਼ਿਲੇ ਵਿਚ ਦਾਤੇਵਾਲ ਸੰਤ ਮਤਾਬ ਸਿੰਘ ਹੋਰਾਂ ਪਾਸ ਛੱਡਿਆ ਗਿਆ ਜਿਹਨਾਂ ਦੀ ਤੂਤ ਦੀ ਛਿਟੀ ਪ੍ਰਸਿੱਧ ਸੀ। ਬ੍ਰਹਮ ਬੂਟੇ ਅਤੇ ਸੰਗਲਵਾਲੇ ਅਖਾੜੇ ਵਿਚ ਸ੍ਰੀ ਅੰਮ੍ਰਿਤਸਰ ਰਹੇ। ਇਥੇ ਉਦਾਸੀ ਸਾਧਾਂ ਨੇ ਉਹਨਾਂ ਦੀ ਪ੍ਰਤਿਭਾ ਨੂੰ ਪਛਾਣ ਕੇ ਕੋਠਾਰੀ ਬਨਾਉਣ ਦਾ ਪ੍ਰਲੋਭਨ ਵੀ ਦਿਤਾ ਸੀ। ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਦੇ ਮਹੰਤ ਜਿਊਣ ਸਿੰਘ ਜੀ ਦਾਦਾ ਜੀ ਦੇ ਬੜੇ ਪਰਮ ਮਿੱਤਰ ਸਨ। ਉਹਨਾਂ ਵੀ ਚਾਰਾ ਕੀਤਾ ਕਿ ਕਿਵੇਂ ਜਿਊਣ ਸਿੰਘ ਝੱਬਰ ਦੀ ਰੀਝ ਪੂਰੀ ਹੋਵੇ। ਕਈ ਥਾਵਾਂ ਤੋਂ ਨਿਰਾਸ ਹੋ ਕੇ ਦਾਦਾ ਜੀ ਨੇ ਇਹਨਾਂ ਨੂੰ ਗੁਰੂ ਕਾਂਸ਼ੀ ਦਮਦਮਾ ਸਾਹਿਬ ਵਿਖੇ ਛੱਡਿਆ ਕਿ ਇਥੇ ਤਾਂ ਬੈਲ ਪੜ੍ਹਨ ਦਾ ਵੀ ਗੁਰੂਕਿਆਂ ਦਾ ਬਚਨ ਹੈ। ਪਹਿਲੇ ਦਿਨ ਹੀ ਇਕ ਨਿਹੰਗ ਸਿੰਘ ਨਾਲ, ਸਤਿਗੁਰੂ ਪ੍ਰਤਾਪ ਸਿੰਘ ਦੀ ਸ਼ਾਨ ਦੇ ਖਿਲਾਫ਼ ਕੋਈ ਸ਼ਬਦ ਸੁਣਕੇ, ਜੁੰਡਿਉ ਜੁੰਡੀ ਹੋ ਗਏ। ਸਾਡੇ ਕੋੜਮੇ ਵਿਚੋਂ ਇਕ ਬਾਵਾ ਨਿਹਾਲ ਦਾਸ ਪ੍ਰਸਿੱਧ ਹਕੀਮ ਸੀ, ਜਿਸਨੂੰ ਲਾਟ ਸਾਹਿਬ ਦੀ ਘਰ ਵਾਲੀ ਦਾ ਕੋਈ ਅਸਾਧ ਰੋਗ ਦੂਰ ਕਰਨ ਸਦਕਾ, ਬਾਰ ਵਿਚ ਦੋ ਮੁਰੱਬੇ ਭੋਇੰ ਸਰਕਾਰ ਤੋਂ ਮਿਲੀ ਸੀ। ਉਹ ਚਾਹੁੰਦਾ ਸੀ ਕਿ ਗੁਰਮੁਖ ਸਿੰਘ ਮੇਰੇ ਕੋਲ ਰਹਿ ਕੇ ਵਿਦਿਆ ਪੜ੍ਹੇ, ਹਕੀਮੀ ਸਿੱਖੇ ਅਤੇ ਭੋਇੰ ਵੀ ਸਾਂਭੇ। ਪਰ ਉਥੋਂ ਵੀ ਥੋਹੜੇ ਚਿਰ ਬਾਦ ਆ ਗਏ। ਦਾਦਾ ਜੀ ਦੀ ਨਿਰਾਸਤਾ ਨੂੰ ਭਾਂਪਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਸੰਤ ਜਿਊਣ ਸਿੰਘ ਜੀ, ਗੁਰਮੁਖ ਦੇ ਪੜ੍ਹਨ ਵਿਚ ਰੁਚੀ ਨਾ ਲੈਣ ਸਦਕਾ ਪ੍ਰੇਸ਼ਾਨ ਨਾ ਹੋਵੋ। ਇਹਨੇ ਜਿਹੜੀ ਪੜ੍ਹਾਈ ਪੜ੍ਹਨੀ ਹੈ, ਉਹ ਮੈਂ ਜਾਣਦਾ ਹਾਂ, ਇਹਦੀ ਪੜ੍ਹਾਈ ਗੁਰੂ ਘਰ ਦੀ ਸੇਵਾ ਹੈ ਅਤੇ ਇਸ ਪੜ੍ਹਾਈ ਵਿਚ ਇਹ ਸਭ ਨੂੰ ਪਿੱਛੇ ਛੱਡ ਜਾਏਗਾ।"

ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਛਤਰ ਛਾਇਆ ਹੇਠ ਲੈ ਕੇ ਅਗਲੇ ਜੀਵਨ ਨੂੰ ਤਰਤੀਬ ਦੇਣੀ ਸ਼ੁਰੂ ਕਰ ਦਿਤੀ। ਸਤਿਗੁਰੂ ਜੀ ਨੂੰ ਅੰਤ ਸਮੇਂ ਜਦੋਂ ਦਾਦਾ ਜੀ ਨੇ ਬਾਪੂ ਜੀ ਦੀ ਬਾਂਹ ਫੜਾਈ ਸੀ ਉਦੋਂ ਇਹ 16–17 ਸਾਲਾਂ ਦੇ ਸਨ, ਇਹ ਅਰਜ਼ ਕੀਤੀ ਸੀ ਕਿ ਜਾਂ ਤਾਂ ਇਹ ਆਪ ਦੇ ਪਾਸ ਰਵ੍ਹੇ, ਤੁਹਾਡੀ ਨਿਗਰਾਨੀ ਹੇਠ ਨਹੀਂ ਫਿਰ ਆਪਣੇ ਪਿੰਡ ਝੱਬਰੀਂ ਚਲਿਆ ਜਾਵੇ। ਇਕ ਗੱਲ ਜੋ ਦਾਦਾ ਜੀ ਦੇ ਮਨ ਵਿਚ ਸੀ ਪਰ ਕਹਿਣ ਤੋਂ ਝਿਜਕ ਰਹੇ ਸਨ ਉਹਨੂੰ ਭਾਂਪਦਿਆਂ ਸਤਿਗੁਰੂ ਜੀ ਨੇ ਕਿਹਾ ਸੀ ਕਿ ਇਹਦੇ ਵਿਆਹ ਦੀ ਚਿੰਤਾ ਨਾ ਰੱਖਿਓ ਮਨ ਵਿਚ;

ਇਕ ਛੱਡ ਕੇ ਦੋ ਕਰ ਦਿਆਂਗਾ। ਸਾਡੀ ਪਹਿਲੀ ਮਾਤਾ ਹਰਬੰਸ ਕੌਰ ਪੁੱਤਰੀ ਸੰਤ ਗੰਡਾ ਸਿੰਘ ਖਿਆਲ੍ਹਾ ਦੇ ਸੁਰਗਵਾਸ ਹੋਣ ਬਾਅਦ ਦੂਜਾ ਅਨੰਦ ਵੀ ਸ੍ਰ. ਸ਼ਾਮ ਸਿੰਘ ਸਿਰਹਾਲੀ ਵਾਲੇ ਦੀ ਪੜੋਤਰੀ ਅਤੇ ਸੰਤ ਆਤਮਾ ਸਿੰਘ ਬੁਰਜ ਰਾਇਕੇ ਦੀ ਪੁੱਤਰੀ ਪ੍ਰੀਤਮ ਕੌਰ ਨਾਲ ਸ੍ਰੀ ਸਤਿਗੁਰੂ ਜੀ ਨੇ ਹੀ ਕਰਵਾਇਆ।

ਬਾਪੂ ਜੀ ਦੱਸਿਆ ਕਰਦੇ ਸਨ ਕਿ ਉਹ ਸਿਪਾਹੀ ਤੋਂ ਤੁਰ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ, ਜਰਨੈਲ ਬਣੇ ਸਨ। ਇਸ ਲਈ ਉਹਨਾਂ ਨੂੰ ਕਿਸੇ ਵੀ ਸਟੇਜ ਤੇ ਆਪਣੇ ਕੰਮ ਵਿਚ ਕੋਈ ਦਿੱਕਤ ਨਹੀਂ ਸੀ ਆਈ। ਸਭ ਤੋਂ ਪਹਿਲਾਂ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਦੋ ਕੁੱਤੇ ਸਨ, ਉਹ ਸਾਂਭਣ ਦੀ ਸੇਵਾ ਇਹਨਾਂ ਨੂੰ ਮਿਲੀ। ਫਿਰ ਭੇਡਾਂ ਬੱਕਰੀਆਂ ਦੀ ਜ਼ਿੰਮੇਵਾਰੀ ਸੌਂਪੀ ਗਈ, ਜਿਸ ਕੰਮ ਨੂੰ ਸੱਯਦ ਵਾਰਿਸ ਸ਼ਾਹ ਹੋਰਾਂ ਬਹੁਤ ਵਡਿਆਇਆ ਹੈ:

"ਅੱਜੜ ਚਾਰਨਾ ਕੰਮ ਪੈਗ਼ੰਬਰਾਂ ਦਾ,
ਕੇਹਾ ਅਮਲ ਸ਼ੈਤਾਨ ਦਾ ਟੋਲਿਓ ਈ।
ਭੇਡਾਂ ਚਾਰਕੇ ਤੁਹਮਤਾਂ ਜੋੜਨਾ ਏਂ,
ਕਿਉਂ ਗਜ਼ਬ ਫ਼ਕੀਰ ਤੇ ਤੋਲਿਓ ਈ।"

ਇਸ ਤੋਂ ਬਾਦ ਮੱਝਾਂ ਗਾਈਆਂ ਦੀ ਸੇਵਾ ਲਾਈ ਗਈ। ਫਿਰ ਊਠਾਂ ਦਾ ਮਹੰਤ ਥਾਪ ਦਿਤਾ ਅਤੇ ਗੁਰੂ ਕੇ ਲੰਗਰ ਲਈ ਉਗਰਾਹੀ ਕਰਦੇ ਰਹੇ। ਇਸ ਤੋਂ ਅਗਲਾ ਪੜਾਅ ਘੋੜਿਆਂ ਦਾ ਦਰੋਗਾ ਬਣਾਇਆ ਜਾਣਾ ਸੀ। ਉਮਰ ਦੇ ਤੀਹਵੇਂ ਵਰ੍ਹੇ ਵਿਚ ਸਨ, ਜਦੋਂ ਮਾਤਾ ਜੀਊਣ ਕੌਰ ਜੀ ਨਾਲ ਸਲਾਹ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਡੇਰਾ ਸ੍ਰੀ ਭੈਣੀ ਸਾਹਿਬ ਦੀ ਜਥੇਦਾਰੀ ਸੌਂਪ ਦਿਤੀ।

ਉਹ ਅਜੇ ਜਥੇਦਾਰ ਨਹੀਂ ਬਣੇ ਸਨ, ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਪ੍ਰਸਿੱਧ ਸਿੱਖ ਲਾਲ ਸਿੰਘ ਲਤਾਲੀਏ ਦੀ ਪਾਰਖੂ ਅੱਖ ਨੇ ਇਸ ਉਤਸ਼ਾਹੀ ਨੌਜੁਆਨ ਦੇ ਭਵਿੱਖ ਨੂੰ ਤਾੜ ਲਿਆ ਸੀ। ਅਤੇ ਬਾਬੇ ਲਾਲ ਸਿੰਘ ਹੋਰਾਂ ਇਹ ਰਹੱਸ ਯੁਵਾ ਝੱਬਰ ਨਾਲ ਸਾਂਝਾ ਕਰਦਿਆਂ ਕਿਹਾ ਸੀ, "ਕਾਕਾ, ਸਮਾਂ ਆਏਗਾ, ਜਦੋਂ ਇਸ ਡੇਰੇ ਦੀ ਮੁਖ਼ਤਿਆਰੀ ਤੈਨੂੰ ਸੌਂਪੀ ਜਾਏਗੀ। ਇਕ ਗੱਲ ਮੇਰੀ ਹੁਣੇ ਪੱਲੇ ਬੰਨ੍ਹ ਲਵੀਂ, ਜਦੋਂ ਇਸ ਜ਼ਿੰਮੇਵਾਰੀ ਤੇ ਪੁੱਜ ਜਾਵੇਂ ਤਾਂ ਕਿਸੇ ਵੀ ਸਿੱਖ ਨੂੰ ਗੁਰੂ ਘਰ ਨਾਲੋਂ ਤੋੜਨ ਵਿਚ ਹਿੱਸਾ ਨਾ ਪਾਵੀਂ। ਜੋੜਨ ਦੀ ਕੋਸ਼ਿਸ਼ ਕਰੀਂ।"

ਮੈਨੂੰ ਓਟੂ, ਜ਼ਿਲ੍ਹਾ ਸਿਰਸਾ, ਵਿਖੇ ਰਹਿਣ ਵਾਲੇ ਭਾਈ ਸੁਵਰਨ ਸਿੰਘ ਹੋਰਾਂ ਨੇ ਇਹ ਬਚਨ ਬੜੀ ਵੇਰ ਸੁਣਾਇਆ ਹੈ। ਉਹਨਾਂ ਦਾ ਪਿੱਛਾ ਪਿੰਡ ਸੁਰ ਸਿੰਘ ਦਾ ਹੈ ਪਰ ਉਹਨਾਂ ਦੇ ਪਿਤਾ ਭਾਈ ਮਹਿਲ ਸਿੰਘ ਜਮਸ਼ੇਰ ਜ਼ਿਲ੍ਹਾ ਲਾਹੌਰ ਵਿਖੇ ਰਹਿੰਦੇ ਰਹੇ। ਇਕ ਅਨੰਦ ਸਮੇਂ ਲੱਗੀ ਤਨਖ਼ਾਹ ਦੇ ਸੁਆਲ ਤੇ ਭਾਈ ਤੇਜਾ

ਸਿੰਘ ਜਮਸ਼ੇਰੀਏ ਦੀ ਸੱਸ ਨੂੰ ਕੁਝ ਇਤਰਾਜ਼ ਸੀ। ਇਲਾਕੇ ਦੇ ਸੂਬੇ ਲਾਭ ਸਿੰਘ ਵਲੋਂ ਘਟਨਾ ਨੂੰ ਕੁਝ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਿਕਾਇਤ ਕਰਨ ਵਾਲੇ ਸਿੰਘਾਂ ਨੂੰ ਸਮੇਤ ਮਹਿਲ ਸਿੰਘ ਸੰਗਤ ਵਿਚੋਂ ਸ੍ਰੀ ਭੈਣੀ ਸਾਹਿਬੋਂ ਨਿਕਲ ਜਾਣ ਦਾ ਹੁਕਮ ਦੇ ਦਿਤਾ। ਬਾਪੂ ਜੀ ਓਦੋਂ ਪਹਿਲੀ ਵੇਰ ਹੀ ਮਹਿਲ ਸਿੰਘ ਹੋਰਾਂ ਨੂੰ ਮਿਲੇ ਸਨ। ਆਖਿਆ ਕਿ ਸਿੰਘੋ ਇਕ ਵੇਰ ਤੁਸੀਂ ਬਚਨ ਮੰਨੋ ਪਰ ਵੇਖਿਓ ਕਿ ਕਿਤੇ ਗੁਸੇ ਵਿਚ ਆ ਕੇ ਕਛੈਹਰੇ ਨਾ ਲਾਹ ਦਿਆ ਜੇ। ਤੁਹਾਡੀ ਹੱਕ ਰਸਾਈ ਕਰਵਾ ਦਿਤੀ ਜਾਏਗੀ। ਕੁਝ ਸਮਾਂ ਬਾਅਦ ਸਤਿਗੁਰੂ ਜੀ ਲਾਹੌਰ ਪੁੱਜੇ। ਜਮਸ਼ੇਰੀਆਂ ਸਿੰਘਾਂ ਨੂੰ ਸੱਦਿਆ ਗਿਆ। ਗ਼ਲਤ ਫ਼ਹਿਮੀਆਂ ਦੂਰ ਹੋ ਗਈਆਂ। ਇਸੇ ਭਾਈ ਮਹਿਲ ਸਿੰਘ ਜੀ ਦਾ ਅਨੰਦ ਫਿਰ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ, ਡੇਰੇ ਦੇ ਭੂਮੀ ਦਾਤਾ ਬਾਬਾ ਲਹਿਣਾ ਸਿੰਘ ਦੇ ਪਰਿਵਾਰ ਵਿਚ ਲਾਲ ਸਿੰਘ ਡਰਾਈਵਰ ਅਤੇ ਗੱਜਣ ਸਿੰਘ ਹੋਰਾਂ ਦੀ ਭੈਣ ਨਾਲ ਕਰਕੇ, ਮਹਿਲ ਸਿੰਘ ਦੀ ਭੈਣੀ ਸਾਹਿਬ ਨਾਲ ਸਾਂਝ ਪੀਡੀ ਕੀਤੀ। ਉਹ ਲੰਮਾ ਸਮਾਂ ਸੰਤ ਫਤੇਹ ਸਿੰਘ ਮਾਂਗਾ ਦੇ ਜਥੇ ਵਿਚ ਰਹੇ ਅਤੇ ਦੱਸਿਆ ਕਰਦੇ ਸਨ ਕਿ ਜੇ ਉਸ ਦਿਨ ਝੱਬਰ ਸਾਨੂੰ ਸ਼ਾਂਤ ਨਾ ਕਰਦਾ ਤਾਂ ਸ਼ਾਇਦ ਉਹਨਾਂ ਦਾ ਭਾਵੀ ਜੀਵਨ ਹੋਰ ਦਿਸ਼ਾ ਵਿਚ ਪ੍ਰਵਾਨ ਚੜ੍ਹਦਾ।

ਡੇਰੇ ਦਾ ਪ੍ਰਬੰਧ ਸੌਂਪੇ ਜਾਣ ਸਮੇਂ ਬਾਪੂ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਇਹ ਸੇਵਾ ਬਹੁਤ ਵੱਡੀ ਹੈ। ਮੈਂ ਇਹ ਸੇਵਾ ਆਪ ਜੀ ਦੀ ਪੂਰੀ ਕ੍ਰਿਪਾ ਨਾਲ ਹੀ ਨਿਭਾ ਸਕਾਂਗਾ। ਇਕ ਇਹ ਵੀ ਮੰਗ ਸੀ ਕਿ ਮੇਰੇ ਕੰਮਕਾਰ ਦੇ ਸਮੇਂ ਵਿਚ ਮੈਥੋਂ ਜਿਸ ਤਰ੍ਹਾਂ ਵੀ ਅਪੇਖਿਤ ਕੀਤਾ ਜਾਏਗਾ, ਹਜ਼ੂਰ ਮੇਰੇ ਨਾਲ ਬਿਨਾਂ ਕਿਸੇ ਵਿਚੋਲੇ ਦੇ ਸਿੱਧਾ ਸੰਪਰਕ ਬਣਾਈ ਰੱਖਣਗੇ ਅਤੇ ਜਿਸ ਤਰ੍ਹਾਂ ਦੀ ਅਵਸਥਾ ਪ੍ਰਬੰਧ ਸੌਂਪਣ ਵੇਲੇ ਹੈ, ਪੂਰਨ ਪ੍ਰਤੀਤ ਭਰੋਸੇ ਦੀ, ਇਹ ਬਣਾਈ ਰੱਖਣ ਦਾ ਵਰਦਾਨ ਦੇਣਗੇ। ਇਕ ਵੇਰ ਗੱਲ ਉਹ ਨਾ ਰਹੀ। ਬਾਪੂ ਜੀ ਨੇ ਕਛਹਿਰਾ ਪਰਨਾ ਚੁੱਕ ਲਿਆ ਅਤੇ ਘਰ ਜਾਣ ਦੀ ਆਗਿਆ ਮੰਗੀ। ਸਤਿਗੁਰੂ ਜੀ ਦੇ ਕਾਰਨ ਪੁੱਛਣ ਤੇ ਪਹਿਲੀ ਗੱਲ ਨਾ ਰਹਿਣੀ ਦੱਸਿਆ। ਹਜ਼ੂਰ ਨੇ ਕਿਹਾ ਕਿ ਮੈਂ ਗੱਲ ਵਿਚ ਫ਼ਰਕ ਆ ਜਾਣ ਤੇ ਵੀ ਵਰ੍ਹਿਆਂ-ਬੱਧੀ ਸਬੰਧਿਤ ਵਿਅਕਤੀ ਨੂੰ ਪਤਾ ਨਹੀਂ ਲੱਗਣ ਦਿੰਦਾ, ਤੈਨੂੰ ਕਿਵੇਂ ਪਤਾ ਲੱਗ ਗਿਆ ਹੈ। ਬਾਪੂ ਜੀ ਦੇ ਇਹ ਕਹਿਣ ਤੇ ਕਿ ਇਹ ਵੀ ਆਪ ਦੀ ਕ੍ਰਿਪਾ ਨਾਲ ਹੀ ਪਤਾ ਲੱਗ ਜਾਂਦਾ ਹੈ, ਪਹਿਲੀ ਗੱਲ ਫੇਰ ਬਰਕਰਾਰ ਹੋ ਗਈ।

ਦੁਪਾਸੀਂ ਪ੍ਰੇਮ ਦਾ ਸਬੰਧ ਗੁਰੂ ਸਿੱਖ ਵਾਲਾ ਵੀ ਸੀ ਅਤੇ ਪਿਓ ਪੁੱਤਰ ਵਾਲਾ ਵੀ। ਓਦੋਂ ਬਾਪੂ ਜੀ ਮੱਝਾਂ ਗਾਈਆਂ ਸਾਂਭਦੇ ਸਨ। ਨਹਿਰ ਵਾਲੇ ਡੇਰੇ ਤੋਂ

ਸਾਰੇ ਸਿੱਖ ਸਾਧ ਕਿਸੇ ਗੁਆਂਢੀ ਪਿੰਡ ਮੇਲਾ ਵੇਖਣ ਚਲੇ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਖੂੰਡਾ ਫੜ ਕੇ ਆ ਗਏ ਅਤੇ ਕਹਿਣ ਲੱਗੇ,"ਗੁਰਮੁਖਾ! ਪਸ਼ੂਆਂ ਨੂੰ ਮੋੜੇ ਮੈਂ ਲਾਵਾਂਗਾ ਜਦੋਂ ਤੱਕ ਤੂੰ ਨਹੀਂ ਆਉਂਦਾ। ਜਾਹ ਸਾਰੇ ਗਏ ਹਨ, ਤੂੰ ਵੀ ਮੇਲਾ ਵੇਖ ਆ।" "ਸੱਚੇ ਪਾਤਸ਼ਾਹ ਤੁਹਾਡੇ ਚਰਨਾਂ ਵਿਚ ਰਹਿਣ ਨਾਲੋਂ ਦੁਨੀਆਂ ਦਾ ਕਿਹੜਾ ਮੇਲਾ ਜ਼ਿਆਦਾ ਅਨੰਦ ਦੇ ਸਕਦਾ ਹੈ।" ਮੁੱਛ ਫੁੱਟ ਉਮਰ ਵਾਲੇ ਬਾਲ ਦੇ ਮੂੰਹੋਂ ਨਿਕਲੇ ਇਸ ਤਰ੍ਹਾਂ ਦੇ ਬਚਨ ਉਹਦੇ ਭਾਵੀ ਜੀਵਨ ਦੀ ਨਿਸ਼ਾਨਦੇਹੀ ਕਰ ਰਹੇ ਸਨ।

ਪਹਿਲੀ ਸੰਸਾਰ ਜੰਗ ਸਮੇਂ ਅੰਮ੍ਰਿਤਸਰ ਵਿਖੇ ਦੋ ਤਿੰਨ ਹੋਰ ਨਾਮਧਾਰੀ ਯੁਵਕਾਂ ਨਾਲ, ਫੌਜੀ ਵਾਜਿਆਂ ਦੀ ਧੁਨ ਦੇ ਖਿੱਚੇ, ਭਰਤੀ ਹੋਣ ਵਾਸਤੇ ਬੱਚਾ ਕੰਪਨੀ ਵਿਚ ਪੁੱਜ ਗਏ। ਭਰਤੀ ਕਰਨ ਵਾਲੇ ਅੰਗਰੇਜ਼ ਫੌਜੀ ਅਫ਼ਸਰ ਨੇ ਖੁੱਚਾਂ ਤੋਂ ਸਿਰ ਤੱਕ ਵੇਖ ਕੇ, ਮਜ਼ਬੂਤ, ਫੁਰਤੀਲੇ ਅਤੇ ਸਡੌਲ ਸਰੀਰ ਦੇ ਦਰਸ਼ਨ ਕਰਕੇ ਭਰਪੂਰ ਤਸੱਲੀ ਪ੍ਰਗਟ ਕੀਤੀ। ਖੁੱਚ ਅਤੇ ਲੱਤਾਂ ਦੀ ਬਨਾਵਟ ਨੂੰ ਵੇਖ ਕੇ ਉਸ ਕਿਹਾ ਸੀ, "ਜੁਆਨ ਖ਼ੂਬ ਦੌੜੇਗਾ"। ਦੋਹਾਂ ਸੂਰਜਾਂ ਦੇ ਵਿਚਾਲੇ ਸੱਠ ਕੋਹ ਪੈਂਡਾ ਕਰ ਲੈਣਾ ਉਹਨਾਂ ਲਈ ਸਾਧਾਰਨ ਗੱਲ ਸੀ। ਕੁਝ ਸ਼ੌਂਕ ਅਤੇ ਆਪਣੇ ਮਨ ਚਿੰਦੇ ਕਾਰਜ ਵਿਚ ਰੁੱਝੇ ਹੋਣ ਦੀ ਗੱਲ ਵੀ ਹੁੰਦੀ ਹੈ। ਜੋਗੀ ਬਣਨ ਵੇਲੇ ਰਾਂਝੇ ਦੁਆਰਾ ਫੁਰਤੀ ਨਾਲ ਕੀਤੇ ਲੰਮੇ ਪੈਂਡੇ ਦਾ ਜ਼ਿਕਰ ਵਾਰਿਸ ਸ਼ਾਹ ਹੋਰੀਂ ਇਸੇ ਸ਼ੌਂਕ ਦੇ ਸਬੰਧ ਵਿਚ ਹੀ ਕਰਦੇ ਹਨ:

"ਇਕੋ ਰਾਤ ਵਿਚ ਪੰਧ ਕਰ ਗਿਆ ਸਾਰਾ,
ਏਨਾ ਚਾਉ ਸੀ ਭੇਖ ਵਟਾਵਣੇ ਦਾ।"

ਮਹਾਰਾਜ ਨਿਹਾਲ ਸਿੰਘ ਜੀ ਉਸ ਦਿਨ ਅੰਮ੍ਰਿਤਸਰ ਸਨ। ਪਤਾ ਲੱਗਣ ਤੇ ਉਹਨਾਂ ਜਾ ਕੇ ਫੌਜੀ ਅਫ਼ਸਰਾਂ ਨੂੰ ਏਨਾ ਹੀ ਕਿਹਾ ਕਿ ਇਹ ਮੁੰਡੇ ਤਾਂ ਸਾਡੇ ਹਨ ਕੂਕਿਆਂ ਦੇ। ਫੇਰ ਜਨਮ ਜਾਤ ਬਾਗ਼ੀਆਂ ਦੀ ਸੰਤਾਨ ਨੂੰ ਕਿਹੜੀ ਰਾਜਸੱਤਾ, ,ਆਪਣੀ ਅਰਥੀ ਵਿਚ ਕਿੱਲ ਠੋਕਣ ਲਈ ਭਰਤੀ ਕਰਦੀ ਸੀ।

ਇਹ ਸਮਾਂ ਰਾਮਵਿਯੋਗੀ ਨਾਮਧਾਰੀਆਂ ਜਾਂ ਕੂਕਿਆਂ ਦੀ ਗੰਭੀਰ ਪ੍ਰੀਖਿਆ ਦਾ ਸਮਾਂ ਸੀ। ਜਦੋਂ ਭੈਣੀ ਸਾਹਿਬ ਡੇਰੇ 'ਚ ਹੁੰਦੇ ਤਾਂ ਅੱਠੀਂ ਪਹਿਰੀਂ ਪੁਲਿਸ ਦੇ ਰਜਿਸਟਰਾਂ ਵਿਚ ਹਾਜ਼ਰੀ ਲੱਗਦੀ। ਜੇ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਅੱਪੜਦੇ ਤਾਂ ਇਥੇ ਵੀ ਅੱਠੀਂ ਪਹਿਰੀਂ ਸਰਕਾਰੀ ਹਾਜ਼ਰੀ। ਅੰਮ੍ਰਿਤਸਰ ਚੁੰਗੀ ਦੇ ਪਾਸ, ਬੋਰੀਆਂ ਵਾਲੇ ਮਸਤਾਨੇ ਨੂੰ ਗੁਰੂ ਕੇ ਲੰਗਰ ਦੀ ਉਗਰਾਹੀ ਵਾਲੀ ਸਮੱਗਰੀ ਤੇ ਚੁੰਗੀ ਨਾ ਕਟਾਉਂਦਿਆਂ, ਸਰਕਾਰੀ ਮੁਲਾਜ਼ਮਾਂ ਨਾਲ ਭਿੜਦਿਆਂ ਵੇਖ ਕੇ ਬੀਰ-ਰਸ ਦਾ ਸੰਚਾਰ ਯੁਵਾ ਝੱਬਰ ਦੇ ਹਿਰਦੇ ਤੇ ਐਸਾ ਹੋਇਆ ਕਿ ਆਯੂ

ਪ੍ਰਯੰਤ ਉਹ ਇਸੇ "ਧਰਮ ਜੁੱਧ ਕੇ ਚਾਉ" ਵਿਚ ਹੀ ਰਹੇ। ਦੱਸਦੇ ਹੁੰਦੇ ਸਨ ਕਿ ਛੋਟਿਆਂ ਹੁੰਦਿਆਂ ਜਦੋਂ ਕਿਤੇ ਮਲੇਰਕੋਟਲੇ ਦੇ ਰੱਕੜ ਵਿਚ ਦੀ ਲੰਘਣਾ ਤਾਂ ਬਦੋਬਦੀ ਡੌਲੇ ਫਰਕਣੇ, ਨੇਤਰਾਂ ਵਿਚ ਖ਼ੂਨ ਆ ਜਾਣਾ ਅਤੇ ਇਸੇ ਸ਼ਹੀਦੀ ਪਹਿਰੇ ਹੇਠ ਉਥੇ ਜੈਕਾਰੇ ਤੇ ਜੈਕਾਰਾ ਗਜਾਈ ਜਾਣਾ। ਕੁਲ ਚਾਰ ਦਹਾਕੇ ਤਾਂ ਹੋਏ ਸਨ ਜਦੋਂ ਗਊ-ਗ਼ਰੀਬ ਦੀ ਰੱਖਿਆ ਹਿਤ, ਸਤਿਗੁਰੂ ਦੇ ਭਾਣੇ ਵਿਚ ਤੋਪਾਂ ਦੇ ਗੋਲੇ ਆਪਣੀਆਂ ਹਿੱਕਾ 'ਤੇ ਝੱਲ ਕੇ ਸਿੰਘਾਂ ਨੇ ਰੱਖ ਵਿਖਾਈ ਸੀ।

ਫਰੰਗੀ ਸਰਕਾਰ ਦੇ ਛੋਟੇ ਤੋਂ ਵੱਡੇ ਪੁਰਜ਼ੇ ਦੇ ਵਿਰੁੱਧ ਨਫ਼ਰਤ ਹਰ ਕੂਕੇ ਜਿਉਂ ਇਨ੍ਹਾਂ ਵਿਚ ਕੁਟ-ਕੁਟ ਕੇ ਭਰੀ ਹੋਈ ਸੀ। ਪਹਾੜ ਨੂੰ ਜਾਂਦਿਆਂ ਇਕ ਤਸੀਲਦਾਰ ਨੇ ਇਨ੍ਹਾਂ ਤੋਂ ਅੱਗੇ ਲੰਘਣ ਲਈ ਰਾਹ ਲੈਣਾ ਚਾਹਿਆ, ਇਹਨਾਂ ਰਾਹ ਤਾਂ ਕੀ ਦੇਣਾ ਸੀ, ਉਹਦੇ ਫੂੰ-ਫਾਂ ਕਰਨ ਤੇ ਅੱਗੋਂ ਕੁਝ ਕਰੜੀਆਂ ਸੁਣਾ ਵੀ ਦਿਤੀਆਂ। ਰਾਤ ਦੇ ਪੜਾਅ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਉਸ ਤਸੀਲਦਾਰ ਨੇ ਆਕੇ ਇਹਨਾਂ ਦੀ ਸ਼ਕਾਇਤ ਲਾ ਦਿਤੀ। ਸਤਿਗੁਰੂ ਜੀ ਨੇ ਫੁਰਮਾਇਆ, "ਤਸੀਲਦਾਰ ਸਾਹਿਬ, ਇਹ ਮੁੰਡਾ ਤੁਸੀਂ ਜਾਣਦੇ ਨਹੀਂ ਕੌਣ ਹੈ?... ਇਕ ਤੇ ਗੁਰੂ ਕਾ ਸਿੰਘ ਨਾਮਧਾਰੀ, ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ....ਦੂਜਾ ਇਹ ਜੱਟ....ਤੀਜਾ ਜੱਟਾਂ ਵਿਚੋਂ ਵੀ ਵਿਰਕ ਜੱਟ... ਤੇ ਚੌਥਾ ਮੇਰਾ ਹੱਥ ਇਸ ਦੇ ਸਿਰ 'ਤੇ। ...ਭਾਗਾਂ ਵਾਲੇ ਹੋ, ਤਿੱਖੜ ਦੁਪਹਿਰੇ ਇਸ ਭੁਝੰਗੀ ਨਾਲ ਉਲਝ ਕੇ ਬਚ ਗਏ ਓ। ਇਹ ਤੁਹਾਨੂੰ ਸੋਧ ਵੀ ਸਕਦਾ ਸੀ।" ਇਸ ਤਰ੍ਹਾਂ ਸ਼ਕਾਇਤ ਕਰਤਾ ਦੀ ਤਸੱਲੀ ਕਰਾਉਣ ਦੇ ਨਾਲ ਨਾਲ ਝੱਬਰ ਵਾਸਤੇ ਲੁਕਵਾਂ ਸੰਦੇਸ਼ ਸੀ ਕਿ -ਵਧਿਆ ਚੱਲ ਏਸੇ ਰਫ਼ਤਾਰ ਦੇ ਨਾਲ। ਬੜਾ ਚਿਰ ਸ਼ਾਂਤਮਈ ਲੜਾਈ ਲੜੀ ਹੈ ਦੁਸ਼ਮਣਾਂ ਨਾਲ, ਹੁਣ ਤੇਰੇ ਵਰਗੇ ਸੂਰਬੀਰਾਂ ਦੀ ਗੁਰੂ-ਘਰ ਨੂੰ ਲੋੜ ਹੈ।

ਝੱਬਰ ਪੰਜਾਂ ਕੁ ਸਾਲਾਂ ਦਾ ਸੀ, ਜਦੋਂ ਸੰਤ ਹਰਨਾਮ ਸਿੰਘ ਜੀ (ਜੋ ਸਤਿਗੁਰੂ ਰਾਮ ਸਿੰਘ ਜੀ ਨੇ ਸਿੰਘ ਸਾਜੇ ਸਨ, ਨਿਹੰਗ ਸਿੰਘ ਦੇ ਬਾਣੇ ਵਿਚ ਗੜ੍ਹਦੀਵਾਲੇ ਰਹੇ) ਨੇ ਸੰਤ ਜਿਊਣ ਸਿੰਘ ਝੱਬਰ ਨੂੰ ਪੁਛਿਆ, "ਛੋਟੇ ਝੱਬਰ ਨੂੰ ਭਜਨ ਕਿਸ ਤੋਂ ਦੁਆਇਆ ਹੈ?" "...ਉਹ ਸਿੰਘ ਜਿਸ ਭਜਨ ਦਿਤਾ ਸੀ ਲੱਖ ਨੇਤਰਾ ਸੀ।' ਬਾਬੇ ਹੋਰੀਂ ਗਰਜਕੇ ਬੋਲੇ, "ਕਾਣਾ ਭਜਨ ਨਹੀਂ ਦੁਆਉਣਾ।" ਆਪ ਭਜਨ ਦੱਸ ਕੇ ਬਾਲ ਨੂੰ ਖ਼ੁਸ਼ੀਆਂ ਦੇ ਗੱਫੇ ਬਖਸ਼ੇ ਅਤੇ ਬੀਰ ਬਲੀ ਸਿੰਘ ਹੋਣ ਦਾ ਵਰਦਾਨ ਦਿਤਾ। ਸਮਾਂ ਪਾ ਕੇ, ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਮਹਿਲ ਮਾਤਾ ਭੂਪਿੰਦਰ ਕੌਰ ਜੀ ਅਕਾਲ ਚਲਾਣਾ ਕਰ ਗਏ, ਬਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਝੱਬਰ ਹੋਰਾਂ ਨੂੰ ਸੌਂਪੀ ਗਈ, ਜਿਨ੍ਹਾਂ ਨੂੰ ਓਦੋਂ ਬੇਅੰਤ ਜੀ ਕਿਹਾ ਜਾਂਦਾ ਸੀ। ਬੇਅੰਤ ਜੀ ਨੂੰ ਲੈ ਕੇ ਜਦੋਂ ਆਪ ਗੜ੍ਹਦੀਵਾਲੇ ਦੇ ਨਾਮਧਾਰੀ

ਡੇਰੇ ਸੰਤ ਹਰਨਾਮ ਸਿੰਘ ਹੋਰਾਂ ਵਾਲੇ ਰਹੇ ਤਾਂ ਇਥੇ ਇਕ ਬਸੰਤ ਸਿੰਘ ਅਕਾਲੀ ਨਾਲ ਡੰਗਰਾਂ ਦੇ ਉਜਾੜੇ ਤੋਂ ਖੜਕ ਗਈ। ਇਹ ਬਸੰਤ ਸਿੰਘ ਬਹੁਤ ਚਾਮਲ੍ਹਿਆ ਸੀ। ਇਹਦੀ ਡਾਂਗ ਨਾਲ ਹੀ ਦੁਕਾਨਦਾਰ ਰਸਦਾਂ ਬੰਨ੍ਹ ਕੇ ਇਹਦੇ ਕਰਿੰਦੇ ਨੂੰ ਤੋਰ ਦਿੰਦੇ ਸਨ। ਉਹ ਜਬਰੀ ਵਸੂਲੀ ਇਉਂ ਕਰਿਆ ਕਰਦਾ ਸੀ। ਜਦੋਂ ਝੱਬਰ ਨੇ ਇਸ ਨੂੰ ਇਕ ਰੁੱਖ ਨਾਲ ਬੰਨ੍ਹ ਕੇ ਚਾਹਟਾ ਛਕਾਇਆ ਤਾਂ ਸਾਰਾ ਸ਼ਹਿਰ ਵੇਖਣ ਆਇਆ ਕਿ ਉਹ ਕਿਹੜੇ ਗੁਰੂ ਦਾ ਚੇਲਾ ਹੈ, ਜਿਹਨੇ ਬਸੰਤੇ ਦੇ ਭੁਕਾਨੇ ਵਿਚੋਂ ਹਵਾ ਕੱਢ ਕੇ ਉਹਨਾਂ ਨੂੰ ਅਭੈਦਾਨ ਦਿਵਾਇਆ ਹੈ?

ਸ਼ਾਂਤਮਈ ਅੰਦੋਲਨ ਦੇ ਨਾਲ ਹੀ, ਕੂਕਿਆਂ ਵਿਚ ਇਕ ਖਾੜਕੂ ਧਾਰਾ ਵੀ ਆਰੰਭ ਤੋਂ ਹੀ ਰਹੀ ਹੈ, ਜਿਹੜੀ ਸਿੰਘਾਂ ਨੂੰ ਕਸ਼ਟ ਪੁਚਾਉਣ ਵਾਲੇ ਗੁਰੂ ਦੋਖੀਆਂ ਨਾਲ ਆਪਣੇ ਢੰਗ ਨਾਲ ਸਿੱਝਦੀ ਰਹੀ ਹੈ। ਸ੍ਰੀ ਭੈਣੀ ਸਾਹਿਬ ਵਿਖੇ ਮਫ਼ਰੂਰੀ ਦੀ ਹਾਲਤ ਵਿਚ, ਖਰਾਸ ਵਾਲੇ ਕੋਠੇ ਵਿਚ, ਆਪਣਾ ਅੰਤ ਸਮਾਂ ਬਿਤਾਉਣ ਵਾਲਾ ਭਗਵਾਨ ਸਿੰਘ ਅੜਬੰਗੀ, ਇਸੇ ਧਾਰਾ ਦਾ ਜਰਨੈਲ ਸੀ। ਉਹ ਭੈਣੀ ਸਾਹਿਬ ਪੁਲਿਸ ਚੌਂਕੀ ਦੇ ਬੜੇ ਫਿੱਟੇ ਸਿਪਾਹੀ ਗੇਂਦੇ ਸਮੇਤ, ਅਨੇਕ ਕਤਲ ਕੇਸਾਂ ਵਿਚ ਪੰਜਾਬ ਪੁਲੀਸ ਨੂੰ ਲੋੜੀਂਦਾ ਸੀ। ਅੜਬੰਗੀ, ਸੰਤ ਜਿਉਣ ਸਿੰਘ ਝੱਬਰ ਦਾ ਬੜਾ ਪ੍ਰੇਮੀ-ਮਿੱਤਰ ਸੀ। ਛੋਟੇ ਝੱਬਰ ਨੂੰ ਆਪਣੀ ਬੁੱਕਲ ਵਿਚ ਬੈਠਾ ਕੇ "ਅੜਬੰਗੀ", ਅੰਮ੍ਰਿਤਸਰ ਬੁੱਚੜਬੱਧ, ਰਾਇਕੋਟ, ਮਲੇਰਕੋਟਲੇ ਦੇ ਸਾਕੇ, ਗੇਂਦਾਬੱਧ ਅਤੇ ਹੋਰ ਬਹੁਤ ਸਾਰੇ ਵਾਕਿਆਤਾਂ ਦਾ ਪ੍ਰਤੱਖ-ਦਰਸ਼ੀ ਅਤੇ ਮੁੱਖ ਪਾਤਰ ਹੋਣ ਸਦਕਾ ਵਰਣਨ ਕਰਿਆ ਕਰਦਾ ਸੀ। ਉਹ ਗੇਂਦੇ ਵਾਲੇ ਕੇਸ ਵਿਚੋਂ ਇਸੇ ਕਰਕੇ ਬਰੀ ਹੋਏ ਸਨ ਕਿ ਉਹਨਾਂ ਪੁਲੀਸ ਨੂੰ ਇਹ ਸਿੱਧ ਹੀ ਨਹੀਂ ਸੀ ਹੋਣ ਦਿਤਾ ਕਿ ਉਹ ਮਰਹਾਣੇ ਪਿੰਡ ਦਾ ਭਗਵਾਨ ਸਿੰਘ ਹੈ। ਅੜਬੰਗੀ ਜੀ ਦੀ ਸੰਗਤ ਨਾਲ ਜਿਥੇ ਸਿਰ ਤੇ ਖੇਡ ਜਾਣ ਦੀ ਦਲੇਰੀ ਆਈ ਉੱਥੇ ਉਹਨਾਂ ਨੇ ਤਰਕ ਵਿਤਰਕ ਅਤੇ ਕਈ ਉਕਤੀਆਂ ਯੁਕਤੀਆਂ ਦੀ ਵੀ ਸੋਝੀ ਕਰਾਈ ਜਿਸ ਸਦਕਾ ਔਖੇ ਤੋਂ ਔਖੇ ਸਮੇਂ ਵਿਚ ਵੀ ਅਡੋਲ ਰਹਿ ਕੇ ਕੋਈ ਨਾ ਕੋਈ ਰਸਤਾ ਲੱਭ ਲੈਣ ਦਾ ਸਾਹਸ ਪੈਦਾ ਹੋਇਆ।

ਰਾਈਆਂ ਵਾਲੇ ਡੇਰੇ ਦੇ ਉਦਾਸੀ ਸਾਧੂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤਾਂ ਡੇਰਾ ਸ੍ਰੀ ਭੈਣੀ ਸਾਹਿਬ ਨਾਲ ਸੁਖਾਵੇਂ ਸਬੰਧ ਬਣਾਈ ਰੱਖਦੇ ਸਨ। ਬਾਬਾ ਜੱਸਾ ਸਿੰਘ (ਪਿਤਾ ਸਤਿਗੁਰੂ ਰਾਮ ਸਿੰਘ) ਦਾ ਸਸਕਾਰ ਵੀ ਇਸੇ ਡੇਰੇ ਦੇ ਇਕ ਸਾਧੂ ਦੀ ਸਮਾਧ ਪਾਸ ਹੋਇਆ। ਕੁਝ ਉਸ ਸਾਧ ਨਾਲ ਪ੍ਰੇਮ ਕਰਕੇ ਤੇ ਕੁਝ ਪਿੰਡ ਦੇ ਜੱਟਾਂ ਵਲੋਂ ਇਹ ਕਹਿਣ ਕਿ ਤੁਸੀਂ ਇਸ ਪਿੰਡ ਦੇ ਨਹੀਂ ਰਾਈਆਂ ਦੇ ਮੂਲ ਨਿਵਾਸੀ ਹੋ, ਓਥੇ ਸਸਕਾਰ ਕਰੋ। ਇਸ ਗੱਲ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਬਦੇਸ਼ੀ ਸਰਕਾਰ ਦੇ ਚਮ੍ਹਲਾਏ ਆਂਢੀ-ਗੁਆਂਢੀ, ਪਿੰਡ ਦੇ ਵੀ ਅਤੇ ਬਾਹਰਲੇ

ਪਿੰਡਾਂ ਦੇ ਵੀ ਕਿਸੇ ਨਾ ਕਿਸੇ ਬਹਾਨੇ, ਕੂਕਿਆਂ ਨੂੰ ਦਬਾਈ ਰੱਖਣਾ ਚਾਹੁੰਦੇ ਸਨ। ਗੁਰੂ ਹਰੀ ਸਿੰਘ ਜੀ ਨੇ ਇਹਨਾਂ ਲੋਕਾਂ ਬਾਰੇ ਹੀ ਕਿਹਾ ਸੀ ਕਿ ਇਹਨਾਂ ਦੀਆਂ ਗਰਦਨਾਂ ਵਿਚ 'ਹੰਕਾਰ ਦੇ ਕੀਲੇ ਗੱਡੇ ਹੋਏ ਹੈਂ।' ਇਹ ਵੀ ਉਹਨਾਂ ਕਿਹਾ ਸੀ ਕਿ ਹੰਕਾਰ ਦੇ ਇਹਨਾਂ ਕਿੱਲਿਆਂ ਨੂੰ ਛੇਤੀ ਹੀ ਪੁੱਟਣ ਵਾਲੇ ਸਾਡੇ ਸਿੰਘ ਆ ਰਹੇ ਹਨ। ਇਸ 'ਕਿੱਲੇ ਪੁੱਟਣ' ਵਾਲੇ ਕੰਮ ਦੀ ਅਗਵਾਈ ਵੀ ਗੁਰਮੁਖ ਸਿੰਘ ਝੱਬਰ ਨੇ ਕੀਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ, ਮਾਤਾ ਜਿਊਣ ਕੌਰ ਜੀ, ਹਰ ਦੋਸਤ ਦੁਸ਼ਮਣ ਨਾਲ ਸਮ ਹੀ ਵਰਤਦੇ। ਉਹ ਸੋਚਦੇ ਸਨ ਕਿ ਜੇ ਕੋਈ ਗੁੜ ਦਿਤਿਆਂ ਮਰ ਜਾਏ ਤਾਂ ਮਹੁਰਾ ਕਿਉਂ ਦੇਵਾਂ। ਗੁਰੂ ਨਿੰਦਕਾਂ ਤੇ ਡੇਰੇ ਦੇ ਵਿਰੋਧੀਆਂ ਲਈ ਵੀ ਇਧਰੋਂ ਖੁਲ੍ਹੇ ਗੱਫੇ ਵਰਤਦੇ ਸਨ। ਰਾਈਆਂ ਡੇਰੇ ਦਾ ਉਦਾਸੀ ਸਾਧ ਮਹੰਤ ਮੋਤੀ ਦਾਸ ਬਹੁਤ ਵਧ ਚੁਕਿਆ ਸੀ। ਉਹ ਡੇਰਾ ਸ੍ਰੀ ਭੈਣੀ ਸਾਹਿਬ ਦੀਆਂ ਐਨ ਬਰੂਹਾਂ ਤੇ ਆ ਕੇ, ਡਿਉੜੀ ਸਾਹਵੇਂ ਮਾਈ ਜੀ ਦੀ ਸ਼ਾਨ ਦੇ ਖ਼ਿਲਾਫ਼ ਅਬਾ ਤਬਾ ਬੋਲਣ ਲੱਗ ਪਿਆ। ਝੱਬਰ ਓਦੋਂ ਨਹਿਰ ਵਾਲੇ ਡੇਰੇ 'ਤੇ ਸੀ। ਸ਼ਾਮੀ ਆਇਆ, ਸੁਣੀ ਹਕੀਕਤ ਸਾਰੀ ਤਾਂ ਪਿੰਡ ਦੇ ਇਕ ਲਾਗੀ ਘੁੱਕੂ ਨੂੰ ਸੱਦ ਕੇ ਕਿਹਾ ਕਿ ਸਾਧ ਮੋਤੀ ਦਾਸ ਨੂੰ ਮੇਰਾ ਸੁਨੇਹਾ ਦੇ ਆ "ਹੁਣ ਤੱਕ ਜੋ ਹੋ ਗਈ, ਹੋ ਗਈ। ਹੁਣ ਮਾਈ ਦੇ ਪੁੱਤਰ ਪੋਤਰੇ ਜੁਆਨ ਹੋ ਗਏ ਨੇ। ਹੁਣ ਉਹਨਾਂ ਦੀ ਪੰਥ ਮਾਤਾ ਨੂੰ ਜੇ ਕਿਸੇ ਹਮਕੀ ਤੁਮਕੀ ਕੀਤੀ, ਤਾਂ ਸਾਨੂੰ ਮਾਂ ਨਹੀਂ ਕੋਈ ਕੁੱਤੀ ਚੁੱਕੀ ਫਿਰਦੀ ਰਹੀ ਹੋਏਗੀ। ਸਮਾਂ ਸਥਾਨ ਤੈਅ ਕਰਕੇ ਜਿਥੇ ਮਰਜ਼ੀ ਹੋਵੇ ਸਾਧਾ ਭੇੜਾ ਕਰ ਲੈ। ਖ਼ਾਲਸੇ ਤਿਆਰ-ਬਰ-ਤਿਆਰ ਨੇ।" ਸਾਧ ਨੇ ਕੀਹ ਦਿਨ ਬੰਨ੍ਹਣਾ ਸੀ। ਇਕ ਹਫ਼ਤੇ ਬਾਦ ਬੇਗੋਵਾਲ ਦੇ ਅਖਾੜੇ ਵਿਚ ਮੋਤੀ ਦਾਸ ਦਾ ਸਿਰ ਧੜ ਤੋਂ ਵੱਖਰਾ ਹੋਇਆ ਰਿੜ੍ਹ ਰਿਹਾ ਸੀ। ਸਾਧ ਸ਼ਰਾਬੀ ਹੋਇਆ ਸਾਰੇ ਪਿੰਡ ਨੂੰ ਗੰਦ ਬਕ ਰਿਹਾ ਸੀ ਕਿ ਪਿੰਡ ਦੇ ਹੀ ਕਿਸੇ ਗੱਭਰੂ ਦੀ ਛਵੀ ਦਾ ਸ਼ਿਕਾਰ ਹੋ ਗਿਆ।

ਪਿੰਡ ਭੈਣੀ ਸਾਹਿਬ ਦਾ ਹੀ ਨਿਵਾਸੀ ਦੁਸੰਧੀ, ਡੇਰੇ ਦਾ ਕੁਝ ਸਮਾਂ ਇਸ ਹਾਲਤ ਵਿਚ ਮੁਖਤਿਆਰ ਰਿਹਾ ਸੀ। ਉਹ ਰਾਈਆਂ ਵਾਲਿਆਂ ਨਾਲ ਵੀ ਮਿਲ ਜਾਂਦਾ ਅਤੇ ਉਹਨਾਂ ਨੂੰ ਸੂਹ ਵੀ ਦਿੰਦਾ। ਡੇਰੇ ਦੇ ਖਿਲਾਫ਼ ਗਵਾਹ ਪਿੰਡ ਵਿਚੋਂ ਹੀ ਭੁਗਤਾ ਕੇ ਫਿਰ ਉਹਨਾਂ ਦੇ ਘਰ ਕੜਾਹ ਪ੍ਰਸਾਦ ਦੇ ਗੱਫੇ ਅਤੇ ਸ਼ਰਦਾਈਆਂ ਦੇ ਗੜਵੇ ਵੀ ਭੇਜਦਾ। ਝੱਬਰ ਨੇ ਉਹਦੀ ਰਸਦ ਬੰਦ ਕਰ ਦਿਤੀ। ਔਖਾ ਸੌਖਾ ਹੋਣ ਲੱਗਾ ਤਾਂ ਚਾਹਟਾ ਛਕਾ ਦਿਤਾ। ਮਾਈ ਜੀ ਵੱਡਿਆਂ ਨੇ ਕਿਹਾ, "ਮਾੜਾ ਮੋਟਾ ਹੱਥ ਠੋਕਾ ਸੀ। ਪਿੰਡ ਵਿਚ ਵਗਾੜਨੀ ਚੰਗੀ ਨਹੀਂ।" ਝੱਬਰ ਨੇ ਉਤਰ ਦਿਤਾ, "ਮਾਤਾ ਜੀ, ਇਹ ਲੱਤਾਂ ਦੇ ਭੂਤ ਬਾਤਾਂ ਨਾਲ ਨਹੀਂ ਮੰਨਣਗੇ। ਤੰਗੀਆਂ ਤੁਰਸ਼ੀਆਂ ਦਾ ਦੌਰ ਆਪਣਾ ਹੁਣ ਲੰਘਣ ਵਾਲਾ ਹੈ। ਇਹਨਾਂ ਦੀ ਜਿਹੜੀ ਦੁਆਈ ਹੈ ਓਹੋ ਹੁਣ ਕਰਾਂਗੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਹੁਣ ਕਿਸੇ ਨੂੰ ਖੰਘਣ ਨਹੀਂ ਦਿਆਂਗੇ। ਨਾਲੇ ਇਹ ਸਾਨੂੰ ਖਾਣ ਤੇ ਨਾਲੇ ਘੂਰਨ, ਦੋ ਦੋ ਕੰਮ ਹੁਣ ਨਹੀਂ ਹੋਣ ਦੇਣੇ।"

ਸਤਿਗੁਰੂ ਪ੍ਰਤਾਪ ਸਿੰਘ ਜੀ ਇਸ਼ਨਾਨ ਕਰ ਰਹੇ ਸਨ। ਬਸਤਰ ਤਬੇਲੇ ਵੱਲੋਂ ਲੈ ਕੇ ਇਕ ਦੋ ਹੋਰ ਸਿੰਘਾਂ ਨਾਲ ਝੱਬਰ ਆ ਰਿਹਾ ਸੀ। ਪੁਲੀਸ ਚੌਕੀ ਦੇ ਸਿਪਾਹੀਆਂ ਰੋਕ ਲਿਆ। ਸੱਚੇ ਪਾਤਸ਼ਾਹ ਜੀ ਖੂਹ ਦੀ ਮਣ 'ਤੇ ਖਲੋਤੇ ਬਸਤਰ ਉਡੀਕ ਰਹੇ ਸਨ। ਯੁਵਾ ਝੱਬਰ ਉਹਨਾਂ ਸਿਪਾਹੀਆਂ ਨਾਲ ਭਿੜ ਪਿਆ। ਰੌਲਾ ਸੁਣ ਕੇ ਸਤਿਗੁਰੂ ਜੀ ਆ ਗਏ ਤੇ ਕਹਿਣ ਲੱਗੇ ਕਿ ਬਹੁਤ ਹੋ ਗਈਆਂ ਸਾਡੇ ਨਾਲ। ਮੈਂ ਅੱਜ ਹੀ ਤੁਹਾਡਾ ਬਿਸਤਰਾ ਬੋਰੀਆ ਗੋਲ ਕਰਵਾਉਂਦਾ ਹਾਂ। ਇਸ ਤਰ੍ਹਾਂ ਡੇਰੇ ਦੇ ਬੂਹੇ ਤੋਂ ਅੱਧੀ ਸਦੀ ਤੋਂ ਪਈ ਪੁਲੀਸ ਚੌਂਕੀ ਉਠਾਉਣ ਦਾ ਮੁੱਢ ਬੱਝਿਆ।

ਰਾਈਆਂ ਦੇ ਗੁੱਜਰ ਬੜੇ ਲੜਾਕੇ ਸਨ। 1947 ਤੋਂ ਪਹਿਲਾਂ ਉਹਨਾਂ ਦੀ ਸੱਠ ਡਾਂਗ ਸੀ। ਜਿਥੇ ਮਰਜ਼ੀ ਪਸ਼ੂ ਚਾਰਦੇ ਅਤੇ ਉਜਾੜੇ ਕਰਦੇ ਫਿਰਦੇ। ਸਰਕਾਰ, ਪਿੰਡਾਂ ਦੇ ਪ੍ਰਭਾਵਸ਼ਾਲੀ ਲੋਕ, ਕੂਕਿਆਂ ਦੇ ਵਿਰੁੱਧ ਸਨ ਹੀ, ਗੁੱਜਰਾਂ ਨੇ ਸੋਚਿਆ ਕਿ ਅਸੀਂ ਪਿੱਛੇ ਕਿਉਂ ਰਹੀਏ। ਵਗਦੀ ਗੰਗਾ ਵਿਚ ਅਸੀਂ ਵੀ ਹੱਥ ਧੋ ਲਈਏ। "ਗੁੱਜਰ ਰੌਸ਼ਨ, ਡੇਰੇ ਦੇ ਅਨੁਸ਼ਾਸਨ ਦੀ ਅਵੱਗਿਆ ਕਰਕੇ ਗਿਆ ਹੈ।" ਬਿਅੰਤ ਜੀ ਤੋਂ ਝੱਬਰ ਨੂੰ ਇਹ ਪਤਾ ਲੱਗ ਗਿਆ। ਅਜੇ ਉਹ ਕੋਠੀ ਵਾਲੇ ਬਾਗ ਦੀ ਗੁੱਠ ਟੱਪ ਹੀ ਰਿਹਾ ਸੀ, ਘੇਰ ਲਿਆ। ਰੌਸ਼ਨ ਬੜਾ ਸੂਰਮਾ ਤੇ ਬਲੀ ਜੁਆਨ ਸੀ। ਸਾਰੇ ਗੁੱਜਰਾਂ ਦਾ ਆਗੂ ਸਭ ਤੋਂ ਸਿਰ ਕੱਢਵਾਂ। ਬਾਪੂ ਜੀ ਦੱਸਿਆ ਕਰਦੇ ਸਨ ਕਿ ਇਕ ਵੇਰ ਤੇ ਉਹਨੇ ਮੈਨੂੰ ਥੱਲੇ ਸੁੱਟ ਲਿਆ। ਉਹ ਹਲ਼ ਦਾ ਜੋਤਰਾ ਛੱਡ ਕੇ ਆਇਆ ਸੀ ਤੇ ਪਰਾਣੀ ਉਹਦੇ ਹੱਥ ਵਿਚ ਸੀ। ਮੈਂ ਫੁਰਤੀ ਨਾਲ ਥੱਲੇ ਪਏ ਨੇ ਪਰਾਣੀ ਉਹਦੇ ਹੱਥੋਂ ਖੋਹ ਲਈ ਤੇ ਉਹਦੀ ਪੁੜਪੁੜੀ ਤੇ ਛੱਡੀ। ਉਸ ਸਿਰ ਝਟਕਿਆ, ਏਨੇ ਨੂੰ ਹੋਰ ਮਾਰ ਕੇ ਬੌਂਦਲਾ ਦਿਤਾ। ਕੋਠੀ ਦੇ ਥਮਲੇ ਨਾਲ ਬੰਨ੍ਹ ਕੇ ਮਾਂਜਿਆ। ਚੀਕਾਂ ਰੌਸ਼ਨ ਦੀਆਂ ਪਿੰਡ ਤੱਕ ਜਾਣ ਪਰ ਝੱਬਰ ਦੇ ਹੁੰਦਿਆਂ ਛੁਡਾਉਣ ਕਿਹੜਾ ਆਵੇ। ਅਖ਼ੀਰ ਮਾਈ ਜੀ ਵੱਡੇ ਆਏ। ਉਹਨਾਂ ਛੁਡਾਇਆ। ਰਾਤ ਨੂੰ ਇਹੋ ਰੌਸ਼ਨ ਸੌ ਬੰਦਾ ਨਾਲ ਲੈ ਕੇ ਆ ਗਿਆ ਕਿ ਝੱਬਰ ਦੀ ਮੰਜੀ ਤਬੇਲੇ ਵਿਚੋਂ ਚੁੱਕ ਲਿਆਉਣੀ ਹੈ। ਪੌੜੀ ਲਾ ਕੇ ਤਬੇਲੇ ਵਿਚ ਉਤਰ ਰਹੇ ਨੂੰ ਚਾਚਾ ਲਾਭ ਸਿੰਘ ਫੱਤਾ (ਬਾਪੂ ਜੀ ਨਾਲ ਇਹਨਾਂ ਦਾ ਬਹੁਤ ਪ੍ਰੇਮ ਸੀ) ਅਤੇ ਹੋਰ ਸਿੰਘਾਂ ਨੇ ਘੇਰ ਲਿਆ। ਗੜਵਿਆਂ ਨਾਲ ਹੀ ਪਾਰ ਬੁਲਾ ਦਿਤਾ। ਝੱਬਰ ਹੋਰਾਂ ਦੇ ਆਉਣ ਤੋਂ ਪਹਿਲਾਂ ਸਹਿਕ ਰਿਹਾ ਸੀ। ਉਹਨਾਂ ਸਿੰਘ ਨਾਲ ਲੈ ਕੇ ਰਾਈਆਂ ਦੇ ਬਾਹਰ ਲਿਟਾ ਦਿਤਾ ਰੇਤੇ 'ਤੇ। ਦਿਨੇ ਹਨੇਰੀ ਆਈ। ਪੈੜ ਮਿਟ ਗਈ। ਪਰਚਾ ਹੋ ਗਿਆ। ਪੁਲੀਸ ਕਪਤਾਨ ਅੰਗਰੇਜ਼ ਮੌਕੇ 'ਤੇ ਆਇਆ। ਪਰਚਾ ਕਤਲ ਦਾ ਨਾਮਧਾਰੀ ਦਰਬਾਰ ਦੇ ਪ੍ਰਧਾਨ ਦੱਯਾ

ਸਿੰਘ ਕੱਕੜ, ਝੱਬਰ ਅਤੇ ਦੋ ਹੋਰ ਡੇਰੇ ਦੇ ਸਿੰਘਾਂ ਦੇ ਖਿਲਾਫ਼ ਸੀ। ਪਹਿਲਾਂ ਕੁਝ ਤਾਂ ਲੋਕਾਂ ਦੀ ਯੋਜਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਂ ਵੀ ਵਿਚ ਪਾਉਣ 'ਤੇ ਸੀ। ਪਰ ਜਦੋਂ ਉਹਨਾਂ ਇਹ ਸੁਣਿਆ ਕਿ ਝੱਬਰ ਕਹਿੰਦਾ ਹੈ ਜੇ ਸਤਿਗੁਰੂ ਜੀ ਦਾ ਝੂਠਾ ਨਾਂ ਲਿਆ ਤਾਂ ਮੈਂ ਇਕਬਾਲੀ ਹੋ ਜਾਵਾਂਗਾ, ਉਹ ਬਦਲ ਗਏ। ਪੁਲੀਸ ਕਪਤਾਨ ਮੌਕੇ ਤੇ ਆਇਆ ਮੌਕੇ ਦੇ ਗਵਾਹਾਂ ਨੂੰ ਸੱਦਿਆ। ਦੋ ਗਵਾਹ ਪਿੰਡ ਭੈਣੀ ਸਾਹਿਬ ਦੇ ਨਿਵਾਸੀ ਕੂਕਿਆਂ ਦੇ ਕੱਟੜ ਵਿਰੋਧੀ ਸਮਝੇ ਜਾਣ ਵਾਲੇ ਧੜੇ ਵਿਚੋਂ ਸਨ। ਪ੍ਰੰਤੂ ਕਿਸੇ ਸਮੇਂ ਝੱਬਰ ਹੋਰਾਂ ਨੇ ਉਹਨਾਂ ਦੋਹਾਂ ਤੇ ਕੁਝ ਨਾ ਭੁਲਾਉਣ ਯੋਗ ਗੁਣ ਕੀਤੇ ਸਨ ਜਿਸ ਕਰਕੇ ਦੋਵੇਂ ਗਵਾਹ, ਐਸ.ਪੀ. ਦੇ ਸਾਹਮਣੇ ਸਾਫ਼ ਮੁੱਕਰ ਗਏ ਕਿ ਉਹਨਾਂ ਨੂੰ ਇਸ ਕੇਸ ਸਬੰਧੀ ਕੋਈ ਪਤਾ ਹੈ। ਅਫ਼ਸਰ ਨੇ ਪਰਚਾ ਝੂਠਾ ਜਾਣ ਕੇ ਮੌਕੇ ਤੇ ਹੀ ਪਾੜ ਦਿਤਾ ਅਤੇ ਨਵੇਂ ਸਿਰਿਉਂ ਜਾਂਚ ਦੇ ਹੁਕਮ ਦੇ ਕੇ ਮੁੜ ਆਇਆ।

ਬਹੁਤ ਸਾਰੇ ਦੇਸ਼ ਭਗਤਾਂ ਦਾ, ਜੋ ਅੰਗਰੇਜ਼ ਸਰਕਾਰ ਦੇ ਖਿਲਾਫ਼ ਲੜ ਰਹੇ ਸਨ, ਡੇਰਾ ਸ੍ਰੀ ਭੈਣੀ ਸਾਹਿਬ ਇਕ ਵੱਡਾ ਗੁਪਤ ਟਿਕਾਣਾ ਸੀ। ਅੜਬੰਗੀ ਜੀ ਅਤੇ ਅੰਮ੍ਰਿਤਸਰ ਬੁਚੜ ਬੱਧ ਦੇ ਇਕ ਹੋਰ ਮਫ਼ਰੂਰ ਮਿਹਰ ਸਿੰਘ ਲੋਪੋਕੇ ਨੇ ਆਪਣੀ ਸਾਰੀ ਉਮਰ ਇਥੇ ਹੀ ਬਿਤਾਈ ਸੀ। ਬੱਬਰ ਅਕਾਲੀ ਲਹਿਰ ਦੇ ਉਘੇ ਰੁਕਨ ਰਤਨ ਸਿੰਘ ਪਿੰਡ ਰੱਕੜਾਂ ਬੇਟ (ਜ਼ਿਲ੍ਹਾ ਹੁਸ਼ਿਆਰਪੁਰ) ਨੇ ਕਈ ਵੇਰ ਇਥੇ ਟਿਕਾਣਾ ਕੀਤਾ। ਜਿਸ ਦਿਨ ਰਤਨ ਸਿੰਘ ਦੇ ਪਿਛੇ ਪੁਲੀਸ ਦੀ ਬਹੁਤ ਵੱਡੀ ਧਾੜ ਸੀ ਉਸ ਦਿਨ ਵੀ ਉਹਨੂੰ ਲੰਘਾਉਣ ਵਿਚ ਝੱਬਰ ਹੋਰਾਂ ਦੀ ਇਮਦਾਦ ਜ਼ਿਕਰਯੋਗ ਹੈ। ਗੁਆਂਢੀ ਪਿੰਡ ਦੇ ਜ਼ੈਲਦਾਰ ਦੇ ਭਤੀਜੇ ਨੇ ਰਤਨ ਸਿੰਘ ਦਾ ਪਿਛਾ ਬਹੁਤ ਤੇਜ਼ੀ ਨਾਲ ਕੀਤਾ। ਜਦੋਂ ਉਹ ਭੈਣੀ ਸਾਹਿਬ ਬਾਗ ਵਾਲੀ ਕੋਠੀ ਵਲੋਂ ਲੰਘ ਰਿਹਾ ਸੀ, ਤਾਂ ਝੱਬਰ ਹੋਰਾਂ ਉਹਨਾਂ ਨੂੰ ਜੱਫਾ ਮਾਰ ਲਿਆ ਕਿ ਰਤਨ ਸਿੰਘ ਤਕ ਪੁੱਜ ਨਾ ਜਾਏ। ਪੂਰੇ 10-15 ਮਿੰਟ ਉਹਦੇ ਨਾਲ ਘੁਲਦੇ ਰਹੇ। ਜਦੋਂ ਥਾਣੇਦਾਰ ਆਇਆ ਤਾਂ ਉਸ ਨੇ ਕਿਹਾ ਜੇ ਝੱਬਰ ਮੈਨੂੰ ਨਾ ਫੜਦਾ ਮੈਂ ਰਤਨ ਸਿੰਘ ਨੂੰ ਫੜ ਲੈਣਾ ਸੀ। ਬਾਪੂ ਜੀ ਨੇ ਕਿਹਾ, "ਵਾਹ ਭਾਈ ਵਾਹ, ਤੂੰ ਨਹੀਂ ਰਤਨ ਸਿੰਘ, ਅਸੀਂ ਤਾਂ ਤੈਨੂੰ ਰਤਨ ਸਿੰਘ ਸਮਝ ਕੇ ਰੋਕਿਆ ਸੀ। ਥਾਣੇਦਾਰ ਸਾਹਿਬ ਕਹਿ ਗਏ ਸਨ ਕਿ ਇਸ ਤਰ੍ਹਾਂ ਦੇ ਹੁਲੀਏ ਦਾ ਬੰਦਾ ਆਇਆ ਤਾਂ ਉਹਨੂੰ ਰੋਕਿਓ। ਤੂੰ ਮੂੰਹੋਂ ਫੁੱਟਿਆ ਹੀ ਨਹੀਂ ਪਈ ਮੈਂ ਰਤਨ ਸਿੰਘ ਨਹੀਂ। ਉਸ 'ਅਤੀ ਉਤਸ਼ਾਹੀ' ਯੁਵਕ ਨੇ ਫਿਰ ਬੱਬਰ ਅਕਾਲੀ ਦਾ ਪਿੱਛਾ ਕੀਤਾ ਅਤੇ ਸਤਿਲੁਜ ਦੀ ਬੇਟ ਵਿਚ ਪੱਥਰ ਪਿੱਛੇ ਲੁਕੇ ਰਤਨ ਸਿੰਘ ਦੀ ਬੰਦੂਕ ਦੀ ਗੋਲੀ ਦਾ ਨਿਸ਼ਾਨਾ ਓਦਣ ਹੀ ਬਣ ਗਿਆ। ਬਾਦ ਵਿਚ ਰਤਨ ਸਿੰਘ ਹੋਰਾਂ ਦੇ ਸੁਨੇਹੇ ਆਉਂਦੇ ਰਹੇ ਕਿ "ਝੱਬਰ ਸਾਹਿਬ ਜੇ ਸਮਾਂ ਮਿਲਿਆ

ਤਾਂ ਖੁਲ੍ਹੇ ਦਰਸ਼ਨ ਦੀਦਾਰ ਤੇ ਬਚਨ ਬਲਾਸ ਕਰਾਂਗੇ। ਪਰ ਉਹ ਇਕ ਪਿੰਡ ਵਿਚ ਘਿਰ ਗਏ ਸਨ ਅਤੇ ਫਿਰ ਆਪਣੀ ਹੀ ਬੰਦੂਕ ਦਾ ਘੋੜਾ ਪੈਰ ਦੀ ਉਂਗਲੀ ਨਾਲ ਦਬਾਅ ਕੇ, ਜਿਊਂਦੇ ਜੀ ਚੰਦਰ ਸ਼ੇਖਰ ਜਿਉਂ ਵੈਰੀ ਦੇ ਹੱਥੀਂ ਨਾ ਆਉਣ ਦਾ ਕੀਤਾ ਪ੍ਰਣ ਨਿਭਾ ਗਏ ਸਨ। ਉਹਨਾਂ ਦੀ ਸ਼ਹਾਦਤ ਜੁਲਾਈ 1932 ਵਿਚ ਹੋਈ।

ਦੇਸ਼ ਭਗਤਾਂ ਦੇ ਨਾਲ ਨਾਲ ਸਾਧੂ ਸਿੰਘ 'ਕਕਰਾਲਾ' (ਲੁਧਿਆਣਾ), ਵਸਾਖਾ ਸਿੰਘ 'ਸਹਾਰੀ' (ਜ਼ਿਲ੍ਹਾ ਲਾਹੌਰ) ਜਹੇ ਕੁਝ ਉਘੇ ਡਾਕੂ ਵੀ ਕਦੇ ਕਦੇ ਡੇਰੇ ਵਿਚ ਆ ਜਾਇਆ ਕਰਦੇ ਸਨ। ਬਾਪੂ ਜੀ ਨੇ ਉਹਨਾਂ ਨੂੰ ਕਹਿ ਰਖਿਆ ਸੀ ਕਿ ਜਿਥੋਂ ਤੱਕ ਪ੍ਰਸ਼ਾਦੇ ਦਾ ਸੁਆਲ ਹੈ, ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਕਿ ਗਊ ਦੀ ਰੱਤ ਵਿਚ ਲਿੱਬੜੀ ਛੁਰੀ ਲੈ ਕੇ ਜੇ ਕੋਈ ਬੁੱਚੜ ਵੀ ਇਥੇ ਮੇਰੇ ਹੱਥੀਂ ਲਾਏ ਲੰਗਰ ਵਿਚ ਆ ਜਾਵੇ ਤਾਂ ਉਹਨੂੰ ਭੁੱਖਾ ਨਹੀਂ ਮੋੜਨਾ। ਪ੍ਰਸ਼ਾਦਾ ਪਾਣੀ ਮਿਲੇਗਾ ਪਰ ਤਿੰਨ ਕੰਮ ਜੇ ਤੁਸਾਂ ਕੀਤੇ ਤਾਂ ਫਿਰ ਤੁਹਾਡਾ ਦਾਖ਼ਲਾ ਰੋਕਿਆ ਜਾਏਗਾ। ਇਹ ਕੰਮ ਸਨः ਡੇਰੇ ਵਿਚ ਸ਼ਰਾਬ ਪੀ ਕੇ ਆਉਣਾ, ਡੇਰੇ ਵਿਚ ਔਰਤ ਲੈ ਕੇ ਆਉਣਾ ਅਤੇ ਡੇਰੇ ਦੇ ਕਿਸੇ ਬੰਦੇ ਨੂੰ ਪੈਸਾ ਟਕਾ (ਭਾਵੇਂ ਲੰਗਰ ਦੇ ਨਾਂ ਤੇ ਵੀ ਕਿਉਂ ਨਾ ਹੋਵੇ) ਦੇ ਕੇ ਜਾਣਾ। ਜਦੋਂ ਸਾਧੂ ਸਿੰਘ ਫੜਿਆ ਗਿਆ ਤਾਂ ਲੁਧਿਆਣੇ ਤੋਂ ਲੈ ਕੇ ਲਹੌਰ ਤੱਕ, ਪੁਲੀਸ ਨੇ ਉਸ 'ਤੇ ਅੰਨ੍ਹਾ ਤਸ਼ੱਦਦ ਕੀਤਾ ਕਿ ਤੂੰ ਕਹਿ ਦੇ ਝੱਬਰ ਨੂੰ ਅਸੀਂ ਮਾਲ ਦਿੰਦੇ ਸਾਂ। ਉਸ ਕਿਹਾ, ਉਹ ਕਾਣੀ ਕੌਡੀ ਦਾ ਵੀ ਰਵਾਦਾਰ ਨਹੀਂ ਸੀ, ਝੂਠ ਬੋਲ ਕੇ ਬੇਦੀਨ ਕਿਉਂ ਹੋਵਾਂ। ਸਾਧੂ ਸਿੰਘ ਫਾਹੇ ਲੱਗਾ ਸੀ, ਬੜੀ ਉਚੀ ਬਿਰਤੀ ਅਤੇ ਚੜ੍ਹਦੀ ਕਲਾ ਵਿਚ ਰਿਹਾ ਸੀ। ਸੱਚ ਜੁ ਪੱਲੇ ਸੀ। ਡਾਕੂ ਤਾਂ ਸਮਾਜਿਕ ਹਾਲਤਾਂ ਬਣਾ ਦਿੰਦੀਆਂ ਹਨ। ਵਸਾਖਾ ਸਿੰਘ ਸਹਾਰੀ ਵੀ ਚਾਹੁੰਦਾ ਤਾਂ ਆਪਣਾ ਬਾਕੀ ਜੀਵਨ ਇਥੇ ਮਫ਼ਰੂਰੀ ਦੀ ਹਾਲਤ ਵਿਚ ਵਧੀਆ ਬਿਤਾ ਸਕਦਾ ਸੀ ਪਰ ਜਦੋਂ ਉਸ ਵੇਖਿਆ ਕਿ ਨਾਲ ਦੇ ਫੜੇ ਗਏ ਹਨ ਤਾਂ ਇਹ ਸੋਚ ਕੇ ਕਿ ਤੰਦੀ ਦਾ ਝੂਟਾ ਉਹ ਇਕੱਲੇ ਹੀ ਕਿਉਂ ਲੈਣ, ਉਹ ਵੀ ਜਾ ਪੇਸ਼ ਹੋਇਆ ਸੀ। ਆਜ਼ਾਦੀ ਤੋਂ ਬਾਦ ਬਾਬਾ ਗੁਰਮੁਖ ਸਿੰਘ ਲਲਤੋਂ ਸਮੇਤ ਬਹੁਤ ਸਾਰੇ ਕਮਿਊਨਿਸਟ ਸੰਗਰਾਮੀਏ ਵੀ ਝੱਬਰ ਹੋਰਾਂ ਪਾਸ ਡੇਰੇ ਵਿਚ ਗੁਪਤਵਾਸ ਵਜੋਂ ਰਹਿੰਦੇ ਰਹੇ। ਸਤਿਗੁਰੂ ਰਾਮ ਸਿੰਘ ਜੀ ਦੇ ਘਰ ਦਾ ਦਰਵਾਜ਼ਾ ਸਭ ਲਈ ਖੁਲ੍ਹਾ ਸੀ।

ਅਕਾਲ ਬੁੰਗਾ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਤਪ ਅਸਥਾਨ ਹੈ ਅਤੇ ਇਥੋਂ ਹੀ ਸ਼ਹੀਦੀ ਜਥੇ ਦੇ ਮਸਤਾਨਿਆਂ ਨੂੰ, ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਸਮੇਤ, ਅੰਤਿਮ ਪ੍ਰਸਾਦ ਹੱਥੀਂ ਛਕਾ ਕੇ, ਸਤਿਗੁਰੂ ਜੀ ਨੇ ਵਿਦਾ ਕੀਤਾ ਸੀ। ਇਹਦੇ ਆਲੇ-ਦੁਆਲੇ ਦੇ ਖੇਤਾਂ ਵਿਚ, ਪਿੰਡ ਦੇ ਜੱਟ ਤਮਾਕੂ ਬੀਜਿਆ ਕਰਦੇ ਸਨ। ਮੇਲੇ ਤੇ ਆਈ ਸੰਗਤ ਅਤੇ ਡੇਰੇ ਵਿਚ ਰਹਿਣ ਵਾਲੇ, ਤਮਾਕੂ ਦੀ ਬੜੀ

ਕੁਰਹਿਤ ਮੰਨਦੇ ਸਨ। ਕਾਸ਼ਤਕਾਰਾਂ ਨੂੰ ਕਈ ਵੇਰ ਜ਼ੁਬਾਨੀ ਬੇਨਤੀਆਂ ਕੀਤੀਆਂ ਜਾ ਚੁੱਕੀਆਂ ਸਨ ਕਿ ਹੋਰ ਫ਼ਸਲ ਬੀਜ ਲਵੋ, ਸਾਡੇ ਜਜ਼ਬਿਆਂ ਦੀ ਕਦਰ ਕੁਸ਼ਾਈ ਨਾ ਕਰੋ। ਪਰ ਜਦੋਂ ਕੋਈ ਹੀਲਾ ਕਾਮਯਾਬ ਨਾ ਹੋਇਆ ਤਾਂ ਝੱਬਰ ਜੀ ਨੇ ਆਪਣੇ ਸਿੰਘਾਂ ਦਾ ਜਥਾ ਸਮੇਤ ਦਰਸ਼ਨ ਸਿੰਘ ਕੱਕੜ (ਪ੍ਰੀਤਮ ਸਿੰਘ ਕਵੀਸ਼ਰ ਕਰੀਵਾਲਾ ਦਾ ਪਿਤਾ) ਜੋ ਉਸ ਸਮੇਂ ਕਿਸੇ ਪੁਲਸ ਕੇਸ ਵਿਚ ਮਫ਼ਰੂਰ ਸੀ, ਨੂੰ ਲੈ ਕੇ ਗਾਤਰੇ ਕਿਰਪਾਨ ਪਾ ਕੇ ਤਮਾਕੂ ਦੀ ਖਲੋਤੀ ਫ਼ਸਲ ਵਿਚ ਹਲ ਜੋ ਦਿਤਾ। ਮੁੜ ਕੇ ਭੈਣੀ ਸਾਹਿਬ ਵਿਚ ਕਿਸੇ ਤਮਾਕੂ ਨਹੀਂ ਬੀਜਿਆ। ਸੰਤ ਤਰਨ ਸਿੰਘ ਵਹਿਮੀ 'ਜਸ ਜੀਵਨ' ਭਾਗ ਦੂਜਾ ਵਿਚ ਲਿਖਦੇ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਾਮ ਦੇ ਦੀਵਾਨ ਵਿਚ ਬਚਨ ਕੀਤਾ ਕਿ ਗੁਰਮੁਖ ਸਿੰਘ ਦਾ ਸੰਗਤ ਦੀ ਸੌਖ ਲਈ ਕੀਤਾ ਇਹ ਕੰਮ ਵੀ, ਸਾਡੇ ਸਮੇਂ ਦੇ ਸ੍ਰੀ ਭੈਣੀ ਸਾਹਿਬ ਦੇ ਹਾਲ ਵਿਚ ਸਦਾ ਯਾਦ ਰਹੇਗਾ।

ਜ਼ਿੰਮੇਵਾਰੀਆਂ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਹੜੀਆਂ ਵੀ ਆਪ ਨੂੰ ਸੌਂਪੀਆਂ, ਉਹ ਉਹਨਾਂ ਬੜੀ ਲਗਨ ਸ਼ਰਧਾ ਅਤੇ ਤਨਦੇਹੀ ਨਾਲ ਨਿਭਾਈਆਂ ਪਰ ਇਹਨਾਂ ਵਿਚੋਂ ਸਭ ਤੋਂ ਵੱਡੀ ਜ਼ਿੰਮੇਵਾਰੀ, ਆਪਣੇ ਵੱਡੇ ਸਾਹਿਬਜ਼ਾਦੇ ਬੇਅੰਤ ਜੀ ਦੀ ਪਾਲਣਾ ਪੋਸਣਾ ਅਤੇ ਸਾਂਭ ਸੰਭਾਲ ਦੀ, ਪੂਰੇ 14 ਵਰ੍ਹੇ ਝੱਬਰ ਹੋਰਾਂ ਨੂੰ ਸੌਂਪੀ ਗਈ। ਇਹ ਹੁਕਮ ਕੀਤਾ ਕਿ ਇਹ ਕਾਕਾ ਤੂੰ ਮੈਥੋਂ ਬਿਨਾਂ ਕਿਸੇ ਨੂੰ ਦੇਣਾ ਨਹੀਂ। ਪਹਿਲੀ ਸਿੰਘਣੀ ਗੁਜ਼ਰ ਜਾਣ ਤੋਂ ਬਾਅਦ ਦੂਜਾ ਅਨੰਦ ਵੀ ਆਪ ਨੇ 2-3 ਸਾਲ ਮਗਰੋਂ ਕਰਵਾਇਆ ਤਾਂ ਜੁ ਬੇਅੰਤ ਜੀ ਦੀ ਸੇਵਾ ਸੰਭਾਲ ਵਿਚ ਕਿਸੇ ਤਰ੍ਹਾਂ ਦੀ ਕੁਤਾਹੀ ਨਾ ਹੋਵੇ। ਉਸ ਵੇਲੇ ਵੀ ਬਹੁਤ ਸਾਰੇ ਸਰੀਰ, ਕਰੜੇ ਜ਼ਾਬਤੇ ਦਾ ਬਹਾਨਾ ਬਣਾ ਕੇ, ਕਿ ਸਾਹਿਬਜ਼ਾਦੇ ਨੂੰ ਤੰਗ ਕਰਦਾ ਹੈ, ਆਪ ਦੇ ਖ਼ਿਲਾਫ਼ ਗਾਹੇ ਬਗਾਹੇ ਸ਼ਕਾਇਤਾਂ ਲਾਉਂਦੇ ਰਹਿੰਦੇ। ਪਰ ਸਤਿਗੁਰੂ ਜੀ ਸਭ ਦੀਆਂ ਗੱਲਾਂ ਅਣਸੁਣੀਆਂ ਕਰ ਦਿੰਦੇ। ਉਹਨਾਂ ਨੂੰ ਪਤਾ ਸੀ ਕਿ ਭਾਵੀ ਪੰਥ ਪਤੀ ਦੇ ਜੀਵਨ ਨੂੰ, ਇਸ ਤਰ੍ਹਾਂ ਦੀ ਕੁਠਾਲੀ ਵਿਚੋਂ ਲੰਘਾਉਣਾ, ਸਭ ਦੇ ਭਲੇ ਵਿਚ ਹੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੁਭਾਉ ਸੀ ਕਿ ਥੋਹੜਾ ਗੁਣ ਵੀ ਕਿਸੇ ਜੋ ਤੁਹਾਡੇ ਤੇ ਕੀਤਾ ਹੈ, ਸਦਾ ਯਾਦ ਰਖੋ। ਇਕ ਵੇਰ ਕਿਸੇ ਦੋਖੀ ਦੇ ਸਿਖਾਏ ਬੇਅੰਤ ਜੀ ਨੇ ਵੱਡਿਆਂ ਹੋ ਕੇ ਬਾਪੂ ਜੀ ਬਾਰੇ ਕੁਝ ਸ਼ਕਾਇਤ ਦੇ ਰੂਪ ਵਿਚ ਸਤਿਗੁਰੂ ਜੀ ਨੂੰ ਕਿਹਾ ਤਾਂ ਹਜ਼ੂਰ ਨੇ ਫੁਰਮਾਇਆ ਸੀ, "ਕਾਕਾ ਜੀ, ਝੱਬਰ ਵਿਚ ਗੁਣ ਵੀ ਹੋਣਗੇ ਔਗੁਣ ਵੀ ਹੋਣਗੇ। ਪਰ ਤੁਸੀਂ ਸਿਰਫ਼ ਇਹ ਯਾਦ ਰੱਖੋ ਕਿ ਇਕ ਵੇਰ ਪੋਹ-ਮਾਘ ਦੀਆਂ ਰਾਤਾਂ ਵਿਚ ਬੁਖ਼ਾਰ ਨਾਲ ਤੁਸੀਂ ਏਨੇ ਭਖ ਰਹੇ ਸਉ ਕਿ ਤੁਸੀਂ ਝੱਬਰ ਦੀ ਹਿੱਕ ਤੇ ਪਏ ਸਉ ਤੇ ਉਹ ਪਾਲੇ ਦੀਆਂ ਰਾਤਾਂ ਵਿਚ ਅੱਧੀ ਅੱਧੀ ਰਾਤ ਉਠ ਕੇ ਤੁਹਾਡੀ ਗਰਮੀ ਸਦਕਾ ਕੋਰੇ ਘੜੇ ਵਿਚੋਂ ਗਲਾਸਾਂ ਦੇ ਗਲਾਸ ਜਲ

ਛਕਦਾ ਰਿਹਾ ਸੀ।"

ਇਕ ਵੇਰ ਬਿਅੰਤ ਜੀ ਦੀ ਕਿਸੇ ਬਾਲ ਸੁਲਭ ਕਾਰਵਾਈ ਤੋਂ ਸ੍ਰੀ ਸਤਿਗੁਰੂ ਜੀ ਨੇ ਰੌਦਰ ਰੂਪ ਧਾਰਨ ਕਰ ਲਿਆ। ਕੋਠੀ ਬਾਗ਼ ਵਾਲੀ ਵਿਚ ਜੋ ਕਰੂੰਡੇ ਦਾ ਰੁੱਖ ਸੀ ਉਸ ਨਾਲ ਬਾਲਾ ਪ੍ਰੀਤਮ ਨੂੰ ਬੰਨ੍ਹ ਦਿਤਾ ਗਿਆ ਅਤੇ ਉਤੋਂ ਇਹ ਕਰੜਾ ਹੁਕਮ ਸਾਦਰ ਕਰ ਦਿਤਾ ਕਿ ਮੈਥੋਂ ਬਿਨਾਂ ਜਿਹੜਾ ਇਹਨੂੰ ਖੋਹਲੇਗਾ, ਮੇਰਾ ਖੂੰਡਾ ਹੋਵੇਗਾ ਤੇ ਉਹਦਾ ਸਰੀਰ। ਹਿਸਾਬ ਲਾ ਲਵੋ। ਝੱਬਰ ਹੋਰੀਂ ਸ਼ਾਇਦ ਨਹਿਰ ਵਾਲੇ ਡੇਰੇ 'ਤੇ ਗਏ ਹੋਏ ਸਨ। ਜਦੋਂ ਆਏ ਤਾਂ ਵੇਖਿਆ ਕਿ ਰੱਸੇ ਵਿਚ ਜਕੜੇ ਹੋਏ ਹਨ। ਦਬਾ ਦਬ ਖੋਹਲ ਦਿਤੇ। ਸਣਕੇਸ਼ੀਂ ਇਸ਼ਨਾਨ ਕਰਵਾਇਆ ਅਤੇ ਸਫ਼ ਵਿਛਾ ਕੇ ਨਾਲ ਬਰਾਜ ਗਏ। ਇਸ ਤੋਂ ਪਹਿਲਾਂ ਸਮੇਤ ਭਾਈ ਵਜੀਰ ਸਿੰਘ ਜਿਹੜਾ ਵੀ ਖੋਹਲਿਆਂ ਨੂੰ ਵੇਖੇ ਉਹ ਆਖੇ ਕਿ ਅੱਜ ਝੱਬਰ ਦੀ ਖ਼ੈਰ ਨਹੀਂ। ਬੜੀ ਅਵੱਗਿਆ ਕੀਤੀ ਸੂ। ਦਿਨ ਢਲੇ ਸਤਿਗੁਰੂ ਜੀ ਕੋਠੀ ਵਿਚੋਂ ਬਾਹਰ ਨਿਕਲੇ ਵੇਖ ਕੇ ਕਹਿਣ ਲੱਗੇ, "ਆ ਗਿਆ ਏ ਪਤੰਦਰ। ਸਾਂਭ ਲਿਆ ਸੂ ਭਰਾ ਆਪਣੇ ਨੂੰ। ਹੁਣ ਮੇਰਾ ਫ਼ਿਕਰ ਮੁੱਕਾ।"

ਇਸ ਤਰ੍ਹਾਂ ਦੇ ਅੰਤਰੰਗ ਸਬੰਧ ਇਕ ਦਿਨ ਵਿਚ ਤਾਂ ਨਹੀਂ ਬਣਦੇ। ਇਹਨਾਂ ਲਈ ਪੀੜ੍ਹੀਆਂ ਲੱਗ ਜਾਂਦੀਆਂ ਹਨ। ਜਦੋਂ ਬਾਪੂ ਜੀ ਦਾ ਦੂਸਰਾ ਅਨੰਦ ਕਾਰਜ ਹੋਇਆ ਤਾਂ ਸਾਡੇ ਨਾਨਕੇ ਸਰਗੋਧੇ ਦੀ ਬਾਰ ਵਿਚ ਸਨ। ਬਾਪੂ ਜੀ ਨੇ ਮੁਕਲਾਵਾ ਲੈਣ ਜਾਣਾ ਸੀ। ਉਹ ਸਾਹਨੇਵਾਲ ਦੇ ਰੇਲਵੇ ਸਟੇਸ਼ਨ ਨੂੰ ਚੱਲ ਪਏ। ਪਿੱਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਿਚਾਰ ਆਇਆ ਕਿ ਝੱਬਰ ਕਹਿੰਦਾ ਸੀ ਕਿ ਮੈਂ ਮੁਕਲਾਵਾ ਲੈਣ ਜਾਣਾ ਹੈ ਅਤੇ ਉਸ ਦੇ ਗਲ ਵਿਚ ਤਾਂ ਕੁੜਤਾ ਵੀ ਨਹੀਂ ਸੀ। ਲੰਗਰ ਵਿਚੋਂ ਗਿਲਤੀ ਚਾਦਰ ਦੀ ਮਾਰੀ ਹੋਈ ਨਿਕਲਦਿਆਂ ਨੂੰ ਸਤਿਗੁਰੂ ਜੀ ਨੇ ਵੇਖਿਆ ਸੀ। ਦੱਸਣ ਵਾਲਿਆਂ ਨੇ ਕਿਹਾ ਕਿ ਉਹ ਤਾਂ ਇਸ ਤਰ੍ਹਾਂ ਹੀ ਜਾਂਦਾ ਵੇਖਿਆ ਹੈ। ਭਾਈ ਵਜੀਰ ਸਿੰਘ ਤੋਂ ਸਤਿਗੁਰੂ ਜੀ ਨੇ ਕਾਹਲੀ ਵਿਚ ਆਪਣਾ ਕੋਈ ਕੁੜਤਾ ਮੰਗਿਆ। ਉਹ ਲੈ ਕੇ ਆਪ ਘੋੜ ਸਵਾਰ ਹੋ ਸਾਹਨੇਵਾਲ ਪੁੱਜੇ। ਅਜੇ ਗੱਡੀ ਚੱਲੀ ਨਹੀਂ ਸੀ ਕੁੜਤਾ ਦੇ ਦਿਤਾ। ਅਗਲੇ ਦਿਨ ਜੋਂ ਤਹਿ ਕੀਤਾ ਕੁੜਤਾ ਖੋਹਲ ਕੇ ਸਹੁਰਿਆਂ ਦੇ ਘਰ ਜਾ ਕੇ ਪਾਇਆ ਤਾਂ ਇਹ ਮੌਰਾਂ ਤੋਂ ਪਾਟਾ ਹੋਇਆ ਸੀ। ਭਾਈ ਹੋਰਾਂ ਜਲਦੀ ਕਾਰਨ ਤਹਿ ਖੋਹਲੀ ਨਹੀਂ ਸੀ। ਮੇਰੇ ਨਾਨਾ ਜੀ ਦੇ ਛੋਟੇ ਭਾਈ, ਬਾਪੂ ਸੁਰੈਣ ਸਿੰਘ ਬਹੁਤ ਜ਼ੋਰ ਲਾਉਂਦੇ ਰਹੇ ਕਿ ਚੱਲ ਮੰਡੀ ਤੇਰੇ ਮੇਚ ਦੇ ਬਸਤਰ ਸੁਆ ਕੇ ਲਿਆਉਂਦੇ ਹਾਂ। ਬਾਪੂ ਜੀ ਦਾ ਇਕੋ ਜੁਆਬ ਸੀ ਕਿ ਤੁਸੀਂ ਪਾਟੇ ਕੁੜਤੇ ਵੱਲ ਨਾ ਵੇਖੋ। ਇਸ ਕੁੜਤੇ ਦੇ ਪਿਛੇ ਜਿਹੜਾ ਮੇਰੇ ਸਤਿਗੁਰੂ ਦਾ ਮੇਰੇ ਨਾਲ ਅਥਾਹ ਪ੍ਰੇਮ ਲੁਕਿਆ ਹੋਇਆ ਹੈ, ਉਹ ਵੇਖੋ।

ਬਾਪੂ ਜੀ ਦਸਿਆ ਕਰਦੇ ਸਨ ਕਿ ਡੇਰਾ ਸ੍ਰੀ ਭੈਣੀ ਸਾਹਿਬ ਜਦੋਂ ਉਹਨਾਂ ਨੇ ਸਾਂਭਿਆ ਸੀ ਤਾਂ ਇਹ ਸੱਠ ਹਜ਼ਾਰ ਰੁਪੈ ਦਾ ਸੇਠਾਂ ਦਾ ਕਰਜ਼ਾਈ ਸੀ। ਚਾਰ ਕੁ ਸਾਲਾਂ ਦੇ ਥੋਹੜੇ ਸਮੇਂ ਵਿਚ ਹੀ ਕਰਜ਼ਾ ਉਤਰ ਗਿਆ। ਹੁਣ ਡੇਰਾ ਆਤਮ ਨਿਰਭਰ ਸੀ। ਖ਼ਰਚ ਛੋਟੇ ਤੋਂ ਵੱਡੇ ਤੱਕ ਸਭ ਨੂੰ ਸੰਜਮ ਨਾਲ ਕਰਨ ਲਈ ਕਿਹਾ ਜਾਂਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਸਿਆਮ ਫੇਰੀ ਤੋਂ ਬਾਦ ਰੇਸ਼ਮੀ ਸੁੱਚੇ ਬਸਤਰ ਡੇਰੇ ਦੀ ਸਾਧ ਸੰਗਤ ਲਈ ਆਏ। ਸਭ ਮਾਈ ਭਾਈ ਨੂੰ ਇਕ ਇਕ ਸੂਟ ਵੰਡ ਕੇ ਦਿਤਾ ਜਾ ਰਿਹਾ ਸੀ। ਮੇਰੀ ਮਾਤਾ ਨੇ, ਮੁੱਖ ਪ੍ਰਬੰਧਕ ਦੀ ਸਿੰਘਣੀ ਹੋਣ ਸਦਕਾ, ਕੱਪੜੇ ਵਰਤਾ ਰਹੇ ਸਿੰਘ ਤੋਂ ਇਕ ਚਾਦਰ ਦੀ ਮੰਗ ਵੀ ਕਰ ਲਈ। ਉਹ ਸ਼ਾਇਦ ਕੱਢਣ ਲੱਗਾ ਸੀ ਕਿ ਬਾਪੂ ਜੀ, ਜੋ ਪਾਸ ਖੜੇ ਵੇਖ ਰਹੇ ਸਨ (ਮਾਤਾ ਜੇ ਉਹਨਾਂ ਨੂੰ ਵੇਖ ਲੈਂਦੀ ਤਾਂ ਸ਼ਾਇਦ ਮੰਗਦੀ ਹੀ ਨਾ) ਨੇ 'ਖ਼ਬਰਦਾਰ' ਕਹਿ ਕੇ ਰੋਕ ਦਿਤਾ ਕਿ ਡੇਰੇ ਵਿਚ ਇਸ ਤਰ੍ਹਾਂ ਦੀ ਕਾਣੀ ਵੰਡ ਬਰਦਾਸ਼ਤ ਨਹੀਂ ਕੀਤੀ ਜਾਏਗੀ। ਜਦੋਂ ਪਾਠਾਂ ਦੇ ਭੋਗ ਪੈਂਦੇ ਸਨ ਤਾਂ ਗੱਡਿਆਂ ਵਾਲਿਆਂ ਉਗਰਾਹਿਆਂ ਅਤੇ ਭਾਰਾ ਕੰਮ ਕਰਨ ਵਾਲਿਆਂ ਦਾ ਧਿਆਨ ਘੱਟ ਰਖਿਆ ਜਾਂਦਾ ਸੀ। ਇਕ ਦਿਨ ਬਾਪੂ ਜੀ ਨੇ ਕਿਹਾ ਕਿ ਜਦੋਂ "ਤੈਨੂੰ ਭੋਗ ਲੱਗੇ" ਆਖਣ ਓਦੋਂ ਪਰਾਤਾਂ ਇਕ ਦੋਂਹ ਨੂੰ ਹੱਥ ਲਾ ਦੇਣਾ। ਉਹ ਖ਼ੁੱਲ੍ਹੀਆਂ ਹੋ ਗਈਆਂ। ਤਬੇਲੇ ਵਿਚ ਲਿਆ ਕੇ ਵੰਡ ਦਿਤੀਆਂ। ਸ਼ਿਕਾਇਤ ਸਤਿਗੁਰੂ ਜੀ ਪਾਸ ਗਈ। ਅੱਗੇ ਤੋਂ ਹੁਕਮ ਹੋ ਗਿਆ ਕਿ ਗੱਡਿਆਂ ਵਾਲੇ ਜਾਂ ਹੋਰ, ਬਾਹਰ ਲੱਕੜ ਬਾਲਣ, ਨੀਰੇ ਪੱਠੇ ਦੀ ਸੇਵਾ ਕਰਨ ਵਾਲੇ ਭਾਵੇਂ ਅੱਧੀ ਰਾਤ ਬਾਹਰੋਂ ਆਉਣ। ਉਹਨਾਂ ਦਾ ਵਰਤਾਰਾ ਸੰਭਾਲ ਕੇ ਰਖਿਆ ਹੋਏਗਾ ਤੇ ਉਹਨਾਂ ਨੂੰ ਮਿਲ ਜਾਏਗਾ। ਆਪਣੇ ਨਾਲਦਿਆਂ ਨਾਲ ਹਰ ਸ਼ੈ ਵੰਡ ਕੇ ਛਕਣ ਦਾ ਉਹਨਾਂ ਦਾ ਸੁਭਾਉ ਪੁਰਾਣਾ ਸੀ। ਜਦੋਂ ਅਜੇ ਨਹੀਂ ਵੀ ਜਥੇਦਾਰ ਬਣੇ ਸਨ ਓਦੋਂ ਵੀ ਪਿੰਡ ਦੀ ਪੈਲੀ ਦਾ ਜੋ ਠੇਕਾ ਮਿਲਦਾ ਉਸ ਦੀ ਘਿਓ ਬਦਾਮ ਆਦਿ ਰਸਦ ਲਿਆ ਕੇ ਨਾਲ ਦੇ ਸਿੰਘਾਂ ਨਾਲ ਵੰਡ ਕੇ ਛਕ ਲੈਂਦੇ।

ਡੇਰਾ ਕਰਜਾ ਮੁਕਤ ਹੋਣ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ ਕਿ ਅੱਜ ਮੈਨੂੰ ਰਾਤ ਰੱਜ ਕੇ ਨੀਂਦ ਆਈ ਹੈ। ਫਿਰ ਉਹ ਮਾਸਟਰ ਬਲਵੰਤ ਸਿੰਘ, ਜੋ ਕਿ ਖਜ਼ਾਨਚੀ ਸੀ ਗੁਰੂ ਕਾ ਅਤੇ ਬਾਪੂ ਜੀ ਨੂੰ ਖ਼ਜ਼ਾਨੇ ਵਾਲੀ ਕੋਠੜੀ ਵਿਚ ਲੈ ਗਏ ਅਤੇ ਕਹਿਣ ਲੱਗੇ ਕਿ ਜੋ ਚੁੱਕਣਾ ਹੈ, ਜਿੰਨਾ ਮਰਜ਼ੀ ਚੁੱਕ ਲਵੋ। ਮੈਂ ਤੁਹਾਡੇ 'ਤੇ ਬਹੁਤ ਖ਼ੁਸ਼ ਹਾਂ। ਬਾਪੂ ਜੀ ਨੇ ਆਖਿਆ, "ਇਹ ਧਨ ਨਹੀਂ, ਸਾਨੂੰ ਸੱਚੇ ਪਾਤਸ਼ਾਹ, ਉਹ ਧਨ ਬਖ਼ਸ਼ੋ, ਆਪਣੀ ਨਜ਼ਰ ਕਰਕੇ ਜੋ ਕਦੇ ਮੁੱਕਦਾ ਨਹੀਂ।" "ਚੰਗਾ ਬਈ ਮੈਂ ਸਤਿਗੁਰੂ ਰਾਮ ਸਿੰਘ ਜੀ ਪਾਸ ਇਸ ਪ੍ਰਥਾਇ ਅਰਦਾਸ ਕਰਾਂਗਾ।" ਸਤਿਗੁਰੂ ਜੀ ਨੇ ਖ਼ੁਸ਼ੀਆਂ ਬਖ਼ਸ਼ੀਆ।

ਰਾਈਆਂ ਵਾਲੇ ਮੁਕਦਮੇ ਦੇ ਸਬੰਧ ਵਿਚ ਵੀ ਝੱਬਰ ਹੋਰਾਂ ਦਾ ਭਰਪੂਰ ਯੋਗਦਾਨ ਸੀ। ਲੜਾਈਆ ਵਿਚ ਵੀ ਮੋਹਰੇ ਹੋ ਹੋ ਕੇ ਸੋਟੇ ਮਾਰੇ। ਦੁਸ਼ਮਣਾਂ ਨੂੰ ਭਜਾਉਣ ਲਈ ਹਰ ਤਰ੍ਹਾਂ ਦੀ ਵਿਊਹ ਰਚਨਾ ਕੀਤੀ ਅਤੇ ਜਦੋਂ ਅਦਾਲਤੀ ਕਾਰਵਾਈ ਆਪਣੇ ਪੱਖ ਵਿਚ ਨਾ ਰਹੀ ਓਦੋਂ ਸਾਧ ਗੋਪਾਲ ਦਾਸ ਨੂੰ ਡੇਰੇ ਰਾਈਆਂ ਦੀਆਂ ਕੁੰਜੀਆਂ ਸਮੇਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਲਿਆ ਖਲ੍ਹਾਰਿਆ। ਸਤਿਗੁਰੂ ਜੀ ਨੇ ਪੂਰੇ ਮਾਣ ਸਤਿਕਾਰ ਨਾਲ ਸਾਧ ਨੂੰ ਵਿਦਾ ਕੀਤਾ ਅਤੇ ਇਉਂ ਇਕ ਕਸ਼ਟ ਪੂਰਵ ਅਧਿਆਏ, ਡੇਰਾ ਸ੍ਰੀ ਭੈਣੀ ਸਾਹਿਬ ਦੇ ਸ਼ਾਨਾਂਮੱਤੇ ਇਤਿਹਾਸ ਦਾ, ਝੱਬਰ ਜੀ ਦੀ ਸੂਝ ਬੂਝ ਨਾਲ ਸਮਾਪਤ ਹੋ ਗਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਬਹੁਤ ਸਾਰੀਆਂ ਇਤਿਹਾਸਕ ਕਾਨਫ਼ਰੰਸਾਂ, ਹਵਨ ਯੱਗ, ਪਾਠ, ਮੇਲੇ, ਹੋਲੇ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਹੁੰਦੇ ਰਹਿੰਦੇ। ਜਿਸ ਵਿਚ ਝੱਬਰ ਹੋਰੀਂ ਮੁੱਖ ਪ੍ਰਬੰਧਕ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦੇ। "ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ" ਇਹਨਾਂ ਕਾਨਫਰੰਸਾਂ ਵਿਚ ਇਕ ਮੀਲ ਪੱਥਰ ਸੀ, ਕੁਝ ਗੁਰਦੁਆਰਾ ਸੁਧਾਰ ਲਹਿਰ ਕਾਰਨ, ਉਦਾਸੀ ਨਿਰਮਲੇ, ਸਿਖੀ ਦੀ ਮੁੱਖ ਧਾਰਾ ਤੋਂ ਦੂਰ ਹੋ ਰਹੇ ਸਨ, ਇਸ ਝਗੜੇ ਦਾ ਹੱਲ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਦੀ ਅਤੇ ਗੁਰਬਾਣੀ ਦੀ ਵਿਆਖਿਆ ਮੁਤਾਬਕ ਢੂੰਡਣ ਦਾ, ਸਤਿਗੁਰੂ ਜੀ ਨੇ ਉਪਰਾਲਾ ਕੀਤਾ ਸੀ। ਜਿਹੜੇ ਲੋਕ ਬਾਹਰ ਗੱਡੀ ਦੇ ਇਕ ਡੱਬੇ ਵਿਚ ਬੈਠ ਕੇ, ਕੁਝ ਸਮੇਂ ਲਈ ਇਕੱਠੇ ਸਫ਼ਰ ਨਹੀਂ ਸਨ ਕਰ ਸਕਦੇ ਉਹਨਾਂ ਨੂੰ ਕਈ ਦਿਨ, ਸਤਿਗੁਰੂ ਜੀ ਨੇ ਇਕ ਪਲੇਟਫਾਰਮ 'ਤੇ ਇਕੱਠਿਆਂ ਕੀਤੀ ਰੱਖਿਆ। ਹਰ ਰੰਗ ਦੇ ਜ਼ਿਕਰਯੋਗ ਸਿੱਖ, ਇਸ ਕਾਨਫਰੰਸ ਵਿਚ ਵਧ ਚੜ੍ਹਕੇ ਸ਼ਾਮਲ ਹੋਏ ਸਨ। ਕਾਨਫਰੰਸ ਦੀ ਸਫ਼ਲਤਾ ਪੂਰਵਕ ਸਮਾਪਤੀ ਬਾਦ, ਏਡੇ ਵੱਡੇ ਆਯੋਜਨ ਦੀ ਨਿਰਵਿਘਨਤਾ-ਪੂਰਬਕ ਸਮਾਪਤੀ ਪਿਛੇ, ਕੰਮ ਕਰ ਰਹੀ ਕਿਸੇ ਇਕ ਸ਼ਖ਼ਸੀਅਤ ਨੂੰ ਮਿਲਣ ਲਈ ਉਤਸੁਕਤਾ ਪ੍ਰਗਟ ਕੀਤੀ - ਕਾਮਾਗਾਟਾਮਾਰੂ ਸਾਕੇ ਦੇ ਹੀਰੋ, ਬਾਬਾ ਗੁਰਦਿੱਤ ਸਿੰਘ ਜੀ ਸਰਹਾਲੀ ਨੇ। 'ਹੁਣੇ ਮਿਲਾ ਦਿੰਦੇ ਹਾਂ' ਕਹਿ ਕੇ ਸਤਿਗੁਰੂ ਜੀ ਨੇ ਝੱਬਰ ਨੂੰ ਬਾਬਾ ਜੀ ਦੇ ਚਰਨਾਂ ਵਿਚ ਲਿਆ ਖਲ੍ਹਾਰਿਆ ਅਤੇ ਜਾਣਕਾਰੀ ਦਿਤੀ ਕਿ ਇਹ ਤੁਹਾਡਾ ਜੁਆਤਰਾ ਹੀ ਲਗਦਾ ਹੈ (ਬੁਰਜ ਰਾਇ ਕੇ ਸਰਹਾਲੀ ਵਿਚੋਂ ਹੀ ਨਿਕਲਿਆ ਪਿੰਡ ਹੈ - ਭਾਈ ਆਤਮਾ ਸਿੰਘ ਬਾਬਾ ਜੀ ਦਾ ਸ਼ਰੀਕੇ ਵਿਚੋਂ ਭਾਈ ਹੀ ਸੀ)। ਬਾਬਾ ਸਿਰਹਾਲੀ ਪ੍ਰਸੰਨਤਾ ਪੂਰਬਕ ਮਿਲੇ। ਸਤਿਗੁਰੂ ਜੀ ਨੇ ਆਪਣੇ ਸੇਵਕ ਦੀ ਪ੍ਰਤਿਸ਼ਠਾ, ਸਾਕਾਂ ਦੀਆਂ ਨਜ਼ਰਾਂ ਵਿਚ ਹੋਰ ਵਧਾਉਣ ਲਈ ਬਚਨ ਕੀਤਾ, "ਬਾਬਾ ਜੀ, ਸਾਡਾ ਡੇਰਾ ਤਾਂ ਖ਼ੈਰ ਛੋਟਾ ਜਿਹਾ ਈ ਏ... ਝੱਬਰ ਵਧੀਆ ਸੰਭਾਲ ਰਿਹਾ ਏ। ਵੈਸੇ ਇਹ ਨੌਜੁਆਨ ਨੂੰ ਜੇ ਸਉਂਪਿਆ ਜਾਵੇ ਤਾਂ ਸਾਰੇ

ਪੰਜਾਬ ਦਾ ਰਾਜ–ਭਾਗ ਵੀ ਚਲਾ ਸਕਦਾ ਹੈ।" ਪਰ ਵਾਹ ਗੁਰੂ! ਤੇ ਵਾਹ ਗੁਰੂ ਦੇ ਸਿੱਖ!! ਜਿਨ੍ਹਾਂ ਲਈ ਪੰਜਾਬ ਜਾਂ ਹੋਰ ਕਿਸੇ ਟੁਕੜੇ ਦੇ ਰਾਜ ਨਾਲੋਂ, ਆਪਣੇ ਗੁਰੂ ਦੇ ਚਰਨ ਕੰਵਲਾਂ ਦੀ ਮੌਜ ਵਿਚ ਹੀ ਬਣੇ ਰਹਿਣ ਦੀਆਂ ਬੇਨਤੀਆਂ, ਸੁਬ੍ਹਾ ਸ਼ਾਮ ਦੁਹਰਾਈਆਂ ਜਾਂਦੀਆਂ ਸਨ।

ਤਕਰੀਬਨ 8–9 ਵਰ੍ਹੇ ਡੇਰੇ ਦਾ ਪ੍ਰਬੰਧ ਸਫਲਤਾ ਪੂਰਬਕ ਚਲਾਉਣ ਬਾਅਦ 1939 ਈː ਵਿਚ ਉਹ ਥੋੜ੍ਹਾ ਜਿਹਾ ਫੁਰਨਾ ਬਦਲਣ ਕਰਕੇ, ਸ੍ਰੀ ਸਤਿਗੁਰੂ ਜੀ ਦੇ ਨਾ ਚਾਹੁੰਦਿਆਂ ਵੀ ਆਪਣੇ ਪਿੰਡ ਝੱਬਰ ਚਲੇ ਗਏ। ਇਥੇ ਉਹਨਾਂ ਦੀ ਪੈਤ੍ਰਿਕ ਭੂਮੀ ਹੁਣ ਤਕ, ਉਹਨਾਂ ਦਾ ਚਾਚਾ ਘਸੀਟਾ ਸਿੰਘ ਹੀ, ਹਿੱਸੇ ਠੇਕੇ 'ਤੇ ਰਾਹਕਾਂ ਨੂੰ ਦੇਂਦਾ ਹੁੰਦਾ ਸੀ। ਬਾਪੂ ਜੀ ਕਈ ਵੇਰ ਦਸਿਆ ਕਰਦੇ ਸਨ ਕਿ 1917 ਈː ਵਿਚ ਜਦੋਂ ਮੈਂ ਪਿੰਡ ਆਪਣੇ ਪਿਤਾ ਨਮਿਤ ਪਾਠ ਦਾ ਭੋਗ ਪੁਆਉਣ ਆਇਆ ਸਾਂ (ਇਕ ਪਾਠ ਦਾ ਭੋਗ ਅੰਮ੍ਰਿਤਸਰ ਨਾਮਧਾਰੀ ਧਰਮਸਾਲਾ ਵਿਚ ਦਾਦਾ ਜੀ ਦੇ ਮਿੱਤਰ ਮਹੰਤ ਜਿਊਣ ਸਿੰਘ ਹੋਰਾਂ ਪਾਇਆ ਸੀ ਜਿਥੇ ਉਹ ਚੜ੍ਹੇ ਸਨ) ਤਾਂ ਮੈਨੂੰ ਗੁਆਂਢੀ ਪਿੰਡ ਵਰਨ ਦੇ ਸੰਤ ਆਲਾ ਸਿੰਘ ਹੋਰਾਂ ਇਹ ਸਿਖਿਆ ਦਿਤੀ ਸੀ ਕਿ ਇਹ ਚਾਚਾ ਤੇਰਾ ਕੁਝ ਅੜਬ ਸੁਭਾਅ ਦਾ ਹੈ। ਇਹ ਤੇਰੀ ਪੈਲੀ ਦੇ ਹਿੱਸੇ ਠੇਕੇ ਬਦਲੇ ਤੈਨੂੰ ਮਿੱਟੀ ਦੀ ਮੁੱਠ ਵੀ ਦੇਵੇ ਤਾਂ ਲੈ ਲਵੀਂ, ਇਸ ਨਾਲ ਝਗੜਾ ਨਾ ਕਰੀਂ। ਸਮਾਂ ਪਾ ਕੇ ਇਹ ਚਾਚਾ ਝੱਬਰਾਂ ਤੋਂ ਜਦੋਂ ਏਧਰ ਆਇਆ ਤਾਂ ਉਸ ਦੀ ਵੀਹ ਕਿੱਲੇ ਭੋਇੰ ਵੀ ਸਾਨੂੰ ਮਿਲੀ। ਸਾਡੇ ਪਾਸ ਹੀ ਉਹ ਰਹਿੰਦੇ ਸਨ। ਭਾਵੇਂ ਉਹਨਾਂ ਦਾ ਭਣੇਵਾਂ ਪੁਲੀਸ ਦੀ ਮਦਦ ਨਾਲ ਦਫ਼ਾ ਇਕ ਸੌ, ਸੀ.ਆਰ.ਪੀ.ਸੀ. ਦੇ ਵਰੰਟ ਵੀ ਲਿਆਇਆ ਸੀ ਪਰ ਉਹਨਾਂ ਕਿਹਾ ਅਦਾਲਤ ਵਿਚ, ਮੈਂ ਆਪਣੇ ਭਤੀਜੇ ਗੁਰਮੁਖ ਸਿੰਘ ਨਾਲ ਹੀ ਜਾਵਾਂਗਾ। ਸੰਤਾਂ ਦੀ ਇਸ ਸਿਖਿਆ ਨੇ ਬਾਅਦ ਵਿਚ ਸੁਖ ਦਿਤਾ।

ਲਾਭ ਸਿੰਘ ਕੱਕੇ ਤੋਂ ਐਲਾਨ ਕਰਵਾਇਆ ਗਿਆ ਕਿ ਝੱਬਰ ਨੂੰ ਪੰਥ ਵਿਚੋਂ ਕੱਢ ਦਿਤਾ ਗਿਆ ਹੈ। ਇਕ ਸਾਲ ਬਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਿਰ ਸ਼ੇਖੂਪੁਰੇ ਦੇ ਦੌਰੇ ਸਮੇਂ, ਉਸੇ ਲਾਭ ਸਿੰਘ ਕੱਕੇ ਨੂੰ ਆਪਣੀ ਮੌਜ ਵਿਚ ਆ ਕੇ ਕਿਹਾ ਕਿ ਝੱਬਰ ਨੂੰ ਪੰਥ ਵਿਚ ਦਾਖਲਾ ਦੇਣ ਦਾ ਐਲਾਨ ਕਰੇ। ਹੁਣ ਕੋਈ ਵੀ ਸਿੰਘ ਉਹਦੇ ਨਾਲ ਮਿਲ ਗਿਲ ਵਰਤੋਂ ਵਿਹਾਰ ਕਰ ਸਕਦਾ ਹੈ। ਅਸੀਂ ਪੁਰਾਣੇ ਝੱਬਰਾਂ ਵਿਚ ਰਹਿੰਦੇ ਸਾਂ। ਜ਼ਿਆਦਾ ਨਾਮਧਾਰੀ ਪਰਿਵਾਰ ਬਾਬਾ ਜੈਮਲ ਸਿੰਘ, ਬਾਬਾ ਕੇਸਰ ਸਿੰਘ ਆਦਿ 9 ਚੱਕ ਝੱਬਰਾਂ ਵਿਖੇ ਸਨ ਜੋ ਨਨਕਾਣਾ ਸਾਹਿਬ ਪਾਸ ਸੀ। ਸੋ ਵਰਨਾਂ, ਵਿਸ਼ੇਸ਼ ਕਰਕੇ ਭਿੱਖੀਆਣੇ ਖੂਹ ਦੇ ਨਾਮਧਾਰੀਆਂ ਪਾਸ ਹੀ, ਬਾਪੂ ਜੀ ਦਾ ਜ਼ਿਆਦਾ ਸਮਾਂ ਬਤੀਤ ਹੁੰਦਾ। ਸਾਡੇ ਪਿੰਡ ਵਿਚ ਨਾਮਧਾਰੀ ਇਕਾ ਦੁੱਕਾ

ਮਿਸਤਰੀ ਸਿੰਘ ਹੀ ਸਨ। ਸ਼ਾਇਦ ਇਹ ਬਾਰਾਂ ਮਾਂਹ ਦੇ ਪ੍ਰਸਿੱਧ ਰਚੇਤਾ ਭਾਈ ਚੰਦਾ ਸਿੰਘ ਦੇ ਖ਼ਾਨਦਾਨ ਵਿਚੋਂ ਹੋਣ।

ਹੁਣ ਸ਼ਰੀਕੇ ਬਰਾਦਰੀ ਵਿਚੋਂ ਬਾਬਾ ਲਗਦੇ, ਜਥੇਦਾਰ ਕਰਤਾਰ ਸਿੰਘ ਝੱਬਰ ਨੇ ਬੜੀ ਕੋਸ਼ਿਸ਼ ਕੀਤੀ ਕਿ ਗੁਰਮੁਖ ਸਿੰਘ ਨੂੰ ਅਕਾਲੀ ਪ੍ਰਭਾਵ ਵਿਚ ਲਿਆਂਦਾ ਜਾਏ। ਕਿਹਾ ਗਿਆ ਕਿ ਨਨਕਾਣਾ ਸਾਹਿਬ ਗੁਰਦੁਆਰੇ ਜਾਂ ਸੱਚਾ ਸੌਦਾ (ਚੂਹੜਕਾਣਾ) ਜਿਸਦਾ ਕਹੇਂ ਪ੍ਰਬੰਧ ਤੇਰੇ ਜ਼ਿੰਮੇ ਕਰ ਦਿਆਂਗੇ। ਬਾਪੂ ਜੀ ਨੇ ਕਿਹਾ ਕਿ ਬਾਬਾ ਜੇ ਤੁਹਾਨੂੰ ਕੋਈ ਕਹੇ ਕਿ ਤੁਸੀਂ ਦਿਆਲ ਕੇ ਨਾ ਅਖਵਾਓ ਤਾਂ ਮੰਨੋਗੇ ? ਬਾਬੇ ਕਿਹਾ ਉਹ ਸਾਡਾ ਵੱਡਾ ਸੀ ਇਹ ਕਿਵੇਂ ਮੰਨੀਏ। "ਇਸ ਤਰ੍ਹਾਂ ਹੀ ਹੁਣ ਸਾਡਾ ਵੱਡਾ ਸਤਿਗੁਰੂ ਰਾਮ ਸਿੰਘ ਬਣ ਚੁੱਕਾ ਹੈ। ਉਹਦੇ ਤੋਂ ਬੇਮੁਖ ਹੋ ਕੇ ਅਸੀਂ ਜੱਗ ਤੋਂ ਕਿਹੜਾ ਮੂੰਹ ਲੈ ਕੇ ਜਾਵਾਂਗੇ।" ਝੱਬਰ ਹੁਰਾਂ ਜਵਾਬ ਦਿਤਾ। ਬਾਬੇ ਹੋਰਾਂ ਦਾ ਵਾਰ ਖ਼ਾਲੀ ਗਿਆ।

ਫਿਰ ਇਕ ਵੇਰ ਆਪ ਨੇ ਸੁਣਿਆ ਕਿ ਨਨਕਾਣਾ ਸਾਹਿਬ ਗੁਰਦੁਆਰੇ ਵਿਚ ਮੱਸਿਆ ਦੇ ਦੀਵਾਨ ਵਿਚ ਕਰਤਾਰ ਸਿੰਘ ਝੱਬਰ ਨੇ ਕਿਹਾ ਹੈ ਕਿ ਜਿਹੜਾ ਕੂਕਾ ਪੱਤਰਾ ਪਾਠ ਕਰਦਾ ਅਸੀਂ ਵੇਖ ਲਿਆ, ਉਹਦਾ ਸਿਰਵੱਢ ਦਿਆਂਗੇ। ਓਦੋਂ ਨਾਮਧਾਰੀਆਂ ਅਤੇ ਅਕਾਲੀਆਂ ਵਿਚਾਲੇ ਪੱਤਰਾ ਪਾਠ ਦੇ ਮੁੱਦੇ ਤੇ ਵਿਵਾਦ ਭਖ ਰਿਹਾ ਸੀ। ਬਾਪੂ ਜੀ ਨੇ ਵਰਨਾਂ ਦੇ ਕਿਸੇ ਸਿੰਘ ਤੋਂ ਬਾਣੀ ਦਾ ਪੱਤਰਾ ਲਿਆਂਦਾ। ਡਿਓੜੀ ਸਾਂਝੀ ਸੀ। ਤਖ਼ਤਪੋਸ਼ 'ਤੇ ਬਹਿ ਗਏ। ਚੌਂਕੜਾ ਮਾਰ ਕੇ ਪਾਠ ਕਰਨ ਲੱਗ ਪਏ। ਕੋਲ ਸ੍ਰੀ ਸਾਹਿਬ ਰੱਖ ਲਈ। ਜਦੋਂ ਬਾਬਾ ਕਰਤਾਰ ਸਿੰਘ ਝੱਬਰ ਕੋਲੋਂ ਲੰਘਣ ਲੱਗਾ ਤਾਂ ਵੇਖ ਕੇ ਉਹਨੂੰ ਵੀ ਠੁਣਕ ਗਈ ਕਿ ਪੋਤਰਾ ਮੇਰੇ ਲਈ ਹੀ ਬੈਠਾ ਹੈ ? ਕਹਿਣ ਲੱਗਾ, "ਪੁੱਤਰ ਇਹ ਤੇ ਹੋਇਆ ਨਾ ਬਾਣੀ ਦਾ ਅਦਬ ਜਿਵੇਂ ਤੂੰ ਪੜ੍ਹ ਰਿਹਾ ਹੈਂ। ਮੈਂ ਤਾਂ ਉਹਨਾਂ ਬਾਰੇ ਗੱਲ ਆਖੀ ਸੀ, ਜਿਹੜੇ ਖੋਤਿਆਂ ਦੀਆਂ ਛੱਟਾਂ ਲੱਦੀਆਂ ਮਗਰ, ਹੱਥ ਵਿਚ ਪੱਤਰੇ ਫੜੀ ਪੜ੍ਹਦੇ ਜਾਂਦੇ ਹਨ।" ਵੱਡਾ ਝੱਬਰ ਗੱਲ ਵਲਾ ਗਿਆ ਸੀ।

ਪਿੰਡ ਜਾ ਕੇ ਪੁਰਾਣੇ ਕੱਚੇ ਮਕਾਨ ਢਾਹ ਕੇ, ਪੱਕੇ ਨਵੇਂ ਛੱਤੇ। ਇਸ ਕਾਰਜ ਵਿਚ ਪਿੰਡ ਦੇ ਨਾਮਧਾਰੀ ਮਿਸਤਰੀਆਂ ਨੇ ਬਹੁਤ ਮੱਦਦ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਇਕ ਦੋ ਸਿੰਘ ਭੇਜੇ ਸਨ ਕਿ ਜਾਓ ਉਹਨੂੰ ਪੁਛੋ ਜੇ ਕੋਈ ਤੰਗੀ ਤੁਰਸ਼ੀ ਹੋਵੇ ਤਾਂ ਪ੍ਰਬੰਧ ਕਰੀਏ। ਕਿਉਂਕਿ ਉਹ ਡੇਰੇ ਤੋਂ ਦੋ ਵੇਰ ਆਏ ਹਨ। ਇਕ ਵੇਰ 1939 ਵਿਚ ਝੱਬਰੀਂ ਅਤੇ 1955 ਈ: ਵਿਚ ਕਰੀਵਾਲੇ। ਦੋਵੇਂ ਵੇਰ ਉਹ ਕਛੈਹਰਾ ਪਰਨਾ ਹੀ ਡੇਰੇ ਵਿਚੋਂ ਚੁਕਦੇ ਰਹੇ ਸਨ। ਸੋ ਹਾਲਾਤ ਦਾ ਸਤਿਗੁਰੂ ਜੀ ਨੂੰ ਪਤਾ ਸੀ ਪਰ ਉਸ ਸਿਰੜੀ ਸਿੰਘ ਨੇ, ਗੁਰੂ ਕ੍ਰਿਪਾ ਹੀ ਮੰਗੀ ਜਦੋਂ ਵੀ ਕੋਈ ਸਮਾਂ

ਆਇਆ। ਦੇਸ਼ ਦੇ ਬਟਵਾਰੇ ਤੱਕ ਉਹ ਬੀਕਾਨੇਰ ਰਿਆਸਤ ਅਤੇ ਸਿੰਧ ਦੇ ਇਲਾਕੇ ਵਿਚ ਵੀ ਜਿਥੇ ਜਿਥੇ ਸਾਡੇ ਨਾਨਕੇ ਰਹਿੰਦੇ ਸਨ, ਉਹਨਾਂ ਪਾਸ ਕੁਝ ਸਮਾਂ ਰਹਿ ਕੇ ਖੇਤੀਬਾੜੀ ਕਰਦੇ ਰਹੇ।

1947 ਈ: ਦੀ ਦੇਸ਼ ਵੰਡ ਸਮੇਂ, ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਉਥੇ ਸਟੇਸ਼ਨ ਤੇ ਹੀ ਇਕ ਨਾਮਧਾਰੀ ਸਿੰਘ ਮਿਲਿਆ ਜਿਸ ਕਿਹਾ ਸੀ ਮੈਂ ਕਈ ਦਿਨਾਂ ਤੋਂ ਤੁਹਾਨੂੰ ਉਡੀਕ ਰਿਹਾ ਹਾਂ, ਮੇਰੀ ਡਿਊਟੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਲਾਈ ਹੈ ਕਿ ਝੱਬਰ ਜਦੋਂ ਵੀ ਹੱਦ ਲੰਘ ਆਵੇ ਉਹਨੂੰ ਸ੍ਰੀ ਭੈਣੀ ਸਾਹਿਬ ਭੇਜ ਦੇਣਾ। ਅੱਪੜ ਗਏ। ਸ਼ਾਮ ਦੇ ਦੀਵਾਨ ਵਿਚ ਮੱਥਾ ਟੇਕਿਆ। ਉਸ ਸਮੇਂ ਬਾਰੇ ਬਾਬਾ ਤੇਜਾ ਸਿੰਘ ਜਮਸ਼ੇਰੀਆ ਇਉਂ ਦਸਿਆ ਕਰਦੇ ਸਨ, "ਜਦੋਂ ਝੱਬਰ ਆਇਆ ਸਰੀਰ ਕਈ ਦਿਨਾਂ ਦਾ ਸਫ਼ਰ, ਥਕਾਵਟ, ਬੁਖਾਰ ਕਾਰਨ ਮਾਂਦਾ ਪਿਆ ਸੀ। ਮੈਂ ਆਪਣੇ ਚਾਚੇ ਸੰਤ ਮੁਹਕਮ ਸਿੰਘ ਜੀ (ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਸਤਰਾਂ ਦੀ ਸੇਵਾ ਕਰਦੇ ਸਨ) ਨੂੰ ਪੁੱਛਿਆ ਕਿ ਝੱਬਰ ਆ ਗਿਆ ਹੈ। ਇਹ ਰੁੱਸ ਕੇ ਗਿਆ ਸੀ। ਹੁਣ ਇਹਦੇ ਨਾਲ ਕੀ ਸਲੂਕ ਹੋਵੇਗਾ? ਸੰਤਾਂ ਨੇ ਆਖਿਆ, "ਭਾਈ ਤੇਜਾ ਸਿੰਘ, 'ਝੱਬਰ' ਨੇ ਗੁਰੂ ਘਰ ਦੀ ਸੇਵਾ ਬੜੀ ਕੀਤੀ ਹੈ, ਇਹਦਾ ਥਾਂ ਇਥੇ ਉਹ ਹੀ ਬਣ ਜਾਣਾ ਹੈ ਪਹਿਲਾਂ ਵਾਲਾ ਹੀ। ਉਹੋ ਗੱਲ ਹੋਈ। ਅਗਲੇ ਦਿਨ ਜਦੋਂ ਸਤਿਗੁਰੂ ਜੀ ਦੌਰੇ 'ਤੇ ਜਾਣ ਲਗੇ ਤਾਂ ਵੇਲੇ ਦੇ ਮੁਖਤਿਆਰਾਂ ਨੇ ਕੰਮਕਾਰ ਬਾਰੇ ਪੁੱਛਿਆ। ਹੁਕਮ ਹੋਇਆ, "ਹੁਣ ਮੈਨੂੰ ਕੀ ਪੁੱਛਦੇ ਹੋ? ਹੁਣ ਦੱਸਣ ਵਾਲਾ ਆ ਗਿਆ ਹੈ। ਉਸਨੂੰ ਪੁੱਛੋ।" ਤੇ ਇਸ ਤਰ੍ਹਾਂ ਉਹਨਾਂ ਦਾ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ, ਪੁਰਵੱਕਾਰ ਜਥੇਦਾਰੀ ਵਾਲਾ, ਪਹਿਲਾ ਸਥਾਨ, ਮੁੜ ਸੁਨਿਸ਼ਚਿਤ ਹੋ ਗਿਆ ਸੀ।

ਹੁਣ 1955 ਈ: ਦੇ ਮਾਰਚ ਮਹੀਨੇ ਤਕ ਆਪ ਨੇ ਫਿਰ ਇਸ ਸੇਵਾ ਨੂੰ ਨਿਸ਼ਠਾਪੂਰਵਕ ਨਿਭਾਇਆ। ਪਾਕਿਸਤਾਨੋਂ ਆਉਣ ਤੋਂ ਫੌਰਨ ਬਾਦ ਇਥੇ ਹੀ ਮੇਰੀਆਂ ਤਿੰਨ ਭੈਣਾਂ ਥੋਹੜੇ ਥੋਹੜੇ ਵਕਫ਼ੇ ਬਾਦ ਚੇਚਕ ਨਿਕਲਣ ਸਦਕਾ, ਮਰ ਗਈਆਂ। ਮੈਥੋਂ ਵੱਡਾ ਗੁਰਚਰਨ ਸਿੰਘ ਮਸਾਂ ਬਚਿਆ। ਇਥੇ ਹੀ 1948 ਈ: ਵਿਚ ਮੇਰੀ ਵੱਡੀ ਭੈਣ ਦਾ ਅਨੰਦ ਹੋਇਆ। ਮੈਂ ਅਤੇ ਮੈਥੋਂ ਛੋਟੀਆਂ ਦੋ ਭੈਣਾਂ ਇਥੇ ਹੀ 1948, 50 ਅਤੇ 52 ਵਿਚ ਪੈਦਾ ਹੋਈਆਂ। ਉਹਨਾਂ ਛੋਟੀਆਂ ਵਿਚੋਂ ਵੀ ਇਕ 15 ਕੁ ਸਾਲਾਂ ਦੀ ਹੋ ਕੇ ਗੁਜ਼ਰ ਗਈ। ਵੱਡਾ ਭਾਈ ਗੁਰਚਰਨ ਸਿੰਘ ਅਤੇ ਵੱਡੀ ਭੈਣ ਜੀਤੋ 2005 ਈ. ਵਿਚ ਪੂਰੇ ਹੋ ਗਏ। ਮਾਤਾ ਪ੍ਰੀਤਮ ਕੌਰ 2004 ਈ: ਵਿਚ ਚੱਲ ਵਸੇ। ਹੁਣ ਮੈਂ ਤੇ ਇਕ ਮੈਥੋਂ ਛੋਟੀ ਭੈਣ ਲੱਖੋ ਹੀ ਰਹਿ ਗਏ ਹਾਂ।

ਮੈਂ ਛੋਟਾ ਜਿਹਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਾਇਦ ਸਿਆਮ

ਤੋਂ ਆਏ ਸਨ। ਮਾਤਾ ਦੱਸਦੀ ਹੈ ਕਿ ਉਹ ਮੇਰੇ ਪੰਘੂੜੇ ਨਾਲ ਉਥੋਂ ਲਿਆਂਦਾ ਇਕ ਖਿਡੌਣਾ ਬੰਨ੍ਹ ਗਏ ਸਨ ਕਿਉਂਕਿ ਮੈਂ ਸੁੱਤਾ ਹੋਇਆ ਸਾਂ। ਜਦੋਂ ਮੈਂ ਰਤਾ ਵੱਡਾ ਹੋਇਆ ਤਾਂ ਮੈਥੋਂ ਇਕ ਦੋ ਵੇਰ ਬਾਲ ਉਪਦੇਸ਼ ਸੁਣਨ ਦੀ ਕ੍ਰਿਪਾ ਵੀ ਕੀਤੀ। ਭੈਣੀ ਸਾਹਿਬ ਪ੍ਰਾਇਮਰੀ ਸਕੂਲ ਦੇ ਮੁਖ ਅਧਿਆਪਕ ਸ੍ਰ. ਜੀਵਣ ਸਿੰਘ ਨੇ, ਮੈਨੂੰ ਸਕੂਲੇ ਪੜ੍ਹਨੇ ਪਾਉਣ ਲਈ, ਬਾਪੂ ਜੀ ਨੂੰ ਕਿਹਾ। ਉਹਨਾਂ ਕਿਹਾ ਕਿ ਸਾਨੂੰ ਸਰਕਾਰੀ ਸਕੂਲ ਪੜ੍ਹਾਉਣ ਦਾ ਹੁਕਮ ਨਹੀਂ। ਹੈਡਮਾਸਟਰ ਸਾਹਿਬ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ। ਪ੍ਰਵਾਨ ਹੋਣ ਤੇ ਮੈਂ ਸਕੂਲੋਂ ਦਾਖ਼ਲ ਹੋ ਕੇ ਇਕੋ ਸਾਲ ਵਿਚ ਦੋ ਜਮਾਤਾਂ ਉਥੇ ਪੜ੍ਹ ਲਈਆਂ। ਫਿਰ ਕਰੀਵਾਲੇ ਆ ਕੇ ਮਿਡਲ, ਸਿਰਸੇ ਤੋਂ ਬੀ.ਏ., ਵਕਾਲਤ ਚੰਡੀਗੜ੍ਹ ਤੋਂ, ਐਮ.ਏ. ਪੰਜਾਬੀ ਪ੍ਰਾਈਵੇਟ ਪਟਿਆਲੇ ਤੋਂ ਪਾਸ ਕੀਤੇ। ਮੇਰੀ ਮਾਤਾ ਮੈਨੂੰ ਕਈ ਵੇਰ ਆਖਦੀ ਕਿ ਤੂੰ ਐਨਾ ਪੜ੍ਹ ਕੇ ਹੁਣ ਜਮਾਤਾਂ ਵਾਹਣਾਂ ਵਿਚ ਰੋਲਦਾ ਫਿਰਦਾ ਹੈ ਪਰ ਬਾਪੂ ਜੀ ਸਦਾ ਇਹੋ ਕਹਿੰਦੇ ਸਨ, "ਪੜ੍ਹਾਈ ਦਾ ਮਤਲਬ ਪੈਸੇ ਕਮਾਉਣੇ ਜਾਂ ਨੌਕਰੀ ਕਰਨਾ ਨਹੀਂ। ਮੈਂ ਜਿਸ ਮਕਸਦ ਲਈ ਸੁਵਰਨ ਨੂੰ ਪੜ੍ਹਾਇਆ ਸੀ, ਉਹ ਪੂਰਾ ਹੋ ਗਿਆ ਸੀ। ਮੈਂ ਇਹਦੀ ਪੜ੍ਹਾਈ ਤੋਂ ਅਤੇ ਪੜ੍ਹਾਈ ਨੂੰ ਵੀ ਆਮ ਲੋਕਾਂ ਦੀ ਸੇਵਾ ਵਿਚ ਲਾਉਣ ਤੋਂ (ਭਾਵ ਮੇਰੇ ਕਮਿਊਨਿਸਟ ਕਾਰਕੁੰਨ ਬਣਨ ਤੋਂ) ਪੂਰਾ ਸੰਤੁਸ਼ਟ ਹਾਂ।

ਜਦੋਂ ਮੈਂ ਸ੍ਰ. ਨਾਹਰ ਸਿੰਘ ਹੋਰਾਂ ਦੇ ਸਰਕਾਰੀ ਦਸਤਾਵੇਜ਼ਾਂ ਅੰਗਰੇਜ਼ੀ ਦੀਆਂ ਛਪੀਆਂ ਵਿਚੋਂ (ਜਸਵਿੰਦਰ ਸਿੰਘ ਹੋਰਾਂ ਦੀਆਂ ਪੁਸਤਕਾਂ ਬਾਪੂ ਜੀ ਦੇ ਦੇਹਾਂਤ ਬਾਦ ਮੇਰੇ ਪਾਸ ਆਈਆਂ) ਨਾਮਧਾਰੀ ਇਤਿਹਾਸ ਉਹਨਾਂ ਨੂੰ ਸੁਣਾਉਂਦਾ ਤਾਂ ਉਹ ਵੈਰਾਗੀ ਹੋ ਜਾਂਦੇ। ਉਹਨਾਂ ਕਹਿਣਾ, "ਜੇ ਸੁਵਰਨ ਨੂੰ ਅੰਗਰੇਜ਼ੀ ਨਾ ਪੜ੍ਹਾਉਂਦੇ ਤਾਂ ਇਹਨਾਂ ਗੱਲਾਂ ਦਾ ਪਤਾ ਕਿਵੇਂ ਲੱਗਦਾ।"

ਨਾਭੇ ਵਾਲੇ ਬੀੜ ਨੂੰ ਆਬਾਦ ਕਰਨ ਵਿਚ ਵੀ ਆਪ ਦੀ ਬੜੀ ਮਹੱਤਵ ਪੂਰਨ ਭੂਮਿਕਾ ਰਹੀ ਹੈ। ਕਈ ਸਾਲ ਤਰੀਕਾਂ ਭੁਗਤਦੇ ਰਹੇ। ਇਕ ਵੇਰ ਸਿਰ ਉੱਤੇ ਦਸਤਾਰ ਦੀ ਥਾਂ, ਲੱਜ ਵਲ ਕੇ ਹੀ, ਕਚਹਿਰੀ ਵਿਚ ਚਲੇ ਗਏ ਸਨ ਤਾਂ ਜੁ ਸਰਕਾਰੀ ਮਸ਼ੀਨਰੀ ਦੇ ਪੁਰਜਿਆਂ ਨੂੰ, ਇਹ ਅਹਿਸਾਸ ਕਰਵਾਇਆ ਜਾ ਸਕੇ ਕਿ ਤੁਸੀਂ ਕਿਸ ਤਰ੍ਹਾਂ ਦੇ ਸਾਈਂ ਲੋਕਾਂ ਨੂੰ ਪ੍ਰੇਸ਼ਾਨ ਕਰਨ ਡਹੇ ਹੋ।

ਦੁਸ਼ਮਣ ਨੂੰ ਸਦਾ ਆਪਣੀ ਨਜ਼ਰ ਵਿਚ ਰੱਖਦੇ ਸਨ। ਬੁਰਿਆਈ ਜੰਮਦੀ ਨੂੰ ਹੀ ਨੱਪ ਲੈਂਦੇ ਸਨ। ਨਾਲ ਦੇ ਸਾਥੀਆਂ ਦਾ ਪੂਰਾ ਧਿਆਨ ਰੱਖਦੇ। ਉਹ ਵੀ ਹਰ ਮੈਦਾਨ ਨਾਲ ਹੋ ਕੇ ਜੂਝਦੇ। ਆਪ ਦੀ ਯਾਦਦਾਸ਼ਤ ਕਮਾਲ ਦੀ ਸੀ। ਜਿਹੜੇ ਦੌਰੇ 7-8 ਸਾਲ ਦੀ ਉਮਰ ਵਿਚ ਆਪ ਸਤਿਗੁਰੂ ਜੀ ਦੇ ਨਾਲ ਗਏ ਸਨ ਉਸਦੇ ਪਿੰਡਾਂ ਸ਼ਹਿਰਾਂ ਅਤੇ ਹੋਰ ਸਿੱਖਾਂ ਸਾਧਾਂ ਦੇ ਨਾਵਾਂ ਥਾਵਾਂ ਦੀ ਪੂਰੀ ਜਾਣਕਾਰੀ, ਉਹ 60

ਸਾਲ ਬਾਦ ਵੀ ਉਸੇ ਤਰ੍ਹਾਂ ਦੱਸ ਸਕਦੇ ਸਨ। ਸੰਤ ਤਰਨ ਸਿੰਘ 'ਵਹਿਮੀ' ਜੀ ਨੇ, ਜੱਸ ਜੀਵਨ ਦੀਆਂ ਪਹਿਲੀਆਂ ਦੋ ਜਿਲਦਾਂ ਦੇ ਮਸਾਲੇ ਦਾ ਵੱਡਾ ਭਾਗ, ਬਾਪੂ ਜੀ ਦੇ ਚੇਤੇ ਵਿਚੋਂ ਹੀ ਨੋਟ ਕੀਤਾ ਸੀ। ਉਹ ਮੈਨੂੰ ਵੀ ਪ੍ਰੇਰਦੇ ਸਨ ਕਿ ਮੈਂ ਵੀ ਨਾਮਧਾਰੀ ਇਤਿਹਾਸ ਉਤੇ ਕੋਈ ਕੰਮ ਕਰਾਂ। ਨਾਮਧਾਰੀ ਇਤਿਹਾਸ ਦੀ ਗੁੜ੍ਹਤੀ ਮੈਨੂੰ ਦੇਣ ਵਾਲੇ ਉਹ ਹੀ ਸਨ। ਹੋਰ ਵੀ ਬਹਾਦਰ ਸਿੰਘ ਸਿੰਘਣੀਆਂ ਦੇ ਪ੍ਰਸੰਗ ਉਹ ਛੋਟੇ ਬੱਚਿਆਂ ਨੂੰ ਸੁਨਾਉਣ ਦੇ ਹੱਕ ਵਿਚ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਉਹ ਵਿਸ਼ਵਾਸ ਦੀ ਇਸ ਹੱਦ ਤਕ ਜੁੜੇ ਹੋਏ ਸਨ ਕਿ ਉਹਨਾਂ ਦੇ ਜੋਤੀ ਜੋਤ ਸਮਾਉਣ ਬਾਦ ਕਈ ਦਿਨ ਵੈਰਾਗੀ ਰਹੇ। ਫਿਰ ਇਕ ਦਿਨ ਕਹਿਣ ਲਗੇ ਕਿ ਅੱਜ ਦ੍ਰਿਸ਼ਟਾਂਤ ਹੋਇਆ ਹੈ: ਉਹ ਕਹਿੰਦੇ ਹਨ ਘਬਰਾਉਂਦਾ ਕਿਉਂ ਹੈਂ – ਮੇਰੀ ਤਾਂ ਸ਼ਬਦ ਦੀ ਦੇਹ ਹੈ ਮੈਂ ਸਦਾ ਤੇਰੇ ਅੰਗ ਸੰਗ ਹਾਂ।...

ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਝੱਬਰ ਹੋਰਾਂ ਦੀ ਉਮਰ ਦੇ ਪਿਛਲੇ ਹਿਸੇ ਵਿਚ, ਜਦੋਂ ਉਹ ਢਾਈ ਕੁ ਵਰ੍ਹੇ ਇਕ ਲੱਤ ਖ਼ਰਾਬ ਹੋਣ ਕਾਰਨ ਮੰਜੇ 'ਤੇ ਹੀ ਰਹੇ, ਉਹਨਾਂ ਨੂੰ ਦਰਸ਼ਨ ਦੇਣ ਅਤੇ ਭੈਣੀ ਸਾਹਿਬ ਦੀ ਨਵੀਂ ਨੁਹਾਰ ਦੇ ਦਰਸ਼ਨ ਕਰਾਉਣ ਵਿਚ ਢਿਲ ਨਹੀਂ ਕੀਤੀ।

ਉਹਨਾਂ ਕਰੀਵਾਲਾ ਵਿਖੇ, ਆਪਣੇ ਅੰਤਰੰਗ ਮਿੱਤਰਾਂ ਸੰਤ ਕਰਮ ਸਿੰਘ ਅਤੇ ਜਿਊਣ ਸਿੰਘ (ਲਸਾੜੀਏ ਭਰਾਵਾਂ) ਦੇ ਧਰਮਪੁਰਾ ਤੋਂ ਪਹੁੰਚਣ ਤੋਂ ਪੰਜ ਕੁ ਮਿੰਟ ਪਹਿਲਾਂ ਹੀ 4-8-83 ਮੁਤਾਬਿਕ 20 ਸਾਵਣ, 2040 ਬਿ. ਵੀਰਵਾਰ ਨੂੰ ਸ਼ਾਮ ਚਾਰ ਵੱਜ ਕੇ ਵੀਹ ਮਿੰਟਾਂ ਤੇ ਸਰੀਰ ਤਿਆਗ ਦਿਤਾ। ਜ਼ਿੰਦਗੀ ਦੇ ਬਿਖੜੇ ਪੈਂਡਿਆਂ ਤੇ ਉਹਨਾਂ ਦੀ ਯਾਦ ਸਾਡੇ ਲਈ ਰਾਹ ਵਿਖਾਊ ਅਤੇ ਪ੍ਰੇਰਨਾਮਈ ਹੈ। ਉਹਨਾਂ ਦੇ ਅਨੇਕ ਸਦਗੁਣਾਂ ਵਿਚੋਂ ਜੇ ਥੋਹੜੇ ਵੀ ਅੰਦਰ ਵਸਾ ਲਏ ਜਾਣ ਤਾਂ ਜੀਵਨ ਸਾਰਥਕ ਹੋ ਜਾਂਦਾ ਹੈ।

ਸੁਵਰਨ ਸਿੰਘ ਵਿਰਕ

(ਵਰਿਆਮ ਮਈ 1998, ਮਾਸਕ, ਜਲੰਧਰ ਵਿਚੋਂ ਧੰਨਵਾਦ ਸਹਿਤ)

# ਅੰਤਿਕਾ-IV

## ਸੰਤ ਉੱਤਮ ਸਿੰਘ ਜੀ ਸਪੁੱਤਰ ਜੀਵਾ ਸਿੰਘ
## ਪਿੰਡ ਰਾਇਸਰ ਜ਼ਿਲ੍ਹਾ ਲੁਧਿਆਣਾ

ਆਪਦੇ ਪਿਤਾ ਦਮਦਮੀਆਂ ਦੇ ਸਿੱਖ ਸਨ ਤੇ ਉਸੇ ਤਰ੍ਹਾਂ ਆਪ ਵੀ ਉਸੇ ਖਿਆਲਾਂ ਦੇ ਸਨ। ਮੁਕਤਸਰ ਮਾਘੀ ਉਤੇ ਦਮਦਮੀਆਂ ਦੀ ਸੰਗਤ ਦੇ ਨਾਲ ਜੁੜਕੇ ਦਰਸ਼ਨ ਕਰਨ ਵਾਸਤੇ ਗਏ ਸਨ। ਆਪ ਦੇ ਨਾਲ ਬਾਬਾ ਹਜਾਰਾ ਸਿੰਘ ਜੀ ਵੀ ਗਏ ਸਨ। ਜਿਸ ਵੇਲੇ ਸੱਚੇ ਪਾਤਸ਼ਾਹ ਜੀ (ਸਤਿਗੁਰੂ ਰਾਮ ਸਿੰਘ ਜੀ) ਮਹਲੇ ਨੂੰ ਚੜ੍ਹੇ ਸਨ ਉਸ ਵੇਲੇ ਦਰਸ਼ਨ ਹੋਏ। ਏਹ ਵੀ ਟਿੱਬੀ ਸਾਹਿਬ ਦੇ ਦਰਸ਼ਨ ਕਰਨ ਗਏ ਸਨ। ਜਿਥੇ ਸੰਗਤ ਦੌੜਦੀ ਹੈ ਪਹਿਲਾਂ ਠਾਣੇਦਾਰ ਰੋਕਦਾ ਰਿਹਾ ਜਿਸ ਵੇਲੇ ਉਸ ਨੇ ਖੁੱਲ੍ਹ ਦਿੱਤੀ ਕਿ ਜਿਸਦੀ ਮਰਜ਼ੀ ਹੈ ਭੱਜ ਲਵੇ। ਫੇਰ ਉਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਬਾਂਹ ਖੜ੍ਹੀ ਕਰਕੇ ਇਸ਼ਾਰਾ ਦਿੱਤਾ ਸੀ ਤਾਂ ਹੀ ਖਬਰ ਜਿੰਨੀ ਸੰਗਤ ਸੀ, ਸਾਰੀ ਹੀ ਇਸ ਤਰ੍ਹਾਂ ਨਜ਼ਰ ਆਈ ਕੀ ਬੁੱਢਾ ਤੇ ਕੀ ਬੜਾ, ਕੀ ਮਾਈਆਂ ਤੇ ਕੀ ਬੀਬੀਆਂ ਸਭ ਦੂਸਰੇ ਲੋਕਾਂ ਦੇ ਉਤੋਂ ਦੀ ਉੱਡੀ ਜਾਂਦੇ ਹੀ ਦਿਸੇ। ਬਾਪੂ ਜੀ ਨੇ ਕਿਹਾ ਭਾਈ ਹਜ਼ਾਰਾ ਸਿੰਘ ਇਹ ਮਨੁੱਖ ਦੀ ਕਾਰ ਨਹੀਂ ਹੈ, ਕਿਉਂਕਿ ਏਹਨਾਂ ਦਾ ਕਿਸੇ ਦਾ ਵੀ ਧਰਤੇ ਉਤੇ ਪੈਰ ਟਿਕਦਾ ਮੈਨੂੰ ਨਜ਼ਰ ਹੀ ਨਹੀਂ ਆਉਂਦਾ। ਇਹ ਨਜ਼ਾਰਾ ਵੇਖਕੇ ਆਪਣੇ ਨਗਰ ਰਾਇਸਰ ਨੂੰ ਆ ਗਏ।

ਘਰ ਆਣਕੇ ਆਪਣੇ ਪਿਤਾ (ਜੀਵਾ ਸਿੰਘ ਨੂੰ ਕਹਿਣ ਲੱਗੇ ਇਕ ਨਵਾਂ ਪੰਥ ਤੁਰਿਆ ਹੈ। ਉਹਨਾਂ ਨੂੰ ਕੂਕੇ ਕਹਿੰਦੇ ਹਨ। ਮੈਂ ਤਾਂ ਉਹਨਾਂ ਪਾਸੋਂ ਜਾ ਕੇ ਭਜਨ ਪੁਛਦਾ ਹਾਂ ਤੇ ਸਿੱਖ ਬਣਦਾ ਹਾਂ। ਉਹਨਾਂ ਨੇ ਕਿਹਾ ਭਾਈ! ਏਸ ਤਰ੍ਹਾਂ ਦੇ ਕਈ ਪੰਥ ਹੁੰਦੇ ਹਨ ਤੇ ਕਈ ਹਟ ਜਾਂਦੇ ਹਨ। ਤੁਸੀਂ ਵਰ੍ਹਾ ਛੀ ਮਹੀਨੇ ਵੇਖ ਲਓ। ਪਿਤਾ ਜੀ ਨੇ ਕਿਹਾ ਤੁਸੀਂ ਵਰ੍ਹਾ ਕਹਿੰਦੇ ਹੋ ਮੈਥੋਂ ਤਾਂ ਇਕ ਘੜੀ ਵੀ ਨਹੀਂ ਰਿਹਾ ਜਾਂਦਾ। ਸਤਿਗੁਰੂ ਜੀ ਮੁਕਤਸਰ ਦਾ ਦੌਰਾ ਕਰਕੇ ਸ੍ਰੀ ਭੈਣੀ ਸਾਹਿਬ ਜੀ ਨੂੰ ਆ ਰਹੇ ਸਨ। ਆਪ ਨੇ ਗੁਜਰਵਾਲ ਲੰਗਰ ਕੀਤਾ। ਭਾਈ ਹਜਾਰਾ ਸਿੰਘ ਜੀ ਤੇ ਸਾਡੇ ਪਿਤਾ ਜੀ ਨੇ ਦੋਹਾਂ ਨੇ ਜਾ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ। ਜਿਸ ਵੇਲੇ ਦਰਸ਼ਨ ਕੀਤੇ ਉਸ ਵੇਲੇ ਸਤਿਗੁਰੂ ਜੀ ਦੀਵਾਨ ਨੂੰ ਜਾ ਰਹੇ ਸਨ ਤੇ ਨਾਲ ਪੰਜ ਸੂਬੇ ਸਨ। ਸਾਨੂੰ ਪਛਾਣ ਤਾਂ ਕੋਈ ਨਹੀਂ ਸੀ ਕਿ ਕਿਹੜੇ ਸਤਿਗੁਰੂ ਹਨ ਪਰ ਪਹਿਲਾਂ ਸਤਿਗੁਰਾਂ ਦੇ ਚਰਨਾਂ ਉਤੇ ਹੀ ਮੱਥਾ ਟੇਕਿਆ। ਭਾਈ ਪਿਆਰਿਆ ਤੁਸੀਂ ਤਾਂ ਅੱਗੇ ਹੀ ਮਿਲੇ ਹੋਏ ਹੋ। ਚਲੋ! ਦੀਵਾਨ ਦਾ

ਦਰਸ਼ਨ ਕਰੋ। ਦੀਵਾਨ ਵਿੱਚ ਜਾ ਬੈਠੇ। ਦੀਵਾਨ ਵਿੱਚ ਮਸਤਾਨੇ ਕਿਲਕਾਰੀਆਂ ਮਾਰ ਰਹੇ ਹਨ। ਮਾਈਆਂ ਤੇ ਸਿੰਘ ਮਸਤ ਹੋਏ ਹੋਏ ਸਨ।

ਦੀਵਾਨ ਦੀ ਸਮਾਪਤੀ ਹੋ ਗਈ ਅਸਾਂ ਅਰਜ ਕੀਤੀ ਅਸੀਂ ਕਿੱਥੇ ਬਰਾਜੀਏ। ਸਤਿਗੁਰਾਂ ਕਿਹਾ ਭਾਈ! ਇਥੇ ਹੀ ਬਰਾਜੋ, ਮੈਂ ਕਿਹਾ, ਸੱਚੇ ਪਾਤਸ਼ਾਹ ਜੀ ਏਥੇ ਤਾਂ ਭੀੜ ਹੈ। ਸੱਚੇ ਪਾਤਸ਼ਾਹ ਜੀ ਨੇ ਕਿਹਾ ਭਾਈ ਏਥੇ ਤਾਂ ਹੇਠ ਉਤੇ ਪਏ ਇਕ ਤੇ ਦੂਆ, ਦੂਏ ਤੇ ਤੀਆ, ਤਿਹੁੰ ਦੇ ਹੇਠਲਾ ਪਿਆ ਸੀ ਨਹੀਂ ਕਰਦਾ। ਅਸਾਂ ਕਿਹਾ ਸੱਚੇ ਪਾਤਸ਼ਾਹ ਜੀ ਭੀੜ ਵਿੱਚ ਸਾਥੋਂ ਨਹੀਂ ਪਿਆ ਜਾਂਦਾ ਫੇਰ ਸਤਿਗੁਰਾਂ ਨੇ ਇਕ ਬੀਬੀ ਨੂੰ ਨਾਲ ਭੇਜਕੇ ਇਕ ਬਾਬੇ ਦੇ ਪਾਸ ਭੇਜ ਦਿੱਤਾ ਤੇ ਹੁਕਮ ਕਰ ਦਿੱਤਾ ਇਨ੍ਹਾਂ ਸਿੰਘਾਂ ਨੂੰ ਚੰਗੀ ਜਗ੍ਹਾ ਦੇ ਦੇਣੀ। ਉਸ ਬਾਬੇ ਦੇ ਪਾਸ ਉਹ ਬੀਬੀ ਸਾਨੂੰ ਲੈ ਗਈ। ਉਸ ਬਾਬੇ ਨੇ ਆਪਣਾ ਪਲੰਘ ਦੇ ਦਿੱਤਾ ਤੇ ਆਪ ਭੁੰਜੇ ਬਰਾਜ ਗਿਆ। ਰਾਤ ਅਸੀਂ ਬਚਨ ਕਰਦੇ ਰਹੇ ਕਿ ਅਸੀਂ ਛੇਤੀ ਕੀਤੀ ਹੈ ਬਾਪੂ ਜੀ ਨੇ ਕਿਹਾ ਸੀ ਦੇਖ ਲੈਣਾ ਚਾਹੀਦਾ ਹੈ ਅਸੀਂ ਦਮਦਮੀਆਂ ਦੇ ਸਿੱਖ ਸਾਂ। ਏਹਨਾਂ ਦੀਆਂ ਤਾਂ ਪੱਗਾਂ ਲਹਿ ਜਾਂਦੀਆਂ ਹਨ ਸਿਰ ਖਲਾਰਦੇ ਹਨ। ਬੜੀ ਚਿੰਤਾ ਹੋਈ ਜੇ ਤਾਂ ਇਹ ਸਤਿਗੁਰੂ ਹੈ, ਤੇ ਅਸੀਂ ਐਵੇਂ ਚਲੇ ਗਏ ਤਦ ਤਾਂ ਅਸੀਂ ਮਾਰੇ ਗਏ। ਜੇ ਏਹਨਾਂ ਕਲਾਮ ਦਸ ਦਿੱਤੀ ਤਦ ਅਸੀਂ ਤਨਖਾਹੀਏ ਹੋ ਜਾਵਾਂਗੇ। ਦੋਹਾਂ ਪਾਸਿਆਂ ਤੋਂ ਮੁਸ਼ਕਲ ਬਣੀ, ਕੀ ਕਰੀਏ ? ਆਪਣੇ ਦਿਲ ਨੂੰ ਦ੍ਰਿੜ੍ਹਤਾ ਦੇ ਕੇ ਕਿਹਾ ਭਾਈ ਹੁਣ ਤਾਂ ਪੁਛਕੇ ਚਲੋ ਐਵੇਂ ਜਾਣਾ ਠੀਕ ਨਹੀਂ। ਦਿਨੇ ਸਤਿਗੁਰੂ ਜੀ ਬਾਹਰ ਭਜਨ ਕਰਨ ਵਾਸਤੇ ਚਲੇ ਗਏ ਮਗਰੇ ਅਸੀਂ ਵੀ ਚਲੇ ਗਏ। ਆਪਸ ਵਿੱਚੀ ਸਲਾਹ ਕੀਤੀ ਜੇਹੜਾ ਇਕ ਪੂਛੇ ਉਹ ਦੂਜੇ ਨੂੰ ਦੱਸ ਦੇਵੇ। ਜਿਸ ਵੇਲੇ ਸਤਿਗੁਰੂ ਜੀ ਭਜਨ ਕਰਕੇ ਉਠੇ, ਅਰਜ ਕੀਤੀ। ਸੱਚੇ ਪਾਤਸ਼ਾਹ ਜੀ! ਸਾਨੂੰ ਨਾਮ ਦਾ ਗੱਫਾ ਮਿਲ ਜਾਵੇ। ਸਤਿਗੁਰਾਂ ਕਿਹਾ ਭਾਈ! ਸਾਡੇ ਤਾਂ ਪੱਗ ਲਹਿ ਜਾਂਦੀ ਹੈ ਤਨਖਾਹੀ ਨਾ ਹੋ ਜਾਇਓ। ਅਰਜ ਕੀਤੀ ਸੱਚੇ ਪਾਤਸ਼ਾਹ ਜੀ ਪੱਗ ਵੀ ਤੇਰੀ ਲਾਹੁਣ ਵਾਲਾ ਵੀ ਤੂੰ ਹੀ ਹੈ ਰਖਣ ਵਾਲਾ ਵੀ ਤੂੰ ਹੀ ਹੈ। ਸਾਨੂੰ ਏਸਦਾ ਕੋਈ ਫਿਕਰ ਨਹੀਂ, ਪਰ ਨਾਮ ਛੇਤੀ ਬਖਸ਼ੋ। ਸਤਿਗੁਰਾਂ ਨੇ ਆਪ ਭਜਨ ਦਿੱਤਾ। ਨਿਹਾਲ ਕਰ ਦਿੱਤਾ। ਫੇਰ ਮੈਂ ਤਾਂ ਹਜਾਰਾ ਸਿੰਘ ਕੋਲ ਗਿਆ ਹੀ ਨਾ ਵੱਖਰਾ ਜਾ ਕੇ ਭਜਨ ਕਰਨ ਬੈਠ ਗਿਆ। ਹਜਾਰਾ ਸਿੰਘ ਨੂੰ ਪੱਕਾ ਯਕੀਨ ਹੋ ਗਿਆ ਕਿ ਇਸਨੂੰ ਕਲਾਮ ਦੱਸ ਦਿੱਤੀ ਹੈ। ਹਜਾਰਾ ਸਿੰਘ ਨੇ ਵੀ ਛੇਤੀ ਜਾ ਕੇ ਅਰਜ ਕਰ ਦਿੱਤੀ ਕਿ ਸੱਚੇ ਪਾਤਸ਼ਾਹ ਜੀ ਮੈਨੂੰ ਵੀ ਨਾਮ ਮਿਲੇ। ਸਤਿਗੁਰੂ ਜੀ ਕਹਿਣ ਲੱਗੇ ਭਾਈ ਤੇਰਾ ਉਸ ਸਿੱਖ ਵਰਗਾ ਤੇ ਚਿੱਤ ਹੈ ਨਹੀਂ। ਤੂੰ ਤਾਂ ਢਿੱਲਾ ਹੈਂ। ਉਸਨੇ ਕਿਹਾ ਸੱਚੇ ਪਾਤਸ਼ਾਹ ਜੀ ਮੈਨੂੰ ਨਾਮ ਜ਼ਰੂਰ ਦਿਓ। ਉਸਨੂੰ ਵੀ ਭਜਨ ਦੱਸ ਦਿੱਤਾ। ਉਹ ਸਾਰੀ ਉਮਰ ਸਿੱਖ ਤਾਂ ਬਣਿਆ ਰਿਹਾ ਪਰ ਢਿੱਲਾ ਹੀ ਰਿਹਾ।

ਆਪ ਨੇ ਨਿਯਮ ਕੀਤਾ ਹੋਇਆ ਸੀ ਕਿ ਅੱਠਵੇਂ ਦਿਨ ਸਤਿਗੁਰਾਂ ਦੇ ਦਰਸ਼ਨ ਕਰਨੇ ਹਨ। ੩੫ ਕੋਹ ਪੈਂਡਾ ਹੈ। ਇਕ ਦਿਨ ਵਿੱਚ ਰਾਇਸਰੋਂ ਤੁਰ ਕੇ ਭੈਣੀ ਸਾਹਿਬ ਪਹੁੰਚਣਾ। ਸਾਰੀ ਰਾਤ ਸਤਿਗੁਰਾਂ ਦੀ ਸੇਵਾ ਕਰਨੀ ਪੱਖਾ ਝੱਲਣਾ। ਸੌਣਾ ਨਹੀਂ ਮੁੜਕੇ ਦੋ ਦਿਨਾਂ ਵਿੱਚ ਜਾਣਾ। ਪੰਜ ਦਿਨ ਪਾਰ ਰਹਿਣਾ। ਛੇ ਮਹੀਨੇ ਲਗਾਤਾਰ, ਏਸੇ ਤਰ੍ਹਾਂ ਹਰ ਅੱਠਵੇਂ ਦਿਨ ਦਰਸ਼ਨ ਕਰਨ ਲਈ ਆਉਂਦੇ। ਇਕ ਦਿਨ ਸਤਿਗੁਰਾਂ ਬਚਨ ਕੀਤਾ ਭਾਈ ਉੱਤਮ ਸਿੰਘਾ! ਜੋ ਇਸ ਭੈਣੀ ਸਾਹਿਬ ਦੇ ਉਤੋਂ ਦੀ ਜਾਨਵਰ ਵੀ ਉੱਡ ਕੇ ਲੰਘ ਜਾਏਗਾ ਸਭ ਬੈਕੁੰਠ ਧਾਮ ਨੂੰ ਜਾਇਗਾ। ਅਸਾਂ ਅਰਜ ਕੀਤੀ। ਇਸ ਸੱਚੇ ਪਾਤਸ਼ਾਹ ਜੀ ਮੈਨੂੰ ਏਹ ਪ੍ਰਤੀਤ ਹੈ ਜਿਸ ਜੀਵ ਨੇ ਤੇਰਾ ਦਰਸ਼ਨ ਕਰ ਲਿਆ ਉਸਨੂੰ ਜਮਾਂ ਦੀ ਫਾਂਸੀ ਨਹੀਂ ਪਵੇਗੀ। ਭਾਵੇਂ ਭਜਨ ਪੁਛਿਆ ਹੈ ਭਾਵੇਂ ਨਹੀਂ ਪੁਛਿਆ। ਏਹ ਮੇਰੇ ਚਿੱਤ ਨੂੰ ਪ੍ਰਤੀਤ ਹੋਈ। ਸਤਿਗੁਰਾਂ ਕਿਹਾ ਭਾਈ! ਜਿਸਨੇ ਇਕ ਵਾਰੀ ਕੰਨੀਂ ਭਜਨ ਪੁੱਛ ਲਿਆ ਪੁਛਕੇ ਕੀਤਾ ਨਹੀਂ, ਛਾਂ ਲਾਹ ਦਿੱਤੀਆਂ ਸਿਰ ਮੁਨਾ ਲਿਆ ਕੰਜਰ ਕਲਾਲਾਂ ਦੇ ਗਿਆ ਹੁੱਕਾ ਪੀਤਾ। ਪਰ ਜਮਾਂ ਦੀ ਫਾਂਸੀ ਵਿੱਚ ਓਹ ਵੀ ਨਹੀਂ ਪਵੇਗਾ। ਮੈਂ ਕਿਹਾ ਸੱਚੇ ਪਾਤਸ਼ਾਹ ਜੀ ਆਪ ਜੋ ਹੁਕਮ ਕਰ ਰਹੇ ਹੋ ਸਭ ਸੱਚ ਹੈ। ਮੇਰੇ ਚਿੱਤ ਨੂੰ ਤਾਂ ਏਹ ਪ੍ਰਤੀਤ ਹੋਈ ਹੈ ਜਿਸਨੇ ਤੇਰਾ ਦਰਸ਼ਨ ਕਰ ਲਿਆ ਹੈ ਉਸਨੂੰ ਜਮਾਂ ਦੀ ਫਾਂਸੀ ਕੀ? ਸੱਚੇ ਪਾਤਸ਼ਾਹ ਜੀ ਜਿਸਨੂੰ ਆਪਨੇ ਭਜਨ ਦਸ ਦਿੱਤਾ ਹੈ ਜੇਹੜਾ ਕੋਈ ਉਸਦਾ ਦਰਸ਼ਨ ਕਰ ਲਵੇਗਾ ਉਸਨੂੰ ਵੀ ਜਮਾਂ ਦੀ ਫਾਸੀ ਨਹੀਂ ਪੈ ਸਕਦੀ। ਫੇਰ ਅਰਜ ਕੀਤੀ! ਸੱਚੇ ਪਾਤਸ਼ਾਹ ਜੀ ਅੱਗੇ ਅਕਾਲ ਪੁਰਖ ਨੇ ਇਸ ਤਰ੍ਹਾਂ ਜੀਵਾਂ ਨੂੰ ਦਰਸ਼ਨ ਨਹੀਂ ਦਿੱਤਾ। ਜਿਸ ਤਰ੍ਹਾਂ ਹੁਣ ਆਪ ਖੁਦ ਅਕਾਲ ਪੁਰਖ ਆਇਆ ਹੈ। ਆਪ ਦੀ ਰਸਨਾ ਨਾਲ ਸਾਨੂੰ ਭਜਨ ਦਸਿਆ। ਫੇਰ ਸਾਡੇ ਚਿੱਤਾਂ ਨੂੰ ਸ਼ਾਂਤ ਕਿਉਂ ਨਹੀਂ ਆਉਂਦੀ ਸਤਿਗੁਰਾਂ ਕਿਹਾ ਭਾਈ! ਸ਼ੁਕਰ ਮੰਨੋ! ਤਿੰਨ ਵਾਰੀ ਅਰਜ ਕੀਤੀ ਤਿੰਨੇ ਵਾਰੀ ਏਹੀ ਹੁਕਮ ਹੋਇਆ। ਸ਼ੁਕਰ ਮੰਨੋ।

ਫੇਰ ਇਕ ਦਿਨ ਅਰਜ ਕੀਤੀ। ਓਹ ਕੇਹੜਾ ਪੁੰਨ ਸੀ ਜਿਸ ਕਰਕੇ ਆਪ ਦਾ ਦਰਸ਼ਨ ਹੋਇਆ ਹੈ ਸਤਿਗੁਰਾਂ ਕਿਹਾ ਭਾਈ! ਜੀਵ ਕੀ ਕਰਮ ਕਰਨ ਜੋਗਾ ਹੈ। "ਤਰਸ ਪਇਆ ਮਿਹਰਮਤਿ ਹੋਈ" ਏਹ ਤੁੱਕ ਪੜ੍ਹੀ। ਜੀਵ ਉਤੇ ਤਰਸ ਆਇਆ ਹੈ ਏਸੇ ਵਾਸਤੇ ਥੋਨੂੰ ਦਰਸ਼ਨ ਹੋਇਆ ਹੈ। ਏਹ ਬਚਨ ਸੁਣਕੇ ਚਿੱਤ ਨੂੰ ਸ਼ਾਂਤ ਹੋਈ। ਨਮਸਕਾਰ ਕੀਤੀ।

ਰਾਇਸਰ ਪਿੰਡ ਵਿੱਚ ਅੱਧੇ ਪਿੰਡ ਵਿੱਚ ਮੁਸਲਮਾਨ ਵੱਸਦੇ ਸਨ। ਓਥੇ ਹਿੰਦੂ ਮੁਸਲਮਾਨਾਂ ਦਾ ਜੰਗ ਹੋ ਪਿਆ। ਜਿਸ ਦਿਨ ਤੋਂ ਭਜਨ ਪੁਛਿਆ ਸੀ ਉਸ ਦਿਨ ਤੋਂ ਹਰ ਵਕਤ ਏਹ ਮੰਗ ਰਹਿੰਦੀ ਹੈ ਕਿ ਕਦੋਂ ਖੜਗ ਤਮਾਸ਼ਾ ਦਿਖਾਏਂਗਾ।

ਕੁਦਰਤੀ ਪਿੰਡ ਵਿੱਚ ਜੰਗ ਹੋ ਪਿਆ। ਏਧਰੋਂ ੨੦ ਤੇ ਉਧਰੋਂ ੨੦੦ ਮੁਸਲਮਾਨ, ਅਸਾਂ ਇਕ ਸਲੋਤਰ ਮਾੜੇ ਜੇਹੇ ਮੁਸਲਮਾਨ ਦੇ ਮਾਰਿਆ ਉਸਨੇ ਸਲੋਤਰ ਫੜਕੇ ਬੁਕਲ ਵਿੱਚ ਘੁਟ ਲਿਆ। ਸਤਿਗੁਰ ਦਰਸ਼ਨ ਦੇ ਕੇ ਕਹਿਣ ਲਗੇ ਏਸੇ ਜ਼ੋਰ ਤੇ ਕਹਿੰਦਾ ਹੁੰਦਾ ਸੀ ਮੈਨੂੰ ਖੜਗ ਤਮਾਸਾ ਦਿਖਾਲ। ਦੇਖ ਹੁਣ ਮੇਰਾ ਜ਼ੋਰ! ਏਨਾਂ ਬਚਨ ਹੁੰਦਿਆਂ ਹੀ ਉਸ ਮੁਸਲਮਾਨ ਦੀ ਬੁਕਲ ਵਿਚੋਂ ਸੋਟਾ ਖਿਚਿਆ ਗਿਆ। ਸਤਿਗੁਰਾਂ ਨੇ ਸਿਰ ਉਤੇ ਢਾਲ ਕਰ ਦਿੱਤੀ। ਉਹਨਾਂ ਦੇ ੨੨ ਆਦਮੀ ਮਰਨ ਦੇ ਕਰੀਬ ਹੋ ਗਏ। ਏਧਰਲੇ ਵੀਹਾਂ ਆਦਮੀਆਂ ਵਿਚੋਂ ਕਿਸੇ ਨੂੰ ਵੀ ਕੋਈ ਸੱਟ ਨਾ ਲੱਗੀ। ਜਿਸ ਵੇਲੇ ਅਦਾਲਤ ਵਿੱਚ ਗਏ ਜਿਸਨੂੰ ਅਦਾਲਤੀਆ ਪੁਛੇ ਤੈਨੂੰ ਕਿਸਨੇ ਮਾਰਿਆ ਹੈ। (ਸ੍ਰ. ਉੱਤਮ ਸਿੰਘ ਰਾਮਪੁਰੀਏ ਦੇ ਬਾਪ ਦੇ ਪਾਸ ਅਦਾਲਤ ਸੀ) ਓਹੋ ਕਹੇ ਮੈਨੂੰ ਉੱਤਮ ਸਿੰਘ ਨੇ ਮਾਰਿਆ ਹੈ। ਸਰਦਾਰ ਕਹਿੰਦਾ ਉੱਤਮ ਸਿੰਘ ਇਕ ਬੰਦੇ ੨੨ ਮਾਰੇ ਪਏ ਹਨ ਸਾਰਿਆਂ ਨੂੰ ਇਸ ਇਕੱਲੇ ਨੇ ਹੀ ਮਾਰਿਆ। ਤੁਸੀਂ ਝੂਠੇ ਆਦਮੀ ਹੋ। ਸਰਦਾਰ ਨੇ ਫੈਸਲਾ ਕਰ ਦਿੱਤਾ ਕਿ ੨੮੦ ਜੁਰਮਾਨਾ ਦਿਓ। ਅੱਧਾ ਸਾਨੂੰ ਤੇ ਅੱਧਾ ਮੁਸਲਮਾਨਾਂ ਨੂੰ। ਸਾਰੇ ਪਿੰਡ ਨੇ ਜੁਰਮਾਨਾ ਭਰ ਦਿੱਤਾ।

ਕੁਝ ਚਿਰ ਪਿਛੋਂ ਸਤਿਗੁਰਾਂ ਦਾ ਦਰਸ਼ਨ ਕਰਨ ਵਾਸਤੇ ਆਇਆ। ਭਾਈ ਉੱਤਮ ਸਿੰਘ ਦੱਸ ਗੱਲ ਮੁਸਲੇ ਕੇਹੇ ਕੁ ਕੁੱਟੇ। ਅਰਜ ਕਰੀ ਮੈਥੋਂ ਤਾਂ ਕੋਈ ਭੀ ਨਹੀਂ ਕੁੱਟਿਆ ਗਿਆ। ਸਤਿਗੁਰੂ ਜੀ ਕਹਿਣ ਲਗੇ ਦਸ ਫੇਰ ਤੂੰ ਤਾਂ ਕੋਈ ਨਹੀਂ ਕੁੱਟਿਆ ਫੇਰ ਕੀਹਨੇ ਕੁੱਟੇ। ਮੈਂ ਕਿਹਾ ਜੀ ਅਕਾਲ ਪੁਰਖ ਨੇ ਮਾਰੇ। ਸਤਿਗੁਰਾਂ ਕਿਹਾ ਤੂੰ ਦੇਖਿਆ ਸੀ ਅਕਾਲ ਪੁਰਖ। ਮੈਂ ਕਿਹਾ ਦੇਖਿਆ ਸੀ, ਸਤਿਗੁਰਾਂ ਕਿਹਾ ਕੇਹਾ ਜਿਹਾ ਸੀ, ਮੈਂ ਕਿਹਾ (ਸਤਿਗੁਰਾਂ ਵਲ ਹੱਥ ਕਰਕੇ) ਏਹੋ ਜਿਹਾ ਸੀ। ਸਤਿਗੁਰਾਂ ਨੇ ਫੇਰ ਬਚਨ ਸੁਣਕੇ ਡੌਲਿਓਂ ਫੜ ਕੇ ਛਾਤੀ ਦੇ ਨਾਲ ਲਾ ਲਏ।

ਫੇਰ ਕਿਹਾ ਭਾਈ ਉਤਮ ਸਿੰਘਾ ਅਕਾਲ ਪੁਰਖ ਕੇਹੋ ਜਿਹਾ ਸੀ। ਫੇਰ ਓਸੇ ਤਰ੍ਹਾਂ ਕਿਹਾ ਕਿ ਏਹੋ ਜਿਹਾ ਸੀ ਏਸੇ ਤਰ੍ਹਾਂ ਕਈ ਵਾਰ ਏਹੋ ਬਚਨ ਕਿਹਾ।

ਜਿਸ ਵੇਲੇ ਮਸਤਾਨੇ ਸਿੰਘ ਮਲੇਰਕੋਟਲੇ ਨੂੰ ਚਲੇ ਗਏ ਸਨ। ਸਤਿਗੁਰਾਂ ਨੇ ਸਾਰੀ ਸੰਗਤ ਨੂੰ ਹੁਕਮ ਦਿੱਤਾ ਸਭ ਚਲੇ ਜਾਓ ਮੇਰਾ ਭਰਾ ਸੀ ਨੱਥਾ ਸਿੰਘ ਨੰਬਰਦਾਰ ਚਲੋ ਅਸੀਂ ਛੇਤੀ ਚੱਲੀਏ ਸਾਡੇ ਉਤੇ ਮੁਕਬਰੀ ਹੋ ਜਾਏਗੀ। ਮੈਂ ਕਿਹਾ ਕਿੱਧਰ ਜਾਈਏ। ਸਾਨੂੰ ਜਾਣ ਨੂੰ ਕੋਈ ਥਾਉਂ ਨਹੀਂ। ਸਤਿਗੁਰਾਂ ਨੇ ਕਾਲਾ ਕੰਬਲ ਉਤੇ ਲਿਆ ਹੋਇਆ ਸੀ ਤੇ ਚੁੱਪ ਕਰਕੇ ਬੈਠੇ ਹੋਏ ਸਨ। ਸਜਾਮ ਰੰਗ ਹੋਇਆ। ਤੇ ਏਹੀ ਕਹਿ ਰਹੇ ਸਨ ਕਿ ਸਭ ਚਲੇ ਜਾਓ। ਮੈਂ ਜਾ ਕੇ ਹੱਥ ਜੋੜਕੇ ਖਲੋ ਗਿਆ। ਸਤਿਗੁਰਾਂ ਬਚਨ ਕੀਤਾ ਭਾਈ ਉੱਤਮ ਸਿੰਘਾ ਕੀ ਸੀ ਕੀ ਹੋ ਗਿਆ। ਅਸਾਂ ਅਰਜ ਕੀਤੀ ਸਾਨੂੰ ਕੋਈ ਪਤਾ ਨਹੀਂ ਕੀ ਤੂੰ ਅੱਗੇ ਕੀਤੀ ਹੈ ਤੇ ਕੀ ਅੱਗੇ ਨੂੰ ਕਰੇਂਗਾ। ਮੈਂ

ਅਰਜ ਕੀਤੀ ਸਚੇ ਪਾਤਸ਼ਾਹ ਜੀ ਕਦੋਂ ਦਰਸ਼ਨ ਹੋਣਗੇ। ਸਤਿਗੁਰਾਂ ਨੇ ਤਿੰਨ ਵਾਰੀ ਬਚਨ ਕੀਤਾ ਜਦੋਂ ਤੇਰਾ ਚਿੱਤ ਕਰੇ ਦਰਸ਼ਨ ਕਰ। ਫੇਰ ਅਸੀਂ ਬਚਨ ਮੰਨ ਕੇ ਘਰ ਨੂੰ ਆ ਗਏ। ਜਿਸ ਵੇਲੇ ਸਤਿਗੁਰਾਂ ਨੇ ਨਿਮਾਣੀ ਦਾ ਮੇਲਾ ਕੀਤਾ। ਜਿਸ ਵੇਲੇ ਮੈਂ ਦਰਸ਼ਨ ਕਰਨ ਆਯਾ ਦਰਸ਼ਨ ਕਰਕੇ ਅਰਜ ਕੀਤੀ ਇਕ ਸਾਡੇ ਟੱਬਰ ਵਿਚੋਂ ਵੱਡੇ ਦੁੱਖ ਵਾਲਾ ਹੈ। ਉਹਨਾਂ ਦੀ ਕੁੱਲ ਵਿਚੋਂ ਜਿੰਨੇ ਮਰਦੇ ਹਨ ਓਹ ਵੱਡੇ ਦੁੱਖ ਨਾਲ ਹੀ ਮਰਦੇ ਹਨ। ਸਤਿਗੁਰਾਂ ਹੁਕਮ ਕੀਤਾ ਹੁਣ ਜਿਸਨੂੰ ਏਹ ਦੁੱਖ ਹੈ ਉਸਨੂੰ ਸਾਡੇ ਪਾਸ ਲਿਆ। ਮੈਂ ਜਾ ਕੇ ਉਸਨੂੰ ਕਿਹਾ ਕਿ ਚੱਲ ਸਤਿਗੁਰਾਂ ਦੇ ਕੋਲ। ਉਸਨੇ ਕਿਹਾ ਮੈਥੋਂ ਨਹੀਂ ਜਾਇਆ ਜਾਂਦਾ। ਮੈਂ ਕਿਹਾ ਤੈਨੂੰ ਸੱਚੇ ਪਾਤਸ਼ਾਹ ਜੀ ਨੇ ਯਾਦ ਕੀਤਾ ਹੈ। ਮੈਂ ਜ਼ਰੂਰ ਨਾਲ ਲੈ ਕੇ ਜਾਵਾਂਗਾ। ਉਸਦਾ ਨਾਉਂ ਸੁਧੂ ਸੀ। ਮੈਂ ਕਿਹਾ ਜੇ ਤੇਰੇ ਪਾਸੋਂ ਘੋੜੀ ਉਤੇ ਨਾ ਚੜ੍ਹਿਆ ਗਿਆ ਤਦ ਮੈਂ ਜੱਫੀ ਭਰਕੇ ਚੜ੍ਹਾ ਲਿਆ ਕਰਾਂਗਾ। ਉਸਨੂੰ ਭੈਣੀ ਸਾਹਿਬ ਲੈ ਆਂਦਾ।

ਰਾਮਸਰ ਇਕ ਵੱਡੀ ਸਾਰੀ ਬੇਰੀ ਸੀ ਉਸਦੇ ਕੋਲ ਲਿਆ ਕੇ ਉਸਨੂੰ ਉਤਾਰ ਦਿੱਤਾ। ਸਤਿਗੁਰਾਂ ਪਾਸ ਅਰਜ ਕੀਤੀ। ਜਿਸਨੂੰ ਆਪਨੇ ਯਾਦ ਕੀਤਾ ਸੀ ਉਹ ਨਿਮਾਣਾ ਦਰਸ਼ਨ ਵਾਸਤੇ ਆ ਗਿਆ ਹੈ। ਸਤਿਗੁਰਾਂ ਪੁੱਛਿਆ ਕਿਥੇ ਹੈ ? ਮੈਂ ਕਿਹਾ ਰਾਮਸਰ ਬੇਰੀ ਹੇਠ ਹੈ। ਸਤਿਗੁਰਾਂ ਆਣ ਕੇ ਦਰਸ਼ਨ ਦਿੱਤੇ। ਇਕ ਬੇਲਾ ਸਿੰਘ ਵੀ ਵੱਡੇ ਦੁਖ ਵਾਲਾ ਨਾਲ ਆ ਗਿਆ। ਸਤਿਗੁਰਾਂ ਦੇ ਦਰਸ਼ਨ ਵਾਸਤੇ ਪਿੰਡ ਸੰਗਤ ਬਹੁਤ ਸਾਰੀ ਨਾਲ ਆਈ ਪਰ ਏਹ ਗਲਿਆਰੀ ਬੜੀ ਕਰਨ ਕਿ ਇਨ੍ਹਾਂ ਨੂੰ ਵੱਡੇ ਦੁਖ ਵਾਲਿਆਂ ਨੂੰ ਨਾਲ ਕਿਉਂ ਲਈ ਜਾਂਦਾ ਹੈ। ਦੂਸਰਾ ਤੁਰਨ ਜੋਗਾ ਨਹੀਂ ਸੀ ਬੇਲਾ ਸਿੰਘ ਤੁਰਨ ਜੋਗਾ ਸੀ ਉਹ ਸਤਿਗੁਰਾਂ ਦੀ ਚਰਨੀਂ ਹੱਥ ਲੌਣ ਨੂੰ ਆਇਆ। ਮੈਂ ਕਿਹਾ ਦੂਰੋਂ ਮੱਥਾ ਟੇਕ ਲੈ ਚਰਨੀ ਹੱਥ ਨਾ ਲਾਈਂ। ਸਤਿਗੁਰਾਂ ਕਿਹਾ ਭਾਈ ਜੇ ਮੇਰੇ ਪੈਰੀਂ ਹੱਥ ਲਾਇਆਂ ਕਿਸੇ ਦਾ ਭਲਾ ਹੁੰਦਾ ਹੈ ਤਦ ਏਸ ਨੂੰ ਲਾ ਲੈਣ ਦੇਹ ਘੂਰ ਨਾ। ਫੇਰ ਸਤਿਗੁਰ ਅੱਖੀਂ ਮੀਟ ਕੇ ਗਲ਼ ਵਿੱਚ ਪੱਲਾ ਪਾ ਕੇ ਨੇਤ੍ਰ ਮੀਟਕੇ ਇਕ ਲੱਤ ਦੇ ਭਾਰ ਹੋ ਕੇ ਖਲੋ ਗਏ। ਅੱਧੀ ਘੜੀ ਖਲੋਤੇ ਰਹੇ। ਨੇਤ੍ਰ ਖੋਲ੍ਹੇ। ਕਹਿਣ ਲੱਗੇ (ਸੁਧੂ) ਏਸਨੇ ਬੇਗੁਨਾਹੇ ਆਦਮੀਆਂ ਦੀਆਂ ਗਲ ਤੇ ਲੱਤਾਂ ਵੱਢੀਆਂ ਹਨ ਫੇਰ ਨੇਤ੍ਰ ਮੀਟੇ ਫੇਰ ਖਲੋਤੇ ਰਹੇ ਫੇਰ ਬੋਲੇ। ਕਹਿਣ ਲੱਗੇ (ਸੁਧੂ) ਏਸ ਨੇ ਗਲ ਤੇ ਲੱਤਾਂ ਬੇਗੁਨਾਹੇ ਆਦਮੀਆਂ ਦੀਆਂ ਵੱਢੀਆਂ ਹਨ। ਸੌ ਜਨਮ ਕੁਸ਼ਟੀ ਦਾ ਏਸ ਨੇ ਏਸੇ ਤਰ੍ਹਾਂ ਪੌਣਾ ਸੀ। ਅਜੇ ਤਾਂ ਪਹਿਲਾ ਹੀ ਸੀ। ਹੁਣ ਏਸ ਤੇ ਸਾਧ ਸੰਗਤ ਦੀ ਮੇਹਰ ਹੋ ਗਈ ਹੈ। ਹੁਣ ਏਹ ਛੇਤੀ ਹੀ ਬਖਸ਼ਿਆ ਜਾਏਗਾ। ਏਹ ਬਚਨ ਕਹਿ ਕੇ ਆਪਣੀ ਰਸਨਾ ਥੀਂ ਉਸਨੂੰ ਭਜਨ ਦੱਸਿਆ। ਕਹਿਣ ਲੱਗੇ ਭਾਈ ਤੈਥੋਂ ਭਜਨ ਹੋਣਾ ਨਹੀਂ। ਜਦੋਂ ਤੈਨੂੰ ਯਾਦ ਆਵੇ ਦੋ ਵਾਰੀ ਜਾਂ ਦਿਨ ਵਿੱਚ ਚਾਰ ਵਾਰੀ ਏਹ ਮੰਗ ਮੰਗੀਂ ਕਿ ਹੇ ਸਤਿਗੁਰੂ

ਜੀ ਮੈਨੂੰ ਬਖਸ਼ ਲੈ। ਤੈਨੂੰ ਸਤਿਗੁਰੂ ਛੇਤੀ ਬਖਸ਼ ਦੇਵੇਗਾ। ਏਹ ਬਚਨ ਕਹਿਕੇ ਸਤਿਗੁਰੂ ਜੀ ਡੇਰੇ ਨੂੰ ਚਲੇ ਗਏ। ਜਦੋਂ ਚੌਥੇ ਦਿਨ ਸੰਗਤਾਂ ਵਿਦਾ ਹੋਣ ਲੱਗੀਆਂ ਬੇਲਾ ਸਿੰਘ ਨਿਮਾਣੇ ਨੇ ਆਖਿਆ ਜਿਨ੍ਹਾਂ ਦਾ ਅੰਦਰ ਸਮਾਂਦਾ ਹੈ ਓਹ ਤਾਂ ਅੰਦਰ ਜਾ ਕੇ ਦਰਸ਼ਨ ਕਰ ਆਵੋਂਗੇ ਸਾਨੂੰ ਨਿਮਾਣਿਆਂ ਨੂੰ ਦਰਸ਼ਨ ਕਿਥੇ ? ਮੈਂ ਕਿਹਾ ਕਿਤੇ ਓਹ ਮਨੁੱਖ ਹੈ ? ਓਹ ਤਾਂ ਅੰਤਰਜਾਮੀ ਅਕਾਲ ਪੁਰਖ ਹੈ। ਝਟ ਸੱਚੇ ਪਾਤਸ਼ਾਹ ਜੀ ਬਾਹਰ ਆ ਖਲੋਤੇ ਤੇ ਦਰਸ਼ਨ ਦੇ ਕੇ ਖੁਸ਼ੀਆਂ ਬਖਸ਼ ਗਏ। ਏਥੋਂ ਜਾ ਕੇ ਛੇਵੇਂ ਦਿਨ ਸੁਧੂ ਸਰੀਰ ਛਡ ਗਿਆ। ਉਸਤੋਂ ਮਗਰੋਂ ਹੁਣ ਤਕ ਉਹਨਾਂ ਦੇ ਕੁੱਲ ਵਿੱਚ ਕਿਸੇ ਨੂੰ ਏਹ ਵੱਡਾ ਰੋਗ ਨਹੀਂ ਹੋਇਆ।

ਮੈਂ ਤੇ ਮੇਰਾ ਪਿਤਾ (ਭਾਈ ਉੱਤਮ ਸਿੰਘ ਜੀ) ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਅੰਮ੍ਰਿਤ ਵੇਲੇ ਪਹਿਰ ਦੇ ਤੜਕੇ ਬਾਹਰੋਂ ਆ ਗਏ। (ਏਥੇ ਪੁਲਸ ਦਾ ਪਹਿਰਾ ਸੀ ਸਿੱਖਾਂ ਨੂੰ ਅੰਦਰ ਔਣ ਦੀ ਮਨਾਹੀ ਸੀ) ਸਿਪਾਹੀਆਂ ਨੂੰ ਏਹੀ ਪਤਾ ਲੱਗਾ ਕਿ ਇਹ ਅੰਦਰੋਂ ਬਾਹਰ ਗਏ ਸਨ ਤੇ ਮਦਾਨ ਹੋ ਕੇ ਆਏ ਹਨ) ਸਤਿਗੁਰਾਂ ਅੱਗੇ ਪਿਤਾ ਜੀ ਨੇ ਅਰਜ ਕੀਤੀ ਸੱਚੇ ਪਾਤਸ਼ਾਹ ਜੀ! ਸਤਿਗੁਰੂ ਇਸ ਵੇਲੇ ਕੇਹੜੇ ਟਾਪੂ ਵਿੱਚ ਹਨ। ਸਤਿਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ ਭਾਈ ਉਤਮ ਸਿੰਘ। ਹੁਣ ਏਥੋਂ ਮੇਰੇ ਕੋਲੋਂ ਇਸ ਕੋਠੜੀ ਵਿਚੋਂ ਗਏ ਹਨ ਤਿੰਨ ਵਾਰੀ ਏਹੀ ਬਚਨ ਕੀਤਾ ਜੇ ਤੂੰ ਇਕ ਪਲ ਘੜੀ ਅੱਗੋਂ ਆ ਜਾਂਦਾ ਤਾਂ ਤੈਨੂੰ ਵੀ ਦਰਸ਼ਨ ਹੋ ਜਾਂਦਾ। ਸਤਿਗੁਰੂ ਜੀ ਜਦੋਂ ਪ੍ਰਦੇਸ਼ ਗਏ ਹਨ ਮੈਨੂੰ ਅੱਠ ਦਿਨ ਦਰਸ਼ਨ ਨਹੀਂ ਸੀ ਹੋਇਆ ਅੱਠ ਦਿਨ ਅੱਠਾਂ ਜੁਗਾਂ ਵਰਗੇ ਬੀਤੇ ਸਨ ਜੇ ਅੱਠ ਦਿਨ ਹੋਰ ਨਾ ਔਂਦੇ ਤਾਂ ਭਾਈ ਉੱਤਮ ਸਿੰਘ ਮੇਰਾ ਸਰੀਰ ਨਹੀਂ ਸੀ ਰਹਿੰਦਾ। ਫੇਰ ਬਚਨ ਕੀਤਾ ਹੁਣੇ ਹੀ ਇਥੋਂ ਗਏ ਹਨ। ਉਸ ਦਿਨ ਤੋਂ ਪਿਤਾ ਜੀ ਨੇ ਕਦੇ ਭੀ ਏਹ ਬਚਨ ਨਹੀਂ ਸੀ ਪੁੱਛਿਆ ਕਿ ਸਤਿਗੁਰੂ ਜੀ ਕਿਥੇ ਹਨ ? ਏਹ ਸਮਝ ਲਿਆ ਜੋ ਸਤਿਗੁਰੂ ਰਾਮ ਸਿੰਘ ਜੀ ਤੇ ਸਤਿਗੁਰੂ ਹਰੀ ਸਿੰਘ ਜੀ ਇਕੋ ਰੂਪ ਹਨ। ਇਹ ਯਕੀਨ ਤੇ ਵਿਸ਼ਵਾਸ ਆ ਗਿਆ ਜੋ ਸਤਿਗੁਰੂ ਜੀ ਤਾਂ ਕਿਤੇ ਗਏ ਹੀ ਨਹੀਂ ਜੇਹੜੀ ਸੰਗਤ ਓਧਰ ਜਾ ਕੇ ਦਰਸ਼ਨ ਕਰ ਔਂਦੀ ਹੈ ਏਹੀ ਮੂਰਤੀ ਓਧਰ ਦਰਸ਼ਨ ਦੇ ਦੇਂਦੀ ਹੈ।

ਭਾਈ ਅਤਰ ਸਿੰਘ ਜੀ (ਲੁਧਿਆਣਾ) ਨਾਲ ਬਚਨ ਹੋਇਆ। ਮੈਨੂੰ ਇਹ ਸ਼ਰਧਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਤਾਂ ਸ੍ਰੀ ਰਾਮ ਚੰਦ੍ਰ ਜੀ ਮਹਾਰਾਜ ਹਨ ਤੇ ਸਤਿਗੁਰੂ ਹਰੀ ਸਿੰਘ ਜੀ, ਲਛਮਨ ਜੀ ਹਨ ਭਾਈ ਅਤਰ ਸਿੰਘ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਤੇ ਸਤਿਗੁਰੂ ਹਰੀ ਸਿੰਘ ਜੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹਨ। ਮੇਰੇ ਦਿਲ ਨੂੰ ਭਰੋਸਾ ਨਾ ਆਵੇ। ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾ ਵਿੱਚ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀ ਮੇਰੇ ਚਿੱਤ ਨੂੰ ਇਕ

ਸੰਸਾ ਹੋ ਰਿਹਾ ਹੈ। ਸਤਿਗੁਰਾਂ ਪੁੱਛਿਆ ਭਾਈ ਤੇਰੇ ਦਿਲ ਨੂੰ ਕੀ ਸੰਸਾ ਹੋ ਰਿਹਾ ਹੈ। ਭਾਈ ਅਤਰ ਸਿੰਘ ਜੀ ਕਹਿੰਦੇ ਹਨ ਸਤਿਗੁਰੂ ਅਕਾਲ ਪੁਰਖ ਤੇ ਗੁਰੂ ਹਰੀ ਸਿੰਘ ਜੀ ਗੁਰੂ ਨਾਨਕ ਦੇਵ ਜੀ ਹਨ। ਮੈਂ ਕਿਹਾ ਸਤਿਗੁਰੂ ਰਾਮ ਚੰਦਰ ਜੀ ਹਨ ਤੇ ਆਧ ਸ੍ਰੀ ਲਛਮਨ ਹੋ। ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤੇ ਭਾਈ ਉਤਮ ਸਿੰਘ ਲਛਮਨ ਕੀ ਚੀਜ਼ ਹੈ ਇਹ ਬਚਨ ਤਿੰਨ ਵਾਰੀ ਕਿਹਾ। ਬਸ ਫੇਰ ਮੇਰੇ ਭਰਮ ਦੇ ਜਿੰਦਰੇ ਖੁੱਲ ਗਏ ਤੇ ਸਤਿਗੁਰੂ ਹਰੀ ਸਿੰਘ ਜੀ ਉਤੇ ਸ਼ਰਧਾ ਆ ਗਈ।

# ਅੰਤਿਕਾ–V

## ੧੨ ਚੇਤ੍ਰ ਨਵਾਂ ਸੰ. ਬਿਕ੍ਰਮੀ ਚੜ੍ਹਿਆ
## ਬਿ. ੧੯੯੩ (ਈ. ੧੯੩੬)
## ਸਤਿਗੁਰਾਂ ਦਾ ਉਪਕਾਰ

**ਪੰ. ਮਨਸਾ ਸਿੰਘ**

੧੨ ਚੇਤ੍ਰ ਸ੍ਰੀ ਸਤਿਗੁਰੂ ਜੀ ਦਾ ਹੁਕਮ ਆਇਆ ਕਿ ਪਟਿਆਲੇ ਜਾਣਾ ਹੈ

੧੩ ਚੇਤ੍ਰ ਉ: ਭਾਈ ਹਰਨਾਮ ਸਿੰਘ ਜੀ ਨੂੰ।

੧੪ ਮਾਰਚ ਉ: ਭਾਈ ਹਰਨਾਮ ਸਿੰਘ ਜੀ ਸਤਿਗੁਰਾਂ ਦਾ ਹੁਕਮ ਮੰਨਕੇ ਪਟਿਆਲੇ ਨੂੰ ਟੁਰ ਗਏ, ਭਾਂਵੇਂ ਆਪ ਨੂੰ ਇੱਕ ਦਿਨ ਲਈ ਬਾਹਰ ਭੇਜਣਾ ਅਪਣਾ ਬਹੁਤ ਨੁਕਸਾਨ ਸਮਝਦੇ ਹਨ, ਪਰ ਪਰਉਪਕਾਰ ਕੇ ਲੀਏ ਭੇਜ ਰਹੇ ਹਨ, ਕਿਉਂਕਿ ਭਾਈ ਮਸਤਾਨ ਸਿੰਘ ਪਟਿਆਲੇ ਵਾਲੇ ਹਜੂਰੀਏ ਰਾਗੀ ਦੀਆਂ ੨ ਲੜਕੀਆਂ ਦੇ ਅਨੰਦ ਕਾਰਜ ਦੇ ਇੰਤਜਾਮ ਲਈ ੧੬ ਚੇਤ੍ਰ ਨੂੰ ਭੇਜਿਆ।

੧੯ ਚੇਤ੍ਰ ਨੂੰ ਵੱਡੇ ਮਾਤਾ ਜੀ (ਮਾਤਾ ਜੀਵਨ ਕੌਰ) ਪਹੁੰਚ ਗਏ ਸਨ ਸ੍ਰੀ ਭੈਣੀ ਸਾਹਿਬ ਤੋਂ ਹੀ ਲੋੜੀਂਦੇ ਗੱਡੇ ਲੱਦ ਕੇ ਰਸਤ ਪਟਿਆਲੇ ਪਹੁੰਚਾਈ ਗਈ ਸੀ।

੨੧ ਚੇਤ੍ਰ ਭਾਈ ਗੁਰਦਿੱਤ ਸਿੰਘ ਜੀ ਬਘਿਆਣਾ, ਜ਼ਿਲ੍ਹਾ ਅੰਮ੍ਰਿਤਸਰ ਆਪਣੇ ਦੋ ਪੁੱਤ੍ਰਾਂ ਅਤੇ ਸਮੇਤ ਜੰਞ ਦੇ ੨੧ ਚੇਤ੍ਰ ਨੂੰ ਪਟਿਆਲੇ ਪਹੁੰਚ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੰਬਾਲੇ ਕਾਨਫਰੰਸ ਤੋਂ ਹੁੰਦੇ ਹੋਏ ਆਪਣੇ ਜਥੇ ਸਮੇਤ ੫ ਵਜੇ ੨੧ ਚੇਤ੍ਰ ਨੂੰ ਪਹੁੰਚ ਗਏ, ਸਤਿਗੁਰਾਂ ਨੇ ਆਪਣੇ ਖਜਾਨੇ ਵਿਚੋਂ ਮਾਇਆ ਖਰਚ ਕੇ, ਇਕ ਅਨੰਦ ੨੨ ਚੇਤ੍ਰ ਨੂੰ ਦੂਸਰਾ ੨੩ ਚੇਤ੍ਰ ਕਰਵਾਇਆ, ਸ੍ਰੀ ਭੈਣੀ ਸਾਹਿਬ ਤੋਂ ਹੋਰ ਬਹੁਤ ਸੰਗਤ ਗਈ ਹੋਈ ਸੀ ਦਾਸ ਵੀ ਹਾਜਰ ਸੀ।

ਸ੍ਰੀ ਮਾਨ ਸੰਤ ਇੰਦ੍ਰ ਸਿੰਘ ਜੀ (ਚਕ੍ਰਵਰਤੀ) ਸੰਤ ਮੰਗਲ ਸਿੰਘ ਜੀ ਪ੍ਰਚਾਰਕ, ਕਵੀ ਭਾਈ ਤਾਰਾ ਸਿੰਘ ਜੀ ਸਨ, ਕਾਕੀਆਂ ਦੀ ਮਾਤਾ ਨੇ ੪ ਰੁਪਏ ਲੰਗਰ, ੨੧੧ ਵਿਦਯਾਲਾ ੧੧ ਸਤਿਜੁਗ ਅਖਬਾਰ ਨੂੰ

ਅਰਦਾਸ ਕਰਵਾਏ।

੧੪ ਜੇਠ ਸਤਿਗੁਰ ਜੀ ਦੌਰੇ ਤੋਂ ਆਏ ਰਾਤ ਦੇ ੧੨ ਵਜੇ ੨੪ ਤੱਕ ਡੇਰੇ ਦੇ ਕੰਮਾਂ ਵੱਲ ਨਿਗਰਾਨੀ ਕੀਤੀ ਸਭ ਦੇ ਕੰਮ ਦੇਖੇ ਅੱਗੇ ਨੂੰ ਪ੍ਰੋਗਰਾਮ ਬਣਾਏ।

੧੫ ਜੇਠ ਨੂੰ ਸਤਿਗੁਰਾਂ ਹੁਕਮ ਕੀਤਾ ਕਿ ਅਸੀਂ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੂੰ ਆਖਿਆ ਹੈ ਕਿ ਪੰਡਤ ਜਵਾਹਰ ਲਾਲ ਜੀ ਨੂੰ ਸ੍ਰੀ ਭੈਣੀ ਸਾਹਿਬ ਲਿਆਵਣ। ਇਸ ਲਈ ਉਸ ਦਿਨ ਸਭ ਦੇ ਖਦਰ ਦੇ ਲੀੜੇ ਹੋਣ ਤੇ ਸਭ ਸਫਾਈ ਹੋਵੇ।

੧੪ ਜੇਠ ਨੂੰ ਸਤਿਗੁਰਾਂ ਦੇ ਦਿਨ ਦੇ ੨ ਵਜੇ ਸਭ ਸੰਗਤ ਨੂੰ ਹਰੀ ਮੰਦਰ ਵਿੱਚ ਸਦਕੇ ਹੁਕਮ ਕੀਤਾ ਕਿ ਪਹਿਲੀ ਹਾੜ ਤੱਕ ਦਿਨ ਦੇ ੧੨ ਵਜੇ ਇਸ ਮੰਦਰ ਵਿੱਚ ਕਥਾ ਹੋਇਆ ਕਰੇਗੀ। ਸਭ ਦੀ ਹਾਜਰੀ ਹੋਵੇ। ਦੂਸਰਾ ਕੋਈ ਕਿਸੇ ਨਾਲ ਲੜੇ ਭਿੜੇ ਨਾ, ਇਤਨੇ ਦਿਨ ਤਕੜੇ ਹੋ ਕੇ ਭਜਨ ਪਾਠ ਕਰੋ, ਬੋਲੋ ਥੋੜ੍ਹਾ ਮਤਲਬ ਦਾ, ਵਿਹਾਰ ਮਾਤ੍ਰ ਅਖੰਡ ਪਾਠਾਂ ਦਾ ਵੀ ਅਰੰਭ ਹੋਵੇਗਾ, ਸਾਰਾ ਪ੍ਰੋਗਰਾਮ ਇਸ ਤਰ੍ਹਾਂ ਹੈ ਅੰਮ੍ਰਿਤ ਵੇਲੇ ਦੋ ਵਜੇ ਉਠਣਾ ੩ ਵਜੇ ਆਸਾ ਦੀ ਵਾਰ ਵਿੱਚ ਆ ਜਾਣਾ ੫ ਵਜੇ ਆਸਾ ਦੀ ਵਾਰ ਦਾ ਭੋਗ ਫੇਰ ਨਿਤਨੇਮ, ਫੇਰ ਭਜਨ ੧੨ ਵਜੇ ਕਥਾ ਗੁਰ ਬਲਾਸ ਕ੍ਰਿਤ ਬਾਬਾ ਧਿਆਨ ਸਿੰਘ ੧ ਵਜੇ ਸਮਾਪਤ।

੬ਤੋਂ ਕਥਾ ਰਹਿਰਾਸ ਕੀਰਤਨ ਸੋਹਿਲਾ, ੯ ਵਜੇ ਬਿਰਾਜਨਾ

੨੫ ਜੇਠ ਨਿਤਨੇਮ ਅਰੰਭ ਕਥਾ ਸਤਿਗੁਰ ਜੀ ਆਪ ਕਰਦੇ ਹਨ। ਹੁਕਮ ਹੋਇਆ ਸਤਿਗੁਰਾਂ ਦਾ ਹਾਜਰੀ ਆਪੋ ਆਪਣੇ ਮਹਿਕਮੇ ਵਾਲੇ ਲਗੌਣ।

੨੬ ਜੇਠ ਦਿਨ ਦੇ ੧੨ ਵਜੇ ਹਰੀਮੰਦਰ ਵਿੱਚ ਸਤਿਗੁਰਾਂ ਬਚਨ ਕੀਤਾ, ਸੰਤ ਮੰਗਲ ਸਿੰਘ ਜੀ ਤੁਸੀਂ ਜਾਓ ਉਨ੍ਹਾਂ ਲੋਕਾਂ ਨੂੰ ਸਮਝਾਓ ਜਿਨ੍ਹਾਂ ਨੇ ਗੁਰਬਖਸ਼ ਸਿੰਘ ਤੇ ਲਾਲ ਸਿੰਘ ਪਿੰਡ ਵਾਲਿਆਂ ਦੀ ਬਾੜ ਪੱਟੀ ਹੈ। ਕਿਉਂਕਿ ਅਸੀਂ ਤਾਂ ਜੇਹੜੇ ਸਾਡੇ ਪਾਸ ੫-੬ ਸਾਲ ਤੋਂ ਰਹਿੰਦੇ ਹਨ ਇਨ੍ਹਾਂ ਦਾ ਪੱਖ ਕਰਨਾ ਹੈ, ਸੰਤ ਉਠਕੇ ਚਲੇ ਗਏ, ਇਹ ਹੈ ਸਤਿਗੁਰਾਂ ਦੀ ਕ੍ਰਿਪਾ।

੨੯ ਜੇਠ ਦਿਨ ਦੇ ੧੨ ਵਜੇ ਹਰੀਮੰਦਰ ਵਿੱਚ ਕਥਾ ਕਰਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਮੁੰਦਰੋਂ ਪਾਰ ਜਾਣ ਦਾ ਪ੍ਰਸੰਗ ਆਇਆ

ਯਥਾ (ਸਮੁੰਦਰ ਸਾਗਰ ਹੋਵੇ ਬਹੁ ਖਾਰਾ ਗੁਰਸਿਖ ਲੰਘ ਗੁਰੂ ਪਹਿ ਜਾਈ) ਸਤਿਗੁਰਾਂ ਆਖਿਆ ਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਨਾ ਕੋਈ ਗੁਰੂ ਸਮੁੰਦ੍ਰ ਲੰਘਕੇ ਗਿਆ ਹੈ ਅਤੇ ਨਾ ਉਸਦੇ ਪਿਛੇ ਸਿੱਖ ਗਏ, ਐਸੇ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਨ ਜਿਨ੍ਹਾਂ ਦੇ ਪ੍ਰਥਾਏ ਇਹ ਪੰਗਤੀ ਘਟਦੀ ਹੈ। ਇਹ ਆਖਦਿਆਂ ਆਪ ਜੀ ਦੇ ਨੇਤ੍ਰਾਂ ਤੋਂ ਜਲ ਵਗ ਟੁਰਿਆ। ਗਲਾ ਰੁਕ ਗਿਆ। ਸਾਰੀ ਸੰਗਤ ਵਿੱਚ ਕਰਣਾ ਰਸ ਛਾ ਗਿਆ। ਕਈ ਸਿੰਘ ਮਸਤਾਨੇ ਹੋ ਗਏ ਉੱਚੀ ਉੱਚੀ ਭੁੱਬਾਂ ਮਾਰਨ ਲੱਗ ਗਏ ਇਹ ਇਕ ਡਾਢਾ ਅਸਚਰਜ ਬਨ ਗਿਆ।

੨੭ ਜੇਠ ਸਤਿਗੁਰ ਦੀਵਾਨ ਵਿੱਚ ਨਹੀਂ ਆਏ ਸਰੀਰ ਢਿੱਲਾ ਸੀ।

੨੭ ਜੇਠ ਵਿਦਿਆਰਥੀਆਂ ਦਾ (ਪਿਆਰਾ) ਰਸਾਲਾ ਦੇਖ ਕੇ ਬੜੇ ਖੁਸ਼ ਹੋਏ ਹੁਕਮ ਦਿੱਤਾ ਜੋ ਇਨ੍ਹਾਂ ਨੂੰ ਚਾਹੀਦਾ ਹੈ ਦਿਉ।

੨੯ ਜੇਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਜਾਣ ਦਾ ਕਥਾ ਵਿੱਚ ਪ੍ਰਸੰਗ ਆਇਆ। ਇਸਨੂੰ ਪੜਿਆ ਆਪ ਜੀ ਦਾ ਗਲਾ ਰੁਕ ਗਿਆ ਤੇ ਨੇਤ੍ਰਾਂ ਤੋਂ ਜਲ ਵਗ ਟੁਰਿਆ, ਸਾਰੀ ਸੰਗਤ ਵਿੱਚ ਕਰਣਾ ਰਸ ਛਾ ਗਿਆ।

੩੦ ਜੇਠ ਅੱਜ ਕਥਾ ਵਿੱਚ ਸਤਿਗੁਰਾਂ ਦਾ ਅਨੰਦਪੁਰ ਜਾਣ ਦਾ ਪ੍ਰਸੰਗ ਆਇਆ, ਇਸ ਮੌਕੇ ਇਕ ਸਿੰਘ ਨੇ ਅਰਜ ਕੀਤੀ ਗੁਰੂ ਰਾਮ ਸਿੰਘ ਜੀ ਅੱਗੇ ਦੀਨ ਦਿਆਲ ਜੀ ਅਗਲੇ ਹੋਲੇ ਪਰ ਆਪ ਦਰਸਨ ਦੇਵੋਗੇ ਤਾਂ ਅੱਗੋਂ ਸਤਿਗੁਰਾਂ ਭਾਣੇ ਦੇ ਬਸ ਆਖਿਆ ਫੇਰ ਪ੍ਰਦੇਸ ਜਾਣਾ ਦਸਿਆ। ਇਸ ਪ੍ਰਸੰਗ ਵਿੱਚ ਸ੍ਰੀ ਸਤਿਗੁਰੂ ਜੀ ਦਾ ਕਥਾ ਕਰਦਿਆਂ ਗਲਾ ਰੁਕ ਗਿਆ ਅਤੇ ਨੇਤ੍ਰਾਂ ਤੋਂ ਜਲ ਵਗ ਟੁਰਿਆ। ਸਾਰੀ ਸੰਗਤ ਵਿੱਚ ਕਰਣਾ ਰਸ ਛਾ ਗਿਆ।

੩੧ ਜੇਠ ੯੧੧ ਕਥਾ ਸ਼ੁਰੂ ਹੋਈ ਕਿਉਂਕਿ ਆਪ ਵਿਦਿਆਲੇ ਦੇ ਬੱਚਿਆਂ ਨੂੰ ਲੈ ਕੇ ਨੈਹਰ ਪਰ ਗਏ ਸੀ। ਨੈਹਰ ਵਿੱਚ ਸਭ ਨੇ ਇਸਨਾਨ ਕੀਤਾ ਅਤੇ ਪ੍ਰਸ਼ਾਦੇ ਛਕੇ। ੧੧ ਵਜੇ ਭੈਣੀ ਸਾਹਿਬ ਆਏ। ਆਉਂਦਿਆਂ ਹੀ ਕਥਾ ਦਾ ਆਰੰਭ ਹੋਇਆ ਅੱਜ ਪ੍ਰਸੰਗ ਸੀ ਸਿੰਘਾਂ ਦਾ ਮਲੇਰਕੋਟਲੇ ਨੂੰ ਜਾਣ ਦਾ ਮਾਸਟਰ ਬਲਵੰਤ ਸਿੰਘ ਜੀ ਗ੍ਰੰਥ ਪੜ੍ਹਨ ਤੋਂ ਅਸਮਰੱਥ ਹੋ ਗਏ ਗਲ ਰੁਕ ਗਿਆ ਨੇਤ੍ਰਾਂ ਤੋਂ ਜਲ ਵਗ ਟੁਰਿਆ ਸਤਿਗੁਰਾਂ ਦੇ ਨੇਤ੍ਰਾਂ ਤੋਂ ਜਲ ਵਗਿਆ ਤੇ ਗਲਾ ਰੁਕ ਗਿਆ ਸਾਰੀ ਸੰਗਤ

ਵਿੱਚ ਕਰਣਾ ਰਸ ਛਾ ਗਿਆ, ਕਥਾ ਦੀ ਸਮਾਪਤੀ ਕਰਕੇ ਦਾਸ ਨੂੰ ਸਦ ਮਾਰਿਆ। (ਪੰਡਤ ਮਨਸ਼ਾ ਸਿੰਘ) ਕਿਸੇ ਨੇ ਆਖਿਆ ਉਨ੍ਹਾਂ ਮੋਨ ਬਰਤ ਰਖਿਆ ਹੋਇਆ ਹੈ, ਤਾਂ ਸਤਿਗੁਰਾਂ ਆਖਿਆ ਮੋਨ ਰੱਖਣ ਅਸੀਂ ਕੰਮ ਵੀ ਲੈਣਾ ਹੋਇਆ, ਇਤਨੇ ਨੂੰ ਮੈਂ (ਮਨਸਾ ਸਿੰਘ) ਜਾ ਮੱਥਾ ਟੇਕਿਆ। ਹੁਕਮ ਹੋਇਆ ਸ਼ਹੀਦੀ ਬੁੰਗੇ ਡੇਰਾ ਜਾ ਲਾਓ ਓਥੇ ਕਿਸੇ ਵਕਤ ਪਾਠੀਆਂ ਨੂੰ ਲੋੜ ਪੈਣ ਪਰ ਪਾਠ ਵਿਚ ਲਗਿਆ ਕਰਨਾ, ਮੈਂ ਸਤਿਬਚਨ ਜੀ ਕਿਹਾ, ਸਤਿਗੁਰਾਂ ਦੇ ਹੁਕਮ ਨਾਲ ਸੰਤ ਮੰਗਲ ਸਿੰਘ ਜੀ ਨੇ ਸੁਨਾਇਆ ਕਿ ਅੱਜ ਸ਼ਾਮ ਤੋਂ ਲੈ ਕੇ ਪਰਸੋਂ ਸਵੇਰ ਤੱਕ ਕਿਸੇ ਨਾਲ ਬੋਲੋ ਨਾ ਦੋ ਚਾਰ ਆਦਮੀ ਉਹ ਹੋਣਗੇ ਜੇਹੜੇ ਮਾਤਰ ਬੋਲਣਗੇ, ਕੰਮ ਕਰਾਉਣਗੇ ਤੇ ਬਾਹਰੋਂ ਆਇਆਂ ਨਾਲ ਗੱਲਬਾਤ ਕਰਨਗੇ ਹੋਰ ਸਭ ਮੋਨ ਧਾਰੋ ਅੰਤ੍ਰਬਿਰਤੀ ਕਰੋ।

੩੧ ਜੇਠ ਨਿਤਨੇਮ ਦੀ ਸਮਾਪਤੀ ਪਰ ਸ਼ਹੀਦੇ ਬੁੰਗੇ 11 ਵਜੇ ਅਖੰਡ ਪਾਠ ਰਖਿਆ ਗਿਆ। ਪਾਠੀ ਸੰਤ ਪਿਆਰਾ ਸਿੰਘ ਜੀ, ਬਸੰਤ ਸਿੰਘ ਜੀ, ਬਲਵੰਤ ਸਿੰਘ ਜੀ, ਭਗਵਾਨ ਸਿੰਘ ਜੀ, ਦਾਸ (ਪੰ. ਮਨਸਾ ਸਿੰਘ) ਸਨ ਧੂਪੀਏ ਬਸੰਤ ਸਿੰਘ ਜੀ ਸਿਆੜ, ਅਮਰ ਸਿੰਘ ਕੈਸਰ ਜੀ, ਗੁਰਦਿੱਤਾ ਸਿੰਘ ਜੀ, ਗੁਰਦਿਆਲ ਸਿੰਘ ਜੀ, ਜੈ ਸਿੰਘ ਜੀ ਸਨ ਸਭ ਦਾ ਮੋਨ ਸੀ ਬਾਹਰ ਪੜਦਾ ਸੀ।

੧ ਹਾੜ੍ਹ ਸਵੇਰੇ ਅੰਮ੍ਰਿਤ ਵੇਲੇ ੩ ਵਜੇ ਆਸਾ ਦੀ ਵਾਰ ਦਾ ਕੀਰਤਨ ਹੋਇਆ ੫ ਵਜੇ ਅਖੰਡ ਪਾਠ ਦਾ ਭੋਗ ਪਿਆ। ਅਰਦਾਸ ਤੋਂ ਬਾਅਦ ਸਤਿਗੁਰਾਂ ਹੁਕਮ ਦਿੱਤਾ ਕੜਾਹ ਪ੍ਰਸ਼ਾਦ ਸਾਰਾ ਹੀ ਲੈ ਆਵੋ ਏਥੇ ਹੀ ਪੰਗਤਾਂ ਲਗਾ ਕੇ ਬਰਤਾਓ। ਇਸੇ ਤਰ੍ਹਾਂ ਕੀਤਾ ਗਿਆ, ੧੦ ਵਜੇ ਸਤਿਗੁਰ ਨੈਹਰ ਪਰ ਗਏ ਸਮੇਤ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਤੇ ਸੰਤ ਮੰਗਲ ਸਿੰਘ ਅਤੇ ਬਾਬੇ, ਨੈਹਰ ਜਾ ਕੇ ਸਤਿਗੁਰਾਂ ਸ੍ਰੀ ਮਹਾਰਾਜ ਜੀ ਨਾਲ ਗਲਬਾਤ ਕੀਤੀ ਡੇਰੇ ਦੇ ਕੰਮ ਸੰਭਾਲਣ ਦੀ ਬਹੁਤ ਆਖਣੇ ਪਰ ਮਹਾਰਾਜ ਜੀ ਨੇ ਮੰਨ ਲਿਆ ਇਹ ਖਬਰ ਸੁਣਕੇ ਸੰਗਤ ਨੂੰ ਬਹੁਤ ਖੁਸ਼ੀ ਹੋਈ ੨ ਵਜੇ ਕਥਾ ਦਾ ਅਰੰਭ ਹੋਇਆ। ਕਥਾ ਵਿੱਚ ਸਿੱਖੀ ਸਿਦਕ ਦਾ ਪ੍ਰਸੰਗ ਚਲਿਆ ਬੜਾ ਅਨੰਦ ਆਇਆ। ਸਮਾਪਤੀ ਪਰ ਇਕ ਸਿੱਖ ਨੇ ਅਰਜ ਕੀਤੀ ਸੱਚੇ ਪਾਤਸ਼ਾਹ ਚਾਰ ਪੰਜ ਸੌ ਭਰੀ ਕਣਕ ਨੂੰ ਖਲਵਾੜੇ ਵਿੱਚ ਅੰਬਰੋਂ ਹੀ ਅੱਗ ਲਗ

ਗਈ, ਅਸੀਂ ਬੜੇ ਪਾਪੀ ਬਖਸ਼ੋ, ਸਤਿਗੁਰਾਂ ਆਖਿਆ ਭਾਣਾ ਪ੍ਰਮੇਸਰ ਦਾ ਸਤ ਕਰਕੇ ਮੰਨੋ, ਫੇਰ ਅਰਜ਼ ਕੀਤੀ ਦੀਨ ਦਿਆਲ ਜੀ ਕ੍ਰਿਪਾ ਕਰੋ ਸਾਡੇ ਗ੍ਰਿਹ ਵਿਖੇ ਆਪ ਚਰਣ ਪਾਵੋ। ਮੇਲਾ ਕਰੋ ਜਿਸ ਕਰਕੇ ਸਾਡੇ ਪਾਪਾਂ ਦੀ ਨਿਵਰਤੀ ਹੋਵੇ ਸਤਿਗੁਰਾਂ ਆਖਿਆ ਧੰਨ ਸਿੱਖੀ ਇਤਨਾ ਨੁਕਸਾਨ ਹੋ ਗਿਆ ਹੈ ਸਿੱਖ ਫੇਰ ਮੇਲੇ ਦੀ ਅਰਜ ਕਰਦਾ ਹੈ, ਘਰ ਖਾਣ ਨੂੰ ਦਾਣੇ ਨਹੀਂ ਰਹੇ ਪਰ ਸਿੱਖ ਕਾਫੀ ਖਰਚ ਕਰਨ ਲਈ ਤਿਆਰ ਹੋ ਗਿਆ ਹੈ ਹੁਕਮ ਹੋਇਆ ਅੱਛਾ ਭਾਈ ਠੰਡ ਉਤਰ ਆਵੇ ਫੇਰ ਮੇਲਾ ਕਰਾਂਗੇ।

ਸਿਆੜ ਦੇ ੫ ਸਿੰਘ ਆ ਖਲੋਤੇ ਸੱਚੇ ਪਾਤਸ਼ਾਹ ਬਖਸ਼ੋ, ਮੇਹਰ ਸਿੰਘ, ਰਲਾ ਸਿੰਘ, ਚੰਨਣ ਸਿੰਘ, ਦਲੀਪ ਸਿੰਘ, ਪ੍ਰਤਾਪ, ਇਨਾਨੇ ਲੁ ਕਿਹਾ ਨੇ ਪ੍ਰਤਾਪ ਸਿੰਘ ਦੀ ਲੜਕੀ ਦੇ ਅਨੰਦ ਪੜ੍ਹਾਏ ਸਨ ਜੋ ਕੁਸੰਗੀਆਂ ਦੇ ਵਿਆਹੀ ਹੈ, ਛੇ ਮਹੀਨੇ ਦੀ ਜਗ੍ਹਾ ਇਕ ਇਕ ਮਹੀਨਾ ਸੇਵਾ।

ਸੰਤ ਭੂਰੀ ਵਾਲੇ ਹਜੂਰਾ ਸਿੰਘ ਜੀ ਆ ਖਲੋਤੇ ਬਖਸ਼ੋ, ਇਨ੍ਹਾਂ ਅੱਗੇ ਪ੍ਰਨ ਕਰਕੇ ਸੋਧ ਦਾ ਨਲਕੇ ਦਾ ਪਾਣੀ ਪੀਤਾ ਸੀ, ਹੁਕਮ ਹੋਇਆ ਜੇ ਸਿੰਘ ਨਾਲ ਰਹੇ ਤਾਂ ਪੂਰੀ ਸੋਧ ਰਖੋ, ਜੇ ਇਕੱਲੇ ਹੋਵੋਂ ਤਾਂ ਡੋਲ੍ਹਦਾ ਪਾਣੀ, 80 ਦਿਨ ਇਕ ਇਕ ਮਾਲਾ ਫੇਰਨੀ।

ਬਲਵੰਤ ਸਿੰਘ ਸਲਾਣੀਆ ਹੁਕਮ ਹੋਇਆ ਬੀਰ ਸਿੰਘ ਨੂੰ ਜਿਹੜਾ ਏਥੋਂ ਜਾ ਕੇ ਤੇਰੇ ਪਾਸ ਰਿਹਾ ਹੈ ਉਸ ਨੂੰ ਸ੍ਰੀ ਭੈਣੀ ਸਾਹਿਬ ਲੈ ਆ, ਤੂੰ ਫੇਰ ਤੂੰ ਬਰੀ।

ਸੂਬਾ ਮੀਹਾਂ ਸਿੰਘ ਜੀ ਨੇ ਦੀਵਾਨ ਵਿੱਚ ਬੈਠਿਆਂ ਆਪਣੇ ਅੰਦਰ ਮੰਗ ਮੰਗੀ ਮੈਂ ਵੀ ਅਰਜ ਕਰਾਂ ਪਰ ਜੇਕਰ ਸਤਿਗੁਰ ਜੀ ਆਪ ਆਵਾਜ਼ ਮਾਰਨ, ਸਿੱਖ ਦੀ ਮੰਗ ਪੂਰੀ ਕਰਨ ਲਈ ਸਤਿਗੁਰਾਂ ਸਦ ਮਾਰਿਆ ਕਿ ਆਓ ਜਿਸਨੇ ਅਰਜ ਕਰਨੀ ਹੈ ਕਰ ਲਵੋ, ਨਹੀਂ ਤਾਂ ਅਗੇ ਇਸ ਤਰ੍ਹਾਂ ਕਦੇ ਨਹੀਂ ਕੀਤਾ, ਸੂਬਾ ਜੀ ਉਠਕੇ ਅੱਗੇ ਆ ਖਲੋਤੇ ਬਖਸ਼ੋ ਮੇਹਰ ਕਰੋ ਪੰਜਾਂ ਦਾ ਬੜਾ ਜ਼ੋਰ ਹੈ, ਅੱਛਾ ਭਾਈ ਸਤਿਗੁਰ ਜੀ ਕ੍ਰਿਪਾ ਕਰਨਗੇ, ਸੰਤ ਮੋਹਣ ਸਿੰਘ ਜੀ ਛਾਲ ਮਾਰ ਕੇ ਅੱਗੇ ਆ ਖਲੋਤੇ ਬੋਲਾ ਕੀਤਾ ਸਭ ਨੂੰ ਬਖਸ਼ੋ, ਬਖਸ਼ੋ, ਅਗੋਂ ਹੁਕਮ ਹੋਇਆ ਜਿਸ ਤਰ੍ਹਾਂ ਆਖੋ ਅਸੀਂ ਤਾਂ ਅੱਗੇ ਹੀ ਤੁਹਾਡਾ ਬਚਨ ਮੰਨ ਲਿਆ ਹੈ।

ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਲਾਹੌਰ ਨੂੰ ਗਏ।

੨ ਹਾੜ੍ਹ ੨ ਵਜੇ ਕਥਾ ਅਰੰਭ ਅੱਜ ਸਤਿਗੁਰਾਂ ਦੇ ਨੇਤ੍ਰਾਂ ਤੋਂ ਜਲ ਬੈਠਦਿਆਂ ਹੀ ਸ਼ੁਰੂ ਹੋ ਗਿਆ ਕਿਉਂਕਿ ਆਪ ਨੂੰ ਪਤਾ ਸੀ ਅੱਜ ਕਥਾ ਸਤਿਗੁਰਾਂ ਦੇ ਪ੍ਰਦੇਸ ਜਾਣ ਦੀ ਹੈ। ਇਸ ਨਜ਼ਾਰੇ ਨੂੰ ਤੱਕ ਕੇ ਸਾਰੀ ਸੰਗਤ ਵਿੱਚ ਕਰਣਾ ਰਸ ਛਾ ਗਿਆ, ਕਥਾ ਦੀ ਸਮਾਪਤੀ ਪਰ ਆਪ ਕਿਸੇ ਨਾਲ ਬੋਲੇ ਨਹੀਂ।

ਰਾਤ ਨੂੰ ਮਸ਼ੀਨ ਨਾਲ ਸਭ ਵਿਦਿਆ ਲੈਂਦੇ ਬੱਚਿਆਂ ਨੂੰ ਫਿਲਮਾਂ ਵਿਖਾਈਆਂ, ਘੋੜੇ ਦੌੜ ਦੀਆਂ ਬਾਹਰ ਪੈਲੀਆਂ ਵਿੱਚ ਫੇਰ ਆਖਿਆ ਤੁਹਾਨੂੰ ਤੁਹਾਡੇ ਘੋਲ ਦੀਆਂ ਵਿਖਾਵਾਂਗੇ।

੩ ਹਾੜ੍ਹ ੧੨ ਵਜੇ ਕਥਾ ਹੋਈ ਬੜਾ ਅਨੰਦ ਆਇਆ।

੪ ਹਾੜ੍ਹ ਸਤਿਗੁਰਾਂ ਦੀ ਉਦਾਰਤਾ, ਆਪਨੇ ਢਾਈ ਹਜ਼ਾਰ ਰਪੈਯਾ ਭਾਈ ਹਰਨਾਮ ਸਿੰਘ ਜੀ ਨੂੰ ਦਿੱਤਾ ਸੀ, ਕਾਗ਼ਜ਼ ਕਰਵਾ ਲਿਆ ਸੀ ਬਚਨ ਕੀਤਾ ਸੀ ਬਾਰਾਂ ਸਾਲ ਤੱਕ ਲਿਖਵਾ ਲਿਆ ਕਰਾਂਗੇ ੧੨ ਸਾਲੀ ਸਾਰਾ ਹੀ ਰਪੈਯਾ ਛਡ ਦੇਵਾਂਗਾ, ਇਸ ਤਰ੍ਹਾਂ ਹੁੰਦਾ ਆਇਆ ਪੰਜ ਚਾਰ ਸਾਲ ਅੱਜ ਜਦੋਂ ਮੁਨਿਆਦ ਖਤਮ ਹੋਣ ਵਾਲੀ ਸੀ ਤਾਂ ਸਤਿਗੁਰਾਂ ਹੁਕਮ ਦਿੱਤਾ ਭਾਈ ਸਾਹਿਬ ਕਾਗ਼ਜ਼ ਲਿਖਵਾ ਦੇਵੋ ਤਾਂ ਭਾਈ ਸਾਹਿਬ ਜੀ ਅੜ ਬੈਠੇ ਕਿ ਮੈਂ ਨਹੀਂ ਕਾਗ਼ਜ਼ ਲਿਖਦਾ। ਬਹੁਤ ਚਿਰ ਗੱਲਬਾਤ ਹੁੰਦੀ ਰਹੀ। ਅਖੀਰ ਭਾਈ ਸਾਹਿਬ ਨੇ ਗੱਲ ਵਿੱਚ ਪੱਲਾ ਪਾ ਕੇ ਅਰਜ਼ ਕੀਤੀ ਬਖਸ਼ੋ ਮੇਹਰ ਕਰੋ ਮੇਰਾ ਫਿਕਰ ਹਟਾਓ ਕਰਜ਼ੇ ਦਾ ਤਾਂ ਸਤਿਗੁਰਾਂ ਨੇ ਸਾਰੇ ਹੀ ਕਾਗ਼ਜ਼ ਭਾਈ ਸਾਹਿਬ ਅੱਗੇ ਸਿੱਟ ਦਿੱਤੇ, ਆਖਿਆ ਸਾਡੀ ਤਾਂ ਮਰਜ਼ੀ ਸੀ ਇਕਰਾਰ ਪੂਰਾ ਹੋਣੇ ਪਰ ਤੁਹਾਨੂੰ ਘੋੜੇ ਪਰ ਚਾੜ੍ਹਦੇ ਤੇ ਰਪੈਯਾਂ ਦੀ ਢੇਰੀ ਤੁਹਾਡੇ ਅੱਗੇ ਲਾਉਂਦੇ। ਅੱਛਾ ਤੁਹਾਡੀ ਮਰਜ਼ੀ। ਅੱਜ ਦੌਰੇ ਨੂੰ ਟੁਰੇ ੫ ਵਜੇ ਸ਼ਾਮ ਦੇ।

੬ ਹਾੜ੍ਹ ਦੌਰੇ ਵਿੱਚੋਂ ਲੁਧਿਆਣੇ ਆਏ ਡਿਪਟੀ ਨੇ ਅਪਨੀ ਬਦਲੀ ਮੌਕੇ ਸੱਦੇ ਸੀ। ੧੦ ਵਜੇ ਆਏ ਗੁਰਦੁਆਰੇ ਰਹੇ ਤੇ ਲੰਗਰ ਛਕਿਆ। ਡਿਪਟੀ ਨੂੰ ਮਿਲਕੇ ੩ ਵਜੇ ਦੌਰੇ ਨੂੰ ਗਏ।

੧੫-੧੬-੧੭ ਹਾੜ੍ਹ ਘਣੀਏ ਕੇ ਮੇਲੇ ਪਰ ਸਤਿਗੁਰਾਂ ਨੇ ਨਾਮਧਾਰੀ ਪੰਥ ਦੇ ਮੁਖੀਆਂ ਨੂੰ ਸੱਦਿਆ ਸਭ ਮੁਖੀ ਸਿੰਘ ਆਏ, ਤਾਂ ਆਪ ਨੇ ਸਭ ਨੂੰ ਬੈਠ ਕੇ ਪੰਥ ਦੀ ਬੇਹਤਰੀ ਦਾ ਪ੍ਰੋਗਰਾਮ ਅੱਗੇ ਰਖਿਆ, ਇਕ ਤਾਂ ਕਾਰਖਾਨਾ ਖੋਹਲਿਆ ਜਾਏ ਜਿਸ ਲਈ ੧ ਲੱਖ ਰੁਪੈਯੇ ਦੀ ਲੋੜ ਹੈ,

ਸੋ ੫ ਰੁਪੈਯ ਫੀ ਹੀਸੇ ਦੇ ਲਏ ਜਾਣ ਸੋ ਪਾਸ ਹੋ ਗਿਆ ੨੦ ਸਰੀਰ ਇਸ ਕੰਮ ਲਈ ਲਗਾਏ ਗਏ ਜਿਨ੍ਹਾਂ ਨੇ ਇਸ ਕੰਮ ਨੂੰ ਖੁਸ਼ੀ ਖੁਸ਼ੀ ਕਰਨਾ ਮੰਨਿਆ। ਸਭਨਾਂ ਦੇ ਪ੍ਰਧਾਨ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਥਾਪੇ ਗਏ।

ਦੂਸਰਾ ਪ੍ਰੋਗਰਾਮ ਸੀ ਕਿ ਪ੍ਰਚਾਰ ਬੰਦ ਕੀਤਾ ਜਾਵੇ ਕਿਉਂਕਿ ਇਸ ਵਿੱਚ ਬਦਨਾਮੀ ਹੁੰਦੀ ਹੈ ਜਦੋਂ ਕਿ ਕੋਈ ਪ੍ਰਚਾਰਕ ਆਪ ਮੁਹਾਰਾ ਗਲਤੀ ਕਰਦਾ ਹੈ, ਇਸ ਵਿੱਚ ਤਰਮੀਮ ਹੋਈ ਪ੍ਰਚਾਰ ਬੰਦ ਨ ਹੋਵੇ ਪ੍ਰਚਾਰਕ ਲੈਕ ਬਨਾਕੇ ਭੇਜੇ ਜਾਨ। ਜਿਨ੍ਹਾਂ ਨੂੰ ਲਾਜ਼ਮੀ ਤੌਰ ਪਰ ਪੜ੍ਹਾਇਆ ਜਾਵੇ ਅਪਨੀ ਪੜ੍ਹਾਈ ਦਾ ਕੋਰਸ ਪੂਰਾ ਕਰਕੇ ਫੇਰ ਪ੍ਰਚਾਰ ਕਰਨ, ਇਸ ਕੋਰਸ ਦੇ ਗ੍ਰੰਥ ਨੀਯਤ ਕਰਨ ਦੀ ਡਿਉਟੀ ਸ੍ਰੀ ਆਲਮ ਜੀ ਨੂੰ ਸੌਂਪੀ ਗਈ। ਹੋਰ ਛੋਟੀਆਂ ਛੋਟੀਆਂ ਵਿਚਾਰਾਂ ਹੁੰਦੀਆਂ ਰਹੀਆਂ। ਇਸ ਮੌਕੇ ਪਰ ਮੈਂ ਵੀ ਪੰਥ ਦੀ ਬੇਹਤਰੀ ਦੇ ਮੁਤੱਲਕ ਆਪਣੀ ਵਿਚਾਰ ਲਿਖਕੇ ਸ੍ਰੀ ਪੂਜਯ ਮਾਤਾ ਜੀ ਦੇ ਹੱਥ ਭੇਜੀ ਸੀ ਸੋ ਆਪ ਸੰਗਤ ਵਿੱਚ ਨਹੀਂ ਸਨ ਸ੍ਰੀ ਸਤਿਗੁਰਾਂ ਮਾਸਟਰ ਬਲਵੰਤ ਸਿੰਘ ਜੀ ਤੇ ਸੰਤ ਮੰਗਲ ਸਿੰਘ ਜੀ ਨੇ ਪੜ੍ਹੀ।

੧੯ ਹਾੜ੍ਹ ਸਤਿਗੁਰ ਜੀ ਦੌਰੇ ਤੇ ਰਾਤ ਨੂੰ ਆਏ

੨੦ ਹਾੜ੍ਹ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਆਏ ਜੋ ਆਪ ਦੇ ਆਉਣ ਦੇ ਬਾਰੇ ਪਹਿਲੇ ਵਿਚਾਰ ਹੋ ਚੁੱਕੀ ਸੀ ੧ ਹਾੜ੍ਹ ਨੂੰ ਦਿਨ ਦੇ ੪ ਵਜੇ ਸਤਿਗੁਰਾਂ ਸਾਰੀ ਸੰਗਤ ਨੂੰ ਹਰੀਮੰਦਰ ਵਿੱਚ ਸੱਦਦੇ, ਇਹ ਗੱਲ ਆਖੀ ਕਿ ਸਾਧ ਸੰਗਤ ਜੀ, ਬੜੇ ਚਿਰ ਦੀ ਇਹ ਮੰਗ ਸੀ ਕਿ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਇਹ ਕੰਮ ਸੰਭਾਲਨ ਸੋ ਸਾਡੀ ਬੇਨਤੀ ਆਪ ਨੇ ਮੰਨ ਲਈ ਹੈ ਅੱਜ ਤੋਂ ਲੈ ਕੇ ਸਭ ਸੰਗਤ ਨੇ ਸ੍ਰੀ ਮਹਾਰਾਜ ਨੂੰ ਹੁਕਮ ਦੇਣ ਸੋ ਆਪ ਮੰਨੇ। ੧੦੦੦ ਖਜਾਨਾ ਸਮਾਲਿਆ, ਆਪ ਸਤਿਗੁਰ ਜੀ ੬ ਵਜੇ ਸ਼ਾਮ ਦੇ ਦੁਆਬੇ ਦੇ ਦੌਰੇ ਟੁਰੇ। ਪਿਛੋਂ ਰਾਤ ਨੂੰ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਆਪ ਫੁਰਿਆ ਜਾਂ ਕਿਸੇ ਆਖਿਆ ਇਹ ਕੋਈ ਪਤਾ ਨਹੀਂ, ਪਰ ਆਪ ਨੇ ਇਹ ਜ਼ਰੂਰੀ ਸੰਤ ਮੰਗਲ ਸਿੰਘ ਨੂੰ ਆਖਿਆ ਕਿ ੧ ਹਜ਼ਾਰ ਰੁਪੈ ਨਾਲ ਮੈਂ ਕੀ ਕੀ ਕਰਾਂਗਾ। ਇਸ ਨਾਲੋਂ ਇਹ ਅੱਛਾ ਹੈ ਕਿ ਅਸੀਂ ਲਾਹੌਰ ਨੂੰ ਚਲੇ ਜਾਈਏ, ਇਹ ਖਬਰ ਸਤਿਗੁਰਾਂ ਪਾਸ ਗਈ ਤਾਂ ਆਪ ੨੨ ਹਾੜ੍ਹ ਨੂੰ ੧੨ ਵਜੇ ਸ੍ਰੀ ਭੈਣੀ ਸਾਹਿਬ ਪਹੁੰਚੇ। ਆਪ ਨੇ ਮਹਾਰਾਜ ਨੂੰ ਆਖਿਆ ਕੋਈ

ਫਿਕਰ ਨਾ ਕਰੋ ਅਸੀਂ ਤੁਹਾਡੇ ਨਾਲ, ਜਿਤਨਾ ਰਪੈਯਾ ਆਖੋਂ ਉਤਨਾ ਹੀ ਹਾਜਰ ਕਰਾਂਗੇ, ਇਸ ਤਰ੍ਹਾਂ ਦਾ ਭਰੋਸਾ ਦੇ ਕੇ ੫ ਵਜੇ ਦੌਰੇ ਨੂੰ ਟੁਰ ਗਏ।

੩੦ ਹਾੜ੍ਹ ਦਿਨ ਦੇ ੧੦ ਵਜੇ ਸਤਿਗੁਰ ਜੀ ਦੁਆਬੇ ਦੇ ਦੌਰੇ ਤੋਂ ਆਏ। ਦਿਨ ਦੇ ੧੧ ਵਜੇ ਤੋਂ ਲੈ ਕੇ ੧੨ ਵਜੇ ਤੱਕ ਪ੍ਰੈਸ ਦੇ ਸਾਹਮਣੇ ਬੈਠਕੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨਾਲ ਤੇ ਮਿਸਤ੍ਰੀ ਰੂੜਾ ਸਿੰਘ ਜੀ ਜਿਨ੍ਹਾਂ ਨੂੰ ਉਦੋਂ ਦਾ ਸ਼ਿਮਲਿਓਂ ਸਦਿਆ ਸੀ ਗੁਰਦੁਆਰੇ ਦੇ ਨਵੇਂ ਮਕਾਨਾਂ ਲਈ ਵਿਚਾਰ ਕਰਦੇ ਰਹੇ, ਇਸੇ ਮੌਕੇ ਨੀਲੋ ਵਾਲੇ ਸ੍. ਅਰਜਨ ਸਿੰਘ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਮੇਰੀ ਮੱਝ ਆਪਦੇ ਸਿੱਖਾਂ ਨੇ ਨੈਹਰ ਪਰੋਂ ਰੋਕ ਦਿੱਤੀ ਹੈ, ਤਾਂ ਸਤਿਗੁਰਾਂ ਆਖਿਆ ਅਸੀਂ ਤੈਨੂੰ ਸਨੇਹਾ ਭੇਜਿਆ ਸੀ ਤੂੰ ਆਇਆ ਨਹੀਂ ਨਹੀਂ ਤਾਂ ਉਦੋਂ ਹੀ ਫੈਸਲਾ ਹੋ ਜਾਂਦਾ ਸੋ ਅੱਜ ਤੂੰ ਆ ਗਿਆ ਹੈਂ ਸੋ ਸਾਡੀ ਤਰਫੋਂ ਤਾਂ ਕੋਈ ਗੱਲ ਨਹੀਂ ਬੜੀ ਖ਼ੁਸ਼ੀ ਨਾਲ ਮੱਝਾਂ ਛੱਡ। ੪ ਵਜੇ ਆਪ ਤੇ ਮਹਾਰਾਜ ਨੈਹਰ ਪਰ ਮਾਲ ਦੇਖਣ ਗਏ।

੩੧ ਹਾੜ੍ਹ ਸ੍ਰੀ ਸਤਿਗੁਰ ਜੀ ਤੇ ਮਾਤਾ ਜੀ ਰੋਡਿਆਂ ਦੇ ਮੇਲੇ ਪਰ ਗਏ ਜੋ ਇਕ ਸਾਵਣ ਨੂੰ ਵਰਨੀਆਂ ਦੇ ਭੋਗ ਪੈਣੈ ਸਨ।

੩ ਸਾਵਣ ਸਤਿਗੁਰੂ ਜੀ ਆਏ ਸ੍ਰੀ ਭੈਣੀ ਸਾਹਿਬ।

੪ ਸਾਵਣ ਨਾਂਗੇ ਵਾਲੇ ਖੂਹ ਪਰ ਜਗ੍ਯਾ ਦਾ ਅਰੰਭ। ਸਤਿਗੁਰੂ ਜੀ ਬਾਹਰ ਗਏ। ਖੰਨੇ ਕਾਨਫਰੰਸ ਲਈ ੩੦ ਖਜਾਨਿਓ, ੧੦ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੇ ਦਿੱਤੇ।

੧੦ ਸਾਵਣ ਸਤਿਗੁਰੂ ਜੀ ਆਏ ਸ੍ਰੀ ਭੈਣੀ ਸਾਹਿਬ।

੧੧ ਸਾਵਣ ਸ੍ਰੀ ਸਤਿਗੁਰੂ ਜੀ ਮੇਲੇ ਪਰ ਗਏ।

੧੫ ਸਾਵਣ ਸ੍ਰੀ ਸਤਿਗੁਰੂ ਜੀ ਅਤੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਮੇਹਰਟ ਨੂੰ ਗਏ ਰਾਤ ਦੇ ੮ ਵਜੇ।

੧੮ ਸਾਵਣ ਸਤਿਗੁਰ ਜੀ ਆਏ। ਖਡੀਆਂ ਵਾਲੇ ਛਪਰ ਪਾਸ ਕੋਠੜੀਆਂ ਦਾ ਆਰੰਭ।

੧੯ ਸਾਵਣ ਸ੍ਰੀ ਸਤਿਗੁਰ ਜੀ ਸ੍ਰੀ ਅੰਮ੍ਰਿਤਸਰ ਗਏ ਸਿੱਖ ਲੀਡਰਾਂ ਦਾ ਇਤਫਾਕ ਕਰਨ ਕਿਉਂਕਿ ਆਪ ਜੀ ਦੀ ਮਰਜੀ ਸੀ ਕਿ ਮੁਖੀ ਸੱਜਣਾਂ ਦਾ ਇਕ ਜੋੜ ਬਨ ਜਾਵੇ। ਜਿਸ ਨੂੰ ਉਹ ਆਖਨ ਓਹੁ ਸਿੱਖ ਅਸੈਂਬਲੀ ਦੀ ਮੈਂਬਰੀ ਲਈ ਖਲੋਵੇ।

੨੧ ਸਾਵਣ ਸ੍ਰੀ ਸਤਿਗੁਰ ਜੀ ਸ੍ਰੀ ਭੈਣੀ ਸਾਹਿਬ ਆਏ।

੨੫ ਸਾਵਣ ਸੇਠ ਪ੍ਰੀਤਮ ਸਿੰਘ ਜੀ ਦੀ ਸਿੰਘਨੀ ਸਖ਼ਤ ਬਿਮਾਰ ਦੇਖ ਕੇ ਸਤਿਗੁਰ ਜੀ ਰਾਤ ਦੇ ੮ ਵਜੇ ਲੁਧਿਆਣੇ ਗਏ। ਡਾਕਟਰ ਲਿਆਂਦਾ, ਪਰ ਦੇਵ ਨੇਤ ਤੇਜ ਕੌਰ ਆਉਂਦਿਆਂ ਨੂੰ ਅਕਾਲ ਚਲਾਣਾ ਕਰ ਗਈ।

੨੬ ਸਾਵਣ ਬੀਬੀ ਤੇਜ ਕੌਰ ਦੇ ਸਸਕਾਰ ਲਈ ਸਤਿਗੁਰ ਜੀ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੋਵੇਂ ਮਾਤਾ ਜੀ ਹੋਰ ਬਹੁਤ ਸਾਰੀ ਸੰਗਤ ਗਈ ਸਤਿਗੁਰਾਂ ਆਪ ਸ਼ਬਦ ਪੜ੍ਹੇ।

੨੬ ਸਾਵਣ ਸ੍ਰੀ ਸਤਿਗੁਰ ਜੀ ਨੇ ਸਭ ਗੁਰਦੁਆਰੇ ਦੀ ਸੰਗਤ ਨੂੰ ਜਲੇਬ ਛਕਾਏ। ਚੰਨਣ ਸਿੰਘ ਤੇ ਮੱਖਣ ਸਿੰਘ ਆਦਕਾਂ ਨੂੰ ਚੋਜੀ ਗੁਰੂ ਨੇ ਤੱਕੜੀ ਬੱਟੇ ਨਾਲ ਤੋਲਕੇ ਛਕਾਏ।

੨੭ ਸਾਵਣ ਸਤਿਗੁਰਾਂ ਦੇ ਹਾਜ਼ਰ ਪੰਥ ਦੇ ਮੁਖੀ ਸੱਜਣਾਂ ਨੇ ਇਕੱਤਰ ਹੋ ਕੇ ਜਿਹਾ ਕਿ ਉਸਤਾਦ ਹਰਨਾਮ ਸਿੰਘ ਜੀ, ਸ੍ਰੀ ਆਲਮ ਜੀ, ਸ੍ਰੀ ਚੱਕਰਵਰਤੀ ਜੀ ਆਦਕਾਂ ਨੇ ਗੁਰਪਦ ਨਿਰਨੇ ਪਰ ਵਿਚਾਰ ਅਰੰਭ ਕੀਤੀ।

੨੭ ਸਾਵਣ ਪਾਣੀ ਖਿੱਚਣ ਵਾਲਾ ਇੰਞਣ ਆਇਆ ਅਤੇ ਸਤਿਗੁਰਾਂ ਦੇ ਹੁਕਮ ਨਾਲ ਰਾਮਸਰ ਕੇ ਕਨਾਰੇ ਪਰ ਉਤਾਰਿਆ ਗਿਆ।

੨੮ ਸਾਵਣ ਸਤਿਗੁਰੂ ਜੀ ਅਤੇ ਇਕ ਸਿੱਖ ਦੇ ਸੁਪਨ ਦਰਸਨ ਹੋਏ।

੨੯ ਸਾਵਣ ਸ੍ਰੀ ਸਤਿਗੁਰ ਜੀ ਲੁਧਿਆਣੇ ਗਏ ਅਤੇ ਮੁੜ ਆਏ। ਵਿਦਿਯਾਲੇ ਵਿੱਚੋਂ ਲੰਘਦੇ ਹੋਏ ਸਰਦਾਰ ਬੂਟਾ ਸਿੰਘ ਜੀ ਨੂੰ ਲਲਕਾਰ ਕੇ ਭੱਜੇ ਖੂਹੀ ਤੱਕ।

੩੦ ਸਾਵਣ ਸਤਿਗੁਰ ਜੀ ਨਾਭੇ ਗਏ ਅਤੇ ਇਸੇ ਦਿਨ ਮੁੜ ਆਏ।

੩੨ ਸਾਵਣ ਸਤਿਗੁਰ ਜੀ, ਸ੍ਰੀ ਆਲਮ ਜੀ, ਸ੍ਰੀ ਚੱਕਰਵਰਤੀ ਤੇ ਹੋਰ ਬਹੁਤ ਸਾਰੀ ਸੰਗਤ ਸਾਥ ਗੁਰਦਾਸਪੁਰ ਦੇ ਇਲਾਕੇ ਵਰਨੀਆਂ ਦੇ ਮੇਲੇ ਪਰ ਗਏ ਜੋ ਇਕ ਭਾਦਰੋਂ ਨੂੰ ਭੋਗ ਪੈਣੇ ਸਨ ਏਥੋਂ ਆਪ ਸਮੇਤ ਮੁਖੀ ਸੱਜਣਾਂ ਦੇ ਜਿਨ੍ਹਾਂ ਵਿੱਚ ਸੰਤ ਮੰਗਲ ਸਿੰਘ ਸੀ ਸੰਤ ਬਹਾਦਰ ਸਿੰਘ ਆਦਕਾਂ ਦੇ ਡਲਹੌਜੀ ਦੇ ਪਹਾੜ ਪਰ ਸੈਲ ਲਈ ਗਏ ਕਿਉਂਕਿ ਉਸ ਤਰਫ ਕਈਆਂ ਪ੍ਰੇਮੀਆਂ ਦੀ ਮੰਗ ਸੀ, ਜਿਹਾ ਕਿ ਡਿਪਟੀ ਕਮਿਸ਼ਨਰ ਜੋ ਲੁਧਿਆਣੇ ਰਹਿ ਗਿਆ ਸੀ ਭਾਵੇਂ ਆਪ ਪਠਾਨ ਕੌਮਾਂ ਵਿੱਚੋਂ ਹੈ ਪਰ ਸ਼ਰਧਾਲੂ ਬਹੁਤ ਹੈ, ਦੂਸਰੇ ਸ੍ਰੀ ਮਾਨ ਸ. ਕਰਤਾਰ ਸਿੰਘ ਜੀ ਕਟਾਨੀ ਵਾਲੇ ਵੀ ਉਸੇ ਪਹਾੜ ਵਿੱਚ ਆਪ ਜੀ ਦੇ ਪਵਿੱਤਰ ਚਰਣਾਂ ਨੂੰ ਪਰਸਨਾ ਚਾਹੁੰਦੇ ਸੀ। ਇਤਆਦਿਕ

ਹੋਰ ਵੀ ਬੜੇ ਕਾਰਨ ਸੀ ਜਿਸ ਕਰਕੇ ਜਾਣਾ ਪਿਆ।

੪ ਭਾਦਰੋਂ ਸ੍ਰੀ ਸਤਿਗੁਰ ਜੀ ਸ੍ਰੀ ਭੈਣੀ ਸਾਹਿਬ ਆਏ।

੪ ਭਾਦਰੋਂ ਸ੍ਰੀ ਸਤਿਗੁਰੂ ਜੀ ਬੀੜ ਵਿੱਚ ਗਏ ਸਮੇਤ ਬਾਬੇ ਅਤੇ ਵਿਦਿਆਲੇ ਦੇ ਬੱਚਿਆਂ ਨੂੰ ਬੀੜ ਵਿੱਚ ਕੜਾਹ ਪ੍ਰਸ਼ਾਦ ਅਤੇ ਖੀਰ ਛਕਾਈ। ਦਾਸ ਵੀ ਸਾਥ ਗਿਆ ਸੀ ਪਰ ਭੱਦਰ ਥ਼ੂਏ ਸੰਤਾਂ ਪਾਸ ਰਹਿ ਗਿਆ ਬੀਮਾਰ ਹੋਣੇ ਕਰਕੇ। ਰਾਤ ਨੂੰ ਭੈਣੀ ਸਾਹਿਬ ਗਏ।

੬ ਭਾਦਰੋਂ ਸਤਿਗੁਰ ਜੀ ਲਾਹੌਰ ਗਏ ਬਾਬਾ ਧਿਆਨ ਸਿੰਘ ਜੀ ਦੀ ਖਬਰ ਨੂੰ ਰਾਤ ਨੂੰ ਮੁੜ ਆਏ।

੭ ਭਾਦਰੋਂ ਸਤਿਗੁਰ ਜੀ ਵਿਦਿਆਲੇ ਆਏ ਰਾਗ ਸੁਣਿਆਂ।

੮ ਭਾਦਰੋਂ ਰਾਗੀਆਂ ਦੇ ਰਾਗ ਦੇ ਇਮਤਿਹਾਨ ਦਾ ਅਰੰਭ।
ਦਾਸ ਬੀਮਾਰ ਸੀ ਕਈ ਦਿਨਾਂ ਦਾ ਅੱਜ ਜਾ ਕੇ ਹਰੀਮੰਦਰ ਪਾਸ ਦਰਸਨ ਕੀਤਾ ਅਤੇ ਸਤਿਗੁਰਾਂ ਨੇ ਭਾਈ ਵਜੀਰ ਸਿੰਘ ਨੂੰ ਆਖਿਆ ਮਜੂੰਨ ਦੇਵੋ ਦਿੱਤਾ ਅਤੇ ਅਰਾਮ ਹੋਇਆ।

੧੦ ਭਾਦਰੋਂ ਸਤਿਗੁਰਾਂ ਪੁੜੀ ਦਿੱਤੀ ਠੀਕ ਸੇਹਤ ਹੋ ਗਈ।

੧੨ ਭਾਦਰੋਂ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇਹ ਨਮਿਤ ਪਾਠ ਕਰਾਉਣ ਲਈ ਸੰਤ ਪਸਾਲ ਸਿੰਘ ਜੀ ਨੂੰ ਸਦਿਆ, ਸਤਿਗੁਰਾਂ ਨੂੰ ਪਤਾ ਲੱਗਿਆ ਤਾਂ ਆਪ ਨੇ ਅਸੂਲ ਦੇ ਖਿਆਲ ਨੂੰ ਲੈ ਕੇ ਰੋਕ ਦਿੱਤਾ ਕਿਉਂਕਿ ਸੰਤ ਜੀ ਅਰਦਾਸੇ ਦੇ ਅਰੰਭ-----

੧੬ ਭਾਦਰੋਂ ਸਤਿਗੁਰੂ ਜੀ ਬੀੜ ਵਿੱਚ ਗਏ।

੧੮ ਭਾਦਰੋਂ ਸਤਿਗੁਰੂ ਜੀ ਲਾਹੌਰ ਨੂੰ ਗਏ ਪਿੰਡ ਵਾਲੇ ਸਿੰਘ ਦੇ ਅਨੰਦ ਕਰਨ ਲਈ।

੧੯ ਭਾਦਰੋਂ ਸਤਿਗੁਰੂ ਜੀ ਦੇਵਾ ਸਿੰਘ ਨੂੰ ਵਿਆਹ ਕੇ ਆਏ।

੨੦ ਭਾਦਰੋਂ ਸਤਿਗੁਰੂ ਜੀ ਰਾਖ ਗਏ ਘੋੜਿਆਂ ਪਰ ਮੁੜ ਆਏ। ਬਚਿਆਂ ਬੈਂਚਾਂ ਪਰ ਪ੍ਰਸ਼ਾਦਾ ਛਕਦਿਆਂ ਨੂੰ ਨਰਾਜ ਹੋਏ ਕਿ ਲੰਗਰ ਦੀ ਬੇਅਬਦੀ ਹੁੰਦੀ ਹੈ ਨੀਵੇਂ ਬੈਠਣ।

੨੨ ਭਾਦਰੋਂ ਰਾਤ ਦੇ ੮ ਵਜੇ ਸਤਿਗੁਰੂ ਜੀ ਲੈਲਪੁਰ ਨੂੰ ਗਏ।

੨੪ ਭਾਦਰੋਂ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਆਏ।

੩੦ ਭਾਦਰੋਂ ਸਤਿਗੁਰੂ ਜੀ ਬੀੜ ਵਿੱਚ ਗਏ ਅਤੇ ਰਾਤ ਨੂੰ ਮੁੜ ਆਏ।

੩੧ ਭਾਦਰੋਂ ਸਤਿਗੁਰਾਂ ਸਰੋਵਰ ਵਿਚੋਂ ਕਾਰ ਕੱਢਨ ਦਾ ਹੁਕਮ ਦਿੱਤਾ ਸੰਗਤਾਂ ਲੱਗ ਗਈਆਂ ਥੋੜ੍ਹੀ ਕਾਰ ਕੱਢਕੇ ਸੰਗਤਾਂ ਹਟ ਗਈਆਂ ਕਿਉਂਕਿ ਪਾਣੀ ਘਟਿਆ ਨਹੀਂ ਸੀ।

੧ ਅੱਸੂ ਸਰੋਵਰ ਦੀ ਕਾਰ ਕੱਢੀ ਸ੍ਰੀ ਸਤਿਗੁਰੂ ਜੀ ਖੁਦ ਆਪ ਸਰੋਵਰ ਵਿੱਚ ਇਸਤਤ ਹੋ ਕੇ ਪਤਾਲਪੁਰੀ ਨਾਲ ਟੋਕਰੀਆਂ ਭਰਦੇ ਰਹੇ ਫੇਰ ਬਾਹਰ ਨਿਕਲਕੇ ਮੈਨੂੰ ਹੁਕਮ ਕੀਤਾ ਕਿ ਪ੍ਰੈਸ ਦੇ ਪਰਲੇ ਪਾਸੇ ਦਾ ਦੋਆ ਭਰ ਗਿਆ ਜਾਂ ਨਹੀਂ ਪਤਾ ਲਿਆਓ ਦਾਸ ਸਤ ਬਚਨ ਮੰਨ ਕੇ ਟੁਰਨ ਹੀ ਲੱਗਿਆ ਸੀ ਫੇਰ ਆਪ ਨੇ ਫਰਮਾਇਆ ਅਸੀਂ ਚਲਦੇ ਹਾਂ ਆਪ ਪ੍ਰੈਸ ਵਲ ਟੁਰ ਪਏ ਅੱਗੋਂ ਸੰਗਤ ਮੱਥਾ ਟੇਕਨ ਆਵੇ ਤਾਂ ਆਪ ਹੁਕਮ ਦੇਣ ਬਸ ਉਸ ਵਕਤ ਆਪ ਜੀ ਦੇ ਅਲੌਕਕ ਦਰਸ਼ਨ ਸਨ ਤੇੜ ਕਛੈਹਰਾ ਗਲ ਬਨੈਨ ਸਿਰ ਪਰ ਪਰਨਾ ਦੇਹ ਕੇਸਰ (ਕਾਰ) ਨਾਲ ਗੂੜ੍ਹੇ ਸਨ ਅੱਗੇ ਰਸਤੇ ਵਿੱਚ ਇਕ ਮਾਈ ਗਊ ਲਈ ਜਾ ਰਹੀ ਸੀ ਉਸਨੂੰ ਪੁੱਛਿਆ ਮਾਈ ਇਹ ਗਊ ਕਿਥੋਂ ਲਿਆਂਦੀ ਹੈ ਕਿਥੇ ਜਾਣਾ ਹੈ, ਤਾਂ ਅੱਗੋਂ ਮਾਈ ਨੇ ਆਖਿਆ ਸਚੇ ਪਾਤਸ਼ਾਹ ਮੈਂ ਹੀਰਾ ਤੋਂ ਆਈ ਹਾਂ ਰਾਖ ਗਊ ਛਡਣ ਚਲੀ ਹਾਂ ਉਥੇ ਘਾਸ ਬਹੁਤ ਆ ਪੇਟ ਭਰਕੇ ਖਾਵੇਗੀ। ਅਰਜ ਕਰਨੇ ਪਰ ਆਪ ਨੇ ਫਰਮਾਇਆ ਇਹ ਗਊ ਮਿੰਟਗੁਮਰੀ ਦੇ ਰਵੇ ਦੀ ਹੈ ਬਹੁਤ ਅੱਛੀ ਗਊ ਹੈ। ਇਸੇ ਤਰ੍ਹਾਂ ਸ਼ਹੀਦੀ ਬੁੰਗੇ ਹੁੰਦੇ ਹੋਏ ਆਪ ਕੋਠੀ ਆ ਗਏ। ਏਥੇ ਆ ਕੇ ਕੇਸੀ ਇਸ਼ਨਾਨ ਕੀਤਾ, ਮਾਲਸ਼ ਕਰਵਾਈ ਦਹੀਂ ਨਾਲ ਫੇਰ ੧੧ ਵਜੇ ਅਖੰਡ ਪਾਠ ਦੇ ਭੋਗ ਪੁਰ ਜਾ ਹਾਜਰ ਹੋਏ।

ਰਾਤ ਦੇ ੮ ਵਜੇ ਬੰਬਈ ਨੂੰ ਚਾਲੇ ਪਾਏ ਆਪ ਜੀ ਦੇ ਨਾਲ ਸ੍ਰੀ ਮਾਨ ਭਾਈ ਵਜੀਰ ਸਿੰਘ ਜੀ ਸੰਤ ਬਹਾਦਰ ਸਿੰਘ, ਸੰਤ ਮੰਗਲ ਸਿੰਘ ਸੰਤ ਮੁਹਕਮ ਸਿੰਘ ਜੀ, ਸੰਤ ਮੋਹਣ ਸਿੰਘ ਜੀ, ਤੇਜਾ ਸਿੰਘ, ਉਜਾਗਰ ਸਿੰਘ, ਸੰਤ ਅਤਰ ਸਿੰਘ ਜੀ, ਬੂੜ ਸਿੰਘ ਜੀ, ਸ੍ਰੀ ਚੱਕਰਵਰਤੀ ਜੀ, ਖਜਾਨ ਸਿੰਘ ਜੀ, ਦਰਸ਼ਨ ਸਿੰਘ ਜੀ, ਸ੍. ਅਮਰ ਸਿੰਘ ਜੀ, ਰਤਨ ਸਿੰਘ ਲਾਂਗਰੀ ਸੀ।

੨ ਅੱਸੂ ਦੇਉਬੰਦ ਪੁੱਜੇ ੩ ਵਜੇ ਅੱਗੇ ਨੂੰ ਚਲੇ ਪਾਏ।

੩ ਅੱਸੂ ਆਸਾ ਸਿੰਘ ਦੇ ਰਹਤਪੁਰੇ ਪੁੱਜੇ ਗੁਆਲੀਅਰ ਰਾਜੇ ਦੇ ਜ਼ਿਲ੍ਹਾ ਭਿੰਡ ਵਿੱਚ ਇਹ ਇਕ ਸਿੰਘ ਦਾ ਚੱਕ ਹੈ। ਅੱਠ ਵਜੇ ਦੀ ਗੱਡੀ ਚੱਲਕੇ।

੪ ਅੱਸੂ ਗੁਆਲੀਅਰ ੯ ਵਜੇ ਪੁੱਜੇ ਸ੍ਰੀ ਕ੍ਰਿਸ਼ਨ ਧਰਮਸ਼ਾਲਾ ਵਿੱਚ ਡੇਰਾ ਕੀਤਾ,

ਸ੍ਰੀ ਮਾਨ ਪੰਡਤ ਕ੍ਰਿਸ਼ਨਾ ਰਾਉ ਨੂੰ ਮਿਲੇ। ੨ ਵਜ ਕੇ ੯ ਮਿੰਟ ਦੀ ਪੰਜਾਬ ਮੇਲ ਤੇ ਚੜ੍ਹਕੇ ੨ ਵਜ ਕੇ ੫੫ ਮਿੰਟ ਤੇ ਝਾਂਸੀ ਆ ਉਤਰੇ। ਸ੍. ਕਿਸ਼ਨ ਸਿੰਘ ਜੀ ਕਲਸੀ ਸਿਪਲੀ ਬਾਜ਼ਾਰ ਦੇ ਘਰ।

੫ ਅੱਸੂ ਆਸਾ ਦੀ ਵਾਰ ਦੀ ਸਮਾਪਤੀ ਕਰਕੇ ੧੮ ਵਿਖਾ ਤੇ ਚਿਰਗਾਉਂ ਨਗਰ ਵਿੱਚ ਮੈਥਲੀ ਸ਼ਰਣ ਗੁਪਤ ਨੂੰ ਮਿਲੇ ਜੋ ਹਿੰਦੀ ਦੇ ਪ੍ਰਸਿੱਧ ਕਵੀ ਹਨ। ਸਿੱਖ ਗੁਰਾਂ ਤੇ ਆਪ ਨੇ ਜੋ ਸੁੰਦਰ-ਪੁਸਤਕ ਲਿਖੀ ਹੈ, 'ਗੁਰੂ ਕੁਲ' ਅਤੇ ਸਾਕੇਤ ਸਤਿਗੁਰਾਂ ਦੀ ਭੇਟਾ ਕੀਤੀ।

੧੨ ਵਜੇ ਝਾਂਸੀ ਆ ਗਏ ਪ੍ਰਸ਼ਾਦ ਛੱਕਕੇ ਆਰਾਮ ਕਰਕੇ ੪ ਵਜੇ ਪੰਜਾਬ ਮੇਲ ਵਿੱਚ ਅਸਵਾਰ ਹੋਏ।

੬ ਅੱਸੂ ਸੁਬ੍ਹਾ ੬ ਵਜੇ ਮਨਮਾੜ ਜਾ ਉਤਰੇ, ਇਹ ਜੀ.ਆਈ.ਪੀ. ਰੇਲਵੇ ਦਾ ਜੰਕਸ਼ਨ ਹੈ ਏਥੋਂ ਹਜ਼ੂਰ ਸਾਹਿਬ, ਹੈਦਰਾਬਾਦ, ਬੰਬਈ ਵਗੈਰਾ ਨੂੰ ਗੱਡੀਆਂ ਜਾਂਈਆਂ ਹਨ। ਸੰਤ ਨਿਧਾਨ ਸਿੰਘ ਜੀ ਦੇ ਸੇਵਕ ਸੰਤ ਅਜਮੇਰ ਸਿੰਘ ਜੀ ਰਹਿੰਦੇ ਹਨ, ਦਿਨ ਦੇ ੧ ਵਜੇ ਮੈਂ ਸ੍ਰੀ ਹਜ਼ੂਰ ਨੇ ਚੱਕਰਵਰਤੀ, ਭਾਈ ਵਜੀਰ ਸਿੰਘ ਜੀ, ਰਤਨ ਸਿੰਘ ਅਤੇ ਰਾਗੀਆਂ ਸਮੇਤ ਅੱਗੇ ਨੂੰ ਚਾਲੇ ਪਾਏ। ਮਨਮਾੜ ਤੋਂ ੧੧੧ ਕਿਰਾਇਆ ਦੇ ਕੇ ਔਰੰਗਾਬਾਦ ਉਤਰੇ ਏਥੇ ਨਵਾਬ ਹੈਦਰਾਬਾਦ ਦਾ ਰਾਜ ਹੈ, ਏਥੇ ਹੀ ਭਾਈ ਦਯਾ ਸਿੰਘ ਜੀ ਨੇ ਜ਼ਫ਼ਰਨਾਮਾ ਔਰੰਗਜ਼ੇਬ ਲਿਆ ਕੇ ਦਿੱਤਾ ਸੀ, ਜਿਸ ਨੂੰ ਪੜ੍ਹਕੇ ਮੌਤ ਹੋਈ ਬਾਹਰ ਕਬਰ ਹੈ। ਏਥੇ ਹੀ ਰਾਜਾ ਰਾਮ ਗੁਜਰਾਤ ਵਾਲੇ ਦਾ ਪਹਾੜੀ ਤੇ ਤ੍ਰੈ ਮੀਲ ਕਿਲਾ ਉੱਚਾ ਹੈ। ਔਰੰਗਾਬਾਦ ਤੋਂ ੧੭ ਤੋਂ ਦੋ ਕਾਰਾਂ ਲੈ ਕੇ ਅਲੋਰਾ ਦੀਆਂ ਗੁਫਾ ਦੇਖਣ ਗਏ, ਇਹ ਗੁਫਾ ਭਾਰਤੀ ਸ਼ਿਪਲਕਲਾ ਦਾ ਸੁੰਦਰ ਨਮੂਨਾ ਹਨ, ਰਾਤ ਨੂੰ ਏਥੇ ਦੀਵਾਨ ਲੱਗਾ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰਕੇ ੧੦ ਵਜੇ ਮਨਮਾੜ ਆ ਉਤਰੇ। ਪੰਜਾਬ ਮੇਲ ਵਿੱਚ ਅਸਵਾਰ ਹੋਏ ਸਤਿਗੁਰ ਜੀ ਨਾਸਕ ਦੇਖਣ ਲਈ ਉੱਤਰ ਗਏ।